ਮੈਕਸਿਮ ਗੋਰਕੀ

ਸਾਹਿਤ ਬਾਰੇ

ਮੈਕਸਿਮ ਗੋਰਕੀ

ਸਾਹਿਤ ਬਾਰੇ

ਦਸਤਕ ਪ੍ਰਕਾਸ਼ਨ, ਲੁਧਿਆਣਾ

(ਪੰਜਾਬੀ ਵਿਭਾਗ, ਪਰਿਕਲਪਨਾ ਪ੍ਰਕਾਸ਼ਨ - ਲਖਨਊ)

Brought to you by Archive of Punjab

On Literature
in Punjabi
by **Maxim Gorky**

ਅਨੁਵਾਦਕ : ਸੁਖਪਾਲ ਨਸਰਾਲ਼ੀ

ਇਹ ਐਡੀਸ਼ਨ : ਅਕਤੂਬਰ, 2012

ਪ੍ਰਕਾਸ਼ਕ : **ਦਸਤਕ ਪ੍ਰਕਾਸ਼ਨ,**
ਸ਼ਹੀਦ ਭਗਤ ਸਿੰਘ ਭਵਨ, ਸ਼ੀਲੋ ਆਣੀ ਰੋਡ, ਰਾਏਕੋਟ, ਜ਼ਿਲ੍ਹਾ-ਲੁਧਿਆਣਾ 141109
ਫੋਨ ਨੰ. 098155-87807. ਈਮੇਲ : janchetnapb@gmail.com
(ਪੰਜਾਬੀ ਵਿਭਾਗ, ਪਰਿਕਲਪਨਾ ਪ੍ਰਕਾਸ਼ਨ, ਲਖਨਊ)
ਪਤਾ : ਡੀ-68, ਨਿਰਾਲਾ ਨਗਰ, ਲਖਨਊ - 226006

ਛਾਪਕ : ਬ੍ਰਾਈਟ ਪ੍ਰਿੰਟਰਜ਼, ਲਕਸ਼ਮੀਪੁਰਾ, ਨੇੜੇ ਪੂਰੀ ਮਾਰਕਿਟ, ਜਲੰਧਰ

ਮੁੱਲ : 200.00 **ਰੁਪਏ**

Brought to you by Archive of Punjab

ਵਿਸ਼ਾ-ਸੂਚੀ

ਗੋਰਕੀ ਦਾ ਸਾਹਿਤਕ ਅਨੁਭਵ 5

ਮੈਂ ਪੜ੍ਹਾਈ ਕਿਵੇਂ ਕੀਤੀ 7

ਕਿਤਾਬਾਂ ਬਾਰੇ 21

ਮੈਂ ਲਿਖਣਾਂ ਕਿਵੇਂ ਸਿੱਖਿਆ 25

ਸਾਹਿਤ ਬਾਰੇ ਲੇਖ 65

ਵਿਅਕਤੀਤਵ ਦਾ ਵਿਘਟਨ 67

ਰਚਨਾ-ਸ਼ਿਲਪ ਬਾਰੇ ਗੱਲਬਾਤ 131

ਵਿਸ਼ਿਆਂ ਬਾਰੇ 214

ਸੋਵੀਅਤ ਸਾਹਿਤ 228

ਸਾਹਿਤਕ ਚਿਹਰੇ 269

ਐਂਤੋਨ ਚੈਖ਼ਵ 271

ਲਿਓ ਤਾਲਸਤਾਏ 294

ਸਰਗੇਈ ਯੇਸੇਨਿਨ 354

ਸਾਹਿਤ ਬਾਰੇ ਚਿੱਠੀਆਂ 365

ਐਂਤੋਨ ਚੈਖ਼ਵ ਨੂੰ 367

ਲਿਓ ਤਾਲਸਤਾਏ ਨੂੰ 371

ਫਿਓਦੋਰ ਚਲੀਆਪਿਨ ਨੂੰ 372

ਹ. ਗ. ਵੈੱਲਸ ਨੂੰ 375

ਰੋਮਾਂ ਰੋਲਾਂ ਨੂੰ 378

ਰੋਮਾਂ ਰੋਲਾਂ ਨੂੰ 380

ਰੋਮਾਂ ਰੋਲਾਂ ਨੂੰ 382

ਸਟੀਫ਼ਨ ਜ਼ਵਿਗ ਨੂੰ 384

ਸਟੀਫ਼ਨ ਜ਼ਵਿਗ ਨੂੰ 387

ਮ. ਮ. ਪ੍ਰਿਸ਼ਵਿਨ ਨੂੰ 390

ਅ. ਪ. ਚਾਪਿਗਿਨ ਨੂੰ 394

ਨ. ਕ. ਕਰੁਪਸਕਾਯਾ ਨੂੰ 396

ਅ. ਨ. ਤਾਲਸਤਾਏ ਨੂੰ 399

ਅ. ਸ. ਸ਼ਚੇਰਬਾਕੋਵ ਨੂੰ 401

Brought to you by Archive of Punjab



ਮੈਕਸਿਮ ਗੋਰਕੀ

(29 ਮਾਰਚ 1868 - 18 ਜੂਨ 1936)

Brought to you by Archive of Punjab

ਗੋਰਕੀ ਦਾ ਸਾਹਿਤਕ ਅਨੁਭਵ

Brought to you by Archive of Punjab

Brought to you by Archive of Punjab

ਮੈਂ ਪੜ੍ਹਾਈ ਕਿਵੇਂ ਕੀਤੀ

ਮੈਂ ਉਦੋਂ ਕੋਈ ਚੌਦਾਂ ਕੁ ਸਾਲਾਂ ਦਾ ਸਾਂ, ਜਦ ਮੈਂ ਪਹਿਲੀ ਵਾਰ ਸੋਚ-ਸਮਝ ਕੇ ਪੜ੍ਹਨਾ ਸਿੱਖਿਆ। ਹੁਣ ਮੈਂ ਕਿਸੇ ਕਿਤਾਬ ਦੇ ਸਿਰਫ਼ ਪਲਾਟ ਵੱਲ ਹੀ ਨਹੀ ਸਾਂ ਖਿੱਚਿਆ ਜਾਂਦਾ — ਜਿਹੜਾ ਕਿ ਕਿਤਾਬ ਵਿਚਲੀਆਂ ਘਟਨਾਵਾਂ ਦੇ ਚਿਤਰਣ ਦਾ ਘੱਟ ਜਾਂ ਵੱਧ ਦਿਲਚਸਪ ਵਿਕਾਸ ਹੀ ਹੁੰਦਾ ਹੈ। ਸਗੋਂ ਮੈਂ ਹੁਣ ਬਿਰਤਾਂਤ ਦੀ ਖ਼ੂਬਸੂਰਤੀ ਨੂੰ ਮਾਨਣ ਲੱਗ ਪਿਆ ਸਾਂ, ਕਹਾਣੀ ਵਿਚਲੇ ਮਰਦ ਅਤੇ ਔਰਤਾਂ ਦੇ ਆਚਰਣ ਬਾਰੇ ਸੋਚ ਵਿਚਾਰ ਕਰਨ ਲੱਗ ਪਿਆ ਸਾਂ, ਲੇਖਕ ਦੇ ਮਨੋਰਥ ਬਾਰੇ ਧੁੰਦਲੀਆਂ ਜਿਹੀਆਂ ਅਟਕਲਾਂ ਲਗਾਉਂਦਾ ਸਾਂ, ਅਤੇ ਕਿਤਾਬ ਵਿੱਚ ਕਹੀਆਂ ਗੱਲਾਂ ਤੇ ਜੀਵਨ ਦੁਆਰਾ ਸੁਝਾਈਆਂ ਗੱਲਾਂ ਵਿਚਲਾ ਫ਼ਰਕ ਮਹਿਸੂਸ ਕਰਨ ਲੱਗ ਪਿਆ ਸਾਂ।

ਇਹ ਮੇਰੇ ਲਈ ਸਖ਼ਤ ਘਾਲਣਾ ਦਾ ਦੌਰ ਸੀ। ਮੈਂ ਕੱਟੜ ਖੂਹ-ਦੇ-ਡੱਡੂਆਂ (philistines) ਕੋਲ਼ ਕੰਮ ਕਰਦਾ ਸਾਂ, ਇਹਨਾਂ ਲੋਕਾਂ ਲਈ ਤੁੰਨ-ਤੁੰਨ ਕੇ ਖਾਣਾ ਹੀ ਸਭ ਤੋਂ ਵੱਡੀ ਖੁਸ਼ੀ ਹੁੰਦੀ ਸੀ, ਇਹਨਾਂ ਦਾ ਇੱਕੋ ਇੱਕ ਮਨ-ਪ੍ਰਚਾਵਾ ਗਿਰਜੇ-ਘਰ ਜਾਣਾ ਸੀ, ਜਿੱਥੇ ਉਹ ਪੂਰੀ ਤਰਾਂ ਸਜ-ਧਜ ਕੇ ਅਤੇ ਅਜਿਹੇ ਭੜਕੀਲੇ ਕੱਪੜੇ ਪਹਿਨ ਕੇ ਜਾਂਦੇ ਸਨ ਜਿਵੇਂ ਥਿਏਟਰ ਜਾਂ ਸੈਰ-ਸਪਾਟੇ ਨੂੰ ਚੱਲੇ ਹੋਣ। ਮੇਰਾ ਕੰਮ ਲੱਕ ਭੰਨਵੀਂ ਮਿਹਨਤ ਵਾਲਾ ਸੀ ਜਿਸ ਨਾਲ ਮੇਰਾ ਦਿਮਾਗ ਲਗਭਗ ਸੁੰਨ ਹੋ ਜਾਂਦਾ ਸੀ, ਕੰਮ ਦੇ ਦਿਨ ਅਤੇ ਛੁੱਟੀਆਂ ਇੱਕੋ ਜਿੰਨੀ ਮਿਹਨਤ-ਮੁਸ਼ੱਕਤ ਨਾਲ ਰਲ਼-ਗੱਡ ਹੋਏ ਪਏ ਸਨ, ਜਿਹੜੀ ਨਿਗੂਣੀ, ਤੁੱਛ ਅਤੇ ਬੇਅਰਥੀ ਸੀ।

ਜਿਸ ਮਕਾਨ ਵਿੱਚ ਮੇਰੇ ਮਾਲਿਕ ਰਹਿੰਦੇ ਸਨ ਉਹ ਸੜਕਾਂ ਦੇ ਠੇਕੇਦਾਰ ਦਾ ਸੀ, ਠੇਕੇਦਾਰ ਦਾ ਕੱਦ ਮਧਰਾ ਅਤੇ ਸਰੀਰ ਗੱਠਿਆ ਹੋਇਆ ਸੀ ਤੇ ਉਸਦਾ ਪਿਛੋਕੜ ਕਲਿਆਜ਼ਮਾ ਨਦੀ ਦੇ ਬੇਟ ਵੱਲ ਦਾ ਸੀ। ਉਸਦੀ ਦਾੜ੍ਹੀ ਨੁਕੀਲੀ ਅਤੇ ਅੱਖਾਂ ਦਾ ਰੰਗ ਸੁਰਮਈ ਸੀ। ਸੁਭਾਅ ਪੱਖੋਂ ਉਹ ਚਿੜਚਿੜਾ, ਅੜਬ, ਰੁੱਖਾ ਅਤੇ ਬੇਰਹਿਮ ਸੀ। ਉਸ ਕੋਲ ਕੋਈ ਤੀਹ ਕੁ ਬੰਦੇ ਕੰਮ ਕਰਦੇ ਸਨ। ਇਹ ਸਾਰੇ ਵਲਾਦੀਮੀਰ ਗੁਬੇਰਨੀਆ ਦੇ ਕਿਸਾਨ ਸਨ, ਜਿਹੜੇ ਸੀਮਿੰਟ ਦੇ ਫ਼ਰਸ਼ ਵਾਲ਼ੇ ਅਤੇ ਨਿੱਕੀਆਂ-ਨਿੱਕੀਆਂ ਬਾਰੀਆਂ ਵਾਲ਼ੇ ਹਨੇਰੇ ਤਹਿਖਾਨੇ ਵਿੱਚ ਰਹਿੰਦੇ ਸਨ। ਕੰਮ ਤੋਂ ਥੱਕੇ-ਟੁੱਟੇ, ਇਹ ਮਜ਼ਦੂਰ ਆਥਣ ਵੇਲੇ, ਬਲ਼ਦ ਦੀ ਪੋਟਾ-ਕਲੇਜੀ ਨਾਲ ਜਾਂ ਸ਼ੋਰੇ ਦੀ ਸੜਾਂਦ ਮਾਰਦੇ ਗਊ ਦੇ ਗੋਸ਼ਤ ਨਾਲ ਬਦਬੂਦਾਰ ਗੋਭੀ ਦਾ ਸੂਪ ਪੀ ਕੇ ਬਾਹਰ ਗੰਦੇ ਵਿਹੜੇ ਵਿੱਚ ਲੱਕ ਸਿੱਧਾ ਕਰਨ ਲਈ ਲੇਟ ਜਾਂਦੇ ਕਿਉਂਕਿ ਉਹਨਾਂ ਦੇ

ਸਿੱਲੇ ਤਹਿਖਾਨੇ ਅੰਦਰਲੀ ਹਵਾ ਉੱਥੇ ਬਲ਼ਦੀ ਭੱਠੀ ਕਾਰਨ ਜ਼ਹਿਰੀਲੀ ਅਤੇ ਸਾਹ-ਘੋਟੂ ਹੋ ਜਾਂਦੀ ਸੀ।

ਉਹਨਾਂ ਨੂੰ ਦੇਖ ਕੇ ਠੇਕੇਦਾਰ ਆਪਣੇ ਕਮਰੇ ਦੀ ਬਾਰੀ ਕੋਲ ਆ ਕੇ ਉੱਚੀ-ਉੱਚੀ ਚੀਕਣਾ ਸ਼ੁਰੂ ਕਰ ਦਿੰਦਾ: "ਤੁਸੀ ਫਿਰ ਆ ਗਏ ਹਰਾਮੀਓ! ਸਾਰੀ ਥਾਂ ਮੱਲ ਕੇ ਬੈਠੇ ਹੋ ਸੂਰਾਂ ਵਾਂਗੂੰ! ਮੇਰੇ ਘਰ ਇੱਜ਼ਤਦਾਰ ਲੋਕ ਰਹਿੰਦੇ ਨੇ! ਤੁਹਾਨੂੰ ਇੱਥੇ ਲਿਟੇ ਵੇਖ ਕੇ ਖੁਸ਼ ਹੋਣਗੇ ਉਹ?"

ਮਜ਼ਦੂਰ ਚੁੱਪ-ਚਾਪ ਆਪਣੇ ਤਹਿਖਾਨੇ ਵਿੱਚ ਵਾਪਸ ਚਲੇ ਜਾਂਦੇ। ਉਹ ਸਾਰੇ ਦੁੱਖਾਂ-ਮਾਰੇ ਲੋਕ ਸਨ, ਜੋ ਕਦੇ-ਕਦਾਈਂ ਹੀ ਬੋਲਦੇ ਤੇ ਹੱਸਦੇ ਸਨ, ਗੀਤ ਤਾਂ ਕਦੇ ਉਹਨਾਂ ਨੇ ਗਾਇਆ ਹੀ ਨਹੀ ਹੋਣਾ, ਉਹਨਾਂ ਦੇ ਕੱਪੜੇ ਮਿੱਟੀ-ਘੱਟੇ ਨਾਲ ਲਿੱਬੜੇ ਰਹਿੰਦੇ ਸਨ, ਉਹ ਮੈਨੂੰ ਉਹਨਾਂ ਲੋਥਾਂ ਵਰਗੇ ਜਾਪਦੇ ਜਿਹਨਾਂ ਨੂੰ ਜਬਰੀਂ ਕਬਰਾਂ 'ਚੋਂ ਬਾਹਰ ਕੱਢ ਲਿਆਂਦਾ ਗਿਆ ਹੋਵੇ—ਇੱਕ ਜਨਮ ਹੋਰ ਤਸੀਹੇ ਸਹਿਣ ਲਈ।

ਉੱਥੋਂ ਦੇ "ਇੱਜ਼ਤਦਾਰ ਲੋਕ" ਫੌਜੀ ਅਫ਼ਸਰ ਸਨ, ਜੋ ਸ਼ਰਾਬ ਪੀਂਦੇ ਅਤੇ ਜੂਆ ਖੇਡਿਆ ਕਰਦੇ ਸਨ, ਆਪਣੇ ਨੌਕਰਾਂ ਦੇ ਕੁੱਟ-ਕੁੱਟ ਲਾਸਾਂ ਪਾ ਦਿੰਦੇ ਅਤੇ ਆਪਣੀਆਂ ਪਤਨੀਆਂ ਨੂੰ ਬਹੁਤ ਬੁਰੀ ਤਰਾਂ ਕੁੱਟਦੇ-ਮਾਰਦੇ ਸਨ। ਇਹਨਾਂ ਦੀਆਂ ਪਤਨੀਆਂ ਸ਼ੋਖ ਰੰਗਾਂ ਦੇ ਕੱਪੜੇ ਪਹਿਨਣ ਵਾਲੀਆਂ, ਸਿਗਰਟ ਪੀਣ ਵਾਲੀਆਂ ਅਤੇ ਖੁਦ ਸਿਰੇ ਦੀਆਂ ਸ਼ਰਾਬੀ ਔਰਤਾਂ ਸਨ। ਇਹ ਵੀ ਆਪਣੇ ਨੌਕਰਾਂ ਨੂੰ ਬੇਰਹਿਮੀ ਨਾਲ ਕੁੱਟਦੀਆਂ ਸਨ। ਇਹਨਾਂ ਦੇ ਨੌਕਰ ਵੀ ਬੇਹਿਸਾਬ ਪੀਂਦੇ ਸਨ, ਐਨੀ ਕਿ ਪੀ-ਪੀ ਕੇ ਬੇਹੋਸ਼ ਹੋ ਜਾਂਦੇ।

ਹਰ ਐਤਵਾਰ ਠੇਕੇਦਾਰ ਇੱਕ ਹੱਥ ਵਿੱਚ ਲੰਮੀ ਪਤਲੀ ਜਿਹੀ ਵਹੀ ਅਤੇ ਦੂਜੇ ਵਿੱਚ ਪੈਨਸਲ ਦਾ ਟੋਟਾ ਫੜ ਕੇ ਡਿਉਢੀ ਦੀਆਂ ਪੌੜੀਆਂ ਉੱਤੇ ਬੈਠ ਜਾਂਦਾ। ਖੁਦਾਈ-ਮਜ਼ਦੂਰ ਵਾਰੀ ਵਾਰੀ ਪੈਰ ਘਸੀਟਦੇ ਉਸ ਕੋਲ ਇਸ ਤਰਾਂ ਆਉਂਦੇ ਜਿਵੇਂ ਉਹ ਭਿਖਾਰੀ ਹੋਣ। ਉਹ ਆਪਣਾ ਸਿਰ ਖੁਰਕਦੇ, ਝੁਕ ਕੇ ਸਲਾਮਾਂ ਕਰਦੇ, ਦੱਬੀ ਜਿਹੀ ਅਵਾਜ਼ ਵਿੱਚ ਬੋਲਦੇ, ਜਦਕਿ ਠੇਕੇਦਾਰ ਚੀਕ-ਚੀਕ ਕੇ ਸਾਰਿਆਂ ਨੂੰ ਸੁਣਾਉਂਦਾ ਹੋਇਆ ਕਹਿੰਦਾ:

"ਚੁੱਪ ਕਰ! ਇੱਕ ਰੂਬਲ ਬਹੁਤ ਐ! ਹਾਂ, ਕੀ ਕਿਹਾ? ਹੋਰ ਚਾਹੀਦੈ? ਤੈਨੂੰ ਪਹਿਲਾਂ ਹੀ ਤੇਰੀ ਔਕਾਤ ਨਾਲੋਂ ਜ਼ਿਆਦਾ ਮਿਲ ਰਿਹਾ ਹੈ! ਦਫ਼ਾ ਹੋ ਜਾ ਏਥੋਂ! ਤੁਰਦਾ ਬਣ!"

ਮੈਨੂੰ ਪਤਾ ਸੀ ਕਿ ਇਹਨਾਂ ਬੇਲਦਾਰਾਂ ਵਿੱਚੋਂ ਕੁਝ ਠੇਕੇਦਾਰ ਦੇ ਪਿੰਡ ਦੇ ਵੀ ਸਨ, ਕੁਝ ਤਾਂ ਉਸਦੇ ਰਿਸ਼ਤੇਦਾਰ ਵੀ ਸਨ, ਪਰ ਉਹ ਉਹਨਾਂ ਸਾਰਿਆਂ ਨਾਲ਼ ਹੀ ਖਰਵ੍ਹਾ ਅਤੇ ਰੁੱਖਾ ਵਰਤਾਓ ਕਰਦਾ ਸੀ। ਬੇਲਦਾਰ ਵੀ ਇੱਕ ਦੂਜੇ ਨਾਲ਼ ਉਵੇਂ ਹੀ ਖਰਵ੍ਹਾ ਅਤੇ ਰੁੱਖਾ ਵਰਤਾਉ ਕਰਦੇ ਸਨ, ਖਾਸ ਕਰਕੇ ਅਫ਼ਸਰਾਂ ਦੇ ਨੌਕਰਾਂ ਨਾਲ਼। ਹਰ ਦੂਜੇ ਐਤਵਾਰ ਵਿਹੜੇ ਵਿੱਚ ਖੁੱਲਮ-ਖੁੱਲੀਆਂ ਖੂਨੀ ਝੜਪਾਂ ਸ਼ੁਰੂ ਹੋ ਜਾਂਦੀਆਂ ਸਨ ਤੇ ਹਵਾ ਉਹਨਾਂ ਦੀਆਂ ਗੰਦੀਆਂ ਗਾਲ਼ਾਂ ਨਾਲ਼ ਭਰ ਜਾਂਦੀ ਸੀ। ਉਹ ਇਸ ਤਰਾਂ ਲੜਦੇ ਜਿਵੇਂ ਕੋਈ ਅਕਾਊ ਫ਼ਰਜ਼ ਨਿਭਾ ਰਹੇ ਹੋਣ, ਹੰਭੇ-ਹਾਰੇ ਅਤੇ ਝਰੀਟੋ-ਝਰੀਟ ਹੋਏ ਉਹ ਲੜਾਈ ਵਿੱਚੋਂ ਖਿਸਕ ਜਾਂਦੇ ਤੇ ਚੁੱਪ-ਚਾਪ ਬੈਠ ਕੇ ਆਪਣੀਆਂ ਸੱਟਾਂ ਅਤੇ ਝਰੀਟਾਂ ਦਾ ਮੁਆਇਨਾ ਕਰਦੇ, ਆਪਣੀਆਂ ਗੰਦੀਆਂ

ਉਂਗਲਾਂ ਨਾਲ਼ ਹਿੱਲਦੇ ਦੰਦਾਂ ਦੀ ਜਾਂਚ-ਪਰਖ ਕਰਦੇ। ਸੱਟਾਂ ਨਾਲ਼ ਭੰਨਿਆ ਚਿਹਰਾ ਜਾਂ ਕੋਈ ਕਾਲ਼ੀ-ਨੀਲੀ ਅੱਖ ਕਿਸੇ ਅੰਦਰ ਜ਼ਰਾ ਵੀ ਰਹਿਮ ਨਾ ਜਗਾਉਂਦੀ, ਪਰ ਜੇ ਕਿਤੇ ਕੋਈ ਕਮੀਜ਼ ਫਟ ਜਾਂਦੀ ਤਾਂ ਗੱਲ ਹੋਰ ਹੁੰਦੀ ਸੀ, ਤਦ ਸਾਰੇ ਰਲ਼ ਕੇ ਪਛਤਾਉਂਦੇ ਸਨ, ਤੇ ਝੰਬਿਆ ਹੋਇਆ ਕਮੀਜ਼ ਦਾ ਮਾਲਿਕ ਮੂੰਹ ਫੁਲਾ ਕੇ ਆਪਣੇ ਨੁਕਸਾਨ ਤੇ ਝੂਰਦਾ ਰਹਿੰਦਾ ਅਤੇ ਕਦੇ-ਕਦੇ ਰੋ ਵੀ ਪੈਂਦਾ।

ਅਜਿਹੇ ਦ੍ਰਿਸ਼ ਮੇਰੇ ਅੰਦਰ ਅਜਿਹੀ ਬੋਝਲ ਜਿਹੀ ਭਾਵਨਾ ਜਗਾ ਦਿੰਦੇ ਜਿਸਨੂੰ ਮੈਂ ਬਿਆਨ ਨਹੀਂ ਕਰ ਸਕਦਾ। ਉਹਨਾਂ ਲੋਕਾਂ ਲਈ ਮੈਨੂੰ ਅਫਸੋਸ ਹੁੰਦਾ ਸੀ ਪਰ ਕੁਝ ਠੰਡਾ ਜਿਹਾ ਅਤੇ ਨਿਰਲੇਪ ਅਫਸੋਸ। ਮੇਰੇ ਮਨ ਵਿੱਚ ਇਹ ਇੱਛਾ ਕਦੇ ਵੀ ਪੈਦਾ ਨਾ ਹੁੰਦੀ ਕਿ ਕਿਸੇ ਨੂੰ ਢਾਰਸ ਦਿਆਂ ਜਾਂ ਉਸ ਦੀ ਸਹਾਇਤਾ ਕਰਾਂ ਜਿਸ ਨਾਲ਼ ਲੜਾਈ ਵਿੱਚ ਸਭ ਤੋਂ ਬੁਰੀ ਹੋਈ ਹੋਵੇ—ਘੱਟੋ-ਘੱਟ ਏਨਾ ਕੁ ਹੀ ਕਰ ਦਿਆਂ ਕਿ ਉਸ ਦੇ ਜ਼ਖ਼ਮਾਂ ਵਿੱਚੋਂ ਰਿਸਦਾ ਘਿਣਾਉਣਾ, ਗਾੜ੍ਹਾ ਲਹੂ, ਜਿਸ ਵਿੱਚ ਚਿੱਕੜ ਅਤੇ ਮਿੱਟੀ ਰਲ਼ੀ ਹੁੰਦੀ ਸੀ, ਧੋਣ ਲਈ ਕੁਝ ਪਾਣੀ ਹੀ ਲਿਆ ਦੇਵਾਂ। ਦਰਅਸਲ ਮੈਂ ਉਹਨਾਂ ਨੂੰ ਬਿਲਕੁਲ ਪਸੰਦ ਨਹੀਂ ਸਾਂ ਕਰਦਾ, ਕੁਝ-ਕੁਝ ਡਰਦਾ ਸਾਂ ਅਤੇ "ਕਿਸਾਨ" ਸ਼ਬਦ ਬਿਲਕੁਲ ਉਸੇ ਤਰ੍ਹਾਂ ਉਚਾਰਦਾ ਸਾਂ ਜਿਵੇਂ ਮੇਰੇ ਮਾਲਿਕ ਜਾਂ ਅਫ਼ਸਰ, ਰੈਜਮੈਂਟ ਦਾ ਪਾਦਰੀ ਅਤੇ ਗੁਆਂਢੀ ਰਸੋਈਆ ਬੋਲਦੇ ਸਨ; ਇਹ ਸਾਰੇ ਲੋਕ ਕਿਸਾਨਾਂ ਬਾਰੇ ਅਪਮਾਨਜਨਕ ਢੰਗ ਨਾਲ਼ ਗੱਲਾਂ ਕਰਦੇ ਸਨ।

ਕਿਸੇ ਲਈ ਅਫ਼ਸੋਸ ਮਹਿਸੂਸ ਕਰਨਾ ਬੜਾ ਦੁਖਦਾਈ ਕੰਮ ਹੈ; ਬੰਦਾ ਹਮੇਸ਼ਾ ਕਿਸੇ ਨੂੰ ਪਿਆਰ ਕਰਨ ਦੀ ਖੁਸ਼ੀ ਹੀ ਮਾਣਨੀ ਚਾਹੁੰਦਾ ਹੈ, ਪਰ ਅਜਿਹਾ ਕੋਈ ਵੀ ਨਹੀਂ ਸੀ ਜਿਸਨੂੰ ਮੈਂ ਪਿਆਰ ਕਰ ਸਕਦਾ। ਇਸੇ ਲਈ ਮੈਂ ਕਿਤਾਬਾਂ ਨੂੰ ਹੋਰ ਵੀ ਜ਼ਿਆਦਾ ਗਰਮਜੋਸ਼ੀ ਨਾਲ਼ ਪਿਆਰ ਕਰਨ ਲੱਗ ਪਿਆ।

ਮੇਰੇ ਆਲ਼ੇ-ਦੁਆਲ਼ੇ ਅਜਿਹਾ ਬਹੁਤ ਕੁਝ ਸੀ ਜੋ ਭੈੜਾ ਅਤੇ ਜੰਗਲ਼ੀ ਸੀ ਅਤੇ ਸਖ਼ਤ ਘ੍ਰਿਣਾ ਨੂੰ ਜਨਮ ਦਿੰਦਾ ਸੀ। ਮੈਂ ਇਸ ਸਭ ਕਾਸੇ ਨੂੰ ਬਹੁਤਾ ਪਸਾਰਨਾ ਨਹੀਂ ਚਾਹੁੰਦਾ, ਤੁਸੀਂ ਆਪ ਜ਼ਿੰਦਗੀ ਦੇ ਇਹੋ-ਜਿਹੇ ਨਰਕ ਬਾਰੇ ਜਾਣਦੇ ਹੋ: ਇਨਸਾਨ ਲਈ ਇਨਸਾਨ ਦੇ ਨਿਰਾਦਰ ਬਾਰੇ, ਕਿਸੇ ਨੂੰ ਤਸੀਹੇ ਦੇ ਕੇ ਖੁਸ਼ੀ ਹਾਸਲ ਕਰਨ ਦੀ ਰੋਗੀ ਲਲਕ ਬਾਰੇ। ਅਜਿਹੇ ਸਰਾਪੇ ਹੋਏ ਹਾਲਾਤ ਸਨ ਉਹ, ਜਦੋਂ ਮੈਂ ਪਹਿਲੀ ਵਾਰ ਵਿਦੇਸ਼ੀ ਲੇਖਕਾਂ ਦੀਆਂ ਚੰਗੀਆਂ ਅਤੇ ਗੰਭੀਰ ਕਿਤਾਬਾਂ ਪੜ੍ਹਨੀਆਂ ਸ਼ੁਰੂ ਕੀਤੀਆਂ।

ਮੈਂ ਆਪਣੀ ਉਸ ਹੈਰਾਨੀ ਦਾ ਵਰਣਨ ਸ਼ਾਇਦ ਪੂਰੀ ਸਪਸ਼ਟਤਾ ਤੇ ਜਚਣਹਾਰ ਢੰਗ ਨਾਲ਼ ਨਹੀਂ ਕਰ ਸਕਦਾ ਜਦੋਂ ਮੈਂ ਮਹਿਸੂਸ ਕਰਦਾ ਸਾਂ ਕਿ ਲਗਭਗ ਹਰ ਕਿਤਾਬ ਮੇਰੇ ਲਈ ਇੱਕ ਨਵੀਂ ਤੇ ਅਨਜਾਣ ਦੁਨੀਆ ਵੱਲ ਖਿੜਕੀ ਖੋਲ੍ਹ ਦਿੰਦੀ ਸੀ, ਤੇ ਮੈਨੂੰ ਉਹਨਾਂ ਨਵੇਂ ਲੋਕਾਂ ਬਾਰੇ ਦੱਸਦੀ ਸੀ, ਉਹਨਾਂ ਦੀਆਂ ਭਾਵਨਾਵਾਂ, ਵਿਚਾਰ ਅਤੇ ਰਿਸ਼ਤੇ-ਨਾਤਿਆਂ ਬਾਰੇ ਜਿਹਨਾਂ ਬਾਰੇ ਮੈਂ ਨਾ ਤਾਂ ਪਹਿਲਾਂ ਜਾਣਦਾ ਸਾਂ ਅਤੇ ਨਾ ਹੀ ਕਦੇ ਮੈਂ ਦੇਖੇ ਸਨ। ਮੈਨੂੰ ਇੱਥੋਂ ਤੱਕ ਵੀ ਜਾਪਦਾ ਕਿ ਮੇਰੇ ਆਲ਼ੇ-ਦੁਆਲ਼ੇ ਦਾ ਜੀਵਨ, ਸਾਰੀਆਂ ਖਰਵ੍ਹੀਆਂ, ਗੰਦੀਆਂ ਅਤੇ ਨਿਰਦਈ ਘਟਨਾਵਾਂ ਜੋ ਹਰ ਰੋਜ਼ ਮੇਰੇ ਆਲ਼ੇ-ਦੁਆਲ਼ੇ ਵਾਪਰਦੀਆਂ ਸਨ—ਇਹ ਸਭ ਕੁਝ

ਸੱਚਾ ਅਤੇ ਜ਼ਰੂਰੀ ਨਹੀਂ ਸੀ। ਜੋ ਵੀ ਸੱਚਾ ਅਤੇ ਜ਼ਰੂਰੀ ਸੀ ਉਹ ਸਿਰਫ਼ ਕਿਤਾਬਾਂ ਵਿੱਚੋਂ ਮਿਲ਼ਦਾ ਸੀ, ਜਿੱਥੇ ਸਭ ਕੁਝ ਜ਼ਿਆਦਾ ਤਰਕਸੰਗਤ, ਖ਼ੂਬਸੂਰਤ ਅਤੇ ਮਨੁੱਖੀ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਿਤਾਬਾਂ ਵਿੱਚ ਮਨੁੱਖੀ ਉਜੱਡਪੁਣੇ, ਊਤਪੁਣੇ ਅਤੇ ਪੀੜਾ ਦਾ ਵੀ ਜ਼ਿਕਰ ਸੀ, ਉਹਨਾਂ ਵਿੱਚ ਕਮੀਨੇ ਅਤੇ ਬੁਰੇ ਲੋਕ ਵੀ ਮਿਲਦੇ ਸਨ। ਪਰ ਉਹਨਾਂ ਦੇ ਨਾਲ਼ ਉਹ ਲੋਕ ਵੀ ਸਨ ਜਿਹਨਾਂ ਬਾਰੇ ਮੈਂ ਕਦੇ ਕੁਝ ਸੁਣਿਆ ਵੀ ਨਹੀਂ ਸੀ ਅਤੇ ਨਾ ਹੀ ਕਦੇ ਵੇਖੇ ਸਨ, ਇਨਸਾਨ ਜਿਹੜੇ ਸੱਚੇ ਅਤੇ ਸ਼ੁੱਧ ਸਨ, ਰੂਹ ਦੇ ਬਲਵਾਨ ਸਨ ਅਤੇ ਸੱਚਾਈ ਦੀ ਜਿੱਤ ਜਾਂ ਕਿਸੇ ਕਾਰਨਾਮੇ ਦੀ ਖ਼ੂਬਸੂਰਤੀ ਲਈ ਆਪਣੀਆਂ ਜਾਨਾਂ ਤੱਕ ਵਾਰਨ ਲਈ ਤਿਆਰ ਸਨ।

ਸੰਸਾਰ ਦੀ ਨਵੀਨਤਾ ਅਤੇ ਰੂਹਾਨੀ ਦੌਲਤ ਦੇ ਨਸ਼ੇ ਵਿੱਚ, ਜਿਹੜੀ ਕਿ ਕਿਤਾਬਾਂ ਰਾਹੀਂ ਉਜਾਗਰ ਹੋਈ, ਮੈਂ ਪਹਿਲਾਂ-ਪਹਿਲ ਕਿਤਾਬਾਂ ਨੂੰ ਵਧੀਆ, ਵਧੇਰੇ ਦਿਲਚਸਪ ਅਤੇ ਲੋਕਾਂ ਨਾਲ਼ੋਂ ਵੱਧ ਕੇ ਆਪਣੀਆਂ ਭਾਈਵਾਲ ਸਮਝਣ ਲੱਗ ਪਿਆ, ਅਤੇ ਮੈਨੂੰ ਲੱਗਦਾ ਹੈ ਕਿ ਜੀਵਨ ਦੀਆਂ ਸੱਚਾਈਆਂ ਨੂੰ ਕਿਤਾਬਾਂ ਦੇ ਪ੍ਰਿਜ਼ਮ ਥਾਣੀਂ ਵੇਖਣ ਕਾਰਨ ਮੈਂ ਥੋੜਾ ਚੁੰਧਿਆ ਵੀ ਗਿਆ ਸਾਂ। ਕੁਝ ਵੀ ਹੋਵੇ, ਜ਼ਿੰਦਗੀ ਨੇ — ਜਿਹੜੀ ਸਭ ਤੋਂ ਸਿਆਣੀ ਅਤੇ ਸਖ਼ਤ ਅਧਿਆਪਕ ਹੁੰਦੀ ਹੈ — ਛੇਤੀ ਹੀ ਮੇਰੇ ਉਸ ਆਨੰਦਮਈ ਅੰਨ੍ਹੇਪਣ ਦਾ ਇਲਾਜ ਕਰ ਦਿੱਤਾ।

ਐਤਵਾਰ ਵਾਲ਼ੇ ਦਿਨ ਜਦੋਂ ਮੇਰੇ ਮਾਲਿਕ ਸੈਰ-ਸਪਾਟੇ ਤੇ ਘੁੰਮਣ-ਫਿਰਨ ਲਈ ਬਾਹਰ ਚਲੇ ਜਾਂਦੇ, ਮੈਂ ਸਾਹ-ਘੁੱਟਵੀਂ ਤੇ ਥਿੰਧੀ ਹਵਾੜ ਵਾਲ਼ੀ ਰਸੋਈ ਦੀ ਖਿੜਕੀ ਵਿੱਚੋਂ ਟੱਪ ਕੇ ਛੱਤ 'ਤੇ ਚਲਿਆ ਜਾਂਦਾ, ਜਿੱਥੇ ਮੈਂ ਨਿਸ਼ਚਿੰਤ ਹੋ ਕੇ ਪੜ੍ਹ ਸਕਦਾ ਸੀ। ਉੱਥੋਂ ਮੈਨੂੰ ਥੱਲੇ ਵਿਹੜੇ ਵਿੱਚ ਉਨੀਂਦਰੇ ਅਤੇ ਨੀਮ-ਸ਼ਰਾਬੀ ਮਜ਼ਦੂਰ ਲੜਖੜਾਉਂਦੇ ਫਿਰਦੇ ਦਿਸਦੇ ਜਾਂ ਅਫ਼ਸਰਾਂ ਦੇ ਨੌਕਰਾਂ ਦੀ ਛੇੜ-ਛਾੜ ਤੋਂ ਤੰਗ ਹੋਈਆਂ ਨੌਕਰਾਣੀਆਂ, ਧੋਬਣਾਂ ਅਤੇ ਰਸੋਈਏ ਦੀ ਬੁਸ-ਬੁਸ ਸੁਣਾਈ ਦਿੰਦੀ।ਆਪਣੇ ਅਕਾਸ਼ੀ-ਆਲਣ੍ਹੇ ਤੋਂ ਹੇਠਾਂ ਵਿਹੜੇ ਵੱਲ ਮੈਂ ਤ੍ਰਿਸਕਾਰ ਭਰੀਆਂ ਨਜ਼ਰਾਂ ਨਾਲ਼ ਦੇਖਦਾ ਅਤੇ ਮੇਰੇ ਦੁਆਲੇ ਫੈਲੇ ਨਹਿਸ਼, ਸ਼ਰਾਬੀ ਅਤੇ ਦੁਰਾਚਾਰੀ ਜੀਵਨ ਨੂੰ ਘ੍ਰਿਣਾ ਕਰਦਾ।

ਬੇਲਦਾਰਾਂ ਵਿੱਚ ਇੱਕ ਉਹਨਾਂ ਦਾ ਫੋਰਮੈਨ ਸੀ, ਵੱਡੀ ਉਮਰ ਦਾ ਮਧਰੇ ਕੱਦ ਦਾ ਆਦਮੀ ਜਿਸਦਾ ਨਾਮ ਸਤੇਪਾਨ ਲਿਓਸ਼ਿਨ ਸੀ।ਉਸਦਾ ਸਰੀਰ ਹੱਡਲ, ਸੁਕੜੂ ਅਤੇ ਚੀੜ੍ਹਾ ਜਿਹਾ ਸੀ, ਉਸਦੀਆਂ ਅੱਖਾਂ ਕਿਸੇ ਰੁੱਖੇ ਬਾਘੜ-ਬਿੱਲੇ ਵਰਗੀਆਂ ਲੱਗਦੀਆਂ ਸਨ, ਉਸਦੀ ਛਿਦਰੀ ਅਤੇ ਕਰੜ-ਬਰੜ ਦਾਹੜੀ ਉਸਦੀ ਮਰੀਅਲ ਗਰਦਨ, ਕੰਨਾਂ ਅਤੇ ਭੂਰੇ ਚਿਹਰੇ ਉੱਤੇ ਟਾਕੀਆਂ ਵਾਂਗ ਹਾਸੋਹੀਣੇ ਢੰਗ ਨਾਲ਼ ਉੱਗੀ ਹੋਈ ਸੀ। ਉਹ ਫਟੇ-ਪੁਰਾਣੇ ਵਸਤਰ ਪਹਿਨਦਾ ਅਤੇ ਆਪਣੇ ਸਾਰੇ ਸਾਥੀਆਂ ਨਾਲ਼ੋਂ ਗੰਦਾ ਸੀ ਪਰ ਫਿਰ ਵੀ ਉਹ ਉਹਨਾਂ ਵਿੱਚੋਂ ਸਭ ਤੋਂ ਜ਼ਿਆਦਾ ਮਿਲਣਸਾਰ ਸੀ।ਉਹ ਸਾਰੇ ਉਸਤੋਂ ਡਰਦੇ ਖੜੇ ਹੋ ਜਾਂਦੇ ਸਨ ਤੇ ਮਾਲਿਕ ਵੀ ਉਸ ਨਾਲ ਗੱਲ ਕਰਨ ਵੇਲ਼ੇ ਆਪਣੀ ਖਰਵ੍ਹੀ ਅਤੇ ਗੁੱਸੇ ਭਰੀ ਆਵਾਜ਼ ਥੋੜੀ ਦਬਾ ਲੈਂਦਾ ਸੀ। ਮੈਂ ਉਸਦੀ ਪਿੱਠ ਪਿੱਛੇ ਅਕਸਰ ਉਸਦੇ ਸਾਥੀਆਂ ਨੂੰ ਉਸਨੂੰ ਕੋਸਦੇ ਸੁਣਦਾ:

"ਕੰਜੂਸ ਹਰਾਮੀ, ਸਾਲ਼ਾ ਝੋਲ਼ੀਚੁੱਕ!"

ਬੁੱਢਾ ਲਿਓਸ਼ਿਨ ਛੁਹਲਾ ਆਦਮੀ ਸੀ, ਪਰ ਰੌਲਾ-ਰੱਪਾ ਪਾਉਣ ਵਾਲ਼ਾ ਬੰਦਾ ਨਹੀਂ ਸੀ। ਵਿਹੜੇ ਵਿੱਚ ਜਿੱਥੇ ਵੀ ਕਿਤੇ ਦੋ-ਤਿੰਨ ਬੰਦੇ ਜੁੜੇ ਹੁੰਦੇ ਉਹ ਅਛੋਪਲੇ ਜਿਹੇ ਉਹਨਾਂ ਵਿੱਚ ਜਾ ਖੜਦਾ, ਘੂਰੀ ਜਿਹੀ ਵੱਟ ਕੇ ਆਪਣੇ ਚੌੜੇ ਨੱਕ ਵਿੱਚੋਂ ਸ਼ੂਕਦਾ ਹੋਇਆ ਕਹਿੰਦਾ:

"ਕਿੱਦਾਂ ਫੇਰ? ਹੂੰ?"

ਮੈਨੂੰ ਜਾਪਦਾ ਕਿ ਉਹ ਹਮੇਸ਼ਾ ਹੀ ਕੁਝ ਨਾ ਕੁਝ ਭਾਲ਼ਦਾ ਰਹਿੰਦਾ—ਕੁਝ ਕਹਿਣ ਦੀ ਉਡੀਕ ਵਿੱਚ। ਇੱਕ ਵਾਰ ਜਦੋਂ ਮੈਂ ਆਪਣੇ ਸ਼ੈੱਡ ਦੀ ਛੱਤ 'ਤੇ ਬੈਠਾ ਸੀ, ਉਹ ਹੌਂਕਦਾ ਹੋਇਆ ਪੌੜੀ ਚੜ੍ਹ ਕੇ ਮੇਰੇ ਕੋਲ਼ ਆਇਆ, ਅਤੇ ਸੁੜ੍ਹਾਕਾ ਜਿਹਾ ਮਾਰ ਕੇ ਬੋਲਿਆ:

"ਸੁੱਕੇ ਘਾਹ ਦੀ ਖੁਸ਼ਬੂ ਆ ਰਹੀ ਹੈ... ਇਹ ਵਧੀਆ ਥਾਂ ਲੱਭੀ ਹੈ ਤੂੰ, ਸਾਫ਼ ਅਤੇ ਲੋਕਾਂ ਤੋਂ ਦੂਰ... ਕੀ ਪੜ੍ਹ ਰਿਹਾਂ ਹੈਂ?"

ਉਸਨੇ ਮੈਨੂੰ ਦੋਸਤਾਨਾ ਨਜ਼ਰ ਨਾਲ਼ ਵੇਖਿਆ ਅਤੇ ਮੈਂ ਖੁਸ਼ੀ-ਖੁਸ਼ੀ ਦੱਸ ਦਿੱਤਾ ਕਿ ਮੈਂ ਕੀ ਪੜ੍ਹ ਰਿਹਾ ਸਾਂ।

"ਅੱਛਾ", ਆਪਣਾ ਸਿਰ ਹਿਲਾਉਂਦਿਆਂ ਉਸਨੇ ਕਿਹਾ — "ਇਹ ਗੱਲ ਹੈ।"

ਉਹ ਥੋੜੀ ਦੇਰ ਲਈ ਚੁੱਪ ਕਰ ਗਿਆ, ਆਪਣੀ ਇੱਕ ਮੈਲ਼ੀ ਜਿਹੀ ਉਂਗਲ ਨਾਲ਼ ਖੱਬੇ ਪੈਰ ਦੇ ਅੰਗੂਠੇ ਦਾ ਟੁੱਟਿਆ ਹੋਇਆ ਨਹੁੰ ਪੁੱਟਦਾ ਹੋਇਆ ਤੇ ਕਦੇ-ਕਦੇ ਮੇਰੇ ਵੱਲ ਚੋਰ ਅੱਖ ਨਾਲ਼ ਦੇਖਦਾ ਹੋਇਆ ਧੀਮੀ ਅਤੇ ਗੁਣਗੁਣਾਉਂਦੀ ਆਵਾਜ਼ ਵਿੱਚ ਗੱਲਾਂ ਕਰਨ ਲੱਗ ਪਿਆ, ਜਿਵੇਂ ਕੋਈ ਕਹਾਣੀ ਸੁਣਾ ਰਿਹਾ ਹੋਵੇ:

"ਵਲਾਦੀਮੀਰ ਵਿੱਚ ਸਿਬਾਨੇਯੇਵ ਨਾਮ ਦਾ ਇੱਕ ਪੜ੍ਹਿਆ-ਲਿਖਿਆ ਬੰਦਾ ਰਹਿੰਦਾ ਸੀ, ਬੜਾ ਸ਼ਰੀਫ ਆਦਮੀ ਸੀ, ਉਸਦਾ ਇੱਕ ਪੁੱਤਰ ਸੀ—ਮੇਰੇ ਖਿਆਲ 'ਚ ਉਸਦਾ ਨਾਮ ਪੇਤਰੀਉਸ਼ਾ ਸੀ ਜਾਂ ਸ਼ਾਇਦ ਇਹੋ-ਜਿਹਾ ਹੀ ਕੁਝ ਹੋਰ, ਮੈਨੂੰ ਹੁਣ ਉਸਦਾ ਨਾਮ ਯਾਦ ਨਹੀਂ ਆ ਰਿਹਾ। ਖੈਰ, ਉਹ ਪੇਤਰੀਉਸ਼ਾ ਸਾਰਾ ਦਿਨ ਕਿਤਾਬਾਂ ਪੜ੍ਹਦਾ ਰਹਿੰਦਾ ਸੀ ਤੇ ਹੋਰਾਂ ਨੂੰ ਵੀ ਪੜ੍ਹਨ ਲਈ ਪ੍ਰੇਰਦਾ ਸੀ, ਪਰ ਇੱਕ ਦਿਨ ਉਸਨੂੰ ਪੁਲਿਸ ਨੇ ਫੜ ਲਿਆ।"

"ਕਿਉਂ?" ਮੈਂ ਪੁੱਛਿਆ।

"ਆਹ, ਆਹੀ ਪੜ੍ਹਨ-ਪੁੜ੍ਹਨ ਲਈ! ਤੂੰ ਬਹੁਤਾ ਨਾ ਪੜ੍ਹਿਆ ਕਰ, ਜੇ ਪੜ੍ਹਨਾ ਈ ਐ ਤਾਂ ਚੁੱਪ-ਚਾਪ, ਕਿਸੇ ਨਾਲ਼ ਗੱਲ ਨਾ ਕਰਿਆ ਕਰ।"

ਉਹ ਖੀ-ਖੀ ਕਰਕੇ ਹੱਸਿਆ ਅਤੇ ਮੈਨੂੰ ਅੱਖ ਮਾਰ ਕੇ ਬੋਲਦਾ ਰਿਹਾ:

"ਮੈਨੂੰ ਪਤਾ ਹੈ ਤੂੰ ਕਿਹੋ-ਜਿਹਾ ਬੰਦਾ ਹੈਂ—ਗੰਭੀਰ ਕਿਸਮ ਦਾ ਅਤੇ ਮਾੜੇ ਕੰਮਾਂ ਤੋਂ ਦੂਰ ਰਹਿੰਦਾ ਹੈਂ। ਖੈਰ, ਇਸ ਵਿੱਚ ਕੋਈ ਹਰਜ਼ ਵੀ ਨਹੀਂ..."

ਉਹ ਮੇਰੇ ਕੋਲ਼ ਥੋੜੀ ਦੇਰ ਬੈਠਾ ਅਤੇ ਫਿਰ ਹੇਠਾਂ ਵਿਹੜੇ ਵਿੱਚ ਚਲਾ ਗਿਆ। ਉਸ ਦਿਨ ਤੋਂ ਬਾਅਦ ਮੈਂ ਦੇਖਿਆ ਕਿ ਲਿਓਸ਼ਿਨ ਹਮੇਸ਼ਾ ਮੇਰੇ 'ਤੇ ਨਜ਼ਰ ਰੱਖਦਾ। ਉਹ ਮੇਰੇ ਕੋਲ਼ ਹਮੇਸ਼ਾ ਉਹੀ ਸਵਾਲ ਲੈ ਕੇ ਆਉਂਦਾ: "ਕਿੱਦਾਂ ਫੇਰ? ਹੂੰ?"

ਇੱਕ ਵਾਰ ਮੈਂ ਉਸਨੂੰ ਇੱਕ ਕਹਾਣੀ ਸੁਣਾਈ ਜੋ ਮੇਰੀ ਕਲਪਨਾ ਵਿੱਚ ਵਸ ਗਈ ਸੀ,

ਬਦੀ ਉੱਤੇ ਨੇਕੀ ਦੀ ਜਿੱਤ ਬਾਰੇ ਸੀ ਕੁਝ। ਉਸਨੇ ਮੈਨੂੰ ਬਹੁਤ ਪਿਆਰ ਨਾਲ਼ ਸੁਣਿਆ, ਆਪਣਾ ਸਿਰ ਹਿਲਾਇਆ ਅਤੇ ਕਿਹਾ: "ਹੁੰਦੈ, ਐਦਾਂ ਵੀ!"

"ਅੱਛਾ, ਹੁੰਦੈ ?" ਮੈਂ ਖੁਸ਼ ਹੋ ਕੇ ਕਿਹਾ।

"ਹਾਂ, ਬੇਸ਼ੱਕ। ਹਰ ਤਰ੍ਹਾਂ ਦੀਆਂ ਗੱਲਾਂ ਹੋ ਜਾਂਦੀਆਂ ਨੇ।" ਬੁੱਢੇ ਆਦਮੀ ਨੇ ਦਾਅਵਾ ਕੀਤਾ। ਅਤੇ ਉਸਨੇ ਮੈਨੂੰ ਇੱਕ ਕਹਾਣੀ ਸੁਣਾਈ। ਚੰਗੀ ਕਹਾਣੀ ਸੀ, ਹੱਡ-ਮਾਸ ਦੇ ਲੋਕਾਂ ਦੀ ਕਹਾਣੀ, ਨਾ ਕਿ ਕਿਤਾਬੀ। ਅਤੇ ਸਿੱਟਾ ਕੱਢਦਿਆਂ ਉਸਨੇ ਬੜੇ ਪ੍ਰਭਾਵਸ਼ਾਲੀ ਅੰਦਾਜ਼ ਵਿੱਚ ਕਿਹਾ:

"ਦੇਖ, ਤੂੰ ਇਹ ਸਾਰੀਆਂ ਗੱਲਾਂ ਪੂਰੀ ਤਰ੍ਹਾਂ ਨਹੀਂ ਸਮਝ ਸਕਦਾ, ਪਰ ਇੱਕ ਜ਼ਰੂਰੀ ਗੱਲ ਤੈਨੂੰ ਸਮਝਣੀ ਹੀ ਪਏਗੀ, ਕਿ ਇਸ ਦੁਨੀਆਂ ਵਿੱਚ ਛੋਟੀਆਂ-ਮੋਟੀਆਂ ਗੱਲਾਂ ਦਾ ਕੋਈ ਅੰਤ ਨਹੀਂ ਹੈ, ਅਤੇ ਲੋਕ ਇਹਨਾਂ ਮਾਮੂਲੀ ਗੱਲਾਂ ਵਿੱਚ ਹੀ ਉਲਝੇ ਪਏ ਹਨ। ਉਹਨਾਂ ਨੂੰ ਪਤਾ ਹੀ ਨਹੀਂ ਕਿ ਉਹਨਾਂ ਨੂੰ ਕਿਹੜਾ ਰਾਹ ਚੁਣਨਾ ਚਾਹੀਦਾ ਹੈ, ਇਸ ਲਈ ਉਹ ਰੱਬ ਦਾ ਸੱਚਾ ਮਾਰਗ ਵੀ ਨਹੀਂ ਜਾਣਦੇ। ਲੋਕ ਮਾਮੂਲੀ ਤੇ ਤੁੱਛ ਗੱਲਾਂ ਵਿੱਚ ਘਿਰੇ ਪਏ ਨੇ, ਜੇ ਤੂੰ ਮੇਰਾ ਮਤਲਬ ਸਮਝ ਸਕੇਂ।"

ਇਹਨਾਂ ਸ਼ਬਦਾਂ ਨਾਲ਼ ਮੈਨੂੰ ਮੇਰੇ ਦਿਲ ਵਿੱਚ ਕੋਈ ਜੀਵਨ-ਦਾਇਕ ਚੀਜ਼ ਧੜਕਦੀ ਮਹਿਸੂਸ ਹੋਈ ਤੇ ਮੈਨੂੰ ਜਾਪਿਆ ਜਿਵੇਂ ਮੈਂ ਅਚਾਨਕ ਰੌਸ਼ਨੀ ਵਿੱਚ ਆ ਗਿਆ ਹੋਵਾਂ। ਸਚਮੁੱਚ, ਮੇਰੇ ਆਲ਼ੇ-ਦੁਆਲ਼ੇ ਦਾ ਜੀਵਨ ਨਿਗੂਣੀਆਂ ਗੱਲਾਂ ਨਾਲ਼, ਲੜਾਈ-ਝਗੜੇ, ਕਮੀਨੇਪਣ, ਛੋਟੀਆਂ-ਮੋਟੀਆਂ ਚੋਰੀਆਂ ਅਤੇ ਗਾਲ਼ਾਂ ਨਾਲ਼ ਭਰਿਆ ਪਿਆ ਸੀ। ਜਿਹੜਾ ਕਿ, ਮੈਂ ਸਮਝਦਾ ਸਾਂ, ਇਸ ਕਾਰਨ ਇੰਨਾ ਫੈਲਿਆ ਹੋਇਆ ਸੀ ਕਿਉਂਕਿ ਇਨਸਾਨ ਕੋਲ਼ ਸ਼ੁੱਧ ਅਤੇ ਮਿੱਠੇ ਲਫ਼ਜ਼ਾਂ ਦੀ ਘਾਟ ਹੈ।

ਇਹ ਬੁੱਢਾ ਆਦਮੀ ਮੇਰੇ ਨਾਲੋਂ ਕੋਈ ਪੰਜ ਗੁਣਾ ਵੱਡਾ ਸੀ ਅਤੇ ਬਹੁਤ ਕੁਝ ਜਾਣਦਾ ਸੀ ਅਤੇ ਜੇ ਉਹ ਕਹਿੰਦਾ ਸੀ ਕਿ ਜ਼ਿੰਦਗੀ ਵਿੱਚ ਚੰਗੀਆਂ ਗੱਲਾਂ ਵੀ ਵਾਪਰਦੀਆਂ ਹਨ ਤਾਂ ਮੇਰੇ ਕੋਲ਼ ਉਸ 'ਤੇ ਯਕੀਨ ਕਰਨ ਦਾ ਹਰ ਕਾਰਨ ਮੌਜੂਦ ਸੀ। ਮੈਂ ਉਸ 'ਤੇ ਵਿਸ਼ਵਾਸ ਕਰਨ ਨੂੰ ਤਿਆਰ ਸਾਂ ਕਿਉਂਕਿ ਕਿਤਾਬਾਂ ਨੇ ਮੈਨੂੰ ਇਨਸਾਨਾਂ 'ਤੇ ਵਿਸ਼ਵਾਸ ਕਰਨਾ ਪਹਿਲਾਂ ਹੀ ਸਿਖਾ ਦਿੱਤਾ ਸੀ, ਮੈਨੂੰ ਜਾਪਿਆ ਕਿ ਕਿਤਾਬਾਂ ਆਖਿਰਕਾਰ ਅਸਲੀ ਜੀਵਨ ਹੀ ਚਿਤਰਦੀਆਂ ਹਨ, ਕਿਉਂਕਿ ਜੇ ਕਹਿ ਲਿਆ ਜਾਵੇ ਤਾਂ ਉਹ ਵਾਸਤਵਿਕ ਜੀਵਨ ਦੀਆਂ ਹੀ ਨਕਲ ਹੁੰਦੀਆਂ ਹਨ ਅਤੇ ਇਸ ਲਈ ਚੰਗੇ ਬੰਦੇ ਵੀ ਜ਼ਰੂਰ ਹੀ ਹੋਣੇ ਚਾਹੀਦੇ ਹਨ, ਉਸ ਜ਼ਾਲਿਮ ਠੇਕੇਦਾਰ ਜਾਂ ਮੇਰੇ ਮਾਲਿਕ ਜਾਂ ਸ਼ਰਾਬੀ ਅਫ਼ਸਰ ਜਾਂ ਉਹਨਾਂ ਸਾਰਿਆਂ ਲੋਕਾਂ ਤੋਂ ਬਿਲਕੁਲ ਅਲੱਗ, ਜਿਹਨਾਂ ਨੂੰ ਮੈਂ ਜਾਣਦਾ ਸਾਂ।

ਇਸ ਖੋਜ ਨੇ ਮੈਨੂੰ ਬੜੀ ਖੁਸ਼ੀ ਦਿੱਤੀ ਅਤੇ ਮੈਂ ਜ਼ਿੰਦਗੀ ਨੂੰ ਪ੍ਰਸੰਨਤਾ ਦੀ ਨਜ਼ਰ ਨਾਲ਼ ਵੇਖਣ ਲੱਗ ਪਿਆ ਤੇ ਲੋਕਾਂ ਪ੍ਰਤੀ ਮੇਰਾ ਵਿਵਹਾਰ ਵਧੇਰੇ ਦੋਸਤੀ ਅਤੇ ਹਮਦਰਦੀ ਵਾਲ਼ਾ ਹੋ ਗਿਆ। ਜਦੋਂ ਵੀ ਮੈਂ ਕੋਈ ਚੰਗੀ ਜਾਂ ਰੂਹ ਨੂੰ ਉਚਿਆਉਣ ਵਾਲ਼ੀ ਗੱਲ ਪੜ੍ਹਦਾ ਤਾਂ ਬੇਲਦਾਰਾਂ ਅਤੇ ਅਫ਼ਸਰਾਂ ਦੇ ਨੌਕਰਾਂ ਨੂੰ ਦੱਸਣ ਦੀ ਕੋਸ਼ਿਸ਼ ਕਰਦਾ। ਉਹ ਭਾਵੇਂ ਕੋਈ ਵਧੀਆ ਸਰੋਤੇ

ਨਹੀਂ ਸਨ ਅਤੇ ਮੈਨੂੰ ਲੱਗਦਾ ਹੈ ਕਿ ਉਹ ਮੇਰਾ ਬਹੁਤਾ ਵਿਸ਼ਵਾਸ ਵੀ ਨਹੀਂ ਸਨ ਕਰਦੇ, ਪਰ ਸਤੇਪਾਨ ਲਿਓਸ਼ਿਨ ਹਮੇਸ਼ਾ ਮੈਨੂੰ ਕਹਿੰਦਾ ਰਹਿੰਦਾ, "ਅਜਿਹੀਆਂ ਗੱਲਾਂ ਵਾਪਰਦੀਆਂ ਨੇ। ਹਰ ਤਰ੍ਹਾਂ ਦੀਆਂ ਗੱਲਾਂ ਹੁੰਦੀਆਂ ਨੇ, ਕਾਕਾ!"

ਇਹ ਸੰਖੇਪ ਅਤੇ ਸਿਆਣਾ ਬਿਆਨ ਮੇਰੇ ਲਈ ਅਥਾਹ ਹੈਰਾਨ ਕਰ ਦੇਣ ਵਾਲ਼ੀ ਅਹਿਮੀਅਤ ਰੱਖਦਾ ਸੀ। ਜਿੰਨੀ ਵਾਰ ਮੈਂ ਇਸਨੂੰ ਸੁਣਦਾ ਇਹ ਉਨਾ ਹੀ ਮੇਰੇ ਅੰਦਰ ਹੌਸਲਾ ਅਤੇ ਦ੍ਰਿੜਤਾ ਦੀ ਭਾਵਨਾ ਅਤੇ ਆਪਣਾ ਮੰਤਵ ਹਾਸਿਲ ਕਰ ਲੈਣ ਦੀ ਤੀਬਰ ਇੱਛਾ ਜਗਾ ਦਿੰਦਾ। ਜੇਕਰ ਸਚਮੁੱਚ ਹੀ "ਹਰ ਤਰ੍ਹਾਂ ਦੀਆਂ ਗੱਲਾਂ ਵਾਪਰਦੀਆਂ ਸਨ" ਤਾਂ ਮੇਰੀ ਇੱਛਾ ਤੇ ਮੰਤਵ ਵੀ ਪੂਰੇ ਹੋ ਸਕਦੇ ਸਨ। ਮੈਂ ਵੇਖਿਆ ਕਿ ਜ਼ਿੰਦਗੀ ਨੇ ਜਦੋਂ ਬੁਰੇ ਦਿਨਾਂ ਵਿੱਚ, ਜਿਹੜੇ ਮੇਰੇ ਜੀਵਨ ਵਿੱਚ ਕੁਝ ਜ਼ਿਆਦਾ ਹੀ ਸਨ, ਮੈਨੂੰ ਸਖ਼ਤ ਝਟਕੇ ਦਿੱਤੇ, ਉਦੋਂ ਹੀ ਮੇਰੇ ਅੰਦਰ ਹੌਸਲੇ ਅਤੇ ਦ੍ਰਿੜਤਾ ਦੀ ਭਾਵਨਾ ਠਾਠਾਂ ਮਾਰ ਕੇ ਉੱਠੀ ਅਤੇ ਜ਼ਿੰਦਗੀ ਦੇ ਆਜ਼ੀਅਨ ਤਬੇਲੇ ਸਾਫ਼ ਕਰਨ ਦੀ ਇੱਕ ਜਵਾਨ ਅਤੇ ਹਰਕਿਊਲਸ ਜਿਹੀ ਭਾਵਨਾ ਮੈਨੂੰ ਪੂਰੀ ਤਰ੍ਹਾਂ ਜਕੜ ਲੈਂਦੀ। ਇਹ ਭਾਵਨਾ ਅੱਜ ਤੱਕ ਵੀ, ਜਦੋਂ ਕਿ ਮੈਂ ਪੰਜਾਹ ਸਾਲਾਂ ਦਾ ਹੋ ਗਿਆ ਹਾਂ, ਮੇਰੇ ਨਾਲ਼ ਹੈ ਅਤੇ ਮੇਰੇ ਮਰਨ ਤੱਕ ਮੇਰੇ ਨਾਲ਼ ਹੀ ਰਹੇਗੀ। ਮੈਂ ਆਪਣੇ ਇਸ ਗੁਣ ਦਾ ਸਿਹਰਾ ਕਿਤਾਬਾਂ ਨੂੰ, ਜਿਹੜੀਆਂ ਮਨੁੱਖੀ ਰੂਹ ਦਾ ਧਰਮ-ਇਮਾਨ ਹੁੰਦੀਆਂ ਹਨ ਅਤੇ ਮਨੁੱਖ ਦੀ ਵਿਕਾਸਸ਼ੀਲ ਰੂਹ ਦੇ ਕਸ਼ਟ ਅਤੇ ਪੀੜਾਂ ਨੂੰ ਪ੍ਰਤੀਬਿੰਬਤ ਕਰਦੀਆਂ ਹਨ, ਵਿਗਿਆਨ ਨੂੰ, ਜਿਹੜਾ ਮਨ ਦੀ ਕਵਿਤਾ ਹੁੰਦਾ ਹੈ ਅਤੇ ਕਲਾ ਨੂੰ ਦਿੰਦਾ ਹਾਂ ਜੋ ਕਿ ਦਿਲ ਦੀ ਕਵਿਤਾ ਹੁੰਦੀ ਹੈ।

ਕਿਤਾਬਾਂ ਮੇਰੇ ਸਾਹਵੇਂ ਨਵੇਂ-ਨਵੇਂ ਦ੍ਰਿਸ਼ ਖੋਲ੍ਹਦੀਆਂ ਰਹੀਆਂ, ਦੋ ਸਚਿੱਤਰ ਰਸਾਲੇ *Vsemirnaya Illustratsiya* (ਸੁਚਿੱਤਰ ਸੰਸਾਰ) ਅਤੇ *Zhivopisnoye Obozrenie* (ਸੁਚਿੱਤਰ ਸਮੀਖਿਆ) ਤਾਂ ਮੇਰੇ ਲਈ ਖਾਸ ਅਹਿਮੀਅਤ ਰੱਖਦੇ ਸਨ। ਉਹਨਾਂ ਵਿਚਲੇ ਸ਼ਹਿਰਾਂ, ਲੋਕਾਂ ਅਤੇ ਵਿਦੇਸ਼ੀ ਘਟਨਾਵਾਂ ਦੇ ਵਰਣਨ ਨੇ ਮੇਰੇ ਸਾਹਮਣੇ ਦੁਨੀਆਂ ਦਾ ਹਮੇਸ਼ਾ ਹੋਰ ਵਧੇਰੇ ਪਸਾਰ ਕੀਤਾ, ਅਤੇ ਮੈਨੂੰ ਇਹ ਦੁਨੀਆਂ ਵਧਦੀ-ਫੁੱਲਦੀ, ਮਹਾਨ, ਕੀਲ ਲੈਣ ਵਾਲ਼ੀ ਅਤੇ ਉੱਚ ਕੋਟੀ ਦੇ ਕਾਰਜਾਂ ਨਾਲ਼ ਭਰੀ ਹੋਈ ਜਾਪਦੀ।

ਸਾਡੇ ਆਪਣੇ ਚਰਚਾਂ ਅਤੇ ਮਕਾਨਾਂ ਨਾਲ਼ੋਂ ਵੱਖਰੀ ਕਿਸਮ ਦੇ ਮੰਦਰ ਅਤੇ ਥਾਵਾਂ, ਭਾਂਤ-ਭਾਂਤ ਦੇ ਪਹਿਰਾਵਿਆਂ ਵਾਲ਼ਿਆਂ ਲੋਕ, ਮਨੁੱਖ ਦੁਆਰਾ ਰੰਗ-ਬਿਰੰਗੇ ਤਰੀਕਿਆਂ ਨਾਲ਼ ਸਜਾਈ ਭੋਂ, ਉਸ ਦੁਆਰਾ ਬਣਾਈਆਂ ਅਦਭੁੱਤ ਮਸ਼ੀਨਾਂ ਅਤੇ ਅਜੂਬੇ—ਇਹ ਸਭ ਕੁਝ ਮੇਰੇ ਅੰਦਰ ਹੁਲਾਸ ਦੀ ਰਹੱਸਮਈ ਭਾਵਨਾ ਅਤੇ ਕੁਝ ਬਣਾਉਣ ਅਤੇ ਉਸਾਰਨ ਦੀ ਇੱਛਾ ਜਗਾ ਦਿੰਦੇ।

ਹਰ ਚੀਜ਼ ਨਵੀਨ ਅਤੇ ਵੱਖਰੀ ਸੀ। ਪਰ ਮੈਂ ਧੁੰਦਲਾ ਜਿਹਾ ਅੰਦਾਜਾ ਲਗਾ ਲਿਆ ਕਿ ਇਸ ਸਭ ਕਾਸੇ ਪਿੱਛੇ ਇੱਕੋ-ਇੱਕ ਤਾਕਤ ਕੰਮ ਕਰਦੀ ਹੈ—ਮਨੁੱਖ ਦੀ ਰਚਨਾਤਮਕਤਾ। ਇਸ ਨਾਲ਼ ਲੋਕਾਂ ਵੱਲ ਮੇਰੀ ਆਦਰ ਅਤੇ ਸਨਮਾਨ ਦੀ ਭਾਵਨਾ ਹੋਰ ਵੀ ਵਧ ਗਈ।

ਇੱਕ ਵਾਰ ਜਦੋਂ ਮੈਂ ਕਿਸੇ ਰਸਾਲੇ ਵਿੱਚ ਪ੍ਰਸਿੱਧ ਵਿਗਿਆਨੀ ਫੈਰਾਡੇ ਦਾ ਚਿੱਤਰ ਵੇਖਿਆ,

ਉਸ ਬਾਰੇ ਇੱਕ ਲੇਖ ਪੜ੍ਹਿਆ। ਜਿਸ ਵਿੱਚੋਂ ਬਹੁਤਾ ਤਾਂ ਮੈਨੂੰ ਸਮਝ ਨਾ ਆਇਆ, ਪਰ ਮੈਂ ਇਸ ਗੱਲ ਨਾਲ਼ ਕੀਲਿਆ ਗਿਆ ਕਿ ਫੈਰਾਡੇ ਇੱਕ ਸਧਾਰਣ ਮਜ਼ਦੂਰ ਹੁੰਦਾ ਸੀ। ਇਹ ਤੱਥ ਮੇਰੇ ਲਈ ਅਗੰਮੀ ਸੀ ਅਤੇ ਇਹ ਮੇਰੇ ਜ਼ਿਹਨ ਵਿੱਚ ਘਰ ਕਰ ਗਿਆ।

"ਇਹ ਕਿਵੇਂ ਹੋ ਸਕਦਾ ਹੈ ?" ਮੈਂ ਸੰਦੇਹਪੂਰਵਕ ਆਪਣੇ ਆਪ ਨੂੰ ਪੁੱਛਿਆ।

"ਇਸਦਾ ਮਤਲਬ ਇਹਨਾਂ ਬੇਲਦਾਰਾਂ ਵਿੱਚੋਂ ਵੀ ਕੋਈ ਵਿਗਿਆਨੀ ਬਣ ਸਕਦਾ ਹੈ। ਸ਼ਾਇਦ ਮੈਂ ਵੀ ਬਣ ਜਾਵਾਂ!"

ਇਹ ਕੁਝ ਅਜਿਹੀ ਗੱਲ ਸੀ ਜਿਸ 'ਤੇ ਮੈਂ ਯਕੀਨ ਨਹੀਂ ਕਰ ਸਕਦਾ ਸੀ, ਅਤੇ ਮੈਂ ਇਸ ਬਾਰੇ ਪੁੱਛਗਿੱਛ ਕਰਨੀ ਸ਼ੁਰੂ ਕਰ ਦਿੱਤੀ ਕਿ ਕੀ ਅਜਿਹੇ ਹੋਰ ਵੀ ਮਸ਼ਹੂਰ ਲੋਕ ਸਨ ਜਿਹੜੇ ਪਹਿਲਾਂ ਕਦੇ ਸਧਾਰਣ ਕਿਰਤੀ ਰਹੇ ਹੋਣ। ਰਸਾਲਿਆਂ ਵਿੱਚੋਂ ਮੈਨੂੰ ਕੁਝ ਨਾ ਮਿਲ਼ਿਆ, ਪਰ ਜਿਮਨੇਜ਼ੀਅਮ ਦੇ ਇੱਕ ਵਿਦਿਆਰਥੀ ਨੇ, ਜੋ ਮੇਰਾ ਜਾਣੂ ਸੀ, ਮੈਨੂੰ ਦੱਸਿਆ ਕਿ ਅਜਿਹੇ ਬਹੁਤ ਸਾਰੇ ਪ੍ਰਸਿੱਧ ਲੋਕ ਸਨ ਜਿਹੜੇ ਪਹਿਲਾਂ ਕਿਰਤੀ ਰਹੇ ਹਨ ਅਤੇ ਉਹਨਾਂ ਵਿੱਚੋਂ ਕੁਝ ਦੇ ਨਾਮ ਵੀ ਦੱਸੇ, ਜਿਹਨਾਂ ਵਿੱਚੋਂ ਇੱਕ ਨਾਮ ਸਟੀਫ਼ਨਸਨ ਸੀ, ਪਰ ਮੈਂ ਉਸਦੀ ਗੱਲ 'ਤੇ ਯਕੀਨ ਨਾ ਕੀਤਾ।

ਜਿੰਨਾ ਜ਼ਿਆਦਾ ਮੈਂ ਪੜ੍ਹਦਾ, ਕਿਤਾਬਾਂ ਮੈਨੂੰ ਓਨਾ ਹੀ ਸੰਸਾਰ ਨਾਲ਼ ਜੋੜ ਦਿੰਦੀਆਂ ਅਤੇ ਜ਼ਿੰਦਗੀ ਮੇਰੇ ਲਈ ਹੋਰ ਵੀ ਵਧੇਰੇ ਸਪਸ਼ਟ ਅਤੇ ਸਾਰਥਕ ਹੋ ਜਾਂਦੀ। ਮੈਂ ਵੇਖਦਾ ਕਿ ਅਜਿਹੇ ਵੀ ਲੋਕ ਸਨ ਜਿਹਨਾਂ ਦੀ ਜ਼ਿੰਦਗੀ ਮੇਰੇ ਨਾਲ਼ੋਂ ਵੀ ਬਦਤਰ ਅਤੇ ਸਖ਼ਤ ਸੀ। ਭਾਵੇਂ ਇਸ ਤੋਂ ਮੈਨੂੰ ਕੁਝ ਆਰਾਮ ਤਾਂ ਮਿਲ਼ਦਾ ਸੀ ਪਰ ਜ਼ਿੰਦਗੀ ਦੇ ਜ਼ਾਲਮ ਅਤੇ ਡਾਢੇ ਯਥਾਰਥ ਨਾਲ਼ ਮੈਂ ਕੋਈ ਸਮਝੌਤਾ ਨਾ ਕਰ ਸਕਿਆ। ਮੈਂ ਇਹ ਵੀ ਦੇਖਿਆ ਕਿ ਅਜਿਹੇ ਵੀ ਲੋਕ ਸਨ ਜਿਹੜੇ ਦਿਲਚਸਪੀ ਅਤੇ ਪ੍ਰਸੰਨਤਾ ਵਾਲ਼ਾ ਜੀਵਨ ਜੀ ਰਹੇ ਸਨ—ਅਜਿਹਾ ਜੀਵਨ ਜੋ ਮੇਰੇ ਆਲ਼ੇ-ਦੁਆਲ਼ੇ ਵਿੱਚੋਂ ਕਿਸੇ ਨੂੰ ਵੀ ਨਹੀਂ ਸੀ ਪਤਾ। ਲਗਭਗ ਹਰ ਕਿਤਾਬ ਦੇ ਪੰਨਿਆਂ ਵਿੱਚੋਂ ਮੈਨੂੰ ਇੱਕ ਮੱਧਮ ਜਿਹਾ ਪਰ ਜ਼ੋਰਦਾਰ ਸੰਦੇਸ਼ ਮਿਲ਼ਦਾ ਜੋ ਮੈਨੂੰ ਵਿਆਕੁਲ ਕਰ ਦਿੰਦਾ, ਮੈਨੂੰ ਇੱਕ ਅਣਜਾਣ ਦੁਨੀਆਂ ਵਿੱਚ ਲੈ ਜਾਂਦਾ ਅਤੇ ਮੇਰੇ ਦਿਲ 'ਤੇ ਡੂੰਘਾ ਅਸਰ ਕਰਦਾ। ਹਰ ਕੋਈ ਕਿਸੇ ਨਾ ਕਿਸੇ ਗੱਲੋਂ ਦੁਖੀ ਸੀ, ਆਪਣੀ ਜ਼ਿੰਦਗੀ ਤੋਂ ਕੋਈ ਵੀ ਸੰਤੁਸ਼ਟ ਨਹੀਂ ਸੀ ਅਤੇ ਕੁਝ ਚੰਗੇਰੀ ਚੀਜ਼ ਦੀ ਭਾਲ਼ ਵਿੱਚ ਸੀ। ਇਸ ਕਾਰਨ ਉਹ ਲੋਕ ਮੇਰੇ ਹੋਰ ਵੀ ਨੇੜੇ ਆ ਗਏ ਅਤੇ ਮੇਰੇ ਲਈ ਉਹਨਾਂ ਨੂੰ ਜਾਨਣਾ ਹੋਰ ਵੀ ਸੌਖਾ ਹੋ ਗਿਆ। ਕਿਤਾਬਾਂ ਨੇ ਸਾਰੇ ਸੰਸਾਰ ਨੂੰ ਚੰਗੀਆਂ ਗੱਲਾਂ ਪ੍ਰਤੀ ਸੋਗੀ ਤਾਂਘ ਨਾਲ਼ ਜਕੜਿਆ ਹੋਇਆ ਸੀ ਅਤੇ ਹਰ ਕਿਤਾਬ ਇੱਕ ਜਿਉਂਦੀ ਜਾਗਦੀ ਰੂਹ ਜਾਪਦੀ ਸੀ ਜਿਹੜੀ ਪਾਤਰਾਂ ਅਤੇ ਸ਼ਬਦਾਂ ਦੁਆਰਾ, ਜਿਹੜੇ ਮੇਰੇ ਉਹਨਾਂ ਨਾਲ਼ ਸੰਪਰਕ ਵਿੱਚ ਆਉਂਦੇ ਹੀ ਜਿਉਂਦੇ-ਜਾਗਦੇ ਜਾਪਣ ਲੱਗ ਪੈਂਦੇ ਸਨ, ਕਾਗ਼ਜ਼ਾਂ ਨਾਲ਼ ਜੁੜੀ ਹੋਈ ਸੀ।

ਪੜ੍ਹਦੇ-ਪੜ੍ਹਦੇ ਅਕਸਰ ਮੈਨੂੰ ਰੋਣਾ ਆ ਜਾਂਦਾ ਸੀ—ਐਨੀਆਂ ਪ੍ਰਭਾਵਸ਼ਾਲੀ ਸਨ ਇਹਨਾਂ ਲੋਕਾਂ ਦੀਆਂ ਕਹਾਣੀਆਂ ਅਤੇ ਇੰਨੇ ਪਿਆਰੇ ਅਤੇ ਨੇੜੇ ਹੋ ਗਏ ਸਨ ਇਹ ਮੇਰੇ! ਮੈਂ ਹਾਲੇ ਬੱਚਾ ਹੀ ਸਾਂ, ਵਿਅਰਥ ਮਿਹਨਤ ਦਾ ਸਤਾਇਆ ਅਤੇ ਨਿਕੰਮੀਆਂ ਗਾਲ਼ਾਂ ਦਾ ਫਿਟਕਾਰਿਆ,

ਮੈਂ ਸਹੁੰ ਖਾਧੀ ਕਿ ਵੱਡਾ ਹੋ ਕੇ ਮੈਂ ਲੋਕਾਈ ਦੀ ਸਹਾਇਤਾ ਕਰਾਂਗਾ ਅਤੇ ਪੂਰੀ ਇਮਾਨਦਾਰੀ ਨਾਲ਼ ਇਸਦੀ ਸੇਵਾ ਕਰਾਂਗਾ।

ਪਰੀ ਕਹਾਣੀਆਂ ਦੇ ਅਨੋਖੇ ਪੰਛੀਆਂ ਵਾਂਗ ਕਿਤਾਬਾਂ ਮੈਨੂੰ ਗੀਤ ਸੁਣਾਉਂਦੀਆਂ ਸਨ ਅਤੇ ਮੇਰੇ ਨਾਲ਼ ਅਜਿਹੀ ਭਾਸ਼ਾ ਵਿੱਚ ਵਿਵਹਾਰ ਕਰਦੀਆਂ ਸਨ ਜਿਵੇਂ ਕਿਸੇ ਕੈਦੀ ਨਾਲ਼ ਕੀਤਾ ਜਾਂਦਾ ਹੈ। ਕਿਤਾਬਾਂ ਜ਼ਿੰਦਗੀ ਦੀ ਅਮੀਰੀ ਅਤੇ ਵੰਨ-ਸੁਵੰਨਤਾ ਦੇ ਗੀਤ ਗਾਉਂਦੀਆਂ ਸਨ, ਇਨਸਾਨ ਦੀ ਚੰਗਿਆਈ ਤੇ ਖ਼ੂਬਸੂਰਤੀ ਪ੍ਰਤੀ ਤਾਂਘ ਵਿਚਲੀ ਦਲੇਰੀ ਦੇ ਗੀਤ ਗਾਉਂਦੀਆਂ ਸਨ। ਜਿੰਨਾ ਜ਼ਿਆਦਾ ਮੈਂ ਪੜ੍ਹਦਾ ਮੇਰਾ ਦਿਲ ਉਨਾ ਹੀ ਸਿਹਤਮੰਦ ਅਤੇ ਸੁਹਾਵਣੇ ਉਤਸ਼ਾਹ ਨਾਲ਼ ਭਰ ਜਾਂਦਾ। ਹੌਲ਼ੀ-ਹੌਲ਼ੀ ਮੈਂ ਠਰੰਮੇ ਵਾਲ਼ਾ ਹੁੰਦਾ ਗਿਆ, ਮੇਰਾ ਆਤਮ-ਵਿਸ਼ਵਾਸ ਵਿਕਸਤ ਹੁੰਦਾ ਗਿਆ, ਮੇਰਾ ਕੰਮ ਉੱਨਤੀ ਕਰਦਾ ਗਿਆ ਅਤੇ ਮੈਂ ਜ਼ਿੰਦਗੀ ਦੀਆਂ ਅਣਗਿਣਤ ਠੋਕਰਾਂ ਵੱਲ ਧਿਆਨ ਦੇਣਾ ਬਿਲਕੁਲ ਘਟਾ ਦਿੱਤਾ।

ਹਰ ਕਿਤਾਬ ਮੇਰੇ ਲਈ ਉਸ ਪੌੜੀ ਦਾ ਇੱਕ ਡੰਡਾ ਸੀ ਜੋ ਮੈਨੂੰ ਪਸ਼ੂਪੁਣੇ ਤੋਂ ਮਨੁੱਖਤਾ ਵੱਲ ਲਿਜਾ ਰਹੀ ਸੀ, ਚੰਗੇਰੇ ਜੀਵਨ ਦੀ ਸਮਝ ਅਤੇ ਇਸ ਜੀਵਨ ਲਈ ਪਿਆਸ ਵੱਲ ਲਿਜਾ ਰਹੀ ਸੀ। ਜੋ ਕੁਝ ਵੀ ਮੈਂ ਪੜ੍ਹਿਆ ਸੀ ਉਸਦੇ ਗਿਆਨ ਨਾਲ਼ ਸ਼ਰਾਬ ਦੇ ਜਾਮ ਵਾਂਗ ਨੱਕੋ-ਨੱਕ ਭਰਿਆ ਤੇ ਉੱਛਲਦਾ ਹੋਇਆ ਮੈਂ ਅਫ਼ਸਰਾਂ ਦੇ ਨੌਕਰਾਂ ਅਤੇ ਬੇਲਦਾਰਾਂ ਕੋਲ਼ ਚਲਾ ਜਾਂਦਾ ਅਤੇ ਉਹਨਾਂ ਨੂੰ ਆਪਣੀਆਂ ਕਹਾਣੀਆਂ ਸੁਣਾਉਂਦਾ ਹੋਇਆ ਕਈ ਦ੍ਰਿਸ਼ਾਂ ਦੀ ਨਾਟਕਾਂ ਵਾਂਗ ਪੇਸ਼ਕਾਰੀ ਕਰਦਾ।

ਇਸ ਨਾਲ਼ ਮੇਰੇ ਸਰੋਤਿਆਂ ਦਾ ਭਰਪੂਰ ਮਨੋਰੰਜਨ ਹੁੰਦਾ।

"ਠੱਗ ਐ ਪੂਰਾ!" ਉਹ ਮਸਤੀ ਨਾਲ਼ ਬੋਲਦੇ, "ਪੱਕਾ ਭੰਡ ਐ! ਤੈਨੂੰ ਤਾਂ ਨਾਟ-ਮੰਡਲੀਆਂ ਨਾਲ਼ ਰਲ਼ ਜਾਣਾ ਚਾਹੀਦੈ ਜਾਂ ਫਿਰ ਮੇਲਿਆਂ 'ਤੇ ਮਜਮੇ ਲਾਇਆ ਕਰ!"

ਬੇਸ਼ੱਕ, ਮੈਨੂੰ ਉਹਨਾਂ ਤੋਂ ਅਜਿਹੇ ਫਿਕਰਿਆਂ ਦੀ ਉਮੀਦ ਨਹੀਂ ਸੀ ਹੁੰਦੀ ਪਰ ਫਿਰ ਵੀ ਮੈਂ ਖੁਸ਼ ਹੁੰਦਾ ਸਾਂ।

ਕੁਝ ਵੀ ਹੋਵੇ, ਕਈ ਵਾਰੀ, ਭਾਵੇਂ ਬਹੁਤੀ ਵਾਰੀ ਨਹੀਂ, ਮੈਂ ਇਸ ਕਾਬਿਲ ਹੋ ਜਾਂਦਾ ਕਿ ਵਲਾਦੀਮੀਰ ਕਿਸਾਨ ਮੇਰੀ ਗੱਲ ਸਾਹ ਰੋਕ ਕੇ ਸੁਣਦੇ ਅਤੇ ਕਦੇ-ਕਦੇ ਤਾਂ ਮੈਂ ਉਹਨਾਂ ਨੂੰ ਖੁਸ਼ੀ ਨਾਲ਼ ਹੈਰਾਨ ਕਰ ਦਿੰਦਾ ਅਤੇ ਕਦੇ-ਕਦੇ ਉਹ ਰੋ ਵੀ ਪੈਂਦੇ। ਅਜਿਹੀਆਂ ਗੱਲਾਂ ਮੇਰਾ ਇਹ ਵਿਸ਼ਵਾਸ ਹੋਰ ਵੀ ਪੱਕਾ ਕਰ ਦਿੰਦੀਆਂ ਕਿ ਕਿਤਾਬਾਂ ਵਿੱਚ ਇੱਕ ਜਿਉਂਦੀ-ਜਾਗਦੀ ਪ੍ਰੇਰਕ ਸ਼ਕਤੀ ਹੁੰਦੀ ਹੈ।

ਉਹਨਾਂ ਵਿੱਚੋਂ ਇੱਕ ਵਾਸਿਲੀ ਰਿਬਾਕੋਵ ਨਾਮ ਦਾ ਉਦਾਸ ਅਤੇ ਚੁੱਪ-ਗੜੁੱਪ ਜਿਹਾ ਬੰਦਾ ਸੀ। ਸਰੀਰਕ ਪੱਖੋਂ ਉਹ ਕਾਫੀ ਤਕੜਾ ਸੀ, ਅਤੇ ਲੋਕਾਂ ਨੂੰ ਧੱਕਾ ਮਾਰ ਕੇ ਹਵਾ ਵਿੱਚ ਉਛਾਲ ਦੇਣਾ ਉਸਦਾ ਮਨਭਾਉਂਦਾ ਸ਼ੁਗਲ ਸੀ। ਇੱਕ ਵਾਰੀ ਉਹ ਮੈਨੂੰ ਤਬੇਲੇ ਦੇ ਪਿੱਛੇ ਲੈ ਗਿਆ ਅਤੇ ਕਹਿਣ ਲੱਗਾ: "ਸੁਣ, ਅਲੈਕਸੀ, ਮੈਨੂੰ ਵੀ ਕਿਤਾਬਾਂ ਪੜ੍ਹਨਾ ਸਿਖਾ ਦੇ, ਮੈਂ ਤੈਨੂੰ ਪੰਜਾਹ ਕੋਪੇਕ ਦਿਆਂਗਾ, ਅਤੇ ਜੇ ਤੂੰ ਨਾ ਸਿਖਾਇਆ ਤਾਂ ਤੇਰਾ ਸਿਰ ਟੋਟੇ-ਟੋਟੇ ਕਰ ਦਿਆਂਗਾ, ਮੈਂ ਸਹੁੰ ਖਾ ਕੇ ਕਹਿੰਨਾਂ।" ਅਤੇ ਨਾਲ਼ ਹੀ ਉਸਨੇ ਤੌਬਾ ਕਰ ਲਈ।

ਉਸਦੇ ਇਸ ਉਦਾਸ ਜਿਹੇ ਖਰੂਦ ਤੋਂ ਡਰ ਕੇ ਮੈਂ ਉਸਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ, ਮੇਰਾ ਕਾਲ਼ਜਾ ਮੇਰੇ ਮੂੰਹ ਨੂੰ ਆ ਰਿਹਾ ਸੀ ਪਰ ਸਭ ਕੁਝ ਠੀਕ-ਠਾਕ ਹੋ ਗਿਆ। ਇੱਕ ਅਣਜਾਣ ਕੰਮ ਲਈ ਵੀ ਰਿਬਾਕੋਵ ਮਿਹਨਤੀ ਅਤੇ ਸੂਝ-ਬੂਝ ਪੱਖੋਂ ਤੇਜ਼ ਸਾਬਿਤ ਹੋਇਆ। ਕੋਈ ਪੰਜ ਕੁ ਹਫਤਿਆਂ ਬਾਅਦ ਇੱਕ ਦਿਨ ਜਦੋਂ ਉਹ ਆਪਣੇ ਕੰਮ ਤੋਂ ਘਰ ਪਰਤ ਰਿਹਾ ਸੀ, ਬੜੇ ਭੇਦ ਭਰੇ ਢੰਗ ਨਾਲ਼ ਮੈਨੂੰ ਸੈਨਤ ਕਰਕੇ ਉਸਨੇ ਆਪਣੀ ਜੇਬ੍ਹ ਵਿੱਚੋਂ ਗੁੱਛਾ-ਮੁੱਛਾ ਕੀਤਾ ਇੱਕ ਕਾਗਜ਼ ਕੱਢਿਆ ਅਤੇ ਉਤੇਜਨਾ ਜਿਹੀ ਵਿੱਚ ਗੁਣ-ਗੁਣ ਕਰਨ ਲੱਗ ਪਿਆ:

"ਆਹ ਵੇਖ! ਇਹ ਮੈਂ ਇੱਕ ਕੰਧ ਨਾਲ਼ੋਂ ਪਾੜਿਐ। ਕੀ ਲਿਖਿਆ ਹੈ, ਹੈਂ? ਇੱਕ ਮਿੰਟ ਰੁਕ — 'ਵਿਕਰੀ ਲਈ ਮਕਾਨ' — ਠੀਕ ਹੈ ਨਾ? 'ਵਿਕਰੀ ਲਈ', ਹੈਂ?"

"ਹਾਂ, ਇਹੀ ਤਾਂ ਹੈ।"

ਇੱਕ ਡਰ ਜਿਹੇ ਨਾਲ਼ ਰਿਬਾਕੋਵ ਦੀਆਂ ਅੱਖਾਂ ਘੁੰਮੀਆਂ ਅਤੇ ਉਸਦੇ ਮੱਥੇ 'ਤੇ ਪਸੀਨਾ ਆ ਗਿਆ। ਥੋੜ੍ਹੀ ਦੇਰ ਚੁੱਪ ਰਹਿਣ ਤੋਂ ਬਾਅਦ ਉਸਨੇ ਮੈਨੂੰ ਮੋਢਿਆਂ ਤੋਂ ਫੜ ਲਿਆ, ਇੱਕ ਹਲੂਣਾ ਦਿੱਤਾ ਅਤੇ ਹੌਲ਼ੀ ਜਿਹੀ ਆਵਾਜ਼ ਵਿੱਚ ਬੋਲਿਆ:

"ਦੇਖ, ਇਸ ਤਰ੍ਹਾਂ ਹੋਇਆ ਇਹ। ਜਦੋਂ ਮੈਂ ਉਸ ਕੰਧ ਵੱਲ ਦੇਖਿਆ ਤਾਂ ਮੇਰੇ ਅੰਦਰੋਂ ਕੁਝ ਫੁਸਫੁਸਾਹਟ ਦੀ ਆਵਾਜ਼ ਜਿਹੀ ਆਈ—'ਵਿਕਰੀ ਲਈ ਮਕਾਨ'... ਹੇ ਰੱਬਾ... ਰੱਬਾ...! ਸੁਣ, ਤੇਰਾ ਕੀ ਖਿਆਲ ਹੈ ਮੈਂ ਸੱਚੀਂ ਹੀ ਪੜ੍ਹਨਾ ਸਿੱਖ ਗਿਆ?"

"ਤੂੰ ਕੋਸ਼ਿਸ਼ ਕਰ ਤੇ ਥੋੜ੍ਹਾ ਹੋਰ ਪੜ੍ਹ।"

ਉਹ ਕਾਗਜ਼ ਦੇ ਟੁਕੜੇ 'ਤੇ ਝੁਕਿਆ ਅਤੇ ਬੁੜ-ਬੁੜ ਜਿਹੀ ਕਰਨ ਲੱਗ ਪਿਆ: "ਦੋ—ਠੀਕ ਹੈ?—ਮੰਜ਼ਲ... ਇੱਟ..."

ਉਸਦੇ ਭੱਦੇ ਜਿਹੇ ਚਿਹਰੇ 'ਤੇ ਇੱਕ ਵੱਡੀ ਸਾਰੀ ਮੁਸਕਰਾਹਟ ਫੈਲ ਗਈ। ਸਿਰ ਪਿੱਛੇ ਵੱਲ ਕਰਕੇ ਉਤਾਂਹ ਚੁੱਕਦਿਆਂ ਉਸਨੇ ਸਹੁੰ ਖਾਧੀ ਅਤੇ ਹੱਸਦਾ ਹੋਇਆ ਕਾਗ਼ਜ਼ ਨੂੰ ਤਹਿ ਮਾਰਨ ਲੱਗ ਪਿਆ।

"ਮੈਂ ਇਸ ਦਿਨ ਦੀ ਯਾਦ ਵਜੋਂ ਇਸ (ਕਾਗ਼ਜ਼) ਨੂੰ ਸੰਭਾਲ ਕੇ ਰੱਖਾਂਗਾ, ਮੇਰੀ ਜ਼ਿੰਦਗੀ ਦਾ ਇਹ ਪਹਿਲਾ ਮੌਕਾ ਹੈ ਇਹੋ-ਜਿਹਾ... ਹੇ ਰੱਬਾ... ਵੇਖ ਤਾਂ ਸਹੀ ਤੂੰ! ਬਸ ਇੱਕ ਫੁਸਫੁਸਾਹਟ। ਅਜੀਬ ਗੱਲਾਂ ਵੀ ਹੁੰਦੀਆਂ ਨੇ ਕਾਕੇ! ਚੰਗਾ, ਚੰਗਾ ਫਿਰ!"

ਉਸਦੀ ਇਸ ਜੱਟਕਾ ਖੁਸ਼ੀ 'ਤੇ, ਅਤੇ ਇਸ ਰਹੱਸ ਦਾ ਭੇਦ ਪਾ ਲੈਣ ਕਾਰਨ ਉਸਦੀ ਬੱਚਿਆਂ ਵਰਗੀ ਹੈਰਾਨੀ 'ਤੇ ਮੈਂ ਠਾਹਕੇ ਮਾਰ ਕੇ ਹੱਸਿਆ। ਨਿੱਕੇ-ਕਾਲ਼ੇ ਅੱਖਰਾਂ ਦਾ ਇਹ ਜਾਦੂ ਉਸਦੇ ਸਾਹਮਣੇ ਕਿਸੇ ਹੋਰ ਦੀ ਸੋਚ, ਖਿਆਲ ਅਤੇ ਸਾਰੀ ਰੂਹ ਹੀ ਖੋਲ੍ਹ ਕੇ ਰੱਖ ਦੇਣ ਵਾਲ਼ਾ ਸੀ।

ਮੈਂ ਕਿਤਾਬਾਂ ਪੜ੍ਹਨ ਬਾਰੇ ਬੜਾ ਕੁਝ ਕਹਿ ਸਕਦਾ ਹਾਂ—ਯੁੱਗਾਂ-ਯੁਗਾਂਤਰਾਂ ਦੇ ਲੋਕਾਂ ਅਤੇ ਮਹਾਨ ਮਨਾਂ ਨਾਲ਼ ਘੁਲ਼-ਮਿਲ਼ ਜਾਣ ਦੀ ਜਾਣੀ-ਪਹਿਚਾਣੀ, ਨਿੱਤ-ਦਿਹਾੜੀ ਦੀ ਪਰ ਫਿਰ ਵੀ ਰਹੱਸਮਈ ਪ੍ਰਕਿਰਿਆ— ਅਚਾਨਕ ਹੀ ਕਦੇ ਬੰਦੇ ਅੱਗੇ ਜ਼ਿੰਦਗੀ ਦੇ ਅਰਥ ਅਤੇ ਜ਼ਿੰਦਗੀ ਵਿੱਚ ਉਸਦੀ ਥਾਂ ਖੋਲ੍ਹ ਕੇ ਰੱਖ ਦਿੰਦੀ ਹੈ। ਮੈਂ ਅਜਿਹੀ ਜਾਦੂਮਈ ਖੂਬਸੂਰਤੀ

ਵਿੱਚ ਰੰਗੀਆਂ ਹੋਈਆਂ ਅਨੇਕਾਂ ਹੀ ਸ਼ਾਨਦਾਰ ਉਦਾਹਰਣਾਂ ਜਾਣਦਾ ਹਾਂ।

ਇੱਕ ਇਹੋ ਜਿਹੀ ਉਦਾਹਰਣ ਜਿਸਦਾ ਮੈਂ ਜ਼ਿਕਰ ਕਰਨਾ ਚਾਹਾਂਗਾ, ਉਸ ਸਮੇਂ ਦੀ ਹੈ ਜਦੋਂ ਮੈਂ ਅਰਜ਼ਾਮਸ ਵਿਖੇ ਪੁਲਿਸ ਦੀ ਨਿਗਰਾਨੀ ਹੇਠ ਰਹਿ ਰਿਹਾ ਸਾਂ। ਮੇਰੇ ਨਾਲ਼ ਦਾ ਗੁਆਂਢੀ, ਸਥਾਨਕ ਖੇਤੀਬਾੜੀ ਬੋਰਡ ਦਾ ਮੁਖੀ* ਜਿਹੜਾ ਮੈਨੂੰ ਇੰਨੀ ਨਫਰਤ ਕਰਦਾ ਸੀ ਕਿ ਉਸਨੇ ਆਪਣੀ ਨੌਕਰਾਣੀ ਨੂੰ ਸ਼ਾਮ ਵੇਲ਼ੇ ਕੰਮ ਤੋਂ ਬਾਅਦ ਮੇਰੇ ਰਸੋਈਏ ਨਾਲ਼ ਗੱਲ ਕਰਨ ਤੋਂ ਵੀ ਵਰਜ ਦਿੱਤਾ ਸੀ, ਅਤੇ ਮੇਰੀ ਖਿੜਕੀ ਹੇਠ ਇੱਕ ਸਿਪਾਹੀ ਖੜਾ ਦਿੱਤਾ ਸੀ। ਸਿਪਾਹੀ ਨੂੰ ਜਦੋਂ ਵੀ ਠੀਕ ਲੱਗਦਾ ਉਹ ਖਿੜਕੀ 'ਚੋਂ ਮੇਰੇ ਕਮਰੇ ਵਿੱਚ ਅਸੱਭਿਆ ਜਿਹੇ ਢੰਗ ਨਾਲ਼ ਝਾਤੀਆਂ ਮਾਰਦਾ। ਇਸਦਾ ਇਹ ਅਸਰ ਹੋਇਆ ਕਿ ਸ਼ਹਿਰ ਵਾਸੀ ਕਾਫ਼ੀ ਡਰ ਗਏ ਅਤੇ ਲੰਮੇ ਅਰਸੇ ਤੱਕ ਉਹਨਾਂ ਵਿੱਚੋਂ ਕਿਸੇ ਦੀ ਵੀ ਮੇਰੇ ਕੋਲ਼ ਆਉਣ ਦੀ ਹਿੰਮਤ ਨਾ ਪਈ।

ਇੱਕ ਦਿਨ, ਗਿਰਜੇ ਦੀ ਛੁੱਟੀ ਵਾਲ਼ੇ ਦਿਨ ਇੱਕ ਕਾਣਾ ਆਦਮੀ ਮੈਨੂੰ ਮਿਲਣ ਲਈ ਆਇਆ। ਉਸਨੇ ਇੱਕ ਪੋਟਲੀ ਜਿਹੀ ਕੱਛ 'ਚ ਮਾਰੀ ਹੋਈ ਸੀ ਤੇ ਉਸਨੇ ਦੱਸਿਆ ਕਿ ਉਹ ਬੂਟਾਂ ਦਾ ਇੱਕ ਜੋੜਾ ਵੇਚਣ ਆਇਆ ਹੈ। ਮੈਂ ਉਸਨੂੰ ਕਿਹਾ ਕਿ ਮੈਨੂੰ ਬੂਟ ਨਹੀਂ ਚਾਹੀਦੇ ਤਾਂ ਉਸਨੇ ਸ਼ੱਕੀ ਜਿਹੀ ਨਜ਼ਰ ਨਾਲ਼ ਅਗਲੇ ਕਮਰੇ ਵਿੱਚ ਝਾਤੀ ਮਾਰਨ ਤੋਂ ਬਾਅਦ ਹੌਲ਼ੀ ਜਿਹੇ ਕਿਹਾ: "ਬੂਟ ਤਾਂ ਤੁਹਾਨੂੰ ਮਿਲਣ ਦਾ ਇੱਕ ਬਹਾਨਾ ਹੈ, ਦਰਅਸਲ ਮੈਂ ਤੁਹਾਡੇ ਤੋਂ ਇਹ ਪੁੱਛਣ ਲਈ ਆਇਆ ਹਾਂ ਕਿ ਕੀ ਤੁਸੀਂ ਮੈਨੂੰ ਕੋਈ ਵਧੀਆ ਜਿਹੀ ਕਿਤਾਬ ਪੜ੍ਹਨ ਲਈ ਦੇ ਸਕਦੇ ਹੋ ?"

ਉਸਦੀ ਇਕਲੌਤੀ ਅੱਖ ਦਾ ਹਾਵ-ਭਾਵ ਐਨਾ ਸੁਹਿਰਦ ਅਤੇ ਪ੍ਰਭਾਵਸ਼ਾਲੀ ਸੀ ਕਿ ਇਸਨੇ ਮੇਰਾ ਸ਼ੱਕ ਦੂਰ ਕਰ ਦਿੱਤਾ। ਅਤੇ ਉਸਦੇ ਮੇਰੇ ਉਸ ਸਵਾਲ ਦੇ ਜਵਾਬ ਨੇ ਕਿ ਉਸਨੂੰ ਕਿਹੋ ਜਿਹੀ ਕਿਤਾਬ ਚਾਹੀਦੀ ਹੈ, ਸਾਰਾ ਮਾਮਲਾ ਸਾਫ਼ ਕਰ ਦਿੱਤਾ। ਆਸੇ-ਪਾਸੇ ਦੇਖ ਕੇ ਜਿਵੇਂ ਉਸਨੇ ਗੱਲ ਕੀਤੀ, ਉਸਦੀ ਆਵਾਜ਼ ਭਾਵੇਂ ਮੱਧਮ ਸੀ ਪਰ ਸੀ ਪ੍ਰਪੱਕ।

"ਮੈਂ ਜੀਵਨ ਦੇ ਨਿਯਮਾਂ ਬਾਰੇ ਕੁਝ ਪੜ੍ਹਨਾ ਚਾਹਾਂਗਾ, ਲੇਖਕ ਸਾਹਿਬ। ਜਾਂ ਇਉਂ ਕਹਿ ਲਓ ਕਿ ਦੁਨੀਆਂ ਦੇ ਨਿਯਮਾਂ ਬਾਰੇ। ਮੇਰੇ ਕੁਝ ਪੱਲੇ ਨਹੀਂ ਪੈ ਰਿਹਾ। ਮੇਰਾ ਭਾਵ ਇਹ ਜਾਨਣ ਦਾ ਹੈ ਕਿ ਕਿਸੇ ਨੂੰ ਜ਼ਿੰਦਗੀ ਕਿਵੇਂ ਜਿਉਣੀ ਚਾਹੀਦੀ ਹੈ, ਜਾਂ ਕੁਝ ਹੋਰ ਇਹੋ-ਜਿਹਾ ਹੀ। ਮੇਰੇ ਗੁਆਂਢ ਵਿੱਚ ਕਜ਼ਾਨ ਤੋਂ ਆਇਆ ਇੱਕ ਗਣਿਤ ਦਾ ਪ੍ਰੋਫ਼ੈਸਰ ਰਹਿੰਦਾ ਹੈ। ਉਹ ਮੈਨੂੰ ਗਣਿਤ ਪੜ੍ਹਾਉਂਦਾ ਹੈ। ਵੇਖੋ ਨਾ, ਉਹ ਮੈਨੂੰ ਇਸ ਲਈ ਪੜ੍ਹਾਉਂਦਾ ਹੈ ਕਿਉਂਕਿ ਮੈਂ ਉਸਦੇ ਬੂਟਾਂ ਦੀ ਮੁਰੰਮਤ ਕਰਦਾ ਹਾਂ ਅਤੇ ਉਸਦੇ ਬਗੀਚੇ ਦੀ ਦੇਖਭਾਲ਼ ਕਰਦਾ ਹਾਂ—ਮੈਂ ਮਾਲੀ ਦਾ ਕੰਮ ਵੀ ਕਰਦਾ ਹਾਂ। ਖੈਰ, ਗਣਿਤ ਮੇਰੀ ਦਿਲਚਸਪੀ ਵਾਲ਼ੇ ਸਵਾਲਾਂ ਵਿੱਚ ਮੇਰੀ ਮੱਦਦ ਨਹੀਂ ਕਰ ਸਕਦਾ ਤੇ ਉਹ ਬੋਲਦਾ ਵੀ ਬਹੁਤ ਘੱਟ ਹੈ..."

ਮੈਂ ਉਸਨੂੰ ਡਰੇਫਸ ਦੀ ਇੱਕ ਨਿਕੰਮੀ ਜਿਹੀ ਕਿਤਾਬ "ਸੰਸਾਰ ਅਤੇ ਸਮਾਜਿਕ ਵਿਕਾਸ"

---

* ਰੂਸੀ ਭਾਸ਼ਾ ਵਿੱਚ 'ਜ਼ੇਮਸਕੀ ਨਚਾਲਨਿਕ' — ਇਲਕਲਾਬ ਤੋਂ ਪਹਿਲਾਂ ਇਹ ਅਦਾਲਤੀ ਤੇ ਪ੍ਰਸ਼ਾਸ਼ਨਿਕ ਮਾਮਲਿਆਂ ਵਿੱਚ ਸਥਾਨਕ ਕਿਸਾਨੀ ਦਾ ਮੁਖੀ ਹੁੰਦਾ ਸੀ। —ਅਨੁ.

ਦੇ ਦਿੱਤੀ। ਉਦੋਂ ਇਸ ਵਿਸ਼ੇ 'ਤੇ ਮੇਰੇ ਕੋਲ਼ ਇਹੀ ਇੱਕ ਕਿਤਾਬ ਸੀ।

"ਬਹੁਤ ਸ਼ੁਕਰੀਆ," ਕਾਣੇ ਆਦਮੀ ਨੇ ਧਿਆਨ ਨਾਲ਼ ਕਿਤਾਬ ਬੂਟਾਂ ਵਿੱਚ ਲੁਕਾਉਂਦਿਆਂ ਕਿਹਾ।

"ਕੀ ਮੈਂ ਕਿਤਾਬ ਪੜ੍ਹਨ ਤੋਂ ਬਾਅਦ ਤੁਹਾਡੇ ਨਾਲ਼ ਗੱਲਬਾਤ ਕਰਨ ਲਈ ਆ ਸਕਦਾ ਹਾਂ ?... ਮੈਂ ਤੁਹਾਡੇ ਬਾਗ ਵਿੱਚ ਰਸਭਰੀ ਦੇ ਬੂਟਿਆਂ ਦੀ ਛੰਗਾਈ ਕਰਨ ਲਈ ਆਵਾਂਗਾ, ਵੇਖੋ ਨਾ, ਪੁਲਿਸ ਤੁਹਾਡੇ 'ਤੇ ਨਜ਼ਰ ਰੱਖ ਰਹੀ ਹੈ, ਵੈਸੇ ਵੀ ਇਹ ਮੇਰੇ ਲਈ ਮੁਸ਼ਕਿਲ ਹੈ..."

ਪੰਜ ਦਿਨਾਂ ਬਾਅਦ ਜਦੋਂ ਉਹ ਦੁਬਾਰਾ, ਚਿੱਟਾ ਚੋਲ਼ਾ ਪਹਿਨ ਕੇ ਤੇ ਲਿੰਡਨ ਦੀ ਛਿੱਲ* ਅਤੇ ਕੈਂਚੀਆਂ ਨਾਲ਼ ਲੈੱਸ ਹੋ ਕੇ ਆਇਆ ਤਾਂ ਮੈਂ ਉਸਦੀ ਜ਼ਿੰਦਾਦਿਲੀ ਵਾਲ਼ਾ ਰੌਂਅ ਵੇਖ ਕੇ ਹੈਰਾਨ ਰਹਿ ਗਿਆ। ਉਸਦੀ ਅੱਖ ਵਿੱਚ ਖੁਸ਼ਦਿਲੀ ਦੀ ਚਮਕ ਸੀ ਅਤੇ ਉਸਦੀ ਆਵਾਜ਼ ਉੱਚੀ ਤੇ ਦ੍ਰਿੜ ਸੀ। ਸਭ ਤੋਂ ਪਹਿਲਾਂ ਉਸਨੇ ਮੇਰੀ ਦਿੱਤੀ ਕਿਤਾਬ ਉੱਤੇ ਜੋਸ਼ ਨਾਲ਼ ਆਪਣੇ ਹੱਥ ਦਾ ਖੁੱਲਾ ਪਾਸਾ ਮਾਰਿਆ ਅਤੇ ਫਟਾ-ਫਟ ਬੋਲਿਆ:

"ਕੀ ਮੈਂ ਇਸ ਕਿਤਾਬ ਤੋਂ ਇਹ ਸਿੱਟਾ ਕੱਢਾਂ ਕਿ ਰੱਬ ਨਾ ਦੀ ਕੋਈ ਚੀਜ਼ ਨਹੀਂ ਹੈ ?"

ਮੈਂ ਕਾਹਲੀ ਵਿੱਚ ਕੱਢੇ "ਸਿੱਟਿਆਂ" 'ਤੇ ਵਿਸ਼ਵਾਸ ਨਹੀਂ ਕਰਦਾ, ਇਸ ਲਈ ਮੈਂ ਬੜੇ ਧਿਆਨ ਨਾਲ਼ ਉਸਤੋਂ ਪੁੱਛਣਾ ਸ਼ੁਰੂ ਕੀਤਾ ਕਿ ਅਜਿਹੀ ਕਿਹੜੀ ਗੱਲ ਹੈ, ਜਿਸਤੋਂ ਉਸਨੇ ਇਹ "ਸਿੱਟਾ" ਕੱਢਿਆ।

"ਮੇਰੇ ਲਈ ਇਹੀ ਸਭ ਤੋਂ ਵੱਡੀ ਚੀਜ਼ ਹੈ।" ਉਸਨੇ ਜੋਸ਼ ਨਾਲ਼ ਪਰ ਹੌਲ਼ੀ ਆਵਾਜ਼ ਵਿੱਚ ਕਿਹਾ। "ਮੈਂ ਉਸੇ ਤਰ੍ਹਾਂ ਦਲੀਲ ਦਿੰਦਾ ਹਾਂ ਜਿਵੇਂ ਮੇਰੇ ਵਰਗੇ ਲੋਕ ਦਿੰਦੇ ਹਨ, ਜੇ ਸਰਬ-ਸ਼ਕਤੀਮਾਨ ਸਚਮੁੱਚ ਹੈ ਤਾਂ ਅਤੇ ਜੇ ਸਭ ਕੁਝ ਉਸਦੀ ਹੀ ਇੱਛਾ ਮੁਤਾਬਿਕ ਚੱਲਦਾ ਹੈ ਤਾਂ ਮੈਨੂੰ ਜ਼ਰੂਰ ਹੀ ਨੀਵਾਂ-ਨਿਮਾਣਾ ਹੋ ਕੇ ਉਸਦੀ ਆਗਿਆ ਦਾ ਪਾਲਣ ਕਰਨਾ ਚਾਹੀਦਾ ਹੈ। ਮੈਂ ਕਾਫ਼ੀ ਸਾਰਾ ਧਾਰਮਿਕ ਸਾਹਿਤ ਪੜ੍ਹਿਆ ਹੈ—ਬਾਈਬਲ ਵੀ ਅਤੇ ਧਾਰਮਿਕ ਵਿੱਦਿਆ ਦੀਆਂ ਹੋਰ ਵੀ ਕਈ ਰਚਨਾਵਾਂ, ਪਰ ਜੋ ਮੈਂ ਜਾਨਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਕੀ ਮੈਂ ਖੁਦ ਲਈ ਅਤੇ ਆਪਣੀ ਜ਼ਿੰਦਗੀ ਲਈ ਜ਼ਿੰਮੇਵਾਰ ਹਾਂ ਜਾਂ ਨਹੀਂ ? ਧਰਮ ਗ੍ਰੰਥ ਕਹਿੰਦੇ ਹਨ 'ਨਹੀਂ', ਤੁਹਾਨੂੰ ਰੱਬ ਦੀ ਇੱਛਾ ਮੁਤਾਬਿਕ ਜਿਉਣਾ ਚਾਹੀਦਾ ਹੈ, ਕਿਉਂਕਿ ਵਿਗਿਆਨ ਤੁਹਾਨੂੰ ਕਿਸੇ ਤਣ-ਪੱਤਣ ਨਹੀਂ ਲਾਵੇਗਾ। ਇਸਦਾ ਅਰਥ ਤਾਰਾ-ਵਿਗਿਆਨ ਬਕਵਾਸ ਹੈ, ਇੱਕ ਢੌਂਗ ਹੈ, ਅਤੇ ਇਸੇ ਤਰ੍ਹਾਂ ਗਣਿਤ ਅਤੇ ਬਾਕੀ ਸਭ ਕੁਝ ਵੀ। ਬੇਸ਼ੱਕ, ਤੁਸੀਂ ਖੁਦ ਵੀ ਅੰਨੀ-ਆਗਿਆਕਾਰੀ ਦੇ ਹੱਕ ਵਿੱਚ ਨਹੀਂ ਹੋ, ਹੈ ਨਾ ?"

"ਨਹੀਂ, ਨਹੀਂ ਹਾਂ," ਮੈਂ ਕਿਹਾ।

"ਤਾਂ ਮੈਂ ਇਸਨੂੰ ਕਿਉਂ ਮੰਨਾਂ ? ਤੁਹਾਨੂੰ ਇੱਥੇ ਪੁਲਿਸ ਦੀ ਨਿਗਰਾਨੀ ਹੇਠ ਇਸ ਲਈ ਰੱਖਿਆ ਗਿਆ ਹੈ ਕਿਉਂਕਿ ਤੁਹਾਡਾ ਉਹਨਾਂ ਨਾਲ਼ ਮੱਤਭੇਦ ਹੈ। ਇਸਦਾ ਮਤਲਬ ਹੈ ਕਿ ਤੁਸੀਂ ਇਸਾਈ ਮੱਤ ਦੇ ਖਿਲਾਫ ਉੱਠ ਖੜੇ ਹੋਏ ਹੋ, ਕਿਉਂਕਿ, ਜਿਵੇਂ ਮੈਂ ਸਮਝ ਰਿਹਾ ਹਾਂ, ਸਾਰੇ

---

* ਮੂੜੇ, ਟੋਕਰੀਆਂ ਆਦਿ ਬਣਾਉਣ ਲਈ ਅਤੇ ਬੂਟਿਆਂ ਨੂੰ ਬੰਨਣ ਲਈ ਵਰਤੀ ਜਾਂਦੀ ਹੈ — ਅਨੁ.

ਮੱਤਭੇਦ ਜਰੂਰ ਹੀ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਹੋਣੇ ਚਾਹੀਦੇ ਹਨ। ਝੁਕ ਕੇ ਰਹਿਣ ਅਤੇ ਭਾਣਾ ਮੰਨਣ ਦੇ ਸਾਰੇ ਨਿਯਮ ਧਰਮ-ਪੋਥੀਆਂ ਤੋਂ ਹੀ ਆਉਂਦੇ ਹਨ, ਜਦਕਿ ਆਜ਼ਾਦੀ ਦੇ ਸਾਰੇ ਨਿਯਮ ਵਿਗਿਆਨ ਤੋਂ ਆਉਂਦੇ ਹਨ, ਮਤਲਬ ਮਨੁੱਖੀ ਮਨ ਤੋਂ। ਥੋੜਾ ਅੱਗੇ ਵਧੀਏ: ਜੇ ਰੱਬ ਹੈ ਤਾਂ ਮੇਰਾ ਕਿਸੇ ਮਾਮਲੇ ਵਿੱਚ ਕੋਈ ਦਖ਼ਲ ਨਹੀਂ ਹੈ ਅਤੇ ਜੇ ਰੱਬ ਨਹੀਂ ਹੈ ਤਾਂ ਸਭ ਕਾਸੇ ਲਈ ਮੈਂ ਨਿੱਜੀ ਤੌਰ 'ਤੇ ਜ਼ਿੰਮੇਵਾਰ ਹਾਂ — ਆਪਣੇ ਲਈ ਵੀ ਤੇ ਹੋਰਨਾਂ ਲੋਕਾਂ ਲਈ ਵੀ। ਮੈਂ ਜ਼ਿੰਮੇਵਾਰ ਬਣਨਾ ਚਾਹੁੰਦਾ ਹਾਂ, ਚਰਚ ਦੇ ਪਾਦਰੀਆਂ ਦੁਆਰਾ ਪਾਏ ਪੂਰਨਿਆਂ 'ਤੇ ਚੱਲ ਕੇ — ਪਰ ਬਿਲਕੁਲ ਇੱਕ ਵੱਖਰੇ ਢੰਗ ਨਾਲ਼ — ਜ਼ਿੰਦਗੀ ਦੀਆਂ ਬੁਰਾਈਆਂ ਅੱਗੇ ਝੁਕ ਕੇ ਨਹੀਂ ਬਲਕਿ ਇਹਨਾਂ ਨਾਲ਼ ਟਾਕਰਾ ਕਰਕੇ।"

ਉਸਦੀ ਹਥੇਲੀ ਫਿਰ ਕਿਤਾਬ ਉੱਤੇ ਟਿਕ ਗਈ ਅਤੇ ਉਹ ਕੁਝ ਅਜਿਹੇ ਵਿਸ਼ਵਾਸ ਨਾਲ਼ ਬੋਲਦਾ ਗਿਆ ਜਿਸ ਵਿੱਚੋਂ ਦ੍ਰਿੜਤਾ ਝਲਕਦੀ ਸੀ।

"ਹਰ ਤਰ੍ਹਾਂ ਦਾ ਝੁਕਣਾ ਬੁਰਾ ਹੈ ਕਿਉਂਕਿ ਇਸ ਨਾਲ਼ ਬੁਰਾਈ ਹੋਰ ਮਜ਼ਬੂਤ ਹੁੰਦੀ ਹੈ। ਮਾਫ਼ ਕਰਨਾ, ਪਰ ਇਹ ਉਹ ਕਿਤਾਬ ਹੈ ਜਿਸ ਵਿੱਚ ਮੈਂ ਵਿਸ਼ਵਾਸ ਕਰਦਾ ਹਾਂ। ਮੇਰੇ ਲਈ ਇਹ ਇੱਕ ਸੰਘਣੇ ਜੰਗਲ਼ 'ਚੋਂ ਬਾਹਰ ਨਿਕਲਣ ਦਾ ਰਾਸਤਾ ਹੈ। ਮੈਂ ਆਪਣਾ ਮਨ ਬਣਾ ਲਿਆ ਹੈ—ਮੈਂ ਖੁਦ ਸਭ ਕਾਸੇ ਲਈ ਜ਼ਿੰਮੇਵਾਰ ਹਾਂ।"

ਸਾਡੀ ਦੋਸਤਾਨਾ ਗੱਲਬਾਤ ਦੇਰ ਰਾਤ ਤੱਕ ਜਾਰੀ ਰਹੀ, ਮੈਂ ਮਹਿਸੂਸ ਕੀਤਾ ਕਿ ਇੱਕ ਦਰਮਿਆਨੇ ਦਰਜੇ ਦੀ ਨਿੱਕੀ ਜਿਹੀ ਕਿਤਾਬ ਨੇ ਪਲੜੇ ਪਲ਼ਟ ਦਿੱਤੇ ਹਨ, ਇਸਨੇ ਉਸਦੀਆਂ ਬਾਗੀ ਖੋਜਾਂ ਨੂੰ ਉਤਸ਼ਾਹ-ਭਰਪੂਰ ਵਿਸ਼ਵਾਸ ਵਿੱਚ ਬਦਲ ਦਿੱਤਾ ਹੈ, ਖ਼ੂਬਸੂਰਤੀ ਦੀ ਖੁਸ਼ੀ ਭਰੀ ਪੂਜਾ ਅਤੇ ਜਗਤ-ਸੋਚ ਦੀ ਸ਼ਕਤੀ ਵਿੱਚ ਬਦਲ ਦਿੱਤਾ ਹੈ।

ਇਸ ਚੰਗੇ, ਸੂਝਵਾਨ ਆਦਮੀ ਨੇ ਸਚਮੁੱਚ ਹੀ ਜ਼ਿੰਦਗੀ ਦੀਆਂ ਬੁਰਾਈਆਂ ਖਿਲਾਫ ਸੰਘਰਸ਼ ਵਿੱਢ ਦਿੱਤਾ ਅਤੇ 1907 ਵਿੱਚ ਲੜਦਾ ਹੋਇਆ ਬਹਾਦਰੀ ਦੀ ਮੌਤ ਮਰਿਆ।

ਜਿਵੇਂ ਕਿ ਉਹਨਾਂ ਨੇ ਉਦਾਸ-ਗਮਗੀਨ ਰਿਬਾਕੋਵ ਨਾਲ ਕੀਤਾ ਸੀ, ਕਿਤਾਬਾਂ ਨੇ ਮੇਰੇ ਕੰਨ ਵਿੱਚ ਇੱਕ ਦੂਸਰੀ ਦੁਨੀਆਂ ਦੀ ਫੂਕ ਮਾਰ ਦਿੱਤੀ। ਦੁਨੀਆਂ ਜਿਹੜੀ ਉਸ ਦੁਨੀਆਂ ਨਾਲ਼ੋਂ ਮਨੁੱਖ ਦੇ ਵਧੇਰੇ ਯੋਗ ਸੀ ਜਿਸ ਵਿੱਚ ਮੈਂ ਰਹਿੰਦਾ ਸਾਂ। ਤੇ ਜਿਵੇਂ ਉਨ੍ਹਾਂ ਇੱਕ ਅੱਖ ਵਾਲ਼ੇ ਮੋਚੀ ਨੂੰ ਦਿਖਾਇਆ, ਕਿਤਾਬਾਂ ਨੇ ਜ਼ਿੰਦਗੀ ਵਿੱਚ ਮੈਨੂੰ ਵੀ ਮੇਰੀ ਜਗ੍ਹਾ ਦਿਖਾ ਦਿੱਤੀ। ਮੇਰੇ ਦਿਲੋ-ਦਿਮਾਗ ਨੂੰ ਟੁੰਬ ਕੇ ਕਿਤਾਬਾਂ ਨੇ ਮੈਨੂੰ ਉਸ ਗੰਦੀ ਦਲਦਲ ਵਿੱਚੋਂ ਬਾਹਰ ਕੱਢ ਲਿਆ ਜਿਸ ਨੇ ਮੈਨੂੰ ਆਪਣੇ ਉਜੱਡਪੁਣੇ ਅਤੇ ਸਿਥਲਤਾ ਵਿੱਚ ਨਿਘਾਰ ਲੈਣਾ ਸੀ। ਮੇਰੇ ਸੰਸਾਰ ਦੀਆਂ ਹੱਦਾਂ ਨੂੰ ਫੈਲਾਉਂਦਿਆਂ ਕਿਤਾਬਾਂ ਨੇ ਮੈਨੂੰ ਇਨਸਾਨ ਦੀ ਇੱਕ ਚੰਗੇਰੀ ਜ਼ਿੰਦਗੀ ਲਈ ਘਾਲਣਾ ਦੀ ਸ਼ੋਭਾ ਅਤੇ ਖ਼ੂਬਸੂਰਤੀ ਬਾਰੇ ਦੱਸਿਆ। ਇਹ ਵੀ ਦੱਸਿਆ ਕਿ ਉਸ ਨੇ ਸੰਸਾਰ ਵਿੱਚ ਕੀ ਕੁਝ ਹਾਸਿਲ ਕਰ ਲਿਆ ਸੀ ਅਤੇ ਇਸ ਸਭ ਕਾਸੇ ਲਈ ਉਸ ਨੂੰ ਕਿੰਨੀਆਂ ਭਿਆਨਕ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਸੀ।

ਮੇਰੀ ਆਤਮਾ ਦੇ ਧੁਰ ਅੰਦਰ ਇਨਸਾਨ ਲਈ ਸਤਿਕਾਰ ਪੈਦਾ ਹੋ ਗਿਆ। ਹਰ ਇਨਸਾਨ ਲਈ, ਚਾਹੇ ਉਹ ਕੋਈ ਵੀ ਹੋਵੇ; ਉਸ ਦੀ ਕਿਰਤ ਪ੍ਰਤੀ ਸਨਮਾਨ ਅਤੇ ਉਸ ਦੀ ਬੇਚੈਨ ਰੂਹ

ਲਈ ਪਿਆਰ ਦੀਆਂ ਕਰੂੰਬਲਾਂ ਮੇਰੇ ਅੰਦਰ ਫੁੱਟ ਪਈਆਂ। ਜ਼ਿੰਦਗੀ ਵਧੇਰੇ ਅਸਾਨ ਅਤੇ ਹੋਰ ਖੁਸ਼ੀ ਭਰੀ ਬਣਦੀ ਜਾ ਰਹੀ ਸੀ, ਨਵੇਂ ਅਤੇ ਗੂੜੇ ਅਰਥਾਂ ਨਾਲ਼ ਭਰੀ ਹੋਈ। ਜਿਵੇਂ ਕਿ ਇੱਕ ਅੱਖ ਵਾਲੇ ਮੋਚੀ ਨਾਲ਼ ਹੋਇਆ, ਕਿਤਾਬਾਂ ਨੇ ਮੇਰੇ ਅੰਦਰ ਜ਼ਿੰਦਗੀ ਦੀਆਂ ਸਾਰੀਆਂ ਬੁਰਾਈਆਂ ਲਈ ਨਿੱਜੀ ਜ਼ਿੰਮੇਵਾਰੀ ਦਾ ਅਹਿਸਾਸ ਬਿਠਾ ਦਿੱਤਾ ਅਤੇ ਮਨੁੱਖੀ ਮਨ ਦੀ ਰਚਨਾਤਮਕਤਾ ਲਈ ਸ਼ਰਧਾ-ਭਾਵ ਜਗਾ ਦਿੱਤਾ।

ਆਪਣੀ ਧਾਰਨਾ ਦੀ ਸੱਚਾਈ ਵਿੱਚ ਪੂਰਨ ਭਰੋਸੇ ਨਾਲ਼ ਮੈਂ ਸਾਰਿਆਂ ਨੂੰ ਕਹਿੰਦਾ ਹਾਂ: ਕਿਤਾਬਾਂ ਨੂੰ ਪਿਆਰ ਕਰੋ; ਇਹ ਤੁਹਾਡੀ ਜ਼ਿੰਦਗੀ ਅਸਾਨ ਬਣਾ ਦੇਣਗੀਆਂ। ਵਿਚਾਰਾਂ, ਭਾਵਨਾਵਾਂ ਅਤੇ ਘਟਨਾਵਾਂ ਦੀ ਵੰਨ-ਸੁਵੰਨਤਾ ਅਤੇ ਰੌਲ਼ੇ-ਘਚੌਲ਼ੇ ਵਿੱਚੋਂ ਆਪਣਾ ਰਾਹ ਲੱਭਣ ਵਿੱਚ ਤੁਹਾਡੀ ਦੋਸਤਾਨਾ ਢੰਗ ਨਾਲ਼ ਸੇਵਾ ਕਰਨਗੀਆਂ। ਆਪਣਾ ਅਤੇ ਦੂਜਿਆਂ ਦਾ ਸਤਿਕਾਰ ਕਰਨਾ ਸਿਖਾਉਣਗੀਆਂ, ਅਤੇ ਦਿਲੋ-ਦਿਮਾਗ ਨੂੰ ਸੰਸਾਰ ਅਤੇ ਮਨੁੱਖ ਲਈ ਪਿਆਰ ਨਾਲ਼ ਭਰ ਦੇਣਗੀਆਂ। ਕੋਈ ਵੀ ਕਿਤਾਬ ਜਿਹੜੀ ਇਮਾਨਦਾਰੀ ਨਾਲ਼, ਲੋਕਾਂ ਲਈ ਪਿਆਰ ਵਜੋਂ ਅਤੇ ਚੰਗੀ ਭਾਵਨਾ ਨਾਲ਼ ਲਿਖੀ ਗਈ ਹੋਵੇ, ਸ਼ਲਾਘਾਯੋਗ ਹੁੰਦੀ ਹੈ।

ਹਰ ਤਰ੍ਹਾਂ ਦਾ ਗਿਆਨ ਲਾਭਦਾਇਕ ਹੁੰਦਾ ਹੈ, ਜਿਵੇਂ ਕਿ ਮਨ ਦੀਆਂ ਭੁੱਲਾਂ ਅਤੇ ਗਲਤ ਭਾਵਨਾਵਾਂ ਦਾ ਗਿਆਨ ਵੀ ਮਾੜਾ ਨਹੀਂ ਹੁੰਦਾ।

ਕਿਤਾਬਾਂ ਨੂੰ ਪਿਆਰ ਕਰੋ, ਜਿਹੜੀਆਂ ਗਿਆਨ ਦੇ ਸੋਮੇ ਹਨ, ਕੇਵਲ ਗਿਆਨ ਹੀ ਫਾਇਦੇਮੰਦ ਹੈ, ਅਤੇ ਸਿਰਫ਼ ਗਿਆਨ ਹੀ ਤੁਹਾਨੂੰ ਆਤਮਿਕ ਤੌਰ 'ਤੇ ਬਲਵਾਨ, ਇਮਾਨਦਾਰ ਅਤੇ ਸਮਝਦਾਰ ਇਨਸਾਨ ਬਣਾ ਸਕਦਾ ਹੈ — ਉਹ ਇਨਸਾਨ ਜਿਹੜਾ ਮਨੁੱਖ ਦੇ ਸੱਚੇ-ਸੁੱਚੇ ਪਿਆਰ ਦਾ ਪਾਲਣ ਕਰੇ, ਉਸਦੀ ਕਿਰਤ ਦਾ ਸਤਿਕਾਰ ਕਰੇ ਅਤੇ ਉਸਦੀਆਂ ਨਿਰੰਤਰ ਅਤੇ ਉੱਚੀਆਂ ਕੋਸ਼ਿਸ਼ਾਂ ਦੇ ਸ਼ਾਨਦਾਰ ਫ਼ਲ਼ਾਂ ਦੀ ਪ੍ਰਸੰਸਾ ਕਰਨ ਦੇ ਯੋਗ ਹੋਵੇ।

ਸਭ ਕੁਝ ਜੋ ਇਨਸਾਨ ਨੇ ਕੀਤਾ ਹੈ, ਹਰ ਇੱਕ ਚੀਜ਼ ਜੋ ਵੀ ਮੌਜੂਦ ਹੈ ਉਸ ਵਿੱਚ ਮਨੁੱਖੀ ਆਤਮਾ ਦੇ ਕਿਣਕੇ ਰਮੇ ਹੋਏ ਹਨ। ਇਹ ਨੇਕ ਅਤੇ ਸ਼ੁੱਧ ਆਤਮਾ ਵਿਗਿਆਨ ਅਤੇ ਕਲਾ ਵਿੱਚ ਹੋਰਨਾਂ ਸਭ ਚੀਜ਼ਾਂ ਨਾਲ਼ੋਂ ਜ਼ਿਆਦਾ ਮਾਤਰਾ ਵਿੱਚ ਹੁੰਦੀ ਹੈ ਅਤੇ ਕਿਤਾਬਾਂ ਰਾਹੀਂ ਇਹ ਸਭ ਤੋਂ ਵੱਧ ਧਾਰਾ-ਪ੍ਰਵਾਹ ਅਤੇ ਸਾਫ਼-ਸਪਸ਼ਟ ਭਾਸ਼ਾ ਵਿੱਚ ਬੋਲਦੀ ਹੈ।

1918

ਕਿਤਾਬਾਂ ਬਾਰੇ*

ਤੁਸੀਂ ਮੈਨੂੰ ਇਸ ਕਿਤਾਬ ਦੀ ਭੂਮਿਕਾ ਲਿਖਣ ਲਈ ਕਿਹਾ ਹੈ। ਮੈਂ ਕੋਈ ਬਹੁਤਾ ਵਧੀਆ ਭੂਮਿਕਾ-ਲੇਖਕ ਤਾਂ ਨਹੀਂ ਹਾਂ, ਪਰ ਮੇਰਾ ਐਨੇ ਵੱਡੇ ਮਾਣ ਨੂੰ ਨਾ-ਮਨਜ਼ੂਰ ਕਰਨ ਦਾ ਵੀ ਦਿਲ ਨਹੀਂ ਕਰ ਰਿਹਾ। ਇਸ ਲਈ ਮੈਂ ਇਸ ਮੌਕੇ ਨੂੰ ਕਿਤਾਬਾਂ ਬਾਰੇ ਆਪਣੇ ਕੁਝ ਵਿਚਾਰ ਪੇਸ਼ ਕਰਨ ਲਈ ਵਰਤਾਂਗਾ।

ਇਹ ਕਿਤਾਬਾਂ ਹੀ ਹਨ ਜਿਹਨਾਂ ਨੂੰ ਮੈਂ ਆਪਣੇ ਅੰਦਰਲੀ ਹਰ ਚੰਗਿਆਈ ਦਾ ਸਿਹਰਾ ਦਿੰਦਾ ਹਾਂ। ਮੈਂ ਆਪਣੀ ਜਵਾਨੀ ਦੇ ਦਿਨਾਂ ਵਿੱਚ ਹੀ ਇਹ ਮਹਿਸੂਸ ਕਰ ਲਿਆ ਸੀ ਕਿ ਕਲਾ ਲੋਕਾਂ ਨਾਲੋਂ ਜਿਆਦਾ ਖੁੱਲ੍ਹਦਿਲੀ ਹੁੰਦੀ ਹੈ। ਮੈਂ ਪੁਸਤਕ-ਪ੍ਰੇਮੀ ਹਾਂ; ਹਰ ਕਿਤਾਬ ਮੈਨੂੰ ਇੱਕ ਚਮਤਕਾਰ ਜਾਪਦੀ ਹੈ, ਅਤੇ ਲੇਖਕ ਇੱਕ ਜਾਦੂਗਰ। ਕਿਤਾਬਾਂ ਬਾਰੇ ਮੈਂ ਡੂੰਘੀਆਂ ਭਾਵਨਾਵਾਂ ਅਤੇ ਹੁਲਾਸ-ਪੂਰਨ ਉਤਸ਼ਾਹ ਤੋਂ ਬਿਨਾਂ ਹੋਰ ਕਿਸੇ ਢੰਗ ਨਾਲ਼ ਗੱਲ ਹੀ ਨਹੀਂ ਕਰ ਸਕਦਾ। ਇਹ ਹਾਸੋਹੀਣਾ ਜਾਪ ਸਕਦਾ ਹੈ ਪਰ ਇਹੀ ਸੱਚਾਈ ਹੈ। ਇਸਨੂੰ ਵਹਿਸ਼ੀਪੁਣਾ ਵੀ ਕਿਹਾ ਜਾ ਸਕਦਾ ਹੈ; ਪਰ ਲੋਕਾਂ ਨੇ ਜੋ ਕਹਿਣਾ ਹੈ ਉਹਨਾਂ ਨੂੰ ਕਹਿਣ ਦਿਓ—ਮੇਰਾ ਕੋਈ ਇਲਾਜ ਨਹੀਂ ਹੈ।

ਜਦੋਂ ਵੀ ਮੈਂ ਆਪਣੇ ਹੱਥ ਵਿੱਚ ਕੋਈ ਨਵੀਂ ਕਿਤਾਬ ਫੜਦਾ ਹਾਂ, ਛਾਪੇਖਾਨੇ ਵਿੱਚ ਤਿਆਰ ਕੀਤੀ ਟਾਈਪ-ਸੈੱਟਰ ਦੀ ਕੋਈ ਚੀਜ਼, ਜਿਹੜਾ ਇੱਕ ਪ੍ਰਕਾਰ ਦਾ ਨਾਇਕ ਹੁੰਦਾ ਹੈ ਅਤੇ ਆਪਣੇ ਵਰਗੇ ਹੀ ਕਿਸੇ ਹੋਰ ਨਾਇਕ ਦੀ ਬਣਾਈ ਹੋਈ ਮਸ਼ੀਨ ਦੀ ਸਹਾਇਤਾ ਨਾਲ਼ ਆਪਣਾ ਕੰਮ ਕਰਦਾ ਹੈ, ਤਾਂ ਮੈਨੂੰ ਮਹਿਸੂਸ ਹੁੰਦਾ ਹੈ ਕਿ ਜਿਉਂਦੀ-ਜਾਗਦੀ, ਅਦਭੁੱਤ ਅਤੇ ਮੇਰੇ ਨਾਲ਼ ਗੱਲਾਂ ਕਰ ਸਕਣ ਵਾਲ਼ੀ ਕੋਈ ਚੀਜ਼ ਮੇਰੀ ਜ਼ਿੰਦਗੀ ਵਿੱਚ ਦਾਖਲ ਹੋ ਗਈ ਹੈ—ਮਨੁੱਖ ਦੁਆਰਾ ਖੁਦ ਆਪਣੇ ਲਈ ਲਿਖੀ ਵਸੀਅਤ, ਉਸ ਮਨੁੱਖ ਲਈ ਜੋ ਇਸ ਲਈ ਦੁਨੀਆਂ ਦੀ ਹਰ ਚੀਜ਼ ਨਾਲ਼ੋਂ ਜ਼ਿਆਦਾ ਗੁੰਝਲਦਾਰ ਹੈ, ਸਭ ਤੋਂ ਵੱਧ ਰਹੱਸਮਈ ਅਤੇ ਸਭ ਤੋਂ ਜ਼ਿਆਦਾ ਪਿਆਰ ਦੇ ਲਾਇਕ ਹੈ — ਮਨੁੱਖ — ਜਿਸਦੀ ਕਿਰਤ ਅਤੇ ਕਲਪਨਾ ਨੇ ਦੁਨੀਆ ਦੀ ਹਰ ਉਸ ਚੀਜ਼ ਦੀ ਸਿਰਜਣਾ ਕੀਤੀ ਹੈ ਜੋ ਜਾਹੋ-ਜਲਾਲ ਅਤੇ ਖ਼ੂਬਸੂਰਤੀ

---

* ਇਸ ਲੇਖ ਦਾ ਫ਼ਰਾਂਸੀਸੀ ਅਨੁਵਾਦ 1925 ਵਿੱਚ ਪੈਰਿਸ 'ਚ ਛਪੀ ਪ. ਮੋਰਟੀਅਰ ਦੀ ਕਿਤਾਬ 'ਵਿਦੇਸ਼ੀ ਸਾਹਿਤ ਦਾ ਸੰਪੂਰਨ ਇਤਿਹਾਸ' ਦੇ ਮੁਖਬੰਧ ਵਜੋਂ ਛਪਿਆ ਸੀ।

ਨਾਲ਼ ਭਰਪੂਰ ਹੈ।

ਕਿਤਾਬਾਂ ਜ਼ਿੰਦਗੀ ਵਿੱਚ ਮੇਰੀ ਰਹਿਨੁਮਾਈ ਕਰਦੀਆਂ ਹਨ ਅਤੇ ਇਹ ਗੱਲ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਪਰ ਮੈਨੂੰ ਕੋਈ ਨਵੀਂ ਗੱਲ ਦੱਸਣ ਦਾ ਇਨ੍ਹਾਂ ਦਾ ਹਮੇਸ਼ਾ ਹੀ ਆਪਣਾ ਇੱਕ ਖਾਸ ਢੰਗ ਰਿਹਾ ਹੈ, ਜਿਹੜਾ ਮੈਂ ਪਹਿਲਾਂ ਨਹੀਂ ਜਾਣਦਾ ਸਾਂ ਅਤੇ ਨਾ ਹੀ ਮੈਂ ਇਹ ਮਨੁੱਖਾਂ ਵਿੱਚ ਕਦੇ ਵੇਖਿਆ ਸੀ। ਇੱਕ ਪੂਰੀ ਕਿਤਾਬ ਵਿੱਚੋਂ ਹੋ ਸਕਦਾ ਹੈ ਕਿ ਤੁਹਾਨੂੰ ਇੱਕ ਦਿਲ ਟੁੰਬਵੇਂ ਫ਼ਿਕਰੇ ਤੋਂ ਬਿਨਾਂ ਹੋਰ ਕੁਝ ਵੀ ਨਾ ਮਿਲੇ, ਪਰ ਇਹੀ ਉਹ ਫ਼ਿਕਰਾ ਹੁੰਦਾ ਹੈ ਜੋ ਤੁਹਾਨੂੰ ਮਨੁੱਖ ਦੇ ਹੋਰ ਨਜ਼ਦੀਕ ਲੈ ਜਾਂਦਾ ਹੈ ਅਤੇ ਇੱਕ ਨਵੀਂ ਮੁਸਕਾਨ ਜਾਂ ਦਰਦ ਦਾ ਭੇਦ ਖੋਲ੍ਹ ਦਿੰਦਾ ਹੈ।

ਤਾਰਾ-ਜਗਤ ਦਾ ਪ੍ਰਤਾਪ, ਬ੍ਰਹਿਮੰਡ ਦੀ ਇੱਕਸੁਰ ਬਣਤਰ ਅਤੇ ਉਹ ਸਭ ਕੁਝ ਜੋ ਤਾਰਾ ਵਿਗਿਆਨ ਅਤੇ ਬ੍ਰਹਿਮੰਡ ਵਿਗਿਆਨ ਆਪਣੇ ਖ਼ੂਬਸੂਰਤ ਲਫ਼ਜ਼ਾਂ ਵਿੱਚ ਬਿਆਨ ਕਰਦਾ ਹੈ ਮੇਰੇ ਅੰਦਰ ਕੋਈ ਉਤਸ਼ਾਹ ਨਹੀਂ ਜਗਾਉਂਦਾ ਅਤੇ ਨਾ ਹੀ ਮੈਨੂੰ ਪ੍ਰਭਾਵਿਤ ਕਰਦਾ ਹੈ। ਮੇਰਾ ਖਿਆਲ ਇਹ ਹੈ ਕਿ ਬ੍ਰਹਿਮੰਡ ਏਨਾ ਵੀ ਹੈਰਾਨੀਜਨਕ ਨਹੀਂ ਹੈ ਜਿੰਨਾ ਤਾਰਾ ਵਿਗਿਆਨੀ ਚਾਹੁੰਦੇ ਹਨ ਕਿ ਅਸੀਂ ਸਮਝੀਏ ਅਤੇ ਇਹ ਵੀ ਕਿ ਨਵੇਂ-ਨਵੇਂ ਸੰਸਾਰਾਂ ਦੇ ਜਨਮ ਅਤੇ ਮਰਨ ਵਿੱਚ ਰੂਹਾਨੀ ਇਕਸੁਰਤਾ ਦੀ ਬਜਾਏ ਵਧੇਰੇ ਬੇਅੰਤ ਅਤੇ ਬੇਅਰਥ ਘੜਮੱਸ/ਧੁੰਦੂਕਾਰਾ ਹੁੰਦਾ ਹੈ।

ਅਕਾਸ਼-ਗੰਗਾ ਦੀ ਅਨੰਤਤਾ ਵਿੱਚ ਕਿਧਰੇ ਜੇ ਕੋਈ ਸੂਰਜ ਖ਼ਤਮ ਹੋ ਗਿਆ ਹੈ ਅਤੇ ਉਸ ਦੇ ਸਾਰੇ ਗ੍ਰਹਿ ਇੱਕ ਸਦੀਵੀ ਰਾਤ ਵਿੱਚ ਡੁੱਬ ਗਏ ਹਨ, ਤਾਂ ਇਹ ਕੁਝ ਇਹੋ ਜਿਹੀ ਗੱਲ ਹੈ ਜਿਸ ਦਾ ਮੇਰੇ 'ਤੇ ਕੋਈ ਅਸਰ ਨਹੀਂ ਪੈਂਦਾ, ਪਰ ਕੈਮੀਲੇ ਫਲੈਮੇਰੀਆਂ, ਮਹਾਨ ਕਲਪਨਾ ਦੇ ਮਾਲਿਕ ਦੀ ਮੌਤ ਨੇ ਮੈਨੂੰ ਡੂੰਘਾ ਸਦਮਾ ਦਿੱਤਾ ਸੀ।

ਹਰ ਉਹ ਚੀਜ਼ ਜੋ ਸਾਨੂੰ ਚੰਗੀ ਅਤੇ ਸੋਹਣੀ ਲਗਦੀ ਹੈ ਇਨਸਾਨ ਦੀ ਹੀ ਕਾਢ ਜਾਂ ਰਚਨਾ ਹੈ। ਇਹ ਬੜੇ ਅਫ਼ਸੋਸ ਦੀ ਗੱਲ ਹੈ ਕਿ ਅਕਸਰ ਉਸ ਨੂੰ ਦੁੱਖਾਂ-ਦਰਦਾਂ ਦੀ ਵੀ ਰਚਨਾ ਕਰਨੀ ਪਈ ਹੈ, ਇਨ੍ਹਾਂ ਨੂੰ ਉਚਿਆਉਣਾ ਵੀ ਪਿਆ ਹੈ ਜਿਵੇਂ ਕਿ ਦੋਸਤੋਯੇਵਸਕੀ, ਬੋਦੀਲੇਅਰ ਜਾਂ ਅਜਿਹੇ ਹੀ ਹੋਰ ਵਿਅਕਤੀਆਂ ਨੇ ਕੀਤਾ। ਪਰ ਇਸ ਵਿੱਚ ਵੀ ਮੈਂ ਜ਼ਿੰਦਗੀ ਦੇ ਘਿਣਾਉਣੇਪਣ ਅਤੇ ਨੀਰਸਤਾ ਨੂੰ ਘੱਟ ਕਰਨ ਅਤੇ ਜ਼ਿੰਦਗੀ ਨੂੰ ਸ਼ਿੰਗਾਰਨ ਦੀ ਇੱਕ ਇੱਛਾ ਵੇਖਦਾ ਹਾਂ।

ਸਾਡੇ ਆਲ਼ੇ-ਦੁਆਲ਼ੇ ਪਸਰੀ ਕੁਦਰਤ ਵਿੱਚ ਕੋਈ ਖ਼ੂਬਸੂਰਤੀ ਨਹੀਂ ਹੈ ਅਤੇ ਇਹ ਸਾਡੀ ਵਿਰੋਧੀ ਹੈ: ਖ਼ੂਬਸੂਰਤੀ ਉਹ ਹੁੰਦੀ ਹੈ ਜੋ ਮਨੁੱਖ ਆਪਣੀ ਆਤਮਾ ਦੀ ਡੂੰਘਾਈ ਵਿੱਚੋਂ ਉਤਪੰਨ ਕਰਦਾ ਹੈ। ਜਿਸ ਤਰ੍ਹਾਂ ਫਿਨਲੈਂਡ ਦਾ ਨਿਵਾਸੀ ਛਿਦਰੀ ਅਤੇ ਮੱਧਰੀ ਜਿਹੀ ਬਨਸਪਤੀ ਨਾਲ਼ ਆਪਣੇ ਜੰਗਲ਼ਾਂ, ਦਲਦਲਾਂ ਅਤੇ ਮਟਮੈਲੀਆਂ ਚੱਟਾਨਾਂ ਦੀ ਕਾਇਆਪਲਟ ਕਰਕੇ ਖ਼ੂਬਸੂਰਤੀ ਦੇ ਦ੍ਰਿਸ਼ ਸਿਰਜ ਲੈਂਦਾ ਹੈ ਅਤੇ ਅਰਬ ਵਸਨੀਕ ਖ਼ੁਦ ਨੂੰ ਸਮਝਾ ਲੈਂਦਾ ਹੈ ਕਿ ਮਾਰੂਥਲ ਸੋਹਣਾ ਹੁੰਦਾ ਹੈ; ਖ਼ੂਬਸੂਰਤੀ ਇਸ ਬਾਰੇ ਚਿੰਤਨ ਕਰਨ ਦੀ ਮਨੁੱਖ ਦੀ ਘਾਲਣਾ ਵਿੱਚੋਂ ਪੈਦਾ ਹੁੰਦੀ ਹੈ। ਉੱਘੜ-ਦੁੱਗੜ ਦੰਦੇਦਾਰ ਪਹਾੜਾਂ ਤੋਂ ਮੈਨੂੰ ਕੋਈ ਖ਼ੁਸ਼ੀ ਨਹੀਂ ਮਿਲਦੀ,

ਸਗੋਂ ਉਸ ਸ਼ਾਨੋ-ਸ਼ੌਕਤ ਅਤੇ ਠਾਠ-ਬਾਠ ਵਿੱਚੋਂ ਮਿਲਦੀ ਹੈ ਜੋ ਮਨੁੱਖ ਨੇ ਇਸ ਨੂੰ ਬਖ਼ਸ਼ੀ ਹੈ। ਮੈਂ ਮਨੁੱਖ ਦੀ ਉਸ ਸਹਿਜਤਾ ਅਤੇ ਉਦਾਰਤਾ ਦਾ ਪ੍ਰਸੰਸਕ ਹਾਂ ਜਿਸ ਨਾਲ਼ ਉਹ ਕੁਦਰਤ ਦਾ ਰੂਪ ਬਦਲ ਰਿਹਾ ਹੈ, ਉਹ ਉਦਾਰਤਾ ਜਿਹੜੀ ਪ੍ਰਿਥਵੀ ਦੀ ਹੋਂਦ ਲਈ ਹੋਰ ਵੀ ਹੈਰਾਨੀਜਨਕ ਹੈ, ਤੇ ਜੇ ਕੋਈ ਜ਼ਰਾ ਧਿਆਨ ਨਾਲ਼ ਸੋਚੇ, ਪ੍ਰਿਥਵੀ ਰਹਿਣ ਲਾਇਕ ਸੁਖਾਵੀਂ ਤੇ ਅਰਾਮਦਾਇਕ ਥਾਂ ਤੋਂ ਕਿੰਨੀ ਭਿੰਨ ਹੈ। ਭੂਚਾਲ਼ਾਂ ਬਾਰੇ ਸੋਚੋ, ਹਨ੍ਹੇਰੀਆਂ, ਬਰਫ਼ਾਨੀ ਝੱਖੜ, ਹੜ੍ਹ, ਠੰਢੇ ਯਖ਼ ਸਿਆਲ ਅਤੇ ਤਪਦੀਆਂ-ਭੁੱਜਦੀਆਂ ਗਰਮੀਆਂ, ਹਾਨੀਕਾਰਕ ਕੀੜੇ ਤੇ ਕੀਟਾਣੂ ਅਤੇ ਹਜ਼ਾਰਾਂ ਹੋਰ ਚੀਜ਼ਾਂ ਬਾਰੇ ਸੋਚੋ ਜੋ ਸਾਡੀ ਜ਼ਿੰਦਗੀ ਨੂੰ ਭਿਆਨਕ ਹੱਦ ਤੱਕ ਅਸਿਹਣਸ਼ੀਲ ਬਣਾ ਦਿੰਦੀਆਂ ਜੇ ਕਿਤੇ ਮਨੁੱਖ ਉਹ ਨਾਇਕ ਨਾ ਹੁੰਦਾ ਜੋ ਉਹ ਅੱਜ ਹੈ।

ਸਾਡੀ ਹੋਂਦ ਹਮੇਸ਼ਾ ਅਤੇ ਹਰ ਜਗ੍ਹਾ ਹੀ ਦੁਖਾਂਤਕ ਰਹੀ ਹੈ, ਪਰ ਮਨੁੱਖ ਨੇ ਇਨ੍ਹਾਂ ਅਣਗਿਣਤ ਦੁਖਾਂਤਾਂ ਨੂੰ ਕਲਾ-ਕਿਰਤਾਂ ਵਿੱਚ ਬਦਲ ਦਿੱਤਾ ਹੈ। ਮੈਂ ਇਸ ਬਦਲਾਅ ਤੋਂ ਜ਼ਿਆਦਾ ਅਦਭੁੱਤ ਅਤੇ ਹੈਰਾਨੀਜਨਕ ਹੋਰ ਕਿਸੇ ਚੀਜ਼ ਬਾਰੇ ਨਹੀਂ ਜਾਣਦਾ, ਇਹੀ ਕਾਰਨ ਹੈ ਕਿ ਪੁਸ਼ਕਿਨ ਦੀਆਂ ਕਵਿਤਾਵਾਂ ਦੇ ਇੱਕ ਛੋਟੇ ਜਿਹੇ ਸੰਗ੍ਰਹਿ ਤੋਂ ਅਤੇ ਫਲਾਬੇਅਰ ਦੇ ਇੱਕ ਨਾਵਲ ਤੋਂ ਮੈਨੂੰ ਤਾਰਿਆਂ ਦੀ ਠੰਡੀ ਟਿਮਟਿਮਾਹਕ, ਸਾਗਰ ਦੀ ਮਕੈਨਕੀ ਤਾਲ, ਜੰਗਲ਼ਾਂ ਦੀ ਸਰਸਰਾਹਟ ਜਾਂ ਬੀਆਬਾਨ ਦੇ ਸੰਨਾਟੇ ਨਾਲ਼ੋਂ ਕਿਤੇ ਵਧੇਰੇ ਸਿਆਣਪ ਅਤੇ ਜਿਉਂਦਾ-ਜਾਗਦਾ ਸੁਹੱਪਣ ਮਿਲਦਾ ਹੈ।

'ਬੀਆਬਾਨ ਦੀ ਖਾਮੋਸ਼ੀ' ? ਰੂਸੀ ਕੰਪੋਜ਼ਰ ਬੈਰੇਦਿਨ ਨੇ ਆਪਣੀ ਇੱਕ ਕ੍ਰਿਤ ਵਿੱਚ ਇਸ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ਼ ਪੇਸ਼ ਕੀਤਾ ਹੈ। "ਉੱਤਰ-ਧਰੁਵੀਪ੍ਰਕਾਸ਼" ? ਮੈਂ ਵਿਸਲਰ ਦੀਆਂ ਤਸਵੀਰਾਂ ਨੂੰ ਤਰਜੀਹ ਦਿੰਦਾ ਹਾਂ। ਇਹ ਇੱਕ ਗੂੜ੍ਹ ਸੱਚਾਈ ਸੀ ਜਦੋਂ ਜੇਤਨ ਰਸਕਿਨ ਨੇ ਕਿਹਾ ਸੀ ਕਿ ਇੰਗਲੈਂਡ ਦੀਆਂ ਤਰਕਾਲਾਂ ਟਰਨਰ ਦੀ ਚਿੱਤਰਕਾਰੀ ਤੋਂ ਬਾਅਦ ਜ਼ਿਆਦਾ ਖ਼ੂਬਸੂਰਤ ਹੋ ਗਈਆਂ ਹਨ।

ਮੈਨੂੰ ਆਪਣਾ ਅਸਮਾਨ ਕਿਤੇ ਜ਼ਿਆਦਾ ਪਿਆਰਾ ਲੱਗਦਾ ਜੇ ਤਾਰੇ ਰਤਾ ਵਧੇਰੇ ਵੱਡੇ, ਚਮਕੀਲੇ ਅਤੇ ਸਾਡੇ ਹੋਰ ਨਜ਼ਦੀਕ ਹੁੰਦੇ।ਅਸਲ ਵਿੱਚ ਜਦੋਂ ਤੋਂ ਤਾਰਾ-ਵਿਗਿਆਨੀ ਸਾਨੂੰ ਇਨ੍ਹਾਂ ਬਾਰੇ ਦੱਸ ਰਹੇ ਹਨ ਇਹ ਜ਼ਿਆਦਾ ਸੋਹਣੇ ਹੋ ਗਏ ਹਨ।

ਜਿਸ ਦੁਨੀਆਂ ਵਿੱਚ ਮੈਂ ਵਸਦਾ ਹਾਂ ਇਹ ਨਿੱਕੇ-ਨਿੱਕੇ ਹੈਮਲਟਾਂ ਅਤੇ ਉਥੈਲੋ, ਰੋਮੀਓ ਅਤੇ ਗੋਰੀਓ, ਕਰਾਮਾਜ਼ੋਵ ਅਤੇ ਮਿਸਟਰ ਡੌਂਮਬੇ, ਡੇਵਿਡ ਕਾਪਰਫੀਲਡ, ਮੈਡਮ ਬੇਵੇਰੀ, ਮੈਨਨ ਸ੍ਰੋਸਕੋ, ਅੱਨਾ ਕਾਰੇਨਿਨਾ, ਡਾਨ ਕਿਊਗਜ਼ੋਟ ਅਤੇ ਡਾਨ ਜੂਆਨ ਦੀ ਦੁਨੀਆਂ ਹੈ।

ਸਾਡੇ ਵਰਗੇ ਆਮ ਲੋਕਾਂ ਵਿੱਚੋਂ ਹੀ ਕਵੀਆਂ ਨੇ ਸ਼ਾਨਦਾਰ ਚਿੱਤਰ ਬਣਾਏ ਅਤੇ ਉਨ੍ਹਾਂ ਨੂੰ ਅਮਰ ਬਣਾ ਦਿੱਤਾ।

ਅਸੀਂ ਇੱਕ ਅਜਿਹੀ ਦੁਨੀਆਂ ਵਿੱਚ ਰਹਿੰਦੇ ਹਾਂ ਜਿਸ ਵਿੱਚ ਓਨੀ ਦੇਰ ਤੱਕ ਮਨੁੱਖ ਨੂੰ ਸਮਝ ਸਕਣਾ ਅਸੰਭਵ ਹੈ ਜਦੋਂ ਤੱਕ ਅਸੀਂ (ਵਿਗਿਆਨੀਆਂ ਅਤੇ ਸਾਹਿਤਕਾਰਾਂ ਦੀਆਂ) ਮਨੁੱਖ ਬਾਰੇ ਲਿਖੀਆਂ ਕਿਤਾਬਾਂ ਨਹੀਂ ਪੜ੍ਹ ਲੈਂਦੇ। ਫਲਾਬੇਅਰ ਦੀ *Un coevr simple* (ਸਾਦਾ ਦਿਲ) ਮੇਰੇ ਲਈ ਅੰਜੀਲ ਜਿੰਨੀ ਹੀ ਕੀਮਤ ਰੱਖਦੀ ਹੈ ;ਨੂਤ ਹੈਨਸਨ ਦੀ

Landstrykere (ਧਰਤੀ ਦਾ ਵਿਕਾਸ) ਮੈਨੂੰ *Odessey* ਵਾਂਗ ਹੀ ਹੈਰਾਨ ਕਰ ਦਿੰਦੀ ਹੈ। ਮੈਨੂੰ ਪੂਰਾ ਯਕੀਨ ਹੈ ਕਿ ਮੇਰੇ ਪੋਤੇ-ਪੋਤੀਆਂ ਜਦ ਰੋਮਾਂ ਰੋਲਾਂ ਦੀ 'ਜੀਨ ਕ੍ਰਿਸਟੋਫ' ਪੜ੍ਹਨਗੇ ਤਾਂ ਲੇਖਕ ਦੇ ਦਿਲੋ-ਦਿਮਾਗ ਦੀ ਮਹਾਨਤਾ ਅਤੇ ਮਨੁੱਖਤਾ ਲਈ ਅਮਿੱਟ ਪਿਆਰ ਦਾ ਦਿਲੋਂ ਸਤਿਕਾਰ ਕਰਨਗੇ।

ਮੈਂ ਇਸ ਗੱਲੋਂ ਵੀ ਪੂਰੀ ਤਰ੍ਹਾਂ ਚੇਤੰਨ ਹਾਂ ਕਿ ਇਸ ਤਰਾਂ ਦੇ ਪਿਆਰ ਦਾ ਅੱਜਕਲ ਰਿਵਾਜ ਨਹੀਂ ਹੈ। ਪਰ ਇਸ ਨਾਲ ਕੀ ਫਰਕ ਪੈਂਦਾ ਹੈ ? ਇਹ ਮੁਰਝਾਏ ਬਿਨਾਂ ਜਿਊਂਦਾ ਹੈ ਅਤੇ ਅਸੀਂ ਇਸਦੀਆਂ ਖੁਸ਼ੀਆਂ ਤੇ ਗ਼ਮ ਮਾਣਦੇ ਚਲੇ ਜਾਂਦੇ ਹਾਂ।

ਮੈਂ ਤਾਂ ਸਗੋਂ ਇਹ ਵੀ ਸੋਚਦਾ ਹਾਂ ਕਿ ਇਹ ਪਿਆਰ ਜ਼ਿਆਦਾ ਤੀਬਰ ਅਤੇ ਚੇਤੰਨ ਹੁੰਦਾ ਜਾ ਰਿਹਾ ਹੈ। ਭਾਵੇਂ ਕਿ ਇਸਦਾ ਪ੍ਰਗਟਾਅ ਕੁਝ ਸੀਮਤ ਅਤੇ ਪਰਿਣਾਮਵਾਦੀ ਜਿਹਾ ਹੋ ਗਿਆ ਹੈ, ਫਿਰ ਵੀ ਸਾਡੇ ਸਮੇਂ ਵਿੱਚ ਇਸ ਜਜ਼ਬੇ ਦੀ ਤਰਕਹੀਣਤਾ ਕਿਸੇ ਵੀ ਤਰਾਂ ਘੱਟ ਨਹੀਂ ਹੋਈ, ਜਦੋਂ ਕਿ ਜ਼ਿੰਦਗੀ ਲਈ ਸੰਘਰਸ਼ ਏਨਾ ਤਲਖ਼ ਹੋ ਗਿਆ ਹੈ।

ਮਨੁੱਖ ਤੋਂ ਸਿਵਾ ਹੋਰ ਕਿਸੇ ਚੀਜ਼ ਬਾਰੇ ਜਾਨਣ ਦੀ ਮੇਰੀ ਕੋਈ ਇੱਛਾ ਨਹੀਂ ਹੈ, ਉਸ ਤੱਕ ਪਹੁੰਚਣ ਲਈ ਕਿਤਾਬਾਂ ਹੀ ਸਾਡੀਆਂ ਸੱਚੀਆਂ ਦੋਸਤ ਅਤੇ ਦਿਆਲੂ ਰਹਿਨੁਮਾ ਹਨ। ਮੇਰੇ ਮਨ ਵਿੱਚ ਉਹਨਾਂ ਹਲੀਮੀ-ਭਰੇ ਯੋਧਿਆਂ ਲਈ ਦਿਨੋ-ਦਿਨ ਵਧਦਾ ਜਾਂਦਾ ਸਤਿਕਾਰ ਵਸਿਆ ਹੋਇਆ ਹੈ ਜਿਹਨਾਂ ਨੇ ਹਰ ਇੱਕ ਖ਼ੂਬਸੂਰਤ ਅਤੇ ਮਹਾਨ ਚੀਜ਼ ਦੀ ਸਿਰਜਣਾ ਕੀਤੀ ਹੈ।

1925

ਮੈਂ ਲਿਖਣਾ ਕਿਵੇਂ ਸਿੱਖਿਆ

ਸਾਥੀਓ!

ਜਦੋਂ ਕਦੇ ਵੀ ਮੈਨੂੰ ਤੁਹਾਡੇ ਨਾਲ ਗੱਲਾਂ ਕਰਨ ਦਾ ਮੌਕਾ ਮਿਲਿਆ ਹੈ, ਕਈਆਂ ਨੇ ਜ਼ੁਬਾਨੀ ਜਾਂ ਲਿਖਕੇ ਮੈਨੂੰ ਇਹ ਦੱਸਣ ਲਈ ਕਿਹਾ ਹੈ ਕਿ ਮੈਂ ਲਿਖਣਾ ਕਿਵੇਂ ਸਿੱਖਿਆ। ਸੋਵੀਅਤ ਸੰਘ ਦੇ ਹਰ ਕੋਨੇ ਤੋਂ ਮਜ਼ਦੂਰ ਅਤੇ ਕਿਸਾਨ ਪੱਤਰ-ਪ੍ਰੇਰਕਾਂ, ਫ਼ੌਜੀ ਪੱਤਰ-ਪ੍ਰੇਰਕਾਂ ਅਤੇ ਅਜਿਹੇ ਨੌਜਵਾਨਾਂ ਵੱਲੋਂ, ਜਿਨ੍ਹਾਂ ਨੇ ਹੁਣੇ ਹੀ ਲਿਖਣਾ ਸ਼ੁਰੂ ਕੀਤਾ ਹੈ, ਭੇਜੀਆਂ ਚਿੱਠੀਆਂ ਵਿੱਚ ਇਹੀ ਸਵਾਲ ਪੁੱਛਿਆ ਗਿਆ ਹੈ। ਕਈਆਂ ਨੇ ਇਹ ਬੇਨਤੀ ਕੀਤੀ ਹੈ ਕਿ ਮੈਂ "ਕਹਾਣੀਆਂ ਕਿਵੇਂ ਲਿਖੀਆਂ ਜਾਣ, ਇਸ ਵਿਸ਼ੇ ਬਾਰੇ ਕਿਸੇ ਕਿਤਾਬ ਦਾ ਸੰਪਾਦਨ ਕਰਾਂ" ਜਾਂ "ਸਾਹਿਤ ਦਾ ਸਿਧਾਂਤ ਵਿਕਸਤ ਕਰਾਂ" ਜਾਂ "ਸਾਹਿਤ ਬਾਰੇ ਕੋਈ ਪਾਠ-ਪੁਸਤਕ ਤਿਆਰ ਕਰਾਂ"। ਮੈਂ ਅਜਿਹੀ ਪਾਠ-ਪੁਸਤਕ ਨਹੀਂ ਲਿਖ ਸਕਦਾ, ਅਜਿਹਾ ਕਰਨ ਦੇ ਸਮਰੱਥ ਨਹੀਂ ਹਾਂ; ਨਾਲ਼ੇ ਅਜਿਹੀਆਂ ਕਿਤਾਬਾਂ ਪਹਿਲਾਂ ਹੀ ਮੌਜੂਦ ਹਨ, ਭਾਵੇਂ ਕਿ ਬਹੁਤ ਵਧੀਆ ਨਹੀਂ ਪਰ ਲਾਭਦਾਇਕ ਹਨ।

ਜਿਹੜੇ ਲਿਖਣਾ ਸ਼ੁਰੂ ਕਰ ਰਹੇ ਹਨ ਉਨ੍ਹਾਂ ਨੂੰ ਸਾਹਿਤ ਦੇ ਇਤਿਹਾਸ ਦਾ ਗਿਆਨ ਹੋਣਾ ਲਾਜ਼ਮੀ ਹੈ। ਇਸ ਨਜ਼ਰ ਤੋਂ ਉਨ੍ਹਾਂ ਲਈ ਗੋਸਿਜ਼ਦਾਤ* ਦੁਆਰਾ ਪ੍ਰਕਾਸ਼ਿਤ ਵ. ਕੇਲਤੁਆਲ ਦੀ ਕਿਤਾਬ 'ਸਾਹਿਤ ਦਾ ਇਤਿਹਾਸ' ਮੱਦਦਗਾਰ ਸਾਬਿਤ ਹੋਵੇਗੀ। ਇਸ ਕਿਤਾਬ ਵਿੱਚ ਜ਼ੁਬਾਨੀ ("ਲੋਕ") ਅਤੇ ਲਿਖਤੀ ("ਸਾਹਿਤਕ") ਰਚਨਤਾਮਿਕਤਾ ਦੇ ਵਿਕਾਸ ਦਾ ਚੰਗਾ ਵਰਣਨ ਹੈ। ਆਦਮੀ ਦਾ ਕਿੱਤਾ ਕੋਈ ਵੀ ਹੋਵੇ, ਉਸ ਨੂੰ ਇਸ ਦੇ ਇਤਿਹਾਸ ਦਾ ਗਿਆਨ ਜ਼ਰੂਰ ਹੋਣਾ ਚਾਹੀਦਾ ਹੈ। ਜੇ ਕਿਸੇ ਸਨਅਤ ਜਾਂ ਚੰਗਾ ਹੋਵੇ ਜੇ, ਕਿਸੇ ਫੈਕਟਰੀ ਵਿੱਚ ਕੰਮ ਕਰਦੇ ਮਜ਼ਦੂਰ ਜਾਣਦੇ ਹੋਣ ਕਿ ਇਹ (ਫੈਕਟਰੀ) ਕਿਵੇਂ ਬਣੀ ਅਤੇ ਵਿਕਸਤ ਹੋਈ, ਇਸ ਦਾ ਉਤਪਾਦਨ ਕਿਵੇਂ ਉੱਨਤ ਹੋਇਆ, ਤਾਂ ਉਹ ਸੱਭਿਆਚਾਰ ਦੇ ਇਤਿਹਾਸ ਲਈ ਆਪਣੀ ਕਿਰਤ ਦੇ ਮਹੱਤਵ ਨੂੰ ਸਮਝਦੇ ਹੋਏ ਜ਼ਿਆਦਾ ਵਧੀਆ ਢੰਗ ਨਾਲ਼ ਅਤੇ ਵਧੇਰੇ ਉਤਸ਼ਾਹ ਨਾਲ਼ ਕੰਮ ਕਰਨਗੇ।

ਇਸੇ ਤਰ੍ਹਾਂ ਵਿਦੇਸ਼ੀ ਸਾਹਿਤ ਦੇ ਅਤੀਤ ਦੀ ਜਾਣਕਾਰੀ ਵੀ ਜ਼ਰੂਰੀ ਹੈ, ਕਿਉਂਕਿ ਆਪਣੇ ਸਾਰ-ਤੱਤ ਵਿੱਚ ਸਾਹਿਤਕ ਰਚਨਾਤਮਕਤਾ ਸਾਰੇ ਦੇਸ਼ਾਂ ਅਤੇ ਹਰ ਪ੍ਰਕਾਰ ਦੇ ਲੋਕ-ਸਮੂਹਾਂ ਵਿੱਚ ਇੱਕੋ ਜਿਹੀ ਹੀ ਹੈ। ਇਹ ਸਿਰਫ਼ ਰਸਮੀ, ਬਾਹਰੀ ਸਬੰਧਾਂ ਦੀ ਗੱਲ ਨਹੀਂ ਹੈ,

* 'ਗੋਸੀਜ਼ਦਾਤ' — ਸਟੇਟ ਪਬਲਿਸ਼ਿੰਗ ਹਾਊਸ, ਮਾਸਕੋ।

ਜਿਵੇਂ ਕਿ ਪੁਸ਼ਕਿਨ ਨੇ ਗੋਗੋਲ ਨੂੰ 'ਮੁਰਦਾ ਰੂਹਾਂ' ਦੀ ਵਿਸ਼ਾ-ਵਸਤੂ ਮੁਹੱਈਆ ਕਰਵਾਈ ਅਤੇ ਖੁਦ ਪੁਸ਼ਕਿਨ ਨੇ ਇਹ ਅੰਗਰੇਜ਼ੀ ਲੇਖਕ ਲਾਰੇਂਸ ਸਟਰਨ ਦੀ ਕਿਤਾਬ *A Sentimental Journey* (ਜਜ਼ਬਾਤੀ ਸਫ਼ਰ) ਤੋਂ ਲਈ। ਇਸੇ ਤਰ੍ਹਾਂ 'ਮੁਰਦਾ ਰੂਹਾਂ' ਅਤੇ 'ਪਿਨਵਿਕ ਪੇਪਰ' ਦੇ ਵਿਸ਼ੇ ਦੀ ਸਮਾਨਤਾ ਵੀ ਕੋਈ ਖਾਸ ਮਹੱਤਤਾ ਨਹੀਂ ਰੱਖਦੀ। ਮਹੱਤਵਪੂਰਨ ਇਸ ਗੱਲ ਨੂੰ ਆਤਮਸਾਤ ਕਰਨਾ ਹੈ ਕਿ ਪੁਰਾਤਨ ਕਾਲ ਤੋਂ ਹੀ ਮਨੁੱਖ ਦੀ ਆਤਮਾ ਨੂੰ ਫੜਨ ਲਈ ਹਰ ਜਗ੍ਹਾ ਇੱਕ ਜਾਲ਼ ਜਿਹਾ ਬੁਣਿਆ ਜਾ ਰਿਹਾ ਹੈ ਅਤੇ ਦੂਜੇ ਪਾਸੇ, ਅਜਿਹੇ ਲੋਕ ਵੀ ਹੋਏ ਹਨ ਜਿਨ੍ਹਾਂ ਨੇ ਹਮੇਸ਼ਾ ਅਤੇ ਹਰ ਥਾਂ ਮਨੁੱਖ ਨੂੰ ਅੰਧਵਿਸ਼ਵਾਸ, ਪੂਰਵ-ਸੰਸਕਾਰ ਅਤੇ ਪੂਰਵ-ਧਾਰਨਾਵਾਂ ਤੋਂ ਮੁਕਤੀ ਦਿਲਾਉਣਾ ਹੀ ਆਪਣੀਆਂ ਕ੍ਰਿਤਾਂ ਦਾ ਮਕਸਦ ਬਣਾਇਆ ਹੈ। ਇਹ ਜਾਨਣਾ ਮਹੱਤਵਪੂਰਨ ਹੈ ਕਿ ਜਿਵੇਂ ਹਮੇਸ਼ਾ ਅਜਿਹੇ ਲੋਕ ਹੋਏ ਹਨ ਜਿਨ੍ਹਾਂ ਨੇ ਮਨੁੱਖਾਂ ਦਾ ਮਨ ਬਹਿਲਾਉਣ ਵਾਲੀਆਂ ਤੁੱਛ ਗੱਲਾਂ ਦੇ ਆਨੰਦ ਮਾਨਣ ਨੂੰ ਉਤਸ਼ਾਹਿਤ ਕੀਤਾ ਹੈ, ਉੱਥੇ ਹੀ ਅਜਿਹੇ ਬਾਗੀ ਵੀ ਹੋਏ ਹਨ ਜਿਨ੍ਹਾਂ ਨੇ ਆਪਣੇ ਆਲੇ-ਦੁਆਲੇ ਦੀ ਜ਼ਿੰਦਗੀ ਦੀ ਨੀਚਤਾ, ਘਟੀਆਪਣ ਅਤੇ ਉਸ ਦੇ ਆਧਾਰ ਖਿਲਾਫ਼ ਸਿਰ ਚੁੱਕਿਆ ਹੈ। ਇਹ ਸਮਝਣਾ ਵੀ ਮਹੱਤਵਪੂਰਨ ਹੈ ਕਿ ਆਖਰ ਨੂੰ ਉਹ ਬਾਗੀ ਹੀ, ਜਿਨ੍ਹਾਂ ਨੇ ਮਨੁੱਖ ਨੂੰ ਅੱਗੇ ਵਧਣ ਦਾ ਰਾਹ ਦਿਖਾਇਆ ਅਤੇ ਉਸ ਨੂੰ ਉਸ ਉੱਤੇ ਚੱਲਣ ਲਈ ਪ੍ਰੇਰਿਤ ਕੀਤਾ, ਉਨ੍ਹਾਂ ਲੋਕਾਂ ਉੱਤੇ ਹਾਵੀ ਹੋ ਜਾਂਦੇ ਹਨ ਜੋ ਜਮਾਤੀ ਸਮਾਜ ਦੁਆਰਾ, ਬੁਰਜੂਆ ਸਮਾਜ ਦੁਆਰਾ ਪੈਦਾ ਕੀਤੀਆਂ ਨੀਚਤਾਪੂਰਨ ਹਾਲਤਾਂ ਨਾਲ਼ ਸੰਤੁਸ਼ਟ ਹੋ ਜਾਣ ਅਤੇ ਉਨ੍ਹਾਂ ਨੂੰ ਸਵੀਕਾਰ ਕਰ ਲੈਣ ਦਾ ਉਪਦੇਸ਼ ਦਿੰਦੇ ਹਨ, ਜਦ ਕਿ ਇਸੇ ਸਮਾਜ (ਬੁਰਜੂਆ ਸਮਾਜ —ਅਨੁ.) ਨੇ ਕਿਰਤੀ ਲੋਕਾਂ ਨੂੰ ਲਾਲਚ, ਈਰਖਾ, ਆਲਸ ਅਤੇ ਕਿਰਤ ਪ੍ਰਤੀ ਅਰੁਚੀ ਦਾ ਘ੍ਰਿਣਤ ਰੋਗ ਲਗਾਇਆ ਹੈ। ਮਨੁੱਖੀ ਕਿਰਤ ਅਤੇ ਰਚਨਾਤਮਕਤਾ ਦਾ ਇਤਿਹਾਸ ਮਨੁੱਖੀ ਇਤਿਹਾਸ ਨਾਲ਼ੋਂ ਕਿਤੇ ਜ਼ਿਆਦਾ ਦਿਲਚਸਪ ਅਤੇ ਮਹੱਤਵਪੂਰਨ ਹੈ; ਮਨੁੱਖ ਸੌ ਸਾਲ ਦੀ ਉਮਰ ਹੋਣ ਤੋਂ ਪਹਿਲਾ ਹੀ ਮਰ ਜਾਂਦਾ ਹੈ, ਜਦਕਿ ਉਸ ਦੀਆਂ ਕ੍ਰਿਤਾਂ ਸਦੀਆਂ ਤੱਕ ਜਿਉਂਦੀਆਂ ਰਹਿੰਦੀਆਂ ਹਨ। ਵਿਗਿਆਨ ਦੀਆਂ ਸ਼ਾਨਾਮੱਤੀਆਂ ਪ੍ਰਾਪਤੀਆਂ ਅਤੇ ਇਸ ਦੇ ਤੀਬਰ ਵਿਕਾਸ ਬਾਰੇ ਚੰਗੀ ਤਰ੍ਹਾਂ ਉਹੀ ਵਿਗਿਆਨੀ ਦੱਸ ਸਕਦਾ ਹੈ ਜਿਸ ਨੂੰ ਆਪਣੇ ਖੇਤਰ-ਵਿਸ਼ੇਸ਼ ਦੇ ਵਿਕਾਸ ਦੇ ਇਤਿਹਾਸ ਦੀ ਪੂਰੀ ਜਾਣਕਾਰੀ ਹੋਵੇ। ਵਿਗਿਆਨ ਅਤੇ ਸਾਹਿਤ ਵਿੱਚ ਕਾਫ਼ੀ ਕੁਝ ਸਾਂਝਾ ਹੈ: ਦੋਹਾਂ ਵਿੱਚ ਨਿਰੀਖਣ, ਤੁਲਨਾ ਅਤੇ ਅਧਿਐਨ ਮੁੱਖ ਭੂਮਿਕਾ ਨਿਭਾਉਂਦੇ ਹਨ; ਲੇਖਕ ਅਤੇ ਵਿਗਿਆਨੀ ਦੋਹਾਂ ਵਿੱਚ ਕਲਪਨਾ ਅਤੇ ਅੰਤਰ-ਦ੍ਰਿਸ਼ਟੀ ਹੋਣਾ ਬਹੁਤ ਜ਼ਰੂਰੀ ਹੈ। ਕਲਪਨਾ ਅਤੇ ਅੰਤਰ-ਦ੍ਰਿਸ਼ਟੀ (Intuition) ਤੱਥਾਂ ਦੀ ਕੜੀ ਵਿੱਚ ਖਾਲੀ ਥਾਵਾਂ ਭਰਨ ਲਈ ਸਹਾਇਕ ਸਿੱਧ ਹੁੰਦੀਆਂ ਹਨ। ਇਨ੍ਹਾਂ ਨਾਲ਼ ਵਿਗਿਆਨਕ ਅਜਿਹੀਆਂ ਪਰਿਕਲਪਨਾਵਾਂ (hypotheses) ਅਤੇ ਸਿਧਾਂਤ ਵਿਕਸਤ ਕਰਨ ਦੇ ਸਮਰੱਥ ਬਣਦੇ ਹਨ ਜੋ ਦਿਮਾਗ ਦੁਆਰਾ ਕੁਦਰਤ ਦੀਆਂ ਤਾਕਤਾਂ ਅਤੇ ਵਰਤਾਰਿਆਂ ਦੇ ਅਧਿਐਨ ਦਾ ਘੱਟ ਜਾਂ ਵੱਧ ਕਾਰਗਰ ਢੰਗ ਨਾਲ਼ ਰਹਿਨੁਮਾਈ ਕਰਦੇ ਹਨ। ਇਨ੍ਹਾਂ ਤਾਕਤਾਂ ਅਤੇ ਵਰਤਾਰਿਆਂ ਨੂੰ ਹੌਲ਼ੀ-ਹੌਲ਼ੀ ਆਪਣੀ ਬੁੱਧੀ ਅਤੇ ਇੱਛਾ ਸ਼ਕਤੀ ਦੇ ਅਧੀਨ ਲਿਆ ਕੇ

ਮਨੁੱਖ ਸੱਭਿਆਚਾਰ ਦਾ ਨਿਰਮਾਣ ਕਰਦੇ ਹਨ ਜਿਹੜੀ ਅਸਲ ਵਿੱਚ ਸਾਡੀ "ਦੂਜੀ ਕੁਦਰਤ" ਹੁੰਦੀ ਹੈ।

ਦੋ ਤੱਥ ਇਸ ਕਥਨ ਦੀ ਪੁਸ਼ਟੀ ਕਰ ਸਕਦੇ ਹਨ: ਪ੍ਰਸਿੱਧ ਰਸਾਇਣ ਵਿਗਿਆਨੀ ਦਮਿੱਤਰੀ ਮੈਂਦਲੇਏਵ ਨੇ ਆਪਣੇ ਸਮੇਂ ਦੇ ਜਾਣੇ-ਪਛਾਣੇ ਤੱਤ—ਲੋਹਾ, ਸਿੱਕਾ, ਗੰਧਕ, ਪਾਰਾ ਆਦਿ ਦੇ ਅਧਿਐਨ ਦੇ ਆਧਾਰ 'ਤੇ, ਆਪਣੀ "ਤੱਤਾਂ ਦੀ ਆਵਰਣ-ਸਾਰਣੀ" ਦੀ ਰਚਨਾ ਕੀਤੀ, ਜਿਸ ਵਿੱਚ ਦੱਸਿਆ ਗਿਆ ਸੀ ਕਿ ਕੁਦਰਤ ਵਿੱਚ ਅਜੇ ਕਈ ਤੱਤ ਅਣਖੋਜੇ ਪਏ ਹਨ; ਉਸ ਨੇ ਇਨ੍ਹਾਂ ਅਗਿਆਤ ਤੱਤਾਂ ਦੇ ਅਨੁਪਾਤਿਕ ਭਾਰ ਬਾਰੇ ਵੀ ਸੰਕੇਤ ਦੇ ਦਿੱਤਾ ਸੀ। ਉਸ ਤੋਂ ਬਾਅਦ ਇਹ ਸਾਰੇ ਤੱਤ ਹੁਣ ਤੱਕ ਲੱਭੇ ਜਾ ਚੁੱਕੇ ਹਨ ਅਤੇ ਇਸ ਤੋਂ ਇਲਾਵਾ, ਮੈਂਦਲੇਏਵ ਦੀ ਕਾਰਜਵਿਧੀ ਨੇ ਹੋਰ ਵੀ ਕਈ ਨਵੇਂ ਤੱਤ ਲੱਭਣ ਵਿੱਚ ਮੱਦਦ ਕੀਤੀ ਹੈ, ਜਿਨ੍ਹਾਂ ਦੀ ਹੋਂਦ ਬਾਰੇ ਖੁਦ ਉਸ ਨੂੰ ਵੀ ਨਹੀਂ ਪਤਾ ਸੀ।

ਇੱਕ ਹੋਰ ਤੱਥ: ਮਹਾਨਤਮ ਲੇਖਕਾਂ ਵਿੱਚੋਂ ਇੱਕ ਫ਼ਰਾਂਸੀਸੀ ਲੇਖਕ ਓਨੋਰੇ ਦ ਬਾਲਜ਼ਾਕ ਨੇ ਆਪਣੀ ਇੱਕ ਕਿਤਾਬ ਵਿੱਚ ਲਿਖਿਆ ਹੈ ਕਿ ਉਨ੍ਹਾਂ ਦੇ ਵਿਚਾਰ ਅਨੁਸਾਰ ਮਨੁੱਖੀ ਸਰੀਰ ਵਿੱਚ ਕੁਝ ਪ੍ਰਬਲ ਰਿਸਣ ਪਦਾਰਥ, ਜਿਹੜੇ ਉਸ ਸਮੇਂ ਵਿਗਿਆਨ ਲਈ ਅਗਿਆਤ ਸਨ, ਕੰਮ ਕਰਦੇ ਹੋ ਸਕਦੇ ਹਨ, ਜਿਨ੍ਹਾਂ ਦੀ ਵਜ੍ਹਾ ਨਾਲ਼ ਮਨੁੱਖ ਦੀਆਂ ਭਿੰਨ-ਭਿੰਨ ਮਾਨਸਿਕ ਅਤੇ ਸਰੀਰਕ ਵਿਸ਼ੇਸ਼ਤਾਵਾਂ ਉਤਪੰਨ ਹੁੰਦੀਆਂ ਹਨ। ਕਈ ਦਹਾਕਿਆਂ ਬਾਅਦ ਮਨੁੱਖੀ ਸਰੀਰ-ਸਰੰਚਨਾ ਵਿੱਚ ਕਈ ਅਜਿਹੀਆਂ ਗ੍ਰੰਥੀਆਂ ਦਾ ਪਤਾ ਲੱਗਿਆ ਜੋ ਪਹਿਲਾਂ ਅਗਿਆਤ ਸਨ ਅਤੇ ਜਿਨ੍ਹਾਂ ਤੋਂ ਹਾਰਮੋਨ ਪੈਦਾ ਹੁੰਦੇ ਸਨ। ਇਸ ਤਰ੍ਹਾਂ ਅੰਤਰ-ਨਿਕਾਸੀ ਗ੍ਰੰਥੀਆਂ ਦੇ ਬੇਹੱਦ ਮਹੱਤਵਪੂਰਨ ਵਿਗਿਆਨ ਦੀ ਰਚਨਾ ਹੋਈ। ਵਿਗਿਆਨੀਆਂ ਅਤੇ ਪ੍ਰਮੁੱਖ ਲੇਖਕਾਂ ਦੀਆਂ ਰਚਨਾਤਮਕ ਸਰਗਰਮੀਆਂ ਦੇ ਇਸ ਤਰ੍ਹਾਂ ਦੇ ਤਾਲ-ਮੇਲ ਦੀਆਂ ਹੋਰ ਵੀ ਕਈ ਉਦਾਹਰਣਾਂ ਮਿਲ ਸਕਦੀਆਂ ਹਨ। ਲੋਮੋਨੋਸੋਵ ਅਤੇ ਗੇਟੇ, ਇਹ ਦੋਨੋਂ ਕਵੀ ਹੋਣ ਦੇ ਨਾਲ਼ ਨਾਲ਼ ਵਿਗਿਆਨੀ ਵੀ ਸਨ। ਨਾਵਲਕਾਰ ਸਟਰਿੰਡਬਰਗ ਵਾਂਗ, ਜਿਸ ਦਾ ਕੈਪਟਨ ਕੂਲ ਅਜਿਹਾ ਪਹਿਲਾ ਵਿਅਕਤੀ ਸੀ ਜਿਸ ਨੇ ਵਾਤਾਵਰਣ ਵਿੱਚੋਂ ਨਾਈਟ੍ਰੋਜਨ ਗੈਸ ਹਾਸਿਲ ਕਰਨ ਦੀ ਭਵਿੱਖਬਾਣੀ ਕੀਤੀ ਸੀ।

ਸਾਹਿਤਕ ਰਚਨਾਤਮਕਤਾ ਦੀ ਕਲਾ, ਜਿਸ ਦਾ ਸਬੰਧ ਪਾਤਰਾਂ ਅਤੇ "ਟਾਈਪਾਂ" ("types") ਦੀ ਰਚਨਾ ਨਾਲ਼ ਹੈ, ਕਲਪਨਾ ਸ਼ਕਤੀ ਅਤੇ ਨਿਰਮਾਣ-ਕੁਸ਼ਲਤਾ ਦੀ ਮੰਗ ਕਰਦੀ ਹੈ। ਜੇਕਰ ਲੇਖਕ ਆਪਣੇ ਕਿਸੇ ਜਾਣਕਾਰ ਦੁਕਾਨਦਾਰ, ਸਰਕਾਰੀ ਅਧਿਕਾਰੀ ਜਾਂ ਮਜ਼ਦੂਰ ਦਾ ਚਿਤਰਣ ਕਰਦਾ ਹੈ ਤਾਂ ਉਹ ਸਿਰਫ਼ ਇੱਕ ਹੀ ਵਿਅਕਤੀ ਦੀ ਘੱਟ ਜਾਂ ਵੱਧ ਭਰੋਸੇਯੋਗ ਤਸਵੀਰ ਖਿੱਚਦਾ ਹੈ ਅਤੇ ਇਹ ਇੱਕ ਤਸਵੀਰ ਤੋਂ ਵੱਧ ਹੋਰ ਕੁਝ ਨਹੀਂ ਹੋਵੇਗੀ। ਇਸ ਦਾ ਕੋਈ ਵੀ ਸਮਾਜਿਕ ਜਾਂ ਸਿੱਖਿਆਤਮਕ ਮਹੱਤਵ ਨਹੀਂ ਹੋਵੇਗਾ ਅਤੇ ਇਹ ਮਨੁੱਖ ਬਾਰੇ ਜਾਂ ਜ਼ਿੰਦਗੀ ਬਾਰੇ ਸਾਡੇ ਗਿਆਨ ਨੂੰ ਵਧਾਉਣ ਵਿੱਚ ਮੱਦਦਗਾਰ ਸਾਬਿਤ ਨਹੀਂ ਹੋ ਸਕਦੀ।

ਪਰ ਜੇ ਲੇਖਕ ਵੀਹ, ਪੰਜਾਹ ਜਾਂ ਸੌ ਦੁਕਾਨਦਾਰਾਂ, ਸਰਕਾਰੀ ਅਧਿਕਾਰੀਆਂ ਅਤੇ

ਮਜ਼ਦੂਰਾਂ ਦੇ ਵਿਸ਼ੇਸ਼ ਜਮਾਤੀ ਲੱਛਣ, ਆਦਤਾਂ, ਸ਼ੌਕ, ਖਾਸ ਹਰਕਤਾਂ, ਵਿਸ਼ਵਾਸ ਅਤੇ ਗੱਲਬਾਤ ਦੇ ਅੰਦਾਜ਼ ਦਾ ਨਿਚੋੜ ਕੱਢਣ ਵਿੱਚ ਅਤੇ ਉਸ ਨੂੰ ਇੱਕ ਦੁਕਾਨਦਾਰ, ਸਰਕਾਰੀ ਅਧਿਕਾਰੀ ਜਾਂ ਮਜ਼ਦੂਰ ਦੀ ਸ਼ਖ਼ਸ਼ੀਅਤ ਵਿੱਚ ਕੇਂਦਰਤ ਕਰਨ ਜਾਂ ਸਮੇਟ ਲੈਣ ਵਿੱਚ ਕਾਮਯਾਬ ਹੋ ਜਾਂਦਾ ਹੈ, ਤਾਂ ਉਹ ਇੱਕ 'ਟਾਈਪ' ("ਨਮੂਨੇ") ਦੀ ਰਚਨਾ ਕਰਦਾ ਹੈ ਅਤੇ ਇਹੀ ਕਲਾ ਹੈ। ਕਲਾਕਾਰ ਨੂੰ ਉਸ ਦੀ ਨਿਰੀਖਣ-ਯੋਗਤਾ ਦਾ ਦਾਇਰਾ ਅਤੇ ਉਸ ਦਾ ਅਮੀਰ ਤਜ਼ਰਬਾ ਅਕਸਰ ਅਜਿਹੀ ਤਾਕਤ ਪ੍ਰਦਾਨ ਕਰਦੇ ਹਨ ਕਿ ਜੋ ਤੱਥਾਂ ਪ੍ਰਤੀ ਉਸ ਦੇ ਨਿੱਜੀ ਰਵੱਈਏ ਜਾਂ ਦੂਜੇ ਸ਼ਬਦਾਂ ਵਿੱਚ ਉਸ ਦੀ ਅੰਤਰਮੁਖਤਾ ਨਾਲ਼ੋਂ ਜ਼ਿਆਦਾ ਭਾਰੀ ਹੁੰਦੀ ਹੈ। ਅੰਤਰਮੁਖੀ ਰੂਪ ਵਿੱਚ ਬਾਲਜ਼ਾਕ ਬੁਰਜੂਆ ਸਮਾਜਿਕ ਪ੍ਰਣਾਲੀ ਦੇ ਹਮਾਇਤੀ ਸਨ, ਪਰ ਆਪਣੀਆਂ ਕ੍ਰਿਤਾਂ ਵਿੱਚ ਉਨ੍ਹਾਂ ਨੇ ਨਿੱਕ ਬੁਰਜੂਆ ਲੋਕਾਂ ਦੇ ਨੀਚ ਅਤੇ ਅਸ਼ਿਸ਼ਟ ਸੁਭਾਅ ਦਾ ਹੈਰਾਨੀਜਨਕ ਅਤੇ ਬੇਕਿਰਕ ਚਿਤਰਣ ਕੀਤਾ ਹੈ। ਅਜਿਹੀਆਂ ਕਈ ਮਿਸਾਲਾਂ ਮਿਲਦੀਆਂ ਹਨ ਜਿਸ ਵਿੱਚ ਲੇਖਕਾਂ ਨੇ ਆਪਣੀ ਜਮਾਤ ਅਤੇ ਆਪਣੇ ਸਮੇਂ ਦੇ ਬਾਹਰਮੁਖੀ ਇਤਿਹਾਸਕਾਰਾਂ ਦੀ ਭੂਮਿਕਾ ਨਿਭਾਈ ਹੈ। ਅਜਿਹੇ ਮਾਮਲਿਆਂ ਵਿੱਚ ਉਨ੍ਹਾਂ ਦੀਆਂ ਕ੍ਰਿਤਾਂ ਅਸਲ ਵਿੱਚ ਪ੍ਰਬੁੱਧ ਪ੍ਰਕਿਰਤੀ-ਵਿਗਿਆਨੀਆਂ ਦੀਆਂ ਕ੍ਰਿਤਾਂ ਦੇ ਬਰਾਬਰ ਹੁੰਦੀਆਂ ਹਨ ਜਿਹੜੇ ਪਸ਼ੂਆਂ ਦੇ ਭੋਜਨ, ਜਿਉਂਦੇ ਰਹਿਣ, ਉਨ੍ਹਾਂ ਦੇ ਪੁਨਰ-ਉਤਪਾਦਨ ਅਤੇ ਪਤਣ ਦੀਆਂ ਹਾਲਤਾਂ ਦਾ ਅਧਿਐਨ ਅਤੇ ਉਨ੍ਹਾਂ ਦੇ ਜਿਉਂਦੇ ਰਹਿਣ ਦੇ ਵਹਿਸ਼ੀ ਸੰਘਰਸ਼ ਦਾ ਵਰਣਨ ਕਰਦੇ ਹਨ।

ਆਪਣੀ ਹੋਂਦ ਬਣਾਈ ਰੱਖਣ ਦੇ ਸੰਘਰਸ਼ ਵਿੱਚ ਮਨੁੱਖ ਦੀ ਸਹਿਜ-ਪ੍ਰਵਿਰਤੀ ਨੇ ਉਸ ਵਿੱਚ ਦੋ ਬਲਵਾਨ ਰਚਨਾਤਮਕ ਸ਼ਕਤੀਆਂ ਵਿਕਸਤ ਕੀਤੀਆਂ ਹਨ—ਗਿਆਨ ਅਤੇ ਕਲਪਨਾ। ਗਿਆਨ, ਸਮਝਣ ਦੀ ਤਾਕਤ, ਦਾ ਅਰਥ ਹੈ ਕੁਦਰਤੀ ਵਰਤਾਰਿਆਂ ਅਤੇ ਸਮਾਜਿਕ ਜੀਵਨ ਦੇ ਤੱਥਾਂ ਦਾ ਨਿਰੀਖਣ, ਤੁਲਨਾ ਅਤੇ ਅਧਿਐਨ ਕਰਨ ਦੀ ਯੋਗਤਾ। ਇੱਕ ਸ਼ਬਦ ਵਿੱਚ ਕਹਿਣਾ ਹੋਵੇ ਤਾਂ ਗਿਆਨ ਦਾ ਅਰਥ ਹੈ ਸੋਚਣਾ। ਆਪਣੇ ਸਾਰਤੱਤ ਵਿੱਚ ਕਲਪਨਾ ਵੀ ਸੰਸਾਰ ਬਾਰੇ ਇੱਕ ਤਰ੍ਹਾਂ ਦੀ ਸੋਚਣ-ਵਿਧੀ ਹੀ ਹੈ ਪਰ ਇਹ ਬਿੰਬਾਂ ਵਿੱਚ ਸੋਚਣਾ ਹੁੰਦਾ ਹੈ। ਕਿਹਾ ਜਾ ਸਕਦਾ ਹੈ ਕਿ ਕਲਪਨਾ ਦਾ ਮਤਲਬ ਚੀਜ਼ਾਂ ਅਤੇ ਕੁਦਰਤ ਦੀਆਂ ਬੁਨਿਆਦੀ ਤਾਕਤਾਂ ਨਾਲ਼ ਮਨੁੱਖੀ ਗੁਣ, ਭਾਵਨਾਵਾਂ ਅਤੇ ਇੱਥੋਂ ਤੱਕ ਕਿ ਇਰਾਦੇ ਵੀ ਜੋੜ ਦੇਣ ਦੀ ਯੋਗਤਾ ਹੁੰਦੀ ਹੈ।

ਅਸੀਂ, ਸੁਣਦੇ ਹਾਂ ਅਤੇ ਬੋਲਦੇ ਹਾਂ ਕਿ 'ਹਵਾ ਚੀਖ਼ ਰਹੀ ਹੈ ਜਾਂ ਹਉਕੇ ਭਰ ਰਹੀ ਹੈ', 'ਚਾਨਣੀ ਸੋਚਾਂ ਵਿੱਚ ਡੁੱਬੀ ਹੈ', 'ਨਦੀ ਅਠਖੇਲੀਆਂ ਕਰਦੀ ਜਾਂ ਗੁਣਗੁਣਾ ਰਹੀ ਹੈ' ਅਤੇ ਇਸੇ ਤਰ੍ਹਾਂ ਦੇ ਹੋਰ ਬਹੁਤ ਸਾਰੇ ਪ੍ਰਗਟਾਅ, ਜਿਨ੍ਹਾਂ ਦਾ ਮਕਸਦ ਕੁਦਰਤੀ ਵਰਤਾਰਿਆਂ ਨੂੰ ਹੋਰ ਵਧੇਰੇ ਸਜੀਵ ਬਣਾ ਕੇ ਪੇਸ਼ ਕਰਨਾ ਹੈ।

ਇਸ ਨੂੰ ਮਨੁੱਖੀਕਰਨ (anthropomorphism) ਕਹਿੰਦੇ ਹਨ। ਇਹ ਦੋ ਯੂਨਾਨੀ ਸ਼ਬਦਾਂ anthropos, ਜਿਸ ਦਾ ਅਰਥ ਹੈ ਮਨੁੱਖ ਅਤੇ morphe, ਜਿਸ ਦਾ ਅਰਥ ਹੈ ਰੂਪ ਜਾਂ ਮੂਰਤ, ਤੋਂ ਬਣਿਆ ਹੈ। ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਮਨੁੱਖ ਕੋਲ, ਜੋ ਕੁਝ ਵੀ ਉਹ ਦੇਖਦਾ ਹੈ ਉਸ ਨਾਲ਼ ਮਨੁੱਖੀ ਗੁਣ ਜੋੜ ਕੇ ਦੇਖਣ ਦਾ ਇੱਕ ਖਾਸ ਢੰਗ ਹੈ।

ਉਸ ਦੀ ਕਲਪਨਾ ਹੀ ਸਾਰੇ ਕੁਦਰਤੀ ਵਰਤਾਰਿਆਂ ਨੂੰ, ਮਨੁੱਖੀ ਕਿਰਤ ਅਤੇ ਮਨ ਦੀਆਂ ਰਚਨਾਵਾਂ ਨੂੰ ਇਹ ਗੁਣ ਬਖ਼ਸ਼ਦੀ ਹੈ। ਅਜਿਹੇ ਵੀ ਲੋਕ ਹਨ ਜੋ ਇਹ ਸੋਚਦੇ ਹਨ ਕਿ ਮਨੁੱਖੀਕਰਣ ਦੀ ਸਾਹਿਤ ਵਿੱਚ ਕੋਈ ਥਾਂ ਨਹੀਂ ਹੋਣੀ ਚਾਹੀਦੀ, ਸਗੋਂ ਇਸ ਨੂੰ ਸਾਹਿਤ ਲਈ ਹਾਨੀਕਾਰਕ ਵੀ ਮੰਨਦੇ ਹਨ, ਪਰ ਇਹੀ ਲੋਕ ਇਹ ਵੀ ਕਹਿੰਦੇ ਹਨ ਕਿ, "ਪਾਲਾ ਕੰਨਾਂ ਨੂੰ ਖਾ ਰਿਹਾ ਹੈ", "ਸੂਰਜ ਮੁਸਕਰਾਇਆ", "ਮਈ ਆ ਗਈ" ਅਤੇ ਇੱਥੋਂ ਤੱਕ ਕਿ "ਸਨਕੀ ਮੌਸਮ" ਦੀਆਂ ਗੱਲਾਂ ਵੀ ਕਰਦੇ ਹਨ, ਭਾਵੇਂ ਕਿ ਮੌਸਮ ਦੇ ਸਬੰਧ ਵਿੱਚ ਨੈਤਿਕ ਮਾਪਦੰਢ ਅਖ਼ਤਿਆਰ ਕਰਨਾ ਅਸੰਭਵ ਹੈ।

ਇੱਕ ਯੂਨਾਨੀ ਦਾਰਸ਼ਨਿਕ ਜ਼ੀਨੋਫੇਨਜ਼ ਨੇ ਕਿਹਾ ਸੀ ਕਿ ਜੇ ਜਾਨਵਰਾਂ ਵਿੱਚ ਕਲਪਨਾ-ਸ਼ਕਤੀ ਹੁੰਦੀ ਤਾਂ ਸ਼ੇਰ ਇਹ ਸੋਚਦੇ ਕਿ ਰੱਬ ਇੱਕ ਬਹੁਤ ਵੱਡਾ ਅਤੇ ਅਜਿੱਤ ਸ਼ੇਰ ਹੈ, ਚੂਹੇ ਉਸ ਦਾ ਚਿਤਰਣ ਇੱਕ ਚੂਹੇ ਵਜੋਂ ਕਰਦੇ, ਵਗੈਰਾ-ਵਗੈਰਾ। ਮੱਛਰਾਂ ਦਾ ਰੱਬ ਸ਼ਾਇਦ ਇੱਕ ਮੱਛਰ ਹੁੰਦਾ ਅਤੇ ਇਸੇ ਤਰ੍ਹਾਂ ਤਪਦਿਕ ਦੇ ਜੀਵਾਣੂ ਦਾ ਰੱਬ ਇੱਕ ਜੀਵਾਣੂ ਹੋਵੇਗਾ। ਮਨੁੱਖ ਨੇ ਆਪਣੇ ਰੱਬ ਨੂੰ ਜਾਣੀ-ਜਾਣ, ਸਰਬ-ਸ਼ਕਤੀਮਾਨ ਅਤੇ ਸਰਬ-ਸਿਰਜਣਹਾਰ ਬਣਾ ਦਿੱਤਾ ਹੈ, ਦੂਸਰੇ ਸ਼ਬਦਾਂ ਵਿੱਚ, ਉਸ ਨੇ ਆਪਣੀਆਂ ਸਰਵੋਤਮ ਅਕਾਂਖਿਆਵਾਂ ਉਸ ਵਿੱਚ ਮੂਰਤੀਮਾਨ ਕਰ ਦਿੱਤੀਆਂ ਹਨ। ਰੱਬ ਹੋਰ ਕੁਝ ਨਹੀਂ ਬਸ ਮਨੁੱਖ ਦੀ ਇੱਕ ਘੜਤ ਹੈ, ਜੋ "ਜ਼ਿੰਦਗੀ ਦੀ ਨੀਰਸ ਕੰਗਾਲੀ" ਅਤੇ ਜ਼ਿੰਦਗੀ ਨੂੰ ਵਧੇਰੇ ਖੁਸ਼ਹਾਲ, ਸੁਵਿਧਾਜਨਕ, ਜ਼ਿਆਦਾ ਨਿਆਂਪੂਰਨ ਅਤੇ ਚੰਗੀ ਬਣਾਉਣ ਦੀ ਮਨੁੱਖ ਦੀ ਧੁੰਦਲੀ ਜਿਹੀ ਤਾਂਘ ਵਿੱਚੋਂ ਪੈਦਾ ਹੋਈ ਹੈ। ਰੱਬ ਨੂੰ ਨਿੱਤ-ਦਿਹਾੜੀ ਦੀ ਸਾਧਾਰਨ ਜ਼ਿੰਦਗੀ ਤੋਂ ਉੱਪਰ ਰੱਖਿਆ ਗਿਆ ਹੈ, ਕਿਉਂਕਿ ਮਨੁੱਖਾਂ ਦੇ ਸਭ ਤੋਂ ਵਧੀਆ ਗੁਣਾਂ ਅਤੇ ਇੱਛਾਵਾਂ ਨੂੰ ਜੀਵਨ ਦੇ ਯਥਾਰਥ ਵਿੱਚ ਕੋਈ ਥਾਂ ਨਹੀਂ ਮਿਲਿਆ — ਜੀਵਨ, ਜਿਹੜਾ ਜੀਵਨ-ਨਿਰਬਾਹ ਦੇ ਕਠੋਰ ਸੰਘਰਸ਼ ਦਾ ਮਹਿਜ਼ ਇੱਕ ਦ੍ਰਿਸ਼ ਬਣਿਆ ਹੋਇਆ ਸੀ।

ਅਖ਼ੀਰ, ਅਸੀਂ ਦੇਖਦੇ ਹਾਂ ਕਿ ਜਦੋਂ ਮਜ਼ਦੂਰ ਜਮਾਤ ਦੇ ਹਰਾਵਲਾਂ ਨੇ ਇਹ ਸਮਝ ਲਿਆ ਕਿ ਜੀਵਨ ਦਾ ਪੁਨਰ-ਨਿਰਮਾਣ ਕਿਸ ਤਰ੍ਹਾਂ ਕਰਨਾ ਚਾਹੀਦਾ ਹੈ ਤਾਂ ਕਿ ਬਿਨਾਂ ਕਿਸੇ ਰੁਕਾਵਟ ਤੋਂ ਬਿਹਤਰੀਨ ਮਨੁੱਖੀ-ਗੁਣਾਂ ਦਾ ਵਿਕਾਸ ਹੋ ਸਕੇ, ਤਾਂ ਰੱਬ ਇੱਕ ਫਾਲਤੂ ਚੀਜ਼ ਬਣ ਗਿਆ, ਜਿਸ ਨੇ ਆਪਣੀ ਪੂਰੀ ਉਮਰ ਭੋਗ ਲਈ ਸੀ। ਹੁਣ ਉਨ੍ਹਾਂ ਵਿਚਲੇ ਸਰਵੋਤਮ ਗੁਣਾਂ ਨੂੰ ਰੱਬ ਦੇ ਰੂਪ ਵਿੱਚ ਪ੍ਰਗਟ ਕਰਨ ਦੀ ਜ਼ਰੂਰਤ ਨਹੀਂ ਰਹੀ, ਕਿਉਂਕਿ ਉਸ ਸਰਵੋਤਮ ਨੂੰ ਹੁਣ ਸਜੀਵ ਅਤੇ ਲੌਕਿਕ ਯਥਾਰਥ ਵਿੱਚ ਬਦਲਿਆ ਜਾ ਸਕਦਾ ਸੀ।

ਰੱਬ ਦੀ ਰਚਨਾ ਸਾਹਿਤ ਦੇ "ਟਾਈਪਾਂ" ਵਾਂਗ ਅਮੂਰਤੀਕਰਨ ਅਤੇ ਮੂਰਤੀਕਰਨ ਦੇ ਨਿਯਮਾਂ ਮੁਤਾਬਿਕ ਕੀਤੀ ਗਈ ਹੈ। ਕਈ ਸੂਰਮਿਆਂ ਦੇ ਵਿਸ਼ੇਸ਼ ਕਾਰਨਾਮਿਆਂ ਨੂੰ ਸੰਘਣਾ ਜਾਂ "ਅਮੂਰਤੀਕ੍ਰਿਤ" ਕਰਕੇ ਇੱਕ ਨਾਇਕ ਦੀ ਸਖ਼ਸ਼ੀਅਤ ਵਿੱਚ, ਮੰਨ ਲਓ ਹਰਕਿਊਲਸ ਜਾਂ ਪੌਰਾਣਿਕ ਰੂਸੀ ਕਿਸਾਨ ਨਾਇਕ ਇਲਿਆ ਮੂਰੋਮੇਤ ਦੇ ਰੂਪ ਵਿੱਚ ਮੂਰਤੀਮਾਨ ਕੀਤਾ ਜਾਂਦਾ ਹੈ ਜਾਂ ਉਹਨਾਂ ਨੂੰ ਠੋਸ ਸ਼ਕਲ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਕਿਸੇ ਵਪਾਰੀ, ਕੁਲੀਨ ਪੁਰਸ਼ ਜਾਂ ਕਿਸਾਨ ਦੇ ਵਿਲੱਖਣ ਗੁਣਾਂ ਨੂੰ ਨਿਖੇੜ ਕੇ ਉਨ੍ਹਾਂ ਨਾਲ਼ ਕਿਸੇ ਇੱਕ ਵਪਾਰੀ,

ਕੁਲੀਨ ਪੁਰਸ਼ ਜਾਂ ਕਿਸਾਨ ਦਾ ਪ੍ਰਤੀਰੂਪ ਬਣਾਇਆ ਜਾਂਦਾ ਹੈ—ਦੂਜੇ ਸ਼ਬਦਾਂ ਵਿੱਚ ਇੱਕ ਸਾਹਿਤਕ 'ਟਾਈਪ' ਦੀ ਰਚਨਾ ਕੀਤੀ ਜਾਂਦੀ ਹੈ।

ਇਸੇ ਤਰ੍ਹਾਂ ਫਾਊਸਟ, ਹੈਮਲਟ ਅਤੇ ਡਾਨ ਕਿਉਗਜ਼ੋਟ ਦੀ ਰਚਨਾ ਕੀਤੀ ਗਈ ਸੀ ਅਤੇ ਇਸੇ ਤਰ੍ਹਾਂ ਤਾਲਸਤਾਏ ਨੇ ਨਿਮਾਣੇ ਅਤੇ ਰੱਬ ਤੋਂ ਡਰਨ ਵਾਲ਼ੇ ਪਲਾਤੋਨ ਕਰਾਤਾਯੇਵ* ਦੀ, ਦੋਸਤੋਯੇਵਸਕੀ ਨੇ ਆਪਣੇ ਕਰਾਮਾਜ਼ੋਵ ਅਤੇ ਸਵਿਦਰੀਗਾਈਲੋਵ ਅਤੇ ਗੋਂਚਾਰੋਵ ਨੇ ਆਪਣੇ ਓਬਲੋਮੋਵ ਦੀ ਰਚਨਾ ਕੀਤੀ ਸੀ।

ਇਹ ਲੋਕ ਅਸਲ ਵਿੱਚ ਕਦੇ ਨਹੀਂ ਹੋਏ, ਪਰ ਉਨ੍ਹਾਂ ਵਰਗੇ ਹੋਰ ਕਈ ਸਨ ਅਤੇ ਅੱਜ ਵੀ ਹਨ, ਸਿਰਫ਼ ਉਨ੍ਹਾਂ ਨਾਲ਼ੋਂ ਕਿਤੇ ਜ਼ਿਆਦਾ ਤੁੱਛ ਅਤੇ ਬੌਣੇ। ਜਿਵੇਂ ਭਵਨ ਨਿਰਮਾਤਾ ਇੱਕ-ਇੱਕ ਇੱਟ ਜੋੜ ਕੇ ਮੀਨਾਰ ਅਤੇ ਮੰਦਰਾਂ ਦਾ ਨਿਰਮਾਣ ਕਰਦੇ ਹਨ, ਲੇਖਕਾਂ ਨੇ ਸਾਹਿਤਕ 'ਟਾਈਪਾਂ' ਦੀ ਰਚਨਾ ਕੀਤੀ ਹੈ ਜਿਹੜੇ ਕੁਝ ਮਨੁੱਖੀ ਗੁਣਾਂ ਦਾ ਮੁਜੱਸਮਾ ਬਣ ਗਏ ਹਨ। ਆਪਾਂ ਇੱਕ ਝੂਠੇ ਆਦਮੀ ਨੂੰ ਖਲੇਸਤਾਕੋਵ** ਕਹਿੰਦੇ ਹਾਂ। ਜਦਕਿ ਕਿਸੇ ਚਾਪਲੂਸ ਨੂੰ ਮੋਲਚਾਲਿਨ***, ਪਖੰਡੀ ਨੂੰ ਤਰਤੂਫ ਅਤੇ ਕਿਸੇ ਈਰਖਾਲੂ ਨੂੰ ਓਥੈਲੋ ਕਹਿੰਦੇ ਹਾਂ। ਇਹ ਸੂਚੀ ਹੋਰ ਵਧਾਈ ਜਾ ਸਕਦੀ ਹੈ।

ਸਾਹਿਤ ਵਿੱਚ ਦੋ ਤਰ੍ਹਾਂ ਦੀਆਂ ਧਾਰਾਵਾਂ ਜਾਂ ਸਕੂਲ ਪਾਏ ਜਾਂਦੇ ਹਨ; ਰੋਮਾਂਸਵਾਦ ਅਤੇ ਯਥਾਰਥਵਾਦ। ਯਥਾਰਥਵਾਦ ਦਾ ਅਰਥ ਹੈ ਲੋਕਾਂ ਦੀ ਅਤੇ ਉਨ੍ਹਾਂ ਦੀਆਂ ਜੀਵਨ ਹਾਲਤਾਂ ਦੀ ਸੱਚੀ-ਸੁੱਚੀ ਅਤੇ ਬਿਨਾਂ ਕਿਸੇ ਰੰਗ-ਰੋਗਨ ਤੋਂ ਪੇਸ਼ਕਾਰੀ। ਰੋਮਾਂਸਵਾਦ ਦੀਆਂ ਕਈ ਪਰਿਭਾਸ਼ਾਵਾਂ ਪੇਸ਼ ਕੀਤੀਆਂ ਗਈਆਂ ਹਨ ਪਰ ਅਜੇ ਤੱਕ ਅਜਿਹੀ ਕੋਈ ਸਹੀ-ਸਹੀ ਜਾਂ ਵਿਆਪਕ ਪਰਿਭਾਸ਼ਾ ਨਹੀਂ ਮਿਲ਼ੀ ਜੋ ਸਾਹਿਤ ਦੇ ਸਾਰੇ ਇਤਿਹਾਸਕਾਰਾਂ ਨੂੰ ਸੰਤੁਸ਼ਟ ਕਰ ਸਕੇ। ਰੋਮਾਂਸਵਾਦ ਵਿੱਚ ਦੋ ਪੂਰੀ ਤਰ੍ਹਾਂ ਵਿਰੋਧੀ ਪ੍ਰਵਿਰਤੀਆਂ ਵਿੱਚ ਭੇਦ ਕਰਨਾ ਚਾਹੀਦਾ ਹੈ, ਸਰਗਰਮ ਅਤੇ ਉਦਾਸੀਨ।

ਉਦਾਸੀਨ ਰੋਮਾਂਸਵਾਦ ਮਨੁੱਖ ਦੇ ਜੀਵਨ ਨੂੰ ਸ਼ਿੰਗਾਰ ਕੇ ਉਸ ਨੂੰ ਸੰਤੁਸ਼ਟ ਕਰਨ ਜਾਂ ਉਸ ਦੀ ਆਲ਼ੇ-ਦੁਆਲ਼ੇ ਦੀ ਦੁਨੀਆਂ ਤੋਂ ਉਸ ਦਾ ਧਿਆਨ ਹਟਾਉਣ ਦੀ ਕੋਸ਼ਿਸ਼ ਕਰਦਾ ਹੈ ਅਤੇ ਉਸ ਨੂੰ ਅੰਦਰੂਨੀ ਜਗਤ ਦੇ ਬਾਂਝ ਆਤਮ-ਦਰਸ਼ਨ, 'ਜ਼ਿੰਦਗੀ ਦੀਆਂ ਹੱਲ ਨਾ ਹੋ ਸਕਣ ਵਾਲ਼ੀਆਂ ਬੁਝਾਰਤਾਂ' ਜਿਵੇਂ ਪਿਆਰ, ਮੌਤ ਅਤੇ ਹੋਰ ਮਹੀਨ ਸਮੱਸਿਆਵਾਂ ਦੇ ਚਿੰਤਨ ਵਿੱਚ ਉਲਝਾਉਂਦਾ ਹੈ। ਇਹ ਅਜਿਹੀਆਂ ਸਮੱਸਿਆਵਾਂ ਹਨ ਜਿਨ੍ਹਾਂ ਨੂੰ ਚਿੰਤਨ ਅਤੇ ਮਨਨ ਨਾਲ਼ ਨਹੀਂ ਬਲਕਿ ਵਿਗਿਆਨ ਦੁਆਰਾ ਹੀ ਹੱਲ ਕੀਤਾ ਜਾ ਸਕਦਾ ਹੈ। ਸਰਗਰਮ ਰੋਮਾਂਸਵਾਦ ਮਨੁੱਖ ਦੀ ਜੀਣ ਦੀ ਇੱਛਾ ਨੂੰ ਦ੍ਰਿੜ ਬਣਾਉਂਦਾ ਹੈ, ਆਲ਼ੇ-ਦੁਆਲ਼ੇ ਦੀ ਜ਼ਿੰਦਗੀ ਅਤੇ ਉਸ ਦੇ ਹਰ ਤਰ੍ਹਾਂ ਦੇ ਸ਼ੋਸ਼ਣ ਖਿਲਾਫ਼ ਵਿਦਰੋਹ ਦੀ ਭਾਵਨਾ ਜਗਾਉਂਦਾ ਹੈ।

ਕੁਝ ਵੀ ਹੋਵੇ, ਪੂਰੀ ਅਚੂਕਤਾ ਨਾਲ਼ ਇਹ ਕਹਿਣਾ ਮੁਸ਼ਕਿਲ ਹੈ ਕਿ ਬਾਲਜ਼ਾਕ,

---

* ਪਲਾਤੋਨ ਕਾਰਾਤਾਯੇਵ—ਤਾਲਸਤਾਏ ਦੇ ਨਾਵਲ 'ਜੰਗ ਤੇ ਅਮਨ' ਦਾ ਪਾਤਰ।

** ਖਲੇਸਤਾਕੋਵ—ਗੋਗੋਲ ਦੀ ਕਾਮੇਡੀ 'ਇੰਸਪੈਕਟਰ-ਜਨਰਲ' ਦਾ ਮੁੱਖ ਪਾਤਰ।

*** ਮੋਲਚਾਲਿਨ—ਗਰੀਬੋਯੇਦੋਵ ਦੀ ਇੱਕ ਕਾਮੇਡੀ ਦਾ ਪਾਤਰ।

ਤੁਰਗਨੇਵ, ਤਾਲਸਤਾਏ, ਗੋਗੋਲ, ਲੇਸਕੋਵ ਜਾਂ ਚੈਖ਼ਵ ਵਰਗੇ ਮਹਾਨ ਲੇਖਕ ਰੋਮਾਂਸਵਾਦੀ ਸਨ ਜਾਂ ਯਥਾਰਥਵਾਦੀ, ਕਿਉਂਕਿ ਮਹਾਨ ਲੇਖਕਾਂ ਦੀਆਂ ਰਚਨਾਵਾਂ ਵਿੱਚ ਰੋਮਾਂਸਵਾਦ ਅਤੇ ਯਥਾਰਥਵਾਦ ਹਮੇਸ਼ਾ ਇੱਕ ਦੂਜੇ ਨਾਲ਼ ਘੁਲੇ-ਮਿਲੇ ਹੁੰਦੇ ਹਨ। ਬਾਲਜ਼ਾਕ ਯਥਾਰਥਵਾਦੀ ਸਨ, ਪਰ ਉਨ੍ਹਾਂ ਨੇ *La peau de chagrin* (ਟੱਟੂ ਦੀ ਖੱਲ) ਵਰਗੇ ਨਾਵਲ ਵੀ ਲਿਖੇ, ਅਜਿਹੀ ਕਹਾਣੀ ਜੋ ਯਥਾਰਥਵਾਦ ਤੋਂ ਕੋਹਾਂ ਦੂਰ ਹੈ। ਤੁਰਗਨੇਵ ਨੇ ਵੀ ਰੋਮਾਨੀ ਅੰਦਾਜ਼ ਵਿੱਚ ਲਿਖਿਆ ਹੈ ਅਤੇ ਗੋਗੋਲ ਤੋਂ ਲੈ ਕੇ ਚੈਖ਼ਵ ਅਤੇ ਬੂਨਿਨ ਤੱਕ ਸਾਡੇ ਸਾਰੇ ਪ੍ਰਮੁੱਖ ਲੇਖਕਾਂ ਨੇ ਵੀ ਇਸੇ ਤਰ੍ਹਾਂ ਲਿਖਿਆ ਹੈ। ਰੋਮਾਂਸਵਾਦ ਅਤੇ ਯਥਾਰਥਵਾਦ ਦਾ ਇਹ ਸੰਯੋਜਨ ਸਾਡੇ ਮਹਾਨ ਸਾਹਿਤ ਦੀ ਵੱਡੀ ਵਿਸ਼ੇਸ਼ਤਾ ਰਹੀ ਹੈ ਅਤੇ ਇਸੇ ਨੇ ਇਸ ਨੂੰ (ਸਾਹਿਤ ਨੂੰ) ਅਜਿਹੀ ਮੌਲਿਕਤਾ ਅਤੇ ਸ਼ਕਤੀ ਪ੍ਰਦਾਨ ਕੀਤੀ ਹੈ ਜਿਸ ਦਾ ਕੁੱਲ ਸੰਸਾਰ ਦੇ ਸਾਹਿਤ 'ਤੇ ਕਾਫ਼ੀ ਜ਼ਿਆਦਾ ਅਤੇ ਡੂੰਘਾ ਅਸਰ ਪੈ ਰਿਹਾ ਹੈ।

ਸਾਥੀਓ, ਜੇਕਰ ਤੁਸੀਂ, ਇਸ ਸਵਾਲ 'ਤੇ ਗੌਰ ਕਰੋਂ ਕਿ "ਲਿਖਣ ਦੀ ਪ੍ਰੇਰਣਾ ਕਿਉਂ ਪੈਦਾ ਹੁੰਦੀ ਹੈ?" ਤਾਂ ਯਥਾਰਥਵਾਦ ਅਤੇ ਰੋਮਾਂਸਵਾਦ ਦਾ ਸਬੰਧ ਤੁਹਾਨੂੰ ਵਧੇਰੇ ਸਪੱਸ਼ਟ ਹੋ ਜਾਵੇਗਾ। ਇਸ ਸਵਾਲ ਦੇ ਦੋ ਜਵਾਬ ਹਨ, ਜਿਨ੍ਹਾਂ 'ਚੋਂ ਇੱਕ ਮੇਰੇ ਨਾਲ਼ ਪੱਤਰ-ਵਿਹਾਰ ਕਰਨ ਵਾਲ਼ੀ ਇੱਕ ਮਜ਼ਦੂਰ ਦੀ 15 ਸਾਲਾਂ ਦੀ ਬੇਟੀ ਨੇ ਦਿੱਤਾ ਹੈ। ਆਪਣੀ ਇੱਕ ਚਿੱਠੀ ਵਿੱਚ ਉਸ ਨੇ ਲਿਖਿਆ:

"ਮੈਂ 15 ਸਾਲ ਦੀ ਹਾਂ, ਪਰ ਇੰਨੀ ਘੱਟ ਉਮਰ ਵਿੱਚ ਹੀ ਮੇਰੇ ਅੰਦਰ ਲੇਖਕ ਦੀ ਪ੍ਰਤਿਭਾ ਪੈਦਾ ਹੋ ਗਈ ਹੈ, ਜਿਸ ਦਾ ਕਾਰਨ ਹੈ ਦਮਨਕਾਰੀ ਨੀਰਸ ਜ਼ਿੰਦਗੀ।"

ਜ਼ਾਹਿਰ ਹੈ ਕਿ "ਲੇਖਕ ਦੀ ਪ੍ਰਤਿਭਾ" ਦੀ ਬਜਾਏ "ਲਿਖਣ ਦੀ ਇੱਛਾ" ਕਹਿਣਾ ਜ਼ਿਆਦਾ ਸਹੀ ਹੋਵੇਗਾ ਤਾਂ ਕਿ ਇਸ "ਦਮਨਕਾਰੀ ਨੀਰਸ ਜ਼ਿੰਦਗੀ" ਨੂੰ ਆਪਣੀ ਕਲਪਨਾ ਦੁਆਰਾ ਥੋੜ੍ਹਾ ਜਿਹਾ "ਸੋਹਣਾ" ਬਣਾਇਆ ਜਾ ਸਕੇ। ਸਵਾਲ ਉੱਠਦਾ ਹੈ: "ਅਜਿਹੀ ਜ਼ਿੰਦਗੀ ਦੀਆਂ ਹਾਲਤਾਂ ਵਿੱਚ ਕੋਈ ਕਿਸ ਚੀਜ਼ ਬਾਰੇ ਲਿਖ ਸਕਦਾ ਹੈ?"

ਇਸ ਸਵਾਲ ਦਾ ਜਵਾਬ ਵੋਲਗਾ, ਉਰਾਲ ਖੇਤਰ ਅਤੇ ਸਾਇਬੇਰੀਆ ਵਿੱਚ ਵਸੀਆਂ ਅਨੇਕਾਂ ਕੌਮਾਂ ਤੋਂ ਮਿਲਦਾ ਹੈ। ਕੱਲ ਤੱਕ ਉਨ੍ਹਾਂ ਵਿੱਚੋਂ ਬਹੁਤਿਆਂ ਕੋਲ ਆਪਣੀ ਲਿਪੀ ਵੀ ਨਹੀਂ ਸੀ, ਪਰ ਫਿਰ ਵੀ ਸਾਡੇ ਸਮੇਂ ਤੋਂ ਕਿੰਨੀਆਂ ਹੀ ਸਦੀਆਂ ਪਹਿਲਾਂ ਉਨ੍ਹਾਂ ਨੇ ਸੰਘਣੇ ਜੰਗਲ਼ਾਂ, ਦਲਦਲੀ ਇਲਾਕਿਆਂ, ਪੂਰਬ ਦੀਆਂ ਬੰਜਰ ਸਤੇਪੀਆਂ ਅਤੇ ਉੱਤਰ ਦੇ ਟੁੰਡਰਾ ਵਿੱਚ ਗੀਤ, ਕਹਾਣੀਆਂ, ਵੀਰ-ਗਾਥਾਵਾਂ, ਅਤੇ ਦੇਵੀ-ਦੇਵਤਿਆਂ ਬਾਰੇ ਪੌਰਾਣਿਕ ਕਥਾਵਾਂ ਦੀ ਰਚਨਾ ਕਰਕੇ ਆਪਣੀ "ਦਮਨਕਾਰੀ ਨੀਰਸ ਜ਼ਿੰਦਗੀ" ਨੂੰ ਸ਼ਿੰਗਾਰਿਆ ਅਤੇ ਖ਼ੂਬਸੂਰਤ ਬਣਾਇਆ। ਇਸ ਸਭ ਕਾਸੇ ਨੂੰ "ਧਾਰਮਿਕ ਰਚਨਾਤਮਕਤਾ" (ਸਾਹਿਤ) ਕਿਹਾ ਜਾਂਦਾ ਹੈ, ਪਰ ਅਸਲ ਵਿੱਚ ਇਸ ਦਾ ਸਬੰਧ ਕਲਾ ਦੇ ਖੇਤਰ ਨਾਲ਼ ਹੀ ਹੈ।

ਜੇਕਰ ਮੈਨੂੰ ਚਿੱਠੀ ਲਿਖਣ ਵਾਲ਼ੀ ਕੁੜੀ ਦੀ ਪ੍ਰਤਿਭਾ ਦਾ ਸਚਮੁੱਚ ਹੀ ਵਿਕਾਸ ਹੋਇਆ—ਜਿਸ ਦੀ ਮੈਂ ਤਹਿ ਦਿਲੋਂ ਕਾਮਨਾ ਕਰਦਾ ਹਾਂ—ਤਾਂ ਉਹ ਸ਼ਾਇਦ ਰੋਮਾਨੀ ਸੁਰ ਵਿੱਚ ਲਿਖੇਗੀ। ਉਹ ਆਪਣੀ "ਦਮਨਕਾਰੀ ਨੀਰਸ ਜ਼ਿੰਦਗੀ" ਨੂੰ ਸੁੰਦਰ ਕਾਲਪਨਿਕ ਚੀਜ਼ਾਂ ਨਾਲ਼ ਸਜਾਉਣ-

ਸੰਵਾਰਨ ਦੀ ਕੋਸ਼ਿਸ਼ ਕਰੇਗੀ ਅਤੇ ਲੋਕ ਅਸਲ ਵਿੱਚ ਜਿਵੇਂ ਹਨ, ਉਨ੍ਹਾਂ ਦਾ ਉਸ ਨਾਲੋਂ ਬਿਹਤਰ ਰੂਪ ਵਿੱਚ ਚਿਤਰਣ ਕਰੇਗੀ। ਗੋਗੋਲ 'ਇਵਾਨ ਇਵਾਨੋਵਿਚ ਨੇ ਇਵਾਨ ਨਿਕੀਫੋਰੌਵਿਚ ਨਾਲ਼ ਕਿਵੇਂ ਝਗੜਾ ਕੀਤਾ', 'ਪੁਰਾਣੀ ਦੁਨੀਆਂ ਦੇ ਜ਼ਿਮੀਦਾਰ' ਅਤੇ 'ਮੁਰਦਾ ਰੂਹਾਂ' ਦੇ ਲੇਖਕ ਸਨ, ਪਰ ਉਨ੍ਹਾਂ ਨੇ 'ਤਾਰਾਸ ਬੁਲਬਾ' ਵੀ ਲਿਖੀ। ਪਹਿਲੀਆਂ ਤਿੰਨ ਕ੍ਰਿਤਾਂ ਵਿੱਚ ਉਨ੍ਹਾਂ ਨੇ 'ਮੁਰਦਾ ਰੂਹਾਂ' ਵਾਲ਼ੇ ਲੋਕਾਂ ਦਾ ਚਿਤਰਣ ਕੀਤਾ ਹੈ ਅਤੇ ਭਿਅੰਕਰ ਸੱਚਾਈ ਪੇਸ਼ ਕੀਤੀ ਹੈ। ਕਿਉਂਕਿ ਅਜਿਹੇ ਲੋਕ ਪਹਿਲਾਂ ਵੀ ਸਨ ਅਤੇ ਅੱਜ ਵੀ ਹਨ। ਅਜਿਹੇ ਲੋਕਾਂ ਦਾ ਚਿਤਰਣ ਕਰਦੇ ਸਮੇਂ ਗੋਗੋਲ ਯਥਾਰਥਵਾਦੀ ਸਨ।

'ਤਾਰਾਸ ਬੁਲਬਾ' ਵਿੱਚ ਜ਼ਪੋਰੋਝੇ ਕਜ਼ਾਕਾਂ ਨੂੰ ਰੱਬ ਦੀ ਈਨ ਮੰਨਣ ਵਾਲ਼ੇ, ਸੂਰਮੇ ਅਤੇ ਸ਼ਕਤੀਸ਼ਾਲੀ ਲੋਕਾਂ ਵਜੋਂ ਚਿਤਰਿਆ ਗਿਆ ਹੈ, ਜਿਹੜੇ ਆਪਣੇ ਦੁਸ਼ਮਣਾਂ ਨੂੰ ਨੇਜ਼ੇ ਦੀ ਨੋਕ ਉੱਤੇ ਚੁੱਕ ਲੈਂਦੇ ਸਨ, ਜਦਕਿ ਸਾਫ਼ ਜਿਹੀ ਗੱਲ ਹੈ ਕਿ ਨੇਜੇ ਦਾ ਬਾਂਸ ਆਦਮੀ ਦੇ ਭਾਰ ਨਾਲ਼ ਟੁੱਟ ਜਾਂਦਾ ਹੈ। ਗੋਗੋਲ ਨੇ ਜਿਨ੍ਹਾਂ ਕਜ਼ਾਕਾਂ ਦਾ ਜ਼ਿਕਰ ਕੀਤਾ ਹੈ ਉਹ ਅਸਲ ਵਿੱਚ ਕਦੇ ਵੀ ਨਹੀਂ ਹੋਏ ਅਤੇ ਇਹ ਕਹਾਣੀ ਖ਼ੂਬਸੂਰਤ ਕਾਲਪਨਿਕ ਲਿਖਤਾਂ ਦਾ ਇੱਕ ਹਿੱਸਾ ਹੈ। ਇਸ ਵਿੱਚ ਅਤੇ ਇਸੇ ਤਰ੍ਹਾਂ ਰੂਦੀ ਪੈਂਕੋ ਦੀਆਂ ਸਾਰੀਆਂ ਕਹਾਣੀਆਂ ਵਿੱਚ ਗੋਗਲ ਰੋਮਾਂਸਵਾਦੀ ਹਨ, ਜਿਸਦਾ ਕਾਰਨ ਸ਼ਾਇਦ ਇਹ ਹੈ ਕਿ ਉਹ "ਮੁਰਦਾ ਰੂਹਾਂ" ਦੀ "ਦਮਨਕਾਰੀ ਨੀਰਸ ਜ਼ਿੰਦਗੀ" ਦਾ ਨਿਰੀਖਣ ਕਰਦੇ ਕਰਦੇ ਅੱਕ ਗਏ ਸਨ।

ਕਾਮਰੇਡ ਬੁੱਦਯੇਓਨੀ ਨੇ ਬਾਬੇਲ* ਦੀ ਕਹਾਣੀ "ਰਸਾਲਾ ਫੌਜ" ਦੀ ਆਲੋਚਨਾ ਕੀਤੀ ਹੈ, ਪਰ ਮੇਰੇ ਖਿਆਲ ਵਿੱਚ ਇਹ ਉਹਨਾਂ ਦੀ ਗਲਤੀ ਹੈ। ਆਖਿਰਕਾਰ ਕਾਮਰੇਡ ਬੁੱਦਯੇਓਨੀ ਖੁਦ ਵੀ ਤਾਂ ਨਾ ਸਿਰਫ਼ ਆਪਣੇ ਸਿਪਾਹੀਆਂ ਨੂੰ ਸਗੋਂ ਆਪਣੇ ਘੋੜਿਆਂ ਨੂੰ ਵੀ ਸਜਾਉਣਾ ਪਸੰਦ ਕਰਦੇ ਹਨ। ਬਾਬੇਲ ਨੇ ਆਪਣੇ ਯੋਧਿਆਂ ਦੀ ਤਹਿ ਦਿਲੋਂ ਪ੍ਰਸੰਸਾ ਕੀਤੀ ਹੈ ਅਤੇ ਮੇਰੇ ਖਿਆਲ ਵਿੱਚ ਇਹ ਗੋਗੋਲ ਦੁਆਰਾ ਆਪਣੇ ਕਜ਼ਾਕਾਂ ਦੀ ਪ੍ਰਸੰਸਾ ਨਾਲੋ ਕਿਤੇ ਜ਼ਿਆਦਾ ਵਧੀਆ ਅਤੇ ਸੱਚਾਈ ਦੇ ਜ਼ਿਆਦਾ ਨੇੜੇ ਹੈ।

ਕਈ ਕਾਰਨਾਂ ਤੋਂ ਮਨੁੱਖ ਅਜੇ ਵੀ ਪਸ਼ੂ ਹੈ, ਪਰ ਇਸਦੇ ਨਾਲ਼ ਹੀ ਸੱਭਿਆਚਾਰਕ ਨਜ਼ਰ ਤੋਂ ਉਹ ਨਾਸਮਝ ਨੌਜਵਾਨ ਹੈ, ਅਤੇ ਇਸ ਲਈ ਉਸਦੀ ਥੋੜੀ ਜਿਹੀ ਪ੍ਰਸੰਸਾ ਕਰਨਾ ਅਤੇ ਸ਼ਿੰਗਾਰਨਾ ਲਾਹੇਵੰਦ ਹੁੰਦਾ ਹੈ, ਇਹ ਉਸ ਅੰਦਰ ਆਤਮ-ਸਨਮਾਨ ਦੀ ਭਾਵਨਾ ਜਗਾਉਂਦਾ ਹੈ ਅਤੇ ਆਪਣੀ ਰਚਨਾਤਮਕ ਸ਼ਕਤੀ ਵਿੱਚ ਉਸਦੇ ਵਿਸ਼ਵਾਸ ਦਾ ਪਾਲਣ-ਪੋਸ਼ਣ ਕਰਦਾ ਹੈ। ਇਸਦੇ ਨਾਲ਼ ਹੀ ਮਨੁੱਖ ਦੀ ਪ੍ਰਸੰਸਾ ਕਰਨ ਦਾ ਹਰ ਤਰਾਂ ਦਾ ਕਾਰਨ ਮੌਜੂਦ ਹੈ, ਕਿਉਂਕਿ ਹਰ ਚੰਗੀ ਅਤੇ ਸਮਾਜਿਕ ਨਜ਼ਰ ਤੋਂ ਕੀਮਤੀ ਹਰ ਚੀਜ਼ ਦਾ ਨਿਰਮਾਣ ਉਸਦੀ ਤਾਕਤ ਅਤੇ ਇੱਛਾ ਨਾਲ਼ ਹੀ ਹੋਇਆ ਹੈ।

ਕੀ ਇਸਦਾ ਇਹ ਮਤਲਬ ਹੈ ਕਿ ਮੈਂ ਜੋ ਕੁਝ ਹੁਣੇ ਕਿਹਾ ਹੈ ਉਸ ਨਾਲ਼ ਮੈਂ ਸਾਹਿਤ ਵਿੱਚ ਰੋਮਾਂਸਵਾਦ ਦੀ ਜ਼ਰੂਰਤ ਦਾ ਦਾਅਵਾ ਕਰ ਰਿਹਾ ਹਾਂ ? ਜੀ ਹਾਂ, ਮੈਂ ਉਸਦੀ ਲੋੜ ਦਾ ਹਮਾਇਤੀ ਹਾਂ, ਪਰ ਇਸ ਸ਼ਰਤ 'ਤੇ ਕਿ ਇਸ ਸ਼ਬਦ ਵਿੱਚ ਇੱਕ ਅਤਿਅੰਤ ਮਹੱਤਵਪੂਰਨ

---

* ਬਬੇਲ, ਇਸਾਕ (1894-1941) — ਪ੍ਰਸਿੱਧ ਸੋਵੀਅਤ ਲੇਖਕ।

ਗੱਲ ਹੋਰ ਜੋੜ ਦਿੱਤੀ ਜਾਵੇ।

ਮੇਰੇ ਇੱਕ ਹੋਰ ਪੱਤਰ-ਵਿਹਾਰੀ ਸਤਾਰਾਂ ਸਾਲਾਂ ਦੇ ਇੱਕ ਮਜ਼ਦੂਰ ਦੇ ਇਹ ਸ਼ਬਦ ਮੇਰੇ ਕੰਨਾਂ ਵਿੱਚ ਗੂੰਜ ਰਹੇ ਹਨ:

"ਮੈਂ ਪ੍ਰਭਾਵਾਂ ਤੇ ਵਿਚਾਰਾਂ ਨਾਲ਼ ਇਸ ਹੱਦ ਤੱਕ ਨੱਕੋ-ਨੱਕ ਭਰਿਆ ਹੋਇਆ ਹਾਂ ਕਿ ਮੈਂ ਲਿਖੇ ਬਿਨਾਂ ਰਹਿ ਹੀ ਨਹੀਂ ਸਕਦਾ।"

ਇਸ ਮਾਮਲੇ ਵਿੱਚ ਲਿਖਣ ਦੀ ਪ੍ਰੇਰਣਾ ਜ਼ਿੰਦਗੀ ਦੀ "ਕੰਗਾਲੀ" ਤੋਂ ਨਹੀਂ ਸਗੋਂ ਇਸਦੀ ਖ਼ੁਸ਼ਹਾਲੀ ਤੋਂ, ਪ੍ਰਭਾਵਾਂ-ਵਿਚਾਰਾਂ ਦੀ ਬਹੁਤਾਤ ਤੋਂ ਅਤੇ ਉਸਦੇ ਵਰਣਨ ਦੀ ਅੰਦਰੂਨੀ ਪ੍ਰੇਰਣਾ ਤੋਂ ਮਿਲ਼ਦੀ ਹੈ। ਮੇਰੇ ਜ਼ਿਆਦਾਤਰ ਨੌਜਵਾਨ ਪੱਤਰ-ਵਿਹਾਰੀ ਮੁੱਖ ਤੌਰ 'ਤੇ ਇਸ ਲਈ ਲਿਖਣਾ ਚਾਹੁੰਦੇ ਹਨ ਕਿ ਉਹਨਾਂ ਵਿੱਚ ਜ਼ਿੰਦਗੀ ਦੇ ਪ੍ਰਭਾਵਾਂ ਦੀ ਬਹੁਲਤਾ ਹੈ ਅਤੇ ਉਹਨਾਂ ਨੇ ਜੋ ਕੁਝ ਦੇਖਿਆ ਹੈ ਅਤੇ ਅਨੁਭਵ ਕੀਤਾ ਹੈ ਉਸ ਬਾਰੇ ਉਹਨਾਂ ਤੋਂ ਚੁੱਪ ਨਹੀਂ ਵੱਟ ਹੁੰਦੀ। ਉਹਨਾਂ ਵਿੱਚੋਂ ਸੰਭਵ ਤੌਰ 'ਤੇ ਅਨੇਕਾਂ "ਯਥਾਰਥਵਾਦੀ" ਨਿਕਲਣਗੇ, ਪਰ ਮੇਰਾ ਖਿਆਲ ਹੈ ਕਿ ਉਹਨਾਂ ਦੇ ਯਥਾਰਥਵਾਦ ਵਿੱਚ ਰੋਮਾਂਸਵਾਦ ਦਾ ਕੁਝ ਮਿਸ਼ਰਣ ਵੀ ਹੋਵੇਗਾ, ਜਿਹੜਾ ਕਿ ਸਿਹਤਮੰਦ ਆਤਮਿਕ ਉਭਾਰ ਦੇ ਦੌਰ ਵਿੱਚ ਲਾਜ਼ਮੀ ਅਤੇ ਜਾਇਜ਼ ਹੈ, ਅਤੇ ਅੱਜ ਅਸੀਂ ਬਿਲਕੁਲ ਅਜਿਹੇ ਹੀ ਸਮੇਂ ਵਿੱਚ ਜੀਅ ਰਹੇ ਹਾਂ।

ਅਤੇ ਇਸ ਲਈ ਮੈਂ ਇਸ ਸਵਾਲ ਦਾ ਕਿ ਮੈਂ ਲਿਖਣਾ ਕਿਉਂ ਸ਼ੁਰੂ ਕੀਤਾ, ਇਹ ਜਵਾਬ ਦਿਆਂਗਾ:

"ਦਮਨਕਾਰੀ ਨੀਰਸ ਜ਼ਿੰਦਗੀ" ਦੇ ਬੋਝ ਕਾਰਨ ਅਤੇ ਇਸ ਲਈ ਵੀ ਕਿ "ਮੈਂ ਪ੍ਰਭਾਵਾਂ-ਵਿਚਾਰਾਂ ਨਾਲ਼ ਐਨਾ ਨੱਕੋ-ਨੱਕ ਭਰਿਆ ਹੋਇਆ" ਸਾਂ ਕਿ "ਮੈਂ ਲਿਖੇ ਬਿਨਾਂ ਰਹਿ ਹੀ ਨਹੀਂ ਸਕਦਾ" ਸੀ।"

ਪਹਿਲੇ ਕਾਰਨ ਨੇ ਮੈਥੋਂ 'ਬਾਜ਼ ਦਾ ਗੀਤ', 'ਜਲ਼ਦੇ ਹੋਏ ਦਿਲ ਦੀ ਗਾਥਾ' ਅਤੇ 'ਤੂਫਾਨੀ ਪੇਤਰੇਲ' ਵਰਗੀਆਂ ਕਾਲਪਨਿਕ ਰਚਨਾਵਾਂ ਲਿਖਵਾਈਆਂ ਅਤੇ "ਨੀਰਸ" ਜੀਵਨ ਵਿੱਚ ਰੰਗੀਨੀ ਲਿਆਉਣ ਦੀ ਕੋਸ਼ਿਸ਼ ਕਰਵਾਈ। ਅਤੇ ਦੂਜੇ ਕਾਰਨ ਨੇ ਮੈਥੋਂ 'ਛੱਬੀ ਮਰਦ ਤੇ ਇੱਕ ਕੁੜੀ', 'ਓਰਲੋਵ ਦੰਪਤੀ' ਅਤੇ 'ਹੁੱਲੜਬਾਜ਼' ਵਰਗੀਆਂ "ਯਥਾਰਥਕ" ਪਾਤਰਾਂ ਵਾਲ਼ੀਆਂ ਕਹਾਣੀਆਂ ਲਿਖਵਾਈਆਂ।

ਸਾਡੇ 'ਰੋਮਾਂਸਵਾਦ' ਦੇ ਸਵਾਲ ਦੇ ਸਬੰਧ ਵਿੱਚ ਇੱਕ ਹੋਰ ਗੱਲ ਯਾਦ ਰੱਖਣੀ ਚਾਹੀਦੀ ਹੈ: ਚੈਖ਼ਵ ਦੀ 'ਮੁਜ਼ੀਕ' ਅਤੇ 'ਨਾਲ਼ੀ ਵਿੱਚ' ਅਤੇ ਬੂਨਿਨ ਦੀ 'ਪਿੰਡ' ਅਤੇ ਕਿਸਾਨਾਂ ਨਾਲ਼ ਸਬੰਧਤ ਉਹਨਾਂ ਦੀਆਂ ਸਾਰੀਆਂ ਕਹਾਣੀਆਂ ਦੇ ਪ੍ਰਕਾਸ਼ਨ ਤੱਕ ਸਾਡਾ ਕੁਲੀਨ ਵਰਗ ਦਾ ਸਾਹਿਤ ਕਿਸਾਨ ਦਾ ਚਿਤਰਣ ਇੱਕ ਅਜਿਹੇ ਨਿਮਾਣੇ ਅਤੇ ਸਹਿਣਸ਼ੀਲ ਵਿਅਕਤੀ ਵਜੋਂ ਕਰਨਾ ਪਸੰਦ ਕਰਦਾ ਸੀ, ਜਿਹੜਾ ਕਿ ਪਰਲੋਕ ਦੇ 'ਇਸਾਈ ਧਰਮ ਦੇ ਦੈਵੀ ਸੱਚ' ਦੀ ਖੋਜ ਵਿੱਚ ਹੋਵੇ, ਜਿਸਦੀ ਇਸ ਜੀਵਨ ਵਿੱਚ ਹੋਂਦ ਨਹੀਂ ਹੈ, ਪਰ ਫਿਰ ਵੀ ਜਿਸਦਾ ਉਹ ਸੁਪਨਾ ਵੇਖਦਾ ਹੈ। ਅਤੇ ਅਸਲ ਵਿੱਚ ਉਸਨੇ ਬੜੀ ਚਤੁਰਾਈ ਨਾਲ਼ ਅਜਿਹਾ ਕੀਤਾ ਵੀ, ਜਿਵੇਂ ਕਿ ਤੁਰਗਨੇਵ ਦੀ ਕਹਾਣੀ 'ਖੋਰ ਅਤੇ ਕਾਲੀਨਿਚ' ਵਿੱਚ ਕਾਲੀਨਿਚ ਅਤੇ ਤਾਲਸਤਾਏ ਦੇ

ਨਾਵਲ 'ਜੰਗ ਅਤੇ ਅਮਨ' ਵਿੱਚ ਪਲਾਤੋਨ ਕਰਾਤਾਯੇਵ। ਇਹ ਖੇਤ-ਗੁਲਾਮੀ ਦੀ ਪ੍ਰਥਾ ਦੇ ਖਾਤਮੇ ਤੋਂ ਕੋਈ ਵੀਹ ਕੁ ਸਾਲ ਪਹਿਲਾਂ ਦੀ ਗੱਲ ਹੈ ਕਿ ਕਿਸਾਨ ਨੂੰ "ਦੈਵੀ ਸੱਚਾਈ" ਦੇ ਨਿਮਾਣੇ ਅਤੇ ਸਹਿਣਸ਼ੀਲ ਸੁਪਨਸਾਜ਼ ਦੇ ਰੂਪ ਵਿੱਚ ਪੇਸ਼ ਕਰਨ ਦੀ ਪ੍ਰਵਿਰਤੀ ਪੈਦਾ ਹੋਈ, ਜਦਕਿ ਉਸ ਸਮੇਂ ਤੱਕ ਅਰਧ-ਗੁਲਾਮ ਕਿਸਾਨਾਂ ਨੇ ਆਪਣੀਆਂ ਅਨਪੜ੍ਹ ਸਫਾਂ ਵਿੱਚੋਂ ਕੋਕੋਰੇਵ, ਗੁਬੋਨਿਨ, ਮੋਰੋਜ਼ੋਵ ਆਦਿ ਕਈ ਪ੍ਰਭਾਵਸ਼ਾਲੀ ਸਨਅਤਕਾਰਾਂ ਨੂੰ ਜਨਮ ਦੇ ਦਿੱਤਾ ਸੀ ਅਤੇ ਅਖ਼ਬਾਰਾਂ ਵਿੱਚ ਉਸ ਤਾਕਤਵਾਰ ਅਤੇ ਉੱਘੇ ਵਿਅਕਤੀ, ਕਵੀ ਅਤੇ ਪ੍ਰਸਿੱਧ ਵਿਗਿਆਨੀ ਲੋਮੋਨੋਸੋਵ ਦੀ ਵਾਰ-ਵਾਰ ਚਰਚਾ ਹੋਣ ਲੱਗ ਪਈ ਸੀ, ਜਿਸਦਾ ਜਨਮ ਵੀ ਕਿਸਾਨਾਂ ਵਿੱਚੋਂ ਹੀ ਹੋਇਆ ਸੀ।

ਸਨਅਤਕਾਰ, ਜਹਾਜ਼-ਨਿਰਮਾਤਾ ਅਤੇ ਵਪਾਰੀ, ਜਿਹੜੇ ਅਜੇ ਕੱਲ ਤੱਕ ਨਾਗਰਿਕ ਅਧਿਕਾਰਾਂ ਤੋਂ ਵਾਂਝੇ ਸਨ, ਹੁਣ ਭਰੋਸੇ ਨਾਲ਼ ਸਮਾਜ ਵਿੱਚ ਕੁਲੀਨ ਵਰਗ ਦੇ ਨਾਲ਼-ਨਾਲ਼ ਆਪਣਾ ਸਥਾਨ ਬਣਾ ਰਹੇ ਸਨ ਅਤੇ ਪ੍ਰਾਚੀਨ ਰੋਮ ਦੇ ਆਜ਼ਾਦ ਗੁਲਾਮਾਂ ਵਾਂਗ ਆਪਣੇ ਪੁਰਾਣੇ ਮਾਲਕਾਂ ਨਾਲ਼ ਇੱਕ ਹੀ ਮੇਜ਼ 'ਤੇ ਬੈਠਕੇ ਖਾਣਾ ਖਾਂਦੇ ਸਨ। ਆਪਣੇ ਵਿੱਚੋਂ ਅਜਿਹੇ ਲੋਕਾਂ ਨੂੰ ਅੱਗੇ ਲਿਆ ਕੇ ਕਿਸਾਨ ਜਾਪਦਾ ਸੀ ਜਿਵੇਂ ਆਪਣੀ ਅੰਦਰਲੀ ਤਾਕਤ ਅਤੇ ਮੁਹਾਰਤ ਦਾ ਪ੍ਰਦਰਸ਼ਨ ਕਰ ਰਹੇ ਸਨ। ਪਰ ਕੁਲੀਨ ਵਰਗ ਦੁਆਰਾ ਰਚਿਆ ਸਾਹਿਤ ਉਸ ਦੌਰ ਦੇ ਨਾਇਕ ਦੇ ਰੂਪ ਵਿੱਚ ਇਸ ਨਵੇਂ-ਆਏ, ਵਾਸਤਵਿਕ, ਮੂਰਤ, ਇੱਛਾ-ਸ਼ਕਤੀ ਨਾਲ਼ ਭਰਪੂਰ, ਜ਼ਿੰਦਗੀ ਦੇ ਪਿਆਸੇ ਵਿਅਕਤੀ—ਨਿਰਮਾਤਾ, ਧਨ ਬਟੋਰਨ ਵਾਲ਼ੇ ਅਤੇ ਸਰਗਰਮ ਕਾਰੋਬਾਰੀ—ਨੂੰ ਪਹਿਚਾਨਣ ਅਤੇ ਉਸਦਾ ਚਿਤਰਣ ਕਰਨ ਵਿੱਚ ਅਸਫਲ ਰਿਹਾ। ਇਸਦੀ ਥਾਂ ਇਹ ਸਾਹਿਤ ਜ਼ਮੀਰ ਦੀ ਆਵਾਜ਼ ਸੁਣਨ ਵਾਲ਼ੇ ਪੋਲੀਨਿਊਸ਼ਕਾ ਵਰਗੇ ਨਿਮਾਣੇ ਖੇਤ-ਗੁਲਾਮਾਂ ਦਾ ਸਨੇਹਪੂਰਵਕ ਚਿਤਰਣ ਕਰਦਾ ਰਿਹਾ। 1852 ਵਿੱਚ ਲਿਓ ਤਾਲਸਤਾਏ ਨੇ 'ਇੱਕ ਜ਼ਿਮੀਦਾਰ ਦੀ ਸਵੇਰ' ਨਾਮਕ ਇੱਕ ਮਾਰਮਿਕ ਕਹਾਣੀ ਲਿਖੀ ਜਿਸ ਵਿੱਚ ਇਸ ਗੱਲ ਦਾ ਬਹੁਤ ਸ਼ਾਨਦਾਰ ਵਰਣਨ ਸੀ ਕਿ ਕਿਵੇਂ ਇੱਕ ਸੁਹਿਰਦ ਅਤੇ ਕਿਰਪਾਲੂ ਮਾਲਕ ਦੇ ਖੇਤ-ਗੁਲਾਮ ਉਸਨੂੰ ਬੇਯਕੀਨੀ ਦੀ ਨਜ਼ਰ ਨਾਲ਼ ਦੇਖਦੇ ਹਨ। 1862 ਵਿੱਚ ਤਾਲਸਤਾਏ ਕਿਸਾਨਾਂ ਦੇ ਬੱਚਿਆਂ ਨੂੰ ਸਿੱਖਿਆ ਦੇਣ ਲੱਗੇ, ਉਹਨਾਂ ਨੇ ਵਿਗਿਆਨ ਅਤੇ ਤਰੱਕੀ ਤੋਂ ਮੁਨਕਰ ਹੋਣਾ ਅਤੇ ਇਹ ਸਿੱਖਿਆਵਾਂ ਦੇਣੀਆਂ ਸ਼ੁਰੂ ਕੀਤੀਆਂ ਕਿ ਲੋਕਾਂ ਨੂੰ ਜ਼ਿੰਦਗੀ ਜਿਉਣ ਦਾ ਸਹੀ ਢੰਗ ਸਿੱਖਣ ਲਈ ਕਿਸਾਨਾਂ ਕੋਲ਼ ਜਾਣਾ ਚਾਹੀਦਾ ਹੈ। ਅੱਠਵੇਂ ਦਹਾਕੇ ਵਿੱਚ ਉਹਨਾਂ ਨੇ ਆਪਣੀਆਂ "ਲੋਕਾਂ ਲਈ" ਕਹਾਣੀਆਂ ਲਿਖੀਆਂ, ਜਿਸ ਵਿੱਚ ਕਿਸਾਨਾਂ ਨੂੰ ਰੱਬ ਨੂੰ ਪਿਆਰ ਕਰਨ ਵਾਲ਼ਿਆਂ ਦੇ ਰੂਪ ਵਿੱਚ, ਰੋਮਾਨੀ ਰੰਗ ਵਿੱਚ ਚਿਤਰਿਆ ਗਿਆ ਸੀ ਅਤੇ ਇਹ ਉਪਦੇਸ਼ ਦਿੱਤਾ ਗਿਆ ਸੀ ਕਿ ਪੇਂਡੂ ਜੀਵਨ ਹੀ ਸਭ ਤੋਂ ਵੱਧ ਪਵਿੱਤਰ ਅਤੇ ਸੁਖਦਾਈ ਹੈ ਅਤੇ ਜ਼ਮੀਨ 'ਤੇ ਕਿਸਾਨ ਦੀ ਕਿਰਤ ਹੀ ਪਵਿੱਤਰ ਕਿਰਤ ਹੈ। ਆਖਿਰਕਾਰ, 'ਆਦਮੀ ਨੂੰ ਕਿੰਨੀ ਜਗ੍ਹਾ ਚਾਹੀਦੀ ਹੈ?' ਨਾਮਕ ਆਪਣੀ ਕਹਾਣੀ ਵਿੱਚ ਉਹਨਾਂ ਨੇ ਦੱਸਿਆ ਕਿ ਕਬਰ ਲਈ ਆਦਮੀ ਨੂੰ ਸਿਰਫ ਛੇ ਫੁੱਟ ਜਗ੍ਹਾ ਦੀ ਲੋੜ ਹੁੰਦੀ ਹੈ।

ਠੋਸ ਹਾਲਤਾਂ ਨਿਮਾਣੇ ਈਸ਼ਵਰ-ਪ੍ਰੇਮੀਆਂ ਨੂੰ ਨਵੀਂ ਕਿਸਮ ਦੇ ਆਰਥਿਕ ਜੀਵਨ ਦੇ

ਨਿਰਮਾਤਾ, ਨਿੱਕ-ਬੁਰਜੂਆ ਅਤੇ ਵੱਡੇ ਕਾਰੋਬਾਰੀਆਂ ਵਿੱਚ ਬਦਲ ਰਹੀਆਂ ਸਨ, ਜਿਵੇਂ ਕਿ ਲਾਲਚੀ ਅਤੇ ਬਦਮਾਸ਼ ਰਜ਼ੂਵਾਯੇਵ ਅਤੇ ਕੋਲੂਪਾਯੇਵ* ਸਨ, ਜਿਹਨਾਂ ਦਾ ਚਿਤਰਣ ਸਲਿਤਕੋਵ-ਸ਼ਚੇਦ੍ਰਿਨ ਅਤੇ ਗਲੇਬ ਉਸਪੇਂਸਕੀ ਨੇ ਕੀਤਾ ਹੈ। ਉਸ ਸਮੇਂ ਬਾਗੀ ਅਤੇ ਇਨਕਲਾਬੀ ਵੀ ਸਾਹਮਣੇ ਆ ਰਹੇ ਸਨ। ਪਰ ਕੁਲੀਨ ਵਰਗ ਦੇ ਸਾਹਿਤ ਦਾ ਇਹਨਾਂ ਵੱਲ ਧਿਆਨ ਹੀ ਨਹੀਂ ਗਿਆ। 'ਓਬਲੋਮੋਵ' ਵਿੱਚ, ਜਿਹੜਾ ਸਾਡੇ ਸਾਹਿਤ ਦੇ ਸਭ ਤੋਂ ਵਧੀਆ ਨਾਵਲਾਂ ਵਿੱਚੋਂ ਇੱਕ ਹੈ, ਗੋਂਚਾਰੋਵ ਨੇ ਇੱਕ ਰੂਸੀ ਕੁਲੀਨ ਪੁਰਸ਼ ਦੇ ਮੁਕਾਬਲੇ, ਜਿਸਦੀ ਮਾਤਰ ਆਲਸ ਨੇ ਉਸਨੂੰ ਮੂਰਖਤਾ ਦੇ ਨੇੜੇ-ਤੇੜੇ ਦੀ ਸਥਿਤੀ ਵਿੱਚ ਲਿਆ ਸੁੱਟਿਆ ਸੀ, ਇਕ ਜਰਮਨ ਦੀ ਸਖਸ਼ੀਅਤ ਪੇਸ਼ ਕੀਤੀ, ਉਹਨਾਂ ਸਾਬਕਾ ਖੇਤ-ਗੁਲਾਮਾਂ ਨੂੰ ਨਹੀਂ, ਜਿਹਨਾਂ ਵਿੱਚ ਗੋਂਚਾਰੋਵ ਰਹਿ ਰਹੇ ਸਨ ਅਤੇ ਜਿਹੜੇ ਉਸ ਸਮੇਂ ਤੱਕ ਦੇਸ਼ ਦਾ ਆਰਥਕ ਜੀਵਨ ਚਲਾਉਣ ਲੱਗ ਪਏ ਸਨ। ਜੇਕਰ ਕੁਲੀਨ ਵਰਗ ਦੇ ਲੇਖਕਾਂ ਵਿੱਚੋਂ ਕੋਈ ਕਿਸੇ ਇਨਕਲਾਬੀ ਦਾ ਵਰਣਨ ਕਰਨਾ ਚਾਹੁੰਦਾ ਤਾਂ ਉਹ ਆਦਮੀ ਜਾਂ ਤਾਂ ਬੁਲਗਾਰਿਨ ਹੁੰਦਾ ਜਾਂ ਰੂਦਿਨ ਵਰਗਾ ਸਿਰਫ਼ ਕਹਿਣ ਨੂੰ ਬਾਗੀ ਹੁੰਦਾ। ਦ੍ਰਿੜ-ਸੰਕਲਪੀ ਅਤੇ ਸਰਗਰਮ ਰੂਸੀ ਯੁੱਗ-ਨਾਇਕ ਦੇ ਰੂਪ ਵਿੱਚ ਸਾਹਿਤ ਵਿੱਚ ਪ੍ਰਤੀਬਿੰਬਤ ਨਹੀਂ ਹੋ ਰਿਹਾ ਸੀ, ਉਹ ਸਾਹਿਤਕਾਰਾਂ ਦੀ ਦ੍ਰਿਸ਼ਟੀ-ਸੀਮਾ ਤੋਂ ਪਰ੍ਹੇ ਸੀ, ਭਾਵੇਂ ਕਿ ਉਹ ਬੰਬਾਂ ਦੀ ਮੱਦਦ ਨਾਲ਼ ਬੜੇ ਧਮਾਕੇਦਾਰ ਢੰਗ ਨਾਲ਼ ਆਪਣੀ ਹਾਜ਼ਰੀ ਲਵਾ ਰਿਹਾ ਸੀ। ਅਨੇਕਾਂ ਸਬੂਤਾਂ ਦੁਆਰਾ ਇਹ ਸਿੱਧ ਕੀਤਾ ਜਾ ਸਕਦਾ ਹੈ ਕਿ ਸਰਗਰਮ ਅਤੇ ਉਦੇਸ਼ਪੂਰਣ ਰੋਮਾਂਸਵਾਦ ਰੂਸੀ ਕੁਲੀਨ ਵਰਗ ਦੇ ਸਾਹਿਤ ਲਈ ਹਮੇਸ਼ਾ ਇੱਕ ਅਗਿਆਤ ਚੀਜ਼ ਬਣਿਆ ਰਿਹਾ ਹੈ। ਇਹ ਸ਼ਿਲਰ ਨੂੰ ਜਨਮ ਦੇਣ ਵਿੱਚ ਅਸਮਰਥ ਸੀ, ਅਤੇ 'ਡਾਕੂ' ਦੀ ਥਾਂ ਇਸਨੇ 'ਮੁਰਦਾਰੂਹਾਂ', 'ਜਿਉਂਦੀ ਲਾਸ਼', 'ਮੁਰਦਿਆਂ ਦੇ ਘਰ', 'ਤਿੰਨ ਮੌਤਾਂ' ਅਤੇ ਹੋਰ ਅਨੇਕਾਂ ਮੌਤਾਂ ਦਾ ਸ਼ਾਨਦਾਰ ਵਰਣਨ ਕੀਤਾ ਹੈ। ਦੋਸਤੋਯੇਵਸਕੀ ਦਾ ਨਾਵਲ 'ਜ਼ੁਰਮ ਤੇ ਸਜ਼ਾ' ਸੰਭਵ ਤੌਰ 'ਤੇ ਸ਼ਿਲਰ ਦੇ 'ਡਾਕੂ' ਦੇ ਵਿਰੋਧ ਵਿੱਚ ਲਿਖਿਆ ਗਿਆ ਸੀ। ਉਹਨਾਂ ਦਾ 'ਭੂਤ-ਚਿੰਬੜੇ' ਉਹਨਾਂ ਬੇਹਿਸਾਬ ਯਤਨਾਂ ਵਿੱਚੋਂ ਸਭ ਤੋਂ ਜ਼ਿਆਦਾ ਪ੍ਰਤਿਭਾਵਾਨ ਅਤੇ ਦਵੈਖਪੂਰਨ ਯਤਨ ਹੈ, ਜਿਹੜੇ 19ਵੀਂ ਸਦੀ ਦੇ ਸੱਤਰਵਿਆਂ ਵਿੱਚ ਇਨਕਲਾਬੀ ਲਹਿਰ ਨੂੰ ਬਦਨਾਮ ਕਰਨ ਲਈ ਕੀਤੇ ਗਏ ਸਨ।

ਸਰਗਰਮ ਸਮਾਜਿਕ-ਇਨਕਲਾਬੀ ਰੋਮਾਂਸਵਾਦ ਰਾਜ਼ਨੋਚੀਨੇਤਸ** ਬੁੱਧੀਜੀਵਆਂ ਦੇ ਸਾਹਿਤ ਲਈ ਵੀ ਬੇਗਾਨਾ ਹੀ ਰਿਹਾ। ਰਾਜ਼ਨੋਚੀਨੇਤ ਨੂੰ ਆਪਣੇ ਨਸੀਬ ਅਤੇ ਜ਼ਿੰਦਗੀ ਦੇ ਰੰਗਮੰਚ 'ਤੇ ਆਪਣਾ ਸਥਾਨ ਲੱਭਣ ਦੀ ਬਹੁਤ ਜ਼ਿਆਦਾ ਫ਼ਿਕਰ ਸੀ। ਉਸਨੇ ਦੇਖਿਆ ਕਿ ਉਹ ਖੁਦ ਨਿਰੰਕੁਸ਼ ਸ਼ਾਸ਼ਨ ਦੇ ਹਥੌੜੇ ਅਤੇ ਲੋਕਾਂ ਦੇ ਅਹਿਰਨ ਵਿਚਕਾਰ ਫਸਿਆ ਹੋਇਆ

* ਰਾਜ਼ੂਵਾਯੇਵ ਅਤੇ ਕੋਲੂਪਾਯੇਵ — ਮਹਾਨ ਵਿਅੰਗਕਾਰ ਮ. ਸਾਲਤੀਕੋਵ-ਸ਼ਚੇਦ੍ਰਿਨ (1826-1889) ਦੀ ਇੱਕ ਰਚਨਾ ਦੇ ਪਾਤਰ।

** ਰਾਜ਼ਨੋਚੀਨੇਤ — 19ਵੀਂ ਸਦੀ ਦੇ ਦੂਜੇ ਅੱਧ ਵਿੱਚ ਇਹ ਨਾਮ ਰੂਸ ਦੇ ਬੁੱਧੀਜੀਵੀ ਵਰਗ ਦੇ ਉਹਨਾਂ ਮੈਂਬਰਾਂ ਨੂੰ ਦਿੱਤਾ ਗਿਆ ਸੀ ਜਿਹੜੇ ਕਿਸਾਨੀ, ਪਾਦਰੀ ਤੇ ਨਿੱਕ-ਬੁਰਜੂਆਜ਼ੀ ਜਿਹੇ ਸਮਾਜਿਕ ਵਰਗਾਂ ਵਿੱਚੋਂ ਆਏ ਸਨ, ਇਹਨਾਂ ਵਿੱਚ ਜਮਾਤ-ਰਹਿਤ ਹੋਏ ਕੁਲੀਨ ਲੋਕ ਵੀ ਸ਼ਾਮਿਲ ਸਨ।

ਹੈ।

ਸਲੇਪਤਸੋਵ* ਦੀ 'ਮੁਸ਼ਕਿਲ ਦੌਰ' ਅਤੇ ਓਸੀਪੋਵਿਚ–ਨੋਵੋਦਵੋਰਸਕੀ ਦੀ 'ਨਾ ਚਿੜੀ ਨਾ ਮੋਰ ਦੀਆਂ ਕਹਾਣੀਆਂ' ਅਜਿਹੇ ਬੁੱਧੀਜੀਵੀਆਂ ਦੀਆਂ ਸੱਚੀਆਂ ਅਤੇ ਜ਼ੋਰਦਾਰ ਕਹਾਣੀਆਂ ਹਨ, ਜਿਹਨਾਂ ਦੀਆਂ ਜੀਵਨ ਵਿੱਚ ਜੜ੍ਹਾਂ ਨਹੀਂ ਸਨ ਅਤੇ ਜਿਹੜੇ 'ਨਾ ਤਾਂ ਮੋਰ ਸਨ ਅਤੇ ਨਾ ਹੀ ਚਿੜੀ', ਜਾਂ ਅਜਿਹੇ ਲੋਕਾਂ ਦੀਆਂ ਜਿਹੜੇ ਖੁਦਪ੍ਰਸਤ ਖੂਹ–ਦੇ–ਡੱਡੂ ਬਣ ਗਏ ਸਨ। ਅਜਿਹੇ ਲੋਕਾਂ ਦਾ ਵਰਣਨ ਕੁਸ਼ਚੇਵਸਕੀ** ਅਤੇ ਬੇਹੱਦ ਪ੍ਰਤਿਭਾਸ਼ਾਲੀ ਤੇ ਬੁੱਧੀਮਾਨ ਲੇਖਕ ਪੋਮਿਆਲੋਵਸਕੀ*** ਨੇ, ਜਿਸਦੀ ਬਣਦੀ ਕਦਰ ਨਹੀਂ ਕੀਤੀ ਗਈ, ਆਪਣੀਆਂ ਕਹਾਣੀਆਂ 'ਮੋਲਤੋਵ' ਅਤੇ 'ਖੂਹ–ਦੇ–ਡੱਡੂ ਦਾ ਸੁੱਖ' ਵਿੱਚ ਕੀਤਾ ਹੈ। ਇਸ ਸਬੰਧ ਵਿੱਚ ਇੱਕ ਗੱਲ ਇਹ ਹੈ ਕਿ ਸਾਡੇ ਸਮਿਆਂ ਵਿੱਚ ਇਹਨਾਂ ਦੋਹਾਂ ਕਹਾਣੀਆਂ ਬਾਰੇ ਦਿਲਚਸਪੀ ਦੁਬਾਰਾ ਜਾਗ ਪਈ ਹੈ, ਜਦੋਂ ਕਿ ਹੁਣ ਫਿਰ ਦੁਬਾਰਾ ਖੂਹ–ਦਾ–ਡੱਡੂ ਜਿਉਂਦਾ ਹੋ ਰਿਹਾ ਹੈ ਅਤੇ ਕਿਸੇ ਹੱਦ ਤੱਕ ਸਫਲਤਾਪੂਰਵਕ ਇਸ ਦੇਸ਼ ਵਿੱਚ ਆਪਣੇ ਲਈ ਸਸਤੀ ਕਿਸਮ ਦੀ ਖੁਸ਼ਹਾਲੀ ਦਾ ਪ੍ਰਬੰਧ ਕਰਨ ਲੱਗ ਪਿਆ ਹੈ, ਜਿੱਥੇ ਮਜ਼ਦੂਰ ਜਮਾਤ ਨੇ ਸਮਾਜਵਾਦੀ ਸੱਭਿਆਚਾਰ ਦੇ ਨਿਰਮਾਣ ਦਾ ਅਧਿਕਾਰ ਹਾਸਿਲ ਕਰਨ ਲਈ ਆਪਣੇ ਲਹੂ ਦੀਆਂ ਨਦੀਆਂ ਵਹਾ ਕੇ ਕੀਮਤ ਚੁਕਾਈ ਹੈ।

ਪੇਂਡੂ ਜੀਵਨ ਦਾ ਆਦਰਸ਼ੀਕਰਨ ਕਰਨ ਦੇ ਆਪਣੇ ਉੱਦਮੀ ਯਤਨਾਂ ਵਿੱਚ ਅਖੌਤੀ ਨਰੋਦਨਿਕ ਲੇਖਕਾਂ ਜਿਵੇਂ ਕਿ ਜ਼ਲਾਤੋਵਰਾਸਕੀ, ਜ਼ਾਸੋਦੀਪਸਕੀ–ਵੋਲੋਗਦੀਨ, ਲੇਵੀਤੋਵ, ਨੇਫੇਦੋਵ–ਬਾਜ਼ਿਨ, ਨਿਕੋਲਾਈ–ਉਸਪੇਂਸਕੀ, ਏਰਤੇਲ ਅਤੇ ਕੁਝ ਹੱਦ ਤੱਕ ਸਤਾਨੀਓਕੋਵਿਚ, ਕਰੋਨਿਨ–ਪੇਤਰੋਪਾਵਲੋਵਸਕੀ ਅਤੇ ਅਨੇਕਾਂ ਹੋਰਾਂ ਨੇ ਕੁਲੀਨ ਵਰਗ ਦੇ ਲੇਖਕਾਂ ਦੀ ਹੀ ਧੁਨ ਦੁਹਰਾਈ ਹੈ। ਇਹਨਾਂ ਨਰੋਦਨਿਕਾਂ ਨੇ ਕਿਸਾਨ ਵਿੱਚ ਇੱਕ ਸੁਭਾਵਿਕ ਸਮਾਜਵਾਦੀ ਦੇਖਿਆ, ਜਿਹੜਾ 'ਮੀਰ' ਯਾਨੀ ਕਿ ਪੇਂਡੂ ਭਾਈਚਾਰੇ ਤੋਂ ਛੁੱਟ ਹੋਰ ਕੋਈ ਸੱਚਾਈ ਨਹੀਂ ਸੀ ਜਾਣਦਾ। ਹਰਜ਼ਨ, ਕੁਲੀਨ ਵਰਗ ਦਾ ਪ੍ਰਤਿਭਾਸ਼ਾਲੀ ਲੇਖਕ, ਉਹ ਪਹਿਲਾ ਵਿਅਕਤੀ ਸੀ ਜਿਸਨੇ ਕਿਸਾਨਾਂ ਪ੍ਰਤੀ ਇਸ ਰੁਖ਼ ਨੂੰ ਹੱਲਾਸ਼ੇਰੀ ਦਿੱਤੀ ਅਤੇ ਉਸਦੇ ਸਟੈਂਡ ਨੂੰ ਅਪਣਾਇਆ ਨ. ਮਿਖਾਈਲੋਵਸਕੀ ਨੇ ਜਿਸਨੇ ਦੋ ਸੱਚ — "ਯਥਾਰਥ ਦਾ ਸੱਚ" ਅਤੇ "ਨਿਆਂ ਦਾ ਸੱਚ" — ਦੀ ਕਾਢ ਕੱਢੀ। ਨਰੋਦਨਿਕ ਲੇਖਕਾਂ ਨੇ ਸਮਾਜ 'ਤੇ ਜੋ ਪ੍ਰਭਾਵ ਪਾਇਆ ਉਹ ਕਾਫ਼ੀ ਕਮਜ਼ੋਰ ਸੀ ਅਤੇ ਥੋੜ੍ਹੇ ਹੀ ਦਿਨ ਰਿਹਾ। ਕੁਲੀਨ ਵਰਗ ਦੇ ਉਹਨਾਂ ਦੇ ਸਹਿਯੋਗੀਆਂ ਦੇ

---

* ਸਲੇਪਤਸੋਵ ਵ. (1836–1878)—ਇਨਕਲਾਬੀ–ਜਮਹੂਰੀ ਰੂਸੀ ਲੇਖਕ। ਇਹਨਾਂ ਦੀਆਂ ਕਿਤਾਬਾਂ, ਜਿਹਨਾਂ ਵਿੱਚ ਆਮ ਲੋਕਾਂ ਦੇ ਜੀਵਨ ਦਾ ਬਾਖੂਬੀ ਚਿਤਰਣ ਮਿਲ਼ਦਾ ਹੈ, 19ਵੀਂ ਸਦੀ ਦੇ ਸੱਤਵੇਂ ਦਹਾਕੇ ਵਿੱਚ ਖੂਬ ਪ੍ਰਚੱਲਿਤ ਸਨ।

* ਕੁਸ਼ਚੇਵਸਕੀ ਈ. (1847–1876)—ਰੂਸੀ ਜਮਹੂਰੀ ਲੇਖਕ।

*** ਪੋਮਿਆਲੋਵਸਕੀ, ਨਿਕੋਲਾਈ (1835–1863)—ਪ੍ਰਸਿੱਧ ਰੂਸੀ ਲੇਖਕ, ਇਨਕਲਾਬੀ–ਜਨਵਾਦੀਆਂ ਨਾਲ਼ ਨੇੜਲੇ ਸਬੰਧ ਸਨ। ਇਹਨਾਂ ਦੇ ਨਾਵਲ 'ਰਾਜ਼ਨੋਚੀਨੇਤ' ਬੁੱਧੀਜੀਵੀ ਵਰਗ ਦੇ ਜੀਵਨ ਨਾਲ਼ ਸਬੰਧਤ ਹਨ।

ਮੁਕਾਬਲੇ ਉਹਨਾਂ ਦਾ 'ਰੋਮਾਂਸਵਾਦ' ਸਿਰਫ਼ ਇਸ ਗੱਲੋਂ ਭਿੰਨ ਸੀ ਕਿ ਉਹਨਾਂ ਵਿੱਚ ਪ੍ਰਤਿਭਾ ਦੀ ਕਮੀ ਸੀ ਅਤੇ ਉਹਨਾਂ ਦੇ ਸੁਪਨਦਰਸ਼ੀ—ਮਿਨਾਈ ਅਤੇ ਮਿਤਆਈ ਵਰਗੇ ਕਿਸਾਨ—ਪੌਲੀਕੁਸ਼ਕਾ, ਕਾਲੀਨਿਚ ਅਤੇ ਕਰਾਤਾਯੇਵ, ਅਤੇ ਉਹਨਾਂ ਜਿਹੇ ਹੋਰ ਕਿਸਾਨ ਪਾਤਰਾਂ ਦੀ ਮਹਿਜ਼ ਘਟੀਆ ਜਿਹੀ ਨਕਲ ਸਨ।

ਉਸ ਸਮੇਂ, ਇਸ ਗਰੁੱਪ ਦੇ ਬਹੁਤ ਨੇੜੇ, ਪਰ ਸਮਾਜਿਕ ਰੂਪ ਵਿੱਚ ਕਿਤੇ ਵਧੇਰੇ ਦੂਰਦਰਸ਼ੀ ਅਤੇ ਪ੍ਰਤਿਭਾਸ਼ਾਲੀ ਦੋ ਬਹੁਤ ਮਹੱਤਵਪੂਰਨ ਲੇਖਕ ਸਨ — ਦ. ਮਾਮਿਕ-ਸਿਬਿਆਰਕ ਅਤੇ ਗਲੇਬ ਉਸਪੇਂਸਕੀ, ਜਿਹਨਾਂ ਨੇ ਸਭ ਤੋਂ ਪਹਿਲਾਂ ਪੇਂਡੂ ਅਤੇ ਸ਼ਹਿਰੀ ਜੀਵਨ, ਸਨਅਤੀ ਮਜ਼ਦੂਰ ਅਤੇ ਕਿਸਾਨ ਵਿਚਲਾ ਫ਼ਰਕ ਦੇਖਿਆ ਅਤੇ ਉਸਦਾ ਵਰਣਨ ਕੀਤਾ। ਇਹਨਾਂ ਵਿੱਚੋਂ ਗਲੇਬ ਉਸਪੇਂਸਕੀ ਨੇ ਬੜੀ ਬਰੀਕ ਨਜ਼ਰ ਦਾ ਮੁਜ਼ਾਹਰਾ ਕੀਤਾ, ਜਿਸਨੇ ਦੋ ਪ੍ਰਮੁੱਖ ਕਿਤਾਬਾਂ ਲਿਖੀਆਂ: 'ਰਸੇਤਰਿਆਯੇਵ ਗਲ਼ੀ ਦੀ ਨੈਤਿਕਤਾ' ਅਤੇ 'ਧਰਤੀ ਦੀ ਤਾਕਤ', ਜਿਹਨਾਂ ਦੀ ਸਮਾਜਿਕ ਕੀਮਤ ਅਜੇ ਵੀ ਬਣੀ ਹੋਈ ਹੈ। ਆਮ ਤੌਰ 'ਤੇ ਉਸਪੇਂਸਕੀ ਦੀਆਂ ਕਹਾਣੀਆਂ ਦਾ ਸਿੱਖਿਆਤਮਕ ਮਹੱਤਵ ਸਥਾਈ ਹੈ ਅਤੇ ਸਾਡੇ ਨੌਜਵਾਨ ਲੇਖਕਾਂ ਲਈ ਚੰਗਾ ਹੋਵੇਗਾ ਕਿ ਉਹ ਉਸਪੇਂਸਕੀ ਦੀ ਨਿਰੀਖਣ ਕਰਨ ਦੀ ਕਾਬਲੀਅਤ ਅਤੇ ਆਲ਼ੇ-ਦੁਆਲ਼ੇ ਦੀ ਜ਼ਿੰਦਗੀ ਬਾਰੇ ਉਹਨਾਂ ਦੇ ਵਿਆਪਕ ਗਿਆਨ ਤੋਂ ਲਾਭ ਉਠਾਉਣ।

ਆਪਣੀਆਂ ਕਹਾਣੀਆਂ 'ਮੁਜ਼ੀਕ', 'ਨਾਲ਼ੀ ਵਿੱਚ' ਜਿਹਨਾਂ ਦਾ ਜ਼ਿਕਰ ਮੈਂ ਕਰ ਚੁੱਕਿਆ ਹਾਂ ਅਤੇ 'ਨਵਾਂ ਬੰਗਲਾ' ਵਿੱਚ ਵੀ ਐਂਤੋਨ ਚੈਖ਼ਵ ਨੇ ਇਹ ਦਿਖਾਇਆ ਹੈ ਕਿ ਉਹ ਕਿਸਾਨਾਂ ਦੇ ਆਦਰਸ਼ੀਕਰਨ ਕਰਨ ਦੇ ਕੱਟੜ ਵਿਰੋਧੀ ਹਨ। ਇਸ ਪ੍ਰਵਿਰਤੀ ਦਾ ਇਵਾਨ ਬੂਨਿਨ ਨੇ ਆਪਣੇ ਨਾਵਲਿਟ 'ਪਿੰਡ' ਅਤੇ ਕਿਸਾਨਾਂ ਨਾਲ਼ ਸਬੰਧਤ ਆਪਣੀਆਂ ਸਾਰੀਆਂ ਕਹਾਣੀਆਂ ਵਿੱਚ ਹੋਰ ਵੀ ਸਖ਼ਤੀ ਨਾਲ਼ ਵਿਰੋਧ ਕੀਤਾ ਹੈ। ਇਹ ਬਹੁਤ ਮਹੱਤਵਪੂਰਨ ਤੱਥ ਹੈ ਕਿ ਸੇਮਯੋਨ ਪੋਦੇਯਾਚੇਵ* ਅਤੇ ਬਹੁਤ ਪ੍ਰਤਿਭਾਸ਼ਾਲੀ ਤੇ ਵਿਕਾਸਸ਼ੀਲ ਲੇਖਕ, ਇਵਾਨ ਵੋਲਨੋਵ** ਜਿਹੇ ਕਿਸਾਨ ਲੇਖਕਾਂ ਨੇ ਪੇਂਡੂ ਜੀਵਨ ਦਾ ਵਰਣਨ ਬਹੁਤ ਬੇਕਿਰਕ ਸ਼ਬਦਾਂ ਨਾਲ਼ ਕੀਤਾ ਹੈ। ਪੇਂਡੂ ਜੀਵਨ ਅਤੇ ਕਿਸਾਨ ਦੀ ਮਨੋਬਿਰਤੀ ਵਰਗੇ ਵਿਸ਼ੇ ਅੱਜ ਵੀ ਪ੍ਰਚੱਲਿਤ ਅਤੇ ਬੇਹੱਦ ਮਹੱਤਵਪੂਰਨ ਹਨ। ਇਹ ਅਜਿਹੀ ਗੱਲ ਹੈ ਜਿਹੜੀ ਸਾਡੇ ਨੌਜਵਾਨ ਲੇਖਕਾਂ ਨੂੰ ਚੰਗੀ ਤਰ੍ਹਾਂ ਸਮਝਣੀ ਚਾਹੀਦੀ ਹੈ।

ਜੋ ਕੁਝ ਵੀ ਕਿਹਾ ਗਿਆ ਹੈ, ਉਸਤੋਂ ਇਹ ਗੱਲ ਤਾਂ ਸਾਫ਼ ਹੋ ਜਾਂਦੀ ਹੈ ਕਿ ਸਾਡਾ ਸਾਹਿਤ "ਰੋਮਾਂਸਵਾਦ" ਤੋਂ, ਜ਼ਿੰਦਗੀ ਪ੍ਰਤੀ ਇੱਕ ਸਰਗਰਮ ਰੁਖ਼ ਦੀ ਸਿੱਖਿਆ, ਕਿਰਤ ਦਾ ਸਨਮਾਨ ਅਤੇ ਜਿਉਣ ਦੀ ਇੱਛਾ ਦੀ ਸਿੱਖਿਆ ਦੇ ਰੂਪ ਵਿੱਚ, ਜੀਵਨ ਦੇ ਨਵੇਂ ਰੂਪਾਂ ਦੇ ਨਿਰਮਾਣ ਵਿੱਚ ਪ੍ਰੇਰਕ ਅਤੇ ਪੁਰਾਣੀ ਦੁਨੀਆਂ ਲਈ ਨਫ਼ਰਤ ਦੇ ਸੋਮੇ ਦੇ ਰੂਪ ਵਿੱਚ ਜਾਣੂ ਨਹੀਂ ਹੈ, ਜਿਸ ਦੁਨੀਆਂ ਦੀ ਮਾੜੀ ਵਿਰਾਸਤ ਤੋਂ ਅਸੀਂ ਐਨੀਆਂ ਦੁੱਖ-ਤਕਲੀਫਾਂ ਸਹਿ ਕੇ

---

* ਪੋਦੇਯਾਚੇਵ, ਸੇਮਯੋਨ (1866-1934)—ਰੂਸੀ ਸੋਵੀਅਤ ਲੇਖਕ।

** ਵੋਲਨੋਵ, ਇਵਾਨ (1885-1931)—ਲੇਖਕ, ਜਿਹਨਾਂ ਨੇ ਖੇਤ-ਗੁਲਾਮੀ ਦੇ ਖਾਤਮੇ ਤੋਂ ਬਾਅਦ ਰੂਸੀ ਕਿਸਾਨੀ ਦੀ ਨੈਤਿਕਤਾ ਤੇ ਜੀਵਨ ਬਾਰੇ ਲਿਖਿਆ।

ਛੁਟਕਾਰਾ ਪਾ ਰਹੇ ਹਾਂ। ਜੇਕਰ ਅਸੀਂ ਖੂਹ-ਦੇ-ਡੱਡੂਪੁਣੇ ਅਤੇ ਇਸ ਦੇ ਜਮਾਤੀ ਰਾਜ ਅਤੇ ਜੋਕਾਂ-ਲੁਟੇਰਿਆਂ ਦੁਆਰਾ ਮਜ਼ਦੂਰਾਂ ਅਤੇ ਕਿਸਾਨਾਂ ਦੇ ਸ਼ੋਸ਼ਣ ਦੀ ਮੁੜ-ਬਹਾਲੀ ਨੂੰ ਸਚਮੁੱਚ ਰੋਕਣਾ ਚਾਹੁੰਦੇ ਹਾਂ ਤਾਂ ਅਜਿਹੀ ਸਿੱਖਿਆ ਬੇਹੱਦ ਜ਼ਰੂਰੀ ਹੈ। ਸੋਵੀਅਤ ਯੂਨੀਅਨ ਦੇ ਸਾਰੇ ਦੁਸ਼ਮਣ ਇਸ "ਮੁੜ-ਬਹਾਲੀ" ਦੇ ਸੁਪਨੇ ਦੇਖ ਰਹੇ ਹਨ। ਮਜ਼ਦੂਰ ਜਮਾਤ ਨੂੰ ਪੁਰਾਣੇ ਜਮਾਤੀ ਰਾਜ ਦੀ ਮੁੜ-ਬਹਾਲੀ ਲਈ ਮਜ਼ਬੂਰ ਕਰਨ ਦੇ ਖਾਸ ਮਕਸਦ ਨਾਲ਼ ਉਹ ਸੋਵੀਅਤ ਦੀ ਆਰਥਿਕ ਨਾਕਾਬੰਦੀ ਕਰ ਰਹੇ ਹਨ। ਮਜ਼ਦੂਰ ਜਮਾਤ ਦੇ ਲੇਖਕ ਨੂੰ ਇਹ ਗੱਲ ਪੂਰੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਮਜ਼ਦੂਰ ਜਮਾਤ ਅਤੇ ਬੁਰਜੂਆ ਜਮਾਤ ਵਿਚਲੀ ਵਿਰੋਧਤਾਈ ਕਦੇ ਖਤਮ ਨਹੀਂ ਹੋ ਸਕਦੀ ਅਤੇ ਕੇਵਲ ਸੰਪੂਰਨ ਜਿੱਤ ਅਤੇ ਪੂਰਨ ਖਾਤਮਾ ਹੀ ਇਸ ਵਿਰੋਧਤਾਈ ਨੂੰ ਹੱਲ ਕਰ ਸਕਦੇ ਹਨ। ਇਸੇ ਦੁਖਾਂਤਕ ਵਿਰੋਧਤਾਈ ਤੋਂ, ਇਤਿਹਾਸ ਦੀ ਗਤੀ ਦੁਆਰਾ ਮਜ਼ਦੂਰ ਜਮਾਤ ਦੇ ਮੋਢਿਆਂ 'ਤੇ ਪਾਏ ਕੰਮਾਂ ਦੀ ਕਠਿਨਾਈ ਤੋਂ ਉਹ ਸਰਗਰਮ "ਰੋਮਾਂਸਵਾਦ", ਉਹ ਰਚਨਾਤਮਕ ਪ੍ਰੇਰਨਾ, ਮਨ ਅਤੇ ਇੱਛਾ ਦੀ ਦਲੇਰੀ ਅਤੇ ਉਹ ਇਨਕਲਾਬੀ ਗੁਣ ਜਨਮ ਲੈਣਗੇ ਜਿਹੜੇ ਸਦਾ ਰੂਸੀ ਇਨਕਲਾਬੀ ਮਜ਼ਦੂਰ ਦੀ ਖਾਸੀਅਤ ਰਹੇ ਹਨ।

ਮੈਂ ਇਸ ਗੱਲੋਂ ਪੂਰੀ ਤਰ੍ਹਾਂ ਸੁਚੇਤ ਹਾਂ ਕਿ ਮੁਕਤੀ ਦਾ ਰਾਹ ਆਸਾਨ ਨਹੀਂ ਹੈ ਅਤੇ ਅਜੇ ਇਸਦਾ ਸਮਾਂ ਨਹੀਂ ਆਇਆ ਕਿ ਆਦਮੀ ਸਾਰੀ ਜ਼ਿੰਦਗੀ ਸੋਹਣੀਆਂ-ਸੋਹਣੀਆਂ ਕੁੜੀਆਂ ਦੀ ਸੁੱਖਮਈ ਸੰਗਤ ਵਿੱਚ ਬੈਠ ਕੇ ਚਾਹ ਦੀਆਂ ਚੁਸਕੀਆਂ ਭਰਨ ਵਿੱਚ ਜਾਂ ਸ਼ੀਸ਼ੇ ਅੱਗੇ ਖਲੋ ਕੇ ਖੁਦ ਆਪਣੇ ਹੀ ਰੰਗ-ਰੂਪ 'ਤੇ ਮੁਗਧ ਹੋਣ ਵਿੱਚ ਹੀ ਗੁਜ਼ਾਰ ਦੇਵੇ। ਜਿਸ ਲਈ ਜ਼ਿਆਦਾਤਰ ਨੌਜਵਾਨਾਂ ਦਾ ਦਿਲ ਮਚਲਦਾ ਹੋਵੇਗਾ। ਜੀਵਨ ਦੀਆਂ ਠੋਸ ਹਕੀਕਤਾਂ ਇਸ ਤੱਥ ਦੀ ਜ਼ਿਆਦਾ ਤੋਂ ਜ਼ਿਆਦਾ ਤਸਦੀਕ ਕਰ ਰਹੀਆਂ ਹਨ ਕਿ ਅਜੋਕੀਆਂ ਹਾਲਤਾਂ ਵਿੱਚ ਚੈਨ ਭਰੀ ਜ਼ਿੰਦਗੀ ਬਿਤਾਉਣਾ ਸੰਭਵ ਨਹੀਂ ਹੈ, ਨਾ ਤਾਂ ਇਕੱਲੇ ਅਤੇ ਨਾ ਹੀ ਕਿਸੇ ਚੁਣੇ ਹੋਏ ਸਾਥੀ ਨਾਲ਼ ਜੀਵਨ ਸੁਖੀ ਹੋਵੇਗਾ, ਖੂਹ-ਦੇ-ਡੱਡੂ ਦੀ ਖੁਸ਼ਹਾਲੀ ਸਥਾਈ ਨਹੀਂ ਹੋ ਸਕਦੀ ਕਿਉਂਕਿ ਇਸ ਕਿਸਮ ਦੀ ਖੁਸ਼ਹਾਲੀ ਦੇ ਆਧਾਰ ਸਮੁੱਚੇ ਸੰਸਾਰ ਵਿੱਚ ਲਗਾਤਾਰ ਖਤਮ ਹੁੰਦੇ ਜਾ ਰਹੇ ਹਨ। ਇਸਦਾ ਜਚਣਹਾਰ ਸਬੂਤ ਅਨੇਕਾਂ ਲੱਛਣਾਂ ਤੋਂ ਮਿਲ਼ਦਾ ਹੈ; ਸਾਰੀ ਦੁਨੀਆ ਵਿੱਚ ਖੂਹ-ਦੇ-ਡੱਡੂ ਉਦਾਸੀ, ਝੁੰਝਲਾਹਟ ਅਤੇ ਭੈਅ ਦੇ ਸ਼ਿਕੰਜੇ ਵਿੱਚ ਜਕੜੇ ਪਏ ਹਨ, ਯੂਰਪ ਦੇ ਸਾਹਿਤ ਤੋਂ ਰੋਣ-ਧੋਣ ਦੀਆਂ ਅਤੇ ਕੀਰਨੇ ਪਾਉਣ ਦੀਆਂ ਆਵਾਜ਼ਾਂ ਆ ਰਹੀਆਂ ਹਨ; ਧਨੀ ਖੂਹ-ਦੇ-ਡੱਡੂ ਦੀ ਉਹ ਨਿਰਾਸ਼ਾ ਜਿਸ ਨਾਲ਼ ਉਹ ਇਸ ਬੇਅਰਥ ਉਮੀਦ ਤੋਂ ਮਨੋਰੰਜਨ ਦਾ ਸਹਾਰਾ ਲੈ ਰਿਹਾ ਹੈ ਕਿ ਇਸ ਨਾਲ਼ ਆਉਣ ਵਾਲ਼ੇ ਕੱਲ ਦੇ ਡਰ ਨੂੰ ਦਬਾ ਸਕੇਗਾ; ਅਤੇ ਅਖ਼ੀਰ ਵਿੱਚ ਅਸ਼ਲੀਲ ਭੋਗ-ਵਿਲਾਸ ਦੀ ਬਿਮਾਰ ਲਾਲਸਾ, ਕਾਮੁਕ ਭਟਕਣ ਦਾ ਵਿਕਾਸ ਅਤੇ ਜ਼ੁਰਮ ਤੇ ਖੁਦਕੁਸ਼ੀਆਂ ਦਾ ਚੱਕਰ। 'ਪੁਰਾਣੀ ਦੁਨੀਆਂ' ਅਸਲ ਵਿੱਚ ਜਾਨਲੇਵਾ ਬਿਮਾਰੀ ਨਾਲ਼ ਗ੍ਰਸਤ ਹੈ ਅਤੇ ਸਾਨੂੰ ਆਪਣੇ ਆਪ ਨੂੰ ਜਿੰਨੀ ਜਲਦੀ ਹੋ ਸਕੇ ਇਸ ਨਾਲ਼ੋਂ ਅਲੱਗ ਕਰ ਲੈਣਾ ਚਾਹੀਦਾ ਹੈ ਤਾਂ ਕਿ ਇਸਦੀ ਜ਼ਹਿਰੀਲੀ ਹਵਾ ਕਿਤੇ ਸਾਨੂੰ ਨਾ ਲੱਗ ਜਾਵੇ।

ਜਿੱਥੇ ਯੂਰਪ ਵਿੱਚ ਮਨੁੱਖ ’ਤੇ ਨੈਤਿਕ ਗਿਰਾਵਟ ਛਾਈ ਹੋਈ ਹੈ, ਉੱਥੇ ਸਾਡੇ ਦੇਸ਼ ਵਿੱਚ ਕਿਰਤੀ ਲੋਕਾਂ ਵਿੱਚ ਆਪਣੀ ਤਾਕਤ ਅਤੇ ਸਮੂਹ ਦੀ ਸ਼ਕਤੀ ਵਿੱਚ ਦ੍ਰਿੜ ਵਿਸ਼ਵਾਸ ਦੀ ਭਾਵਨਾ ਵਿਕਸਤ ਹੋ ਰਹੀ ਹੈ। ਤੁਹਾਨੂੰ ਨੌਜਵਾਨਾਂ ਨੂੰ ਇਹ ਜਾਨਣਾ ਚਾਹੀਦਾ ਹੈ ਕਿ ਇਹ ਵਿਸ਼ਵਾਸ ਹਮੇਸ਼ਾ ਉਦੋਂ ਹੀ ਪੈਦਾ ਹੁੰਦਾ ਹੈ ਜਦੋਂ ਮਨੁੱਖ ਇੱਕ ਬਿਹਤਰ ਜ਼ਿੰਦਗੀ ਦੇ ਰਾਹ ਦੀਆਂ ਔਕੜਾਂ ਨੂੰ ਪਾਰ ਕਰ ਲੈਂਦਾ ਹੈ ਅਤੇ ਇਹ ਵੀ ਕਿ ਇਸ ਕਿਸਮ ਦਾ ਵਿਸ਼ਵਾਸ ਹੀ ਸਭ ਤੋਂ ਸ਼ਕਤੀਸ਼ਾਲੀ ਰਚਨਾਤਮਕ ਤਾਕਤ ਹੁੰਦੀ ਹੈ। ਤੁਹਾਨੂੰ ਇਹ ਵੀ ਜਾਨਣਾ ਚਾਹੀਦਾ ਹੈ ਕਿ ਉਸ ‘ਪੁਰਾਣੀ ਦੁਨੀਆਂ’ ਵਿੱਚ ਕੇਵਲ ਵਿਗਿਆਨ ਹੀ ਮਨੁੱਖ ਲਈ ਹਿਤਕਾਰੀ ਹੈ ਅਤੇ ਇਸ ਲਈ ਨਿਰਵਿਵਾਦ ਰੂਪ ਵਿੱਚ ਉਪਯੋਗੀ ਹੈ। ਸਮਾਜਵਾਦ ਦੇ ਵਿਚਾਰਾਂ ਤੋਂ ਛੁੱਟ ‘ਪੁਰਾਣੇ ਸੰਸਾਰ’ ਵਿੱਚ ਚਾਲੂ ਸਾਰੇ ‘ਵਿਚਾਰਾਂ’ ਵਿੱਚ ਭੋਰਾ ਵੀ ਇਨਸਾਨੀਅਤ ਨਹੀਂ ਹੈ, ਕਿਉਂਕਿ ਇਹ ਵਿਚਾਰ ਕਿਸੇ ਨਾ ਕਿਸੇ ਰੂਪ ਵਿੱਚ ਕਿਰਤੀ ਲੋਕਾਂ ਦੇ ਸੱਭਿਆਚਾਰ ਅਤੇ ਆਜ਼ਾਦੀ ਦੀ ਕੀਮਤ ਉੱਤੇ ਕੁਝ ਵਿਅਕਤੀਆਂ ਦੀ ਨਿੱਜੀ “ਸੁੱਖ-ਸ਼ਾਂਤੀ” ਅਤੇ ਤਾਕਤ ਨੂੰ ਜਾਇਜ਼ ਠਹਿਰਾਉਣ ਅਤੇ ਸਥਾਪਿਤ ਕਰਨ ਦੇ ਯਤਨ ਕਰਦੇ ਹਨ।

ਮੈਨੂੰ ਯਾਦ ਨਹੀਂ ਆ ਰਿਹਾ ਕਿ ਮੈਂ ਕਦੇ ਆਪਣੀ ਜਵਾਨੀ ਵਿੱਚ ਜ਼ਿੰਦਗੀ ਬਾਰੇ ਕੋਈ ਸ਼ਿਕਾਇਤ ਕੀਤੀ ਹੋਵੇ। ਮੈਂ ਜਿਹਨਾਂ ਲੋਕਾਂ ਵਿੱਚ ਰਹਿੰਦਾ ਸਾਂ ਉਹ ਬੁਸ-ਬੁਸ ਕਰਨ ਦੇ ਆਦੀ ਸਨ, ਪਰ ਜਦੋਂ ਮੈਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਉਹ ਚਲਾਕੀ ਨਾਲ਼ ਅਜਿਹਾ ਕਰਦੇ ਹਨ ਤਾਂ ਕਿ ਇੱਕ-ਦੂਜੇ ਦੀ ਮੱਦਦ ਕਰਨ ਦੀ ਆਪਣੀ ਝਿਜਕ ਉੱਤੇ ਪਰਦਾ ਪਾ ਸਕਣ, ਤਾਂ ਮੈਂ ਉਹਨਾਂ ਦੀ ਨਕਲ ਕਰਨੀ ਛੱਡ ਦਿੱਤੀ। ਜਲਦੀ ਹੀ ਮੈਂ ਸਮਝ ਲਿਆ ਕਿ ਜ਼ਿਆਦਾਤਰ ਲੋਕ ਜਿਹੜੇ ਬੁਸ-ਬੁਸ ਕਰਨ ਦੇ ਆਦੀ ਹਨ, ਕਿਸੇ ਕਿਸਮ ਦਾ ਵਿਰੋਧ ਨਹੀਂ ਕਰ ਸਕਦੇ, ਉਹ ਅਜਿਹੇ ਲੋਕ ਹਨ ਜਿਹੜੇ ਜਾਂ ਤਾਂ ਕੰਮ ਕਰ ਨਹੀਂ ਸਕਦੇ, ਜਾਂ ਕਰਨਾ ਨਹੀਂ ਚਾਹੁੰਦੇ ਅਤੇ ਆਮ ਤੌਰ ’ਤੇ ਹੋਰਨਾਂ ਲੋਕਾਂ ਦੀ ਕੀਮਤ ’ਤੇ ਸੌਖੀ ਜ਼ਿੰਦਗੀ ਬਿਤਾਉਣਾ ਪਸੰਦ ਕਰਦੇ ਹਨ।

ਆਪਣੇ ਸਮੇਂ ਵਿੱਚ ਮੈਨੂੰ ਜੀਵਨ ਦਾ ਡਰ ਕੋਈ ਘੱਟ ਨਹੀਂ ਸਤਾਉਂਦਾ ਸੀ। ਅੱਜ ਮੈਂ ਉਸਨੂੰ ਅੰਨ੍ਹੇ ਆਦਮੀ ਦਾ ਭੈਅ ਕਹਿੰਦਾ ਹਾਂ। ਬੜੀਆਂ ਕਠੋਰ ਹਾਲਤਾਂ ਵਿੱਚ ਜਿਉਂਦੇ ਹੋਏ, ਜਿਸਦਾ ਵਰਣਨ ਮੈਂ ਕਰ ਚੁੱਕਿਆ ਹਾਂ, ਆਪਣੇ ਸ਼ੁਰੂਆਤੀ ਵਰਿਆਂ ਵਿੱਚ ਹੀ ਮੈਂ ਲੋਕਾਂ ਦਾ ਬੇਹੂਦਾ ਪਸ਼ੂਪੁਣਾ, ਉਹਨਾਂ ਦੀ ਪ੍ਰਸਪਰ ਦੁਸ਼ਮਣੀ ਦੇਖੀ, ਜਿਸਨੂੰ ਮੈਂ ਸਮਝ ਨਹੀਂ ਸਕਦਾ ਸੀ ਅਤੇ ਹੈਰਾਨ ਹੋਇਆ ਕਰਦਾ ਸਾਂ ਕਿ ਕੁਝ ਲੋਕਾਂ ਨੂੰ ਤਾਂ ਹੱਡ-ਭੰਨਵੀਂ ਮਿਹਨਤ ਦਾ ਭਾਰ ਚੁੱਕਣਾ ਪੈਂਦਾ ਹੈ ਜਦਕਿ ਦੂਜੇ ਲੋਕ ਐਸ਼ ਉਡਾਉਂਦੇ ਹਨ। ਬਹੁਤ ਛੋਟੀ ਉਮਰੇ ਹੀ ਮੈਂ ਇਹ ਸਮਝ ਗਿਆ ਕਿ ਧਾਰਮਿਕ ਲੋਕ ਖੁਦ ਨੂੰ “ਰੱਬ ਦੇ” ਜਿੰਨਾ “ਨੇੜੇ” ਸਮਝਦੇ ਹਨ ਓਨਾ ਹੀ ਉਹ ਉਹਨਾਂ ਲੋਕਾਂ ਤੋਂ ਦੂਰ ਹਨ ਜਿਹੜੇ ਉਹਨਾਂ ਲਈ ਕੰਮ ਕਰਦੇ ਹਨ ਅਤੇ ਓਨੀ ਹੀ ਬੇਰਹਿਮੀ ਨਾਲ਼ ਉਹ ਮਜ਼ਦੂਰਾਂ ’ਤੇ ਸਖ਼ਤਾਈ ਵਰਤਦੇ ਹਨ। ਮੈਂ ਕਹਿ ਸਕਦਾ ਹਾਂ ਕਿ ਮੈਂ ਜ਼ਿੰਦਗੀ ਦੇ ਘਿਣਾਉਣੇਪਣ ਨੂੰ ਤੁਹਾਡੇ ਨਾਲ਼ੋਂ ਕਿਤੇ ਜ਼ਿਆਦਾ ਦੇਖਿਆ ਹੈ, ਇਸ ਤੋਂ ਵੀ ਵੱਧ ਮੈਂ ਉਸਨੂੰ ਵਧੇਰੇ ਘ੍ਰਿਣਤ ਰੂਪ ਵਿੱਚ ਵੇਖਿਆ ਹੈ, ਕਿਉਂਕਿ ਜਿਸ ਖੂਹ-ਦੇ-ਡੱਡੂ ਨੂੰ ਤੁਸੀਂ

ਹੁਣ ਦੇਖਦੇ ਹੋ ਉਹ ਇਨਕਲਾਬ ਤੋਂ ਸਹਿਮਿਆ ਹੋਇਆ ਹੈ ਅਤੇ ਆਪਣੇ ਉਸ ਵਿਸ਼ਵਾਸ ਤੋਂ ਕੋਹਾਂ ਦੂਰ ਹੈ ਕਿ ਉਸਨੂੰ ਆਪਣੇ ਸੁਭਾਅ ਅਨੁਸਾਰ ਰਹਿਣ ਦਾ ਜਨਮ-ਸਿੱਧ ਅਧਿਕਾਰ ਹਾਸਿਲ ਹੈ। ਮੈਂ ਉਹ ਖੂਹ-ਦਾ-ਡੱਡੂ ਦੇਖਿਆ ਹੈ ਜਿਸਨੂੰ ਪੱਕਾ ਯਕੀਨ ਸੀ ਕਿ ਉਹ ਜੋ ਕੁਝ ਵੀ ਕਰ ਰਿਹਾ ਹੈ ਠੀਕ ਕਰ ਰਿਹਾ ਹੈ ਅਤੇ ਉਸਦਾ ਆਰਾਮਦਾਇਕ ਅਤੇ ਕਸ਼ਟਹੀਣ ਜੀਵਨ ਸਦਾ ਲਈ ਉਸਦੇ ਭਾਗਾਂ ਵਿੱਚ ਲਿਖਿਆ ਹੋਇਆ ਹੈ। ਉਸ ਸਮੇਂ ਮੈਂ ਵਿਦੇਸ਼ੀ ਨਾਵਲਾਂ ਦੇ ਅਨੁਵਾਦ ਪੜ੍ਹ ਰਿਹਾ ਸੀ ਜਿਹਨਾਂ ਵਿੱਚ ਡਿਕਨਜ਼ ਅਤੇ ਬਾਲਜ਼ਾਕ ਵਰਗੇ ਸ਼ਾਨਦਾਰ ਲੇਖਕਾਂ ਦੀਆਂ ਕਿਤਾਬਾਂ ਅਤੇ ਏਂਸਵਰਥ, ਬੁਲਵਰ-ਲਿਟਨ ਅਤੇ ਡਿਊਮਾ ਦੇ ਇਤਿਹਾਸਕ ਨਾਵਲ ਵੀ ਸ਼ਾਮਿਲ ਸਨ। ਇਹਨਾਂ ਵਿੱਚ ਦ੍ਰਿੜ ਇੱਛਾ-ਸ਼ਕਤੀ ਅਤੇ ਸਿਦਕ ਵਾਲ਼ੇ ਲੋਕਾਂ ਦਾ ਚਿਤਰਣ ਕੀਤਾ ਗਿਆ ਸੀ ਜੋ ਉਹਨਾਂ ਲੋਕਾਂ ਤੋਂ ਭਿੰਨ ਸਨ ਜਿਹਨਾਂ ਨੂੰ ਮੈਂ ਦੇਖਦਾ ਜਾਂ ਜਾਣਦਾ ਸਾਂ, ਅਤੇ ਉਹਨਾਂ ਦੀਆਂ ਦੁਸ਼ਮਣੀਆਂ ਉਹਨਾਂ ਵਿਚਲੇ ਮਹੱਤਵਪੂਰਣ ਮੱਤਭੇਦਾਂ ਤੋਂ ਹੀ ਉਪਜਦੀਆਂ ਸਨ। ਪਰ ਮੇਰੇ ਆਲ਼ੇ-ਦੁਆਲ਼ੇ ਕਮੀਨੇ ਅਤੇ ਘਟੀਆ ਲੋਕ ਸਨ, ਜਿਹਨਾਂ ਦੇ ਲਾਲਚ, ਦੁਸ਼ਮਣੀ ਤੇ ਖਾਰ, ਲੜਾਈ-ਝਗੜੇ ਅਤੇ ਮੁਕੱਦਮੇਬਾਜ਼ੀਆਂ ਦੇ ਕਾਰਣ ਕੁਝ ਅਜਿਹੇ ਹੁੰਦੇ ਸਨ ਜਿਵੇਂ ਕਿ ਗੁਆਂਢੀਆਂ ਦੇ ਮੁੰਡੇ ਨੇ ਕਿਸੇ ਦੀ ਮੁਰਗੀ ਦੀ ਲੱਤ ਤੋੜ ਦਿੱਤੀ, ਜਾਂ ਖਿੜਕੀ ਦਾ ਸ਼ੀਸ਼ਾ ਭੰਨ ਦਿੱਤਾ ਜਾਂ ਇਸ ਲਈ ਕਿ ਕਚੌਰੀਆਂ ਖਰਾਬ ਹੋ ਗਈਆਂ, ਸੂਪ ਜਲ਼ ਗਿਆ ਜਾਂ ਦੁੱਧ ਫਟ ਗਿਆ। ਉਹ ਘੰਟਿਆਂ ਬੱਧੀ ਇਸ ਗੱਲ ਦਾ ਰੋਣਾ ਰੋ ਸਕਦੇ ਸਨ ਕਿ ਦੁਕਾਨਦਾਰ ਨੇ ਇੱਕ ਪਾਉਂਡ ਚੀਨੀ ਜਾਂ ਇੱਕ ਗਜ਼ ਕੱਪੜੇ ਦਾ ਰੇਟ ਇੱਕ ਕੋਪੇਕ ਵਧਾ ਦਿੱਤਾ ਹੈ। ਕਿਸੇ ਗੁਆਂਢੀ ਤੇ ਆਈ ਕੋਈ ਤੁੱਛ ਜਿਹੀ ਮੁਸੀਬਤ ਵੀ ਉਹਨਾਂ ਨੂੰ ਬਹੁਤ ਆਨੰਦ ਦਿੰਦੀ ਸੀ, ਜਿਸਨੂੰ ਉਹ ਆਪਣੀ ਹਮਦਰਦੀ ਦੇ ਵਿਖਾਵੇ ਪਿੱਛੇ ਛੁਪਾਉਂਦੇ ਸਨ। ਮੈਂ ਚੰਗੀ ਤਰ੍ਹਾਂ ਦੇਖਿਆ ਕਰਦਾ ਸਾਂ ਕਿ ਇੱਕ ਕੋਪੇਕ ਦਾ ਸਿੱਕਾ ਖੂਹ-ਦੇ-ਡੱਡੂ ਦੇ ਸਵਰਗ ਦਾ ਸੂਰਜ ਸੀ ਅਤੇ ਇਹੀ ਉਹਨਾਂ ਵਿੱਚ ਘਟੀਆ ਅਤੇ ਲੀਚੜ ਜਿਹੀ ਦੁਸ਼ਮਣੀ ਵੀ ਪੈਦਾ ਕਰਦਾ ਸੀ। ਭਾਂਡੇ-ਟੀਂਡੇ, ਮੁਰਗੀਆਂ ਤੇ ਬੰਦ ਗੋਭੀ, ਮਾਲਪੂੜੇ ਅਤੇ ਚਰਚ ਵਿੱਚ ਪੂਜਾ, ਜਨਮਦਿਨ ਅਤੇ ਦਾਹ-ਸਸਕਾਰ, ਤੂੜ ਤੂੜ ਕੇ ਅਤੇ ਹਾਬੜਿਆਂ ਵਾਂਗੂ ਖਾਣਾ-ਪੀਣਾ—ਇਹੀ ਉਹਨਾਂ ਲੋਕਾਂ ਦੀ ਜ਼ਿੰਦਗੀ ਦਾ ਸਾਰ ਤੱਤ ਸੀ ਜਿਹਨਾਂ ਵਿੱਚ ਮੈਂ ਪਲ਼ਿਆ ਸਾਂ। ਇਹ ਕਰਿਹਤ ਭਰੀ ਹੋਂਦ ਕਦੇ ਤਾਂ ਮੇਰੇ ਅੰਦਰ ਸੁੰਨ ਕਰ ਦੇਣ ਵਾਲ਼ਾ ਅਕੇਵਾਂ ਭਰ ਦਿੰਦੀ ਅਤੇ ਕਦੇ ਸ਼ਰਾਰਤ ਦੀ ਭਾਵਨਾ, ਤਾਂ ਕਿ ਮੈਂ ਇਸ ਅਕੇਵੇਂ ਤੋਂ ਛੁਟਕਾਰਾ ਪਾ ਸਕਾਂ। ਸ਼ਾਇਦ ਇਸੇ ਤਰ੍ਹਾਂ ਦੇ ਅਕੇਵੇਂ ਬਾਰੇ ਇੱਕ 19 ਸਾਲਾ ਪੱਤਰਵਿਹਾਰ ਕਰਤਾ ਨੇ ਮੈਨੂੰ ਹੁਣੇ ਪਿੱਛੇ ਜਿਹੇ ਹੀ ਇਹਨਾਂ ਸ਼ਬਦਾਂ ਵਿੱਚ ਲਿਖਿਆ ਹੈ:

"ਰਸੋਈ, ਚੁਗਲੀ-ਨਿੰਦਾ ਅਤੇ ਜਾਨਵਰਾਂ ਵਰਗੀ ਕਾਵਾਂ-ਰੌਲ਼ੀ ਦੇ ਉਸ ਅਕੇਵੇਂ ਤੋਂ ਮੇਰੇ ਜਿਸਮ ਦਾ ਪੋਟਾ-ਪੋਟਾ ਨਫ਼ਰਤ ਕਰਦਾ ਹੈ।"

ਇਸੇ ਕਿਸਮ ਦੇ ਅਕੇਵੇਂ ਦਾ ਮਾਰਿਆ ਮੈਂ ਤਰ੍ਹਾਂ-ਤਰ੍ਹਾਂ ਦੀਆਂ ਸ਼ਰਾਰਤਾਂ ਕਰਿਆ ਕਰਦਾ ਸਾਂ; ਕਦੇ ਮੈਂ ਛੱਤ 'ਤੇ ਚੜ੍ਹ ਜਾਂਦਾ ਅਤੇ ਤੰਦੂਰ ਦੀ ਚਿਮਨੀ ਵਿੱਚ ਚੀਥੜੇ ਅਤੇ ਕੂੜਾ-ਕਰਕਟ ਤੂੜ ਦਿੰਦਾ, ਗੋਭੀ ਦੇ ਉਬਲ਼ਦੇ ਸੂਪ ਵਿੱਚ ਲੂਣ ਦੀ ਮੁੱਠੀ ਭਰ ਕੇ ਪਾ ਦਿੰਦਾ,

ਦੀਵਾਰ-ਘੜੀਆਂ ਵਿੱਚ ਧੂੜ ਫੱਕ ਦਿੰਦਾ, ਅਤੇ ਅਜਿਹੀਆਂ ਹਰਕਤਾਂ ਕਰਦਾ ਜਿਹਨਾਂ ਨੂੰ ਆਮ ਤੌਰ 'ਤੇ ਬਦਮਾਸ਼ੀ ਕਿਹਾ ਜਾਂਦਾ ਹੈ, ਆਪਣੇ-ਆਪ ਨੂੰ ਇਸ ਗੱਲ ਦਾ ਵਿਸ਼ਵਾਸ ਦਿਲਾਉਣ ਲਈ ਕਿ ਮੈਂ ਇੱਕ ਜਿਉਂਦਾ-ਜਾਗਦਾ ਇਨਸਾਨ ਹਾਂ, ਮੇਰੇ ਕੋਲ਼ ਕੋਈ ਹੋਰ ਰਾਸਤਾ ਨਹੀਂ ਸੀ। ਮੈਨੂੰ ਅਜਿਹਾ ਜਾਪਦਾ ਸੀ ਕਿ ਜਿਵੇਂ ਮੈਂ ਕਿਸੇ ਸੰਘਣੇ ਜੰਗਲ਼ ਵਿੱਚ ਰਾਸਤਾ ਭਟਕ ਗਿਆ ਹੋਵਾਂ, ਜਿਸ ਵਿੱਚ ਚਾਰੇ ਪਾਸੇ ਹਵਾ ਨਾਲ਼ ਡਿੱਗੇ ਹੋਏ ਬਹੁਤ ਸਾਰੇ ਦਰੱਖਤ ਹਨ, ਸੰਘਣੀਆਂ ਝਾੜੀਆਂ ਅਤੇ ਸੜਦੇ ਹੋਏ ਪੱਤੇ ਹਨ, ਜਿਹਨਾਂ ਵਿੱਚ ਮੈਂ ਗੋਡਿਆਂ ਤੱਕ ਧਸਦਾ ਜਾ ਰਿਹਾ ਹਾਂ।

ਮੈਨੂੰ ਇਹ ਘਟਨਾ ਯਾਦ ਆ ਰਹੀ ਹੈ: ਸਾਇਬੇਰੀਆ ਜਾਣ ਵਾਲ਼ੇ ਕੈਦੀਆਂ ਦੇ ਦਲਾਂ ਨੂੰ ਜੇਲ੍ਹ ਤੋਂ ਘਾਟ ਤੱਕ ਉਸ ਗਲ਼ੀ ਵਿੱਚੋਂ, ਜਿੱਥੇ ਮੈਂ ਰਹਿੰਦਾ ਸੀ, ਹਥਿਆਰਬੰਦ ਸਿਪਾਹੀਆਂ ਦੇ ਪਹਿਰੇ ਹੇਠ ਲਿਜਾਇਆ ਜਾਂਦਾ ਸੀ ਅਤੇ ਉੱਥੇ ਉਹਨਾਂ ਨੂੰ ਵੋਲਗਾ ਅਤੇ ਕਾਮਾ ਦੇ ਰਾਸਤੇ ਜਾਣ ਵਾਲ਼ੇ ਸਟੀਮਰਾਂ ਵਿੱਚ ਚੜ੍ਹਾ ਦਿੱਤਾ ਜਾਂਦਾ ਸੀ। ਇਹਨਾਂ ਰੁੱਖੇ ਜਿਹੇ ਅਤੇ ਗੰਦੇ-ਮੰਦੇ ਲੋਕਾਂ ਵੱਲ ਮੈਂ ਇੱਕ ਅਜੀਬ ਜਿਹੀ ਖਿੱਚ ਮਹਿਸੂਸ ਕਰਦਾ ਸਾਂ। ਸ਼ਾਇਦ ਇਹ ਈਰਖਾ ਦੀ ਭਾਵਨਾ ਤੋਂ ਉਪਜਦੀ ਹੋਵੇ, ਕਿਉਂਕਿ ਭਾਵੇਂ ਉਹ ਬੇੜੀਆਂ ਵਿੱਚ ਜਕੜੇ ਹੋਏ ਤੇ ਹਥਿਆਰਾਂ ਦੇ ਪਹਿਰੇ ਹੇਠ ਹੁੰਦੇ ਸਨ, ਪਰ ਫਿਰ ਵੀ ਉਹਨਾਂ ਦੀ ਕੋਈ ਮੰਜ਼ਿਲ ਸੀ, ਉਹ ਕਿਤੇ ਜਾ ਰਹੇ ਸਨ, ਜਦਕਿ ਮੈਂ ਤਹਿਖਾਨੇ ਦੇ ਇਕੱਲੇ ਜਿਹੇ ਚੂਹੇ ਵਾਂਗ ਇੱਟਾਂ ਦੇ ਫਰਸ਼ ਵਾਲ਼ੀ ਗੰਦੀ ਜਿਹੀ ਰਸੋਈ ਵਿੱਚ ਹੀ ਜ਼ਿੰਦਗੀ ਬਿਤਾਉਣ ਲਈ ਮਜ਼ਬੂਰ ਸਾਂ। ਇੱਕ ਦਿਨ ਬੇੜੀਆਂ ਵਿੱਚ ਜਕੜੇ ਇਹਨਾਂ ਬੰਦੀਆਂ ਦਾ ਇੱਕ ਦਲ ਦਰਿਆ ਕੰਢੇ ਵੱਲ ਲਿਜਾਇਆ ਜਾ ਰਿਹਾ ਸੀ। ਦੋ ਅਪਰਾਧੀ ਜਿਹਨਾਂ ਦੇ ਹੱਥੀਂ ਹੱਥਕੜੀਆਂ ਤੇ ਪੈਰਾਂ ਵਿੱਚ ਬੇੜੀਆਂ ਸਨ, ਸੜ੍ਹਕ ਦੀ ਪਟੜੀ ਦੇ ਕਿਨਾਰੇ 'ਤੇ ਤੁਰ ਰਹੇ ਸਨ। ਉਹਨਾਂ ਵਿੱਚੋਂ ਇੱਕ ਹੱਟਾ-ਕੱਟਾ ਆਦਮੀ ਸੀ, ਕਾਲ਼ੀ ਦਾਹੜੀ, ਘੋੜੇ ਵਰਗੀਆਂ ਅੱਖਾਂ, ਮੱਥੇ 'ਤੇ ਇੱਕ ਲਾਲ ਦਾਗ਼ ਦਾ ਨਿਸ਼ਾਨ ਅਤੇ ਇੱਕ ਕੰਨ ਜ਼ਖ਼ਮੀ—ਬਹੁਤ ਹੀ ਡਰਾਉਣਾ ਆਦਮੀ ਸੀ। ਉਸ ਆਦਮੀ 'ਤੇ ਨਜ਼ਰਾਂ ਗੱਡੀ ਮੈਂ ਪਟੜੀ 'ਤੇ ਉਸਦੇ ਨਾਲ਼-ਨਾਲ਼ ਚੱਲ ਰਿਹਾ ਸਾਂ। ਅਚਾਨਕ ਉਸਨੇ ਮੈਨੂੰ ਉੱਚੀ ਸਾਰੀ ਅਤੇ ਜ਼ਿੰਦਾਦਿਲ ਆਵਾਜ਼ ਵਿੱਚ ਕਿਹਾ: "ਹਾਂ ਬਈ, ਚੱਲਣੈ ਸਾਡੇ ਨਾਲ਼ ਘੁੰਮਣ-ਫਿਰਨ ?"

ਅਜੀਬ ਢੰਗ ਨਾਲ਼ ਮੈਂ ਉਸ ਵੱਲ ਖਿੱਚਿਆ ਗਿਆ, ਦੌੜ ਕੇ ਮੈਂ ਉਸ ਕੋਲ ਗਿਆ ਪਰ ਇੱਕ ਗਾਰਡ ਨੇ ਮੈਨੂੰ ਗਾਲ਼ ਕੱਢ ਕੇ ਪਿੱਛੇ ਧੱਕ ਦਿੱਤਾ। ਜੇ ਉਹ ਮੈਨੂੰ ਧੱਕਾ ਨਾ ਦਿੰਦਾ, ਮੈਂ ਤਾਂ ਜਿਵੇਂ ਸੁਪਨੇ ਵਿੱਚ ਉਸ ਡਰਾਉਣੇ ਆਦਮੀ ਦੇ ਪਿੱਛੇ-ਪਿੱਛੇ ਚੱਲ ਪੈਂਦਾ, ਸਿਰਫ਼ ਇਸ ਲਈ ਕਿ ਉਹ ਐਨਾ ਆਸਾਧਾਰਣ ਸੀ, ਉਹਨਾਂ ਲੋਕਾਂ ਤੋਂ ਬਹੁਤ ਅਲੱਗ ਜਿਹਨਾਂ ਨੂੰ ਮੈਂ ਜਾਣਦਾ ਸਾਂ। ਬੇਸ਼ੱਕ ਉਹ ਡਰਾਉਣਾ ਅਤੇ ਸੰਗਲ਼ਾਂ ਵਿੱਚ ਜਕੜਿਆ ਹੋਇਆ ਸੀ, ਪਰ ਮੈਂ ਖੁਦ ਨੂੰ ਇੱਕ ਵੱਖਰੀ ਕਿਸਮ ਦੇ ਜੀਵਨ ਵੱਲ ਖਿੱਚਿਆ ਜਾਂਦਾ ਮਹਿਸੂਸ ਕੀਤਾ। ਉਸ ਆਦਮੀ ਅਤੇ ਉਸਦੀ ਸਨੇਹਪੂਰਨ ਤੇ ਮਸਤ ਆਵਾਜ਼ ਨੂੰ ਮੈਂ ਕਈ ਦਿਨਾਂ ਤੱਕ ਭੁੱਲ ਨਾ ਸਕਿਆ। ਉਹਨਾਂ ਹੀ ਦਿਨਾਂ ਦਾ ਉਸੇ ਨਾਲ਼ ਜੁੜਿਆ ਅਤੇ ਓਨਾ ਹੀ ਗਹਿਰਾ ਇੱਕ ਹੋਰ ਪ੍ਰਭਾਵ ਹੈ। ਮੈਨੂੰ ਕਿਤੋਂ ਇੱਕ ਮੋਟੀ ਜਿਹੀ ਕਿਤਾਬ ਮਿਲ਼ ਗਈ, ਜਿਸਦੇ ਕੁਝ ਸ਼ੁਰੂਆਤੀ ਸਫ਼ੇ ਫਟੇ ਹੋਏ ਸਨ ਤੇ

ਗੁਆਚ ਗਏ ਸਨ, ਅਤੇ ਮੈਂ ਉਸਨੂੰ ਪੜ੍ਹਨਾ ਸ਼ੁਰੂ ਕਰ ਦਿੱਤਾ। ਇੱਕ ਸਫ਼ੇ ਦੀ ਇੱਕ ਕਹਾਣੀ ਤੋਂ ਛੁੱਟ, ਜੋ ਇੱਕ ਰਾਜੇ ਬਾਰੇ ਸੀ, ਮੈਨੂੰ ਕੁਝ ਵੀ ਸਮਝ ਨਾ ਆਇਆ। ਰਾਜਾ ਇੱਕ ਆਮ ਤੀਰ-ਅੰਦਾਜ਼ ਨੂੰ ਨਾਈਟ ਦੀ ਪਦਵੀ ਦੇਣਾ ਚਾਹੁੰਦਾ ਸੀ, ਜਿਸਦਾ ਉਸ ਤੀਰ-ਅੰਦਾਜ਼ ਨੇ ਕਾਵਿਕ ਢੰਗ ਨਾਲ਼ ਇਹ ਜਵਾਬ ਦਿੱਤਾ:

ਆਜ਼ਾਦ ਪੇਂਡੂ ਕਿਸਾਨ ਦੇ ਨਾਤੇ, ਜ਼ਿੰਦਗੀ ਮੈਨੂੰ ਜਿਉਣ ਦਿਓ,
ਜਿਵੇਂ ਮੇਰਾ ਪਿਓ ਸੀ, ਤੇ ਮੇਰਾ ਪੁੱਤਰ ਵੀ ਹੋਵੇਗਾ ਕਿਸਾਨ।
ਮਾਣ ਦੀ ਗੱਲ ਤੇ ਤਾਂ ਹੋਵੇ, ਜੇ ਕੋਈ ਸਧਾਰਣ ਸਾਥੀ ਮੇਰਾ,
ਕਰ ਦਿਖਾਏ ਕੰਮ ਐਸਾ ਕੋਈ, ਕਰ ਨਾ ਸਕੇ ਜੋ ਸਖਸ਼ ਮਹਾਨ।

ਮੈਂ ਇਹਨਾਂ ਬੇਢਬੀਆਂ ਸਤਰਾਂ ਨੂੰ ਲਿਖ ਲਿਆ ਅਤੇ ਕਈ ਸਾਲਾਂ ਤੱਕ ਇਹਨਾਂ ਨੇ ਮੈਨੂੰ ਪੈਦਲ ਚੱਲਣ ਵਾਲ਼ੇ ਯਾਤਰੀ ਦੀ ਸੋਟੀ ਦਾ ਜਾਂ ਸ਼ਾਇਦ ਅਜਿਹੀ ਢਾਲ਼ ਦਾ ਕੰਮ ਦਿੱਤਾ ਜਿਸਨੇ ਮੈਨੂੰ ਖੂਹ-ਦੇ-ਡੱਡੂਆਂ ਵੱਲੋਂ, ਜਿਹੜੇ ਉਸ ਸਮੇਂ "ਭੱਦਰ-ਪੁਰਸ਼" ਸਮਝੇ ਜਾਂਦੇ ਸਨ, ਮਿਲਣ ਵਾਲ਼ੀ ਵਰਗਲਾਹਟ ਅਤੇ ਘਟੀਆ ਸਲਾਹਾਂ ਤੋਂ ਬਚਾ ਕੇ ਰੱਖਿਆ। ਮੈਂ ਸਮਝਦਾ ਹਾਂ ਕਿ ਕਈ ਨੌਜਵਾਨਾਂ ਦੇ ਸਾਹਮਣੇ ਅਜਿਹੀਆਂ ਸਤਰਾਂ ਆਉਂਦੀਆਂ ਹੋਣਗੀਆਂ ਜੋ ਉਹਨਾਂ ਦੀ ਕਲਪਨਾ ਵਿੱਚ ਉਵੇਂ ਹੀ ਚਾਲਕ ਸ਼ਕਤੀ ਭਰ ਦਿੰਦੀਆਂ ਹੋਣਗੀਆਂ ਜਿਵੇਂ ਹਵਾ ਜਹਾਜ਼ ਦੇ ਬਾਦਬਾਨ ਵਿੱਚ ਭਰ ਦਿੰਦੀ ਹੈ।

ਕੋਈ ਦਸ ਕੁ ਸਾਲਾਂ ਬਾਅਦ ਮੈਨੂੰ ਪਤਾ ਲੱਗਿਆ ਕਿ ਇਹ ਸਤਰਾਂ "ਹੱਸਮੁੱਖ ਤੀਰ-ਅੰਦਾਜ਼ ਜਾਰਜ ਗਰੀਨ ਅਤੇ ਰਾਬਿਨ ਹੁੱਡ ਦੀ ਕਾਮੇਡੀ" ਵਿੱਚੋਂ ਸਨ, ਜਿਹੜੀ 16ਵੀਂ ਸਦੀ ਵਿੱਚ ਸ਼ੇਕਸਪੀਅਰ ਦੇ ਇੱਕ ਪੂਰਵਗਾਮੀ ਲੇਖਕ ਰਾਬਰਟ ਗਰੀਨ ਨੇ ਲਿਖੀ ਸੀ। ਇਸ ਖੋਜ ਨਾਲ਼ ਮੈਂ ਬਹੁਤ ਖੁਸ਼ ਹੋਇਆ ਅਤੇ ਸਾਹਿਤ ਪ੍ਰਤੀ ਹੋਰ ਵਧੇਰੇ ਪਿਆਰ ਮਹਿਸੂਸ ਕਰਨ ਲੱਗ ਪਿਆ, ਜਿਹੜਾ ਕਿ ਪ੍ਰਾਚੀਨ ਕਾਲ ਤੋਂ ਹੀ ਲੋਕਾਂ ਦਾ ਸੱਚਾ ਮਿੱਤਰ ਅਤੇ ਉਹਨਾਂ ਦੀਆਂ ਔਖੀਆਂ ਜ਼ਿੰਦਗੀਆਂ ਵਿੱਚ ਸਹਾਇਕ ਰਿਹਾ ਹੈ।

ਹਾਂ, ਸਾਥੀਓ, ਜ਼ਿੰਦਗੀ ਦੇ ਉਜੱਡਪੁਣੇ ਅਤੇ ਬੇਰਹਿਮੀ ਦਾ ਡਰ ਮੈਂ ਬਹੁਤ ਤਿੱਖੀ ਤਰ੍ਹਾਂ ਮਹਿਸੂਸ ਕੀਤਾ ਸੀ, ਅਤੇ ਇੱਕ ਵਾਰ ਤਾਂ ਮੈਂ ਖੁਦਕੁਸ਼ੀ ਕਰਨ ਦੀ ਵੀ ਕੋਸ਼ਿਸ਼ ਕੀਤੀ, ਇਸ ਘਟਨਾ ਨੂੰ ਮੈਂ ਕਈ ਸਾਲਾਂ ਤੱਕ ਬੇਹੱਦ ਸ਼ਰਮ ਅਤੇ ਆਤਮ-ਘ੍ਰਿਣਾ ਦੀ ਭਾਵਨਾ ਤੋਂ ਬਿਨਾਂ ਯਾਦ ਨਹੀਂ ਕਰ ਸਕਿਆ ਸੀ। ਮੈਨੂੰ ਉਸ ਡਰ ਤੋਂ ਛੁਟਕਾਰਾ ਉਦੋਂ ਮਿਲ਼ਿਆ ਜਦੋਂ ਮੈਂ ਇਹ ਗੱਲ ਮਹਿਸੂਸ ਕਰ ਲਈ ਕਿ ਲੋਕ ਓਨੇ ਬੁਰੇ ਨਹੀਂ ਹੁੰਦੇ ਜਿੰਨੇ ਅਗਿਆਨੀ ਹੁੰਦੇ ਹਨ, ਕਿ ਮੈਂ ਉਹਨਾਂ ਤੋਂ ਜਾਂ ਜ਼ਿੰਦਗੀ ਤੋਂ ਨਹੀਂ, ਸਗੋਂ ਆਪਣੀ ਸਮਾਜਿਕ ਜਾਂ ਹੋਰ ਕਿਸੇ ਤਰ੍ਹਾਂ ਦੀ ਅਗਿਆਨਤਾ, ਜ਼ਿੰਦਗੀ ਦੇ ਸਨਮੁੱਖ ਆਪਣੀ ਰੱਖਿਆ-ਹੀਣਤਾ ਅਤੇ ਬੇਬਸੀ ਕਾਰਨ ਭੈਅਭੀਤ ਹਾਂ। ਹਾਲਾਤ ਅਸਲ ਵਿੱਚ ਇਸੇ ਤਰ੍ਹਾਂ ਦੇ ਸਨ। ਮੈਂ ਸਮਝਦਾ ਹਾਂ ਕਿ ਤੁਹਾਨੂੰ ਇਸ ਗੱਲ 'ਤੇ ਚੰਗੀ ਤਰ੍ਹਾਂ ਵਿਚਾਰ ਕਰਨੀ ਚਾਹੀਦੀ ਹੈ, ਕਿਉਂਕਿ ਤੁਹਾਡੇ ਵਿੱਚੋਂ ਕੁਝ ਲੋਕ ਜੋ ਵਿਰਲਾਪ ਅਤੇ ਸ਼ਿਕਾਇਤ ਕਰਦੇ ਹਨ, ਉਸਦਾ ਕਾਰਨ ਇਹੀ ਹੈ ਕਿ ਉਹਨਾਂ ਵਿੱਚ ਜ਼ਿੰਦਗੀ

ਦੇ ਸਨਮੁੱਖ ਰੱਖਿਆ-ਹੀਣਤਾ ਦੀ ਭਾਵਨਾ ਹੈ, "ਪੁਰਾਣੀ ਦੁਨੀਆਂ" ਮਨੁੱਖ ਦਾ ਬਾਹਰੋਂ ਅਤੇ ਅੰਦਰੋਂ ਸ਼ੋਸ਼ਣ ਕਰਨ ਲਈ ਜਿਹੜੀਆਂ ਸਭ ਚੀਜ਼ਾਂ ਦੀ ਵਰਤੋਂ ਕਰਦੀ ਹੈ ਉਸਦੇ ਖਿਲਾਫ਼ ਲੜਨ ਦੀ ਆਪਣੀ ਕਾਬਲੀਅਤ ਵਿੱਚ ਭਰੋਸੇ ਦੀ ਕਮੀ ਹੈ।

ਤੁਹਾਨੂੰ ਇਸ ਗੱਲ ਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਮੇਰੇ ਵਰਗੇ ਲੋਕ ਉਸ ਸਮੇਂ ਇਕੱਲੇ ਸਨ, "ਸਮਾਜ" ਦੇ ਮਤਰੇਏ ਪੁੱਤਰ ਸਨ, ਜਦਕਿ ਹੁਣ ਤੁਹਾਡੀ ਸੰਖਿਆ ਸੈਂਕੜਿਆਂ ਤੱਕ ਪਹੁੰਚ ਗਈ ਹੈ, ਅਤੇ ਤੁਹਾਡਾ ਸੰਬੰਧ ਮਜ਼ਦੂਰ ਜਮਾਤ ਨਾਲ਼ ਹੈ, ਜਿਹੜੀ ਆਪਣੀ ਤਾਕਤ ਬਾਰੇ ਸੁਚੇਤ ਹੈ, ਜਿਸਦੇ ਹੱਥ ਵਿੱਚ ਸੱਤਾ ਹੈ ਅਤੇ ਜੋ ਤੇਜ਼ੀ ਨਾਲ਼ ਵਿਅਕਤੀਆਂ ਦੀ ਲਾਭਦਾਇਕ ਕਿਰਤ ਦਾ ਉੱਚਿਤ ਮੁਲਾਂਕਣ ਕਰਨਾ ਸਿੱਖ ਰਹੀ ਹੈ। ਮਜ਼ਦੂਰ-ਕਿਸਾਨਾਂ ਦੀ ਸਾਡੀ ਸਰਕਾਰ ਦੇ ਰੂਪ ਵਿੱਚ ਤੁਹਾਡੇ ਕੋਲ਼ ਅਜਿਹੀ ਸੱਤ੍ਹਾ ਹੈ ਜਿਸਨੂੰ ਤੁਹਾਡੀਆਂ ਯੋਗਤਾਵਾਂ ਦਾ ਜ਼ਿਆਦਾ ਤੋਂ ਜ਼ਿਆਦਾ ਵਿਕਾਸ ਕਰਨ ਵਿੱਚ ਤੁਹਾਡੀ ਮੱਦਦ ਕਰਨੀ ਚਾਹੀਦੀ ਹੈ, ਜੋ ਕਰ ਸਕਦੀ ਹੈ, ਅਤੇ ਹੌਲ਼ੀ-ਹੌਲ਼ੀ ਕਰ ਰਹੀ ਹੈ ਅਤੇ ਕਿਤੇ ਜ਼ਿਆਦਾ ਸਫਲਤਾਪੂਰਵਕ ਕਰੇਗੀ, ਜੇਕਰ ਬੁਰਜੂਆਜ਼ੀ—ਜਿਹੜੀ ਇਸਦੀ ਅਤੇ ਤੁਹਾਡੀ ਕੱਟੜ ਦੁਸ਼ਮਣ ਹੈ—ਇਸਦੇ ਜੀਵਨ ਅਤੇ ਕੰਮ ਵਿੱਚ ਰੁਕਾਵਟਾਂ ਖੜੀਆਂ ਨਾ ਕਰੇ।

ਤੁਹਾਨੂੰ ਆਪਣੇ ਆਪ ਵਿੱਚ ਅਤੇ ਆਪਣੀ ਤਾਕਤ ਵਿੱਚ ਵਿਸ਼ਵਾਸ ਦੀ ਭਾਵਨਾ ਪੈਦਾ ਕਰਨੀ ਚਾਹੀਦੀ ਹੈ, ਅਤੇ ਵਿਸ਼ਵਾਸ ਰੁਕਾਵਟਾਂ ਨੂੰ ਸਰ ਕਰਨ ਅਤੇ ਇੱਛਾ-ਸ਼ਕਤੀ ਨੂੰ ਮਜ਼ਬੂਤ ਬਣਾਉਣ ਨਾਲ਼ ਹਾਸਿਲ ਹੁੰਦਾ ਹੈ। ਤੁਹਾਨੂੰ ਆਪਣੇ ਵਿੱਚੋਂ ਅਤੇ ਆਪਣੇ ਆਲ਼ੇ-ਦੁਆਲ਼ੇ ਵਿੱਚੋਂ ਅਤੀਤ ਦੀ ਘਟੀਆ ਅਤੇ ਘ੍ਰਿਣਤ ਵਿਰਾਸਤ ਨੂੰ ਉਖਾੜ ਸੁੱਟਣਾ ਸਿੱਖਣਾ ਹੋਵੇਗਾ, ਨਹੀਂ ਤਾਂ ਤੁਸੀਂ "ਪੁਰਾਣੀ ਦੁਨੀਆਂ ਨੂੰ ਤਿਆਗਣ" ਦੇ ਕਾਬਿਲ ਕਿਵੇਂ ਹੋ ਸਕਦੇ ਹੋ ? ਇਸ ਗੀਤ ਨੂੰ ਗਾਉਣ ਦਾ ਕੋਈ ਫਾਇਦਾ ਨਹੀਂ ਹੈ ਜੇਕਰ ਤੁਹਾਡੇ ਕੋਲ ਤਾਕਤ ਅਤੇ ਇਸਦੀਆਂ ਸਿੱਖਿਆਵਾਂ ਮੁਤਾਬਿਕ ਅਮਲ ਕਰਨ ਦੀ ਇੱਛਾ-ਸ਼ਕਤੀ ਨਹੀਂ ਹੈ। ਆਪਣੇ ਆਪ ਉੱਤੇ ਇੱਕ ਛੋਟੀ ਜਿਹੀ ਜਿੱਤ ਵੀ ਆਦਮੀ ਨੂੰ ਕਿਤੇ ਵਧੇਰੇ ਤਕੜਾ ਬਣਾ ਦਿੰਦੀ ਹੈ। ਤੁਸੀਂ ਜਾਣਦੇ ਹੀ ਹੋ ਕਿ ਸਰੀਰ ਨੂੰ ਸਿਖਲਾਈ ਦੇਣ ਨਾਲ਼ ਆਦਮੀ ਦੀ ਸਿਹਤ ਠੀਕ ਰਹਿੰਦੀ ਹੈ, ਉਸ ਵਿੱਚ ਫੁਰਤੀ ਅਤੇ ਵਧੇਰੇ ਸਹਿਣਸ਼ੀਲਤਾ ਪੈਦਾ ਹੁੰਦੀ ਹੈ; ਮਨ ਅਤੇ ਇੱਛਾ-ਸ਼ਕਤੀ ਨੂੰ ਵੀ ਇਸੇ ਤਰ੍ਹਾਂ ਸਿਖਲਾਈ ਦੇਣੀ ਚਾਹੀਦੀ ਹੈ।

ਅਜਿਹੀ ਸਿਖਲਾਈ ਨਾਲ਼ ਕਿਹੋ ਜਿਹੀਆਂ ਅਸਾਧਾਰਣ ਪ੍ਰਾਪਤੀਆਂ ਸੰਭਵ ਹੋ ਸਕਦੀਆਂ ਹਨ, ਇਸਦੀ ਇੱਕ ਮਿਸਾਲ ਇਹ ਹੈ: ਕੁਝ ਅਰਸੇ ਪਹਿਲਾਂ ਬਰਲਿਨ ਵਿੱਚ ਇੱਕ ਔਰਤ ਰਹਿੰਦੀ ਸੀ, ਜਿਹੜੀ ਦੋਹਾਂ ਹੱਥਾਂ ਵਿੱਚ ਦੋ-ਦੋ ਅਤੇ ਦੰਦਾਂ ਵਿੱਚ ਇੱਕ ਪੈਨਸਲ ਫੜ ਕੇ ਇੱਕੋ ਵੇਲ਼ੇ ਪੰਜ ਭਾਸ਼ਾਵਾਂ ਦੇ ਪੰਜ-ਪੰਜ ਸ਼ਬਦ ਲਿਖ ਸਕਦੀ ਸੀ। ਪਹਿਲੀ ਨਜ਼ਰੇ ਇਹ ਗੱਲ ਬਿਲਕੁਲ ਨਾ-ਮੰਨਣਯੋਗ ਜਾਪਦੀ ਹੈ, ਕਿਉਂਕਿ ਇਹ ਸਰੀਰਕ ਲਿਹਾਜ਼ ਤੋਂ ਹੀ ਮੁਸ਼ਕਿਲ ਨਹੀਂ ਹੈ, ਸਗੋਂ ਇਸ ਲਈ ਵੀ ਔਖਾ ਹੈ ਕਿਉਂਕਿ ਇਸ ਲਈ ਅਸਾਧਾਰਣ ਵਿਚਾਰ-ਵੰਡ ਦੀ ਸਮਰੱਥਾ ਦੀ ਵੀ ਲੋੜ ਹੁੰਦੀ ਹੈ। ਪਰ ਫਿਰ ਵੀ ਇਹ ਅਸਲੀਅਤ ਹੈ। ਦੂਜਾ ਇਸ ਤੋਂ ਇਹ ਗੱਲ ਵੀ ਸਾਹਮਣੇ ਆਉਂਦੀ ਹੈ ਕਿ ਅਵਿਵਸਥਿਤ ਬੁਰਜੂਆ ਸਮਾਜ ਵਿੱਚ ਪ੍ਰਤਿਭਾਸ਼ਾਲੀ

ਯੋਗਤਾਵਾਂ ਨੂੰ ਕਿਵੇਂ ਬਰਬਾਦ ਕੀਤਾ ਜਾਂਦਾ ਹੈ, ਜਿੱਥੇ ਧਿਆਨ ਖਿੱਚਣ ਲਈ ਗਲ਼ੀਆਂ ਵਿੱਚ ਹੱਥਾਂ ਉੱਤੇ ਚੱਲਣਾ ਪੈਂਦਾ ਹੈ, ਤੇਜ਼ ਗਤੀ ਦੇ ਅਜਿਹੇ ਰਿਕਾਰਡ ਸਥਾਪਿਤ ਕਰਨੇ ਪੈਂਦੇ ਹਨ ਜਿਹਨਾਂ ਦਾ ਕੋਈ ਵੀ ਜਾਂ ਬਹੁਤ ਹੀ ਨਿਗੂਣਾ ਅਮਲੀ ਮੁੱਲ ਹੁੰਦਾ ਹੈ, ਇੱਕੋ ਸਮੇਂ ਵੀਹ-ਵੀਹ ਵਿਰੋਧੀਆਂ ਨਾਲ਼ ਸ਼ਤਰੰਜ ਦੇ ਮੈਚ ਖੇਡਣੇ, ਅਦਭੁੱਤ ਕਲਾਬਾਜ਼ੀਆਂ ਖਾਣੀਆਂ ਅਤੇ ਕਾਵਿ-ਰਚਨਾ ਦੇ ਝੂਠੇ ਚਮਤਕਾਰਾਂ ਦਾ ਪ੍ਰਦਰਸ਼ਨ ਕਰਨਾ, ਅਤੇ ਆਮ ਤੌਰ 'ਤੇ ਰੱਜੇ-ਪੁੱਜੇ ਤੇ ਅਕੇਵੇਂ ਦੇ ਮਾਰੇ ਲੋਕਾਂ ਦਾ ਦਿਲ ਬਹਿਲਾਉਣ ਤੇ ਉਹਨਾਂ ਨੂੰ ਰੋਮਾਂਚਿਤ ਕਰਨ ਲਈ ਹਰ ਤਰ੍ਹਾਂ ਦੀਆਂ ਮਸ਼ਹੂਰੀ ਖੱਟਣ ਵਾਲ਼ੀਆਂ ਅਤੇ ਪੁੱਠੀਆਂ-ਸਿੱਧੀਆਂ ਹਰਕਤਾਂ ਕਰਨੀਆਂ ਪੈਂਦੀਆਂ ਹਨ।

ਤੁਹਾਨੂੰ ਨੌਜਵਾਨਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਹਰ ਉਹ ਚੀਜ਼ ਜਿਹੜੀ ਅਸਲ ਵਿੱਚ ਕੀਮਤੀ ਹੈ, ਸਥਾਈ ਰੂਪ ਵਿੱਚ ਉਪਯੋਗੀ ਅਤੇ ਖ਼ੂਬਸੂਰਤ ਹੈ, ਜਿਸਨੂੰ ਮਨੁੱਖ ਨੇ ਵਿਗਿਆਨ, ਕਲਾ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਹਾਸਿਲ ਕੀਤਾ ਹੈ, ਉਹ ਅਜਿਹੇ ਵਿਅਕਤੀਆਂ ਦੀ ਪ੍ਰਾਪਤੀ ਹੈ ਜਿਹੜੇ ਬੇਹੱਦ ਔਖੀਆਂ ਹਾਲਤਾਂ ਵਿੱਚ, "ਸਮਾਜ" ਦੀ ਅਗਿਆਨਤਾ, ਚਰਚ ਦੀ ਹਿੰਸਕ ਦੁਸ਼ਮਣੀ, ਸਰਮਾਏਦਾਰਾਂ ਦੀ ਮੁਨਾਫੇ ਦੀ ਹਵਸ ਅਤੇ ਕਲਾ ਤੇ ਵਿਗਿਆਨ ਦੇ "ਸਰਪ੍ਰਸਤਾਂ" ਦੀਆਂ ਸਨਕੀ ਮੰਗਾਂ ਦੇ ਮਾਹੌਲ ਵਿੱਚ ਕੰਮ ਕਰਦੇ ਰਹੇ ਹਨ। ਇਹ ਗੱਲ ਦਿਮਾਗ ਵਿੱਚ ਰੱਖਣੀ ਚਾਹੀਦੀ ਹੈ ਕਿ ਸੱਭਿਆਚਾਰ ਦੀ ਸਿਰਜਣਾ ਕਰਨ ਵਾਲ਼ਿਆਂ ਵਿੱਚੋਂ ਬਹੁਤੇ ਲੋਕ ਆਮ ਕਿਰਤੀ ਸਨ, ਜਿਵੇਂ ਕਿ ਮਹਾਨ ਭੌਤਿਕ ਵਿਗਿਆਨੀ ਫੈਰਾਡੇ ਅਤੇ ਖੋਜੀ ਐਡੀਸਨ; ਕੱਤਣ ਵਾਲ਼ੀ ਚਰਖੀ ਦੀ ਖੋਜ ਆਰਕਰਾਈਟ ਨੇ ਕੀਤੀ ਜਿਹੜੇ ਇੱਕ ਨਾਈ ਸਨ; ਕਲਾਤਮਕ ਬਰਤਨਾਂ ਦੇ ਇੱਕ ਮਹਾਨ ਨਿਰਮਾਤਾ ਬਰਕਾਰਡ ਪਾਲਿਸੀ ਲੁਹਾਰ ਸਨ, ਅਤੇ ਸੰਸਾਰ ਦੇ ਸਭ ਤੋਂ ਮਹਾਨ ਨਾਟਕਕਾਰ ਸ਼ੇਕਸਪੀਅਰ ਇੱਕ ਸਧਾਰਣ ਅਦਾਕਾਰ ਸਨ, ਜਿਵੇਂ ਕਿ ਮੈਲੀਏਰ ਸਨ। ਇਸ ਤਰ੍ਹਾਂ ਦੀਆਂ ਸੈਂਕੜੇ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ ਕਿ ਕਿਵੇਂ ਲੋਕ ਆਪਣੀ ਕਾਬਲੀਅਤ ਦਾ ਵਿਕਾਸ ਕਰਨ ਦੇ ਯੋਗ ਬਣੇ।

ਇਹ ਸਾਰੀਆਂ ਗੱਲਾਂ ਅਜਿਹੇ ਵਿਅਕਤੀਆਂ ਲਈ ਸੰਭਵ ਸਿੱਧ ਹੋਈਆਂ ਜਿਹਨਾਂ ਨੂੰ ਵਿਗਿਆਨਕ ਗਿਆਨ ਦੇ ਉਸ ਵਿਸ਼ਾਲ ਭੰਡਾਰ ਅਤੇ ਤਕਨੀਕੀ ਸਾਧਨਾਂ ਦੀ ਮੁਹਾਰਤ ਹਾਸਿਲ ਨਹੀਂ ਸੀ ਜਿਹੜੀ ਅੱਜ ਮਨੁੱਖ ਜਾਤੀ ਨੂੰ ਹਾਸਿਲ ਹੈ। ਜ਼ਰਾ ਸੋਚੋ, ਸੱਭਿਆਚਾਰਕ ਕੰਮ ਕਰਨਾ ਸਾਡੇ ਦੇਸ਼ ਵਿੱਚ ਕਿੰਨਾ ਆਸਾਨ ਹੋ ਗਿਆ ਹੈ, ਜਿੱਥੇ ਅਸੀਂ ਲੋਕਾਂ ਨੂੰ ਫਾਲਤੂ ਕਿਰਤ ਅਤੇ ਮਜ਼ਦੂਰਾਂ ਨੂੰ ਮਨੁੱਖ-ਦੋਖੀ ਸ਼ੋਸ਼ਣ ਤੋਂ ਮੁਕਤ ਕਰਵਾਉਣ ਲਈ ਹੰਭਲਾ ਮਾਰ ਰਹੇ ਹਾਂ, ਉਸ ਸ਼ੋਸ਼ਣ ਤੋਂ ਜਿਹੜਾ ਤੇਜ਼ੀ ਨਾਲ਼ ਧਨੀ ਜਮਾਤ ਨੂੰ ਜਨਮ ਦਿੰਦਾ ਹੈ ਅਤੇ ਨਾਲ਼ ਹੀ ਮਜ਼ਦੂਰ ਜਮਾਤ ਦੇ ਪਤਨ ਦਾ ਖਤਰਾ ਉਤਪਨ ਕਰਦਾ ਹੈ।

ਤੁਹਾਡੇ ਅੱਗੇ ਇੱਕ ਮਹਾਨ ਅਤੇ ਪੂਰੀ ਤਰ੍ਹਾਂ ਸਪਸ਼ਟ ਕੰਮ ਮੌਜੂਦ ਹੈ—ਅਤੇ ਉਹ ਹੈ "ਪੁਰਾਣੀ ਦੁਨੀਆਂ ਤੋਂ ਛੁਟਕਾਰਾ" ਅਤੇ ਨਵੀਂ ਦੁਨੀਆਂ ਦਾ ਨਿਰਮਾਣ। ਇਹ ਸ਼ੁਰੂ ਹੋ ਚੁੱਕਿਆ ਹੈ। ਸਾਡੀ ਮਜ਼ਦੂਰ ਜਮਾਤ ਦੇ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਹਰ ਪਾਸੇ ਇਸ

ਪ੍ਰਕਿਰਿਆ ਦਾ ਵਿਕਾਸ ਹੋ ਰਿਹਾ ਹੈ ਅਤੇ ਹੁੰਦਾ ਰਹੇਗਾ, ਪੁਰਾਣੀ ਦੁਨੀਆਂ ਚਾਹੇ ਇਸਦੇ ਰਾਹ ਵਿੱਚ ਕਿੰਨੇ ਵੀ ਅੜਿੱਕੇ ਕਿਉਂ ਨਾ ਡਾਹੇ। ਕੁੱਲ ਦੁਨੀਆਂ ਦੇ ਕਿਰਤੀ ਲੋਕ ਇਸ ਕੰਮ ਨੂੰ ਨੇਪਰੇ ਚਾੜਨ ਲਈ ਕਮਰਕੱਸੇ ਕਰ ਰਹੇ ਹਨ। ਵਿਅਕਤੀਆਂ ਦੇ ਕੰਮਾਂ ਦੇ ਆਲ਼ੇ-ਦੁਆਲ਼ੇ, ਜਿਹੜੇ ਹੁਣ ਸਮੂਹ ਦੇ ਅਲੱਗ-ਅਲੱਗ ਟੁਕੜੇ ਨਹੀਂ ਰਹੇ ਹਨ, ਸਗੋਂ ਇਸਦੀ ਰਚਨਾਤਮਕ ਇੱਛਾ ਨੂੰ ਆਵਾਜ਼ ਦੇਣ ਵਾਲ਼ੇ ਹਰਾਵਲ ਬਣ ਗਏ ਹਨ, ਇੱਕ ਹਮਦਰਦੀ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ।

ਅਜਿਹਾ ਟੀਚਾ ਸਾਹਮਣੇ ਹੋਣ ਨਾਲ਼ ਜਿਹੜਾ ਕਿ ਪਹਿਲੀ ਵਾਰ ਐਨੇ ਸਪਸ਼ਟ ਰੂਪ ਵਿੱਚ ਪੇਸ਼ ਕੀਤਾ ਗਿਆ ਹੈ, "ਕੀ ਕਰੀਏ ?" ਵਰਗੇ ਸਵਾਲਾਂ ਦੀ ਕੋਈ ਗੁੰਜਾਇਸ਼ ਹੀ ਨਹੀਂ ਰਹਿ ਜਾਂਦੀ। ਕੁਝ ਲੋਕ ਕਹਿੰਦੇ ਹਨ ਕਿ "ਜ਼ਿੰਦਗੀ ਕਠਿਨ ਹੈ"। ਕੀ ਸਚਮੁੱਚ ਹੀ ਬਹੁਤ ਮੁਸ਼ਕਿਲ ਹੈ ? ਕੀ ਇਹ ਇਸ ਲਈ ਮੁਸ਼ਕਿਲ ਨਹੀਂ ਹੈ ਕਿ ਤੁਹਾਡੀਆਂ ਲੋੜਾਂ ਵਧ ਗਈਆਂ ਹਨ ਅਤੇ ਤੁਹਾਨੂੰ ਅਜਿਹੀਆਂ ਚੀਜ਼ਾਂ ਦੀ ਲੋੜ ਮਹਿਸੂਸ ਹੁੰਦੀ ਹੈ ਜਿਹਨਾਂ ਬਾਰੇ ਤੁਹਾਡੇ ਪਿਓ-ਦਾਦਿਆਂ ਨੇ ਕਦੇ ਸੋਚਿਆ ਵੀ ਨਹੀਂ ਸੀ ਅਤੇ ਨਾ ਕਦੇ ਦੇਖਿਆ ਸੀ ? ਸ਼ਾਇਦ ਤੁਸੀਂ ਕੁਝ ਜ਼ਿਆਦਾ ਹੀ ਮੰਗ ਨਹੀਂ ਕਰਨ ਲੱਗ ਪਏ ?

ਮੈਂ ਇਹ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਤੁਹਾਡੇ ਵਿੱਚੋਂ ਬਹੁਤੇ ਲੋਕ ਸਮੂਹਿਕ ਕੰਮ ਦੇ ਆਨੰਦ ਅਤੇ ਕਾਵਿਕਤਾ ਨੂੰ ਸਮਝਦੇ ਹਨ ਅਤੇ ਲੱਖਾਂ ਰੁਪਏ ਬਟੋਰਨ ਦੇ ਇੱਛੁਕ ਨਹੀਂ ਹਨ, ਸਗੋਂ ਉਸ ਸ਼ੈਤਾਨੀ ਸੱਤਾ ਨੂੰ ਨਸ਼ਟ ਕਰਨਾ ਚਾਹੁੰਦੇ ਹਨ, ਜਿਹੜੀ ਪੈਸੇ ਨੇ ਸੰਸਾਰ ਦੇ ਸਭ ਤੋਂ ਵੱਡੇ ਚਮਤਕਾਰ ਅਤੇ ਇਸ ਸੰਸਾਰ ਦੇ ਸਾਰੇ ਚਮਤਕਾਰਾਂ ਦੇ ਨਿਰਮਾਤਾ ਮਨੁੱਖ 'ਤੇ ਥੋਪੀ ਹੋਈ ਹੈ।

ਹੁਣ ਮੈਂ ਇਸ ਸਵਾਲ ਦਾ ਜਵਾਬ ਦਿਆਂਗਾ ਕਿ ਮੈਂ ਲਿਖਣਾ ਕਿਵੇਂ ਸਿੱਖਿਆ।

ਮੈਂ ਜੀਵਨ ਅਤੇ ਕਿਤਾਬਾਂ ਦੋਹਾਂ ਤੋਂ ਪ੍ਰਭਾਵ ਕਬੂਲਿਆ। ਪਹਿਲੇ ਨੂੰ ਕੱਚਾ ਮਾਲ ਕਿਹਾ ਜਾ ਸਕਦਾ ਹੈ ਜਦਕਿ ਦੂਜੇ ਨੂੰ ਅਰਧ-ਤਿਆਰ ਮਾਲ, ਜਾਂ ਇਸੇ ਗੱਲ ਨੂੰ ਜੇ ਮੋਟੇ ਪਰ ਸਾਫ ਢੰਗ ਨਾਲ਼ ਕਹਿਣਾ ਹੋਵੇ ਤਾਂ ਪਹਿਲੇ ਵਿੱਚ ਮੇਰਾ ਵਾਹ ਪਸ਼ੂਆਂ ਨਾਲ਼ ਪਿਆ ਤੇ ਦੂਜੇ ਵਿੱਚ ਉਸਦੇ ਚੰਗੀ ਤਰ੍ਹਾਂ ਤਿਆਰ ਕੀਤੇ ਚਮੜੇ ਨਾਲ਼। ਮੈਂ ਵਿਦੇਸ਼ੀ ਸਾਹਿਤ ਖਾਸ ਕਰਕੇ ਫਰਾਂਸੀਸੀ ਸਾਹਿਤ ਦਾ ਬਹੁਤ ਰਿਣੀ ਹਾਂ।

ਮੇਰਾ ਨਾਨਾ ਨਿਰਦਈ ਅਤੇ ਕੰਜੂਸ ਸੀ, ਪਰ ਮੈਂ ਉਸਨੂੰ ਉਦੋਂ ਤੱਕ ਸਹੀ ਤਰ੍ਹਾਂ ਨਹੀਂ ਸਮਝ ਸਕਿਆ ਜਦੋਂ ਤੱਕ ਮੈਂ ਬਾਲਜ਼ਾਕ ਦਾ ਨਾਵਲ *EugÈnie Grandet* (ਅਯੂਜਨੀ ਗ੍ਰਾਂਟੇ) ਨਹੀਂ ਸੀ ਪੜ੍ਹਿਆ। ਯੂਜੇਨੀ ਦਾ ਪਿਓ ਗਰਾਂਦੇ ਵੀ ਨਿਰਦਈ ਅਤੇ ਕੰਜੂਸ ਸੀ ਅਤੇ ਮੇਰੇ ਨਾਨੇ ਨਾਲ਼ ਮਿਲ਼ਦਾ ਜੁਲ਼ਦਾ ਸੀ, ਪਰ ਉਹ ਮੇਰੇ ਨਾਨੇ ਨਾਲੋਂ ਜ਼ਿਆਦਾ ਮੂਰਖ ਅਤੇ ਘੱਟ ਦਿਲਚਸਪ ਸੀ। ਇਸ ਫਰਾਂਸੀਸੀ ਦੀ ਤੁਲਨਾ ਵਿੱਚ ਇੱਕ ਰੂਸੀ ਬਜ਼ੁਰਗ, ਜਿਸਨੂੰ ਮੈਂ ਪਿਆਰ ਨਹੀਂ ਕਰਦਾ ਸੀ, ਜ਼ਿਆਦਾ ਸ਼੍ਰੇਸ਼ਟ ਜਾਪਿਆ। ਇਸ ਨਾਲ਼ ਨਾਨੇ ਪ੍ਰਤੀ ਮੇਰਾ ਰਵੱਈਆ ਤਾਂ ਨਹੀਂ ਬਦਲਿਆ ਪਰ ਮੈਂ ਇੱਕ ਵੱਡੀ ਖੋਜ ਕਰ ਲਈ, ਉਹ ਇਹ ਕਿ, *ਕਿਤਾਬਾਂ ਮੇਰੇ ਸਾਹਮਣੇ ਕੁਝ ਅਜਿਹੇ ਰਹੱਸ ਖੋਲਣ ਦੇ ਯੋਗ ਸਨ, ਜਿਹੜੇ ਮੈਂ ਪਹਿਲਾਂ ਮਨੁੱਖਾਂ ਵਿੱਚ ਕਦੇ ਨਹੀਂ ਸਨ*

ਦੇਖੇ ਅਤੇ ਨਾ ਹੀ ਜਾਣਦਾ ਸਾਂ।

ਜਾਰਜ ਇਲੀਅਟ ਦੇ ਅਕਾਊ ਨਾਵਲ 'ਮਿਡਲ ਮਾਰਚ' ਅਤੇ ਆਇਰਬਾਖ਼ ਤੇ ਸਪਾਈਲਹਾਗੇਨ ਦੀਆਂ ਕਿਤਾਬਾਂ ਨੇ ਮੈਨੂੰ ਦੱਸਿਆ ਕਿ ਇੰਗਲੈਂਡ ਅਤੇ ਜਰਮਨ ਦੇ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਦੀ ਜ਼ਿੰਦਗੀ ਨੀਜ਼ਨੀ ਨੋਵਗੋਰੋਦ ਦੀ ਜ਼ਵੇਜ਼ਦਿਨਸਕਾਇਆ ਗਲ਼ੀ ਵਿੱਚ ਰਹਿਣ ਵਾਲ਼ੇ ਲੋਕਾਂ ਵਰਗੀ ਹੂ-ਬ-ਹੂ ਤਾਂ ਨਹੀਂ ਸੀ, ਪਰ ਉਸ ਨਾਲ਼ੋਂ ਕੁਝ ਚੰਗੀ ਵੀ ਨਹੀਂ ਸੀ। ਉਹ ਉਹੀ ਚੀਜ਼ਾਂ ਬਾਰੇ ਗੱਲਾਂ ਕਰਦੇ ਸਨ— ਆਪਣੇ ਅੰਗਰੇਜ਼ੀ ਅਤੇ ਜਰਮਨ ਪੈਸਿਆਂ ਦੀਆਂ, ਰੱਬ ਤੋਂ ਡਰਨ ਅਤੇ ਉਸਨੂੰ ਪਿਆਰ ਕਰਨ ਦੀ ਜ਼ਰੂਰਤ ਦੀਆਂ, ਪਰ ਬਿਲਕੁਲ ਸਾਡੀ ਗਲੀ ਦੇ ਨਿਵਾਸੀਆਂ ਵਾਂਗੂੰ ਉਹ ਇੱਕ ਦੂਜੇ ਨੂੰ ਨਾ ਪਸੰਦ ਕਰਦੇ ਸਨ, ਖਾਸ ਕਰਕੇ ਉਹਨਾਂ ਲੋਕਾਂ ਨੂੰ ਜਿਹੜੇ ਦੂਜੇ ਸਾਂਚੇ ਵਿੱਚ ਢਲ਼ੇ ਹੋਣ, ਜਿਹੜੇ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਆਲ਼ੇ-ਦੁਆਲ਼ੇ ਦੇ ਜ਼ਿਆਦਾਤਰ ਲੋਕਾਂ ਨਾਲ਼ੋਂ ਭਿੰਨ ਹੋਣ। ਮੈਂ ਵਿਦੇਸ਼ੀਆਂ ਅਤੇ ਰੂਸੀਆਂ ਵਿੱਚ ਸਮਾਨਤਾਵਾਂ ਨਹੀਂ ਲੱਭ ਰਿਹਾ ਸੀ, ਨਹੀਂ, ਮੈਂ ਉਹਨਾਂ ਵਿੱਚ ਫ਼ਰਕ ਲੱਭ ਰਿਹਾ ਸਾਂ, ਪਰ ਫਿਰ ਵੀ ਮੈਨੂੰ ਸਮਾਨਤਾ ਹੀ ਦਿਖਾਈ ਦਿੰਦੀ ਸੀ।

ਦੀਵਾਲ਼ੀਆ ਵਪਾਰੀ ਇਵਾਨ ਸ਼ਚੂਰੋਵ ਅਤੇ ਯਾਕੋਵ ਕੋਤੇਲਨਿਕੋਵ, ਜਿਹੜੇ ਮੇਰੇ ਨਾਨੇ ਦੇ ਗੂੜ੍ਹੇ ਮਿੱਤਰ ਸਨ, ਉਨ੍ਹਾਂ ਹੀ ਚੀਜ਼ਾਂ ਬਾਰੇ ਅਤੇ ਉਸੇ ਢੰਗ ਨਾਲ਼ ਗੱਲਾਂ ਕਰਦੇ ਸਨ, ਜਿਵੇਂ ਥੈਕਰੇ ਦੇ 'ਵੈਨਿਟੀ ਫੇਅਰ' ਦੇ ਪਾਤਰ ਕਰਦੇ ਸਨ। ਮੈਂ ਬਾਈਬਲ ਦੀ ਭਜਨ-ਸਹਿੰਤਾ ਤੋਂ ਪੜ੍ਹਨਾ ਤੇ ਲਿਖਣਾ ਸਿੱਖਿਆ, ਮੈਂ ਇਸ ਕਿਤਾਬ ਨੂੰ ਬਹੁਤ ਪਿਆਰ ਕਰਦਾ ਸਾਂ ਕਿਉਂਕਿ ਇਸਦੀ ਭਾਸ਼ਾ ਖੂਬਸੂਰਤ ਅਤੇ ਸੰਗੀਤਮਈ ਸੀ। ਜਦੋਂ ਯਾਕੋਵ ਕੋਤੇਲਨਿਕੋਵ, ਮੇਰਾ ਨਾਨਾ ਅਤੇ ਹੋਰ ਬਜ਼ੁਰਗ ਆਪਸ ਵਿੱਚ ਆਪਣੇ ਬੱਚਿਆਂ ਦੀਆਂ ਸ਼ਿਕਾਇਤਾਂ ਕਰਦੇ ਤਾਂ ਮੈਨੂੰ ਰਾਜਾ ਡੇਵਿਡ ਚੇਤੇ ਆ ਜਾਂਦਾ ਜਿਹੜਾ ਰੱਬ ਨੂੰ ਆਪਣੇ ਬਾਗੀ ਪੁੱਤਰ ਐਬਸਲੋਸ ਦੀਆਂ ਸ਼ਿਕਾਇਤਾਂ ਕਰਿਆ ਕਰਦਾ ਸੀ, ਅਤੇ ਮੈਨੂੰ ਇੰਜ ਜਾਪਦਾ ਕਿ ਇਹ ਬੁੱਢੇ ਲੋਕ, ਜਦੋਂ ਕਹਿੰਦੇ ਹਨ ਕਿ ਆਮ ਤੌਰ 'ਤੇ ਸਾਰੇ ਅਤੇ ਖਾਸ ਕਰਕੇ ਨੌਜਵਾਨ ਦਿਨੋ ਦਿਨ ਬੁਰਾ ਜੀਵਨ ਬਿਤਾ ਰਹੇ ਹਨ, ਜ਼ਿਆਦਾ ਮੂਰਖ ਅਤੇ ਸੁਸਤ ਹੁੰਦੇ ਜਾ ਰਹੇ ਹਨ, ਅਤੇ ਰੱਬ ਦਾ ਡਰ ਇਹਨਾਂ ਦੇ ਮਨਾਂ ਵਿੱਚੋਂ ਨਿੱਕਲ਼ ਗਿਆ ਹੈ, ਤਾਂ ਇਹ ਸੱਚ ਨਹੀਂ ਬੋਲ ਰਹੇ ਹੁੰਦੇ। ਡਿਕਨਜ਼ ਦੇ ਪਾਖੰਡੀ ਪਾਤਰ ਵੀ ਬਿਲਕੁਲ ਇਹੀ ਗੱਲਾਂ ਕਰਦੇ ਸਨ।

ਕੱਟੜਪੰਥੀ ਸਿਧਾਂਤਵਾਦੀ ਅਤੇ ਰੂੜੀਵਾਦੀ ਪੁਜਾਰੀਆਂ ਦੇ ਪਰਸਪਰ ਵਾਦ-ਵਿਵਾਦ ਨੂੰ ਧਿਆਨ ਨਾਲ਼ ਸੁਣਨ ਤੋਂ ਬਾਅਦ ਮੈਨੂੰ ਪਤਾ ਚੱਲਿਆ ਕਿ ਇਹ ਦੋਵੇਂ ਸ਼ਬਦਾਂ ਨੂੰ ਉਸੇ ਤਰ੍ਹਾਂ ਫੜਦੇ ਹਨ ਜਿਵੇਂ ਹੋਰਨਾਂ ਦੇਸ਼ਾਂ ਦੇ ਪਾਦਰੀ ਕਰਿਆ ਕਰਦੇ ਸਨ, ਕਿ ਸਾਰੇ ਪਾਦਰੀਆਂ ਲਈ ਸ਼ਬਦ ਹੋਰਨਾਂ ਲੋਕਾਂ ਨੂੰ ਲਗਾਮਾਂ ਪਾ ਕੇ ਰੱਖਣ ਦਾ ਇਕ ਸਾਧਨ ਹਨ, ਅਤੇ ਇਹ ਵੀ ਕਿ ਕੁਝ ਲੇਖਕ ਵੀ ਬਿਲਕੁਲ ਪਾਦਰੀਆਂ ਵਰਗੇ ਹੁੰਦੇ ਹਨ। ਇਸ ਸਮਾਨਤਾ ਵਿੱਚ ਮੈਨੂੰ ਕੁਝ ਸ਼ੱਕੀ ਜਿਹਾ ਪਰ ਫਿਰ ਵੀ ਦਿਲਚਸਪ ਜਾਪਿਆ।

ਇਹ ਸਹੀ ਹੈ ਕਿ ਮੇਰੇ ਪੜ੍ਹਨ ਦੇ ਢੰਗ ਵਿੱਚ ਕੋਈ ਵਿਵਸਥਾ ਜਾਂ ਨਿਰੰਤਰਤਾ ਨਹੀਂ ਸੀ, ਅਤੇ ਸਭ ਕੁਝ ਮਹਿਜ਼ ਸੰਜੋਗ ਸੀ। ਮੈਂ ਜਿਸ ਕੋਲ਼ ਕੰਮ ਕਰਦਾ ਸਾਂ ਉਸਦਾ ਭਰਾ ਵਿਕਟਰ

ਸੇਰਗੇਯੇਵ, ਜ਼ੇਵੀਅਰ ਦ ਮੋਂਟੇਪਿਨ, ਗਬੋਰਿਓ, ਜ਼ਕੋਨੇ ਅਤੇ ਬੁਵਿਏ ਦੇ ਲਿਖੇ ਘਟੀਆ, ਸਨਸਨੀਖੇਜ਼ ਕਿਸਮ ਦੇ ਨਾਵਲ ਪੜ੍ਹਿਆ ਕਰਦਾ ਸੀ ਅਤੇ ਇਹਨਾਂ ਨੂੰ ਪੜ੍ਹਨ ਤੋਂ ਬਾਅਦ ਮੈਨੂੰ ਅਜਿਹੀਆਂ ਰੂਸੀ ਕਿਤਾਬਾਂ ਮਿਲ਼ੀਆਂ ਜਿਹਨਾਂ ਵਿੱਚ "ਸਰਵਖੰਡਨਵਾਦੀ-ਇਨਕਲਾਬੀਆਂ" ਦਾ ਮਜ਼ਾਕ ਉਡਾਇਆ ਗਿਆ ਸੀ ਅਤੇ ਦਵੈਖਪੂਰਣ ਚਿਤਰਣ ਕੀਤਾ ਗਿਆ ਸੀ। ਮੈਂ ਕਰੇਸਤੋਵਸਕੀ, ਸਤੇਬਨਿਤਸਕੀ-ਲੇਸਕੋਵ, ਕਲੂਸ਼ਿਨਕੋਵ ਅਤੇ ਪਿਸੇਮਸਕੀ ਦੀਆਂ ਕਿਤਾਬਾਂ ਵੀ ਪੜ੍ਹੀਆਂ। ਮੈਨੂੰ ਅਜਿਹੇ ਲੋਕਾਂ ਬਾਰੇ ਪੜ੍ਹਨ ਵਿੱਚ ਬਹੁਤ ਆਨੰਦ ਆਉਂਦਾ ਸੀ ਜਿਹੜੇ ਉਹਨਾਂ ਲੋਕਾਂ ਵਰਗੇ ਨਹੀਂ ਸਨ ਜਿਹਨਾਂ ਵਿੱਚ ਮੈਂ ਰਹਿੰਦਾ ਸਾਂ, ਸਗੋਂ ਜਿਹੜੇ ਉਸ ਕੈਦੀ ਵਰਗੇ ਸਨ ਜਿਸਨੇ ਮੈਨੂੰ ਆਪਣੇ ਨਾਲ਼ ਚੱਲਣ ਦਾ ਸੱਦਾ ਦਿੱਤਾ ਸੀ। ਬਿਲਕੁਲ, ਮੈਂ ਇਹ ਨਹੀਂ ਸਮਝ ਸਕਿਆ ਕਿ ਇਹਨਾਂ ਲੋਕਾਂ ਦਾ "ਇਨਕਲਾਬੀਪੁਣਾ" ਕਿਸ ਗੱਲ ਵਿੱਚ ਵਿਦਮਾਨ ਹੈ, ਜਿਹੜਾ ਲੇਖਕਾਂ ਦਾ ਵੀ ਇੱਕ ਮਕਸਦ ਸੀ, ਕਿਉਂਕਿ ਉਹ ਸਾਰੇ "ਇਨਕਲਾਬੀਆਂ" ਨੂੰ ਕਾਲ਼ੇ ਰੰਗ ਵਿੱਚ ਹੀ ਰੰਗਦੇ ਸਨ।

ਮੈਨੂੰ ਪੋਮਿਆਲੋਵਸਕੀ ਦੀਆਂ ਕਹਾਣੀਆਂ 'ਮੋਲਤੋਵ' ਅਤੇ 'ਖੂਹ-ਦੇ-ਡੱਡੂ ਦਾ ਸੁੱਖ' ਮਿਲ਼ ਗਈਆਂ, ਜਿਹਨਾਂ ਨੇ ਮੈਨੂੰ ਖੂਹ-ਦੇ-ਡੱਡੂ ਦੀ "ਦਮਨਕਾਰੀ ਨੀਰਸ ਜ਼ਿੰਦਗੀ" ਅਤੇ ਉਸਦੀ ਖੁਸ਼ੀ ਦੀ ਤੁੱਛਤਾ ਬਾਰੇ ਦੱਸਿਆ। ਭਾਵੇਂ ਕੁਝ ਧੁੰਦਲੇ ਜਿਹੇ ਰੂਪ ਵਿੱਚ ਹੀ ਸਹੀ, ਪਰ ਮੈਨੂੰ ਇਹ ਮਹਿਸੂਸ ਹੋਇਆ ਕਿ ਗਮਗੀਨ "ਸਰਵਖੰਡਨਵਾਦੀ" ਕਿਸੇ ਨਾ ਕਿਸੇ ਤਰ੍ਹਾਂ ਖੁਸ਼ਹਾਲ 'ਮੋਲਤੋਵ' ਨਾਲ਼ੋਂ ਬਿਹਤਰ ਸਨ। ਪੋਮਿਆਲੋਵਸਕੀ ਤੋਂ ਬਾਅਦ ਮੈਂ ਜ਼ਾਰੂਬਿਨ ਦੀ ਲਿਖੀ ਇੱਕ ਬੇਹੱਦ ਨੀਰਸ ਕਿਤਾਬ ਪੜ੍ਹੀ, ਜਿਸਦਾ ਨਾਮ ਸੀ "ਰੂਸੀ ਜੀਵਨ ਦੇ ਹਨੇਰੇ ਅਤੇ ਰੌਸ਼ਨ ਪੱਖ"। ਇਸ ਕਿਤਾਬ ਵਿੱਚ ਮੈਨੂੰ "ਰੌਸ਼ਨ" ਪੱਖ ਤਾਂ ਕਿਤੇ ਨਾ ਮਿਲ਼ੇ, ਪਰ "ਹਨੇਰੇ" ਪੱਖ ਹੋਰ ਵਧੇਰੇ ਸਪਸ਼ਟ ਅਤੇ ਘਿਣਾਉਣੇ ਜਾਪਣ ਲੱਗ ਪਏ।

ਮੈਂ ਘਟੀਆ ਕਿਤਾਬਾਂ ਵੀ ਬੇਹਿਸਾਬ ਪੜ੍ਹੀਆਂ ਹਨ, ਪਰ ਇਹਨਾਂ ਨਾਲ਼ ਵੀ ਮੈਨੂੰ ਕਾਫ਼ੀ ਫਾਇਦਾ ਹੋਇਆ। ਜ਼ਿੰਦਗੀ ਦੇ ਬੁਰੇ ਪੱਖਾਂ ਬਾਰੇ ਵੀ ਆਦਮੀ ਨੂੰ ਓਨੀ ਹੀ ਜਾਣਕਾਰੀ ਹੋਣੀ ਚਾਹੀਦੀ ਹੈ ਜਿੰਨੀ ਕਿ ਚੰਗੇ ਪੱਖਾਂ ਬਾਰੇ। ਆਦਮੀ ਨੂੰ ਜ਼ਿਆਦਾ ਤੋਂ ਜ਼ਿਆਦਾ ਗਿਆਨ ਹੋਣਾ ਚਾਹੀਦਾ ਹੈ। ਕਿਸੇ ਦਾ ਤਜ਼ਰਬਾ ਜਿੰਨਾ ਰੰਗ-ਬਿਰੰਗਾ ਹੋਵੇਗਾ, ਓਨੀ ਹੀ ਉਸਦੀ ਉਡਾਣ ਉੱਚੀ ਅਤੇ ਦ੍ਰਿਸ਼ਟੀ-ਖੇਤਰ ਵਿਆਪਕ ਹੋਵੇਗਾ।

ਵਿਦੇਸ਼ੀ ਸਾਹਿਤ ਨੇ ਮੈਨੂੰ ਤੁਲਨਾ ਲਈ ਕਾਫ਼ੀ ਸਮੱਗਰੀ ਦਿੱਤੀ ਅਤੇ ਆਪਣੀ ਅਦਭੁੱਤ ਕੁਸ਼ਲਤਾ ਨਾਲ਼ ਮੈਨੂੰ ਹੈਰਾਨ ਵੀ ਕੀਤਾ। ਇਹਨਾਂ ਕਿਤਾਬਾਂ ਨੇ ਲੋਕਾਂ ਦਾ ਚਿਤਰਣ ਐਨੇ ਸਜੀਵ ਅਤੇ ਸਪਸ਼ਟ ਢੰਗ ਨਾਲ਼ ਕੀਤਾ ਹੁੰਦਾ ਸੀ ਕਿ ਉਹ ਮੈਨੂੰ ਸਚਮੁੱਚ ਦੇ ਤੁਰਦੇ-ਫਿਰਦੇ ਆਦਮੀ ਜਾਪਦੇ। ਮੈਨੂੰ ਇਹ ਲੋਕ ਰੂਸੀ ਲੋਕਾਂ ਨਾਲੋ ਜ਼ਿਆਦਾ ਸਰਗਰਮ ਜਾਪਦੇ ਸਨ— ਕਿਉਂਕਿ ਉਹ ਗੱਲਾਂ ਘੱਟ ਕਰਦੇ ਸਨ ਅਤੇ ਕੰਮ ਜ਼ਿਆਦਾ ਕਰਦੇ ਸਨ।

ਵੱਡੇ ਫ਼ਰਾਂਸੀਸੀ ਲੇਖਕਾਂ—ਸਤੇਂਧਾਲ, ਬਾਲਜ਼ਾਕ ਅਤੇ ਫਲਾਬੇਅਰ ਦਾ ਮੇਰੇ ਉੱਤੇ ਗਹਿਰਾ ਅਤੇ ਰਚਨਾਤਮਕ ਪ੍ਰਭਾਵ ਪਿਆ ਅਤੇ ਮੈਂ ਸਾਰੇ "ਨੌਸਿੱਖੀਏ" ਲੇਖਕਾਂ ਨੂੰ ਇਹਨਾਂ ਲੇਖਕਾਂ ਦੀਆਂ ਕ੍ਰਿਤਾਂ ਪੜ੍ਹਨ ਦੀ ਸਲਾਹ ਦਿੰਦਾ ਹਾਂ। ਉਹ ਸਚਮੁੱਚ ਪ੍ਰਤਿਭਾਸ਼ਾਲੀ ਕਲਾਕਾਰ ਅਤੇ

ਰਚਨਾ ਸ਼ੈਲੀ ਵਿੱਚ ਅਤਿਅੰਤ ਮਾਹਿਰ ਹਨ। ਜਿਹਨਾਂ ਦੇ ਹਾਣ ਦਾ ਲੇਖਕ ਅਜੇ ਰੂਸੀ ਸਾਹਿਤ ਵਿੱਚ ਨਹੀਂ ਹੈ। ਮੈਂ ਉਹਨਾਂ ਨੂੰ ਰੂਸੀ ਭਾਸ਼ਾ ਵਿੱਚ ਪੜ੍ਹਿਆ, ਪਰ ਫਿਰ ਵੀ ਮੈਂ ਫ਼ਰਾਂਸੀਸੀ ਲੇਖਣ ਦੀ ਤਾਕਤ ਨੂੰ ਮਹਿਸੂਸ ਕੀਤੇ ਬਿਨਾਂ ਨਹੀਂ ਰਹਿ ਸਕਿਆ। ਬੇਹਿਸਾਬ "ਬਾਜ਼ਾਰੂ" ਨਾਵਲ, ਮੇਨ ਰੀਡ, ਜੇਮਸ ਫੈਨੀਮੋਰ, ਕੂਪਰ, ਗੁਸਤਵ ਏਮਾਰ ਅਤੇ ਪੋਂਸੋਂ ਦੂ ਤੇਰੇਲ ਦੀਆਂ ਰਚਨਾਵਾਂ ਪੜ੍ਹਨ ਤੋਂ ਬਾਅਦ ਇਹਨਾਂ ਮਹਾਨ ਲੇਖਕਾਂ ਦੀਆਂ ਕਹਾਣੀਆਂ ਨੇ ਮੇਰੇ ਉੱਤੇ ਕਿਸੇ ਚਮਤਕਾਰ ਜਿਹਾ ਅਸਰ ਪਾਇਆ।

ਮੈਨੂੰ ਫਲਾਬੇਅਰ ਦਾ *Un Cover Simple* (ਸਾਦਾ ਦਿਲ) ਦਾ ਪੜ੍ਹਨਾ ਯਾਦ ਹੈ, ਜਦੋਂ ਮੈਂ ਟ੍ਰਿਨਟੀ ਤਿਓਹਾਰ ਦੇ ਐਤਵਾਰ ਨੂੰ ਮੌਜ-ਮਸਤੀਆਂ ਕਰਦੇ ਲੋਕਾਂ ਤੋਂ ਬਚਣ ਲਈ ਇੱਕ ਸ਼ੈੱਡ ਦੀ ਛੱਤ 'ਤੇ ਬੈਠ ਕੇ ਪੜ੍ਹਿਆ ਸੀ। ਮੈਂ ਉਸ ਕਹਾਣੀ ਨੂੰ ਪੜ੍ਹ ਕੇ ਹੱਕਾ-ਬੱਕਾ ਰਹਿ ਗਿਆ, ਜਿਵੇਂ ਮੈਨੂੰ ਕਿਸੇ ਗੱਲ ਦੀ ਕੋਈ ਸੁਰਤ ਹੀ ਨਾ ਰਹੀ ਹੋਵੇ। ਕਿਤਾਬ ਦੀ ਨਾਇਕਾ ਇੱਕ ਸਧਾਰਨ ਔਰਤ ਨੇ, ਇੱਕ ਬਾਵਰਚਨ, ਜਿਸਨੇ ਨਾ ਤਾਂ ਕੋਈ ਖਾਸ ਜ਼ਿਕਰਯੋਗ ਕੰਮ ਕੀਤਾ ਸੀ ਅਤੇ ਨਾ ਹੀ ਕਿਸੇ ਤਰ੍ਹਾਂ ਦਾ ਕੋਈ ਜੁਰਮ, ਪੂਰੇ ਤਿਓਹਾਰ ਦੇ ਰੌਲ਼ੇ-ਰੱਪੇ ਨੂੰ ਰੋਕ ਦਿੱਤਾ ਸੀ। ਇਹ ਸਮਝਣਾ ਮੁਸ਼ਕਿਲ ਸੀ ਕਿ ਸਿੱਧੇ-ਸਾਦੇ ਸ਼ਬਦਾਂ ਨੇ, ਜਿਹਨਾਂ ਤੋਂ ਮੈਂ ਚੰਗੀ ਤਰ੍ਹਾਂ ਵਾਕਿਫ ਸਾਂ, ਜਦੋਂ ਇੱਕ ਬਾਵਰਚਣ ਦੀ "ਸਧਾਰਣ" ਜ਼ਿੰਦਗੀ ਵਿੱਚ ਢਾਲ਼ ਦਿੱਤੇ ਗਏ, ਤਾਂ ਮੈਨੂੰ ਐਨਾ ਪ੍ਰਭਾਵਿਤ ਕਿਉਂ ਕੀਤਾ ? ਕਿਤਾਬ ਵਿੱਚ ਜਿਵੇਂ ਕੋਈ ਜਾਦੂ ਜਿਹਾ ਛੁਪਿਆ ਹੋਇਆ ਸੀ ਅਤੇ ਮੈਂ ਇਹ ਕਬੂਲ ਕਰਦਾ ਹਾਂ ਕਿ ਮੈਂ ਕਈ ਵਾਰ ਬਿਨਾਂ ਇਹ ਸੋਚੇ-ਸਮਝੇ ਕਿ ਮੈਂ ਕੀ ਕਰ ਰਿਹਾ ਹਾਂ, ਇੱਕ ਗੰਵਾਰ ਵਾਂਗੂੰ ਕਿਤਾਬ ਦੇ ਸਫ਼ੇ ਰੌਸ਼ਨੀ ਵਿੱਚ ਇੱਧਰ-ਓਧਰ ਪਲਟੇ, ਇਹ ਦੇਖਣ ਲਈ ਕਿ ਇਸਦੀਆਂ ਸਤਰਾਂ ਵਿੱਚ ਕਿਤੇ ਇਸ ਜਾਦੂ ਦੇ ਰਹੱਸ ਦਾ ਕੋਈ ਹੱਲ ਤਾਂ ਨਹੀਂ ਛੁਪਿਆ ਹੋਇਆ।

ਮੈਂ ਦਰਜਨਾਂ ਅਜਿਹੀਆਂ ਕਿਤਾਬਾਂ ਤੋਂ ਵਾਕਿਫ ਸਾਂ ਜਿਹਨਾਂ ਵਿੱਚ ਰਹੱਸਮਈ ਅਤੇ ਖ਼ੂਨ-ਖਰਾਬੇ ਭਰੇ ਜੁਰਮਾਂ ਦਾ ਵਰਣਨ ਕੀਤਾ ਗਿਆ ਸੀ, ਪਰ ਜਦੋਂ ਮੈਂ ਸਤੇਂਦਾਲ ਦੀ *Chroniques Italiennes* (ਇਤਾਲਵੀ ਗਾਥਾ) ਪੜ੍ਹੀ ਤਾਂ ਮੈਂ ਸਮਝ ਹੀ ਨਹੀਂ ਸਕਿਆ ਕਿ ਇਹ ਸਭ ਕਿਵੇਂ ਕੀਤਾ ਗਿਆ ਸੀ। ਇੱਥੇ ਇੱਕ ਵਿਅਕਤੀ ਕਰੂਰ ਹਰਕਤਾਂ ਅਤੇ ਬਦਲੇਖੋਰ ਕਾਤਲਾਂ ਦਾ ਵਰਣਨ ਕਰ ਰਿਹਾ ਸੀ ਅਤੇ ਮੈਂ ਉਸਦੀਆਂ ਕਹਾਣੀਆਂ ਇੰਜ ਪੜ੍ਹ ਰਿਹਾ ਸਾਂ ਜਿਵੇਂ ਇਹ 'ਸੰਤਾਂ ਦੀਆਂ ਜੀਵਨ-ਗਾਥਾਵਾਂ' ਹੋਣ ਜਾਂ ਜਿਵੇਂ ਮੈਂ 'ਕੁਆਰੀ ਮਰੀਅਮ ਦੀ ਸੁਪਨਾ' ਸੁਣ ਰਿਹਾ ਹੋਵਾਂ, ਜਿਸ ਵਿੱਚ ਰੱਬ ਦੀ ਮਾਂ ਨਰਕ ਵਿੱਚ ਤਸੀਹੇ ਸਹਿਣ ਵਾਲ਼ਿਆਂ ਨੂੰ ਦਿਲਾਸਾ ਦੇਣ ਜਾਂਦੀ ਹੈ।

ਮੈਂ ਬਿਲਕੁਲ ਹੈਰਾਨ ਰਹਿ ਗਿਆ ਜਦੋਂ ਮੈਂ ਬਾਲਜ਼ਾਕ ਦੀ *La peau de chagrin* (ਟੱਟੂ ਦੀ ਖੱਲ) ਵਿੱਚੋਂ ਉਹ ਸਫ਼ੇ ਪੜ੍ਹੇ ਜਿਹਨਾਂ ਵਿੱਚ ਇੱਕ ਬੈਂਕਰ ਦੁਆਰਾ ਦਿੱਤੇ ਗਏ ਰਾਤਰੀ-ਭੋਜ ਦਾ ਵਰਣਨ ਕੀਤਾ ਗਿਆ ਸੀ, ਜਿੱਥੇ ਕੋਈ ਦੋ ਦਰਜਨ ਮਹਿਮਾਨ ਇੱਕੋ ਸਮੇਂ ਬੋਲਦੇ ਰਹਿੰਦੇ ਹਨ ਅਤੇ ਇਸ ਨਾਲ਼ ਐਨਾ ਰੌਲ਼ਾ ਪੈਂਦਾ ਹੈ ਕਿ ਜਾਪਦਾ ਹੈ ਜਿਵੇਂ ਮੇਰੇ ਕੰਨਾਂ ਦੇ ਪਰਦੇ ਹੀ ਫਟ ਜਾਣਗੇ। ਇਸਤੋਂ ਵੀ ਮਹੱਤਵਪੂਰਨ ਗੱਲ ਇਹ ਸੀ ਕਿ ਮੈਂ ਹਰੇਕ ਮਹਿਮਾਨ ਨੂੰ

ਬੋਲਦਿਆਂ ਸਿਰਫ਼ ਸੁਣ ਹੀ ਨਹੀਂ ਦੇਖ ਵੀ ਰਿਹਾ ਸੀ। ਮੈਂ ਉਹਨਾਂ ਦੀਆਂ ਅੱਖਾਂ, ਮੁਸਕਰਾਹਟਾਂ ਅਤੇ ਇਸ਼ਾਰੇ ਦੇਖ ਸਕਦਾ ਸਾਂ, ਜਦਕਿ ਬਾਲਜ਼ਾਕ ਨੇ ਬੈਂਕਰ ਦੇ ਮਹਿਮਾਨਾਂ ਦੇ ਨਾ ਤਾਂ ਨੈਣ-ਨਕਸ਼ ਹੀ ਬਿਆਨ ਕੀਤੇ ਸਨ ਅਤੇ ਨਾ ਹੀ ਡੀਲ-ਡੌਲ।

ਬਾਲਜ਼ਾਕ ਅਤੇ ਹੋਰ ਫ਼ਰਾਂਸੀਸੀ ਲੇਖਕਾਂ ਨੇ ਲੋਕਾਂ ਨੂੰ ਸ਼ਬਦਾਂ ਦੇ ਮਾਧਿਅਮ ਰਾਹੀਂ ਚਿਤਰਣ ਵਿੱਚ ਅਤੇ ਉਹਨਾਂ ਦੀ ਗੱਲਬਾਤ ਨੂੰ ਸਜੀਵ ਅਤੇ ਸੁਣਨਯੋਗ ਬਣਾਉਣ ਦੀ ਕਲਾ ਵਿੱਚ ਜਿਸ ਚਤੁਰਾਈ ਦਾ ਸਬੂਤ ਦਿੱਤਾ ਹੈ ਇਸ ਨੇ ਅਤੇ ਵਾਰਤਾਲਾਪ ਦੀ ਰਚਨਾ ਵਿੱਚ ਉਹਨਾਂ ਦੀ ਸੰਪੂਰਨ ਮੁਹਾਰਤ ਨੇ ਮੈਨੂੰ ਹਮੇਸ਼ਾ ਹੀ ਝੰਜੋੜਿਆ ਹੈ। ਬਾਲਜ਼ਾਕ ਦੀਆਂ ਕਿਤਾਬਾਂ ਤੇਲ-ਰੰਗਾਂ ਵਿੱਚ ਲਿਖੀਆਂ ਜਾਪਦੀਆਂ ਹਨ, ਅਤੇ ਜਦੋਂ ਮੈਂ ਪਹਿਲੀ ਵਾਰ ਰੂਬੇਂਸ ਦੀ ਚਿੱਤਰਕਾਰੀ ਦੇਖੀ ਤਾਂ ਮੈਨੂੰ ਇੱਕਦਮ ਬਾਲਜ਼ਾਕ ਦਾ ਖਿਆਲ ਆਇਆ। ਜਦੋਂ ਮੈਂ ਦੋਸਤੋਯੇਵਸਕੀ ਦੀਆਂ ਸਨਕੀ ਕਿਤਾਬਾਂ ਪੜ੍ਹੀਆਂ ਤਾਂ ਮੈਂ ਇਹ ਸੋਚੇ ਬਿਨਾਂ ਨਾ ਰਹਿ ਸਕਿਆ ਕਿ ਇਹ ਇਨਸਾਨ ਨਾਵਲ ਦੇ ਇਸ ਮਹਾਨ ਉਸਤਾਦ ਦਾ ਕਿੰਨਾ ਦੇਣਦਾਰ ਹੈ।

ਮੈਨੂੰ ਗੋਂਕੂਰੋ ਦੇ ਦੋ-ਟੁੱਕ ਸ਼ਬਦਾਂ ਵਿੱਚ ਲਿਖੇ ਨਾਵਲ, ਜੋ ਕਲਮ ਨਾਲ਼ ਬਣਾਏ ਚਿੱਤਰਾਂ ਵਾਂਗ ਸਪਸ਼ਟ ਸਨ ਅਤੇ ਜ਼ੋਲਾ ਦੀਆਂ ਉਦਾਸ ਲਿਖਤਾਂ, ਜਿਹੜੀਆਂ ਧੁੰਦਲੇ ਰੰਗਾਂ ਵਿੱਚ ਰੰਗੇ ਸ਼ਾਨਦਾਰ ਕੈਨਵਸਾਂ ਵਰਗੀਆਂ ਸਨ, ਵੀ ਪਸੰਦ ਆਈਆਂ। ਹਿਊਗੋ ਦੇ ਨਾਵਲ ਮੈਨੂੰ ਪ੍ਰਭਾਵਿਤ ਕਰਨ ਵਿੱਚ ਅਸਫਲ ਰਹੇ ਅਤੇ ਮੈਂ *Quatre-vingt-treize* (93ਵਾਂ ਸਾਲ) ਵੀ ਮਨ ਮਾਰ ਕੇ ਪੜ੍ਹਿਆ। ਇਹ ਤਾਂ ਕੁਝ ਦੇਰ ਬਾਅਦ ਜਦੋਂ ਮੈਂ ਅਨਾਤੋਲ ਫਰਾਂਸ ਦਾ *Les dieux ont soif* (ਦੇਵਤਾ ਅਭਿਲਾਖੀ ਹਨ) ਪੜ੍ਹਿਆ ਤਾਂ ਕਿਤੇ ਜਾ ਕੇ ਮੈਨੂੰ ਇਸ ਉਦਾਸੀਨਤਾ ਦਾ ਕਾਰਨ ਸਮਝ ਆਇਆ। ਮੈਂ ਸਤੇਂਦਾਲ ਨੂੰ ਉਦੋਂ ਪੜ੍ਹਿਆ ਜਦੋਂ ਮੈਂ ਕਈ ਚੀਜ਼ਾਂ ਨੂੰ ਨਫ਼ਰਤ ਕਰਨਾ ਸਿੱਖ ਲਿਆ ਸੀ ਅਤੇ ਉਸਦੀ ਅਣ-ਉਤੇਜਿਤ ਗੱਲਬਾਤ ਅਤੇ ਸੁੱਕੀ ਮੁਸਕਰਾਹਟ ਨੇ ਮੇਰੀ ਨਫ਼ਰਤ ਨੂੰ ਹੋਰ ਜ਼ਿਆਦਾ ਪੱਕਾ ਕਰ ਦਿੱਤਾ ਸੀ।

ਇਸ ਸਭ ਕਾਸੇ ਦਾ ਅਰਥ ਇਹ ਨਿਕਲ਼ਦਾ ਹੈ ਕਿ ਮੈਂ ਫ਼ਰਾਂਸੀਸੀ ਲੇਖਕਾਂ ਤੋਂ ਲਿਖਣਾ ਸਿੱਖਿਆ ਹੈ। ਇਹ ਚਾਣਚੱਕ ਵਾਪਰਿਆ ਸੀ, ਪਰ ਇਸਦਾ ਨਤੀਜਾ ਫਾਇਦੇਮੰਦ ਸਿੱਧ ਹੋਇਆ ਅਤੇ ਇਸ ਲਈ ਮੈਂ ਨੌਜਵਾਨ ਲੇਖਕਾਂ ਨੂੰ ਫ਼ਰਾਂਸੀਸੀ ਸਿੱਖਣ ਦੀ ਸਲਾਹ ਦਿਆਂਗਾ ਤਾਂ ਕਿ ਉਹ ਇਹਨਾਂ ਮਹਾਨ ਉਸਤਾਦਾਂ ਨੂੰ ਮੂਲ ਰੂਪ ਵਿੱਚ ਪੜ੍ਹ ਸਕਣ ਅਤੇ ਉਹਨਾਂ ਤੋਂ ਲਿਖਣ ਦੀ ਕਲਾ ਸਿੱਖਣ।

ਰੂਸੀ ਸਾਹਿਤ ਦੀਆਂ ਮਹਾਨ ਹਸਤੀਆਂ — ਗੋਗਲ, ਤਾਲਸਤਾਏ, ਤੁਰਗਨੇਵ, ਗੋਂਚਾਰੋਵ, ਦੋਸਤੋਯੇਵਸਕੀ ਅਤੇ ਲੇਸਕੋਵ ਨੂੰ ਮੈਂ ਕਾਫ਼ੀ ਦੇਰ ਮਗਰੋਂ ਪੜ੍ਹਿਆ। ਯਕੀਨਨ ਲੇਸਕੋਵ ਦੇ ਹੈਰਾਨੀਜਨਕ ਗਿਆਨ ਅਤੇ ਭਾਸ਼ਾ ਦੀ ਅਮੀਰੀ ਕਾਰਨ ਮੇਰੇ ਉੱਤੇ ਉਸਦਾ ਕਾਫ਼ੀ ਜ਼ਿਆਦਾ ਅਸਰ ਪਿਆ। ਉਹ ਰੂਸੀ ਜੀਵਨ ਦੀ ਗਹਿਰੀ ਜਾਣਕਾਰੀ ਰੱਖਣ ਵਾਲ਼ੇ ਇੱਕ ਸ਼ਾਨਦਾਰ ਲੇਖਕ ਸਨ, ਜਿਹਨਾਂ ਨੂੰ ਸਾਡੇ ਸਾਹਿਤ ਵਿੱਚ ਉਹ ਮਾਨਤਾ ਨਹੀਂ ਮਿਲ਼ੀ ਜਿਸਦੇ ਉਹ ਹੱਕਦਾਰ ਸਨ। ਚੈਖ਼ਵ ਨੇ ਕਿਹਾ ਹੈ ਕਿ ਉਹ ਲੇਸਕੋਵ ਦੇ ਬਹੁਤ ਰਿਣੀ ਹਨ। ਮੇਰੇ

ਖਿਆਲ ਵਿੱਚ ਰੇਮੀਜ਼ੋਵ* ਵੀ ਇਹ ਗੱਲ ਕਹਿ ਸਕਦੇ ਹਨ।

ਇਹਨਾਂ ਪਰਸਪਰ ਸਬੰਧਾਂ ਅਤੇ ਪ੍ਰਭਾਵਾਂ ਦੀ ਚਰਚਾ ਮੈਂ ਇਹ ਦੁਹਰਾਉਣ ਲਈ ਕੀਤੀ ਹੈ ਕਿ ਲੇਖਕ ਲਈ ਵਿਦੇਸ਼ੀ ਅਤੇ ਰੂਸੀ ਸਾਹਿਤ ਦਾ ਵਿਕਾਸ ਜਾਣਨਾ ਬੇਹੱਦ ਲਾਜ਼ਮੀ ਹੈ।

ਵੀਹ ਕੁ ਸਾਲ ਦੀ ਉਮਰ ਵਿੱਚ ਮੈਨੂੰ ਇਹ ਅਹਿਸਾਸ ਹੋਇਆ ਕਿ ਮੈਂ ਐਨਾ ਕੁਝ ਦੇਖ, ਸੁਣ ਅਤੇ ਹੰਢਾ ਚੁੱਕਿਆ ਹਾਂ ਕਿ ਇਸ ਬਾਰੇ ਲੋਕਾਂ ਨੂੰ ਦੱਸਿਆ ਜਾ ਸਕਦਾ ਹੈ, ਅਤੇ ਦੱਸਿਆ ਜਾਣਾ ਚਾਹੀਦਾ ਹੈ। ਮੈਨੂੰ ਇੰਝ ਜਾਪਦਾ ਸੀ ਕਿ ਕੁਝ ਚੀਜ਼ਾਂ ਨੂੰ ਮੈਂ ਹੋਰਨਾਂ ਲੋਕਾਂ ਨਾਲ਼ੋਂ ਵੱਖਰੇ ਢੰਗ ਨਾਲ਼ ਸਮਝਦਾ ਅਤੇ ਮਹਿਸੂਸ ਕਰਦਾ ਸਾਂ; ਇਸ ਨਾਲ਼ ਮੈਨੂੰ ਅੱਚਵੀ ਜਿਹੀ ਮਹਿਸੂਸ ਹੁੰਦੀ ਸੀ ਤੇ ਮੇਰਾ ਗੱਲਾਂ ਕਰਨ ਨੂੰ ਜੀਅ ਕਰਦਾ ਸੀ। ਤੁਰਗਨੇਵ ਵਰਗੇ ਮਹਾਨ ਕਲਾਕਾਰਾਂ ਦੀਆਂ ਕ੍ਰਿਤਾਂ ਪੜ੍ਹਦੇ ਸਮੇਂ ਵੀ ਕਦੇ ਕਦੇ ਮੈਨੂੰ ਇੰਝ ਜਾਪਦਾ ਸੀ ਕਿ ਸ਼ਾਇਦ ਮੈਂ, ਮਿਸਾਲ ਵਜੋਂ, 'ਸ਼ਿਕਾਰੀ ਦੇ ਸ਼ਬਦ-ਚਿੱਤਰ' ਦੇ ਮੁੱਖ ਪਾਤਰਾਂ ਬਾਰੇ ਤੁਰਗਨੇਵ ਨਾਲ਼ੋਂ ਵੱਖਰੇ ਢੰਗ ਨਾਲ਼ ਗੱਲ ਕਰ ਸਕਦਾ ਸੀ। ਉਦੋਂ ਤੱਕ ਮੈਂ ਇੱਕ ਕਿੱਸੇ-ਕਹਾਣੀਆਂ ਸੁਣਾਉਣ ਵਾਲ਼ੇ ਵਜੋਂ ਚੰਗੀ ਮਸ਼ਹੂਰੀ ਖੱਟ ਲਈ ਸੀ ਅਤੇ ਜਹਾਜ਼ਾਂ 'ਤੇ ਮਾਲ ਲੱਦਣ ਵਾਲ਼ੇ ਮਜ਼ਦੂਰ, ਨਾਨਬਾਈ, ਆਵਾਰਾ ਲੋਕ, ਤਰਖਾਣ, ਰੇਲਵੇ ਮਜ਼ਦੂਰ, ਯਾਤਰੀ ਅਤੇ ਉਹ ਸਾਰੇ ਲੋਕ, ਜਿਹਨਾਂ ਵਿੱਚ ਮੈਂ ਰਹਿੰਦਾ ਸਾਂ, ਮੇਰੀ ਗੱਲ ਧਿਆਨ ਨਾਲ਼ ਸੁਣਿਆ ਕਰਦੇ ਸਨ। ਆਪਣੀਆਂ ਪੜ੍ਹੀਆਂ ਹੋਈਆਂ ਕਿਤਾਬਾਂ ਬਾਰੇ ਦੱਸਦੇ ਸਮੇਂ ਮੈਂ ਅਕਸਰ ਆਪਣੇ ਆਪ ਨੂੰ ਕਹਾਣੀ ਦੇ ਪਲਾਟ ਨਾਲ਼ ਛੇੜਛਾੜ ਕਰਦਿਆਂ, ਉਸਨੂੰ ਤੋੜ-ਮਰੋੜ ਕੇ ਪੇਸ਼ ਕਰਦਿਆਂ, ਅਤੇ ਆਪਣੀ ਜ਼ਿੰਦਗੀ ਦੇ ਤਜ਼ਰਬਿਆਂ ਵਿੱਚੋਂ ਕਈ ਗੱਲਾਂ ਉਸ ਵਿੱਚ ਜੋੜਦਿਆਂ ਫੜ ਲਿਆ ਕਰਦਾ ਸਾਂ। ਇਸਦੀ ਵਜ੍ਹਾ ਇਹ ਸੀ ਕਿ ਜ਼ਿੰਦਗੀ ਅਤੇ ਸਾਹਿਤ ਦੇ ਤੱਥ ਮੇਰੇ ਜ਼ਿਹਨ ਵਿੱਚ ਘੁਲ਼-ਮਿਲ਼ ਗਏ ਸਨ। ਕਿਤਾਬ ਵੀ ਮਨੁੱਖ ਵਾਂਗ ਜੀਵਨ ਦਾ ਇੱਕ ਵਰਤਾਰਾ ਹੈ; ਇਹ ਵੀ ਇੱਕ ਸਜੀਵ ਅਤੇ ਬੋਲਦਾ ਤੱਥ ਹੈ, ਅਤੇ ਇਹ ਉਹਨਾਂ ਸਾਰੀਆਂ ਚੀਜ਼ਾਂ ਨਾਲ਼ੋ, ਜਿਨ੍ਹਾਂ ਦੀ ਰਚਨਾ ਮਨੁੱਖ ਨੇ ਕੀਤੀ ਹੈ ਜਾਂ ਕਰ ਰਿਹਾ ਹੈ, ਸਭ ਤੋਂ ਘੱਟ "ਚੀਜ਼" ਹੈ।

ਮੇਰੀਆਂ ਗੱਲਾਂ ਸੁਣਨ ਵਾਲ਼ੇ ਬੁੱਧੀਜੀਵੀ ਮੈਨੂੰ ਸਲਾਹ ਦਿੰਦੇ: "ਤੈਨੂੰ ਲਿਖਣਾ ਚਾਹੀਦਾ ਹੈ! ਕੋਸ਼ਿਸ਼ ਕਰ।"

ਅਕਸਰ ਮੈਨੂੰ ਇਹ ਮਹਿਸੂਸ ਹੁੰਦਾ ਕਿ ਮੈਂ ਮਦਹੋਸ਼ ਹੋ ਗਿਆ ਹਾਂ, ਅਤੇ ਉਹਨਾਂ ਸਾਰੀਆਂ ਗੱਲਾਂ ਨੂੰ, ਜਿਹੜੀਆਂ ਮੇਰੇ ਮਨ 'ਤੇ ਭਾਰ ਬਣੀਆਂ ਹੋਈਆਂ ਸਨ ਜਾਂ ਜਿਹੜੀਆਂ ਮੈਨੂੰ ਦਬਾ ਰਹੀਆਂ ਸਨ, ਜ਼ਾਹਿਰ ਕਰਨ ਦੀ ਅੰਤਰ-ਪ੍ਰੇਰਣਾ ਦੀ ਵਜ੍ਹਾ ਨਾਲ਼ ਮੈਨੂੰ ਬਹੁਤ ਜ਼ਿਆਦਾ ਬੋਲਣ ਦਾ ਦੌਰਾ ਪੈ ਗਿਆ ਹੈ ਅਤੇ ਸ਼ਬਦਾਂ ਦਾ ਇੱਕ ਹੜ੍ਹ ਜਿਹਾ ਆ ਗਿਆ ਹੈ। ਮੈਂ ਆਪਣੇ ਮਨ ਦਾ ਭਾਰ ਹਲਕਾ ਕਰਨਾ ਚਾਹੁੰਦਾ ਸਾਂ। ਅਜਿਹੇ ਪਲ ਵੀ ਆਉਂਦੇ ਜਦੋਂ ਮੇਰੇ ਅੰਦਰੂਨੀ ਤਣਾਅ ਕਾਰਨ ਮੈਨੂੰ ਤਸੀਹੇ ਸਹਿਣੇ ਪੈਂਦੇ, ਅਜਿਹੇ ਪਲ ਜਦੋਂ ਕੋਈ ਚੀਜ਼ ਮੇਰੇ ਗਲ਼ੇ ਵਿੱਚ

* ਰੇਮੀਜ਼ੋਵ ਅ.ਮ. — ਰੂਸੀ ਲੇਖਕ ਜਿਹਨਾਂ ਨੇ ਲੇਸਕੋਵ ਦੀ ਪ੍ਰਥਾ 'ਤੇ ਚੱਲਦਿਆਂ ਰੂਸ ਦੇ ਪਿੱਤਰੀ-ਰਾਜ ਤੇ ਚਰਚ ਦੀ ਦੁਨੀਆ ਦਾ ਚਿਤਰਣ ਕੀਤਾ, ਉਹ ਬੜੀ ਸਜੀ-ਸੰਵਾਰੀ ਭਾਸ਼ਾ ਦੀ ਵਰਤੋਂ ਕਰਦੇ ਸਨ।

ਅਟਕ ਜਾਂਦੀ ਅਤੇ ਮੈਂ ਚੀਕ-ਚੀਕ ਕੇ ਕਹਿਣਾ ਚਾਹੁੰਦਾ ਕਿ ਕੱਚ ਦੇ ਕਾਰਖਾਨੇ ਵਿੱਚ ਕੰਮ ਕਰਨ ਵਾਲ਼ਾ ਮੇਰਾ ਦੋਸਤ ਅਨਾਤੋਲੀ, ਇੱਕ ਹੋਣਹਾਰ ਮੁੰਡਾ ਹੈ, ਪਰ ਜੇ ਕੋਈ ਮੱਦਦ ਨਾ ਮਿਲ਼ੀ ਤਾਂ ਉਹ ਬਰਬਾਦ ਹੋ ਜਾਵੇਗਾ, ਕਿ ਬਾਜ਼ਾਰੂ ਵੇਸਵਾ ਥੇਰੇਸਾ ਇੱਕ ਚੰਗੀ ਔਰਤ ਹੈ, ਅਤੇ ਇਹ ਬੇਇਨਸਾਫੀ ਹੈ ਕਿ ਉਹ ਇੱਕ ਵੇਸਵਾ ਹੈ, ਇਹ ਗੱਲ ਉਸਦੇ ਕੋਲ ਜਾਣ ਵਾਲ਼ੇ ਵਿਦਿਆਰਥੀ ਨਹੀਂ ਦੇਖਦੇ ਸਨ, ਬਿਲਕੁਲ ਉਸੇ ਤਰ੍ਹਾਂ ਜਿਵੇਂ ਉਹ ਇਹ ਨਹੀਂ ਦੇਖ ਰਹੇ ਸਨ ਕਿ ਬੁੱਢੀ ਮਾਤਿਤਸਾ ਜਿਹੜੀ ਭੀਖ ਮੰਗ ਕੇ ਗੁਜ਼ਾਰਾ ਕਰਦੀ ਹੈ, ਪੜ੍ਹੀ-ਲਿਖੀ ਅਤੇ ਜਵਾਨ ਦਾਈ ਯਾਕੋਵੇਲਵਾ ਨਾਲ਼ੋਂ ਕਿਤੇ ਵਧੇਰੇ ਸਮਝਦਾਰ ਹੈ।

ਆਪਣੇ ਜਿਗਰੀ ਦੋਸਤ, ਵਿਦਿਆਰਥੀ ਯੂਰੀ ਪਲੇਤਨਿਓਵ ਤੋਂ ਵੀ ਛੁਪਾ ਕੇ ਮੈਂ ਥੇਰੇਸਾ ਅਤੇ ਅਨਾਤੋਲੀ ਬਾਰੇ ਕਵਿਤਾਵਾਂ ਲਿਖੀਆਂ, ਜਿਹਨਾਂ ਵਿੱਚ ਕਿਹਾ ਗਿਆ ਸੀ ਕਿ ਬਸੰਤ ਵਿੱਚ ਬਰਫ਼ ਇਸ ਲਈ ਨਹੀਂ ਪਿਘਲ਼ਦੀ ਕਿ ਨਾਨਬਾਈ ਦੇ ਤਹਿਖਾਨਿਆਂ ਵਿੱਚ ਕਿਤੇ ਗੰਦੇ ਪਾਣੀ ਦਾ ਹੜ੍ਹ ਨਾ ਆ ਜਾਵੇ, ਕਿ ਵੋਲਗਾ ਇੱਕ ਸੁੰਦਰ ਨਦੀ ਹੈ, ਕਿ ਨਾਨਬਾਈ ਕੂਜ਼ਿਨ ਵਿਸ਼ਵਾਸਘਾਤੀ ਹੈ ਅਤੇ ਜ਼ਿੰਦਗੀ ਗੰਦਗੀ ਅਤੇ ਸੁੰਨੇਪਣ ਦੀ ਦਲਦਲ ਹੈ ਜਿਹੜੀ ਆਤਮਾ ਦਾ ਚਿਹਰਾ-ਮੋਹਰਾ ਵਿਗਾੜ ਦਿੰਦੀ ਹੈ।

ਕਵਿਤਾ ਲਿਖਣ ਵਿੱਚ ਮੇਰੀ ਕਲਮ ਸਹਿਜਤਾ ਨਾਲ਼ ਚੱਲਦੀ ਸੀ, ਪਰ ਮੈਨੂੰ ਪਤਾ ਸੀ ਕਿ ਜੋ ਕੁਝ ਵੀ ਮੈਂ ਲਿਖਦਾ ਹਾਂ ਉਹ ਬਹੁਤ ਘਟੀਆ ਹੈ ਅਤੇ ਮੈਨੂੰ ਆਪਣੀ ਕੁਸ਼ਲਤਾ ਅਤੇ ਪ੍ਰਤਿਭਾ ਦੀ ਕਮੀ ਕਾਰਨ ਆਪਣੇ ਆਪ ਨਾਲ਼ ਘ੍ਰਿਣਾ ਹੋਣ ਲੱਗ ਪੈਂਦੀ। ਮੈਂ ਪੁਸ਼ਕਿਨ, ਲਰਮਨਤੋਵ, ਨੇਕਰਾਸੋਵ ਅਤੇ ਕੁਰੋਚਕਿਨ ਦੁਆਰਾ ਕੀਤੇ ਗਏ 'ਬੇਰਾਂਜੇ' (*Béranger*) ਦਾ ਅਨੁਵਾਦ ਪੜ੍ਹ ਕੇ ਸਾਫ਼ ਤੌਰ 'ਤੇ ਸਮਝ ਲਿਆ ਕਿ ਇਹਨਾਂ ਕਵੀਆਂ ਵਰਗੀ ਕੋਈ ਵੀ ਚੀਜ਼ ਮੇਰੇ ਵਿੱਚ ਨਹੀਂ ਹੈ। ਮੈਂ ਵਾਰਤਕ ਲਿਖਣ ਦਾ ਮਨ ਬਣਾ ਲਿਆ ਜਿਹੜੀ ਮੈਨੂੰ ਕਾਵਿ ਨਾਲ਼ੋਂ ਜ਼ਿਆਦਾ ਔਖੀ ਜਾਪਦੀ ਸੀ ਅਤੇ ਜਿਸ ਲਈ ਖਾਸ ਤੌਰ 'ਤੇ ਤਿੱਖੀ ਨਜ਼ਰ, ਬੁੱਧੀ ਅਤੇ ਹੋਰਨਾਂ ਲੋਕਾਂ ਦੀਆਂ ਨਜ਼ਰਾਂ ਤੋਂ ਖੁੰਝ ਜਾਣ ਵਾਲ਼ੀਆਂ ਚੀਜ਼ਾਂ ਵੱਲ ਧਿਆਨ ਦੇਣ ਦੀ ਕਾਬਲੀਅਤ ਅਤੇ ਗੁੰਦਵੀਂ ਤੇ ਭਾਵਪੂਰਣ ਸ਼ੈਲੀ ਦੀ ਜ਼ਰੂਰਤ ਸੀ। ਫਿਰ ਵੀ ਮੈਂ ਵਾਰਤਕ ਉੱਤੇ ਹੱਥ ਅਜ਼ਮਾਉਣ ਦੀ ਕੋਸ਼ਿਸ਼ ਕੀਤੀ, ਪਰ "ਲੈਅ-ਬੱਧ" ਵਾਰਤਕ ਦਾ ਰਾਹ ਚੁਣਿਆ। ਕਿਉਂਕਿ ਮੈਂ ਦੇਖਿਆ ਕਿ ਸਧਾਰਣ ਵਾਰਤਕ ਮੇਰੇ ਲਈ ਵੱਸੋਂ ਬਾਹਰੀ ਗੱਲ ਹੈ। ਸਹਿਜ ਸ਼ੈਲੀ ਵਿੱਚ ਲਿਖਣ ਦੇ ਮੇਰੇ ਯਤਨਾਂ ਦਾ ਸਿੱਟਾ ਬੁਰਾ ਵੀ ਨਿਕਲ਼ਿਆ ਤੇ ਹਾਸੋਹੀਣਾ ਵੀ। ਲੈਅ-ਬੱਧ ਵਾਰਤਕ ਵਿੱਚ ਹੀ ਮੈਂ ਇੱਕ ਲੰਮੀ "ਕਵਿਤਾ" 'ਬੁੱਢੇ ਬਲੂਤ ਦਾ ਗੀਤ' ਲਿਖੀ। ਵਲਾਦੀਮੀਰ ਕੋਰੋਲੈਂਕੋ ਨੂੰ ਇਸ ਭੱਦੀ ਕ੍ਰਿਤ ਦੀਆਂ ਧੱਜੀਆਂ ਉਡਾਉਣ ਲਈ ਸਿਰਫ਼ ਦਰਜਨ ਕੁ ਸ਼ਬਦਾਂ ਦੀ ਲੋੜ ਪਈ, ਜਿਸ ਵਿੱਚ ਜਿੱਥੋਂ ਤੱਕ ਮੈਨੂੰ ਯਾਦ ਹੈ, ਮੈਂ ਉਹ ਵਿਚਾਰ ਪੇਸ਼ ਕੀਤੇ ਸਨ ਜਿਹੜੇ ਮੇਰੇ ਜ਼ਿਹਨ ਵਿੱਚ ਇੱਕ ਲੇਖ "ਜੀਵਨ-ਭੰਵਰ" ਦੇ ਪ੍ਰਸੰਗ ਵਿੱਚ ਪੈਦਾ ਹੋਏ ਸਨ। ਇਹ ਲੇਖ, ਜੇ ਮੈਂ ਕੋਈ ਗਲਤੀ ਨਹੀਂ ਕਰ ਰਿਹਾ ਤਾਂ, *Znaniye* (ਗਿਆਨ) ਮੈਗਜ਼ੀਨ ਵਿੱਚ ਛਪਿਆ ਸੀ, ਅਤੇ ਉਸ ਵਿੱਚ ਕ੍ਰਮਿਕ-ਵਿਕਾਸ (Evolution) ਦੇ ਸਿਧਾਂਤ ਦਾ ਜ਼ਿਕਰ ਸੀ। ਉਸਦਾ ਇੱਕ ਵਾਕ ਜਿਹੜਾ ਮੈਨੂੰ ਯਾਦ ਰਹਿ ਗਿਆ ਸੀ, ਉਹ ਇਹ ਸੀ: "ਮੈਂ ਇਸ

ਸੰਸਾਰ ਵਿੱਚ ਅਸਹਿਮਤ ਹੋਣ ਲਈ ਹੀ ਆਇਆ ਹਾਂ।" ਮੈਨੂੰ ਜ਼ਰੂਰ ਹੀ ਕਹਿਣਾ ਚਾਹੀਦਾ ਹੈ ਕਿ ਮੈਂ ਸਚਮੁੱਚ ਹੀ ਵਿਕਾਸ ਦੇ ਸਿਧਾਂਤ ਨਾਲ਼ ਸਹਿਮਤ ਨਹੀਂ ਸਾਂ।

ਪਰ ਕੋਰੋਲੈਂਕੋ ਲੈਅ-ਬੱਧ ਵਾਰਤਕ ਵਿੱਚ ਮੇਰੀ ਰੁਚੀ ਦਾ ਇਲਾਜ ਕਰਨ ਵਿੱਚ ਅਸਫਲ ਰਹੇ ਅਤੇ ਪੰਜ ਸਾਲ ਬਾਅਦ ਮੇਰੀ ਕਹਾਣੀ 'ਦਾਦਾ ਆਰਖੀਪ' ਬਾਰੇ ਜਦੋਂ ਉਹਨਾਂ ਨੇ ਪ੍ਰਸੰਸਾ ਦੇ ਸ਼ਬਦ ਕਹੇ, ਤਾਂ ਨਾਲ਼ ਹੀ ਇਹ ਵੀ ਕਿਹਾ ਕਿ ਮੈਨੂੰ ਇਹ ਕਹਾਣੀ "ਕਵਿਤਾ ਵਾਂਗੂੰ" ਸਜਾਉਣੀ ਨਹੀਂ ਸੀ ਚਾਹੀਦੀ। ਪਹਿਲਾਂ ਤਾਂ ਮੈਨੂੰ ਉਹਨਾਂ 'ਤੇ ਯਕੀਨ ਹੀ ਨਾ ਹੋਇਆ, ਪਰ ਜਦੋਂ ਘਰ ਪਹੁੰਚ ਕੇ ਮੈਂ ਕਹਾਣੀ 'ਤੇ ਦੁਬਾਰਾ ਨਜ਼ਰ ਮਾਰੀ ਤਾਂ ਮੈਨੂੰ ਇਹ ਦੇਖ ਕੇ ਪਛਤਾਵਾ ਹੋਇਆ ਕਿ ਇੱਕ ਪੂਰਾ ਸਫ਼ਾ, ਸਤੇਪੀ ਵਿੱਚ ਮੋਹਲੇਧਾਰ ਮੀਂਹ ਦਾ ਵਰਣਨ ਉਸੇ ਨਹਿਸ਼ "ਲੈਅ-ਬੱਧ" ਵਾਰਤਿਕ ਵਿੱਚ ਕੀਤਾ ਗਿਆ ਸੀ, ਜਿਹੜਾ ਕਈ ਦਿਨਾਂ ਤੱਕ ਮੇਰੇ ਨਾਲ਼ ਲਿਪਟਿਆ ਰਿਹਾ ਅਤੇ ਅਣਜਾਣੇ ਹੀ ਗਲਤ ਜਗ੍ਹਾ 'ਤੇ ਮੇਰੀਆਂ ਕਹਾਣੀਆਂ ਵਿੱਚ ਰਾਹ ਬਣਾ ਕੇ ਪਹੁੰਚ ਜਾਇਆ ਕਰਦਾ ਸੀ... ਆਮ ਤੌਰ 'ਤੇ ਮੈਂ "ਟੌਹਰੀ" ਅੰਦਾਜ਼ ਵਿੱਚ ਲਿਖਣ ਦੀ ਕੋਸ਼ਿਸ਼ ਕਰਦਾ ਸਾਂ। ਇੱਕ ਉਦਾਹਰਣ ਇਹ ਹੈ: "ਇੱਕ ਸ਼ਰਾਬੀ ਆਦਮੀ ਚਿਹਰੇ 'ਤੇ ਮੁਸਕਾਨ ਲਈ ਲੈਂਪ ਦੇ ਖੰਭੇ ਨਾਲ਼ ਲਿਪਟਿਆ ਹੋਇਆ ਆਪਣੇ ਕੰਬਦੇ ਪਰਛਾਵੇਂ ਨੂੰ ਗਹੁ ਨਾਲ਼ ਤੱਕ ਰਿਹਾ ਸੀ।" ਪਰ ਜਿਵੇਂ ਕਿ ਮੈਂ ਇਸਤੋਂ ਪਹਿਲਾਂ ਖੁਦ ਹੀ ਲਿਖਿਆ ਸੀ ਕਿ ਉਸ ਰਾਤ ਹਵਾ ਨਹੀਂ ਚੱਲ ਰਹੀ ਸੀ ਅਤੇ ਚਾਨਣੀ ਖਿੜੀ ਹੋਈ ਸੀ। ਅਜਿਹੀਆਂ ਰਾਤਾਂ ਵਿੱਚ ਸੜ੍ਹਕ 'ਤੇ ਲੈਂਪ ਨਹੀਂ ਜਲ਼ਾਏ ਜਾਂਦੇ ਅਤੇ ਕਿਉਂਕਿ ਹਵਾ ਬੰਦ ਸੀ ਇਸ ਲਈ ਪਰਛਾਵਾਂ ਵੀ ਕੰਬ ਨਹੀਂ ਸੀ ਸਕਦਾ। ਅਜਿਹੀਆਂ ਵਿਸੰਗਤੀਆਂ ਅਤੇ ਗਲਤੀਆਂ ਮੇਰੀਆਂ ਕਹਾਣੀਆਂ ਵਿੱਚ ਪਾਈਆਂ ਜਾਂਦੀਆਂ ਸਨ, ਜਿਸ ਲਈ ਮੈਂ ਆਪਣੇ ਆਪ ਨੂੰ ਬਹੁਤ ਬੁਰਾ-ਭਲਾ ਕਿਹਾ ਕਰਦਾ ਸਾਂ।

"ਸਮੁੰਦਰ ਮੁਸਕਰਾ ਰਿਹਾ ਸੀ" ਮੈਂ ਲਿਖਿਆ ਅਤੇ ਲੰਮੇ ਅਰਸੇ ਤੱਕ ਇਹੀ ਸੋਚਦਾ ਰਿਹਾ ਕਿ ਇਸ ਤਰ੍ਹਾਂ ਕਹਿਣਾ ਚੰਗੀ ਗੱਲ ਹੈ। ਖ਼ੂਬਸੂਰਤੀ ਦੀ ਭਾਲ਼ ਵਿੱਚ ਮੈਂ ਅਕਸਰ ਹੀ ਵਰਣਨ ਦੀ ਅਚੂਕਤਾ ਤੋਂ ਭਟਕ ਜਾਂਦਾ ਸਾਂ, ਚੀਜ਼ਾਂ ਨੂੰ ਗਲਤ ਜਗ੍ਹਾ ਅਤੇ ਲੋਕਾਂ ਨੂੰ ਗਲਤ ਢੰਗ ਨਾਲ਼ ਪੇਸ਼ ਕਰ ਦਿੰਦਾ ਸਾਂ।

"ਤੁਹਾਡਾ ਤੰਦੂਰ ਉਵੇਂ ਨਹੀਂ ਖੜਾ ਜਿਵੇਂ ਹੋਣਾ ਚਾਹੀਦਾ ਹੈ", ਲਿਓ ਤਾਲਸਤਾਏ ਨੇ ਮੇਰੀ ਕਹਾਣੀ "ਛੱਬੀ ਮਰਦ ਤੇ ਇੱਕ ਕੁੜੀ' ਦੇ ਸਬੰਧ ਵਿੱਚ ਮੈਨੂੰ ਕਿਹਾ ਸੀ। ਗੱਲ ਇਹ ਨਿਕਲ਼ੀ ਕਿ ਤੰਦੂਰ ਦੀ ਲਾਟ ਨਾਲ਼ ਨਾਨਬਾਈਆਂ ਦਾ ਚਿਹਰਾ ਉਵੇਂ ਨਹੀਂ ਚਮਕ ਸਕਦਾ ਸੀ ਜਿਵੇਂ ਮੈਂ ਉਸਦਾ ਵਰਣਨ ਕੀਤਾ ਸੀ। 'ਫੋਮਾ ਗੋਰਦੇਯੇਵ' ਦੀ ਮੇਦਿੰਨਸਕਾਯਾ ਬਾਰੇ ਚਰਚਾ ਕਰਦਿਆਂ ਚੈਖ਼ਵ ਨੇ ਕਿਹਾ, "ਜਾਪਦਾ ਹੈ ਕਿ ਉਸਦੇ ਤਿੰਨ ਕੰਨ ਹਨ—ਇੱਕ ਉਸਦੀ ਠੋਡੀ 'ਤੇ ਵੀ ਹੈ—ਦੇਖੋ!" ਅਤੇ ਗੱਲ ਸਹੀ ਸੀ, ਕਿਉਂਕਿ ਉਸਨੇ ਜਿਸ ਢੰਗ ਨਾਲ਼ ਰੌਸ਼ਨੀ ਵੱਲ ਮੂੰਹ ਕੀਤਾ ਹੋਇਆ ਸੀ ਉਹ ਗਲਤ ਸੀ।

ਇਸ ਪ੍ਰਕਾਰ ਦੀਆਂ ਗਲਤੀਆਂ ਭਾਵੇਂ ਕਿੰਨੀਆਂ ਵੀ ਤੁੱਛ ਕਿਉਂ ਨਾ ਜਾਪਣ, ਬਹੁਤ ਮਹੱਤਵ ਰੱਖਦੀਆਂ ਹਨ, ਕਿਉਂਕਿ ਇਸ ਨਾਲ਼ ਕਲਾ-ਧਰਮ ਦੀ ਉਲੰਘਣਾ ਹੁੰਦੀ ਹੈ। ਆਮ

ਤੌਰ ’ਤੇ, ਇਹ ਬਹੁਤ ਮੁਸ਼ਕਿਲ ਕੰਮ ਹੈ ਕਿ ਬਿਲਕੁਲ ਸਹੀ-ਸਟੀਕ ਸ਼ਬਦ ਲੱਭੇ ਜਾਣ ਅਤੇ ਉਹਨਾਂ ਨੂੰ ਅਜਿਹੇ ਢੰਗ ਨਾਲ਼ ਤਰਤੀਬ ਦਿੱਤੀ ਜਾਵੇ ਕਿ ਘੱਟ ਤੋਂ ਘੱਟ ਸ਼ਬਦਾਂ ਵਿੱਚ ਵੱਧ ਤੋਂ ਵੱਧ ਗੱਲ ਕਹੀ ਜਾ ਸਕੇ, ਕਿ ਸ਼ਬਦਾਂ ਦੀ ਬੱਚਤ ਕੀਤੀ ਜਾਵੇ ਅਤੇ ਵਿਚਾਰਾਂ ਨੂੰ ਵੱਡੇ ਵਿਸਥਾਰ ਵਿੱਚ ਫੈਲ ਜਾਣ ਦਿੱਤਾ ਜਾਵੇ, ਸ਼ਬਦਾਂ ਰਾਹੀਂ ਸਜੀਵ ਬਿੰਬਾਂ ਦੀ ਰਚਨਾ ਕੀਤੀ ਜਾਵੇ, ਅਤੇ ਸੰਖੇਪ ਤੇ ਸੁੰਦਰ ਰੂਪ ਵਿੱਚ ਇੱਕ ਪਾਤਰ ਦੀਆਂ ਮੁੱਖ ਵਿਸ਼ੇਸ਼ਤਾਵਾਂ ਦੀ ਵਿਆਖਿਆ ਕੀਤੀ ਜਾਵੇ, ਜਿਸ ਨਾਲ਼ ਫੌਰਨ ਉਸ ਪਾਤਰ ਦੀ ਬੋਲਚਾਲ ਦਾ ਢੰਗ ਅਤੇ ਧੁਨ ਪਾਠਕ ਦੇ ਮਨ ’ਤੇ ਛਪ ਜਾਵੇ। ਸ਼ਬਦਾਂ ਰਾਹੀਂ, ਲੋਕਾਂ ਅਤੇ ਚੀਜ਼ਾਂ ਨੂੰ “ਰੰਗ ਦੇਣਾ” ਇੱਕ ਵੱਖਰੀ ਗੱਲ ਹੈ ਅਤੇ ਉਹਨਾਂ ਨੂੰ ਸਜੀਵ ਬਣਾ ਕੇ, ਜਿਵੇਂ “ਤਿੰਨ ਆਯਾਮੀ” ਹੋਣ, ਪੇਸ਼ ਕਰਨਾ, ਤਾਂ ਕਿ ਉਹ ਸਰੀਰਕ ਰੂਪ ਵਿੱਚ ਛੂਹਣਯੋਗ ਹੋ ਜਾਣ; ਜਿਵੇਂ ਕਿ ਤਾਲਸਤਾਏ ਦੇ ‘ਜੰਗ ਅਤੇ ਅਮਨ’ ਦੇ ਪਾਤਰ ਹਨ, ਬਿਲਕੁਲ ਦੂਸਰੀ ਗੱਲ ਹੈ...

ਇੱਕ ਵਾਰ ਮੈਂ ਮੱਧ ਰੂਸ ਦੇ ਇੱਕ ਇਲਾਕੇ ਦਾ ਸੰਖੇਪ ਸ਼ਬਦ-ਚਿੱਤਰ ਲਿਖਣਾ ਸੀ, ਤਾਂ ਮੈਂ ਤਿੰਨ ਘੰਟੇ ਤੱਕ ਬੈਠਣ ਤੋਂ ਬਾਅਦ ਸਿਰਫ਼ ਇੰਨਾ ਕੁ ਹੀ ਲਿਖ ਸਕਿਆ:

“ਖੁਸ਼ਕ ਸੜ੍ਹਕਾਂ ਨੇ ਉੱਭੜ-ਖਾਭੜ ਮੈਦਾਨ ਵਿੱਚ ਟੇਢੀਆਂ-ਮੇਢੀਆਂ ਲਕੀਰਾਂ ਵਾਹੀਆਂ ਹੋਈਆਂ ਸਨ, ਇੰਝ ਲੱਗਦਾ ਸੀ ਜਿਵੇਂ ਰੰਗ-ਬਿਰੰਗਾ ਓਕੁਰੋਵ ਨਗਰ ਕੋਈ ਚਮਕੀਲਾ ਖਿਡਾਉਣਾ ਹੈ, ਜਿਹੜਾ ਝੁਰੜੀਆਂ ਭਰੀ ਕਿਸੇ ਲੰਮੀ ਚੌੜੀ ਹਥੇਲੀ ’ਤੇ ਰੱਖਿਆ ਹੋਵੇ।”

ਮੈਂ ਸੋਚਿਆ ਕਿ ਮੈਂ ਬਹੁਤ ਵਧੀਆ ਸ਼ਬਦ-ਚਿੱਤਰ ਲਿਖ ਲਿਆ ਹੈ ਪਰ ਜਦੋਂ ਕਹਾਣੀ ਛਪੀ ਤਾਂ ਮੈਨੂੰ ਅਹਿਸਾਸ ਹੋਇਆ ਕਿ ਇਹ ਸਜੀ ਹੋਈ ਅਦਰਕੀ ਡਬਲ-ਰੋਟੀ ਜਾਂ ਚਾਕਲੇਟ ਦੇ ਡੱਬੇ ’ਤੇ ਛਪੇ ਕਿਸੇ ਚਿੱਤਰ ਵਰਗਾ ਹੈ।

ਆਮ ਤੌਰ ’ਤੇ, ਸ਼ਬਦਾਂ ਦੀ ਵਰਤੋਂ ਬਹੁਤ ਹੀ ਸਟੀਕ ਢੰਗ ਨਾਲ਼ ਕੀਤੀ ਜਾਣੀ ਚਾਹੀਦੀ ਹੈ। ਇੱਕ ਦੂਸਰੇ ਖੇਤਰ ਤੋਂ ਇੱਕ ਉਦਾਹਰਣ ਲੈਂਦੇ ਹਾਂ। ਜਿਵੇਂ ਕਿ ਕਿਹਾ ਜਾਂਦਾ ਹੈ ਕਿ “ਧਰਮ ਅਫ਼ੀਮ ਹੈ”, ਪਰ ਅਫ਼ੀਮ ਦੀ ਵਰਤੋਂ ਡਾਕਟਰ ਦਰਦ ਦੂਰ ਕਰਨ ਲਈ ਕਰਦੇ ਹਨ ਜੋ ਕਿ ਇੱਕ ਵਧੀਆ ਗੱਲ ਹੈ। ਇਹ ਤੱਥ ਕਿ ਅਫ਼ੀਮ ਤੰਬਾਕੂ ਵਾਂਗੂੰ ਪੀਤੀ ਜਾਂਦੀ ਹੈ ਅਤੇ ਇਸ ਨਾਲ਼ ਲੋਕ ਮਰਦੇ ਵੀ ਹਨ, ਕਿ ਅਫ਼ੀਮ ਸ਼ਰਾਬ ਤੋਂ ਵੀ ਵੱਧ ਹਾਨੀਕਾਰਕ ਹੈ, ਆਮ ਲੋਕ ਨਹੀਂ ਜਾਣਦੇ।

ਮੇਰੀਆਂ ਅਸਫਲਤਾਵਾਂ ਹਮੇਸ਼ਾ ਮੈਨੂੰ ਕਿਸੇ ਕਵੀ ਦੇ ਇਹ ਦੁੱਖ ਭਰੇ ਸ਼ਬਦ ਯਾਦ ਕਰਵਾ ਦਿੰਦੀਆਂ ਹਨ: “ਸ਼ਬਦਾਂ ਦੇ ਤਸੀਹੇ ਤੋਂ ਵੱਡਾ ਦੁਨੀਆਂ ਵਿੱਚ ਹੋਰ ਕੋਈ ਤਸੀਹਾ ਨਹੀਂ ਹੈ।” ਪਰ ਇਸ ਵਿਸ਼ੇ ਬਾਰੇ ਅ. ਗ. ਗੌਰਨਫੇਲਡ ਨੇ ‘ਗੋਸਿਜ਼ਦਾਤ’ ਦੁਆਰਾ 1927 ਵਿੱਚ ਛਾਪੀ ਆਵਦੀ ਕਿਤਾਬ “ਸ਼ਬਦਾਂ ਦੇ ਤਸੀਹੇ” ਵਿੱਚ ਕਿਤੇ ਵਧੇਰੇ ਉੱਤਮ ਢੰਗ ਨਾਲ਼ ਚਰਚਾ ਕੀਤੀ ਹੈ। ਇਹ ਬਹੁਤ ਵਧੀਆ ਕਿਤਾਬ ਹੈ ਜਿਸ ਵੱਲ ਮੈਂ ਆਪਣੇ ਨੌਜਵਾਨ ਲੇਖਕ ਸਾਥੀਆਂ ਦਾ ਧਿਆਨ ਖਿੱਚਣਾ ਚਾਹਾਂਗਾ।

ਮੇਰੇ ਖਿਆਲ ਵਿੱਚ ਇਹ ਕਵੀ ਨਾਦਸਨ ਸਨ, ਜਿਹਨਾਂ ਨੇ ਕਿਹਾ ਸੀ ਕਿ “ਸਾਡੀ

ਭਾਸ਼ਾ ਬੇਜਾਨ ਅਤੇ ਤਰਸਯੋਗ ਹੈ", ਅਤੇ ਬਹੁਤ ਘੱਟ ਹੀ ਅਜਿਹੇ ਕਵੀ ਹੋਣਗੇ ਜਿਹਨਾਂ ਨੇ ਭਾਸ਼ਾ ਦੀ "ਕੰਗਾਲੀ" ਦੀ ਸ਼ਿਕਾਇਤ ਨਾ ਕੀਤੀ ਹੋਵੇ।

ਮੈਨੂੰ ਇਸ ਤਰ੍ਹਾਂ ਜਾਪਦਾ ਹੈ ਕਿ ਇਹ ਸ਼ਿਕਾਇਤਾਂ ਕੇਵਲ ਰੂਸੀ ਭਾਸ਼ਾ ਦੀ "ਕੰਗਾਲੀ" ਦੇ ਖਿਲਾਫ਼ ਹੀ ਨਹੀਂ ਹਨ, ਸਗੋਂ ਆਮ ਤੌਰ 'ਤੇ ਮਨੁੱਖੀ ਭਾਸ਼ਾ ਬਾਰੇ ਹਨ, ਜਿਸਦਾ ਕਾਰਨ ਅਜਿਹੀਆਂ ਭਾਵਨਾਵਾਂ ਅਤੇ ਵਿਚਾਰਾਂ ਦੀ ਹੋਂਦ ਹੈ, ਜਿਹਨਾਂ ਨੂੰ ਸ਼ਬਦ ਨਾ ਤਾਂ ਫੜ ਸਕਦੇ ਹਨ ਅਤੇ ਨਾ ਹੀ ਚੰਗੀ ਤਰ੍ਹਾਂ ਪ੍ਰਗਟ ਕਰ ਸਕਦੇ ਹਨ। ਅਜਿਹੀਆਂ ਹੀ ਗੱਲਾਂ ਹਨ ਜਿਹਨਾਂ ਬਾਰੇ ਗੌਰਨਫੇਲਡ ਦੀ ਕਿਤਾਬ ਵਿੱਚ ਚੰਗੀ ਤਰ੍ਹਾਂ ਦੱਸਿਆ ਗਿਆ ਹੈ। ਪਰ ਅਜਿਹੀਆਂ ਗੱਲਾਂ ਤੋਂ ਬਿਨਾਂ, ਜਿਹਨਾਂ ਨੂੰ ਸ਼ਬਦ ਫੜ ਨਹੀਂ ਸਕਦੇ, ਰੂਸੀ ਭਾਸ਼ਾ ਬਹੁਤ ਖੁਸ਼ਹਾਲ ਹੈ ਅਤੇ ਹੈਰਾਨੀਜਨਕ ਤੇਜ਼ੀ ਨਾਲ਼ ਅਮੀਰ ਹੁੰਦੀ ਜਾ ਰਹੀ ਹੈ। ਸਾਡੀ ਭਾਸ਼ਾ ਦੇ ਵਿਕਾਸ ਦੀ ਤੀਬਰਤਾ ਨੂੰ ਸਥਾਪਿਤ ਕਰਨ ਲਈ ਇਹ ਉਪਯੋਗੀ ਹੋਵੇਗਾ ਕਿ ਗੋਗੋਲ ਅਤੇ ਚੈਖ਼ਵ, ਤੁਰਗਨੇਵ ਅਤੇ ਬੂਨਿਨ, ਦੋਸਤੋਯੇਵਸਕੀ ਅਤੇ ਲਿਓਨਿਦ ਲਿਓਨੋਵ* ਦੁਆਰਾ ਵਰਤੇ ਸ਼ਬਦਾਂ ਦੀ ਆਪਸ ਵਿੱਚ ਤੁਲਨਾ ਕੀਤੀ ਜਾਵੇ। ਲਿਓਨੋਵ ਨੇ ਖੁਦ ਅਖ਼ਬਾਰਾਂ-ਮੈਗਜ਼ੀਨਾਂ ਵਿੱਚ ਇਹ ਗੱਲ ਕਹੀ ਹੈ ਕਿ ਉਹਨਾਂ ਨੇ ਦੋਸਤੋਯੇਵਸਕੀ ਤੋਂ ਬਹੁਤ ਕੁਝ ਲਿਆ ਹੈ; ਪਰ ਉਹ ਕਹਿ ਸਕਦੇ ਸਨ ਕਿ ਕੁਝ ਸੰਦਰਭ ਵਿੱਚ—ਅਤੇ ਮੈਂ ਵਿਵੇਕਪੂਰਣ ਮੁਲਾਂਕਣ ਦੀ ਗੱਲ ਕਰ ਰਿਹਾ ਹਾਂ—ਉਹਨਾਂ ਨੇ ਲਿਓ ਤਾਲਸਤਾਏ ਤੋਂ ਵੀ ਲਿਆ ਹੈ। ਪਰ ਇਹ ਦੋਨੋ ਕੜੀਆਂ ਅਜਿਹੀਆਂ ਹਨ ਜੋ ਇਸ ਨੌਜਵਾਨ ਲੇਖਕ ਦੀ ਮਹੱਤਤਾ 'ਤੇ ਚਾਨਣਾ ਪਾਉਂਦੀਆਂ ਹਨ ਅਤੇ ਕਿਸੇ ਵੀ ਤਰ੍ਹਾਂ ਉਸਦੀ ਮੌਲਿਕਤਾ ਨੂੰ ਪ੍ਰਭਾਵਿਤ ਨਹੀਂ ਕਰਦੀਆਂ। ਆਪਣੇ ਨਾਵਲ 'ਚੋਰ' ਵਿੱਚ ਉਹਨਾਂ ਨੇ ਨਿਰਸੰਦੇਹ ਭਾਸ਼ਾ ਦੀ ਹੈਰਾਨੀਜਨਕ ਖੁਸ਼ਹਾਲੀ ਦਾ ਮੁਜ਼ਾਹਰਾ ਕੀਤਾ ਹੈ। ਉਹਨਾਂ ਨੇ ਬੇਹੱਦ ਢੁੱਕਵੇਂ ਆਪਣੇ ਹੀ ਸ਼ਬਦ ਘੜੇ ਹਨ, ਅਤੇ ਇਸਤੋਂ ਇਲਾਵਾ ਉਹਨਾਂ ਦੇ ਨਾਵਲ ਦੀ ਸੰਰਚਨਾ ਆਪਣੀ ਜਟਿਲਤਾ ਅਤੇ ਕਲਪਨਾਸ਼ੀਲਤਾ ਵਿੱਚ ਅਸਾਧਾਰਣ ਹੈ। ਜਿਵੇਂ ਕਿ ਮੈਂ ਸਮਝਦਾ ਹਾਂ ਕਿ, ਲਿਓਨੋਵ ਇੱਕ ਅਜਿਹੇ ਵਿਅਕਤੀ ਹਨ ਜਿਹਨਾਂ ਕੋਲ ਕਹਿਣ ਲਈ ਕੁਝ ਆਪਣਾ ਹੈ, ਅਤੇ ਜੋ ਪੂਰੀ ਤਰ੍ਹਾਂ ਮੌਲਿਕ ਹੈ। ਉਹਨਾਂ ਨੇ ਇਹ ਗੱਲ ਕਹਿਣੀ ਅਜੇ ਸ਼ੁਰੂ ਹੀ ਕੀਤੀ ਹੈ, ਅਤੇ ਨਾ ਤਾਂ ਦੋਸਤੋਯੇਵਸਕੀ ਅਤੇ ਨਾ ਹੀ ਕੋਈ ਹੋਰ ਵਿਅਕਤੀ ਉਹਨਾਂ ਦੇ ਇਸ ਕੰਮ ਵਿੱਚ ਅੜਿੱਕਾ ਡਾਹ ਸਕਦਾ ਹੈ।

ਤੁਹਾਨੂੰ ਇਹ ਯਾਦ ਦਿਲਾਉਣਾ ਉੱਚਿਤ ਹੋਵੇਗਾ ਕਿ ਲੋਕ ਹੀ ਭਾਸ਼ਾ ਦੀ ਸਿਰਜਣਾ ਕਰਦੇ ਹਨ। ਆਮ ਲੋਕਾਂ ਦੀ ਭਾਸ਼ਾ ਅਤੇ ਸਾਹਿਤ ਦੀ ਭਾਸ਼ਾ ਬਾਰੇ ਗੱਲ ਕਰਨਾ ਦੂਜੇ ਸ਼ਬਦਾਂ ਵਿੱਚ ਇਹ ਕਹਿਣਾ ਹੋਵੇਗਾ ਕਿ ਇੱਕ "ਕੱਚਾ ਮਾਲ" ਹੈ ਅਤੇ ਦੂਜੇ ਉੱਤੇ ਮਾਹਿਰਾਂ ਨੇ ਕੰਮ ਕੀਤਾ ਹੋਇਆ ਹੈ। ਪੁਸ਼ਕਿਨ ਨੇ ਹੀ ਸਭ ਤੋਂ ਪਹਿਲਾਂ ਇਹ ਗੱਲ ਪੂਰੀ ਤਰ੍ਹਾਂ ਸਮਝੀ ਸੀ ਅਤੇ ਉਹਨਾਂ ਨੇ ਹੀ ਇਹ ਦਿਖਾਇਆ ਸੀ ਕਿ ਆਮ ਲੋਕਾਂ ਦੁਆਰਾ ਮੁਹੱਈਆ ਕਰਵਾਈ ਭਾਸ਼ਾ ਸਮੱਗਰੀ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਉਸ ਉੱਪਰ ਕੰਮ ਕਰਨਾ (ਸਜਾਉਣਾ-

* ਲਿਓਨੋਵ, ਲਿਓਨਿਦ (ਜਨਮ 1899) — ਪ੍ਰਸਿੱਧ ਰੂਸੀ ਸੋਵੀਅਤ ਲੇਖਕ ਤੇ ਲੈਨਿਨ ਇਨਾਮ ਦੇ ਵਿਜੇਤਾ।

ਸੰਵਾਰਨਾ) ਚਾਹੀਦਾ ਹੈ।

ਕਲਾਕਾਰ ਆਪਣੇ ਦੇਸ਼ ਅਤੇ ਜਮਾਤ ਨੂੰ ਪ੍ਰਭਾਵਿਤ ਕਰਨ ਵਾਲ਼ੀਆਂ ਗੱਲਾਂ ਦਾ ਸੰਵੇਦਨਸ਼ੀਲ ਗ੍ਰਹਿਣ-ਕਰਤਾ ਹੁੰਦਾ ਹੈ, ਉਹ ਉਹਨਾਂ ਦੀਆਂ ਅੱਖਾਂ, ਕੰਨ ਅਤੇ ਦਿਲ ਹੁੰਦਾ ਹੈ। ਉਹ ਆਪਣੇ ਸਮੇਂ ਦੀ ਆਵਾਜ਼ ਹੁੰਦਾ ਹੈ। ਉਸਦਾ ਫਰਜ਼ ਬਣਦਾ ਹੈ ਕਿ ਜਿੰਨਾ ਉਹ ਜਾਣ ਸਕਦਾ ਹੈ ਜਾਣੇ ਅਤੇ ਅਤੀਤ ਨੂੰ ਉਹ ਜਿੰਨੀ ਜ਼ਿਆਦਾ ਚੰਗੀ ਤਰ੍ਹਾਂ ਜਾਣੇਗਾ, ਓਨੀ ਹੀ ਜ਼ਿਆਦਾ ਚੰਗੀ ਤਰ੍ਹਾਂ ਉਹ ਵਰਤਮਾਨ ਨੂੰ ਸਮਝੇਗਾ ਅਤੇ ਓਨੀ ਹੀ ਵਧੇਰੇ ਡੂੰਘਾਈ ਨਾਲ਼ ਅਤੇ ਸੂਖਮਤਾ ਨਾਲ਼ ਉਹ ਸਾਡੇ ਸਮੇਂ ਦੇ ਸਰਵਵਿਆਪੀ ਇਨਕਲਾਬੀਪੁਣੇ ਨੂੰ ਅਤੇ ਉਸਦੇ ਕਾਰਜਾਂ ਦੀ ਵਿਆਪਕਤਾ ਨੂੰ ਸਮਝ ਸਕੇਗਾ। ਉਸ ਲਈ ਲੋਕਾਂ ਦੇ ਇਤਿਹਾਸ ਦੀ ਜਾਣਕਾਰੀ ਹੋਣਾ ਲਾਜ਼ਮੀ ਹੈ ਅਤੇ ਇਸੇ ਪ੍ਰਕਾਰ ਉਹਨਾਂ ਦੇ ਚਿੰਤਨ ਦੇ ਸਮਾਜਿਕ ਅਤੇ ਰਾਜਨੀਤਕ ਢੰਗ-ਤਰੀਕਿਆਂ ਦਾ ਗਿਆਨ ਹੋਣਾ ਵੀ ਲਾਜ਼ਮੀ ਹੈ। ਵਿਦਵਾਨਾਂ—ਸੱਭਿਆਚਾਰ ਦੇ ਇਤਿਹਾਸਕਾਰਾਂ ਅਤੇ ਨਸਲ-ਸਾਸ਼ਤਰੀਆਂ—ਨੇ ਦੱਸਿਆ ਹੈ ਕਿ ਇਸ ਚਿੰਤਨ ਦਾ ਪ੍ਰਗਟਾਵਾ ਪਰੀ-ਕਹਾਣੀਆਂ, ਦੰਦ-ਕਥਾਵਾਂ, ਮੁਹਾਵਰੇ ਅਤੇ ਅਖਾਣਾਂ ਰਾਹੀਂ ਹੁੰਦਾ ਹੈ। ਕਹਾਵਤਾਂ ਅਤੇ ਲੋਕ-ਤੱਥ ਹੀ ਅਸਲ ਵਿੱਚ ਲੋਕਾਂ ਦੀ ਚਿੰਤਨ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਪ੍ਰਗਟਾਉਂਦੇ ਹਨ, ਤੇ ਬੇਹੱਦ ਸਿੱਖਿਆਦਾਇਕ ਹੁੰਦੇ ਹਨ। ਨਵੇਂ ਲੇਖਕਾਂ ਨੂੰ ਇਸ ਸਮੱਗਰੀ ਦਾ ਮਹਿਜ਼ ਇਸੇ ਲਈ ਹੀ ਗਿਆਨ ਹਾਸਿਲ ਨਹੀਂ ਕਰਨਾ ਚਾਹੀਦਾ ਕਿ ਇਸ ਨਾਲ਼ ਸ਼ਬਦਾਂ ਦੀ ਬੱਚਤ, ਸਾਰਪੂਰਨਤਾ ਅਤੇ ਕਲਪਨਾ ਦੀ ਉੱਚਕੋਟੀ ਦੀ ਸਿੱਖਿਆ ਮਿਲ਼ਦੀ ਹੈ, ਸਗੋਂ ਇਸ ਵਜ੍ਹਾ ਲਈ ਵੀ ਕਰਨਾ ਚਾਹੀਦਾ ਹੈ ਕਿ ਸੋਵੀਅਤਾਂ ਦੀ ਧਰਤੀ ਦੀ ਵਸੋਂ ਦਾ ਵਧੇਰੇ ਹਿੱਸਾ ਕਿਸਾਨਾਂ ਦਾ ਹੈ, ਇਹੀ ਉਹ ਮਿੱਟੀ ਹੈ ਜਿਸਤੋਂ ਇਤਿਹਾਸ ਨੇ ਫੈਕਟਰੀ ਮਜ਼ਦੂਰ, ਸ਼ਹਿਰਾਂ ਦੀ ਨਿੱਕ-ਬੁਰਜ਼ੂਆਜ਼ੀ, ਵਪਾਰੀ, ਪੁਜਾਰੀ, ਸਰਕਾਰੀ ਅਧਿਕਾਰੀ, ਕੁਲੀਨ, ਵਿਦਵਾਨ ਅਤੇ ਕਲਾਕਾਰ ਘੜੇ ਹਨ। ਕਿਸਾਨਾਂ ਦੇ ਮਨ ਲਗਾਤਾਰ ਉਹਨਾਂ ਲੋਕਾਂ ਦੇ ਪ੍ਰਭਾਵ ਅਧੀਨ ਰਹੇ ਹਨ, ਜਿਹੜੇ ਰਾਜਕੀ ਚਰਚ ਅਤੇ ਉਸ ਚਰਚ ਨਾਲੋਂ ਟੁੱਟ ਕੇ ਅੱਡ ਹੋਏ ਵੱਖੋ-ਵੱਖ ਫਿਰਕਿਆਂ ਦਾ ਨਿਯੰਤਰਣ ਕਰਦੇ ਸਨ। ਸਦੀਆਂ ਤੱਕ ਕਿਸਾਨਾਂ ਨੂੰ ਬਣੇ-ਬਣਾਏ ਅਤੇ ਪੂਰਵ-ਨਿਰਧਾਰਤ ਰੂਪਾਂ ਵਿੱਚ ਸੋਚਣ ਦੀ ਸਿੱਖਿਆ ਦਿੱਤੀ ਗਈ ਹੈ, ਜਿਵੇਂ ਕਹਾਵਤਾਂ ਅਤੇ ਲੋਕ-ਤੱਥ, ਜਿਹਨਾਂ ਵਿੱਚੋਂ ਜ਼ਿਆਦਾਤਰ ਸੰਖੇਪ ਰੂਪ ਵਿੱਚ ਸ਼ਬਦ-ਬੱਧ ਕੀਤੀਆਂ ਚਰਚ ਦੀਆਂ ਸਿੱਖਿਆਵਾਂ ਤੋਂ ਬਿਨਾਂ ਹੋਰ ਕੁਝ ਨਹੀਂ ਹਨ...

ਜਦੋਂ ਮੈਂ 'ਰੂੜੀਵਾਦੀਆਂ' ਦੁਆਰਾ, ਉਹਨਾਂ ਲੋਕਾਂ ਦੁਆਰਾ ਲਿਖੀਆਂ ਕਿਤਾਬਾਂ ਪੜ੍ਹੀਆਂ ਜਿਹੜੇ ਨਿਰੰਕੁਸ਼ ਸ਼ਾਸ਼ਨ ਦੀ ਹਮਾਇਤ ਕਰਦੇ ਸਨ, ਤਾਂ ਉਹਨਾਂ ਵਿੱਚ ਮੈਨੂੰ ਕੋਈ ਵੀ ਨਵੀਂ ਗੱਲ ਨਾ ਮਿਲ਼ੀ, ਕਿਉਂਕਿ ਹਰ ਸਫ਼ੇ 'ਤੇ ਕਿਸੇ ਅਖਾਣ ਦੀ, ਜਿਸਨੂੰ ਮੈਂ ਬਚਪਨ ਤੋਂ ਹੀ ਜਾਣਦਾ ਸਾਂ, ਖੋਲ੍ਹ ਕੇ, ਪੂਰੇ ਵਿਸਥਾਰ ਸਹਿਤ ਵਿਆਖਿਆ ਹੀ ਕੀਤੀ ਹੋਈ ਸੀ। ਮੇਰੇ ਲਈ ਇਹ ਸਪਸ਼ਟ ਹੀ ਸੀ ਕਿ ਰੂੜੀਵਾਦੀਆਂ — ਕ. ਲਿਓਕਤੀਯੇਵ, ਕ. ਪੋਬੇਦੋਨੋਸਤਸੇਵ ਅਤੇ ਉਹਨਾਂ ਜਿਹੇ ਹੀ ਹੋਰਾਂ — ਦੀ ਗੂੜ੍ਹ ਸਿਆਣਪ ਉਹਨਾਂ "ਲੋਕਾਂ ਦੀ ਸਿਆਣਪ" ਨਾਲ ਗੜੁੱਚ ਸੀ, ਜਿਸ 'ਤੇ ਚਰਚ ਦੀ ਭਾਵਨਾ ਦੀ ਗਹਿਰੀ ਛਾਪ ਸੀ।

...ਆਮ ਤੌਰ 'ਤੇ, ਲੋਕ-ਤੱਥ ਅਤੇ ਅਖਾਣਾਂ ਵਿੱਚ ਕਿਰਤੀ ਲੋਕਾਂ ਦੁਆਰਾ ਗ੍ਰਹਿਣ ਕੀਤੇ ਸਮਾਜਿਕ ਅਤੇ ਇਤਿਹਾਸਕ ਅਨੁਭਵ ਸੰਖੇਪ ਰੂਪ ਵਿੱਚ ਪ੍ਰਤੀਬਿੰਬਤ ਹੁੰਦੇ ਹਨ। ਲੇਖਕ ਲਈ ਅਜਿਹੀ ਸਮੱਗਰੀ ਤੋਂ ਜਾਣੂ ਹੋਣਾ ਬੇਹੱਦ ਲਾਜ਼ਮੀ ਹੈ ਜੋ ਉਸਨੂੰ ਸ਼ਬਦਾਂ ਨੂੰ ਮੁੱਠੀ ਵਿੱਚ ਮੀਚੀਆਂ ਉਂਗਲਾਂ ਵਾਂਗੂੰ ਬੰਨਣਾ ਅਤੇ ਨਾਲ਼ ਹੀ ਹੋਰਨਾਂ ਦੁਆਰਾ ਬੰਨ੍ਹੇ ਸ਼ਬਦਾਂ ਨੂੰ ਖੋਲ੍ਹ ਕੇ ਰੱਖਣਾ ਸਿਖਾਵੇ ਅਤੇ ਉਹ ਵੀ ਇਸ ਢੰਗ ਨਾਲ਼ ਕਿ ਉਹ ਗੁਪਤ ਅਰਥ ਸਾਹਮਣੇ ਆ ਜਾਣ ਜੋ ਸਮੇਂ ਦੇ ਕਾਰਜਾਂ ਦੇ ਵਿਰੋਧੀ ਹਨ ਜਾਂ ਅਪ੍ਰਚੱਲਿਤ ਹਨ।

ਮੈਂ ਅਖਾਣਾਂ ਜਾਂ ਦੂਜੇ ਸ਼ਬਦਾਂ ਵਿੱਚ ਕਹੀਏ ਤਾਂ ਮੁਹਾਵਰਿਆਂ ਦੇ ਰੂਪ ਵਿੱਚ ਚਿੰਤਨ ਕਰਕੇ ਬਹੁਤ ਕੁਝ ਸਿੱਖਿਆ ਹੈ। ਮੈਨੂੰ ਹੇਠ ਲਿਖੀ ਘਟਨਾ ਚੇਤੇ ਆਉਂਦੀ ਹੈ: ਮੇਰਾ ਦੋਸਤ ਯਾਕੋਵ ਸੋਲਦਾਤੋਵ, ਚੌਂਕੀਦਾਰ ਸੀ, ਅਤੇ ਮਖੌਲ ਕਰਨੇ ਉਸਨੂੰ ਓਨੇ ਹੀ ਪਸੰਦ ਸਨ ਜਿੰਨੇ ਕਿ ਕਿਸੇ ਨੂੰ ਵੀ ਹੁੰਦੇ ਹਨ। ਇੱਕ ਦਿਨ ਉਹ ਨਵੇਂ ਝਾੜੂ ਨਾਲ਼ ਗਲ਼ੀ ਸੁੰਭਰ ਰਿਹਾ ਸੀ। ਯਾਕੋਵ ਨੇ ਮੇਰੇ ਵੱਲ ਤੱਕਿਆ, ਅੱਖ ਮਾਰੀ ਅਤੇ ਫ਼ਿਕਰਾ ਕਸਿਆ:

"ਮੈਂ ਚਾਹੇ ਕੁਝ ਵੀ ਕਰਾਂ, ਕੋਈ ਫਾਇਦਾ ਨਹੀਂ ਹੁੰਦਾ; ਜਿੰਨੀ ਮੈਂ ਸਫਾਈ ਕਰਦਾ ਹਾਂ, ਓਨਾ ਹੀ ਗੰਦ ਫਿਰ ਪੈ ਜਾਂਦਾ ਹੈ।"

ਮੈਨੂੰ ਜਾਪਿਆ ਕਿ ਉਸਨੇ ਗੱਲ ਤਾਂ ਠੀਕ ਕਹੀ ਹੈ। ਜੇ ਗੁਆਂਢੀ ਸੜਕ ਦਾ ਆਪਣਾ ਹਿੱਸਾ ਸਾਫ-ਸੁਥਰਾ ਰੱਖਣ ਤਾਂ ਵੀ ਹਵਾ ਆਲੇ-ਦੁਆਲੇ ਦੀਆਂ ਸੜਕਾਂ ਤੋਂ ਧੂੜ-ਮਿੱਟੀ ਲੈ ਹੀ ਆਵੇਗੀ। ਜੇ ਸ਼ਹਿਰ ਦੀਆਂ ਸਾਰੀਆਂ ਸੜਕਾਂ ਸਾਫ ਵੀ ਕਰ ਦਿੱਤੀਆਂ ਜਾਣ ਤਾਂ ਵੀ ਧੂੜ-ਮਿੱਟੀ ਦੇ ਬੱਦਲ ਖੇਤਾਂ ਤੋਂ ਅਤੇ ਆਲੇ-ਦੁਆਲੇ ਦੀਆਂ ਸੜਕਾਂ ਤੇ ਗੁਆਂਢੀ ਸ਼ਹਿਰਾਂ ਤੋਂ ਉੱਡ ਕੇ ਪਹੁੰਚ ਹੀ ਜਾਣਗੇ। ਬੇਸ਼ੱਕ ਆਦਮੀ ਨੂੰ ਆਪਣੇ ਘਰ ਦੇ ਆਲ਼ੇ-ਦੁਆਲ਼ੇ ਦਾ ਇਲਾਕਾ ਸਾਫ਼ ਰੱਖਣਾ ਚਾਹੀਦਾ ਹੈ ਪਰ ਜੇ ਇਸਦਾ ਵਿਸਤਾਰ ਪੂਰੀ ਗਲ਼ੀ, ਪੂਰੇ ਸ਼ਹਿਰ ਅਤੇ ਕੁੱਲ ਸੰਸਾਰ ਤੱਕ ਕੀਤਾ ਜਾਵੇ ਤਾਂ ਆਦਮੀ ਦੀ ਕਿਰਤ ਕਿਤੇ ਵਧੇਰੇ ਕਾਰਗਰ ਹੋਵੇਗੀ।

ਇਸੇ ਤਰੀਕੇ ਨਾਲ ਕਹਾਵਤਾਂ ਬਣਾਈਆਂ ਜਾ ਸਕਦੀਆਂ ਹਨ। ਕਹਾਵਤ ਦਾ ਜਨਮ ਕਿਸ ਤਰਾਂ ਹੁੰਦਾ ਹੈ ਇਸਦੀ ਇੱਕ ਉਦਾਹਰਣ ਇਹ ਹੈ: ਇੱਕ ਵਾਰ ਜਦੋਂ ਨੀਜ਼ਨੀ ਨੋਵਗੋਰੋਦ ਵਿੱਚ ਹੈਜ਼ਾ ਫੈਲਿਆ ਤਾਂ ਉੱਥੋਂ ਦੇ ਕਿਸੇ ਆਦਮੀ ਨੇ ਇਹ ਅਫਵਾਹ ਫੈਲਾ ਦਿੱਤੀ ਕਿ ਡਾਕਟਰ ਰੋਗੀਆਂ ਨੂੰ ਮਾਰ ਦਿੰਦੇ ਹਨ। ਗਵਰਨਰ ਬਰਾਨੋਵ ਨੇ ਉਸਦੀ ਗ੍ਰਿਫਤਾਰੀ ਦਾ ਹੁਕਮ ਦਿੱਤਾ ਅਤੇ ਉਸਨੂੰ ਹਸਪਤਾਲ ਵਿੱਚ ਹੈਜ਼ੇ ਦੇ ਰੋਗੀਆਂ ਦੀ ਸੇਵਾ ਕਰਨ ਲਈ ਭੇਜ ਦਿੱਤਾ। ਕਿਹਾ ਜਾਂਦਾ ਹੈ ਕਿ ਕੁਝ ਦਿਨਾਂ ਬਾਅਦ ਜਦੋਂ ਉਸ ਵਿਅਕਤੀ ਨੇ ਗਵਰਨਰ ਨੂੰ ਇਸ ਸਿੱਖਿਆ ਲਈ ਧੰਨਵਾਦ ਕੀਤਾ ਤਾਂ ਗਵਰਨਰ ਨੇ ਜਵਾਬ ਦਿੱਤਾ:

"ਜਦੋ ਸੱਚਾਈ ਸਿੱਧੀ ਅੱਖਾਂ 'ਚ ਆ ਕੇ ਵੱਜਦੀ ਹੈ, ਤੁਸੀਂ ਝੂਠ ਬੋਲਣਾ ਛੱਡ ਦਿੰਦੇ ਹੋ।"

ਬਰਾਨੋਵ ਜ਼ਰਾ ਅੱਖੜ ਆਦਮੀ ਸੀ, ਪਰ ਬੇਵਕੂਫ ਨਹੀਂ ਸੀ ਅਤੇ ਮੇਰਾ ਖਿਆਲ ਹੈ ਕਿ ਇਸ ਤਰਾਂ ਦੀਆਂ ਗੱਲਾਂ ਕਰ ਸਕਦਾ ਸੀ। ਫਿਰ ਇਸ ਨਾਲ ਕੀ ਫਰਕ ਪੈਂਦਾ ਹੈ ਕਿ ਇਹ ਗੱਲ ਕਿਸ ਨੇ ਕਹੀ ?

ਅਜਿਹੇ ਸਨ ਉਹ ਸਜੀਵ ਵਿਚਾਰ ਜਿਹਨਾਂ ਤੋਂ ਮੈਂ ਸੋਚਣਾ ਅਤੇ ਲਿਖਣਾ ਸਿੱਖਿਆ।

ਕਿਤਾਬਾਂ ਵਿੱਚੋਂ ਮੈਨੂੰ ਉਹੀ ਵਿਚਾਰ ਮਿਲੇ ਜੋ ਮੈਂ ਚੌਂਕੀਦਾਰਾਂ, ਵਕੀਲਾਂ ਅਤੇ ਸਾਬਕਾ ਅਮੀਰ ਲੋਕਾਂ ਤੋਂ ਅਤੇ ਹੋਰ ਹਰ ਪ੍ਰਕਾਰ ਦੇ ਲੋਕਾਂ ਤੋਂ ਸੁਣੇ ਸਨ। ਪਰ ਕਿਤਾਬਾਂ ਵਿੱਚ ਇਹ ਵੱਖਰੇ ਢੰਗ ਨਾਲ ਕਹੇ ਗਏ ਸਨ। ਅਤੇ ਇਸ ਤਰ੍ਹਾਂ ਜੀਵਨ ਅਤੇ ਸਾਹਿਤ ਦੇ ਤੱਥਾਂ ਨੇ ਇੱਕ ਦੂਜੇ ਦੀ ਪੂਰਤੀ ਕੀਤੀ।

ਮੈਂ ਪਹਿਲਾਂ ਹੀ ਦੱਸ ਚੁੱਕਿਆ ਹਾਂ ਕਿ ਸਾਹਿਤਕਾਰ ਅਤੇ ਲੇਖਕ "ਟਾਈਪਾਂ" ਦੀ ਅਤੇ ਹੋਰ ਪਾਤਰਾਂ ਦੀ ਰਚਨਾ ਕਿਵੇਂ ਕਰਦੇ ਹਨ, ਪਰ ਸ਼ਾਇਦ ਚੰਗਾ ਹੋਵੇਗਾ ਜੇ ਮੈਂ ਦੋ ਦਿਲਚਸਪ ਮਿਸਾਲਾਂ ਹੋਰ ਦਿਆਂ।

ਗੇਟੇ ਦਾ 'ਫਾਉਸਟ' ਕਲਾਤਮਕ ਰਚਨਾਤਮਕਤਾ ਦੀ ਇੱਕ ਉੱਤਮ ਉਪਜ ਹੈ, ਕਲਾਤਮਕ ਰਚਨਾਤਮਕਤਾ ਸਦਾ ਕਲਪਿਤ ਅਤੇ ਮਨਘੜਤ ਹੁੰਦੀ ਹੈ, ਜਾਂ ਹੋਰ ਚੰਗੀ ਤਰਾਂ ਕਹਿਣਾ ਹੋਵੇ ਤਾਂ, ਜੀਵਨ ਦੁਆਰਾ ਮੁਹੱਈਆ ਕਰਵਾਈ ਸਮੱਗਰੀ 'ਤੇ ਇੱਕ ਤਰਾਂ ਦੀ ਕਲਪਨਾ ਦੀ ਪਾਣ ਚੜ੍ਹਾਉਣਾ ਅਤੇ ਨਾਲ ਹੀ ਵਿਚਾਰਾਂ ਦਾ ਬਿੰਬਾਂ ਵਿੱਚ ਅਨੁਵਾਦ ਵੀ ਹੁੰਦੀ ਹੈ। ਮੈਂ ਕੋਈ ਵੀਹ ਕੁ ਸਾਲਾਂ ਦਾ ਸਾਂ ਜਦੋਂ ਮੈਂ ਪਹਿਲੀ ਵਾਰ 'ਫਾਉਸਟ' ਪੜ੍ਹਿਆ, ਅਤੇ ਕੁਝ ਦਿਨਾਂ ਬਾਅਦ ਮੈਨੂੰ ਪਤਾ ਚੱਲਿਆ ਕਿ ਜਰਮਨ ਗੇਟੇ ਤੋਂ ਕੋਈ ਦੋ ਸੌ ਸਾਲ ਪਹਿਲਾਂ ਕ੍ਰਿਸਟੋਫਰ ਮਾਰਲਾ ਨਾਮਕ ਇੱਕ ਅੰਗਰੇਜ਼ ਨੇ 'ਫਾਉਸਟ' ਬਾਰੇ ਲਿਖਿਆ ਸੀ; ਕਿ ਘਟੀਆ ਅਤੇ ਭੜਕੀਲਾ ਪੋਲਿਸ਼ ਨਾਵਲ 'ਪਾਨ ਤਵਾਰਦੋਵਸਕੀ' ਅਤੇ ਇਸੇ ਤਰਾਂ ਫਰਾਂਸੀਸੀ ਲੇਖਕ ਪਾਲ ਮੂਸੇ ਦਾ *Jean le trouvrur* (ਸੁੱਖ ਦਾ ਖੋਜੀ) ਵੀ ਇੱਕ ਪ੍ਰਕਾਰ ਦਾ 'ਫਾਉਸਟ' ਸੀ, ਕਿ ਫਾਉਸਟ ਬਾਰੇ ਸਾਰੀਆਂ ਕਿਤਾਬਾਂ ਦਾ ਸੋਮਾ ਮੱਧ-ਯੁੱਗ ਦੀ ਇੱਕ ਕਥਾ ਸੀ। ਇਹ ਕਥਾ ਇੱਕ ਅਜਿਹੇ ਆਦਮੀ ਬਾਰੇ ਸੀ ਜਿਸਨੇ ਨਿੱਜੀ ਸੁੱਖ ਅਤੇ ਹੋਰਨਾਂ ਲੋਕਾਂ ਤੇ ਕੁਦਰਤ ਦੇ ਰਹੱਸਾਂ 'ਤੇ ਆਪਣਾ ਅਧਿਕਾਰ ਜਮਾਉਣ ਦੀ ਧੁਨ ਵਿੱਚ ਸ਼ੈਤਾਨ ਕੋਲ਼ ਆਪਣੀ ਆਤਮਾ ਵੇਚ ਦਿੱਤੀ ਸੀ। ਇਸ ਪ੍ਰਾਚੀਨ ਕਥਾ ਦਾ ਵਿਕਾਸ ਕੀਮੀਆਗਰਾਂ ਦੇ ਜੀਵਨ ਅਤੇ ਕੰਮ ਦੇ ਨਿਰੀਖਣਾਂ ਦਾ ਨਤੀਜਾ ਸੀ ਜਿਹੜੇ ਆਮ ਧਾਂਤਾਂ ਤੋਂ ਸੋਨਾ ਬਣਾਉਣਾ ਅਤੇ ਅੰਮ੍ਰਿਤ ਖੋਜ ਲੈਣਾ ਚਾਹੁੰਦੇ ਸਨ। ਇਹਨਾਂ ਵਿੱਚ ਜਿੱਥੇ ਇੱਕ ਪਾਸੇ ਇਮਾਨਦਾਰ ਸੁਪਨਸਾਜ਼ ਅਤੇ ਇਸ ਵਿਚਾਰ ਦੇ ਦੀਵਾਨੇ ਸ਼ਾਮਿਲ ਸਨ, ਉੱਥੇ ਦੂਜੇ ਪਾਸੇ ਠੱਗ ਅਤੇ ਧੋਖੇਬਾਜ਼ ਵੀ ਸਨ। ਇਹ ਅਜਿਹੇ ਵਿਅਕਤੀਆਂ ਦੁਆਰਾ "ਪਰਮ ਸ਼ਕਤੀ" ਹਾਸਿਲ ਕਰਨ ਦੇ ਯਤਨਾਂ ਦਾ ਥੋਥਾਪਣ ਹੀ ਸੀ ਜਿਸਦਾ ਮਜ਼ਾਕ ਮੱਧ-ਯੁੱਗੀ ਡਾਕਟਰ ਫਾਉਸਟ ਦੇ ਕਾਰਨਾਮਿਆਂ ਦੀ ਕਹਾਣੀ ਵਿੱਚ ਉਡਾਇਆ ਗਿਆ ਹੈ, ਜਿਸ ਨੂੰ ਸਰਵਗਿਆਨ ਅਤੇ ਅਮਰ ਹੋਣ ਦਾ ਵਰਦਾਨ ਦੇਣਾ ਖੁਦ ਸ਼ੈਤਾਨ ਦੇ ਵੀ ਵੱਸੋਂ ਬਾਹਰੀ ਗੱਲ ਸੀ।

ਬਦਕਿਸਮਤ ਫਾਉਸਟ ਦੇ ਨਾਲ ਨਾਲ਼ ਇੱਕ ਹੋਰ ਪਾਤਰ ਪੈਦਾ ਹੋਇਆ ਜਿਸਤੋਂ ਸਾਰੇ ਦੇਸ਼ਾਂ ਦੇ ਲੋਕ ਜਾਣੂ ਹਨ: ਇਟਲੀ ਵਿੱਚ ਉਹ ਪੁਨਚਿਨੇਲੋ ਹੈ, ਇੰਗਲੈਂਡ ਵਿੱਚ ਪੰਚ, ਤੁਰਕੀ ਵਿੱਚ ਕਰਾਪੇਤ ਅਤੇ ਸਾਡੇ ਦੇਸ਼ ਵਿੱਚ ਪੇਤਰੂਸ਼ਕਾ। ਕਠਪੁਤਲੀ ਦੇ ਲੋਕ-ਨਾਚ ਦਾ ਇਹ ਅਜੇਤੂ ਸੂਰਮਾ ਹਰ ਜਗ੍ਹਾ ਅਤੇ ਸਾਰਿਆਂ ਤੋਂ ਬਾਜ਼ੀ ਮਾਰ ਲੈਂਦਾ ਹੈ, ਪੁਲਿਸ, ਪਾਦਰੀ ਅਤੇ ਇੱਥੋਂ ਤੱਕ ਕਿ ਸ਼ੈਤਾਨ ਅਤੇ ਕਾਲ਼ ਨੂੰ ਚਕਮਾ ਦੇ ਜਾਂਦਾ ਹੈ ਅਤੇ ਖੁਦ ਅਮਰ ਹੈ। ਇਸ ਭੋਲ਼ੇ-

ਭਾਲ਼ੇ ਅਤੇ ਅੱਖੜ ਜਿਹੇ ਪਾਤਰ ਵਿੱਚ ਕਿਰਤੀਆਂ ਨੇ ਖੁਦ ਆਪਣੇ ਆਪ ਨੂੰ ਅਤੇ ਆਪਣੇ ਉਸ ਵਿਸ਼ਵਾਸ ਨੂੰ ਹੀ ਸਾਕਾਰ ਰੂਪ ਵਿੱਚ ਦੇਖਿਆ ਕਿ ਆਖਿਰਕਾਰ ਉਹ ਹੀ ਸਭ ਕਾਸੇ ’ਤੇ ਅਤੇ ਹਰ ਇੱਕ ਚੀਜ਼ ’ਤੇ ਜਿੱਤ ਪ੍ਰਾਪਤ ਕਰਨਗੇ।

ਇਹਨਾਂ ਦੋਹਾਂ ਉਦਾਹਰਣਾਂ ਤੋਂ ਇੱਕ ਵਾਰ ਫਿਰ ਉਹੀ ਗੱਲ ਸਿੱਧ ਹੁੰਦੀ ਹੈ ਜੋ ਮੈਂ ਪਹਿਲਾਂ ਕਹਿ ਚੁੱਕਿਆ ਹਾਂ: ਕਿ “ਗੁੰਮਨਾਮ” ਕ੍ਰਿਤਾਂ ਵੀ ਜਿਹਨਾਂ ਦੇ ਰਚਣਹਾਰਿਆਂ ਬਾਰੇ ਆਪਾਂ ਕੁਝ ਨਹੀਂ ਜਾਣਦੇ*, ਕਿਸੇ ਸਮਾਜਿਕ ਗਰੁੱਪ ਦੀਆਂ ਲਖਣਾਇਕ ਵਿਸ਼ੇਸ਼ਤਾਵਾਂ ਅਤੇ ਖਾਸੀਅਤਾਂ ਦੇ ਅਮੂਰਤੀਕਰਨ (abstraction) ਦੇ ਨਿਯਮਾਂ ਦੇ ਅਧੀਨ ਵੀ ਹੁੰਦੀਆਂ ਹਨ ਅਤੇ ਉਸ ਗਰੁੱਪ ਦੇ ਇੱਕ ਪ੍ਰਤੀਨਿਧੀ ਦੀ ਸਖਸ਼ੀਅਤ ਵਿੱਚ ਇਹਨਾਂ ਵਿਸ਼ੇਸ਼ਤਾਵਾਂ ਦੇ ਪ੍ਰਤੀਰੂਪਣ (typification) ਦੇ ਨਿਯਮਾਂ ਦੇ ਅਧੀਨ ਵੀ। ਜਦੋਂ ਕਲਾਕਾਰ ਪੂਰੀ ਇਮਾਨਦਾਰੀ ਨਾਲ ਇਹਨਾਂ ਨਿਯਮਾਂ ਦਾ ਪਾਲਣ ਕਰਦਾ ਹੈ ਤਾਂ ਉਹ ਟਾਈਪ ਦੀ ਰਚਨਾ ਕਰਨ ਦੇ ਯੋਗ ਹੋ ਜਾਂਦਾ ਹੈ। ਇਸੇ ਢੰਗ ਨਾਲ ਚਾਰਲਸ ਦ ਕੋਸਤੇਰ ਨੇ ਆਪਣੇ *Thyl Eulenspiegel* (ਤੀਲ ਯੂਲੇਂਸਪੀਗਲ) ਦੀ ਰਚਨਾ ਕੀਤੀ, ਜੋ ਫਲੇਮਿੰਗ ਦਾ ਕੌਮੀ ਪ੍ਰਤੀਕ ਹੈ, ਰੋਮਾਂ ਰੋਲਾਂ ਨੇ ਬੁਰਗੰਡੀ ਦੇ ਆਦਮੀ— ਆਪਣੇ *Colas Breugnon* (ਕੋਲਾਸ ਬ੍ਰੇਗਨਨ) ਦੀ, ਅਤੇ ਅਲਫ਼ੋਂਸ ਦੋਦੇ ਨੇ—ਆਪਣੇ ਤਾਰਤਰਿਨ ਦੀ, ਜੋ ਪ੍ਰੋਵਾਂਸ ਦਾ ਨਿਵਾਸੀ ਸੀ। ਅਜਿਹੇ “ਪ੍ਰਤੀਨਿਧ” ਪਾਤਰਾਂ ਦਾ ਸਜੀਵ ਚਿਤਰਣ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਲੇਖਕ ਦੀ ਨਜ਼ਰ ਤਿੱਖੀ ਹੋਵੇ, ਉਸ ਵਿੱਚ ਸਮਾਨਤਾਵਾਂ ਅਤੇ ਅਸਮਾਨਤਾਵਾਂ ਨੂੰ ਪਰਖਣ ਦੀ ਸਮਰੱਥਾ ਹੋਵੇ ਅਤੇ ਜੇ ਉਹ ਨਿਰੰਤਰ ਅਤੇ ਅਥੱਕ ਰੂਪ ਵਿੱਚ ਅਧਿਐਨ ਕਰਦਾ ਹੋਵੇ। ਜਦੋਂ ਸਹੀ-ਸਟੀਕ ਗਿਆਨ ਨਹੀਂ ਹੋਵੇਗਾ ਤਾਂ ਅਟਕਲਾਂ ਤੋਂ ਕੰਮ ਲੈਣਾ ਪਏਗਾ ਅਤੇ ਦਸਾਂ ਵਿੱਚੋਂ ਨੌਂ ਅਟਕਲਾਂ ਗਲਤ ਨਿਕਲ਼ਣਗੀਆਂ।

ਮੈਂ ਖੁਦ ਨੂੰ ਓਬਲੋਮੋਵ, ਰੂਦਿਨ, ਰਿਆਜ਼ਾਨੋਵ** ਆਦਿ ਜਿਹੇ ਪਾਤਰਾਂ ਦੀ ਰਚਨਾ ਕਰ ਸਕਣ ਵਾਲਾ ਕੁਸ਼ਲ ਕਲਾਕਾਰ ਨਹੀਂ ਸਮਝਦਾ ਫਿਰ ਵੀ ‘ਫ਼ੋਮਾ ਗੋਰਦੇਯੇਵ’ ਲਿਖਣ ਲਈ ਮੈਨੂੰ ਵਪਾਰੀ ਪਰਿਵਾਰਾਂ ਦੇ ਦਰਜਨਾਂ ਵਾਰਿਸਾਂ ਨੂੰ ਦੇਖਣਾ ਪਿਆ ਜਿਹੜੇ ਆਪਣੇ ਪਿਓ ਦੇ ਜੀਵਨ ਅਤੇ ਕੰਮ ਤੋਂ ਅਸੰਤੁਸ਼ਟ ਸਨ ਅਤੇ ਜਿਨ੍ਹਾਂ ਵਿੱਚ ਇਹ ਅਸਪਸ਼ਟ ਜਿਹੀ ਭਾਵਨਾ ਸੀ ਕਿ ਉਸ ਤਰਾਂ ਦਾ ਇੱਕੋ-ਲੀਹ ਦਾ ਅਤੇ “ਦਮਨਕਾਰੀ ਨੀਰਸ” ਜੀਵਨ ਬਿਤਾਉਣ ਵਿੱਚ ਕੋਈ ਤੁੱਕ ਨਹੀਂ ਹੈ। ਫੋਮਾ ਗੋਰਦੇਯੇਵ ਵਰਗੇ ਲੋਕਾਂ ਵਿੱਚੋਂ ਹੀ, ਜਿਨ੍ਹਾਂ ਦੇ ਭਾਗਾਂ ਵਿੱਚ ਉਕਤਾ ਦੇਣ ਵਾਲਾ ਜੀਵਨ ਬਿਤਾਉਣਾ ਲਿਖਿਆ ਹੋਇਆ ਸੀ ਜੋ ਉਹਨਾਂ ਲਈ ਅਪਮਾਨ ਵਾਲੀ ਗੱਲ ਸੀ, ਅਤੇ ਜਿਹਨਾਂ ਨੇ ਸੋਚਣਾ ਸ਼ੁਰੂ ਕਰ ਦਿੱਤਾ ਸੀ, ਇੱਕ ਪਾਸੇ ਸ਼ਰਾਬੀ, ਅਵਾਰਾ ਅਤੇ

---

* ਅਜਿਹੀਆਂ ਕ੍ਰਿਤਾਂ ਨੂੰ ਅਸੀਂ “ਲੋਕ ਰਚਨਾਵਾਂ” ਕਹਿ ਸਕਦੇ ਹਾਂ, ਕਿਉਂਕਿ ਇਹ ਸ਼ਾਇਦ ਸ਼ਿਲਪਕਾਰਾਂ ਦੇ ਗਿਲਡਾਂ ਦੁਆਰਾ ਛੁੱਟੀਆਂ ਦੇ ਦਿਨੀਂ ਮੰਚ ’ਤੇ ਖੇਡਣ ਲਈ ਰਚੀਆਂ ਗਈਆਂ ਸਨ।—ਲੇਖਕ ਵੱਲੋਂ ਨੋਟ।

** ਸਲੇਪਤਸੋਵ ਨੇ ਬਹੁਤ ਵਧੀਆ ਢੰਗ ਨਾਲ਼ ਇਸ ਪਾਤਰ ਨੂੰ ਆਪਣੀ ਕਿਤਾਬ ‘ਔਖੇ ਸਮੇਂ’ ਵਿੱਚ ਰਾਜ਼ਨੋਚੀਨੇਤ ਬੁੱਧੀਜੀਵੀ ਵਰਗ ਦੀ ਟਾਈਪ ਵਜੋਂ ਚਿਤਰਿਆ ਸੀ।

ਨਿਕੰਮੇ ਲੋਕ ਨਿਕਲਦੇ ਸਨ, ਅਤੇ ਦੂਜੇ ਪਾਸੇ ਨਿਯਮ ਦੇ ਅਜਿਹੇ ਅਪਵਾਦ ਸਨ ਜਿਵੇਂ ਧਨੀ ਸਾਵਾ ਮੋਰੋਜ਼ੋਵ ਜਿਹਨਾਂ ਨੇ ਲੈਨਿਨਵਾਦੀ ਅਖ਼ਬਾਰ 'ਇਸਕਰਾ' ਦੇ ਪ੍ਰਕਾਸ਼ਨ ਲਈ ਖਰਚਾ ਦਿੱਤਾ ਸੀ; ਨ. ਪੇਸ਼ਕੋਵ, ਪੇਰਮ ਨਿਵਾਸੀ, ਜਹਾਜ਼ਾਂ ਦੇ ਮਾਲਿਕ ਜੋ ਸਮਾਜਵਾਦੀ-ਇਨਕਲਾਬੀਆਂ ਨੂੰ ਵਿੱਤੀ ਮੱਦਦ ਦਿੰਦੇ ਸਨ, ਕਲੂਗਾ ਦੇ ਫੈਕਟਰੀ ਮਾਲਿਕ ਗੋਂਚਾਰੋਵ, ਮਾਸਕੋ ਦੇ ਨ. ਸ਼ਿਮਦੂਤ ਅਤੇ ਕਈ ਹੋਰ ਲੋਕ। ਇਹਨਾਂ ਹੀ ਹਲਕਿਆਂ ਵਿੱਚੋਂ ਅਜਿਹੇ ਸੱਭਿਆਚਾਰਕ ਨੇਤਾ ਪੈਦਾ ਹੋਏ ਜਿਵੇਂ ਮਿਲਿਊਤਿਨ, ਚੇਰੇਪੋਵੇਤਸ ਦੇ ਮੇਅਰ, ਅਤੇ ਮਾਸਕੋ ਤੇ ਪ੍ਰਾਂਤਾਂ ਦੇ ਅਨੇਕ ਵਪਾਰੀ, ਜਿਨ੍ਹਾਂ ਨੇ ਵਿਗਿਆਨ, ਕਲਾ ਅਤੇ ਹੋਰ ਸੱਭਿਆਚਾਰਕ ਸਰਗਰਮੀਆਂ ਨੂੰ ਵਿਕਸਤ ਕਰਨ ਵਿੱਚ ਬਹੁਤ ਕੁਸ਼ਲਤਾ ਅਤੇ ਸਮਰਪਣ ਦਾ ਸਬੂਤ ਦਿੱਤਾ। ਫੋਮਾ ਦਾ ਧਰਮ-ਪਿਤਾ ਮਾਯਾਕਿਨ ਵੀ ਉਸ ਵਰਗੇ ਲੋਕਾਂ ਦੇ ਤੁੱਛ ਲੱਛਣਾਂ, "ਕਹਾਵਤਾਂ" ਦਾ ਆਦਮੀ ਹੈ ਅਤੇ ਮੈਂ ਸਮਝਦਾ ਹਾਂ ਕਿ ਉਸ ਮਾਮਲੇ ਵਿੱਚ ਮੈਂ ਕਿਸੇ ਹੱਦ ਤੱਕ ਸੂਝ-ਬੂਝ ਦਾ ਸਬੂਤ ਦਿੱਤਾ ਹੈ; 1905 ਤੋਂ ਬਾਅਦ ਜਦੋਂ ਮਜ਼ਦੂਰਾਂ ਅਤੇ ਕਿਸਾਨਾਂ ਨੇ ਆਪਣੀਆਂ ਕੁਰਬਾਨੀਆਂ ਰਾਹੀਂ ਮਾਯਾਕਿਨਾਂ ਦੇ ਸੱਤਾ ਤੱਕ ਪਹੁੰਚਣ ਦਾ ਰਾਸਤਾ ਬਣਾ ਦਿੱਤਾ, ਤਾਂ ਇਹਨਾਂ ਹੀ ਮਾਯਾਕਿਨਾਂ ਨੇ ਮਜ਼ਦੂਰ ਜਮਾਤ ਦੇ ਖਿਲਾਫ਼ ਘੋਲ਼ ਵਿੱਚ ਮਹੱਤਵਪੂਰਨ ਰੋਲ ਅਦਾ ਕੀਤਾ ਅਤੇ ਉਹ ਅੱਜ ਵੀ ਆਪਣੇ ਪੁਰਾਣੇ ਆਲ੍ਹਣਿਆਂ ਵਿੱਚ ਵਾਪਸ ਜਾਣ ਦੇ ਸੁਪਨੇ ਦੇਖਦੇ ਹਨ।

ਨੌਜਵਾਨ ਲੋਕ ਮੈਨੂੰ ਅਕਸਰ ਪੁੱਛਿਆ ਕਰਦੇ ਹਨ ਕਿ ਮੈਂ "ਕੰਗਾਲ-ਆਵਾਰਾ" ਲੋਕਾਂ ਬਾਰੇ ਕਿਉਂ ਲਿਖਿਆ।

ਇਸ ਲਈ ਕਿਉਂਕਿ ਮੈਂ ਤੁੱਛ ਖੂਹ-ਦੇ-ਡੱਡੂਆਂ ਵਿਚਕਾਰ ਰਹਿੰਦਾ ਸਾਂ ਅਤੇ ਅਜਿਹੇ ਲੋਕਾਂ ਨਾਲ ਘਿਰਿਆ ਹੋਇਆ ਸਾਂ ਜਿਹਨਾਂ ਨੂੰ ਦੂਜਿਆਂ ਦਾ ਖ਼ੂਨ ਚੂਸਣ ਅਤੇ ਉਸ ਖ਼ੂਨ ਨੂੰ ਪੈਸਿਆਂ ਵਿੱਚ ਤੇ ਫਿਰ ਉਹਨਾਂ ਪੈਸਿਆਂ ਨੂੰ ਰੁਪਈਆਂ ਵਿੱਚ ਬਦਲਣ ਦੀ ਇੱਛਾ ਸਤਾਇਆ ਕਰਦੀ ਸੀ। ਮੇਰੇ 19 ਸਾਲਾ ਪੱਤਰਵਿਹਾਰ-ਕਰਤਾ ਵਾਂਗ ਉਹਨਾਂ ਸਧਾਰਨ ਲੋਕਾਂ ਦੇ ਮੱਛਰ ਵਰਗੇ ਜੀਵਨ ਪ੍ਰਤੀ "ਮੇਰੇ ਵੀ ਰੋਮ-ਰੋਮ ਵਿੱਚ ਘ੍ਰਿਣਾ" ਪੈਦਾ ਹੋ ਗਈ। ਇਹਨਾਂ ਲੋਕਾਂ ਵਿੱਚ ਆਪਸ ਵਿੱਚ ਓਨੀ ਹੀ ਸਮਾਨਤਾ ਸੀ ਜਿੰਨੀ ਕਿ ਟਕਸਾਲ ਵਿੱਚ ਇੱਕੋ ਸਮੇਂ ਢਲ਼ੇ ਸਿੱਕਿਆਂ ਵਿੱਚ ਹੁੰਦੀ ਹੈ।

ਮੇਰੇ ਲਈ ਆਵਾਰਾ ਲੋਕ "ਅਸਾਧਾਰਨ" ਲੋਕ ਸਨ। ਉਹ ਆਮ ਲੋਕਾਂ ਤੋਂ ਇਸ ਲਈ ਅਲੱਗ ਸਨ ਕਿਉਂਕਿ ਉਹ ਆਪਣੀ ਜਮਾਤ ਤੋਂ ਕੱਢੇ ਜਾ ਚੁੱਕੇ ਸਨ, ਅਤੇ ਉਹ ਆਪਣੇ ਪਿਛੋਕੜ ਦੀਆਂ ਸਭ ਤੋਂ ਵਧੇਰੇ ਲਖਣਾਇਕ ਵਿਸ਼ੇਸ਼ਤਾਵਾਂ ਗੁਆ ਚੁੱਕੇ ਸਨ।

ਇਹਨਾਂ ਕੰਗਾਲ-ਆਵਾਰਾ ਲੋਕਾਂ ਵਿੱਚ ਨੀਜ਼ਨੀ ਨੋਵਗੋਰੋਦ ਦੀ ਅਖੌਤੀ ਮਿਲੀਓਨਕਾ ਸੜਕ 'ਤੇ ਰਹਿਣ ਵਾਲਿਆਂ ਵਿੱਚ ਕੱਲ੍ਹ ਦੇ ਸੁਖੀ-ਸੰਪੰਨ ਨਾਗਰਿਕ ਸਨ। ਇਹਨਾਂ ਵਿੱਚ ਮਿੱਠੇ ਸੁਪਨੇ ਦੇਖਣ ਵਾਲਾ ਮੇਰਾ ਮਮੇਰਾ ਭਾਈ ਅਲੈਕਸਾਂਦਰ ਕਾਸ਼ੀਰਿਨ, ਇੱਕ ਇਤਾਲਵੀ ਚਿੱਤਰਕਾਰ ਤੋਨਤੀਨੀ, ਜਿਮਨੇਜ਼ੀਅਮ ਦਾ ਇੱਕ ਸਾਬਕਾ ਅਧਿਆਪਕ ਗਲਾਦਕੋਵ, ਇੱਕ ਬੈਰਨ, ਪੁਲਿਸ ਦਾ ਇੱਕ ਸਾਬਕਾ ਸਬ-ਇੰਸਪੈਕਟਰ ਜੋ ਡਕੈਤੀ ਦੀ ਸਜ਼ਾ ਕੱਟ ਕੇ ਆਇਆ

ਸੀ ਅਤੇ ਇੱਕ ਨਾਮੀ ਚੋਰ, ਜਿਸਦਾ ਅਸਲੀ ਨਾਮ ਵਾਨਦੇਰ ਫ਼ਲਿਟ ਸੀ ਪਰ ਜਿਸਨੂੰ "ਨਿਕੋਲਕਾ ਜਨਰਲ ਸਾਹਿਬ" ਕਿਹਾ ਜਾਂਦਾ ਸੀ, ਸ਼ਾਮਿਲ ਸਨ।

ਤਰ੍ਹਾਂ-ਤਰ੍ਹਾਂ ਦੇ ਪਰ ਇੱਕੋ ਜਿਹੇ ਸੁਭਾਅ ਵਾਲੇ ਕੋਈ ਵੀਹ ਕੁ ਆਦਮੀ ਕਜ਼ਾਨ ਵਿੱਚ ਸਤੇਕਲਿਆਨਾ ਜ਼ਾਵੋਦ ਵਿਖੇ ਰਹਿੰਦੇ ਸਨ। ਇਹਨਾਂ ਵਿੱਚ ਰਾਦਲੋਵ ਜਾਂ ਰਾਦੂਨੋਵ ਨਾਮ ਦਾ ਇੱਕ "ਵਿਦਿਆਰਥੀ" ਸੀ, ਚੀਥੜੇ ਅਤੇ ਹੱਡੀਆਂ ਜਮਾਂ ਕਰਨ ਵਾਲਾ ਇੱਕ ਬੁੱਢਾ ਆਦਮੀ ਸੀ ਜਿਸਨੇ ਦਸ ਸਾਲ ਜੇਲ੍ਹ ਵਿੱਚ ਸਖ਼ਤ ਮਿਹਨਤ ਕਰਦਿਆਂ ਕੱਟੇ ਸਨ, ਕਦੇ ਗਵਰਨਰ ਆਂਦਰੀਏਵਸਕੀ ਦਾ ਅਰਦਲੀ ਰਹਿ ਚੁੱਕਿਆ ਵਾਸਕਾ ਗ੍ਰਾਚਿਕ, ਇੱਕ ਪਾਦਰੀ ਦਾ ਲੜਕਾ ਅਤੇ ਇੰਜਣ-ਡਰਾਈਵਰ ਰੋਦਜ਼ੀਏਵਿਚ ਅਤੇ ਦਵੀਦੋਵ ਨਾਮਕ ਇੱਕ ਵੈਟਰਨਰੀ ਸਰਜਨ ਸੀ। ਇਹਨਾਂ ਵਿੱਚੋਂ ਜਿਆਦਾਤਰ ਰੋਗੀ ਸਨ, ਹੱਦੋਂ ਵੱਧ ਸ਼ਰਾਬ ਪੀਂਦੇ ਸਨ ਅਤੇ ਲੜਦੇ ਝਗੜਦੇ ਰਹਿੰਦੇ ਸਨ। ਪਰ ਉਹਨਾਂ ਵਿੱਚ ਭਾਈਚਾਰਾ ਅਤੇ ਇੱਕ-ਦੂਜੇ ਦੀ ਮੱਦਦ ਕਰਨ ਦੀ ਭਾਵਨਾ ਸੀ। ਉਹ ਜਿੰਨਾ ਵੀ ਕਮਾਉਂਦੇ ਜਾਂ ਚੋਰੀ ਕਰਦੇ ਉਹ ਸਾਰਾ ਰਲ਼-ਮਿਲ਼ ਕੇ ਭੋਜਨ ਜਾਂ ਸ਼ਰਾਬ 'ਤੇ ਖਰਚ ਕਰ ਦਿੰਦੇ ਸਨ। ਮੈਂ ਦੇਖਦਾ ਸੀ ਕਿ ਭਾਂਵੇ ਉਹਨਾਂ ਦੀ ਜ਼ਿੰਦਗੀ "ਆਮ ਲੋਕਾਂ" ਨਾਲੋਂ ਕਿਤੇ ਸਖ਼ਤ ਸੀ, ਪਰ ਇਹ ਲੋਕ ਆਪਣੇ ਆਪ ਨੂੰ ਉਹਨਾਂ ਨਾਲੋਂ ਉੱਤਮ ਮੰਨਦੇ ਸਨ, ਕਿਉਂਕਿ ਉਹਨਾਂ ਵਿੱਚ ਲੋਭ-ਲਾਲਚ ਨਹੀਂ ਸੀ, ਉਹ ਇੱਕ ਦੂਜੇ ਨੂੰ ਪੈਰਾਂ ਥੱਲੇ ਲਿਤਾੜਦੇ ਨਹੀਂ ਸਨ ਅਤੇ ਪੈਸਾ ਜੋੜਨ ਦੇ ਚੱਕਰਾਂ ਵਿੱਚ ਨਹੀਂ ਪੈਂਦੇ ਸਨ। ਇਹਨਾਂ ਵਿੱਚੋਂ ਕੁਝ ਲੋਕ ਪੈਸਾ ਬਚਾ ਸਕਦੇ ਸਨ ਕਿਉਂਕਿ ਉਹਨਾਂ ਵਿੱਚ "ਸਰਫ਼ਾਖੋਰੀ" ਦੀ ਕੁਝ ਆਦਤ ਅਤੇ "ਸਧਾਰਨ" ਜ਼ਿੰਦਗੀ ਦਾ ਕੁਝ ਪਿਆਰ ਬਾਕੀ ਰਹਿ ਗਿਆ ਸੀ। ਉਹਨਾਂ ਕੋਲ ਕੁਝ ਬੱਚਤ ਹੋ ਸਕਦੀ ਸੀ ਕਿਉਂਕਿ ਵਾਸਕਾ ਗ੍ਰਾਚਿਕ ਜਿਹੜਾ ਇੱਕ ਚਲਾਕ ਅਤੇ ਸਫ਼ਲ ਚੋਰ ਸੀ, ਅਕਸਰ ਆਪਣਾ ਚੋਰੀ ਦਾ ਮਾਲ "ਖ਼ਜ਼ਾਨਚੀ" ਰੋਦਜ਼ਿਏਵਿਚ ਨੂੰ ਸੌਂਪ ਦਿਆ ਕਰਦਾ ਸੀ ਜੋ "ਭਾਈਚਾਰੇ" ਦਾ ਇੱਕ ਤਰਾਂ ਨਾਲ ਜਨਰਲ ਮੈਨੇਜਰ ਸੀ, ਜਿਸ 'ਤੇ ਸਾਰਿਆਂ ਨੂੰ ਭਰੋਸਾ ਸੀ ਅਤੇ ਜਿਹੜਾ ਹੈਰਾਨੀਜਨਕ ਰੂਪ ਵਿੱਚ ਨਰਮ ਸੁਭਾਅ ਅਤੇ ਕਮਜ਼ੋਰ ਇਰਾਦੇ ਵਾਲਾ ਆਦਮੀ ਸੀ।

ਮੈਂ ਕਈ ਦ੍ਰਿਸ਼ ਯਾਦ ਕਰ ਸਕਦਾ ਹਾਂ: ਇੱਕ ਵਾਰ ਇਸ ਭਾਈਚਾਰੇ ਦਾ ਇੱਕ ਵਿਅਕਤੀ ਸ਼ਿਕਾਰੀਆਂ ਦੇ ਬੂਟਾਂ ਦਾ ਇੱਕ ਜੋੜਾ ਚੋਰੀ ਕਰਕੇ ਲੈ ਆਇਆ। ਸਰਬਸੰਮਤੀ ਨਾਲ ਤੈਅ ਹੋਇਆ ਕਿ ਇਹਨਾਂ ਨੂੰ ਵੇਚ ਕੇ ਸ਼ਰਾਬ ਪੀਤੀ ਜਾਵੇ। ਪਰ ਰੋਦਜ਼ਿਏਵਿਚ ਨੇ ਜਿਹੜਾ ਕਿ ਥਾਣੇ 'ਚ ਹੋਈ ਪਿਟਾਈ ਕਾਰਨ ਬਿਮਾਰ ਪਿਆ ਸੀ, ਕਿਹਾ ਕਿ ਬੂਟਾਂ ਦਾ ਸਿਰਫ਼ ਉਪਰਲਾ ਹਿੱਸਾ ਵੇਚਿਆ ਜਾਵੇ ਅਤੇ ਬਾਕੀ ਹਿੱਸਾ "ਵਿਦਿਆਰਥੀ" ਨੂੰ ਦੇ ਦੇਣਾ ਚਾਹੀਦਾ ਹੈ ਜਿਸਦੇ ਬੂਟ ਫਟ ਗਏ ਸਨ। ਉਸਨੇ ਕਿਹਾ:

"ਪੈਰਾਂ ਨੂੰ ਠੰਢ ਲੱਗਣ ਨਾਲ ਉਹ ਮਰ ਜਾਵੇਗਾ ਤੇ ਆਦਮੀ ਉਹ ਭਲਾ ਹੈ।"

ਜਦੋਂ ਉੱਪਰਲੇ ਹਿੱਸੇ ਨੂੰ ਬੂਟਾਂ ਤੋਂ ਅਲੱਗ ਕੀਤਾ ਗਿਆ ਤਾਂ ਬੁੱਢੇ ਕੈਦੀ ਨੇ ਸੁਝਾਅ ਦਿੱਤਾ ਕਿ ਉਹਨਾਂ ਦੇ ਵੀ ਬੂਟ ਬਣਾ ਲੈਣੇ ਚਾਹੀਦੇ ਹਨ—ਇੱਕ ਆਪਣੇ ਲਈ ਅਤੇ ਇੱਕ ਜੋੜਾ ਰੋਦਜ਼ਿਏਵਿਚ ਲਈ। ਮਤਲਬ ਕਿ ਸ਼ਰਾਬ ਪੀਣ ਦੀ ਨੌਬਤ ਹੀ ਨਹੀਂ ਆਈ। ਗ੍ਰਾਚਿਕ

ਦਾ ਕਹਿਣਾ ਸੀ ਕਿ ਉਹ ਉਹਨਾਂ ਸਾਰੇ ਲੋਕਾਂ ਪ੍ਰਤੀ ਇਸ ਲਈ ਦੋਸਤੀ ਦੀ ਭਾਵਨਾ ਰੱਖਦਾ ਹੈ ਕਿਉਂਕਿ ਉਸ ਨੂੰ "ਪੜ੍ਹੇ-ਲਿਖੇ ਲੋਕ" ਪਸੰਦ ਹਨ।

"ਪੜ੍ਹੇ-ਲਿਖੇ ਆਦਮੀ ਨੂੰ ਮੈਂ ਕਿਸੇ ਸੋਹਣੀ ਔਰਤ ਨਾਲੋਂ ਜ਼ਿਆਦਾ ਪਸੰਦ ਕਰਦਾ ਹਾਂ," ਉਸਨੇ ਮੈਨੂੰ ਕਿਹਾ। ਉਹ ਅਜੀਬ ਆਦਮੀ ਸੀ, ਕਾਲ਼ੇ ਵਾਲ਼, ਸੋਹਣੇ ਨੈਣ-ਨਕਸ਼ ਅਤੇ ਮਿੱਠੀ ਜਿਹੀ ਮੁਸਕਾਨ। ਆਮ ਤੌਰ 'ਤੇ ਗੰਭੀਰ ਰਹਿੰਦਾ ਅਤੇ ਘੱਟ ਹੀ ਬੋਲਦਾ ਸੀ, ਪਰ ਕਦੇ-ਕਦੇ ਅਚਾਨਕ ਬੇਤਹਾਸ਼ਾ, ਲਗਭਗ ਪਾਗਲਾਂ ਵਰਗੇ ਹਾਸੇ-ਮਖ਼ੌਲ ਅਤੇ ਮਸਤੀ ਦੇ ਰੰਗ ਵਿੱਚ ਆ ਜਾਂਦਾ। ਉਹ ਗਾਉਂਦਾ, ਨੱਚਦਾ, ਘਮੰਡ ਨਾਲ਼ ਆਪਣੀਆਂ ਸਫ਼ਲਤਾਵਾਂ ਬਿਆਨ ਕਰਦਾ ਅਤੇ ਹਰ ਕਿਸੇ ਨੂੰ ਇੰਜ ਜੱਫੀਆਂ ਪਾਉਂਦਾ ਜਿਵੇਂ ਕਿਸੇ ਲਾਮ 'ਤੇ ਜਾ ਰਿਹਾ ਹੋਵੇ ਅਤੇ ਕਦੇ ਮੁੜ ਕੇ ਹੀ ਨਹੀਂ ਆਵੇਗਾ। ਕਿਸੇ ਅਹਾਤੇ ਦੇ ਤਹਿਖਾਨੇ ਵਿੱਚ ਰਹਿਣ ਵਾਲੇ ਅੱਠ ਭਿਖਾਰੀ ਉਸੇ ਦੇ ਸਿਰ 'ਤੇ ਗੁਜ਼ਾਰਾ ਕਰਦੇ ਸਨ। ਇਹਨਾਂ ਬੁੱਢੇ-ਬੁੱਢੀਆਂ ਵਿੱਚ ਇੱਕ ਸਾਲ ਦੇ ਬੱਚੇ ਦੀ ਮਾਂ ਇੱਕ ਪਾਗਲ ਔਰਤ ਵੀ ਸੀ। ਉਸਦੇ ਚੋਰ ਬਣਨ ਦੀ ਕਹਾਣੀ ਇਸ ਤਰ੍ਹਾਂ ਹੈ: ਜਦੋਂ ਉਹ ਗਵਰਨਰ ਦਾ ਅਰਦਲੀ ਸੀ ਤਾਂ ਇੱਕ ਦਿਨ ਆਪਣੀ ਪ੍ਰੇਮਿਕਾ ਨਾਲ ਰਾਤ ਗੁਜ਼ਾਰਨ ਤੋਂ ਬਾਅਦ ਜਦੋਂ ਉਹ ਸਵੇਰੇ ਨਸ਼ੇ ਦੀ ਹਾਲਤ ਵਿੱਚ ਘਰ ਜਾ ਰਿਹਾ ਸੀ ਤਾਂ ਰਾਹ ਵਿੱਚ ਉਸਨੇ ਦੁੱਧ ਵੇਚਣ ਵਾਲੀ ਇੱਕ ਔਰਤ ਤੋਂ ਜ਼ਬਰਦਸਤੀ ਦੁੱਧ ਦਾ ਜੱਗ ਖੋਹ ਕੇ ਪੀ ਲਿਆ। ਫੜੇ ਜਾਣ 'ਤੇ ਉਸਨੇ ਖਿੱਚ-ਧੂਹ ਕਰਨੀ ਸ਼ੁਰੂ ਕਰ ਦਿੱਤੀ। ਜੱਜ ਕੋਲੋਨਤਾਯੇਵ ਨੇ, ਜਿਹੜਾ ਕਿ ਉੱਦਾਰ ਹੋਣ ਦੇ ਬਾਵਜੂਦ ਵੀ ਆਪਣਾ ਫਰਜ਼ ਪੂਰੀ ਸਖ਼ਤੀ ਨਾਲ ਨਿਭਾਉਂਦਾ ਸੀ, ਉਸਨੂੰ ਜੇਲ ਭੇਜ ਦਿੱਤਾ। ਜੇਲ੍ਹ ਤੋਂ ਰਿਹਾਅ ਹੋਣ 'ਤੇ ਵਾਸਕਾ ਨੇ ਕੋਲੋਨਤਾਯੇਵ ਦੇ ਅਧਿਐਨ ਕਮਰੇ ਵਿੱਚ ਘੁਸ ਕੇ ਉਸਦੇ ਸਾਰੇ ਕਾਗ਼ਜ਼ ਫਾੜ ਸੁੱਟੇ, ਅਲਾਰਮ ਘੜੀ ਅਤੇ ਇੱਕ ਜੋੜਾ ਦੂਰਬੀਨਾਂ ਦਾ ਚੋਰੀ ਕਰ ਲਿਆ ਅਤੇ ਇਸ ਤਰ੍ਹਾਂ ਉਸ ਨੂੰ ਫਿਰ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ। ਮੇਰੀ ਉਸ ਨਾਲ ਜਾਣ-ਪਹਿਚਾਣ ਉਦੋਂ ਹੋਈ ਜਦੋਂ ਉਹ ਇੱਕ ਅਸਫਲ ਚੋਰੀ ਤੋਂ ਬਾਅਦ ਪਹਿਰੇਦਾਰਾਂ ਤੋਂ ਬਚਣ ਲਈ ਭੱਜ ਰਿਹਾ ਸੀ। ਮੈਂ ਉਸਦਾ ਪਿੱਛਾ ਕਰਨ ਵਾਲਿਆਂ ਵਿੱਚੋਂ ਇੱਕ ਨੂੰ ਅੜਿੰਗੀ ਮਾਰ ਕੇ ਉਸਦੀ ਦੀ ਭੱਜ ਨਿੱਕਲ ਜਾਣ ਵਿੱਚ ਮੱਦਦ ਕੀਤੀ ਅਤੇ ਖੁਦ ਉਸਦੇ ਨਾਲ ਹੋ ਲਿਆ।

ਇਹਨਾਂ ਸਮਾਜ ਚੋਂ ਕੱਢੇ ਲੋਕਾਂ ਵਿੱਚ ਅਜੀਬ-ਅਜੀਬ ਲੋਕ ਸਨ ਅਤੇ ਉਹਨਾਂ ਵਿੱਚ ਬਹੁਤ ਕੁਝ ਅਜਿਹਾ ਸੀ ਜਿਸ ਨੂੰ ਮੈਂ ਸਮਝ ਨਹੀਂ ਸਕਦਾ ਸੀ। ਜਿਹੜੀ ਗੱਲ ਮੈਨੂੰ ਉਹਨਾਂ ਦੇ ਪੱਖ ਵਿੱਚ ਖੜਾ ਕਰਦੀ ਸੀ ਉਹ ਇਹ ਸੀ ਕਿ ਉਹਨਾਂ ਨੂੰ ਜ਼ਿੰਦਗੀ ਤੋਂ ਕੋਈ ਸ਼ਿਕਾਇਤ ਨਹੀਂ ਸੀ। ਆਪਣੇ ਨਾਲ਼ੋਂ ਖੁਸ਼ਹਾਲ ਲੋਕਾਂ ਦੇ ਸੁਖੀ ਜੀਵਨ ਤੋਂ ਉਹਨਾਂ ਨੂੰ ਕੋਈ ਈਰਖਾ ਨਹੀਂ ਸੀ, ਉਹ ਉਹਨਾਂ ਦਾ ਮਜ਼ਾਕ ਉਡਾਉਂਦੇ, ਵਿਅੰਗ ਕਸਦੇ ਪਰ ਇਸ ਵਿੱਚ 'ਅੰਗੂਰ ਖੱਟੇ ਹਨ' ਵਾਲ਼ੀ ਕੋਈ ਗੱਲ ਨਹੀਂ ਸੀ ਹੁੰਦੀ। ਉਹਨਾਂ ਵਿੱਚ ਆਪਣੇ ਜੀਵਨ ਪ੍ਰਤੀ ਇੱਕ ਮਾਣ ਦੀ ਭਾਵਨਾ ਸੀ, ਜਿਵੇਂ ਕਿ ਉਹ ਇਹ ਸਮਝ ਰਹੇ ਹੋਣ ਕਿ ਭਾਵੇਂ ਉਹਨਾਂ ਦੀ ਜ਼ਿੰਦਗੀ ਘੋਰ ਗ਼ਰੀਬੀ ਨਾਲ ਭਰੀ ਹੋਈ ਸੀ ਪਰ ਫਿਰ ਵੀ ਉਹ ਉਹਨਾਂ ਨਾਲ਼ੋਂ ਚੰਗੇ ਸਨ ਜੋ ਚੰਗਾ ਜੀਵਨ ਜਿਉਂਦੇ ਸਨ।

ਕੁਵਾਲਦਾ ਨੂੰ, ਜਿਹੜਾ ਇੱਕ ਸਰਾਂ ਚਲਾਉਂਦਾ ਸੀ ਅਤੇ ਜਿਸਨੂੰ ਮੈਂ 'ਆਵਾਰਾ ਲੋਕ' ਵਿੱਚ ਚਿਤਰਿਆ ਸੀ, ਮੈਂ ਪਹਿਲੀ ਵਾਰ ਕੋਲੋਨਤਯੇਵ ਦੀ ਅਦਾਲਤ ਵਿੱਚ ਵੇਖਿਆ ਸੀ। ਮੈਂ ਇਹ ਦੇਖ ਕੇ ਹੈਰਾਨ ਰਹਿ ਗਿਆ ਕਿ ਇਹ ਫ਼ਟੇ-ਹਾਲ ਆਦਮੀ ਜੱਜ ਦੇ ਸਵਾਲਾਂ ਦਾ ਜਵਾਬ ਕਿੰਨੇ ਆਤਮ-ਸਨਮਾਨ ਨਾਲ਼ ਦੇ ਰਿਹਾ ਸੀ ਅਤੇ ਪੁਲਿਸ ਦੇ ਸਿਪਾਹੀ, ਸਰਕਾਰੀ ਵਕੀਲ ਅਤੇ ਮੁਦੱਈ ਦੁਆਰਾ ਪੇਸ਼ ਕੀਤੇ ਸਬੂਤਾਂ ਦਾ ਖੰਡਨ ਕਿੰਨੇ ਤਿਰਸਕਾਰ ਨਾਲ਼ ਕਰ ਰਿਹਾ ਸੀ। ਓਦੇਸਾ ਦੇ ਉਸ ਆਵਾਰਾਗਰਦ ਦੇ ਦਵੈਖ-ਮੁਕਤ ਵਿਅੰਗ ਤੋਂ ਵੀ ਮੈਨੂੰ ਅਜਿਹੀ ਹੀ ਹੈਰਾਨੀ ਹੋਈ ਸੀ, ਜਿਸਨੇ ਮੈਨੂੰ ਉਹ ਘਟਨਾ ਸੁਣਾਈ ਸੀ ਜਿਸਦਾ ਜ਼ਿਕਰ ਮੈਂ 'ਚੇਲਕਾਸ਼' ਵਿੱਚ ਕੀਤਾ ਸੀ। ਸਾਡੀ ਮੁਲਾਕਾਤ ਨਿਕੋਲਾਯੇਵ ਨਗਰ ਦੇ ਇੱਕ ਹਸਪਤਾਲ ਵਿੱਚ ਹੋਈ ਸੀ। ਚਮਕੀਲੇ ਸੋਹਣੇ ਦੰਦਾਂ ਦੀ ਝਲਕ ਦੇਣ ਵਾਲ਼ੀ ਉਸਦੀ ਮੁਸਕੁਰਾਹਟ ਮੈਨੂੰ ਅਜੇ ਵੀ ਯਾਦ ਹੈ। ਉਸੇ ਮੁਸਕਰਾਹਟ ਨਾਲ਼ ਉਸਨੇ ਆਪਣੀ ਕਹਾਣੀ ਸਮਾਪਤ ਕੀਤੀ ਕਿ ਕਿਵੇਂ ਇੱਕ ਨੌਜਵਾਨ ਨੇ ਜਿਸਨੂੰ ਉਸਨੇ ਕਿਸੇ ਕੰਮ ਲਈ ਰੱਖਿਆ ਸੀ, ਉਸਨੂੰ ਧੋਖਾ ਦਿੱਤਾ ਸੀ। "ਤਾਂ ਮੈਂ ਉਸਨੂੰ ਪੈਸਿਆਂ ਦੇ ਨਾਲ਼ ਹੀ ਚਲੇ ਜਾਣ ਦਿੱਤਾ; ਜਾਹ, ਉੱਲੂ ਜਾਹ, ਮੌਜ ਮਨਾ!"

ਉਹ ਮੈਨੂੰ ਡਿਊਮਾ ਦੇ "ਨੇਕਦਿਲ" ਸੂਰਮਿਆਂ ਦੀ ਯਾਦ ਦਿਲਾਉਂਦਾ ਸੀ। ਹਸਪਤਾਲ਼ ਵਿੱਚੋਂ ਨਿਕਲਣ ਤੋਂ ਬਾਅਦ ਜਦੋਂ ਅਸੀਂ ਸ਼ਹਿਰ ਤੋਂ ਬਾਹਰ ਇੱਕ ਕਿਲੇ ਕੋਲ਼ ਬੈਠੇ ਸਾਂ ਤਾਂ ਮੈਨੂੰ ਤਰਬੂਜ਼ ਦੀ ਇੱਕ ਫਾੜੀ ਦਿੰਦੇ ਹੋਏ ਉਸਨੇ ਪੁੱਛਿਆ:

"ਮੇਰੇ ਨਾਲ਼ ਰਲ਼ ਕੇ ਕੋਈ ਨਫ਼ੇ ਦਾ ਕੰਮ ਕਰਨਾ ਚਾਹੇਂਗਾ ? ਮੈਨੂੰ ਲੱਗਦੈ ਤੂੰ ਉਸ ਕੰਮ ਲਈ ਠੀਕ ਰਹੇਂਗਾ।"

ਉਸਦਾ ਸੁਝਾਅ ਮੈਨੂੰ ਜਚ ਗਿਆ, ਪਰ ਉਦੋਂ ਤੱਕ ਮੈਂ ਇਹ ਗੱਲ ਸਮਝ ਚੁੱਕਿਆ ਸਾਂ ਕਿ ਤਸਕਰੀ ਅਤੇ ਚੋਰੀ ਤੋਂ ਇਲਾਵਾ ਦੁਨੀਆ ਵਿੱਚ ਕਰਨ ਲਈ ਕੁਝ ਹੋਰ ਚੰਗੇ ਕੰਮ ਵੀ ਹਨ।

ਜੋ ਕੁਝ ਵੀ ਮੈਂ ਕਿਹਾ ਹੈ ਇਹ ਮੇਰੇ ਆਵਾਰਾ ਲੋਕਾਂ ਪ੍ਰਤੀ ਝੁਕਾਅ ਦੀ ਵਿਆਖਿਆ ਹੈ—ਮੈਂ ਤੁੱਛ ਖੂਹ-ਦੇ-ਡੱਡੂਆਂ ਨੂੰ ਨਹੀਂ ਬਲਕਿ "ਅਸਾਧਾਰਨ" ਲੋਕਾਂ ਨੂੰ ਚਿਤਰਨਾ ਚਾਹੁੰਦਾ ਸਾਂ। ਮੇਰੇ 'ਤੇ ਵਿਦੇਸ਼ੀ ਸਾਹਿਤ ਦਾ, ਖਾਸ ਕਰਕੇ ਫਰਾਂਸੀਸੀ ਸਾਹਿਤ ਦਾ ਅਸਰ ਵੀ ਸੀ, ਜਿਹੜਾ ਮੈਨੂੰ ਰੂਸੀ ਸਾਹਿਤ ਨਾਲ਼ੋਂ ਵਧੇਰੇ ਸਜੀਵ ਅਤੇ ਸ਼ਾਨਦਾਰ ਲੱਗਦਾ ਸੀ। ਪਰ ਮੁੱਖ ਕਾਰਨ ਮੇਰੀ ਇਹ ਇੱਛਾ ਸੀ ਕਿ ਆਪਣੀ ਕਲਪਨਾ ਸ਼ਕਤੀ ਨਾਲ਼ "ਦਮਨਕਾਰੀ ਨੀਰਸ ਜੀਵਨ" ਨੂੰ ਜਿਸਦਾ ਜ਼ਿਕਰ ਮੇਰੀ 15 ਸਾਲਾ ਪੱਤਰਵਿਹਾਰ-ਕਰਤਾ ਨੇ ਕੀਤਾ ਹੈ, ਨਿਖ਼ਾਰਾਂ।

ਜਿਵੇਂ ਕਿ ਮੈਂ ਪਹਿਲਾਂ ਹੀ ਦੱਸ ਚੁੱਕਿਆ ਹਾਂ ਕਿ ਇਸ ਇੱਛਾ ਨੂੰ "ਰੋਮਾਂਸਵਾਦ" ਕਿਹਾ ਜਾਂਦਾ ਹੈ। ਕੁਝ ਆਲੋਚਕਾਂ ਦੀ ਰਾਏ ਮੁਤਾਬਿਕ ਮੇਰਾ ਰੋਮਾਂਸਵਾਦ ਮੇਰੀ ਫਿਲਾਸਫੀ ਵਿੱਚ ਵਿਚਾਰਵਾਦ ਦਾ ਪ੍ਰਤੀਬਿੰਬ ਹੈ। ਮੈਂ ਇਸ ਮੁਲਾਂਕਣ ਨੂੰ ਗਲ਼ਤ ਮੰਨਦਾ ਹਾਂ।

ਦਾਰਸ਼ਨਿਕ ਵਿਚਾਰਵਾਦ ਇਹ ਸਿਖਾਉਂਦਾ ਹੈ ਕਿ ਮਨੁੱਖ, ਪਸ਼ੂ ਅਤੇ ਮਨੁੱਖ ਦੁਆਰਾ ਬਣਾਈਆਂ ਸਾਰੀਆਂ ਚੀਜ਼ਾਂ "ਵਿਚਾਰਾਂ" ਦੇ ਅਧੀਨ ਹਨ। ਮਨੁੱਖ ਦੁਆਰਾ ਬਣਾਈਆਂ ਸਾਰੀਆਂ ਵਸਤੂਆਂ ਲਈ ਇਹ ਅਤਿਅੰਤ ਉੱਤਮ ਨਮੂਨਿਆਂ ਦਾ ਕੰਮ ਦਿੰਦੇ ਹਨ ਜਿਸਦੀਆਂ (ਮਨੁੱਖ ਦੀਆਂ– ਅਨੁ.) ਸਰਗਰਮੀਆਂ ਪੂਰੀ ਤਰ੍ਹਾਂ ਇਹਨਾਂ ਨਮੂਨਿਆਂ 'ਤੇ ਨਿਰਭਰ ਕਰਦੀਆਂ

ਹਨ ਅਤੇ ਉਸਦਾ ਕੰਮ ਇਹਨਾਂ "ਵਿਚਾਰਾਂ" ਦੀ ਨਕਲ ਕਰਨਾ ਹੈ, ਜਿਹਨਾਂ ਦੀ ਹੋਂਦ ਦਾ ਅਨੁਮਾਨ ਉਸਨੂੰ ਕਿਸੇ ਅਸਪੱਸ਼ਟ ਢੰਗ ਨਾਲ ਹੋ ਜਾਂਦਾ ਹੈ। ਇਸ ਨਜ਼ਰੀਏ ਅਨੁਸਾਰ, ਸਾਡੇ ਤੋਂ ਉੱਪਰ ਕਿਤੇ ਬੇੜੀਆਂ ਦਾ, ਅੰਦਰੂਨੀ ਦਹਿਨ ਇੰਜਣ ਦਾ ਵਿਚਾਰ, ਕੋਹੜ ਦੇ ਕੀਟਾਣੂਆਂ ਦਾ ਅਤੇ ਆਧੁਨਿਕ ਮੈਗ਼ਜ਼ੀਨ ਰਾਈਫਲ ਦਾ ਵਿਚਾਰ, ਡੱਡੀਆਂ, ਖੂਹ-ਦੇ-ਡੱਡੂ, ਚੂਹੇ ਅਤੇ ਆਮ ਤੌਰ 'ਤੇ ਉਹਨਾਂ ਸਾਰੀਆਂ ਚੀਜ਼ਾਂ ਦਾ, ਜਿਹੜੀਆਂ ਇਸ ਧਰਤੀ 'ਤੇ ਮੌਜੂਦ ਹਨ ਅਤੇ ਜਿੰਨ੍ਹਾਂ ਦਾ ਨਿਰਮਾਣ ਮਨੁੱਖ ਨੇ ਕੀਤਾ ਹੈ, ਵਿਚਾਰ ਮੌਜੂਦ ਹੈ। ਸਪਸ਼ਟ ਹੈ ਕਿ ਇਸ ਦੇ ਸਿੱਟੇ ਵਜੋਂ ਲਾਜ਼ਮੀ ਤੌਰ 'ਤੇ ਇਹ ਮੰਨਣਾ ਪਏਗਾ ਕਿ ਇਹਨਾਂ ਸਾਰੇ ਵਿਚਾਰਾਂ ਦਾ ਇੱਕ ਨਿਰਮਾਤਾ ਵੀ ਹੈ, ਉਹ ਨਿਰਮਾਤਾ ਜਿਸਨੇ ਕਿਸੇ ਵਜ੍ਹਾ ਕਰਕੇ ਗਿਰਝ ਅਤੇ ਜੂੰ, ਹਾਥੀ ਅਤੇ ਡੱਡੂ ਦੀ ਸਿਰਜਣਾ ਕੀਤੀ।

ਮੇਰੇ ਲਈ ਮਨੁੱਖ ਤੋਂ ਪਰ੍ਹੇ ਵਿਚਾਰਾਂ ਦੀ ਕੋਈ ਹੋਂਦ ਨਹੀਂ ਹੈ। ਮੇਰੇ ਲਈ ਮਨੁੱਖ ਅਤੇ ਕੇਵਲ ਮਨੁੱਖ ਹੀ ਸਾਰੀਆਂ ਵਸਤਾਂ ਅਤੇ ਵਿਚਾਰਾਂ ਦਾ ਨਿਰਮਾਤਾ ਹੈ। ਉਹੀ ਹੈ ਜੋ ਸਾਰੇ ਚਮਤਕਾਰ ਕਰਦਾ ਹੈ ਅਤੇ ਉਹੀ ਕੁਦਰਤ ਦੀਆਂ ਸਾਰੀਆਂ ਸ਼ਕਤੀਆਂ ਦਾ ਹੋਣ ਵਾਲਾ ਸਵਾਮੀ ਹੈ। ਸਾਡੇ ਇਸ ਸੰਸਾਰ ਵਿੱਚ ਜੋ ਕੁਝ ਸਭ ਤੋਂ ਵਧੇਰੇ ਖ਼ੂਬਸੂਰਤ ਹੈ ਉਸਦਾ ਨਿਰਮਾਣ ਮਨੁੱਖੀ ਕਿਰਤ, ਅਤੇ ਉਸਦੇ ਕੁਸ਼ਲ ਹੱਥਾਂ ਨੇ ਕੀਤਾ ਹੈ। ਸਾਡੀ ਪੂਰੀ ਸੋਚ ਅਤੇ ਵਿਚਾਰ ਕਿਰਤ ਦੀ ਪ੍ਰਕਿਰਿਆ ਵਿੱਚੋਂ ਨਿਕਲ਼ਦੇ ਹਨ ਅਤੇ ਇਹ ਇੱਕ ਅਜਿਹੀ ਗੱਲ ਹੈ ਜਿਸ ਦੀ ਪੁਸ਼ਟੀ ਕਲਾ, ਵਿਗਿਆਨ ਅਤੇ ਤਕਨਾਲੋਜੀ ਦਾ ਇਤਿਹਾਸ ਵੀ ਕਰਦਾ ਹੈ। ਵਿਚਾਰ ਤੱਥ ਦੇ ਪਿੱਛੇ ਚੱਲਦਾ ਹੈ। ਮੈਂ ਮਨੁੱਖ ਨੂੰ ਸਲਾਮ ਕਰਦਾ ਹਾਂ ਕਿਉਂਕਿ ਇਸ ਸੰਸਾਰ ਵਿੱਚ ਮੈਨੂੰ ਕੋਈ ਅਜਿਹੀ ਚੀਜ਼ ਦਿਖਾਈ ਨਹੀਂ ਦਿੰਦੀ ਜਿਹੜੀ ਉਸਦੀ ਬੁੱਧੀ, ਉਸਦੀ ਕਲਪਨਾ-ਸ਼ਕਤੀ, ਉਸਦੇ ਅਨੁਮਾਨ ਦਾ ਸਾਕਾਰ ਰੂਪ ਨਾ ਹੋਵੇ। ਰੱਬ ਉਸੇ ਤਰ੍ਹਾਂ ਮਨੁੱਖੀ ਮਨ ਦੀ ਕਾਢ ਹੈ ਜਿਵੇਂ ਫ਼ੋਟੋਗ੍ਰਾਫੀ ਹੈ। ਫਰਕ ਸਿਰਫ਼ ਇੰਨਾ ਕੁ ਹੈ ਕਿ ਕੈਮਰਾ ਕੇਵਲ ਉਸੇ ਚੀਜ਼ ਨੂੰ ਰਿਕਾਰਡ ਕਰਦਾ ਹੈ ਜੋ ਅਸਲ ਵਿੱਚ ਹੈ, ਜਦਕਿ ਰੱਬ ਮਨੁੱਖ ਦੀ ਸਰਵਗਿਆਨੀ, ਸਰਵਸ਼ਕਤੀਮਾਨ ਅਤੇ ਪਰਮ-ਨਿਆਂਸ਼ੀਲ ਮਨੁੱਖ ਬਾਰੇ ਕਲਪਨਾ ਦਾ ਚਿੱਤਰ ਹੈ, ਜਿਹੋ ਜਿਹਾ ਬਣਨ ਦੀ ਉਹ ਇੱਛਾ ਰੱਖਦਾ ਹੈ ਅਤੇ ਬਣਨ ਦੇ ਲਾਇਕ ਵੀ ਹੈ।

ਜੇਕਰ "ਪਵਿੱਤਰ" ਚੀਜ਼ ਦੀ ਚਰਚਾ ਕਰਨਾ ਲਾਜ਼ਮੀ ਹੀ ਹੈ, ਤਾਂ ਮੈਂ ਕਹਾਂਗਾ ਕਿ ਇਹ ਮਨੁੱਖ ਦੀ ਆਪਣੇ ਆਪ ਤੋਂ ਅਸੰਤੁਸ਼ਟੀ ਹੈ, ਉਸਦੀ ਬਿਹਤਰ ਬਣਨ ਦੀ ਤਾਂਘ ਹੈ। ਜ਼ਿੰਦਗੀ ਦੀ ਸਾਰੀ ਗੰਦਗੀ ਪ੍ਰਤੀ, ਜਿਸਨੂੰ ਉਸਨੇ ਖੁਦ ਜਨਮ ਦਿੱਤਾ ਹੈ, ਉਸਦੀ ਘ੍ਰਿਣਾ ਨੂੰ ਵੀ ਮੈਂ ਪਵਿੱਤਰ ਮੰਨਦਾ ਹਾਂ। ਈਰਖਾ, ਲਾਲਚ, ਜੁਰਮ, ਰੋਗ, ਜੰਗ ਅਤੇ ਦੁਨੀਆਂ ਦੇ ਲੋਕਾਂ ਵਿਚਲੀ ਦੁਸ਼ਮਣੀ ਦਾ ਅੰਤ ਕਰਨ ਦੀ ਉਸਦੀ ਇੱਛਾ ਅਤੇ ਉਸਦੀ ਕਿਰਤ ਨੂੰ ਪਵਿੱਤਰ ਮੰਨਦਾ ਹਾਂ।

1928

ਸਾਹਿਤ ਬਾਰੇ ਲੇਖ

ਵਿਅਕਤੀਤਵ ਦਾ ਵਿਘਟਨ

1

ਲੋਕ ਮਹਿਜ਼ ਹਰ ਤਰ੍ਹਾਂ ਦੀਆਂ ਪਦਾਰਥਕ ਕੀਮਤਾਂ ਸਿਰਜਣ ਵਾਲੀ ਤਾਕਤ ਹੀ ਨਹੀਂ ਹੁੰਦੇ, ਉਹ ਰੂਹਾਨੀ ਕੀਮਤਾਂ ਦੇ ਵੀ ਇੱਕੋ-ਇੱਕ ਅਤੇ ਕਦੇ ਨਾ ਮੁੱਕਣ ਵਾਲ਼ੇ ਸਰੋਤ ਹਨ। ਸਮਾਂ, ਖ਼ੂਬਸੂਰਤੀ ਅਤੇ ਪ੍ਰਤਿਭਾ ਵਿੱਚ ਉਹ ਸਮੂਹਿਕ ਤੌਰ 'ਤੇ ਪਹਿਲੇ ਅਤੇ ਮੋਢੀ ਦਾਰਸ਼ਨਿਕ ਤੇ ਕਵੀ ਹਨ, ਸਾਰੀਆਂ ਮਹਾਨ ਕਵਿਤਾਵਾਂ ਅਤੇ ਦੁਨੀਆਂ ਦੇ ਸਾਰੇ ਦੁਖਾਂਤਾਂ ਦੇ ਸਿਰਜਕ ਉਹੀ ਹਨ। ਅਤੇ ਇਹਨਾਂ ਦੁਖਾਂਤਾਂ ਵਿੱਚੋਂ ਸਭ ਤੋਂ ਵੱਡਾ ਦੁਖਾਂਤ ਹੈ, ਸੰਸਾਰ ਸੱਭਿਆਚਾਰ ਦਾ ਇਤਿਹਾਸ।

ਆਪਣੀ ਮੁੱਢਲੀ ਅਵਸਥਾ ਵਿੱਚ, ਸਵੈ-ਰੱਖਿਆ ਦੀ ਪ੍ਰਵਿਰਤੀ ਦੀ ਅਗਵਾਈ ਹੇਠਾਂ ਅਤੇ ਕੁਦਰਤ ਖਿਲਾਫ—ਜਿਸਤੋਂ ਉਹ ਡਰਦੇ ਸਨ, ਭੈਅ ਖਾਂਦੇ ਸਨ ਅਤੇ ਜਿਸਦੀ ਉਹ ਵਡਿਆਈ ਕਰਦੇ ਸਨ—ਆਪਣੇ ਸੰਘਰਸ਼ ਵਿੱਚ ਖਾਲੀ ਹੱਥ ਲੜਦਿਆਂ, ਲੋਕਾਂ ਨੇ ਧਰਮ ਦੀ ਰਚਨਾ ਕੀਤੀ। ਧਰਮ ਉਹਨਾਂ ਦੀ ਕਵਿਤਾ ਸੀ, ਜਿਸ ਵਿੱਚ ਕੁਦਰਤ ਦੀਆਂ ਤਾਕਤਾਂ ਬਾਰੇ ਉਹਨਾਂ ਦਾ ਸਾਰਾ ਗਿਆਨ ਅਤੇ ਆਪਣੇ ਆਲੇ-ਦੁਆਲੇ ਦੇ ਵਿਰੋਧੀ ਤੱਤਾਂ ਨਾਲ਼ ਟਾਕਰੇ ਵਿੱਚ ਹਾਸਿਲ ਹੋਏ ਤਜ਼ਰਬੇ ਦਾ ਪੂਰਾ ਨਿਚੋੜ ਇਕੱਠਾ ਕੀਤਾ ਹੋਇਆ ਸੀ। ਕੁਦਰਤ ਉੱਤੇ ਹਾਸਿਲ ਕੀਤੀਆਂ ਪਹਿਲੀਆਂ ਜਿੱਤਾਂ ਨੇ ਲੋਕਾਂ ਅੰਦਰ ਸਥਿਰਤਾ ਦੀ ਭਾਵਨਾ, ਸਵੈ-ਮਾਣ, ਹੋਰ ਜਿੱਤਾਂ ਹਾਸਿਲ ਕਰਨ ਦੀ ਇੱਛਾ, ਅਤੇ ਬੀਰਤਾਪੂਰਨ ਲੋਕ-ਗਥਾਵਾਂ ਰਚਣ ਦੀ ਉਤੇਜਨਾ ਭਰ ਦਿੱਤੀ। ਇਹ ਮਹਾਂ-ਕਾਵਿ ਉਹਨਾਂ ਦੇ ਸਵੈ-ਗਿਆਨ ਅਤੇ ਆਪਣੇ ਆਪ ਅੱਗੇ ਰੱਖੀਆਂ ਮੰਗਾਂ ਦਾ ਖਜ਼ਾਨਾ ਬਣੇ। ਫਿਰ ਮਿੱਥ ਅਤੇ ਲੋਕ-ਗਥਾਵਾਂ ਰਲ਼ਗੱਡ ਹੋ ਗਈਆਂ, ਕਿਉਂਕਿ ਲੋਕਾਂ ਨੇ ਆਪਣੇ ਮਹਾਂ-ਕਾਵਿ ਦੇ ਨਾਇਕਾਂ ਨੂੰ ਆਪਣੀ ਸਮੂਹਿਕ ਮਾਨਸਿਕਤਾ ਦੀਆਂ ਸਾਰੀਆਂ ਸ਼ਕਤੀਆਂ ਬਖਸ਼ ਦਿੱਤੀਆਂ ਅਤੇ ਉਹਨਾਂ ਨੂੰ ਦੇਵਤਿਆਂ ਨੂੰ ਲੜਾਈ ਲਈ ਵੰਗਾਰਦਿਆਂ ਦਿਖਾਇਆ ਜਾਂ ਫਿਰ ਉਹਨਾਂ ਨੂੰ ਦੇਵਤਿਆਂ ਵਿੱਚ ਹੀ ਗਿਣਨਾ ਸ਼ੁਰੂ ਕਰ ਦਿੱਤਾ।

ਇਹ ਵੀ ਕਿਸੇ ਖਾਸ ਵਿਅਕਤੀ ਦੀ ਨਿੱਜੀ ਸੋਚ ਨਹੀਂ ਸਗੋਂ ਲੋਕਾਂ ਦੀ ਸਮੂਹਿਕ ਰਚਨਾਤਮਕਤਾ ਹੀ ਸੀ, ਜਿਹੜੀ ਮਿੱਥ ਅਤੇ ਲੋਕ-ਗਥਾਵਾਂ ਵਿੱਚ ਰੂਪਵਾਨ ਹੁੰਦੀ ਹੈ, ਜਿਵੇਂ

ਕਿ ਬੋਲੀ ਵਿੱਚ, ਜਿਹੜੀ ਯੁੱਗਾਂ ਦੀ ਪ੍ਰਮੁੱਖ ਚਾਲਕ ਸ਼ਕਤੀ ਹੈ। ਜਿਵੇਂ ਫ਼. ਬੁਸਲਾਯੇਵ* ਨੇ ਲਿਖਿਆ ਹੈ: "ਬੋਲੀ ਸਮੂਹਿਕ ਸਰਗਰਮੀ ਦਾ ਉਹ ਲਾਜ਼ਮੀ ਅੰਗ ਸੀ, ਜਿਸ ਵਿੱਚ ਵਿਅਕਤੀ ਨੇ ਆਪਣਾ ਸਰਗਰਮ ਹਿੱਸਾ ਪਾਉਣ ਦੇ ਬਾਵਜੂਦ ਵੀ ਜਨ-ਸਮੂਹ ਤੋਂ ਕੋਈ ਭਿੰਨਤਾ ਹਾਸਿਲ ਨਹੀਂ ਸੀ ਕੀਤੀ।"

ਭਾਸ਼ਾ-ਵਿਗਿਆਨ ਅਤੇ ਸੱਭਿਆਚਾਰ ਦਾ ਇਤਿਹਾਸ ਦੋਨੋ ਨਿਰਵਿਵਾਦ ਰੂਪ ਵਿੱਚ ਇਹ ਗੱਲ ਮੰਨਦੇ ਹਨ, ਕਿ ਭਾਸ਼ਾ ਦੀ ਬਣਤਰ ਅਤੇ ਵਿਕਾਸ ਇੱਕ ਸਮੂਹਿਕ ਪ੍ਰਕਿਰਿਆ ਹੈ। ਸਮੂਹ ਦੀ ਵਿਸ਼ਾਲ ਤਾਕਤ ਜਰੀਏ ਹੀ ਮਿੱਥ ਅਤੇ ਲੋਕ-ਗਥਾਵਾਂ ਦੀ ਅਥਾਹ ਅਤੇ ਲਾਸਾਨੀ ਸੁੰਦਰਤਾ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ। ਸੁੰਦਰਤਾ ਜਿਹੜੀ ਵਿਚਾਰ ਅਤੇ ਰੂਪ ਦੇ ਪੂਰਨ ਤੌਰ 'ਤੇ ਇਕਸੁਰ ਮੇਲ਼ ਵਿੱਚੋਂ ਨਿਕਲ਼ਦੀ ਹੈ। ਅੱਗੋਂ ਇਹ ਇੱਕਸੁਰ ਮੇਲ਼ ਸਮੂਹਿਕ ਮਾਨਸਿਕਤਾ ਦੀ ਸਮੁੱਚਤਾ ਦੁਆਰਾ ਹੀ ਹੋਂਦ ਵਿੱਚ ਆਉਂਦਾ ਹੈ, ਇਸ ਸਮੂਹਿਕ ਮਾਨਸਿਕਤਾ ਦੀ ਚਿੰਤਨ ਪ੍ਰਕਿਰਿਆ ਦੇ ਸਿੱਟੇ ਵਜੋਂ ਬਾਹਰੀ ਰੂਪ ਕਿਸੇ ਮਹਾਂ-ਕਾਵਿ ਦੇ ਸੰਕਲਪ ਦਾ ਇਸ ਢੰਗ ਨਾਲ਼ ਅੰਗ ਅਤੇ ਜਿੰਦ-ਜਾਨ ਬਣ ਗਿਆ, ਕਿ ਬੋਲਿਆ ਹੋਇਆ ਸ਼ਬਦ ਇੱਕ ਚਿੰਨ ਦਾ ਰੂਪ ਧਾਰ ਗਿਆ। ਦੂਜੇ ਸ਼ਬਦਾਂ ਵਿੱਚ, ਬੋਲਚਾਲ ਦੇ ਅਮਲ ਨੇ ਲੋਕਾਂ ਦੀ ਕਲਪਨਾ ਵਿੱਚ ਜਿਉਂਦੇ ਜਾਗਦੇ ਬਿੰਬਾਂ ਅਤੇ ਧਾਰਨਾਵਾਂ ਦੀ ਇੱਕ ਲੜੀ ਜਗਾ ਦਿੱਤੀ, ਜਿਸ ਵਿੱਚ ਉਹ ਆਪਣੇ ਵਿਚਾਰਾਂ ਨੂੰ ਸਾਕਾਰ ਰੂਪ ਦਿੰਦੇ ਸਨ। ਜਦੋਂ ਹਵਾ ਦੀ ਉਪਮਾ ਪੰਛੀ ਦੇ ਖੰਭਾਂ ਨਾਲ਼ ਦਿੱਤੀ ਗਈ ਤਾਂ ਇਹ ਪ੍ਰਭਾਵਾਂ ਦੀ ਮੁਢਲੀ ਸਾਂਝ (Primitive association of impressions) ਦਾ ਹੀ ਇੱਕ ਪ੍ਰਮਾਣ ਸੀ। ਹਵਾ ਦੀ ਅਦਿੱਖ ਹਰਕਤ ਨੂੰ ਪੰਛੀ ਦੀ ਪ੍ਰਤੱਖ ਦਿਸਦੀ ਉਡਾਣ ਦੇ ਵੇਗ ਵਿੱਚ ਸਾਕਾਰ ਕੀਤਾ ਗਿਆ। ਇਸਤੋਂ ਅਗਲਾ ਕਦਮ ਇਹ ਕਹਿਣਾ ਸੀ ਕਿ "ਤੀਰ ਪੰਛੀਆਂ ਵਾਂਗੂੰ ਉੱਡਦੇ ਹਨ"। ਸਲਾਵ ਹਵਾ ਨੂੰ 'ਸਤ੍ਰੀ' ਅਤੇ ਹਵਾ ਦੇ ਦੇਵਤੇ ਨੂੰ 'ਸਤ੍ਰੀਬੋਗ' ('ਬੋਗ' ਰੂਸੀ ਸ਼ਬਦ ਹੈ, ਜਿਸਦਾ ਅਰਥ ਹੈ ਦੇਵਤਾ—ਅਨੁ.) ਕਹਿੰਦੇ ਸਨ। ਇਸੇ ਸ਼ਬਦ ਤੋਂ ਸਾਨੂੰ ਰੂਸੀ ਦੇ ਕਈ ਸ਼ਬਦ ਹਾਸਿਲ ਹੋਏ ਹਨ: ਸਤ੍ਰੇਲਾ (ਤੀਰ), ਸਤ੍ਰੀਜ਼ਨ (ਦਰਿਆ ਦਾ ਵਹਿਣ) ਅਤੇ ਕਈ ਹੋਰ ਸ਼ਬਦ ਜਿਹੜੇ ਗਤੀ ਦੇ ਸੂਚਕ ਹਨ, ਜਿਵੇਂ, ਵਸਤ੍ਰੇਚਾ (ਮੁਲਾਕਾਤ), ਸਤ੍ਰੰਗ (ਪੁਰਾਣੇ ਰੂਪ ਦੀ ਇੱਕ ਕਿਸ਼ਤੀ), ਸਰੀਨਟ (ਵਹਿ ਜਾਣਾ), ਰਿਸਕਤ (ਸ਼ਿਕਾਰ ਦੀ ਭਾਲ਼ ਵਿੱਚ ਜਾਣਾ) ਅਤੇ ਇਹੋ ਜਿਹੇ ਹੀ ਕਈ ਹੋਰ। ਜਦੋਂ ਸਮੁੱਚੀ ਲੋਕਾਈ ਨੇ ਇੱਕ ਮਨੁੱਖ ਵਾਂਗ ਸੋਚਿਆ ਤਾਂ ਕਿਤੇ ਜਾ ਕੇ ਪ੍ਰੋਮੇਥੀਅਸ, ਸ਼ੈਤਾਨ, ਹਰਕਿਉਲਸ, ਸਵੇਆਤੋਗੋਰ, ਇਲਿਆ, ਮਿਕੂਲਾ** ਜਿਹੇ ਪਰਿਪੂਰਣ ਸੰਕਲਪ ਤੇ ਸ਼ਾਨਦਾਰ ਚਿੰਨ ਅਤੇ ਜੀਵਨ ਬਾਰੇ ਲੋਕਾਂ ਦੇ ਤਜ਼ਰਬਿਆਂ ਦੀਆਂ ਸੈਂਕੜੇ ਹੋਰ ਵਿਰਾਟ ਸਧਾਰਣੀਕਰਨਾਂ ਦੀ ਰਚਨਾ

---

* ਬੁਸਲਾਯੇਵ, ਫਿਓਦੋਰ ਇਵਾਨੋਵਿਚ (1818-1897)—ਪ੍ਰਸਿੱਧ ਰੂਸੀ ਭਾਸ਼ਾ-ਵਿਗਿਆਨੀ, 'ਰੂਸੀ ਭਾਸ਼ਾ ਦਾ ਇਤਿਹਾਸਕ ਵਿਆਕਰਣ' ਨਾਮਕ ਕਿਤਾਬ ਦੇ ਲੇਖਕ, ਰੂਸੀ ਸਾਹਿਤ ਤੇ ਲੋਕ-ਕਲਾ ਦੇ ਇਤਿਹਾਸ ਬਾਰੇ ਅਨੇਕਾਂ ਲੇਖ ਲਿਖੇ।

** ਸਵਿਆਤੋਗੋਰ, ਇਲਿਆ ਮੁਰੋਮੇਤਸ ਤੇ ਮਿਕੂਲਾ ਸੇਲਿਆਨੀਨੋਵਿਚ — ਰੂਸੀ ਲੋਕ ਮਹਾਂ-ਕਾਵਿ ਦੇ ਨਾਇਕ।

ਕਰਨੀ ਸੰਭਵ ਹੋਈ। ਸਮੂਹਿਕ ਰਚਨਾਤਮਕਤਾ ਦੀ ਤਾਕਤ ਦਾ ਪਤਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਐਨੀਆਂ ਸਦੀਆਂ ਵਿੱਚ ਵੀ ਵਿਅਕਤੀਗਤ ਰਚਨਾਤਮਕਤਾ 'ਇਲੀਅਡ' ਜਾਂ 'ਕਾਲੇਵਾਲਾ' ਦੇ ਪੱਧਰ ਦੀ ਇੱਕ ਵੀ ਰਚਨਾ ਨਹੀਂ ਰਚ ਸਕੀ, ਅਤੇ ਇਸ ਤੱਥ ਤੋਂ ਵੀ ਕਿ ਵਿਅਕਤੀਗਤ ਪ੍ਰਤਿਭਾ ਨੇ ਅਜੇ ਤੱਕ ਇੱਕ ਵੀ ਅਜਿਹਾ ਚਿੰਨਾਤਮਕ ਪਾਤਰ ਪੇਸ਼ ਨਹੀਂ ਕੀਤਾ ਜਿਸਦੀਆਂ ਜੜ੍ਹਾਂ ਲੋਕ ਰਚਨਾਤਮਕਤਾ ਚੋਂ ਨਾ ਨਿਕਲ਼ਦੀਆਂ ਹੋਣ, ਜਾਂ ਸੰਸਾਰ ਪੱਧਰ ਦੀ ਕੋਈ ਅਜਿਹੀ ਟਾਈਪ ਨਹੀਂ ਰਚੀ ਜਿਹੜੀ ਪਹਿਲਾਂ ਲੋਕ-ਕਿੱਸਿਆਂ ਵਿੱਚ ਜਾਂ ਦੰਦ-ਕਥਾਵਾਂ ਵਿੱਚ ਨਾ ਪਾਈ ਜਾਂਦੀ ਹੋਵੇ।

ਅਜੇ ਤੱਕ ਸਾਡੇ ਕੋਲ਼ ਕੋਈ ਤਸੱਲੀਬਖਸ਼ ਸਬੂਤ ਨਹੀਂ ਹਨ, ਜਿਹਨਾਂ ਤੋਂ ਸਮੂਹ ਦੇ ਰਚਨਾਤਮਕ ਜਤਨਾਂ—ਕਿ ਕਿਵੇਂ ਕਿਸੇ ਨਾਇਕ ਦੀ ਰਚਨਾ ਹੋਈ— ਬਾਰੇ ਕੋਈ ਸਹੀ ਤੇ ਸਟੀਕ ਸਿੱਟਾ ਕੱਢਿਆ ਜਾ ਸਕੇ। ਪਰ ਮੇਰਾ ਖਿਆਲ ਹੈ ਕਿ ਇਸ ਵਿਸ਼ੇ ਬਾਰੇ ਆਪਣਾ ਗਿਆਨ ਸਾਂਝਾ ਕਰਕੇ ਅਤੇ ਇਸ ਵਿੱਚ ਆਪਣੇ ਅਨੁਮਾਨ ਅਤੇ ਕਲਪਨਾਵਾਂ ਜੋੜ ਕੇ ਅਸੀਂ ਇਸ ਪ੍ਰਕਿਰਿਆ ਦਾ ਇੱਕ ਮੋਟਾ ਜਿਹਾ ਖਾਕਾ ਖਿੱਚਣ ਦੇ ਯੋਗ ਤਾਂ ਹੋ ਹੀ ਜਾਵਾਂਗੇ।

ਇੱਕ ਟੱਬਰ (Clan) ਦੀ ਉਦਾਹਰਣ ਲੈਂਦੇ ਹਾਂ, ਜਿਹੜਾ ਆਪਣੀ ਹੋਂਦ ਬਣਾਈ ਰੱਖਣ ਲਈ ਲਗਾਤਾਰ ਸੰਘਰਸ਼ ਕਰ ਰਿਹਾ ਹੈ। ਲੋਕਾਂ ਦਾ ਇੱਕ ਛੋਟਾ ਜਿਹਾ ਸਮੂਹ ਆਪਸ ਵਿੱਚ ਰਲ਼-ਮਿਲ਼ ਕੇ ਰਹਿੰਦਾ ਹੈ। ਇਹ ਚਾਰੇ ਪਾਸਿਓਂ ਅਬੋਧ ਅਤੇ ਅਕਸਰ ਦੁਸ਼ਮਣਾਨਾ ਤੌਰ ਵਾਲ਼ੇ ਕੁਦਰਤੀ ਵਰਤਾਰਿਆਂ ਵਿੱਚ ਘਿਰਿਆ ਹੋਇਆ ਹੈ। ਇਸਦੇ ਹਰ ਮੈਂਬਰ ਦੀ ਨਿੱਜੀ ਜ਼ਿੰਦਗੀ ਸਾਂਝੀ ਪੜਤਾਲ ਲਈ ਖੁੱਲੀ ਸੀ, ਅਤੇ ਉਸਦੀਆਂ ਸਾਰੀਆਂ ਸੰਵੇਦਨਾਵਾਂ, ਵਿਚਾਰ ਅਤੇ ਉਸਦੇ ਸ਼ੱਕ-ਸ਼ੰਕੇ ਸਾਂਝੀ ਜਾਇਦਾਦ ਸਨ। ਗਰੁੱਪ ਦਾ ਹਰ ਮੈਂਬਰ ਆਪਣੇ ਮਨ ਵਿੱਚ ਉੱਠਦੇ ਵਿਚਾਰਾਂ ਦੇ ਭਾਰ ਤੋਂ ਮੁਕਤ ਹੋਣ ਦੀ ਇੱਕ ਸਹਿਜ ਤਾਂਘ ਮਹਿਸੂਸ ਕਰਦਾ ਸੀ, ਇਹ ਤਾਂਘ ਉਸ ਵਿੱਚ ਲਾਚਾਰੀ ਦੀ ਭਾਵਨਾ ਤੋਂ ਪ੍ਰੇਰਿਤ ਹੁੰਦੀ ਸੀ ਜਿਹੜੀ ਉਸ ਵਿੱਚ ਆਪਣੇ ਆਲ਼ੇ-ਦੁਆਲ਼ੇ ਦੇ ਜੰਗਲ਼ ਦੀਆਂ ਤਾਕਤਾਂ ਅਤੇ ਇਸ ਵਿੱਚ ਘੁੰਮਦੇ ਫਿਰਦੇ ਜੰਗਲ਼ੀ ਜਾਨਵਰਾਂ ਦੇ ਡਰ ਤੋਂ ਅਤੇ, ਸਮੁੰਦਰ ਤੇ ਅਸਮਾਨ, ਰਾਤ ਅਤੇ ਸੂਰਜ ਦੇ ਭੈਅ ਤੋਂ ਉਪਜਦੀ ਸੀ। ਉਹ ਆਪਣੇ ਸੁਪਨਿਆਂ ਤੋਂ ਅਤੇ ਦਿਨ-ਰਾਤ ਦੇ ਪਰਛਾਵਿਆਂ ਦੇ ਅਜੀਬ ਜੀਵਨ ਤੋਂ ਵੀ ਉਤੇਜਿਤ ਸੀ। ਇਸ ਢੰਗ ਨਾਲ਼ ਵਿਅਕਤੀਗਤ ਤਜ਼ਰਬਾ ਪੂਰੀ ਤਰ੍ਹਾਂ ਸਮੂਹ ਦੇ ਤਜ਼ਰਬਿਆਂ ਨਾਲ਼ ਰਲ਼ਗੱਡ ਹੋ ਗਿਆ, ਅਤੇ ਸਮੂਹ ਦੁਆਰਾ ਇਕੱਠਾ ਕੀਤਾ ਤਜ਼ਰਬਿਆਂ ਦਾ ਸਮੁੱਚਾ ਭੰਡਾਰ ਇਸਦੇ ਹਰ ਇੱਕ ਮੈਂਬਰ ਦੀ ਜਾਇਦਾਦ ਬਣ ਗਿਆ।

ਵਿਅਕਤੀ ਅਸਲ ਵਿੱਚ ਸਮੂਹ ਦੀਆਂ ਸਰੀਰਕ ਤਾਕਤਾਂ ਦੇ ਇੱਕ ਖਾਸ 'ਅੰਸ਼' ਦਾ, ਅਤੇ ਨਾਲ਼ ਹੀ ਸਮੂਹ ਦੀ ਬੌਧਿਕ ਊਰਜਾ ਦੀ 'ਸਮੁੱਚਤਾ' ਦਾ ਹੀ ਸਾਕਾਰ ਰੂਪ ਸੀ। ਵਿਅਕਤੀ ਨੂੰ ਕੋਈ ਜੰਗਲ਼ੀ ਜਾਨਵਰ ਆਪਣਾ ਸ਼ਿਕਾਰ ਬਣਾ ਸਕਦਾ ਸੀ, ਬਿਜਲੀ ਡਿੱਗਣ ਕਾਰਨ ਮਾਰਿਆ ਜਾ ਸਕਦਾ ਸੀ, ਕਿਸੇ ਦਰੱਖਤ ਜਾਂ ਪੱਥਰ ਹੇਠਾਂ ਆ ਕੇ ਕੁਚਲਿਆ ਜਾ ਸਕਦਾ ਸੀ, ਜਾਂ ਕਿਸੇ ਦਰਿਆ ਜਾਂ ਦਲਦਲ ਵਿੱਚ ਡੁੱਬ ਸਕਦਾ ਸੀ। ਇਸ ਸਭ ਕਾਸੇ ਨੂੰ ਸਮੂਹ ਉਹਨਾਂ ਭਿਆਨਕ ਸ਼ਕਤੀਆਂ ਦਾ ਪ੍ਰਗਟਾਵਾ ਸਮਝਦਾ ਸੀ ਜਿਹੜੀਆਂ ਉਸਨੂੰ ਹਰ ਕਦਮ 'ਤੇ

ਰੋਕਦੀਆਂ ਸਨ, ਆਪਣੇ ਸਰੀਰਕ ਤਾਕਤ ਦੇ ਇੱਕ ਅੰਸ਼ ਦੇ ਨੁਕਸਾਨ ਕਾਰਨ ਸਮੂਹ ਵਿੱਚ ਅਫਸੋਸ ਦੀ ਭਾਵਨਾ ਜਾਗ ਜਾਂਦੀ, ਅਤੇ ਅਜਿਹੇ ਹੋਰ ਨੁਕਸਾਨਾਂ ਦਾ ਡਰ ਪੈਦਾ ਹੋ ਜਾਂਦਾ। ਖੁਦ ਨੂੰ ਅਜਿਹੇ ਪ੍ਰਕੋਪਾਂ ਤੋਂ ਬਚਾਉਣ ਦੀ, ਸਮੂਹ ਦੀ ਪੂਰੀ ਤਾਕਤ ਨਾਲ਼ ਮੌਤ ਦੇ ਸ਼ੈਤਾਨ ਦਾ ਟਾਕਰਾ ਕਰਨ ਦੀ, ਅਤੇ ਇਹਨਾਂ ਸਾਰਿਆਂ ਖਤਰਿਆਂ ਦਾ ਡਟ ਕੇ ਮੁਕਾਬਲਾ ਕਰਨ ਦੀ ਕੁਦਰਤੀ ਇੱਛਾ ਅਤੇ ਗੁੱਸੇ ਦੀ ਭਾਵਨਾ ਪੂਰੇ ਸਮੂਹ ’ਤੇ ਹਾਵੀ ਹੋ ਜਾਂਦੀ। ਆਪਣੀ ਸਰੀਰਕ ਤਾਕਤ ਦੇ ਇੱਕ ਭਾਗ ਦਾ ਨੁਕਸਾਨ ਹੋ ਜਾਣ ’ਤੇ ਸਮੂਹ ਵਿੱਚ ਇੱਕ ਅਜਿਹੀ ਭਾਵਨਾ ਪੈਦਾ ਹੋ ਜਾਂਦੀ ਜਿਹੜੀ ਅੱਗੋਂ ਇੱਕ ਆਮ, ਅਚੇਤ ਪਰ ਬੜੀ ਲਾਜ਼ਮੀ ਅਤੇ ਤੀਬਰ ਇੱਛਾ ਨੂੰ ਜਨਮ ਦਿੰਦੀ—ਨੁਕਸਾਨ ਦੀ ਪੂਰਤੀ ਕਰਨਾ, ਜਾਣ ਵਾਲ਼ੇ ਨੂੰ ਮੁੜ-ਜੀਵਤ ਕਰਨਾ ਅਤੇ ਉਸਨੂੰ ਆਪਣੇ ਸਮੂਹ ਵਿੱਚ ਉਵੇਂ ਹੀ ਬਰਕਰਾਰ ਰੱਖਣਾ। ਮਰਨ ਵਾਲ਼ੇ ਦੇ ਮਾਣ ਵਿੱਚ ਕੀਤੇ ਦਫਨ ਵੇਲ਼ੇ ਦੇ ਭੋਜ ਵਿੱਚ ਟੱਬਰ ਨੇ ਪਹਿਲੀ ਵਾਰ ਵਿਅਕਤੀ ਨੂੰ ਬੁੱਧੀ ਦਾ ਸੰਕਲਪ ਬਣਾ ਕੇ ਪੇਸ਼ ਕੀਤਾ ਹੋਵੇਗਾ, ਖੁਦ ਨੂੰ ਵਾਰਸ ਦਿੰਦਿਆਂ ਅਤੇ ਇੱਕ ਕਿਸਮ ਦੀ ਵੰਗਾਰ ਕਬੂਲਦਿਆਂ ਟੱਬਰ ਨੇ ਆਪਣੀ ਸਾਰੀ ਮੁਹਾਰਤ, ਤਾਕਤ, ਬੁੱਧੀ ਅਤੇ ਉਹ ਸਾਰੇ ਗੁਣ ਜਿਹੜੇ ਵਿਅਕਤੀ ਅਤੇ ਸਮੂਹ ਦੋਹਾਂ ਨੂੰ ਤਕੜਾ ਅਤੇ ਮਜ਼ਬੂਤ ਬਣਾਉਂਦੇ ਸਨ, ਉਸ ਵਿਅਕਤੀ ਨਾਲ਼ ਜੋੜ ਦਿੱਤੇ। ਇਸ ਸਮੇਂ ਟੱਬਰ ਦਾ ਹਰ ਮੈਂਬਰ ਉਸ ਵਿਅਕਤੀ ਦੁਆਰਾ ਕੀਤੇ ਕਿਸੇ ਕਾਰਨਾਮੇ ਨੂੰ, ਜਾਂ ਉਸ ਦੁਆਰਾ ਦਿੱਤੇ ਕਿਸੇ ਚੰਗੇ ਵਿਚਾਰ ਜਾਂ ਕਿਆਸ ਨੂੰ ਯਾਦ ਕਰਦਾ ਹੋਵੇਗਾ। ਉਹ ਸਮੂਹ ਤੋਂ ਬਾਹਰਲੀ ਕਿਸੇ ਤਰ੍ਹਾਂ ਦੀ ਵੀ “ਮੈਂ” ਦੀ ਭਾਵਨਾ ਨੂੰ ਮਹਿਸੂਸ ਨਹੀਂ ਕਰਦਾ ਸੀ, ਅਤੇ ਇਸ ਲਈ ਇਸ “ਮੈਂ” ਵਿਚਲੀ ਸਾਰੀ ਸਮੱਗਰੀ ਅਤੇ ਇਸਦੀ ਸਾਰੀ ਊਰਜਾ ਉਸ ਮਰ ਚੁੱਕੇ ਵਿਅਕਤੀ ਦੇ ਵੱਕਾਰ ਨਾਲ਼ ਜੋੜ ਦਿੰਦਾ। ਇਸ ਢੰਗ ਨਾਲ਼ ਟੱਬਰ ਤੋਂ ਉੱਚੇ ਇੱਕ ਨਾਇਕ ਦੀ ਧਾਰਣਾ ਹੋਂਦ ਵਿੱਚ ਆਉਂਦੀ ਹੈ, ਜਿਹੜਾ ਟੱਬਰ ਦੀ ਸਮੁੱਚੀ ਊਰਜਾ ਦੀ ਚਾਲਕ ਸ਼ਕਤੀ ਅਤੇ ਸਾਕਾਰ ਰੂਪ ਹੁੰਦਾ ਸੀ, ਅਤੇ ਇਹ ਸ਼ਕਤੀ ਹੁਣ ਅਮਲਾਂ ਵਿੱਚ ਅਤੇ ਟੱਬਰ ਦੀ ਰੂਹਾਨੀ ਤਾਕਤ ਦੇ ਪਰਤੌਂ ਵਿੱਚ ਅਨੁਵਾਦ ਹੋ ਗਈ ਸੀ। ਅਜਿਹੇ ਮੌਕਿਆਂ ’ਤੇ ਸ਼ਾਇਦ ਇੱਕ ਖਾਸ ਪ੍ਰਕਾਰ ਦੀ ਮਾਨਸਿਕ ਅਵਸਥਾ ਪੈਦਾ ਹੋ ਜਾਂਦੀ ਸੀ, ਅਤੇ ਇੱਕ ਅਜਿਹੀ ਰਚਨਾਤਮਕ ਇੱਛਾ ਜਾਗਦੀ ਸੀ ਜਿਹੜੀ ਮੌਤ ਨੂੰ ਜੀਵਨ ਵਿੱਚ ਬਦਲ ਦਿੰਦੀ ਸੀ। ਵਿੱਛੜੇ ਬੰਦੇ ਨੂੰ ਯਾਦ ਕਰਨ ਦੀ ਇੱਕੋ ਜਿਹੀ ਤਾਕਤ ਦੀ ਅਗਵਾਈ ਹੇਠ, ਸਾਰੇ ਮੈਂਬਰਾਂ ਦੀਆਂ ਇੱਛਾਵਾਂ ਉਸ ਵਿਅਕਤੀ ’ਤੇ ਹੀ ਕੇਂਦ੍ਰਿਤ ਹੋ ਜਾਂਦੀਆਂ ਸਨ, ਇਸ ਤਰ੍ਹਾਂ ਸਮੂਹ ਆਪਣੇ ਦੁਆਰਾ ਰਚੇ ਇਸ ਨਾਇਕ ਨੂੰ ਸ਼ਾਇਦ ਆਪਣੇ ਦਰਮਿਆਨ ਹਾਜ਼ਰ-ਨਾਜ਼ਰ ਸਮਝਣ ਲੱਗ ਪੈਂਦਾ। ਮੇਰਾ ਖਿਆਲ ਹੈ ਕਿ ਵਿਕਾਸ ਦੇ ਇਸ ਪੜਾਅ ’ਤੇ ਆ ਕੇ ਹੀ “ਉਸ” ਦਾ ਸੰਕਲਪ ਹੋਂਦ ਵਿੱਚ ਆਇਆ, ਪਰ ਅਜੇ ਤੱਕ “ਮੈਂ” ਦਾ ਸੰਕਲਪ ਨਹੀਂ ਬਣਿਆ ਸੀ, ਕਿਉਂਕਿ ਸਮੂਹ ਨੂੰ ਇਸਦੀ ਅਜੇ ਕੋਈ ਜ਼ਰੂਰਤ ਨਹੀਂ ਸੀ।

ਟੱਬਰਾਂ (Clans) ਨੇ ਮਿਲ਼ ਕੇ ਕਬੀਲਿਆਂ (Tribes) ਦਾ ਰੂਪ ਧਾਰ ਲਿਆ, ਅਤੇ ਇਹਨਾਂ ਦੇ ਨਾਇਕ ਕਬੀਲੇ ਦੇ ਇੱਕ ਹੀ ਨਾਇਕ ਵਿੱਚ ਘੁਲ਼-ਮਿਲ਼ ਗਏ। ਇਹ ਬਿਲਕੁਲ ਸੰਭਵ ਹੈ ਕਿ ਹਰਕਿਉਲਿਸ ਦੇ ਬਾਰਾਂ ਕਾਰਨਾਮੇ ਬਾਰਾਂ ਟੱਬਰਾਂ ਦੇ ਮੇਲ਼ ਨਾਲ਼ ਹੀ ਬਣੇ ਹੋਣ।

ਜਦੋਂ ਨਾਇਕ ਦੀ ਸਿਰਜਣਾ ਹੋ ਗਈ ਅਤੇ ਉਸਦੀ ਤਾਕਤ ਅਤੇ ਸੁੰਦਰਤਾ, ਮਾਣ ਅਤੇ ਆਦਰ ਦੇ ਪਾਤਰ ਬਣ ਗਏ, ਤਾਂ ਲੋਕਾਂ ਨੇ ਉਸਨੂੰ ਦੇਵਤੇ ਦਾ ਰੂਪ ਦੇਣ ਦੀ ਜ਼ਰੂਰਤ ਮਹਿਸੂਸ ਕੀਤੀ, ਤਾਂ ਕਿ ਆਪਣੀ ਜੱਥੇਬੰਦਕ ਊਰਜਾ ਕੁਦਰਤ ਦੀਆਂ ਤਾਕਤਾਂ ਦੇ ਵਿਰੋਧ ਵਿੱਚ ਖੜੀ ਕੀਤੀ ਜਾ ਸਕੇ। ਕੁਦਰਤ ਦੀਆਂ ਇਹ ਤਾਕਤਾਂ ਆਪਸ ਵਿੱਚ ਇੱਕ ਦੂਜੇ ਪ੍ਰਤੀ ਅਤੇ ਮਨੁੱਖਤਾ ਪ੍ਰਤੀ ਵੀ ਦੁਸ਼ਮਣਾਨਾ ਰਵੱਈਆ ਰੱਖਦੀਆਂ ਸਨ। ਮਨੁੱਖਾਂ ਅਤੇ ਦੇਵਤਿਆਂ ਦੇ ਇਸ ਭੇੜ ਨੇ ਹੀ ਮਨੁੱਖਤਾ ਦੇ ਪ੍ਰਤਿਭਾਵਾਨ ਪਾਤਰ ਪ੍ਰੋਮੇਥੀਅਸ ਦੀ ਵਿਰਾਟ ਸਖਸ਼ੀਅਤ ਨੂੰ ਜਨਮ ਦਿੱਤਾ, ਇੱਥੇ ਆ ਕੇ ਲੋਕਾਂ ਦੀ ਰਚਨਾਤਮਕਤਾ ਵਿਸ਼ਵਾਸ ਦੇ ਚਿੰਨ੍ਹਾਂ ਦੀ ਸਿਖ਼ਰ ਨੂੰ ਛੂੰਹਦੀ ਹੈ, ਕਿਉਂਕਿ ਇਸ ਚਿੰਨ ਵਿੱਚ ਲੋਕਾਂ ਨੇ ਆਪਣੀਆਂ ਅਕਾਂਖਿਆਵਾਂ ਦੀ ਉੱਚਤਾ, ਅਤੇ ਦੇਵਤਿਆਂ ਨਾਲ਼ ਸ਼ਰੀਕੇਬਾਜ਼ੀ ਦੀ ਭਾਵਨਾ ਦਾ ਪ੍ਰਗਟਾਵਾ ਕੀਤਾ ਹੈ।

ਜਿਵੇਂ ਜਿਵੇਂ ਲੋਕਾਂ ਦੀ ਗਿਣਤੀ ਵਧਦੀ ਗਈ ਕਬੀਲਿਆਂ ਦਰਮਿਆਨ ਆਪਸੀ ਸੰਘਰਸ਼ ਸ਼ੁਰੂ ਹੋ ਗਿਆ, ਅਤੇ "ਅਸੀਂ" ਦੇ ਸੰਕਲਪ ਵਾਲ਼ੇ ਸਮੂਹ ਦੇ ਨੇੜੇ ਕਿਤੇ ਹੁਣ "ਉਹ" ਦੇ ਸੰਕਲਪ ਵਾਲ਼ਾ ਇੱਕ ਸਮੂਹ ਆ ਗਿਆ ਸੀ। "ਮੈਂ" ਦਾ ਸੰਕਲਪ ਇਹਨਾਂ ਦੇ ਆਪਸੀ ਸੰਘਰਸ਼ ਵਿੱਚੋਂ ਹੀ ਉਪਜਿਆ। "ਮੈਂ" ਦੇ ਸੰਕਲਪ ਅਤੇ ਮਹਾਂ-ਕਾਵਿ ਦੇ ਨਾਇਕ ਦੇ ਹੋਂਦ ਵਿੱਚ ਆਉਣ ਦੀ ਪ੍ਰਕਿਰਿਆ ਵਿੱਚ ਕਾਫੀ ਸਾਂਝ ਅਤੇ ਇੱਕਰੂਪਤਾ ਹੈ। ਸਮੂਹ ਲਈ ਵਿਅਕਤੀਤਵ ਦੀ ਰਚਨਾ ਕਰਨੀ ਹੁਣ ਲਾਜ਼ਮੀ ਹੋ ਗਈ, ਕਿਉਂਕਿ ਕੁਦਰਤ ਅਤੇ "ਉਹਨਾਂ" ਖਿਲਾਫ ਸੰਘਰਸ਼ ਵਿੱਚ ਵੱਖ-ਵੱਖ ਕੰਮਾਂ ਵਿੱਚ ਹੱਥ ਵੰਡਾਉਣ ਦੀ, ਕਿਸੇ ਇੱਕ ਖੇਤਰ ਵਿੱਚ ਮੁਹਾਰਤ ਹਾਸਿਲ ਕਰਨ ਦੀ, ਅਤੇ ਸਮੂਹਿਕ ਤਜ਼ਰਬੇ ਨੂੰ ਮੈਂਬਰਾਂ ਵਿੱਚਕਾਰ ਵੰਡਣ ਦੀ ਲੋੜ ਪੈਦਾ ਹੋ ਗਈ ਸੀ। ਇਸ ਪੜਾਅ ਤੋਂ ਸਮੂਹ ਦੀ ਆਂਤਰਿਕ ਊਰਜਾ ਵਿੱਚ ਪਾੜਾ ਪੈਣਾ ਸ਼ੁਰੂ ਹੋ ਗਿਆ। ਜੋ ਵੀ ਹੈ, ਪਰ ਜਦੋਂ ਉਹ ਆਪਣੇ ਵਿਚਕਾਰੋਂ ਕਿਸੇ ਨੂੰ ਆਪਣਾ ਸਰਦਾਰ ਜਾਂ ਪਾਦਰੀ ਚੁਣਦੇ ਤਾਂ ਸਮੂਹ ਉਸਨੂੰ ਆਪਣਾ ਸਾਰਾ ਤਜ਼ਰਬਾ ਬਖਸ਼ ਦਿੰਦਾ, ਬਿਲਕੁਲ ਉਵੇਂ ਹੀ ਜਿਵੇਂ ਉਹਨਾਂ ਨੇ ਆਪਣੇ ਨਾਇਕ ਦੇ ਚਰਿੱਤਰ ਵਿੱਚ ਆਪਣੀ ਸਮੁੱਚੀ ਮਾਨਸਿਕਤਾ ਭਰ ਦਿੱਤੀ ਸੀ। ਪਾਦਰੀ ਜਾਂ ਸਰਦਾਰ ਨੂੰ ਉਸਦੇ ਫਰਜ਼ਾਂ ਦੀ ਜਿਹੜੀ ਮੱਤ ਦਿੱਤੀ ਜਾਂਦੀ ਸੀ, ਜ਼ਰੂਰ ਹੀ ਅਜਿਹੇ ਸੁਝਾਅ ਜਾਂ ਸੰਮੋਹਿਕ ਅਸਰ ਦੁਆਰਾ ਦਿੱਤੀ ਜਾਂਦੀ ਸੀ ਜਿਹੜੀ ਅਗਵਾਈ ਕਰਨ ਵਾਲ਼ੇ ਵਿਅਕਤੀ ਨੂੰ ਅਕਸਰ ਦਿੱਤੀ ਜਾਂਦੀ ਹੈ। ਪਰ ਜਦੋਂ ਸਮੂਹ ਨੇ ਇੱਕ ਵਿਅਕਤੀਤਵ ਪੈਦਾ ਕਰ ਲਿਆ, ਤਾਂ ਸਮੂਹ ਨੇ ਆਪਣੀਆਂ ਸ਼ਕਤੀਆਂ ਦੀ ਏਕਤਾ ਦੀ ਆਂਤਰਿਕ ਚੇਤਨਾ ਦੀ ਉਲੰਘਣਾ ਨਹੀਂ ਕੀਤੀ, ਉਸ ਚੇਤਨਾ ਦਾ ਖਾਤਮਾ ਵਿਅਕਤੀ ਦੀ ਮਾਨਸਿਕਤਾ ਵਿੱਚ ਹੀ ਹੋਇਆ। ਜਦੋਂ ਉਹ ਵਿਅਕਤੀ, ਜਿਸਨੂੰ ਸਮੂਹ ਨੇ ਆਪਣੇ ਵਿੱਚੋਂ ਹੀ ਚੁਣਿਆ ਸੀ, ਸਮੂਹ ਦੇ ਅੱਗੇ, ਬਰਾਬਰ ਜਾਂ—ਬਾਅਦ ਵਿੱਚ— ਇਸਦੇ **ਉੱਪਰ** ਆ ਖੜਾ ਹੋਇਆ, ਤਾਂ ਉਹ ਵਿਅਕਤੀ ਪਹਿਲਾਂ ਤਾਂ ਉਹੀ ਕੰਮ ਕਰਦਾ ਰਿਹਾ ਜਿਹੜੇ ਸਮੂਹ ਨੇ ਉਸਨੂੰ ਆਪਣਾ ਅੰਗ ਸਮਝ ਕੇ ਉਸਦੇ ਜ਼ਿੰਮੇ ਲਾਏ ਸਨ, ਬਾਅਦ ਵਿੱਚ ਜਦੋਂ ਉਸਨੇ ਕੋਈ ਵਿਸ਼ੇਸ਼ ਮੁਹਾਰਤ ਵਿਕਸਤ ਕਰ ਲਈ ਅਤੇ ਸਮੂਹਿਕ ਤਜ਼ਰਬੇ ਦੁਆਰਾ ਮੁਹੱਈਆ ਕਰਵਾਈ ਸਮੱਗਰੀ ਨੂੰ ਰਲ਼ਾਉਣ ਵਿੱਚ ਪਹਿਲ ਦਿਖਾਉਣ ਲੱਗ ਪਿਆ, ਤਾਂ ਉਹ ਆਪਣੇ ਆਪ ਨੂੰ ਇੱਕ ਨਵੀਂ ਰਚਨਾਤਮਕ

ਸ਼ਕਤੀ ਵਜੋਂ ਮਹਿਸੂਸ ਕਰਨ ਲੱਗ ਪਿਆ, ਇੱਕ ਅਜਿਹੀ ਸ਼ਕਤੀ ਵਜੋਂ ਜਿਹੜੀ ਸਮੂਹ ਦੀਆਂ ਰੂਹਾਨੀ ਸ਼ਕਤੀਆਂ ਤੋਂ ਆਜ਼ਾਦ ਸੀ।

ਇਹ ਪਲ ਵਿਅਕਤੀਤਵ ਦੇ ਖਿੜਨ ਦੀ ਸ਼ੁਰੂਆਤ ਸੀ, ਇਸਦੀ ਨਵੀਂ ਸਵੈ-ਚੇਤਨਾ ਵਿਅਕਤੀਵਾਦ ਦੇ ਨਾਟਕ ਦਾ ਆਰੰਭ ਸੀ।

ਆਪਣੀ ਸ਼ਕਤੀ ਦੀ ਤੀਬਰ ਭਾਵਨਾ ਅਤੇ ਅਹਿਮੀਅਤ ਦਾ ਅਹਿਸਾਸ ਲੈ ਕੇ ਜਦੋਂ ਉਹ ਵਿਅਕਤੀ ਸਮੂਹ ਵਿੱਚੋਂ ਉੱਭਰਿਆ, ਜਿਸਨੂੰ ਸਮੂਹ ਨੇ ਹੀ ਸਿਰ 'ਤੇ ਬਿਠਾਇਆ ਸੀ, ਪਹਿਲਾਂ ਤਾਂ ਆਪਣੇ ਆਲ਼ੇ-ਦੁਆਲੇ ਕਿਸੇ ਤਰ੍ਹਾਂ ਦਾ ਖਲਾਅ ਮਹਿਸੂਸ ਨਾ ਕਰ ਸਕਿਆ, ਕਿਉਂਕਿ ਉਸ ਵਿੱਚ ਵਹਿ ਰਹੀ ਸਮੂਹ ਦੀ ਰੂਹਾਨੀ ਸ਼ਕਤੀ ਦੀ ਧਾਰਾ ਉਸਦਾ ਬਚਾਅ ਕਰਦੀ ਰਹੀ। ਵਿਅਕਤੀ ਦੇ ਪੁੰਗਾਰੇ ਅਤੇ ਵਿਗਾਸ ਵਿੱਚ ਸਮੂਹ ਆਪਣੀ ਤਾਕਤ ਦਾ ਸਬੂਤ ਦੇਖਦਾ ਸੀ ਅਤੇ ਉਸ "ਮੈਂ" ਵਿੱਚ, ਜਿਹੜੀ ਅਜੇ ਤੱਕ ਉਸਦੀ ਦੁਸ਼ਮਣ ਨਹੀਂ ਸੀ ਬਣੀ, ਆਪਣੀ ਸਾਰੀ ਊਰਜਾ ਭਰਦਾ ਰਿਹਾ। ਸਮੂਹ ਆਪਣੇ ਆਗੂ ਦੇ ਹੁਸ਼ਿਆਰ ਦਿਮਾਗ ਅਤੇ ਅਮੀਰ ਪ੍ਰਤਿਭਾ ਦਾ ਤਹਿ ਦਿਲੋਂ ਪ੍ਰਸੰਸਕ ਸੀ, ਅਤੇ ਉਸਦੇ ਸਿਰ 'ਤੇ ਸ਼ਾਨ ਦਾ ਤਾਜ ਰੱਖਦਾ ਸੀ। ਆਗੂ ਦੇ ਸਾਹਮਣੇ ਆਪਣੇ ਕਬੀਲੇ ਦੇ ਮਹਾਂ-ਕਾਵਿਕ ਨਾਇਕਾਂ ਦਾ ਅਕਸ ਹੁੰਦਾ ਸੀ, ਜਿਹੜੇ ਉਸਨੂੰ ਆਪਣੀ ਬਰਾਬਰੀ ਕਰਨ ਲਈ ਵੰਗਾਰਦੇ ਹੋਏ ਪ੍ਰਤੀਤ ਹੁੰਦੇ, ਜਦਕਿ ਆਪਣੇ ਸਰਦਾਰ ਦੇ ਰੂਪ ਵਿੱਚ ਸਮੂਹ ਇੱਕ ਹੋਰ ਨਾਇਕ ਪੈਦਾ ਕਰਨ ਦੀ ਯੋਗਤਾ ਅਨੁਭਵ ਕਰਦਾ ਸੀ। ਅਜਿਹਾ ਕਰ ਸਕਣ ਦੀ ਸੰਭਾਵਨਾ ਕਬੀਲੇ ਲਈ ਬਹੁਤ ਅਹਿਮੀਅਤ ਰੱਖਦੀ ਸੀ, ਕਿਉਂਕਿ ਉਹਨਾਂ ਸਮਿਆਂ ਵਿੱਚ ਕਬੀਲੇ ਦੇ ਕਾਰਨਾਮਿਆਂ ਦੀ ਪ੍ਰਸਿੱਧੀ ਦੁਸ਼ਮਣ ਖਿਲਾਫ਼ ਤਲਵਾਰਾਂ ਜਾਂ ਕੰਧਾਂ ਦੀ ਢਾਲ਼ ਵਰਗਾ ਹੀ ਕੰਮ ਕਰਦੀ ਸੀ।

ਪਹਿਲਾਂ ਤਾਂ "ਮੈਂ" ਨੇ ਸਮੂਹ ਨਾਲ਼ ਆਪਣੇ ਰਿਸ਼ਤੇ ਦੀ ਭਾਵਨਾ ਬਰਕਰਾਰ ਰੱਖੀ, ਇਹ ਆਪਣੇ ਆਪ ਨੂੰ ਸਮੂਹ ਦੇ ਤਜ਼ਰਬਿਆਂ ਦਾ ਪਾਤਰ ਸਮਝਦਾ ਰਿਹਾ, ਅਤੇ ਜਦੋਂ ਇਸਨੇ ਉਸ ਤਜ਼ਰਬੇ ਨੂੰ ਵਿਚਾਰਾਂ ਦੇ ਰੂਪ ਵਿੱਚ ਤਰਤੀਬ ਦਿੱਤੀ ਤਾਂ ਇਸ ਨਾਲ਼ ਨਵੀਆਂ ਤਾਕਤਾਂ ਦਾ ਵਿਕਾਸ ਅਤੇ ਇਕੱਤ੍ਰੀਕਰਨ ਤੇਜ਼ ਹੋ ਗਿਆ।

ਆਪਣੇ ਮਨ ਵਿੱਚ ਕਬੀਲੇ ਦੇ ਨਾਇਕਾਂ ਦਾ ਅਕਸ ਲੈ ਕੇ ਅਤੇ ਦੂਜਿਆਂ ਉੱਤੇ ਸੱਤ੍ਹਾ ਦਾ ਸਵਾਦ ਚਖ਼ ਲੈਣ ਤੋਂ ਬਾਅਦ, ਵਿਅਕਤੀ ਨੇ ਸਮੂਹ ਵੱਲੋਂ ਪ੍ਰਦਾਨ ਕੀਤੇ ਹੱਕਾਂ ਨੂੰ ਆਪਣੀ ਨਿੱਜੀ ਵਰਤੋਂ ਲਈ ਰਾਖਵੇਂ ਰੱਖਣ ਦੇ ਯਤਨ ਸ਼ੁਰੂ ਕਰ ਦਿੱਤੇ। ਉਹ ਅਜਿਹਾ ਤਾਂ ਹੀ ਕਰ ਸਕਦਾ ਸੀ ਜੇ ਉਹ ਹਰ ਨਵੀਂ ਰਚੀ ਚੀਜ਼ ਨੂੰ, ਜਿਹੜੀ ਕਿ ਬਦਲ ਸਕਦੀ ਸੀ, ਸਦੀਵੀ ਰੂਪ ਦੇ ਦਿੰਦਾ ਅਤੇ ਜੀਵਨ ਦੇ ਉਹਨਾਂ ਰੂਪਾਂ ਨੂੰ ਅਟੱਲ ਨਿਯਮਾਂ ਵਿੱਚ ਤਬਦੀਲ ਕਰ ਦਿੰਦਾ, ਜਿਹੜੇ ਉਸਨੂੰ ਅੱਗੇ ਲੈ ਕੇ ਆਏ ਸਨ। ਸਵੈ-ਸਥਾਪਨਾ ਦਾ ਇਸ ਤੋਂ ਬਿਨਾਂ ਹੋਰ ਕੋਈ ਰਾਸਤਾ ਨਹੀਂ ਸੀ।

ਇਹੀ ਵਜ੍ਹਾ ਹੈ ਕਿ ਮੈਂ ਰੂਹਾਨੀ ਰਚਨਾਤਮਕਤਾ ਦੇ ਖੇਤਰ ਵਿੱਚ ਵਿਅਕਤੀ ਦੁਆਰਾ ਨਿਭਾਈ ਭੂਮਿਕਾ ਨੂੰ ਪਿਛਾਂਹ-ਖਿੱਚੂ ਸਮਝਦਾ ਹਾਂ। ਜਦੋਂ ਉਸਨੇ ਆਪਣੇ ਨਿੱਜੀ ਹੱਕਾਂ ਦਾ ਦਾਅਵਾ ਕੀਤਾ ਅਤੇ ਉਹਨਾਂ ਦੀ ਰੱਖਿਆ ਕੀਤੀ, ਤਾਂ ਉਸਨੂੰ ਸਮੂਹ ਦੀ ਰਚਨਾਤਮਕਤਾ ਨੂੰ

ਸੀਮਤ ਕਰਨ, ਇਸਦੇ ਕੰਮਾਂ ਨੂੰ ਸੌੜਾ ਕਰਨ ਅਤੇ ਇਹਨਾਂ ਦਾ ਰੂਪ ਵਿਗਾੜਨ ਲਈ ਮਜ਼ਬੂਰ ਹੋਣਾ ਪਿਆ।

ਸਮੂਹ ਕਦੇ ਵੀ ਅਮਰ ਹੋਣ ਦੀ ਇੱਛਾ ਨਹੀਂ ਰੱਖਦਾ, ਕਿਉਂਕਿ ਉਹ ਅਮਰ ਹੀ ਹੁੰਦਾ ਹੈ। ਜਦੋਂ ਉਸਨੇ ਦੂਜਿਆਂ 'ਤੇ ਆਪਣੀ ਸੱਤ੍ਹਾ ਸਥਾਪਿਤ ਕਰ ਲਈ ਤਾਂ ਵਿਅਕਤੀ ਨੇ ਅਟੱਲ ਤੌਰ 'ਤੇ ਆਪਣੇ ਅੰਦਰ ਅਮਰ ਹੋਣ ਦੀ ਇੱਛਾ ਪਾਲ਼ ਲਈ।

ਜਿਵੇਂ ਕਿ ਹਮੇਸ਼ਾ ਹੀ ਹੁੰਦਾ ਹੈ, ਲੋਕਾਂ ਦੀ ਰਚਨਾਤਮਕਤਾ ਆਪ-ਮੁਹਾਰੀ ਹੁੰਦੀ ਹੈ, ਅਤੇ ਕੁਦਰਤ ਉੱਤੇ ਜਿੱਤ ਹਾਸਿਲ ਕਰਨ ਦੀ ਤੇ ਸੰਸਲੇਸ਼ਣ ਦੀ ਤੀਬਰ ਇੱਛਾ ਵਿੱਚੋਂ ਉਪਜਦੀ ਹੈ। ਇਸਦੇ ਉਲਟ, ਵਿਅਕਤੀ ਨੇ ਆਪਣਾ ਅਧਿਕਾਰ ਅਤੇ ਸੱਤ੍ਹਾ ਦਾ ਹੱਕ ਇੱਕ-ਰੱਬ ਦਾ ਸਿਧਾਂਤ ਥੋਪ ਕੇ ਸਥਾਪਤ ਕੀਤਾ।

ਜਦੋਂ ਵਿਅਕਤੀਵਾਦ ਨੇ ਦੂਜਿਆਂ ਨੂੰ ਦਬਾਉਣ ਦੇ ਹੱਕ ਸਮੇਤ ਆਪਣੇ ਆਪ ਨੂੰ ਹਾਕਮ ਤੱਤ ਵਜੋਂ ਜੜ੍ਹ-ਸਥਾਪਤ ਕਰ ਲਿਆ, ਤਾਂ ਇਸਨੇ ਇੱਕ ਸਦੀਵੀ ਰੱਬ ਦੀ ਰਚਨਾ ਕੀਤੀ, ਲੋਕਾਂ ਨੂੰ "ਮੈਂ" ਦੇ ਰੱਬ ਰੂਪੀ ਸੁਭਾਅ ਨੂੰ ਮੰਨਣ ਲਈ ਮਜ਼ਬੂਰ ਕੀਤਾ ਅਤੇ ਆਪਣੀਆਂ ਰਚਨਾਤਮਕ ਸ਼ਕਤੀਆਂ ਵਿੱਚ ਦ੍ਰਿੜ ਆਸਥਾ ਵਿਕਸਤ ਕੀਤੀ। ਆਪਣੇ ਵਿਕਾਸ ਦੇ ਸਿਖ਼ਰ 'ਤੇ ਪਹੁੰਚ ਕੇ ਸੰਪੂਰਨ ਆਜ਼ਾਦੀ ਹਾਸਿਲ ਕਰਨ ਦੀ ਵਿਅਕਤੀ ਦੀ ਇੱਛਾ ਨੇ ਉਸਨੂੰ ਖੁਦ ਉਸ ਦੁਆਰਾ ਸਥਾਪਤ ਕੀਤੀ ਪਰੰਪਰਾ ਨਾਲ਼ ਅਤੇ ਸਦੀਵੀ ਰੱਬ ਦੇ ਅਕਸ ਨਾਲ, ਜਿਹੜਾ ਉਸਨੇ ਖੁਦ ਹੀ ਸਿਰਜਿਆ ਸੀ ਅਤੇ ਜਿਸਨੇ ਇਹਨਾਂ ਪ੍ਰੰਪਰਾਵਾਂ ਨੂੰ ਪਵਿੱਤਰ ਕਰ ਦਿੱਤਾ ਸੀ, ਸਿੱਧੇ ਟਾਕਰੇ ਵਿੱਚ ਲਿਆ ਕੇ ਖੜ੍ਹਾ ਕਰ ਦਿੱਤਾ। ਸੱਤ੍ਹਾ ਦੇ ਇਸ ਲਾਲਚ ਨੇ ਵਿਅਕਤੀ ਨੂੰ ਆਪਣੇ ਅਮਰ ਰੱਬ ਨੂੰ ਮਾਰਨ ਲਈ ਮਜ਼ਬੂਰ ਕਰ ਦਿੱਤਾ, ਜਿਹੜਾ ਇਸਦਾ ਸਹਾਰਾ ਸੀ ਅਤੇ ਇਸਦੀ ਹੋਂਦ ਨੂੰ ਉਚਿੱਤ ਸਿੱਧ ਕਰਦਾ ਸੀ। ਇਸ ਪਲ ਤੋਂ ਬਾਅਦ ਇਕੱਲੀ ਅਤੇ ਰੱਬ ਰੂਪੀ "ਮੈਂ" ਦਾ ਪਤਨ ਬੜੀ ਤੇਜ਼ੀ ਨਾਲ਼ ਸ਼ੁਰੂ ਹੋਇਆ, ਜਿਹੜੀ ਕਿਸੇ ਬਾਹਰੀ ਤਾਕਤ ਤੋਂ ਬਿਨਾਂ ਰਚਨਾ ਕਰਨ ਦੇ ਸਮਰੱਥ ਨਹੀਂ ਸੀ ਅਤੇ ਇਸ ਲਈ ਜਿਉਣ ਦੇ ਸਮਰੱਥ ਨਹੀਂ ਸੀ, ਕਿਉਂਕਿ *ਜੀਵਨ ਅਤੇ ਰਚਨਾ ਇੱਕ ਦੂਜੇ ਦੇ ਅਨਿੱਖੜਵੇਂ ਅੰਗ ਹਨ।*

ਸਾਡਾ ਸਮਕਾਲੀ ਵਿਅਕਤੀਵਾਦ ਵੱਖੋ-ਵੱਖ ਢੰਗਾਂ ਨਾਲ਼ ਰੱਬ ਨੂੰ ਪੁਨਰ-ਜੀਵਤ ਕਰਨ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ, ਤਾਂ ਕਿ "ਮੈਂ" ਦੀਆਂ ਹੰਢ ਚੁੱਕੀਆਂ ਤਾਕਤਾਂ ਨੂੰ ਮੁੜ ਤੋਂ ਮਜ਼ਬੂਤ ਕਰਨ ਲਈ ਆਪਣੇ ਅਧਿਕਾਰਾਂ ਦੀ ਵਰਤੋਂ ਕਰ ਸਕੇ, ਜਿਹੜੀ ਕਿ ਸੌੜੇ ਨਿੱਜੀ ਹਿੱਤਾਂ ਦੇ ਉਦਾਸ ਜੰਗਲ਼ਾਂ ਵਿੱਚ ਗੁਆਚ ਚੁੱਕੀ ਹੈ, ਅਤੇ ਸਮੂਹ ਨਾਲ਼ੋਂ ਆਪਣਾ ਨਾਤਾ ਹਮੇਸ਼ਾ ਲਈ ਤੋੜ ਚੁੱਕੀ ਹੈ। ਉਸ ਸਮੂਹ ਨਾਲ਼ੋਂ ਜਿਹੜਾ ਸਾਰੀਆਂ ਸਜੀਵ ਰਚਨਾਤਮਕ ਸ਼ਕਤੀਆਂ ਦਾ ਸੋਮਾ ਹੈ।

ਇੱਥੋਂ ਕਬੀਲੇ ਵਿੱਚ ਵਿਅਕਤੀ ਦੀ ਨਿਰੰਕੁਸ਼ਤਾ ਦਾ ਭੈਅ ਅਤੇ ਉਸ ਖਿਲਾਫ ਦੁਸ਼ਮਣਾਨਾ ਭਾਵ ਪੈਦਾ ਹੋਣਾ ਸ਼ੁਰੂ ਹੋਇਆ। ਬੇਸਤੂਜ਼ੇਵ-ਰਿਊਮਿਨ* ਨੇ ਵੋਲਗਾ ਬੁਲਗਾਰਾਂ

---

* ਬੇਸਤੂਜ਼ੇਵ-ਰਿਊਮਿਨ, ਕੋਨਸਤਾਨਤਿਨ ਨਿਕੋਲਾਏਵਿਚ (1829-1897)—ਰੂਸੀ ਬੁਰਜੂਆ ਇਤਿਹਾਸਕਾਰ, 'ਰੂਸੀ ਇਤਿਹਾਸ' ਨਾਮਕ ਕਿਤਾਬ ਦੀਆਂ ਦੋ ਜਿਲਦਾਂ ਦਾ ਲੇਖਕ।

ਸਬੰਧੀ ਇਬਨ-ਫਦਲਾਨ ਦੇ ਇਸ ਵਰਣਨ ਦਾ ਜ਼ਿਕਰ ਕੀਤਾ ਹੈ: "ਜਦੋਂ ਉਹ ਆਸਧਾਰਣ ਬੁੱਧੀ ਵਾਲ਼ੇ ਕਿਸੇ ਅਜਿਹੇ ਆਦਮੀ ਨੂੰ ਮਿਲ਼ਦੇ ਜਿਸਨੂੰ ਬਹੁਤ ਸਾਰੀਆਂ ਗੱਲਾਂ ਬਾਰੇ ਕਾਫੀ ਗਿਆਨ ਹੁੰਦਾ, ਤਾਂ ਉਹ ਕਹਿੰਦੇ 'ਇਹ ਰੱਬ ਦੀ ਸੇਵਾ ਕਰਨ ਲਈ ਬਿਲਕੁਲ ਢੁੱਕਵਾਂ ਹੈ' ਅਤੇ ਉਸਨੂੰ ਫੜ ਲੈਂਦੇ ਤੇ ਕਿਸੇ ਦਰੱਖਤ 'ਤੇ ਟੰਗ ਦਿੰਦੇ, ਅਤੇ ਉਦੋਂ ਤੱਕ ਲਟਕਦਾ ਰਹਿਣ ਦਿੰਦੇ ਜਦੋਂ ਤੱਕ ਕਿ ਉਸਦੀ ਲਾਸ਼ ਗਲ਼-ਸੜ ਨਾ ਜਾਂਦੀ।" ਖਜ਼ਾਰਾਂ ਦਾ ਇੱਕ ਹੋਰ ਰਿਵਾਜ ਸੀ: ਆਪਣਾ ਸਰਦਾਰ ਚੁਣ ਲੈਣ ਤੋਂ ਬਾਅਦ, ਉਹ ਉਸਦੇ ਗਲ਼ ਵਿੱਚ ਫੰਦਾ ਪਾ ਕੇ ਇਹ ਪੁੱਛਦੇ ਕਿ ਉਹ ਲੋਕਾਂ ਉੱਤੇ ਕਿੰਨੇ ਸਾਲ ਰਾਜ ਕਰਨਾ ਚਾਹੁੰਦਾ ਹੈ। ਫਿਰ ਉਸਨੂੰ ਉਨੇ ਹੀ ਸਾਲ ਰਾਜ ਕਰਨਾ ਪੈਂਦਾ ਸੀ, ਨਹੀਂ ਤਾਂ ਉਸਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ। ਹੋਰਨਾਂ ਤੁਰਕੀ ਕਬੀਲਿਆਂ ਵਿੱਚ ਵੀ ਇਹ ਰਿਵਾਜ ਪਾਇਆ ਜਾਂਦਾ ਹੈ। ਇਹ ਵਿਅਕਤੀਵਾਦ ਪ੍ਰਤੀ, ਜਿਹੜਾ ਕਿ ਸਮੂਹਿਕ ਮਨੋਰਥਾਂ ਦਾ ਵਿਰੋਧੀ ਸੀ, ਕਬੀਲੇ ਦੇ ਅਵਿਸ਼ਵਾਸ ਦਾ ਚਿੰਨ ਸੀ।

ਲੋਕਾਂ ਦੀਆਂ ਦੰਦ-ਕਥਾਵਾਂ, ਕਿੱਸਿਆਂ ਅਤੇ ਵਹਿਮਾਂ-ਭਰਮਾਂ ਵਿੱਚ ਵਿਅਕਤੀ ਦੀ ਲਾਚਾਰੀ, ਉਸਦੇ ਸਵੈ-ਵਿਸ਼ਵਾਸ ਦਾ ਮਖ਼ੌਲ ਅਤੇ ਸੱਤਾ ਹਾਸਿਲ ਕਰਨ ਦੇ ਉਸਦੇ ਲਾਲਚ ਦੀ ਸਖ਼ਤ ਨਿੰਦਾ, ਅਤੇ ਸਮੁੱਚੇ ਰੂਪ ਵਿੱਚ ਵਿਅਕਤੀ ਪ੍ਰਤੀ ਦੁਸ਼ਮਣਾਨਾ ਭਾਵ ਦੀਆਂ ਅਣਗਿਣਤ ਪ੍ਰਭਾਵਸ਼ਾਲੀ ਉਦਾਹਰਣਾਂ ਮਿਲਦੀਆਂ ਹਨ। ਲੋਕ-ਸਾਹਿਤ ਇਸ ਵਿਸ਼ਵਾਸ ਨਾਲ਼ ਪੂਰੀ ਤਰ੍ਹਾਂ ਭਰਿਆ ਪਿਆ ਹੈ ਕਿ ਮਨੁੱਖ ਦਾ ਮਨੁੱਖ ਖਿਲਾਫ਼ ਸੰਘਰਸ਼ ਮਨੁੱਖਤਾ ਦੀ ਸਮੂਹਿਕ ਊਰਜਾ ਨੂੰ ਕਮਜ਼ੋਰ ਕਰਦਾ ਹੈ ਅਤੇ ਤਬਾਹ ਕਰ ਦਿੰਦਾ ਹੈ। ਇਹ ਖਰਵ੍ਹਾ ਮੱਤ, ਕਵਿਤਾ ਦੇ ਮਾਧਿਅਮ ਰਾਹੀਂ, ਸਮੂਹ ਦੀਆਂ ਰਚਨਾਤਮਕ ਤਾਕਤਾਂ ਬਾਰੇ ਲੋਕਾਂ ਦੇ ਵਿਸ਼ਵਾਸ ਨੂੰ, ਅਤੇ ਸੰਪੂਰਨ ਏਕਤਾ ਲਈ ਤੇ ਕੁਦਰਤ ਦੀਆਂ ਹਨੇਰੀਆਂ ਅਤੇ ਵਿਰੋਧੀ ਤਾਕਤਾਂ ਉੱਤੇ ਜਿੱਤ ਹਾਸਿਲ ਕਰਨ ਦੀਆਂ ਉੱਚੀਆਂ ਅਤੇ ਕਦੇ ਕਦੇ ਗੜ੍ਹਕਵੀਆਂ ਵੰਗਾਰਾਂ ਨੂੰ ਪ੍ਰਤੀਬਿੰਬਤ ਕਰਦਾ ਹੈ। ਜਿਹੜਾ ਵੀ ਆਦਮੀ ਇਸ ਸੰਘਰਸ਼ ਵਿੱਚ ਇਕੱਲਾ ਦਾਖਿਲ ਹੁੰਦਾ ਸੀ ਉਸਦਾ ਮਜ਼ਾਕ ਉਡਾਇਆ ਜਾਂਦਾ ਸੀ ਅਤੇ ਉਸਦੇ ਵਿਨਾਸ਼ ਦੀ ਚਿਤਾਵਨੀ ਦਿੱਤੀ ਜਾਂਦੀ ਸੀ। ਇਸ ਦਲੀਲਬਾਜ਼ੀ ਵਿੱਚ, ਜਿਵੇਂ ਕਿ ਲੋਕਾਂ ਦੀ ਹਰ ਦੁਸ਼ਮਣੀ ਵਿੱਚ ਹੁੰਦਾ ਹੈ, ਹਰ ਧਿਰ ਨੇ ਦੂਜੀ ਦੀਆਂ ਗਲਤੀਆਂ ਨੂੰ ਲਾਜ਼ਮੀ ਤੌਰ 'ਤੇ ਵਧਾ ਚੜ੍ਹਾ ਕੇ ਦੱਸਿਆ, ਅਜਿਹੀ ਅਤਿਕਥਨੀ ਨੇ ਦੋਹਾਂ ਰਚਨਾਤਮਕ ਸਿਧਾਂਤਾਂ, ਬੁਨਿਆਦੀ ਅਤੇ ਨਿਕਾਸੀ (Derived), ਵਿਚਲੀ ਭੜਕਾਹਟ ਅਤੇ ਪਾੜਾ ਹੋਰ ਵੀ ਵਧਾ ਦਿੱਤਾ।

ਜਿਵੇਂ ਜਿਵੇਂ ਉਹਨਾਂ ਦੀ ਗਿਣਤੀ ਵਧਦੀ ਗਈ, "ਵਿਅਕਤੀਆਂ" ਦਰਮਿਆਨ ਆਪਸ ਵਿੱਚ ਸੱਤਾ ਦੀ ਪਰਿਪੂਰਣਤਾ ਲਈ ਅਤੇ ਦਿਨੋ-ਦਿਨ ਸ਼ੁਹਰਤ ਲਈ ਵਧੇਰੇ ਲਾਲਚੀ ਬਣਦੀ ਜਾ ਰਹੀ "ਮੈਂ" ਦੇ ਹਿੱਤਾਂ ਦੀ ਰੱਖਿਆ ਲਈ ਸੰਘਰਸ਼ ਸ਼ੁਰੂ ਹੋ ਗਿਆ। ਸਮੂਹ ਖਿੰਡ ਰਿਹਾ ਸੀ ਅਤੇ ਵਿਅਕਤੀ ਨੂੰ ਮਿਲ਼ ਰਹੀ ਊਰਜਾ ਦਾ ਭੰਡਾਰ ਵੀ ਘਟਦਾ ਗਿਆ। ਮਨੋਵਿਗਿਆਨਕ ਏਕਤਾ ਖੁਰਦੀ ਜਾ ਰਹੀ ਸੀ ਅਤੇ ਵਿਅਕਤੀ ਪੀਲ਼ਾ ਪੈਂਦਾ ਜਾ ਰਿਹਾ ਸੀ। ਕਬੀਲੇ ਦੇ ਵਿਰੋਧੀ ਦੰਦਿਆਂ ਵਿੱਚ ਫਸੀ ਆਪਣੀ ਕਮਾਈ ਹੁਣ ਉਸਨੂੰ ਫੜ ਕੇ ਰੱਖਣੀ ਪੈਂਦੀ ਸੀ ਅਤੇ ਆਪਣੀ

ਪਦਵੀ, ਜਾਇਦਾਦ, ਪਤਨੀ ਅਤੇ ਬੱਚਿਆਂ ਦਾ ਧਿਆਨ ਰੱਖਣ ਵਿੱਚ ਵਧੇਰੇ ਚੌਕਸੀ ਵਰਤਣੀ ਪੈਂਦੀ ਸੀ। ਵਿਅਕਤੀ ਦੀ ਸਵੈ-ਨਿਰਭਰ ਹੋਂਦ ਦੀਆਂ ਸਮੱਸਿਆਵਾਂ ਹੋਰ ਗੁੰਝਲਦਾਰ ਹੋ ਗਈਆਂ, ਅਤੇ ਸਖਤ ਕੋਸ਼ਿਸ਼ਾਂ ਦੀ ਮੰਗ ਕਰਨ ਲੱਗ ਪਈਆਂ। ਆਪਣੀ "ਮੈਂ" ਨੂੰ ਮੁਕਤ ਕਰਵਾਉਣ ਦੇ ਸੰਘਰਸ਼ ਵਿੱਚ ਵਿਅਕਤੀ ਸਮੂਹ ਨਾਲ਼ੋਂ ਪੂਰੀ ਤਰ੍ਹਾਂ ਟੁੱਟ ਗਿਆ ਅਤੇ ਖੁਦ ਨੂੰ ਇੱਕ ਭਿਆਨਕ ਖਲਾਅ ਵਿੱਚ ਖੜੋਤਾ ਮਹਿਸੂਸ ਕਰਨ ਲੱਗ ਪਿਆ, ਜਿਸ ਕਾਰਨ ਉਸਦੀਆਂ ਤਾਕਤਾਂ ਵੀ ਜਲਦੀ ਹੀ ਖਤਮ ਹੋ ਗਈਆਂ। ਫਿਰ ਵਿਅਕਤੀ ਅਤੇ ਸਮਾਜ ਦਰਮਿਆਨ ਇੱਕ ਅਰਾਜਕ ਸੰਘਰਸ਼ ਛਿੜ ਪਿਆ—ਜਿਸਦੀ ਤਸਵੀਰ ਸੰਸਾਰ ਦੇ ਇਤਿਹਾਸ ਵਿੱਚ ਮਿਲ਼ਦੀ ਹੈ—ਅਜਿਹਾ ਸੰਘਰਸ਼ ਜਿਹੜਾ ਕਿ ਅੱਜ ਦੇ ਹਾਰੇ ਹੋਏ ਅਤੇ ਨਿਪੁੰਸਕ ਵਿਅਕਤੀ ਦੇ ਵੱਸੋਂ ਬਾਹਰੀ ਗੱਲ ਹੈ।

ਨਿੱਜੀ ਜਾਇਦਾਦ ਦਾ ਵਿਕਾਸ ਹੋਇਆ, ਜਿਸਨੇ ਲੋਕਾਂ ਦੀ ਏਕਤਾ ਭੰਗ ਕਰ ਦਿੱਤੀ, ਉਹਨਾਂ ਦੇ ਰਿਸ਼ਤਿਆਂ ਵਿੱਚ ਕੜ੍ਹਵਾਹਟ ਭਰ ਦਿੱਤੀ, ਅਤੇ ਉਹਨਾਂ ਵਿੱਚਕਾਰ ਸਮਝੌਤਾ-ਰਹਿਤ ਵਿਰੋਧਤਾਈਆਂ ਖੜੀਆਂ ਕਰ ਦਿੱਤੀਆਂ। ਗਰੀਬੀ ਦੀ ਲਪੇਟ ਵਿੱਚ ਆਉਣ ਤੋਂ ਬਚਣ ਲਈ ਮਨੁੱਖ ਨੂੰ ਹਰ ਤਰ੍ਹਾਂ ਦੇ ਯਤਨ ਕਰਨੇ ਪਏ। ਆਪਣੇ ਨਿੱਜੀ ਹਿੱਤਾਂ ਦਾ ਬਚਾਅ ਕਰਨ ਦੇ ਚੱਕਰਾਂ ਵਿੱਚ ਮਨੁੱਖ ਦਾ ਕਬੀਲੇ, ਰਾਜ ਅਤੇ ਸਮਾਜ ਨਾਲ਼ੋਂ ਹਰ ਤਰ੍ਹਾਂ ਦਾ ਨਾਤਾ ਟੁੱਟ ਗਿਆ। ਉਸ ਲਈ ਅੱਜ ਆਪਣੀ ਪਾਰਟੀ ਦੁਆਰਾ ਲਾਗੂ ਕੀਤੇ ਅਨੁਸਾਸ਼ਨ ਨਾਲ਼ ਗੁਜ਼ਾਰਾ ਕਰਨਾ ਵੀ ਔਖਾ ਹੋ ਗਿਆ ਹੈ, ਅਤੇ ਆਪਣੇ ਪਰਿਵਾਰ ਤੋਂ ਵੀ ਉਹ ਅੱਕਿਆ ਪਿਆ ਹੈ।

ਸਮੂਹ ਨੂੰ ਤੋੜਨ ਅਤੇ ਆਤਮ-ਨਿਰਭਰ "ਮੈਂ" ਦੀ ਰਚਨਾ ਕਰਨ ਵਿੱਚ ਨਿੱਜੀ ਜਾਇਦਾਦ ਨੇ ਜਿਹੜੀ ਭੂਮਿਕਾ ਨਿਭਾਈ ਹੈ ਉਸ ਬਾਰੇ ਤਾਂ ਆਪਾਂ ਸਾਰੇ ਜਾਣਦੇ ਹੀ ਹਾਂ। ਸਾਨੂੰ ਇਸ ਪ੍ਰਕਿਰਿਆ ਵਿੱਚ, ਲੋਕਾਂ ਦੀ ਸਰੀਰਕ ਅਤੇ ਨੈਤਿਕ ਗੁਲਾਮੀ ਤੋਂ ਇਲਾਵਾ, ਲੋਕਾਂ ਦੀ ਊਰਜਾ ਦਾ ਨਿਘਾਰ, ਸਮੂਹ ਦੀ ਗੌਰਵਮਈ, ਕਾਵਿਕ ਅਤੇ ਆਪ-ਮੁਹਾਰੀ ਰਚਨਾਤਮਕ ਮਾਨਸਿਕਤਾ, ਜਿਸਨੇ ਕਈ ਸ਼ਾਨਦਾਰ ਕਲਾ-ਕ੍ਰਿਤਾਂ ਨਾਲ਼ ਸੰਸਾਰ ਨੂੰ ਅਮੀਰ ਬਣਾਇਆ ਹੈ, ਦੀ ਸਹਿਜ ਤਬਾਹੀ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।

ਕਹਿੰਦੇ ਨੇ ਕਿ "ਗੁਲਾਮਾਂ ਦਾ ਕੋਈ ਇਤਿਹਾਸ ਨਹੀਂ ਹੁੰਦਾ", ਅਤੇ ਭਾਵੇਂ ਕਿ ਇਹ ਗੱਲ ਮਾਲਕ ਕਹਿੰਦੇ ਨੇ ਪਰ ਫਿਰ ਵੀ ਇਸ ਵਿੱਚ ਥੋੜੀ ਬਹੁਤ ਸੱਚਾਈ ਤਾਂ ਹੈ ਹੀ। ਲੋਕਾਂ ਤੋਂ, ਜਿਹਨਾਂ ਦੀ ਆਤਮਾ ਨੂੰ ਮਲੀਆਮੇਟ ਕਰਨ ਲਈ ਰਾਜ ਅਤੇ ਗਿਰਜੇ ਨੇ ਇੱਕੋ ਜਿੰਨੀ ਲਗਨ ਨਾਲ਼ ਕੰਮ ਕੀਤਾ ਤਾਂ ਕਿ ਉਹ ਬਸ ਲੱਕੜਾਂ ਵੱਢਣ ਅਤੇ ਪਾਣੀ ਕੱਢਣ ਜੋਗੇ ਹੀ ਰਹਿ ਜਾਣ, ਰਾਜ ਅਤੇ ਗਿਰਜੇ ਨੇ ਉਨ੍ਹਾਂ ਦੀ ਹੋਂਦ ਦੇ ਅਨੁਮਾਨ ਲਾਉਣ ਦੇ ਹੱਕ ਅਤੇ ਮੌਕੇ ਵੀ ਖੋਹ ਲਏ ਅਤੇ ਉਹਨਾਂ ਨੂੰ ਆਪਣੀਆਂ ਦੰਦ-ਗਥਾਵਾਂ ਅਤੇ ਕਹਾਣੀਆਂ ਵਿੱਚ ਆਪਣੀਆਂ ਅਖਾਂਕਿਆਵਾਂ, ਵਿਚਾਰ ਅਤੇ ਉਮੀਦਾਂ ਨੂੰ ਪ੍ਰਤੀਬਿੰਬਤ ਕਰਨ ਤੋਂ ਵੀ ਵੰਚਿਤ ਕਰ ਦਿੱਤਾ।

ਭਾਵੇਂ ਕਿ ਆਪਣੀਆਂ ਰੂਹਾਨੀ ਬੇੜੀਆਂ ਕਾਰਨ ਉਹ ਕਾਵਿਕ ਰਚਨਾਤਮਕਤਾ ਦੀਆਂ

ਪਹਿਲਾਂ ਜਿਹੀਆਂ ਸਿਖ਼ਰਾਂ ਛੂਹਣ ਤੋਂ ਅਸਮਰੱਥ ਸਨ, ਪਰ ਫਿਰ ਵੀ ਲੋਕ ਆਪਣਾ ਗਹਿਰਾ ਅੰਦਰੂਨੀ ਜੀਵਨ ਜਿਉਂਦੇ ਰਹੇ, ਹਜ਼ਾਰਾਂ ਹੀ ਕਿੱਸੇ, ਗੀਤਾਂ ਅਤੇ ਕਹਾਵਤਾਂ ਦੀ ਰਚਨਾ ਕਰਦੇ ਰਹੇ, ਅਤੇ ਸਮੇਂ-ਸਮੇਂ 'ਤੇ ਫਾਉਸਟ ਅਤੇ ਅਜਿਹੇ ਹੀ ਕਈ ਹੋਰ ਵੱਡੇ ਪਾਤਰਾਂ ਤੱਕ ਦੀ ਵੀ ਰਚਨਾ ਕੀਤੀ। ਫਾਉਸਟ ਦੀ ਦੰਦ-ਕਥਾ ਦੀ ਰਚਨਾ ਲੋਕਾਂ ਨੇ ਕੁਝ ਇਸ ਤਰ੍ਹਾਂ ਕੀਤੀ ਹੈ ਜਿਵੇਂ ਕਿ ਉਹ ਵਿਅਕਤੀ ਦੀ ਰੂਹਾਨੀ ਨਿਪੁੰਸਕਤਾ 'ਤੇ ਜ਼ੋਰ ਦੇ ਰਹੇ ਹੋਣ, ਜਿਹੜਾ ਕਿ ਬਹੁਤ ਸਮਾਂ ਪਹਿਲਾਂ ਹੀ ਉਹਨਾਂ ਦਾ ਵਿਰੋਧੀ ਹੋ ਗਿਆ ਸੀ। ਉਹ ਉਸਦੀ ਆਨੰਦ ਪ੍ਰਾਪਤੀ ਦੀ ਲਾਲਸਾ ਦਾ ਅਤੇ ਆਪਣੀ ਦ੍ਰਿਸ਼ਟੀ-ਸੀਮਾ ਤੋਂ ਬਾਹਰ ਦੀਆਂ ਗੱਲਾਂ ਦਾ ਗਿਆਨ ਹਾਸਿਲ ਕਰਨ ਦੇ ਯਤਨਾਂ ਦਾ ਮਜ਼ਾਕ ਉਡਾਉਣਾ ਚਾਹੁੰਦੇ ਸਨ। ਸਾਰੇ ਦੇਸ਼ਾਂ ਦੇ ਮਹਾਨ ਕਵੀਆਂ ਦੀਆਂ ਸ਼ਾਨਦਾਰ ਕ੍ਰਿਤਾਂ ਲੋਕਾਂ ਦੀ ਸਮੂਹਿਕ ਰਚਨਾ ਦੇ ਖਜ਼ਾਨਿਆਂ ਵਿੱਚੋਂ ਹੀ ਨਿਕਲ਼ੀਆਂ ਹਨ, ਜਿਹੜਾ ਪ੍ਰਾਚੀਨ ਸਮਿਆਂ ਤੋਂ ਹੀ ਸਾਰੇ ਕਾਵਿਕ ਸਿਧਾਂਤਾਂ, ਸਾਰੇ ਪ੍ਰਸਿੱਧ ਬਿੰਬਾਂ ਅਤੇ ਟਾਈਪਾਂ ਦਾ ਸੋਮਾ ਰਿਹਾ ਹੈ।

ਈਰਖਾਲੂ ਓਥੈਲੋ, ਡਾਵਾਂ-ਡੋਲ ਹੈਮਲੈੱਟ ਅਤੇ ਕਾਮੀ ਡਾਨ ਜੁਆਨ ਅਜਿਹੇ ਟਾਈਪ ਹਨ ਜਿਹਨਾਂ ਨੂੰ ਲੋਕਾਂ ਨੇ ਸ਼ੇਕਸਪੀਅਰ ਅਤੇ ਬਾਇਰਨ ਤੋਂ ਪਹਿਲਾਂ ਰਚਿਆ ਸੀ। "ਜੀਵਨ ਇੱਕ ਸੁਪਨਾ ਹੈ" ਇਹ ਗੀਤ ਕੈਲਡੇਰਨ ਦੇ ਕਹਿਣ ਤੋਂ ਕਿਤੇ ਪਹਿਲਾਂ ਸਪੇਨ ਦੇ ਲੋਕ ਆਪਣੇ ਲੋਕ-ਗੀਤਾਂ ਵਿੱਚ ਗਾਇਆ ਕਰਦੇ ਸਨ। ਸਪੇਨ ਦੇ ਮੂਰ ਲੋਕਾਂ ਨੇ ਇਹੀ ਗੱਲ ਇਹਨਾਂ ਤੋਂ ਵੀ ਪਹਿਲਾਂ ਕਹਿ ਦਿੱਤੀ ਸੀ। ਨਾਈਟਾਂ ਦੇ ਢਾਂਚੇ ਦਾ ਸਰਵਾਂਤੇ ਤੋਂ ਵੀ ਪਹਿਲਾਂ ਲੋਕ-ਕਿੱਸਿਆਂ ਵਿੱਚ ਮਜ਼ਾਕ ਉਡ਼ਾਇਆ ਗਿਆ ਸੀ ਅਤੇ ਉਹ ਵੀ ਉਨੇ ਹੀ ਤਿੱਖੇ ਅਤੇ ਸੋਗੀ ਲਹਿਜੇ ਵਿੱਚ।

ਮਿਲਟਨ ਅਤੇ ਦਾਂਤੇ, ਮਿੱਕੀਵਿੱਕ, ਗੋਥੇ ਅਤੇ ਸ਼ਿਲਰ ਨੇ ਜਦੋਂ ਸਮੂਹ ਦੀ ਰਚਨਾਤਮਕਤਾ ਦੀ ਚਿਣਗ ਅਤੇ ਹਰਮਨ-ਪਿਆਰੀ ਕਵਿਤਾ ਤੋਂ ਪ੍ਰੇਰਨਾ ਲੈ ਕੇ ਰਚਨਾ ਕੀਤੀ ਤਾਂ ਉਹਨਾਂ ਨੇ ਸ਼ਾਨਦਾਰ ਸਿਖਰਾਂ ਛੂਹੀਆਂ। ਪ੍ਰੇਰਨਾ ਦਾ ਇਹ ਸੋਮਾ ਅਥਾਹ ਡੂੰਘਾ, ਭਰਪੂਰ, ਬੇਹੱਦ ਫੈਲਾਅ ਵਾਲ਼ਾ, ਅਤੇ ਸਿਆਣਪ ਭਰਿਆ ਹੈ।

ਮੈਂ ਕਿਸੇ ਤਰ੍ਹਾਂ ਵੀ ਇਹਨਾਂ ਕਵੀਆਂ ਤੋਂ ਸ਼ੁਹਰਤ ਦਾ ਹੱਕ ਨਹੀਂ ਖੋਹ ਰਿਹਾ ਅਤੇ ਨਾ ਹੀ ਇਹਨਾਂ ਨੂੰ ਛੋਟਾ ਦਿਖਾਉਣ ਦੀ ਮੇਰੀ ਕੋਈ ਇੱਛਾ ਹੈ। ਪਰ ਮੈਂ ਦਾਅਵਾ ਕਰਦਾ ਹਾਂ ਕਿ ਵਿਅਕਤੀਗਤ ਰਚਨਾਤਮਕਤਾ ਨੇ ਜੇ ਸਾਨੂੰ ਸ਼ਾਨਦਾਰ ਢੰਗ ਨਾਲ਼ ਘੜੇ ਹੋਏ ਅਤੇ ਚਮਕਾਏ ਹੋਏ ਨਗ ਦਿੱਤੇ ਹਨ, ਤਾਂ ਉਹ ਹੀਰੇ, ਜਿਹਨਾਂ ਤੋਂ ਇਹ ਬਣਾਏ ਗਏ ਹਨ, ਸਮੂਹ ਵਿੱਚੋਂ— ਲੋਕਾਂ ਵਿੱਚੋਂ— ਹੀ ਪੈਦਾ ਹੋਏ ਹਨ। ਵਿਅਕਤੀ ਵਿੱਚ ਕਲਾ ਹੁੰਦੀ ਹੈ, ਪਰ ਰਚਨਾ ਕਰਨ ਦੇ ਯੋਗ ਤਾਂ ਕੇਵਲ ਸਮੂਹ ਹੀ ਹੁੰਦਾ ਹੈ। ਜ਼ੀਅਸ ਦੀ ਰਚਨਾ ਲੋਕਾਂ ਨੇ ਕੀਤੀ ਸੀ, ਫਿਦੀਅਸ ਨੇ ਕੇਵਲ ਉਸਨੂੰ ਪੱਥਰਾਂ ਵਿੱਚ ਢਾਲ਼ਿਆ ਹੈ।

ਸਮੂਹ ਤੋਂ ਟੁੱਟਿਆ ਅਤੇ ਲੋਕਾਂ ਦੀ ਏਕਤਾ ਬਣਾ ਕੇ ਰੱਖਣ ਵਾਲ਼ੇ ਵਿਚਾਰਾਂ ਦੇ ਅਸਰ ਤੋਂ ਕਿਤੇ ਪਰ੍ਹੇ, ਆਪਣੇ ਹੀ ਸਰੋਤਾਂ 'ਤੇ ਪਲ਼ਦਾ ਹੋਇਆ ਵਿਅਕਤੀ ਆਲਸੀ, ਪਿਛਾਂਹਖਿੱਚੂ ਅਤੇ ਜੀਵਨ ਦੇ ਵਿਕਾਸ ਦਾ ਵਿਰੋਧੀ ਹੋ ਜਾਂਦਾ ਹੈ।

ਸੱਭਿਅਤਾ ਦੇ ਇਤਿਹਾਸ ਨੂੰ ਇਸ ਦ੍ਰਿਸ਼ਟੀਕੋਣ ਤੋਂ ਦੇਖੀਏ ਅਤੇ ਸਮਾਜ ਦੇ ਖੜੋਤ ਦੇ ਦੌਰ ਅਤੇ ਉਹਨਾਂ ਸਮਿਆਂ ਵਿੱਚ ਜਦੋਂ ਸਮਾਜ ਤੇਜ਼ ਵਹਾਅ ਵਿੱਚ ਹੁੰਦਾ ਹੈ, ਮਿਸਾਲ ਵਜੋਂ ਪੁਨਰ-ਜਾਗਰਤੀ ਅਤੇ ਸ਼ੁੱਧੀ-ਲਹਿਰਾਂ ਦੌਰਾਨ, ਵਿਅਕਤੀ ਦੀ ਭੂਮਿਕਾ ਨੂੰ ਵਾਚੀਏ, ਤਾਂ ਸਭ ਤੋਂ ਪਹਿਲਾਂ ਤੁਹਾਨੂੰ ਵਿਅਕਤੀ ਦਾ ਰੂੜੀਵਾਦ, ਨਿਰਾਸ਼ਤਾ ਵੱਲ ਉਸਦਾ ਝੁਕਾਅ, ਸੰਤੋਖਵਾਦ ਅਤੇ ਸੰਸਾਰ ਵੱਲ ਹੋਰ ਕਈ ਤਰ੍ਹਾਂ ਦੇ ਸਰਵ-ਖੰਡਨਵਾਦੀ ਰਵੱਈਏ ਦਿਖਾਈ ਦੇਣਗੇ। ਅਜਿਹੇ ਸਮਿਆਂ ਵਿੱਚ ਲੋਕ ਲਗਾਤਾਰ ਆਪਣੇ ਤਜ਼ਰਬਿਆਂ ਨੂੰ ਤਰਾਸ਼ਦੇ ਰਹਿੰਦੇ ਹਨ, ਜਦਕਿ ਵਿਅਕਤੀ ਲੋਕਾਂ ਤੋਂ ਦੂਰ ਭਟਕਦਾ ਰਹਿੰਦਾ ਹੈ, ਉਹਨਾਂ ਦੇ ਜੀਵਨ ਨੂੰ ਨਜ਼ਰ-ਅੰਦਾਜ਼ ਕਰਦਾ ਹੈ, ਤਰਕ ਦੀ ਸਾਰੀ ਸਮਝ ਅਤੇ ਜੀਵਨ ਦੀ ਪੂਰੀ ਸੁੱਧ-ਬੁੱਧ ਖੋ ਦਿੰਦਾ ਹੈ, ਹਰ ਤਰ੍ਹਾਂ ਦੀ ਤਾਕਤ ਤੋਂ ਹੀਣਾ ਹੋਇਆ, ਤਰਸਯੋਗ ਹੱਦ ਤੱਕ ਘਟੀਆ ਅਤੇ ਖੁਸ਼ਕ ਜਿਹਾ ਜੀਵਨ ਬਿਤਾਉਂਦਾ ਹੈ, ਅਤੇ ਸਮੂਹਿਕ ਤਜ਼ਰਬੇ ਨੂੰ ਵਿਚਾਰਾਂ, ਪਰਿਕਲਪਨਾਵਾਂ, ਅਤੇ ਸਿਧਾਂਤਾਂ ਵਿੱਚ ਜੱਥੇਬੰਦ ਕਰਨ ਦੇ ਆਪਣੇ ਉੱਚੇ ਰਚਨਾਤਮਕ ਮੰਤਵ ਤੋਂ ਪਾਸਾ ਵੱਟ ਲੈਂਦਾ ਹੈ। ਦੂਜੀ ਵਾਰ ਦੇਖਿਆਂ ਤੁਸੀਂ ਵਿਅਕਤੀ ਦੀ ਰੂਹਾਨੀ ਤਾਕਤ ਦੇ ਪੁੰਗਾਰੇ ਤੋਂ ਹੈਰਾਨ ਹੋ ਜਾਂਦੇ ਹੋ, ਇਹ ਤਾਕਤ ਸਮਾਜਿਕ ਉੱਥਲ-ਪੁੱਥਲ ਦੇ ਦੌਰ ਵਿੱਚ ਵਿਅਕਤੀ ਦੇ ਇੱਕ ਕੇਂਦਰ ਬਣ ਜਾਣ ਕਾਰਨ ਪੈਦਾ ਹੁੰਦੀ ਹੈ, ਅਜਿਹਾ ਕੇਂਦਰ ਜਿਹੜਾ ਆਪਣੇ ਆਪ ਵਿੱਚ ਹਜ਼ਾਰਾਂ ਹੀ ਹੋਰ ਇਰਾਦੇ ਵੀ ਰੱਖਦਾ ਹੈ, ਅਤੇ ਜਿਹੜਾ ਵਿਅਕਤੀ ਨੂੰ ਆਪਣਾ ਹੱਥ ਠੋਕਾ ਬਣਾਉਣ ਲਈ ਚੁਣਦਾ ਹੈ। ਅਜਿਹੇ ਸਮਿਆਂ 'ਚ ਵਿਅਕਤੀ ਸਾਡੇ ਸਾਹਮਣੇ ਤਾਕਤ ਅਤੇ ਸੁੰਦਰਤਾ ਦੀ ਆਭਾ ਲੈ ਕੇ ਆਉਂਦਾ ਹੈ, ਅਤੇ ਆਪਣੇ ਲੋਕਾਂ, ਆਪਣੀ ਜਮਾਤ ਅਤੇ ਆਪਣੀ ਪਾਰਟੀ ਦੀਆਂ ਅਕਾਂਖਿਆਵਾਂ ਦੀਆਂ ਲਟ-ਲਟ ਬਲ਼ਦੀਆਂ ਕਿਰਨਾਂ ਵਿੱਚੋਂ ਚਾਨਣ ਲੈ ਕੇ ਆਉਂਦਾ ਹੈ।

ਇਹ ਗੱਲ ਐਨੀ ਮਹੱਤਵਪੂਰਨ ਨਹੀਂ ਹੈ ਕਿ ਇਹ ਖਾਸ ਵਿਅਕਤੀ ਕੌਣ ਹਨ— ਵਾਲਤੇਅਰ ਜਾਂ ਮੁੱਖ ਪਾਦਰੀ ਅਵਾਕੁਮ*, ਹੀਅਨ ਜਾਂ ਫਰਾ ਦੋਲਕੀਨੋ — ਜਾਂ ਕਿਹੜੀ ਤਾਕਤ ਉਹਨਾਂ ਨੂੰ ਪ੍ਰੇਰਦੀ ਹੈ — ਆਮ ਲੋਕ ਜਾਂ ਪੁਰਾਣੇ ਰੂਸੀ ਉਪਾਸਕ, ਜਰਮਨ ਜਮ੍ਹੂਰੀਅਤ ਜਾਂ ਕਿਸਾਨੀ। ਗੱਲ ਤਾਂ ਇਹ ਹੈ ਕਿ ਇਹਨਾਂ ਨਾਇਕਾਂ ਨੂੰ ਸਮੂਹਿਕ ਊਰਜਾ ਦੇ ਵਾਹਕਾਂ ਵਜੋਂ, ਲੋਕਾਂ ਦੇ ਬੁਲਾਰਿਆਂ ਵਜੋਂ ਦੇਖਣਾ ਚਾਹੀਦਾ ਹੈ। ਮਿੰਕੀਵਿੱਕਜ਼ ਅਤੇ ਕਰਾਸਿਨਕੀ ਅਜਿਹੇ ਸਮਿਆਂ ਵਿੱਚ ਉੱਭਰ ਕੇ ਸਾਹਮਣੇ ਆਏ ਜਦੋਂ ਉਹਨਾਂ ਦੇ ਲੋਕ ਸਨਕੀ ਅੰਦਾਜ਼ ਵਿੱਚ ਤਿੰਨ ਵੱਡੀਆਂ ਤਾਕਤਾਂ ਵਿੱਚ ਵੰਡੇ ਗਏ, ਪਰ ਪਹਿਲਾਂ ਨਾਲ਼ੋਂ ਬਿਲਕੁਲ ਉਲਟ, ਉਹ ਆਪਣੀ ਰੂਹਾਨੀ ਏਕਤਾ ਤੋਂ ਪੂਰੀ ਤਰ੍ਹਾਂ ਸੁਚੇਤ ਸਨ। ਇਤਿਹਾਸ ਦੇ ਪੂਰੇ ਦੌਰ ਵਿੱਚ ਹਮੇਸ਼ਾ ਅਤੇ ਹਰ ਥਾਂ ਲੋਕਾਂ ਨੇ ਹੀ ਮਨੁੱਖ ਦੀ ਰਚਨਾ ਕੀਤੀ ਹੈ।

ਇਸ ਦਲੀਲ ਦੀ ਪੁਸ਼ਟੀ ਚੌਦਵੀਂ ਅਤੇ ਪੰਦਰਵੀਂ ਸਦੀ ਦੇ ਇਤਾਲਵੀ ਗਣਰਾਜਾਂ ਅਤੇ

---

* ਲਾਟ-ਪਾਦਰੀ ਅਵਾਕੁਮ (1621-1682) — ਰੂਸ ਦੇ ਮੁੱਢਲੇ 'ਰਸਕੋਲਨਿਕ' ਆਗੂਆਂ ਵਿੱਚੋਂ ਇੱਕ। 1682 ਵਿੱਚ ਇਹਨਾਂ ਨੂੰ ਜ਼ਾਰ ਦੇ ਹੁਕਮਾਂ 'ਤੇ ਜਿੰਦਾ ਜਲਾ ਦਿੱਤਾ ਗਿਆ ਸੀ। ਇੱਕ 'ਸਵੈ-ਜੀਵਨੀ' ਲਿਖੀ, ਜਿਹੜੀ 17ਵੀਂ ਸਦੀ ਦੇ ਰੂਸੀ ਜੀਵਨ ਦਾ ਬਹੁਮੁੱਲਾ ਦਸਤਾਵੇਜ਼ ਹੈ।

ਕਮਿਊਨਾਂ ਦਾ ਜੀਵਨ ਕਰਦਾ ਹੈ, ਜਦੋਂ ਇਤਾਲਵੀ ਲੋਕਾਂ ਦੀ ਰਚਨਾਤਮਕਤਾ ਨੇ ਰੂਹਾਨੀ ਜੀਵਨ ਦੇ ਹਰ ਪੱਖ 'ਤੇ ਆਪਣਾ ਪ੍ਰਭਾਵ ਪਾਇਆ, ਅਤੇ ਦੇਸ਼ ਦੇ ਜੀਵਨ ਦੀਆਂ ਸਾਰੀਆਂ ਨਾੜਾਂ ਵਿੱਚ ਆਪਣਾ ਗਰਮ ਖ਼ੂਨ ਦੌੜਾਇਆ, ਜਿਸਤੋਂ ਅਜਿਹੀ ਉੱਚ ਕੋਟੀ ਦੀ ਕਲਾ ਦਾ, ਕਲਮ, ਬੁਰਸ਼ ਅਤੇ ਛੈਣੀ ਦੇ ਮਹਾਨ ਉਸਤਾਦਾਂ ਦਾ ਜਨਮ ਹੋਇਆ।

ਰਾਫੇਲ ਤੋਂ ਪਹਿਲਾਂ ਦੀ ਕਲਾ ਦੀ ਚੜ੍ਹਤ ਅਤੇ ਸੁੰਦਰਤਾ ਕਲਾਕਾਰ ਦੀ ਲੋਕਾਂ ਨਾਲ਼ ਸਰੀਰਕ ਅਤੇ ਰੂਹਾਨੀ ਨੇੜਤਾ ਵਿੱਚੋਂ ਉਪਜੀ। ਅੱਜ ਦੇ ਕਲਾਕਾਰ ਬੜੀ ਆਸਾਨੀ ਨਾਲ਼ ਇਸ ਗੱਲ ਦੇ ਸਬੂਤ ਲੱਭ ਸਕਦੇ ਹਨ ਜੇਕਰ ਉਹ ਗਿਰਲੈਂਦਿਓ, ਦੋਨਾਤੈਲੋ, ਬਰੂਨਲੈਸ਼ੀ, ਅਤੇ ਉਸ ਸਮੇਂ ਦੇ—ਜਦੋਂ ਰਚਨਾਤਮਕ ਉਤੇਜਨਾ ਦੀ ਤੀਬਰਤਾ ਪਾਗਲਪਣ ਦੀ ਹੱਦ ਤੱਕ ਇੱਕ ਕੁਲੀਨ ਜਜ਼ਬਾ ਹੁੰਦਾ ਸੀ, ਅਤੇ ਕਲਾਕਾਰ ਲੋਕਾਂ ਦਾ ਆਦਰਸ਼ ਹੁੰਦਾ ਸੀ, ਨਾ ਕਿ ਕਲਾ ਦੇ ਸ੍ਰਪਰਸਤਾਂ ਦਾ ਝੋਲੀਚੁੱਕ— ਅਜਿਹੇ ਹੀ ਹੋਰ ਲੇਖਕਾਂ ਦੇ ਪਦ-ਚਿੰਨ੍ਹਾਂ 'ਤੇ ਚੱਲਣ ਦੀ ਕੋਸ਼ਿਸ਼ ਕਰਨ। 1298 ਵਿੱਚ ਫਲੋਰੈਂਸ ਦੇ ਲੋਕਾਂ ਨੇ ਆਰਨੌਲਫੋ ਡੀ ਲੈਪੋ ਨੂੰ ਇੱਕ ਗਿਰਜੇ ਦੀ ਉਸਾਰੀ ਸੰਬੰਧੀ ਇਸ ਢੰਗ ਨਾਲ਼ ਲਿਖਿਆ: "ਤੁਹਾਨੂੰ ਇੱਕ ਅਜਿਹਾ ਭਵਨ ਉਸਾਰਨਾ ਚਾਹੀਦਾ ਹੈ ਕਿ ਮਨੁੱਖੀ ਕਲਾ ਅਜਿਹੀ ਸ਼ਾਨਦਾਰ ਅਤੇ ਸੁੰਦਰ ਚੀਜ਼ ਦੀ ਕਲਪਨਾ ਵੀ ਨਾ ਕਰ ਸਕੇ, ਤੁਹਾਨੂੰ ਇਸਦੀ ਉਸਾਰੀ ਕੁਝ ਅਜਿਹੇ ਢੰਗ ਨਾਲ਼ ਕਰਨੀ ਚਾਹੀਦੀ ਹੈ ਕਿ ਇਹ ਹੈਰਾਨੀਜਨਕ ਢੰਗ ਨਾਲ਼ ਮਹਾਨ ਬਣੇ ਦਿਲ ਨਾਲ਼ ਅਨੁਕੂਲ ਹੋਵੇ, ਅਤੇ ਜਿਸ ਵਿੱਚ ਸਾਰੇ ਨਾਗਰਿਕਾਂ ਦੀਆਂ ਰੂਹਾਂ ਇੱਕ ਹੀ ਇੱਛਾ ਵਿੱਚ ਇੱਕ-ਮਿੱਕ ਹੋਈਆਂ ਹੋਣ।"

ਜਦੋਂ ਕੀਮੈਬਯੂ ਨੇ ਆਪਣੀ ਕ੍ਰਿਤ 'ਮੈਡੋਨਾ' ਸੰਪੂਰਨ ਕੀਤੀ ਤਾਂ ਉਸ ਇਲਾਕੇ ਵਿੱਚ ਇਸ ਉਤਸ਼ਾਹ ਨਾਲ਼ ਖੁਸ਼ੀਆਂ ਮਨਾਈਆਂ ਗਈਆਂ ਕਿ ਉਦੋਂ ਤੋਂ ਉਸ ਇਲਾਕੇ ਦਾ ਨਾਮ ਹੀ *Borgo Allgro* (ਰੌਣਕੀ ਮੁਹੱਲਾ) ਪੈ ਗਿਆ। ਪੁਨਰ-ਜਾਗਰਣ ਦਾ ਇਤਿਹਾਸ ਅਜਿਹੇ ਤੱਥਾਂ ਨਾਲ਼ ਭਰਿਆ ਪਿਆ ਹੈ ਜਿਹਨਾਂ ਤੋਂ ਇਹ ਪਤਾ ਚੱਲਦਾ ਹੈ ਕਿ ਉਸ ਦੌਰ ਵਿੱਚ ਕਲਾ ਇੱਕ ਅਜਿਹੀ ਚੀਜ਼ ਸੀ ਜਿਹੜੀ ਲੋਕਾਂ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕਰਦੀ ਸੀ ਅਤੇ ਜੋ ਸਿਰਫ ਲੋਕਾਂ ਲਈ ਹੀ ਹੁੰਦੀ ਸੀ। ਲੋਕ ਹੀ ਇਸਨੂੰ ਪਾਲ਼ਦੇ ਸਨ, ਇਸ ਵਿੱਚ ਆਪਣੀ ਰੂਹ ਫੂਕ ਦਿੰਦੇ ਸਨ ਅਤੇ ਆਪਣੀ ਅਮਰ, ਬੁਲੰਦ ਅਤੇ ਮਾਸੂਮ ਆਤਮਾ ਨਾਲ਼ ਭਰ ਦਿੰਦੇ ਸਨ। ਉਸ ਦੌਰ ਦਾ ਅਧਿਐਨ ਕਰਨ ਵਾਲ਼ੇ ਸਾਰੇ ਵਿਦਵਾਨਾਂ ਨੇ ਇਸ ਗੱਲ ਦੀ ਪ੍ਰੋੜ੍ਹਤਾ ਕੀਤੀ ਹੈ। ਇੱਥੋਂ ਤੱਕ ਕਿ ਜਮਹੂਰੀਅਤ ਵਿਰੋਧੀ ਮੋਨੀਏਰ ਨੇ ਵੀ ਆਪਣੀ ਕਿਤਾਬ ਦੇ ਅੰਤ ਵਿੱਚ ਇਹ ਲਿਖਿਆ ਹੈ:

"ਪੰਦਰਵੀਂ ਸਦੀ ਨੇ ਹਰ ਉਹ ਚੀਜ਼ ਕਰ ਦਿਖਾਈ ਹੈ ਜਿਹੜੀ ਕੋਈ ਮਨੁੱਖ ਕਰ ਸਕਦਾ ਸੀ। ਇਸਨੇ ਇਹ ਗੱਲ ਵੀ ਦਰਸਾਈ—ਅਤੇ ਇਸ ਨਾਲ਼ ਸਾਨੂੰ ਇੱਕ ਸਬਕ ਵੀ ਸਿਖਾਇਆ— ਕਿ ਆਪਣੇ ਹੀ ਸਰੋਤਾਂ ਤੇ ਛੱਡਿਆ, ਸਮੂਹ ਤੋਂ ਬਾਹਰ, ਆਪਣੇ ਆਪ 'ਤੇ ਹੀ ਨਿਰਭਰ ਅਤੇ ਕੇਵਲ ਆਪਣੇ ਲਈ ਹੀ ਜਿਉਂਦਾ ਮਨੁੱਖ ਕੁਝ ਵੀ ਕਰ ਸਕਣ ਤੋਂ ਅਸਮਰੱਥ ਹੈ।

"ਕਲਾ ਅਤੇ ਲੋਕ ਇਕੱਠੇ ਹੀ ਵਿਗਸਦੇ ਅਤੇ ਪ੍ਰਵਾਨ ਚੜ੍ਹਦੇ ਹਨ। ਮੇਰਾ, ਹਾਂਸ ਸਾਸ਼ ਦਾ, ਇਹ ਖਿਆਲ ਹੈ!"

ਅਸੀਂ ਦੇਖ ਸਕਦੇ ਹਾਂ ਕਿ ਅੱਜ ਦਾ ਮਨੁੱਖ ਜਿਹੜੇ ਕੰਮ ਕਰਨ ਦੇ ਯੋਗ ਹੈ ਉਹ ਕਿੰਨੇ ਮਹੱਤਵਹੀਣ ਹਨ, ਅਤੇ ਉਸਦੀ ਆਤਮਾ ਕਿੰਨੀ ਬੰਜਰ ਹੈ। ਇਹ ਗੱਲ ਸਾਨੂੰ ਭਵਿੱਖ ਦੀਆਂ ਸੰਭਾਵਨਾਵਾਂ ਬਾਰੇ ਅਤੇ ਅਤੀਤ ਤੋਂ ਸਿੱਖਿਆ ਲੈਣ ਬਾਰੇ ਸੋਚਣ ਲਈ ਅਤੇ ਉਹਨਾਂ ਕਾਰਨਾਂ ਦਾ ਪਤਾ ਲਗਾਉਣ ਲਈ ਮਜ਼ਬੂਰ ਕਰਦੀ ਹੈ, ਜਿਹੜੇ ਵਿਅਕਤੀ ਨੂੰ ਅਟੱਲ ਤਬਾਹੀ ਵੱਲ ਲਿਜਾ ਰਹੇ ਹਨ।

ਸਮਾਂ ਬੀਤਣ ਨਾਲ਼ ਮਨੁੱਖ ਬਾਕੀ ਸਾਰਿਆਂ ਨਾਲ਼ ਸੰਘਰਸ਼ ਕਰਨ ਲੱਗ ਪੈਂਦਾ ਹੈ, ਜਿਸ ਕਾਰਨ ਜੀਵਨ ਹੋਰ ਵੀ ਸਖਤ ਅਤੇ ਮੁਸ਼ਕਿਲਾਂ ਭਰਿਆ ਹੋ ਜਾਂਦਾ ਹੈ। ਇਸ ਉੱਬਲਦੇ ਵੈਰ ਕਾਰਨ ਵਿਅਕਤੀ ਵਿੱਚ ਖਾੜਕੂਪੁਣਾ ਪੈਦਾ ਹੋਣਾ ਲਾਜ਼ਮੀ ਹੋ ਜਾਂਦਾ ਹੈ, ਉਸਨੂੰ ਆਪਣੀ ਹੀ ਨਸਲ ਦੇ ਹਮਲਿਆਂ ਦਾ ਟਾਕਰਾ ਕਰਨਾ ਪੈਂਦਾ ਹੈ। ਜੇਕਰ ਵਿਅਕਤੀ ਵਿੱਚ ਕੋਈ ਰਚਨਾਤਮਕ ਤਾਂਘ ਹੈ, ਤਾਂ ਇੱਕ ਦਾ ਸਾਰਿਆਂ ਖਿਲਾਫ ਸੰਘਰਸ਼ ਉਸਨੂੰ ਇੱਕ ਅਜਿਹੀ ਥਾਂ ’ਤੇ ਲਿਆ ਖੜ੍ਹਾ ਕਰ ਦਿੰਦਾ ਹੈ ਜਿੱਥੋਂ ਉਹ ਦੁਨੀਆਂ ਸਾਹਮਣੇ ਆਪਣੀ ਆਤਮਾ ਦੀ ਸਮੁੱਚੀ ਸ਼ਕਤੀ ਅਤੇ ਕਾਵਿਕ ਪ੍ਰਤਿਭਾ ਦਾ ਦਿਖਾਵਾ ਕਰ ਸਕਦਾ ਹੈ। ਪਰ ਫੇਰ ਵੀ ਵਿਅਕਤੀ ਅਜੇ ਤੱਕ ਪ੍ਰੋਮੇਥੀਅਸ ਜਾਂ ਵਿਲੀਅਮ ਟੈੱਲ ਜਿਹੀ, ਜਾਂ ਪ੍ਰਾਚੀਨ ਸਮਿਆਂ ਦੇ ਹਰਕਿਉਲਿਸ ਦੀ ਤਾਕਤ ਅਤੇ ਸੁੰਦਰਤਾ ਦੀ ਤੁਲਨਾ ਵਿੱਚ ਇੱਕ ਵੀ ਹਸਤੀ ਪੈਦਾ ਨਹੀਂ ਕਰ ਸਕਿਆ।

ਅਨੇਕਾਂ ਮੈਨਫਰੈੱਡ ਰਚੇ ਜਾ ਚੁੱਕੇ ਹਨ, ਜਿਹਨਾਂ ਵਿੱਚੋਂ ਹਰ ਕੋਈ ਵੱਖਰੇ ਢੰਗ ਨਾਲ਼ ਇੱਕੋ ਗੱਲ ਰਟਦਾ ਹੈ—ਵਿਅਕਤੀ ਦੇ ਜੀਵਨ ਦਾ ਰਹੱਸ, ਦੁਨੀਆਂ ਵਿੱਚ ਇਕਲਾਪੇ ਕਾਰਨ ਮਨੁੱਖ ਨੂੰ ਸਹਿਣੇ ਪੈਂਦੇ ਤਸੀਹੇ, ਜਿਹੜਾ ਕਦੇ-ਕਦੇ ਬ੍ਰਹਿਮੰਡ ਵਿੱਚ ਸਾਡੀ ਧਰਤੀ ਦੇ ਉਦਾਸ ਇਕਲਾਪੇ ਦੀ ਸੋਗਮਈ ਭਾਵਨਾ ਤੱਕ ਜਾ ਅੱਪੜਦਾ ਹੈ—ਕੁਝ ਅਜਿਹੀ ਚੀਜ਼ ਜਿਹੜੀ ਬਹੁਤ ਤਰਸਯੋਗ ਲੱਗਦੀ ਹੈ ਪਰ ਜਿਸ ਵਿੱਚ ਥੋੜੀ ਬਹੁਤ ਪ੍ਰਤਿਭਾ ਦੀ ਝਲਕ ਵੀ ਪੈਂਦੀ ਹੈ। ਮੈਨਫਰੈੱਡ ਪ੍ਰੋਮੇਥੀਅਸ ਦੀ ਹੀ 19ਵੀਂ ਸਦੀ ਦੀ ਹਾਸੋ-ਹੀਣੀ ਨਕਲ ਹੈ, ਖ਼ੂਹ-ਦੇ-ਡੱਡੂ ਵਿਅਕਤੀਵਾਦੀ ਦੀ ਬਹੁਤ ਹੀ ਸ਼ਾਨਦਾਰ ਢੰਗ ਨਾਲ਼ ਬਣਾਈ ਤਸਵੀਰ ਹੈ, ਜਿਹੜਾ ਆਪਣੇ ਆਪ ਤੋਂ ਅਤੇ ਆਪਣੇ ਸਾਹਮਣੇ ਖੜੀ ਮੌਤ ਤੋਂ ਬਿਨਾਂ ਦੁਨੀਆਂ ਵਿੱਚ ਹੋਰ ਕਿਸੇ ਵੀ ਚੀਜ਼ ਨੂੰ ਮਹਿਸੂਸ ਕਰ ਸਕਣ ਦੀ ਤਾਕਤ ਤੋਂ ਵਾਂਝਾ ਹੋ ਗਿਆ ਹੈ। ਜੇ ਉਹ ਕਦੇ-ਕਦੇ ਸੰਸਾਰ ਦੇ ਦੁੱਖਾਂ ਦੀ ਗੱਲ ਕਰਦਾ ਵੀ ਹੈ, ਤਾਂ ਉਹ ਇਹਨਾਂ ਦੁੱਖਾਂ ਤੋਂ ਛੁਟਕਾਰਾ ਪਾਉਣ ਦੇ ਸੰਸਾਰ ਦੇ ਯਤਨਾਂ ਬਾਰੇ ਨਹੀਂ ਸੋਚਦਾ। ਤੇ ਜੇ ਉਸਨੂੰ ਇਸ ਦਾ ਕੋਈ ਖਿਆਲ ਆ ਵੀ ਜਾਵੇ, ਤਾਂ ਉਹ ਬਸ ਇਹੀ ਗੱਲ ਕਹਿ ਸਕਦਾ ਹੈ ਕਿ ਇਹਨਾਂ ਦੁੱਖਾਂ ਦਾ ਕੋਈ ਇਲਾਜ ਨਹੀਂ ਹੈ। ਹੋਰ ਉਹ ਕਹਿ ਵੀ ਕੀ ਸਕਦਾ ਹੈ ? ਕਿਉਂਕਿ ਇਕਲਾਪੇ ਦੀ ਮਾਰੀ ਉਸਦੀ ਆਤਮਾ ਦ੍ਰਿਸ਼ਟੀ-ਹੀਣ ਹੋ ਜਾਂਦੀ ਹੈ, ਸਮੂਹ ਦੀਆਂ ਆਪਮੁਹਾਰੀਆਂ ਸਰਗਰਮੀਆਂ ਨਹੀਂ ਦੇਖ ਸਕਦੀ, ਅਤੇ ਜਿੱਤ ਦਾ ਖਿਆਲ ਵੀ ਉਸ ਲਈ ਓਪਰਾ ਹੁੰਦਾ ਹੈ। “ਮੈਂ” ਲਈ ਆਨੰਦ ਦਾ ਬਸ ਇੱਕ ਹੀ ਸਰੋਤ ਬਚਦਾ ਹੈ—ਆਪਣੀ ਬਿਮਾਰੀ ਅਤੇ ਮੌਤ ਦੀ ਅਟੱਲਤਾ ਦਾ ਹੀ ਰਾਗ ਅਲਾਪਦਾ ਰਹੇ, ਮੈਨਫਰੈੱਡ ਤੋਂ ਸ਼ੁਰੂ ਕਰਕੇ, ਇਹ ਆਪਣੇ ਅਤੇ ਆਪਣੇ ਜਿਹੇ ਹੀ ਹੋਰ ਇਕਲਾਪੇ ਮਾਰੇ ਮਨੁੱਖਾਂ ਦੇ ਕੀਰਨੇ ਪਾਉਂਦਾ

ਰਹਿੰਦਾ ਹੈ।

ਇਸ ਕਿਸਮ ਦੀ ਕਵਿਤਾ ਨੂੰ "ਉਦਾਸੀਨ-ਦ੍ਰਿਸ਼ਟੀ (*Weltschmerz*) ਦੀ ਕਵਿਤਾ" ਕਿਹਾ ਜਾਂਦਾ ਹੈ। ਜੇ ਅਸੀਂ ਇਸਦੇ ਸਾਰ-ਤੱਤ ਵਿੱਚ ਜਾਈਏ, ਅਸੀਂ ਦੇਖਾਂਗੇ ਕਿ ਸੰਸਾਰ ਨੂੰ ਇਕੱਲੇ ਮਨੁੱਖ "ਮੈਂ" ਦੀ ਸਹਾਇਤਾ ਕਰਨ ਲਈ ਹੀ ਲਿਆਂਦਾ ਗਿਆ ਹੈ ਤਾਂ ਕਿ ਉਸਦਾ ਨੰਗੇਜ ਢਕਿਆ ਜਾ ਸਕੇ, ਮੌਤ ਦੇ ਭੈਅ ਤੋਂ ਕੰਬਦੇ ਨੂੰ ਕੋਈ ਆਸਰਾ ਮਿਲ਼ੇ, ਇਸਦੇ ਉਸ ਉੱਚੇ ਅਤੇ ਸੁਹਿਰਦ ਸ਼ਿਕਵੇ ਨੂੰ ਢੋਈ ਮਿਲ਼ੇ ਕਿ ਵਿਅਕਤੀ ਦੀ ਹੋਂਦ ਵਿਅਰਥ ਹੈ। ਜਦੋਂ ਇਹ ਖੁਦ ਨੂੰ ਆਲ਼ੇ ਦੁਆਲ਼ੇ ਦੇ ਵੱਡੇ ਅਤੇ ਜੀਵਤ ਸੰਸਾਰ ਨਾਲ਼ ਰੱਖ ਕੇ ਦੇਖਦਾ ਹੈ ਤਾਂ ਵਿਅਕਤੀ ਆਪਣੇ ਇਸ ਅਹਿਸਾਸ ਨੂੰ, ਕਿ ਹੋਂਦ ਹੁਣ ਪੂਰੀ ਤਰ੍ਹਾਂ ਵਿਅਰਥ ਹੋ ਚੁੱਕੀ ਹੈ, ਪੂਰੇ ਸੰਸਾਰ ਤੱਕ ਵਧਾ ਕੇ ਦੇਖਦਾ ਹੈ, ਆਪਣੇ ਇਕਲਾਪੇ ਬਾਰੇ ਮਾਣ ਨਾਲ਼ ਗੱਲ ਕਰਦਾ ਹੈ, ਅਤੇ ਆਪਣੀ ਤਰਸਯੋਗ ਆਤਮਾ ਦੇ ਗਿਲੇ-ਸ਼ਿਕਵਿਆਂ ਵੱਲ ਲੋਕਾਂ ਦਾ ਧਿਆਨ ਖਿੱਚਣ ਲਈ ਉਹਨਾਂ ਦੇ ਕੰਨਾਂ ਵਿੱਚ ਮੱਛਰ ਵਾਂਗ ਭਿਣਭਿਣਾਉਂਦਾ ਹੈ।

ਇਹ ਕਵਿਤਾ ਕਦੇ-ਕਦੇ ਪ੍ਰਭਾਵਸ਼ਾਲੀ ਹੁੰਦੀ ਹੈ, ਪਰ ਦੁੱਖਾਂ-ਪੀੜਾਂ ਦੀ ਇੱਕ ਸੁਹਿਰਦ ਚੀਕ ਵਾਂਗ ਹੀ। ਇਹ ਸੁੰਦਰ ਵੀ ਹੋ ਸਕਦੀ ਹੈ, ਪਰ ਕੇਵਲ ਕੋਹੜ ਵਾਂਗ ਜਿਵੇਂ ਕਿ ਫਲਾਬੇਅਰ ਨੇ ਉਸਦਾ ਚਿਤਰਣ ਕੀਤਾ ਸੀ। ਉਸ ਵਿਅਕਤੀਤਵ ਦੇ ਵਿਕਾਸ ਦੇ ਤਾਰਕਿਕ ਸਿੱਟੇ ਵਜੋਂ ਅਜਿਹੀ ਕਵਿਤਾ ਬਿਲਕੁਲ ਕੁਦਰਤੀ ਹੈ, ਜਿਸਨੇ ਜੀਵਨ ਅਤੇ ਰਚਨਾਤਮਕਤਾ ਦੇ ਇੱਕੋ-ਇੱਕ ਸੋਮੇ, ਲੋਕਾਂ ਨਾਲ਼, ਜੈਵਿਕ ਏਕਤਾ ਦੀ ਭਾਵਨਾ ਨੂੰ ਆਪਣੇ ਸੀਨੇ ਵਿੱਚ ਦਫ਼ਨ ਕਰ ਦਿੱਤਾ ਹੈ।

ਵਿਅਕਤੀਵਾਦ ਜਦੋਂ ਹੁਣ ਆਪਣੇ ਮਰਨ-ਬਿਸਤਰੇ ’ਤੇ ਪਿਆ ਹੈ, ਤਾਂ ਪੂੰਜੀਵਾਦ ਦਾ ਬੇਰਹਿਮ ਸ਼ਿਕੰਜਾ, ਆਪਣੀ ਇੱਛਾ ਦੇ ਵਿਰੁੱਧ, ਸਮੂਹ ਨੂੰ ਮੁੜ ਤੋਂ ਰਚ ਰਿਹਾ ਹੈ, ਪ੍ਰੋਲੇਤਾਰੀ ਨੂੰ ਇੱਕ ਠੋਸ ਨੈਤਿਕ ਤਾਕਤ ਵਜੋਂ ਇਕੱਠਾ ਕਰ ਰਿਹਾ ਹੈ। ਹੌਲ਼ੀ ਹੌਲ਼ੀ ਪਰ ਵਧ ਰਹੀ ਗਤੀ ਨਾਲ਼, ਇਸ ਤਾਕਤ ਨੂੰ ਇਹ ਅਹਿਸਾਸ ਹੋਣ ਲੱਗ ਪਿਆ ਹੈ ਕਿ, ਸੰਸਾਰ ਦੀ ਸਭ ਤੋਂ ਵੱਡੀ ਸਮੂਹਿਕ ਆਤਮਾ ਵਜੋਂ, ਇਹ ਇਕੱਲੀ ਹੀ ਇੱਕ ਅਜਿਹੀ ਤਾਕਤ ਹੈ ਜਿਸਨੇ ਆਜ਼ਾਦ ਤੌਰ ’ਤੇ ਜੀਵਨ ਦੀ ਰਚਨਾ ਕਰਨ ਦੀ ਜਿੰਮੇਵਾਰੀ ਨਿਭਾਉਣੀ ਹੈ।

ਵਿਅਕਤੀਵਾਦੀਆਂ ਨੂੰ ਇਸ ਤਾਕਤ ਦਾ ਉੱਭਰਨਾ ਦੁਮੇਲ ’ਤੇ ਛਾਏ ਹਨੇਰੇ ਤੂਫਾਨੀ ਬੱਦਲਾਂ ਜਿਹਾ ਹੀ ਜਾਪ ਰਿਹਾ ਹੈ। ਇਹ ਉਹਨਾਂ ਨੂੰ ਮੌਤ ਵਾਂਗ ਹੀ ਡਰਾ ਰਹੀ ਹੈ। ਕਿਉਂਕਿ ਉਹਨਾਂ ਲਈ ਇਸ ਤਾਕਤ ਦਾ ਅਰਥ ਸਮਾਜਿਕ ਮੌਤ ਹੈ। ਉਹਨਾਂ ਵਿੱਚੋਂ ਹਰ ਕੋਈ ਆਪਣੀ "ਮੈਂ" ਨੂੰ ਉਚੇਚੇ ਧਿਆਨ ਅਤੇ ਪ੍ਰਸੰਸਾ ਦਾ ਹੱਕਦਾਰ ਸਮਝਦਾ ਹੈ, ਪਰ ਪ੍ਰੋਲੇਤਾਰੀ, ਜਿਸਨੇ ਕਿ ਸੰਸਾਰ ਵਿੱਚ ਨਵੀਂ ਰੂਹ ਫੂਕਣੀ ਹੈ, ਇਹਨਾਂ "ਆਤਮਾ ਦੇ ਨਵਾਬਾਂ" ਨੂੰ ਆਪਣੇ ਧਿਆਨ ਦਾ ਦਾਨ ਬਖਸ਼ਣ ਦੀ ਇੱਛਾ ਨਹੀਂ ਰੱਖਦਾ। ਇਸ ਤੱਥ ਤੋਂ ਪੂਰੀ ਤਰ੍ਹਾਂ ਜਾਣੂ ਇਹ ਭੱਦਰ-ਪੁਰਸ਼ ਪ੍ਰੋਲੇਤਾਰੀ ਨੂੰ ਦਿਲੋਂ ਨਫਰਤ ਕਰਦੇ ਹਨ।

ਇਹਨਾਂ ਵਿੱਚੋਂ ਕੁਝ ਲੋਕ, ਜਿਹੜੇ ਜ਼ਿਆਦਾ ਚਲਾਕ ਹਨ ਅਤੇ ਜਿਹਨਾਂ ਨੂੰ ਭਵਿੱਖ ਦੀਆਂ ਸੰਭਾਵਨਾਵਾਂ ਦੀ ਸਮਝ ਹੈ, ਕਾਨੂੰਨਸਾਜਾਂ, ਪੈਗੰਬਰਾਂ ਅਤੇ ਕਮਾਂਡਰਾਂ ਦੀ ਹੈਸੀਅਤ

ਵਜੋਂ ਸਮਾਜਵਾਦੀਆਂ ਵਿੱਚ ਸ਼ਾਮਿਲ ਹੋਣਾ ਚਾਹੁਣਗੇ। ਪ੍ਰੋਲੇਤਾਰੀ ਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਅਤੇ ਉਹ ਹਰ ਹਾਲ ਵਿੱਚ ਸਮਝ ਵੀ ਲਵੇਗਾ ਕਿ, ਮਜ਼ਦੂਰ ਜਮਾਤ ਨਾਲ਼ ਚੱਲਣ ਦੀ ਉਹਨਾਂ ਦੀ ਇਸ ਤਤਪਰਤਾ ਪਿੱਛੇ ਖ਼ੂਹ-ਦੇ-ਡੱਡੂ ਦੀ ਆਪਣਾ ਵਿਅਕਤੀਤਵ ਸਥਾਪਤ ਕਰਨ ਦੀ ਸਵਾਰਥੀ ਤਾਂਘ ਕੰਮ ਕਰ ਰਹੀ ਹੈ।

ਰੂਹਾਨੀ ਭੀਖ਼ ਮੰਗਣ ਤੱਕ ਗਰਕਿਆ ਹੋਇਆ, ਵਿਰੋਧਤਾਈਆਂ ਦੇ ਜਾਲ਼ ਵਿੱਚ ਫਸਿਆ, ਅਤੇ ਟੇਕ ਲੈਣ ਲਈ ਕਿਸੇ ਨਿੱਘੇ ਖੂੰਜੇ ਦੀ ਭਾਲ਼ ਦੇ ਯਤਨਾਂ ਵਿੱਚ ਮਜ਼ਾਕ ਅਤੇ ਤਰਸ ਦਾ ਪਾਤਰ ਬਣਿਆ, ਵਿਅਕਤੀਵਾਦ ਲਗਾਤਾਰ ਟੁੱਟਦਾ ਜਾ ਰਿਹਾ ਹੈ ਅਤੇ ਇਸਦੀ ਮਾਨਸਿਕਤਾ ਵੀ ਦਿਨੋ-ਦਿਨ ਨਿੱਘਰਦੀ ਜਾ ਰਹੀ ਹੈ। ਇਹ ਗੱਲ ਮਹਿਸੂਸ ਕਰਦਿਆਂ ਅਤੇ ਨਿਰਾਸ਼ਾ ਦੇ ਬੋਝ ਹੇਠਾਂ ਦੱਬਿਆ—ਜਿਸਦਾ ਉਸਨੂੰ ਅਹਿਸਾਸ ਵੀ ਹੈ ਅਤੇ ਇਸਨੂੰ ਛੁਪਾਉਣ ਦੀ ਕੋਸ਼ਿਸ਼ ਵੀ ਕਰਦਾ ਹੈ—ਵਿਅਕਤੀਵਾਦ ਮੁਕਤੀ ਦੀ ਤਲਾਸ਼ ਵਿੱਚ ਹੜਕੰਪ ਮਚਾਉਂਦਾ ਫਿਰਦਾ ਹੈ, ਅਧਿਆਤਮਵਾਦ ਅਤੇ ਗੁਨਾਹਾਂ ਵਿੱਚ ਡੁੱਬਿਆ ਪਿਆ ਹੈ, ਰੱਬ ਦੀ ਭਾਲ਼ ਕਰਦਾ ਹੋਇਆ ਵੀ ਸ਼ੈਤਾਨ ’ਤੇ ਵਿਸ਼ਵਾਸ ਕਰਨ ਨੂੰ ਤਿਆਰ ਹੈ। ਉਸਦੀ ਇਹ ਸਾਰੀ ਤਲਾਸ਼ ਅਤੇ ਖੱਪਖਾਨਾ ਸਿਰ ’ਤੇ ਮੰਡਰਾ ਰਹੀ ਮੌਤ ਦੇ ਕੁਸ਼ਗਨ ਅਤੇ ਭੈਅ ਦਾ ਸੂਚਕ ਹੈ। ਅਜੋਕੇ ਸਮੇਂ ਦਾ ਵਿਅਕਤੀਵਾਦੀ ਬੇਚੈਨ ਗ਼ਮਗੀਨੀ ਦੇ ਪੰਜਿਆਂ ਵਿੱਚ ਫਸਿਆ ਹੋਇਆ ਹੈ। ਉਹ ਆਪਣੀ ਸਹਿਣਸ਼ੀਲਤਾ ਗੁਆ ਚੁੱਕਿਆ ਹੈ, ਜੀਵਨ ’ਤੇ ਆਪਣੀ ਪਕੜ ਬਣਾਈ ਰੱਖਣ ਦਾ ਹਰ ਯਤਨ ਕਰ ਰਿਹਾ ਹੈ, ਪਰ ਉਸਦੀ ਤਾਕਤ ਜਵਾਬ ਦੇ ਗਈ ਹੈ, ਅਤੇ ਹੁਣ ਉਸ ਕੋਲ਼ ਕੇਵਲ ਇੱਕੋ ਚੀਜ਼ ਬਚੀ ਹੈ, ਉਹ ਹੈ ਉਸਦੀ ਮੱਕਾਰੀ, ਜਿਸਨੂੰ ਕਿਸੇ ਨੇ “ਮੂਰਖਾਂ ਦੀ ਸਿਆਣਪ” ਆਖਿਆ ਹੈ। ਉਸਦੇ ਪਹਿਲਾਂ ਵਾਲ਼ੇ ਵਜੂਦ ਦਾ ਹੁਣ ਕੇਵਲ ਛਿਲਕਾ ਹੀ ਰਹਿ ਗਿਆ ਹੈ, ਰੂਹ ਦੇ ਹੰਢ ਜਾਣ ਕਾਰਨ ਅਤੇ ਜਿੰਦ ਦੀ ਪਰੇਸ਼ਾਨੀ ਦਾ ਝੰਬਿਆ ਉਹ ਕਦੇ ਸਮਾਜਵਾਦ ਨਾਲ਼ ਕਲੋਲਾਂ ਕਰਦਾ ਹੈ ਤੇ ਕਦੇ ਪੂੰਜੀਵਾਦ ਦਾ ਜੁੱਤੀਚੱਟ ਬਣਦਾ ਹੈ। ਜਦਕਿ ਉਸਨੂੰ ਆਪਣੀ ਸਮਾਜਿਕ ਮੌਤ ਦਾ ਪੂਰਵਾਭਾਸ ਹੋ ਚੁੱਕਿਆ ਹੈ ਅਤੇ ਇਹ ਡਰ ਉਸਦੀ ਤੁੱਛ ਅਤੇ ਬਿਮਾਰ “ਮੈਂ” ਦੇ ਵਿਘਟਨ ਦੀ ਪ੍ਰਕਿਰਿਆ ਨੂੰ ਹੋਰ ਤੇਜ਼ ਕਰ ਰਿਹਾ ਹੈ। ਉਸਦੀ ਨਿਰਾਸ਼ਾ ਵਾਰ-ਵਾਰ ਸਨਕੀਪੁਣੇ ਵਿੱਚ ਤਬਦੀਲ ਹੋ ਰਹੀ ਹੈ, ਅਤੇ ਵਿਅਕਤੀਵਾਦੀ ਨੇ ਮਾਨਸਿਕ ਰੋਗੀ ਵਾਂਗ ਉਹਨਾਂ ਗੱਲਾਂ ਤੋਂ ਮੁਨਕਰ ਹੋਣਾ ਅਤੇ ਉਨ੍ਹਾਂ ਨੂੰ ਤਬਾਹ ਕਰਨਾ ਸ਼ੁਰੂ ਕਰ ਦਿੱਤਾ ਹੈ, ਜਿਹਨਾਂ ਨੂੰ ਉਹ ਹਾਲੇ ਕੱਲ ਤੱਕ ਪੂਜਦਾ ਰਿਹਾ ਹੈ। ਉਸਦੇ ਨਿਰਾਸ਼ਾਵਾਦ ਦਾ ਪੂਰਾ ਅਸਰ ਉਸਨੂੰ ਅਟੱਲ ਤੌਰ ’ਤੇ ਗੁੰਡਾਗਰਦੀ ਦੀ ਮਾਨਸਿਕ ਅਵਸਥਾ ਵੱਲ ਲਿਜਾ ਰਿਹਾ ਹੈ। ਮੈਂ ਇਸ ਸ਼ਬਦ ਦੀ ਵਰਤੋਂ ਉਹਨਾਂ ਦੀ ਬੇਜ਼ਤੀ ਕਰਨ ਲਈ ਨਹੀਂ ਕਰ ਰਿਹਾ ਜਿਹੜੇ ਪਹਿਲਾਂ ਹੀ ਬੇਇੱਜ਼ਤ ਹੋ ਚੁੱਕੇ ਹਨ ਜਾਂ ਪਹਿਲਾਂ ਹੀ ਹੀਣੇ ਲੋਕਾਂ ਨੂੰ ਹੋਰ ਹੀਣੇ ਕਰਨ ਲਈ ਨਹੀਂ ਕਰ ਰਿਹਾ ਹਾਂ। ਜ਼ਿੰਦਗੀ ਇਹ ਕੰਮ ਮੇਰੇ ਨਾਲ਼ੋ ਕਿਤੇ ਜ਼ਿਆਦਾ ਕਰੜੇ-ਹੱਥੀਂ ਅਤੇ ਸਖ਼ਤੀ ਨਾਲ਼ ਕਰ ਰਹੀ ਹੈ। ਨਹੀਂ, ਗੁੰਡਾਗਰਦੀ ਤਾਂ ਵਿਅਕਤੀਤਵ ਦੇ ਮਾਨਸਿਕ ਅਤੇ ਸਰੀਰਕ ਪਤਨ ਦਾ ਸਿੱਟਾ ਹੈ ਅਤੇ ਇਸ ਨਿਘਾਰ ਦੇ ਦਰਜੇ ਦਾ ਨਿਰਵਿਵਾਦ ਸਬੂਤ ਵੀ ਹੈ। ਇਹ ਸਮਾਜਿਕ ਕੁਪੋਸ਼ਣ ਦੀ ਵਜ੍ਹਾ ਨਾਲ਼ ਪੈਦਾ ਹੋਇਆ ਦਿਮਾਗ ਦਾ ਸ਼ਾਇਦ ਕੋਈ ਪੁਰਾਣਾ ਰੋਗ ਹੈ,

ਗਿਆਨ ਇੰਦਰੀਆਂ ਨਾਲ਼ ਸੰਬੰਧਿਤ ਕੋਈ ਬਿਮਾਰੀ ਹੈ, ਜਿਹੜੀਆਂ ਸਮਾਂ ਪਾ ਕੇ ਹੋਰ ਵੀ ਨਖਿੱਧ ਅਤੇ ਫਿਕੀਆਂ ਪੈਂਦੀਆਂ ਜਾ ਰਹੀਆਂ ਹਨ ਅਤੇ ਆਲ਼ੇ-ਦੁਆਲ਼ੇ ਦੇ ਪ੍ਰਭਾਵਾਂ ਨੂੰ ਸਹੀ ਢੰਗ ਨਾਲ਼ ਗ੍ਰਹਿਣ ਕਰਨ ਤੋਂ ਅਸਮਰੱਥ ਹਨ। ਇਸਦੇ ਸਿੱਟੇ ਵਜੋਂ ਇੱਕ ਤਰ੍ਹਾਂ ਦੀ ਬੌਧਿਕ ਬੇਹੋਸ਼ੀ ਪੈਦਾ ਹੋ ਜਾਂਦੀ ਹੈ।

ਗੁੰਡਾ ਇੱਕ ਅਜਿਹਾ ਜੀਵ ਹੁੰਦਾ ਹੈ ਜਿਸ ਵਿੱਚ ਕਿਸੇ ਤਰ੍ਹਾਂ ਦੀ ਵੀ ਸਮਾਜਿਕ ਭਾਵਨਾ ਨਹੀਂ ਹੁੰਦੀ, ਜਿਹੜਾ ਆਪਣੇ ਆਲ਼ੇ-ਦੁਆਲ਼ੇ ਦੇ ਸੰਸਾਰ ਨਾਲ਼ ਕੋਈ ਨਾਤਾ ਮਹਿਸੂਸ ਨਹੀਂ ਕਰਦਾ, ਸਾਰੀਆਂ ਕਦਰਾਂ-ਕੀਮਤਾਂ ਤੋਂ ਸੱਖਣਾ ਹੁੰਦਾ ਹੈ, ਜਿਹੜਾ ਹੌਲ਼ੀ-ਹੌਲ਼ੀ ਸਵੈ-ਰੱਖਿਆ ਦੀ ਪ੍ਰਵਿਰਤੀ ਵੀ ਗੁਆ ਦਿੰਦਾ ਹੈ ਅਤੇ ਆਪਣੀ ਨਿੱਜੀ ਜ਼ਿੰਦਗੀ ਦੀ ਕੀਮਤ ਤੋਂ ਵੀ ਜਾਣੂ ਨਹੀਂ ਹੁੰਦਾ। ਉਹ ਸਹੀ ਢੰਗ ਨਾਲ਼ ਸੋਚਣ ਦੀ ਵੀ ਸਮਰੱਥਾ ਨਹੀਂ ਰੱਖਦਾ ਅਤੇ ਬੜੀ ਮੁਸ਼ਕਿਲ ਨਾਲ਼ ਹੀ ਵਿਚਾਰਾਂ ਦੀ ਲੜੀ ਜੋੜ ਸਕਦਾ ਹੈ। ਉਸਦੀ ਚਿੰਤਨ ਪ੍ਰਕਿਰਿਆ ਕੜਾਹੀ ਵਿੱਚ ਪੈਂਦੀ ਰੌਸ਼ਨੀ ਦੀ ਝਲਕ ਮਾਤਰ ਹੀ ਹੈ, ਜਿਹੜੀ ਆਲ਼ੇ ਦੁਆਲ਼ੇ ਦੇ ਇੱਕ ਛੋਟੇ ਜਿਹੇ ਹਿੱਸੇ ’ਤੇ ਆਪਣੀ ਛਿਣ-ਭੰਗਰੀ ਅਤੇ ਬਿਮਾਰ ਜਿਹੀ ਰੌਸ਼ਨੀ ਸੁੱਟ ਕੇ ਖਤਮ ਹੋ ਜਾਂਦੀ ਹੈ। ਉਸਦੀ ਪ੍ਰਭਾਵ ਕਬੂਲਣ ਦੀ ਸਮਰੱਥਾ ਰੋਗੀਆਂ ਵਰਗੀ ਹੁੰਦੀ ਹੈ, ਪਰ ਉਸਦਾ ਦ੍ਰਿਸ਼ਟੀ-ਖੇਤਰ ਤੰਗ ਹੁੰਦਾ ਹੈ ਅਤੇ ਉਸਦੀ ਸੰਸਲੇਸ਼ਣ ਦੀ ਸ਼ਕਤੀ ਨਾ ਹੋਇਆਂ ਵਰਗੀ ਹੁੰਦੀ ਹੈ। ਉਸਦੀ ਸੋਚ ਦੇ ਲੱਛਣਿਕ ਵਿਰੋਧਾਭਾਸ ਅਤੇ ਕੁਤਰਕ ਕਰਨ ਦੀ ਪ੍ਰਵਿਰਤੀ ਦਾ ਸ਼ਾਇਦ ਇਹੀ ਕਾਰਨ ਹੈ। “ਸਮੇਂ ਨੇ ਮਨੁੱਖ ਨੂੰ ਨਹੀਂ ਬਣਾਇਆ, ਮਨੁੱਖ ਨੇ ਸਮਾਂ ਬਣਾਇਆ ਹੈ।” ਇਸ ਗੱਲ ਦਾ ਉਹ ਦਾਅਵਾ ਕਰਦਾ ਹੈ, ਭਾਵੇਂ ਕਿ ਉਹ ਖੁਦ ਵੀ ਆਪਣੀਆਂ ਗੱਲਾਂ ’ਤੇ ਯਕੀਨ ਨਹੀਂ ਕਰਦਾ। “ਸੋਹਣੇ ਕੰਮਾਂ ਨਾਲ਼ੋਂ ਸੋਹਣੀਆਂ ਗੱਲਾਂ ਜ਼ਿਆਦਾ ਮਹੱਤਵਪੂਰਨ ਹਨ।” ਇਹ ਦਾਅਵਾ ਕਰਦਿਆਂ ਉਹ ਆਪਣੀ ਨਿਪੁੰਸਕਤਾ ਦੀ ਭਾਵਨਾ ’ਤੇ ਜ਼ੋਰ ਦਿੰਦਾ ਹੈ। ਉਹ ਆਪਣੀ ਸਿਧਾਂਤਕ ਅਤੇ ਸਮਾਜਿਕ ਸਥਿਤੀ ਵਿੱਚ ਵਾਪਰ ਰਹੀਆਂ ਤੀਬਰ ਤਬਦੀਲੀਆਂ ਦਾ ਮੁਜ਼ਾਹਰਾ ਕਰਦਾ ਹੈ, ਜਿਹੜਾ ਉਸਦੀ ਬਿਮਾਰ ਮਾਨਸਿਕਤਾ ਦੀ ਅਸਿਥਰਤਾ ਅਤੇ ਡਾਵਾਂ-ਡੋਲਤਾ ਦਾ ਇੱਕ ਹੋਰ ਸਬੂਤ ਹੈ। ਉਸਦਾ ਵਿਅਕਤੀਤਵ ਕੇਵਲ ਖੁਰਿਆ ਹੋਇਆ ਹੀ ਨਹੀਂ ਹੈ, ਬਲਕਿ ਅਸਾਧ ਰੂਪ ਵਿੱਚ ਟੁੱਟ ਚੁੱਕਿਆ ਹੈ। ਉਸਦਾ ਚੇਤੰਨ ਅਤੇ ਸੁਭਾਵਿਕ ਆਪਾ ਇਕਹਰੀ “ਮੈਂ” ਵਿੱਚ ਵੀ ਇੱਕ-ਮਿੱਕ ਨਹੀਂ ਹੋ ਸਕਦਾ। ਉਸਦੇ ਨਿੱਜੀ ਤਜਰਬਿਆਂ ਦੀ ਤਰਸਯੋਗ ਪੂੰਜੀ ਅਤੇ ਉਸਦੇ ਮਨ ਦੀ ਜੱਥੇਬੰਦ ਕਰ ਸਕਣ ਦੀ ਅਸਮਰੱਥਾ, ਅਜਿਹੇ ਜੀਵ ਵਿੱਚ, ਵਿਰਸੇ ’ਚ ਮਿਲ਼ੇ ਤਜਰਬਿਆਂ ਦੀ ਬਹੁਲਤਾ ਪੈਦਾ ਕਰ ਦਿੰਦੀ ਹੈ। ਇਸ ਤਰ੍ਹਾਂ ਉਹ ਹਮੇਸ਼ਾ ਆਪਣੇ ਪਿਓ-ਦਾਦਿਆਂ ਦੇ ਪਰਛਾਵੇਂ ਨਾਲ਼ ਇੱਕ ਨਿਰੰਤਰ ਪਰ ਆਲਸੀ ਅਤੇ ਨਿਕੰਮੀ ਜੱਦੋਜਹਿਦ ਵਿੱਚ ਵਿਚਰਦਾ ਰਹਿੰਦਾ ਹੈ। ਅਤੀਤ ਦੇ ਉਦਾਸ ਅਤੇ ਖੂਨਸੀ ਪਰਛਾਵੇਂ ਚੁੜੇਲਾਂ ਵਾਂਗ ਉਸਦੇ ਸਿਰ ’ਤੇ ਮੰਡਰਾਉਂਦੇ ਰਹਿੰਦੇ ਹਨ, ਉਸਨੂੰ ਕਿਸੇ ਮਾਨਸਿਕ ਰੋਗੀ ਵਾਂਗ ਉਤੇਜਨਾ ਦੀ ਸਥਾਈ ਅਵਸਥਾ ਵਿੱਚ ਰੱਖਦੇ ਹਨ, ਅਤੇ ਉਸਦੀਆਂ ਪ੍ਰਵਿਰਤੀਆਂ ਦੀਆਂ ਗਹਿਰਾਈਆਂ ਵਿੱਚੋਂ ਜੱਦੀ ਅਤੇ ਪਾਸ਼ਵਿਕ ਇੱਛਾਵਾਂ ਜਗਾਉਂਦੇ ਹਨ। ਖਿੰਡੀਆਂ-ਪੁੰਡੀਆਂ ਅਤੇ ਧੁੰਦਲੀਆਂ ਹੋ ਚੁੱਕੀਆਂ ਉਸਦੀਆਂ ਇੰਦਰੀਆਂ ਕਿਸੇ ਜ਼ੋਰਦਾਰ ਅਤੇ ਤੀਖਣ ਉਕਸਾਹਟ ਲਈ

ਬਿਲਬਿਲਾਉਂਦੀਆਂ ਰਹਿੰਦੀਆਂ ਹਨ। ਇਸੇ ਲਈ ਗੁੰਡੇ ਦਾ ਝੁਕਾਅ ਹਮੇਸ਼ਾ ਕਾਮੁਕ-ਵਿਕਾਰਾਂ, ਭੋਗਵਿਲਾਸ ਅਤੇ ਜਿਨਸੀ ਅਵੈੜ (Sadism) ਵੱਲ ਹੀ ਰਹਿੰਦਾ ਹੈ। ਆਪਣੀ ਨਿਪੁੰਸਕਤਾ ਦਾ ਅਹਿਸਾਸ ਉਸਨੂੰ ਜੀਵਨ ਦੁਆਰਾ ਪੇਸ਼ ਕੀਤੀਆਂ ਮੰਗਾਂ ਨੂੰ ਹੋਰ ਵਧੇਰੇ ਨਫ਼ਰਤ ਕਰਨ ਲਈ ਮਜ਼ਬੂਰ ਕਰ ਦਿੰਦਾ ਹੈ। ਇਹ ਰਾਹ ਉਸਨੂੰ ਸਰਵ-ਖੰਡਨਵਾਦ ਅਤੇ ਕੌੜੇ ਰੋਸ ਵੱਲ ਲੈ ਜਾਂਦਾ ਹੈ ਜਿਸ ਨਾਲ਼ ਉਸਦੀ ਸਮਾਜਿਕ ਨੈਤਿਕ ਸੂਝ ਖਤਮ ਹੋ ਜਾਂਦੀ ਹੈ, ਜਿਹੜੀ ਕਿਸੇ ਗੁੰਡੇ ਦੀ ਖਾਸੀਅਤ ਹੁੰਦੀ ਹੈ।

ਇਹ ਉਹ ਵਿਅਕਤੀ ਹੈ ਜਿਹੜਾ ਆਪਣੀ ਸਾਰੀ ਜ਼ਿੰਦਗੀ ਪਾਗਲਪਣ ਵਿੱਚ ਹੀ ਗੁਜ਼ਾਰ ਦਿੰਦਾ ਹੈ। ਸਮਾਜਿਕ ਤੌਰ 'ਤੇ ਉਹ ਛੂਤ ਦੀਆਂ ਬਿਮਾਰੀਆਂ ਦੇ ਜਰਾਸੀਮਾਂ ਨਾਲ਼ੋਂ ਵੀ ਕਿਤੇ ਜ਼ਿਆਦਾ ਖਤਰਨਾਕ ਹੁੰਦਾ ਹੈ। ਉਹ ਨੈਤਿਕ ਲਾਗ ਦਾ ਸਰੋਤ ਹੁੰਦਾ ਹੈ ਅਤੇ ਖਤਰਨਾਕ ਰੋਗਾਣੂਆਂ ਨੂੰ ਖਤਮ ਕਰਨ ਵਾਲ਼ੇ ਕਿਸੇ ਵੀ ਤਰੀਕੇ ਨਾਲ਼ ਉਸਦਾ ਖਾਤਮਾ ਨਹੀਂ ਕੀਤਾ ਜਾ ਸਕਦਾ।

ਉਸਦੀ ਕੁਢੱਬੀ ਸੋਚ ਅਤੇ ਉਸਦੀਆਂ ਅਜੀਬ ਤੇ ਅਕਸਰ ਘ੍ਰਿਣਤ ਹਰਕਤਾਂ ਦੀ ਤਹਿ ਹੇਠਾਂ ਸੰਸਾਰ ਅਤੇ ਲੋਕਾਂ ਪ੍ਰਤੀ ਵੈਰ-ਭਾਵ, ਸੁਭਾਵਕ ਪਰ ਨਿਪੁੰਸਕ ਦੁਸ਼ਮਣੀ, ਅਤੇ ਇੱਕ ਰੋਗੀ ਦੀ ਨਿਰਾਸ਼ਾ ਕੰਮ ਕਰ ਰਹੀ ਹੁੰਦੀ ਹੈ। ਉਸਦਾ ਸਹਿਜ-ਗਿਆਨ ਤਰੁੱਟੀਪੂਰਣ ਹੁੰਦਾ ਹੈ, ਅਤੇ ਇਸ ਲਈ ਉਹ ਬੜੀ ਮੁਸ਼ਕਿਲ ਨਾਲ਼ ਖੁਦ ਨੂੰ ਘਸੀਟ-ਘਸੀਟ ਕੇ ਤੁਰਦਾ ਹੈ ਅਤੇ ਜ਼ਿੰਦਗੀ ਦੇ ਕਾਫਲੇ ਤੋਂ ਬਹੁਤ ਪਿੱਛੇ ਰਹਿ ਜਾਂਦਾ ਹੈ। ਉਹ ਰਾਸਤਾ ਭੁੱਲ ਗਿਆ ਹੈ ਅਤੇ ਉਸਨੂੰ ਲੱਭਣ ਦੀ ਸਮਰੱਥਾ ਉਸ ਵਿੱਚ ਨਹੀਂ ਹੈ। ਕੋਈ ਉਸਦੀਆਂ ਚੀਕਾਂ ਨਹੀਂ ਸੁਣਦਾ ਕਿਉਂਕਿ ਉਹ ਬਹੁਤ ਕਮਜ਼ੋਰ ਹਨ। ਉਸਦੇ ਵਾਕ ਕੁਢੱਬੇ ਹਨ ਅਤੇ ਲਫਜ਼ ਪੀਲ਼ੇ-ਭੂਕ ਪੈ ਚੁੱਕੇ ਹਨ। ਉਸਦੀਆਂ ਬੇਨਤੀਆਂ ਵਿਅਰਥ ਹਨ, ਕਿਉਂਕਿ ਉਹਨਾਂ ਨੂੰ ਸੁਣਨ ਵਾਲ਼ੇ ਵੀ ਉਸੇ ਵਰਗੇ ਹਨ, ਉਸੇ ਵਾਂਗ ਨਿਪੁੰਸਕ ਅਤੇ ਨੀਮ-ਪਾਗਲ। ਉਸੇ ਵਾਂਗ ਉਹ ਵੀ ਕਿਸੇ ਦੀ ਮੱਦਦ ਨਹੀਂ ਕਰ ਸਕਦੇ ਅਤੇ ਕਰਨਗੇ ਵੀ ਨਹੀਂ। ਉਸੇ ਵਾਂਗ ਉਹ ਵੀ ਜ਼ਹਿਰੀਲੇ ਹਨ, ਅੱਗੇ ਲੰਘ ਗਿਆਂ ਦੀਆਂ ਪੈੜਾਂ 'ਤੇ ਥੁੱਕਦੇ ਹਨ, ਜਿਸ ਗੱਲ ਦੀ ਉਹਨਾਂ ਨੂੰ ਸਮਝ ਨਹੀਂ ਪੈਂਦੀ ਉਸਦੀਆਂ ਬਦਖੋਈਆਂ ਕਰਦੇ ਹਨ ਅਤੇ ਹਰ ਉਸ ਚੀਜ਼ ਦਾ ਮਖੌਲ ਉਡਾਉਂਦੇ ਹਨ ਜਿਹੜੀ ਉਹਨਾਂ ਦੀ ਦੋਖੀ ਹੈ—ਹਰ ਉਸ ਚੀਜ਼ ਦਾ ਜਿਹੜੀ ਸਰਗਰਮ ਹੈ, ਰਚਨਾਤਮਕਤਾ ਦੇ ਜੋਸ਼ ਵਿੱਚ ਰੰਗੀ ਹੋਈ ਹੈ, ਸੰਸਾਰ ਨੂੰ ਅਮਲਾਂ ਦੀ ਲਿਸ਼ਕ ਨਾਲ਼ ਸ਼ਿੰਗਾਰਦੀ ਹੈ, ਅਤੇ ਭਵਿੱਖ ਵਿੱਚ ਵਿਸ਼ਵਾਸ ਦੀ ਅਗਨ ਨਾਲ਼ ਮਘਦੀ ਹੈ। ਜਿਵੇਂ ਕਿ ਸੋਫ਼ੀਆ ਪਿਸਤਿਸ ਨੇ ਕਿਹਾ ਹੈ "ਅਗਨ ਉਹ ਦੇਵਤਾ ਹੈ ਜਿਹੜਾ ਨਾਸ਼ਵਾਨ ਜਨੂੰਨ ਨੂੰ ਸਾੜ ਸੁੱਟਦਾ ਹੈ ਅਤੇ ਸੁੱਚੀ ਰੂਹ ਨੂੰ ਰੁਸ਼ਨਾਉਂਦਾ ਹੈ।"

2

ਉਮੀਦ ਹੈ ਕਿ ਨੇੜੇ ਭਵਿੱਖ ਵਿੱਚ ਕੋਈ ਹਿੰਮਤੀ ਅਤੇ ਇਮਾਨਦਾਰ ਲੇਖਕ 'ਵਿਅਕਤੀਤਵ ਦੇ ਵਿਘਟਨ' ਬਾਰੇ ਕੋਈ ਉਦਾਸ ਕਰਨ ਵਾਲ਼ੀ ਕਿਤਾਬ ਲਿਖੇਗਾ। ਇੱਕ

ਅਜਿਹੀ ਕਿਤਾਬ ਜਿਹੜੀ ਮਨੁੱਖ ਦੀ ਰੂਹਾਨੀ ਕੰਗਾਲੀ ਅਤੇ "ਮੈਂ" ਦੇ ਬੇਕਿਰਕ ਸੁੰਗੜਦੇ ਜਾਣ ਦੀ ਨਿਰੰਤਰ ਪ੍ਰਕਿਰਿਆ ਦਾ ਸਾਫ-ਸਪਸ਼ਟ ਚਿਤਰਣ ਕਰਦੀ ਹੋਵੇ।

ਇਸ ਪ੍ਰਕਿਰਿਆ ਵਿੱਚ 19ਵੀਂ ਸਦੀ ਨੇ ਫੈਸਲਾਕੁਨ ਭੂਮਿਕਾ ਨਿਭਾਈ ਹੈ, ਜਿਹੜੀ ਸੰਸਾਰ ਖੂਹ-ਦੇ-ਡੱਡੂਪੁਣੇ ਦੀ ਮਾਨਸਿਕ ਸੰਤੁਲਨ ਦੀ ਕਸਵੱਟੀ ਸੀ ਅਤੇ ਜਿਸਨੇ ਇਸਦੀਆਂ ਰਚਨਾਤਮਕ ਸ਼ਕਤੀਆਂ ਦੀ ਘਾਟ ਨੂੰ ਪੂਰੀ ਤਰ੍ਹਾਂ ਪ੍ਰਗਟ ਕੀਤਾ ਸੀ।

ਤਕਨੀਕ ਦਾ ਵਿਕਾਸ ? ਯਕੀਨਨ, ਇਹ ਇੱਕ ਮਹਾਨ ਕਾਰਜ ਸੀ। ਫਿਰ ਵੀ ਤਕਨੀਕ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਇਹ "ਆਪਣੇ ਆਪ 'ਤੇ ਨਿਰਭਰ" ਸੀ, ਕਿਉਂਕਿ ਇਹ ਵਿਅਕਤੀਗਤ ਨਹੀਂ ਸਮੂਹਿਕ ਯਤਨਾਂ ਦਾ ਸਿੱਟਾ ਸੀ। ਇਹ ਫੈਕਟਰੀਆਂ ਵਿੱਚ ਤੇ ਮਜ਼ਦੂਰਾਂ ਦਰਮਿਆਨ ਵਧੀ-ਫੁੱਲੀ ਅਤੇ ਵਿਕਸਤ ਹੋਈ ਹੈ। ਦਫਤਰਾਂ ਵਿੱਚ ਕੇਵਲ ਸਮੂਹ ਦੁਆਰਾ ਹਾਸਿਲ ਕੀਤੇ ਤੱਥਾਂ ਨੂੰ—ਲੋਕਾਂ ਦੇ ਤਜ਼ਰਬਿਆਂ ਨੂੰ— ਇਕੱਠਾ ਕਰਨ ਅਤੇ ਜੱਥੇਬੰਦ ਕਰਨ ਦਾ ਹੀ ਕੰਮ ਹੁੰਦਾ ਹੈ। ਇਹਨਾਂ ਲੋਕਾਂ ਕੋਲ਼ ਆਪਣੇ ਨਿਰੀਖਣ ਅਤੇ ਗਿਆਨ ਨੂੰ ਸਮੇਟ ਕੇ ਉਸਦਾ ਨਿਚੋੜ ਕੱਢਣ ਦਾ ਸਮਾਂ ਨਹੀਂ ਹੁੰਦਾ, ਅਤੇ ਇਸ ਲਈ ਆਪਣੇ ਤਜ਼ਰਬਿਆਂ ਦੀ ਦੌਲਤ ਹੋਰਾਂ ਨੂੰ ਸੌਂਪਣ ਲਈ ਮਜ਼ਬੂਰ ਹੁੰਦੇ ਹਨ। ਕੁਦਰਤ ਵਿਗਿਆਨ ਦੀਆਂ ਲੱਭਤਾਂ, ਜਿਹੜੀਆਂ ਤਕਨੀਕ ਦੇ ਵਿਕਾਸ ਦਾ ਹੀ ਸਾਰ ਹਨ, ਕੇਵਲ ਕਹਿਣ ਨੂੰ ਹੀ ਵਿਅਕਤੀਆਂ ਦੀ ਪ੍ਰਾਪਤੀਆਂ ਹਨ। ਜ਼ਰਾ ਸੋਚੋ, ਪਦਾਰਥ ਦੀ ਸੰਰਚਨਾ ਦੇ ਖੇਤਰ ਵਿੱਚ ਪਿੱਛੇ ਜਿਹੇ ਹੀ ਹੋਈਆਂ ਖੋਜਾਂ ਦਾ ਸਮੂਹਿਕ ਲੱਛਣ ਕਿਵੇਂ ਸਾਕਾਰ ਰੂਪ ਵਿੱਚ ਪ੍ਰਗਟ ਹੋਇਆ ਹੈ! ਕੁਦਰਤ ਵਿਗਿਆਨ ਦੀਆਂ ਪ੍ਰਾਪਤੀਆਂ ਨੂੰ ਜਮੂਹਰੀਅਤ ਵਿਰੋਧੀ ਰੰਗ-ਰੂਪ ਦੇਣ ਦੀਆਂ ਵਿਅਕਤੀਵਾਦ ਦੀਆਂ ਲਗਾਤਾਰ ਕੋਸ਼ਿਸ਼ਾਂ ਦੇ ਬਾਵਜੂਦ ਵੀ ਕੁਦਰਤ ਵਿਗਿਆਨ ਅਜੇ ਤੱਕ ਸਮੂਹਿਕ ਰੂਪ ਵਿੱਚ ਰਚੇ ਇਸ ਤੱਤ ਨੂੰ ਵਿਗਾੜਨ ਦੇ ਇਹਨਾਂ ਯਤਨਾਂ ਅੱਗੇ ਝੁਕਿਆ ਨਹੀਂ ਹੈ। ਸਗੋਂ ਇਸਦੇ ਉਲਟ ਇਹ ਅਦਵੈਤਵਾਦੀ ਲਾਈਨ 'ਤੇ ਵਿਕਸਤ ਹੁੰਦਿਆਂ ਹੌਲ਼ੀ-ਹੌਲ਼ੀ ਸਮਾਜਵਾਦ ਦੀ ਡੂੰਘੀ ਅਤੇ ਬਲਵਾਨ ਨੀਂਹ ਧਰ ਰਿਹਾ ਹੈ। ਇਹ ਇੱਕ ਅਜਿਹਾ ਤੱਥ ਹੈ ਜਿਹੜਾ ਬੁਰਜੂਆਜ਼ੀ ਦੇ ਕੁਦਰਤ ਵਿਗਿਆਨ ਤੋਂ ਅਧਿਆਤਮਵਾਦ ਵੱਲ ਮੁੜਨ ਦੀ ਵਿਆਖਿਆ ਕਰ ਸਕਦਾ ਹੈ।

ਮਾਲਿਕ-ਜਮਾਤਾਂ ਹਮੇਸ਼ਾ ਹੀ ਗਿਆਨ ਦੀ ਅਜਾਰੇਦਾਰੀ ਕਰਨ ਦੇ ਯਤਨ ਕਰਦੀਆਂ ਰਹੀਆਂ ਹਨ, ਅਤੇ ਲੋਕਾਂ ਤੱਕ ਪਹੁੰਚਣ ਤੋਂ ਇਸਨੂੰ ਹਰ ਢੰਗ ਨਾਲ਼ ਰੋਕਦੀਆਂ ਰਹੀਆਂ ਹਨ। ਲੋਕਾਂ ਤੱਕ ਇਹ ਕੇਵਲ ਕੁਝ ਨਿਤਾਰੇ ਹੋਏ ਵਿਚਾਰ ਹੀ ਪਹੁੰਚਣ ਦਿੰਦੀਆਂ ਸਨ, ਤੇ ਉਹ ਵੀ ਉਹਨਾਂ 'ਤੇ ਆਪਣੀ ਸੱਤਾ ਨੂੰ ਪੱਕੇ ਪੈਰੀਂ ਕਰਨ ਦੇ ਔਜ਼ਾਰ ਵਜੋਂ ਹੀ। 19ਵੀਂ ਸਦੀ ਨੇ ਇਸ ਤਬਾਹਕੁਨ ਨੀਤੀ ਦਾ ਪਰਦਾਫਾਸ਼ ਕੀਤਾ ਅਤੇ ਯੂਰਪ ਦੀ ਬੌਧਿਕ ਊਰਜਾ ਦੀ ਕੰਗਾਲੀ ਨੂੰ ਨੰਗਾ ਕੀਤਾ। ਬੁਰਜੂਆਜ਼ੀ ਨੇ ਸਨਅਤ ਅਤੇ ਵਪਾਰ ਦੇ ਵਿਕਾਸ ਲਈ ਬੇਹੱਦ ਯਤਨ ਕੀਤੇ ਸਨ, ਜਿਹਨਾਂ ਵਿੱਚ ਉਹਨਾਂ ਨੇ ਸਪਸ਼ਟ ਤੌਰ 'ਤੇ ਆਪਣੀ ਰੂਹਾਨੀ ਤਾਕਤਾਂ ਦਾ ਸਮੁੱਚਾ ਭੰਡਾਰ ਝੋਕ ਦਿੱਤਾ। ਇਹ ਗੱਲ ਤਾਂ ਹੁਣ ਸਾਫ ਹੈ ਕਿ ਬੁਰਜੂਆਜ਼ੀ ਦੀ ਨੈਤਿਕ ਤੰਦ ਟੁੱਟ ਚੁੱਕੀ ਹੈ।

ਵਿਗਿਆਨ ਤੱਕ ਲੋਕਾਂ ਨੂੰ ਪਹੁੰਚ ਕਰਨ ਦੀ ਆਗਿਆ ਨਹੀਂ ਸੀ। ਪਹੁੰਚ ਜਿਹੜੀ ਕਿ ਜ਼ਿੰਦਗੀ ਲਈ ਸੰਘਰਸ਼ ਦੀ ਬਹੁ-ਪੱਖੀ ਸਫਲਤਾ ਲਈ ਲੋੜੀਂਦੀ ਹੁੰਦੀ ਹੈ। ਇਹ ਸਭ ਇਸ ਲਈ ਕੀਤਾ ਗਿਆ ਕਿਉਂਕਿ ਉਹਨਾਂ ਨੂੰ ਇਸ ਗੱਲ ਦਾ ਡਰ ਮਾਰਦਾ ਸੀ ਕਿ ਗਿਆਨ ਨਾਲ਼ ਲੈੱਸ ਲੋਕ ਕੰਮ ਕਰਨ ਤੋਂ ਇਨਕਾਰ ਕਰ ਦੇਣਗੇ। ਰੂਹਾਨੀ ਊਰਜਾ ਨੂੰ ਸਮੁੱਚੇ ਤੌਰ ’ਤੇ ਉੱਚਾ ਚੁੱਕਣ ਲਈ ਕੋਈ ਸਾਰੋਕਾਰ ਨਹੀਂ ਦਿਖਾਇਆ ਗਿਆ। ਜਿਸ ਕਾਰਨ, ਖ਼ੂਹ-ਦੇ-ਡੱਡੂ ਵਿੱਚ, ਰਚਨਾਤਮਕ ਸ਼ਕਤੀਆਂ ਦੀ ਘਾਟ ਉਸਦੀਆਂ ਇਹਨਾਂ ਸ਼ਕਤੀਆਂ ਦੇ ਗੁਣਾਂ ਨੂੰ ਤੀਬਰ ਪਤਨ ਵੱਲ ਲੈ ਗਈ।

ਜੀਵਨ ਪਹਿਲਾਂ ਨਾਲ਼ੋਂ ਕਿਤੇ ਵਧੇਰੇ ਗੁੰਝਲਦਾਰ ਅਤੇ ਕਠਿਨ ਹੋ ਗਿਆ ਸੀ। ਹਰ ਨਵੇਂ ਦਹਾਕੇ ਦੇ ਆਉਣ ਨਾਲ਼ ਤਕਨੀਕ ਜੀਵਨ ਦੀ ਚਾਲ ਨੂੰ ਹੋਰ ਤੇਜ਼ ਕਰ ਦਿੰਦੀ ਸੀ। ਜੋ ਉਹ ਅਜੇ ਵੀ ਕਰ ਰਹੀ ਹੈ ਅਤੇ ਕਰਦੀ ਰਹੇਗੀ। ਹਰ ਨਵਾਂ ਵਪਾਰ ਉੱਚੀ ਪਦਵੀ ’ਤੇ ਬੈਠੇ ਵਿਅਕਤੀ ਕੋਲੋਂ ਦਿਨ-ਬ-ਦਿਨ ਹੋਰ ਵੱਡੇ ਯਤਨਾਂ ਦੀ ਮੰਗ ਕਰਦਾ ਸੀ। ਪਿਛਲੀ ਸਦੀ ਦੇ ਸ਼ੁਰੂਆਤੀ ਸਾਲਾਂ ਦੌਰਾਨ ਨਿੱਕ-ਬੁਰਜੂਆਜ਼ੀ, ਜਿਸਨੇ ਕੁਲੀਨ ਰਾਜ ਦੀਆਂ ਹੱਥਕੜੀਆਂ ਅਜੇ ਹੁਣੇ ਹੀ ਲਾਹ ਕੇ ਸੁੱਟੀਆਂ ਸਨ, ਸੰਤੋਖਜਨਕ ਹੱਦ ਤੱਕ ਤਾਜ਼ਾ-ਦਮ, ਸ਼ਕਤੀਸ਼ਾਲੀ ਅਤੇ ਆਪਣੇ ਦਮ ’ਤੇ ਸੰਘਰਸ਼ ਲੜਨ ਦੇ ਕਾਬਿਲ ਸੀ, ਕਿਉਂਕਿ ਸਨਅਤ ਅਤੇ ਵਪਾਰ ਦੀਆਂ ਹਾਲਤਾਂ ਐਨੀਆਂ ਤਕੜੀਆਂ ਨਹੀਂ ਸਨ ਕਿ ਉਹ ਵਿਅਕਤੀ ਦੀ ਤਾਕਤ ਅੱਗੇ ਟਿਕ ਸਕਦੀਆਂ। ਤਕਨੀਕ, ਮੁਕਾਬਲੇ ਅਤੇ ਬੁਰਜੂਆਜੀ ਦੇ ਲਾਲਚ ਦੇ ਵਧਣ ਨਾਲ਼, ਖ਼ੂਹ-ਦੇ-ਡੱਡੂ ਦੀ ਸਰਵਉੱਚਤਾ ਦੀ ਭਾਵਨਾ ਅਤੇ ਸੋਨੇ ਤੇ ਸੰਗੀਨਾਂ ਦੀ ਮੱਦਦ ਨਾਲ਼ ਹਮੇਸ਼ਾ ਲਈ ਇਸ ਸਰਵਉੱਚਤਾ ਨੂੰ ਪੱਕੇ ਪੈਰੀਂ ਕਰਨ ਦੀ ਉਸਦੀ ਤਾਂਘ ਦੇ ਵਿਕਸਤ ਹੋਣ ਨਾਲ਼, ਅਤੇ ਉਤਪਾਦਨ ਦੇ ਖੇਤਰ ਵਿੱਚ ਅਰਾਜਕਤਾ ਦੇ ਲਾਜ਼ਮੀ ਵਾਧੇ ਨਾਲ਼—ਜਿਸਨੇ ਇਹਨਾਂ ਸਮੱਸਿਆਵਾਂ ਦਾ ਹੱਲ ਹੋਰ ਵੀ ਕਠਿਨ ਕਰ ਦਿੱਤਾ—ਵਿਅਕਤੀ ਦੀ ਸਮਰੱਥਾ ਅਤੇ ਉਸ ’ਤੇ ਪਈਆਂ ਮੰਗਾਂ ਵਿਚਲਾ ਪਾੜਾ ਹੋਰ ਵੀ ਚੌੜਾ ਹੋ ਗਿਆ। ਹੱਦੋਂ ਵੱਧ ਵਰਤੋਂ ਕਾਰਨ ਉਸਦੀਆਂ ਗਿਆਨ ਇੰਦਰੀਆਂ ਠੁੱਸ ਹੋ ਗਈਆਂ ਹਨ, ਬੁੱਧੀ ਨੂੰ ਇੱਕ ਹੀ ਪਾਸੇ ਲਾਈ ਰੱਖਣ ਕਾਰਨ ਇਸਦਾ ਸੰਤੁਲਨ ਵਿਗੜ ਗਿਆ ਹੈ। ਇਸ ਦੀ ਵਜ੍ਹਾ ਨਾਲ਼, ਅਸੀਂ ਦੇਖ ਸਕਦੇ ਹਾਂ, ਕਿ ਕਿਵੇਂ ਬੁਰਜੂਆਜੀ ਵਿੱਚ ਨਸਤੰਤਰ-ਵਿਕਾਰ ਅਤੇ ਅਪਰਾਧ ਵਧ ਰਿਹਾ ਹੈ ਅਤੇ ਕਿਵੇਂ ਬੁਰਜੂਆਜੀ ਦੀ ਤੀਜੀ ਪੀੜ੍ਹੀ ਵਿੱਚ ਹੀ ਨਮੂਨੇਦਾਰ ਪਤਿਤ ਲੋਕ ਸਾਹਮਣੇ ਆ ਰਹੇ ਹਨ। ਇਹ ਨਿਘਾਰ ਰੂਸ ਅਤੇ ਅਮਰੀਕਾ ਦੇ ਬੁਰਜੂਆ ਪਰਿਵਾਰਾਂ ਵਿੱਚ ਆਮ ਹੀ ਦੇਖਣ ਨੂੰ ਮਿਲ਼ਦਾ ਹੈ। ਤੀਬਰ ਬੁਰਜੂਆ ਵਿਕਾਸ ਵਿੱਚ ਇਹਨਾਂ ਇਤਿਹਾਸਕ ਤੌਰ ’ਤੇ ਜਵਾਨ ਦੇਸ਼ਾਂ ਨੇ ਵਿੱਤੀ ਅਤੇ ਸਨਅਤੀ ਬੁਰਜੂਆਜ਼ੀ ਅੰਦਰ ਪਾਗਲਪਣ ਬਹੁਤ ਵੱਡੀ ਮਾਤਰਾ ਵਿੱਚ ਪੈਦਾ ਕੀਤਾ ਹੈ। ਇਹ ਸ਼ਾਇਦ ਤਸੱਲੀਬਖਸ਼ ਇਤਿਹਾਸਕ ਸਿਖਲਾਈ ਦੀ ਘਾਟ ਨੂੰ ਹੀ ਪ੍ਰਤੀਬਿੰਬਤ ਕਰਦਾ ਹੈ, ਲੋਕ ਪੂੰਜੀ ’ਤੇ ਸਵਾਰ ਹੋਣ ਵਿੱਚ ਨਾਕਾਮ ਸਿੱਧ ਹੋਏ, ਜਿਹੜੀ ਉਹਨਾਂ ਕੋਲ਼ ਤਾਕਤ ਨਾਲ਼ ਪੂਰੀ ਤਰ੍ਹਾਂ ਲੈੱਸ ਹੋ ਕੇ ਆਈ ਸੀ ਅਤੇ ਜਿਸਨੇ ਉਹਨਾਂ ਨੂੰ ਗੁਲਾਮ ਬਣਾ ਲਿਆ ਤੇ ਤੇਜ਼ੀ ਨਾਲ਼ ਉਹਨਾਂ ਦੀ ਅਪ੍ਰੌੜ ਤਾਕਤ ਚੂਸ ਲਈ। ਜੇਕਰ ਮਨੁੱਖ ਕਿਸੇ ਇੱਕ

ਖੇਤਰ ਵਿੱਚ ਹੀ ਮੁਹਾਰਤ ਹਾਸਿਲ ਕਰਦਾ ਹੈ ਤਾਂ ਉਸਨੂੰ ਆਪਣੀ ਆਤਮਾ ਦੇ ਵਿਕਾਸ ਨੂੰ ਸੀਮਤ ਕਰਨਾ ਪੈਂਦਾ ਹੈ, ਪਰ ਬੁਰਜੂਆ ਕੋਲ਼ ਇਸ ਤੋਂ ਬਿਨਾਂ ਹੋਰ ਕੋਈ ਚਾਰਾ ਵੀ ਨਹੀਂ ਸੀ। ਜੇਕਰ ਉਸਨੇ ਜਿਉਣਾ ਹੈ ਤਾਂ ਉਸਨੂੰ ਹਰ ਹਾਲ ਵਿੱਚ ਆਪਣਾ ਕਦੇ-ਨਾ-ਬਦਲਣ-ਵਾਲ਼ਾ ਜਾਲ਼ਾ ਬੁਣਦੇ ਰਹਿਣਾ ਪੈਣਾ ਹੈ। ਅਰਾਜਕਤਾ ਬੁਰਜੂਆ ਰਚਨਾਤਮਕਤਾ ਦਾ ਜਾਣਿਆ-ਪਛਾਣਿਆ ਅਤੇ ਨਿਰਵਿਵਾਦ ਨਤੀਜਾ ਹੈ। ਰੂਹ ਦੀ ਜੋਤ ਨੂੰ ਮੱਠਾ ਪਾਉਣ ਦੀ ਜ਼ਿੰਮੇਵਾਰ ਇਹੀ ਅਰਾਜਕਤਾ ਹੈ, ਅਤੇ ਰੂਹ ਇਸਨੂੰ ਦਿਨੋ ਦਿਨ ਵਧੇਰੇ ਤਿੱਖੇਪਣ ਨਾਲ਼ ਮਹਿਸੂਸ ਕਰ ਰਹੀ ਹੈ।

ਜਿੱਥੇ ਪੂੰਜੀ ਬੁਰਜੂਆਜੀ ਦੀ ਰਹਿੰਦੀ-ਖੂੰਹਦੀ ਬੌਧਿਕ ਤਾਕਤ ਨੂੰ ਵੀ ਖਤਮ ਕਰ ਰਹੀ ਹੈ, ਉੱਥੇ ਹੀ ਇਹ ਕਿਰਤੀ ਲੋਕਾਂ ਨੂੰ ਜੱਥੇਬੰਦ ਕਰ ਰਹੀ ਹੈ ਅਤੇ ਬੁਰਜੂਆਜ਼ੀ ਸਾਹਮਣੇ ਇੱਕ ਨਵੀਂ ਦੁਸ਼ਮਣਾਨਾ ਤਾਕਤ—ਸਮਾਜਵਾਦੀ ਪਾਰਟੀ—ਖੜੀ ਕਰ ਰਹੀ ਹੈ। ਹੋਰਨਾਂ ਕਾਰਕਾਂ ਨਾਲ਼ੋਂ ਜ਼ਿਆਦਾ, ਇਹ ਦੁਸ਼ਮਣ ਪੂੰਜੀਵਾਦੀਆਂ ਨੂੰ ਸਮੂਹ ਦੀ ਤਾਕਤ ਦਾ ਅਹਿਸਾਸ ਕਰਵਾ ਰਿਹਾ ਹੈ ਅਤੇ ਸੰਘਰਸ਼ ਵਿੱਚ ਨਵੇਂ ਦਾਅਪੇਚ, ਜਿਵੇਂ ਕਿ ਟਰੱਸਟ ਅਤੇ ਤਾਲ਼ਾਬੰਦੀ, ਅਪਣਾਉਣ ਲਈ ਮਜ਼ਬੂਰ ਕਰ ਰਿਹਾ ਹੈ।

ਜੋ ਵੀ ਹੈ, ਪੂੰਜੀਵਾਦੀ ਜੱਥੇਬੰਦੀਆਂ ਵਿਅਕਤੀਤਵ ਨੂੰ ਹਰ ਹਾਲ ਵਿੱਚ ਸੁੰਗੇੜਦੀਆਂ ਹਨ, ਵਿਅਕਤੀਵਾਦੀ ਅਕਾਂਖਿਆਵਾਂ ਨੂੰ ਆਪਣੇ ਟੀਚਿਆਂ ਦੇ ਅਧੀਨ ਕਰਦੇ ਹੋਏ ਉਹ ਇੱਕ ਗੈਰ-ਸਰਗਰਮ ਮਾਨਸਿਕਤਾ ਨੂੰ ਪਾਲ਼ਦੀਆਂ ਹਨ।

ਇੱਕ ਅਮਰੀਕੀ ਲੱਖਪਤੀ ਗਾਉਲਡ ਨੇ ਠੀਕ ਹੀ ਕਿਹਾ ਸੀ ਕਿ ਟਰੱਸਟ ਕੱਟੜ ਦੁਸ਼ਮਣਾਂ ਦਾ ਇੱਕ ਅਜਿਹਾ ਗਰੋਹ ਹੁੰਦਾ ਹੈ ਜਿਹੜੇ ਇੱਕ ਛੋਟੇ ਕਮਰੇ ਵਿੱਚ ਮਿਲ਼ਦੇ ਹਨ, ਇਸਨੂੰ ਸ਼ਾਨਦਾਰ ਢੰਗ ਨਾਲ਼ ਰੌਸ਼ਨ ਕਰਕੇ ਰੱਖਦੇ ਹਨ, ਇੱਕ ਦੂਜੇ ਦੇ ਹੱਥ ਫੜਦੇ ਹਨ, ਅਤੇ ਕੇਵਲ ਹੱਥ ਫੜੇ ਹੋਣ ਕਾਰਨ ਉਹ ਇੱਕ ਦੂਜੇ ਦਾ ਕਤਲ ਨਹੀਂ ਕਰਦੇ। ਇਹਨਾਂ ਵਿੱਚੋਂ ਹਰ ਕੋਈ ਕਿਸੇ ਅਜਿਹੇ ਮੌਕੇ ਦੀ ਭਾਲ਼ ਵਿੱਚ ਰਹਿੰਦਾ ਹੈ ਕਿ ਉਹ ਆਪਣੀ ਮਰਜ਼ੀ ਦੇ ਵਿਰੁੱਧ ਬਣੇ ਅਤੇ ਕੰਮ-ਚਲਾਊ ਸਾਥੀ ਨੂੰ ਅਚਾਨਕ ਹੀ ਫੜ ਲਏ ਅਤੇ ਉਸਦੇ ਹਥਿਆਰ ਖੋਹ ਕੇ ਉਸਨੂੰ ਖਤਮ ਕਰ ਦੇਵੇ। ਉਹਨਾਂ ਵਿੱਚੋਂ ਹਰੇਕ ਨੂੰ ਆਪਣੇ ਨਾਲ਼ ਖੜਾ ਸਾਥੀ ਕੰਧ ਦੇ ਪਰਲੇ ਪਾਸੇ ਖੜੇ ਦੁਸ਼ਮਣ ਨਾਲ਼ੋਂ ਜ਼ਿਆਦਾ ਖਤਰਨਾਕ ਜਾਪਦਾ ਹੈ। ਦੁਸ਼ਮਣਾਂ ਦੀਆਂ ਅਜਿਹੀਆਂ ਜੱਥੇਬੰਦੀਆਂ ਵਿੱਚ ਵਿਅਕਤੀਤਵ ਕਦੇ ਵੀ ਵਿਕਸਤ ਨਹੀਂ ਹੋ ਸਕਦਾ, ਕਿਉਂਕਿ ਹਿੱਤਾਂ ਦੀ ਦਿਖਾਵੇ ਦੀ ਏਕਤਾ ਦੇ ਬਾਵਜੂਦ ਹਰ ਕੋਈ ਕੇਵਲ ਆਪਣੇ ਬਾਰੇ ਹੀ ਸੋਚਦਾ ਹੈ। ਮਜ਼ਦੂਰਾਂ ਦੀਆਂ ਜੱਥੇਬੰਦੀਆਂ ਦਾ ਉੱਦੇਸ਼ ਸੰਘਰਸ਼ ਕਰਨਾ ਅਤੇ ਜਿੱਤ ਹਾਸਿਲ ਕਰਨਾ ਹੁੰਦਾ ਹੈ, ਅੰਦਰੋਂ ਇਹ ਅਨੁਭਵ ਦੀ ਏਕਤਾ ਨਾਲ਼ ਜੁੜੀਆਂ ਹੁੰਦੀਆਂ ਹਨ, ਜਿਹੜੀ ਹੌਲ਼ੀ ਹੌਲ਼ੀ ਅਤੇ ਵਧੇਰੇ ਪੱਕੇ ਤੌਰ ’ਤੇ ਸਮਾਜਵਾਦ ਦੇ ਮਹਾਨ ਅਦਵੈਤਵਾਦੀ ਵਿਚਾਰ ਨੂੰ ਮੂਰਤ ਰੂਪ ਦਿੰਦੀ ਹੈ। ਇੱਥੇ ਸਮੂਹਿਕ ਤੌਰ ’ਤੇ ਰਚੇ ਵਿਚਾਰਾਂ ਦੇ ਜੱਥੇਬੰਦਕ ਪ੍ਰਭਾਵ ਹੇਠ, ਵਿਅਕਤੀ ਦੀ ਮਾਨਸਿਕਤਾ ਆਪਣੇ ਆਪ ਇੱਕਸੁਰ ਢੰਗ ਨਾਲ਼ ਵਿਕਾਸ ਕਰਦੀ ਹੈ, ਬੌਧਿਕ ਊਰਜਾ ਦਾ ਨਿਰੰਤਰ ਵਟਾਂਦਰਾ ਚੱਲਦਾ ਰਹਿੰਦਾ ਹੈ ਅਤੇ ਇਹ ਮਾਹੌਲ ਵਿਅਕਤੀਤਵ ਦੇ ਵਿਕਾਸ ਵਿੱਚ ਰੋੜਾ ਨਹੀਂ ਬਣਦਾ,

ਸਗੋਂ ਇਸਦੀ ਆਜ਼ਾਦੀ ਦਾ ਸਮਰਥਨ ਕਰਦਾ ਹੈ ਅਤੇ ਇਸਨੂੰ ਅੱਗੇ ਵਧਾਉਣ ਵਿੱਚ ਸਹਾਇਤਾ ਕਰਦਾ ਹੈ, ਕਿਉਂਕਿ ਹਰ ਉਹ ਵਿਅਕਤੀ ਜਿਹੜਾ ਸਮੂਹ ਦੀ ਊਰਜਾ ਨੂੰ ਜ਼ਿਆਦਾ ਮਾਤਰਾ ਵਿੱਚ ਆਤਮਸਾਤ ਕਰ ਲੈਂਦਾ ਹੈ, ਫਿਰ ਉਹ ਉਸ ਸਮੂਹ ਦੇ ਵਿਚਾਰਾਂ ਦਾ ਪ੍ਰਚਾਰਕ ਬਣ ਜਾਂਦਾ ਹੈ ਅਤੇ ਇਸਦੇ ਉੱਦੇਸ਼ਾਂ ਦਾ ਪ੍ਰਾਪੇਗੰਡਾ ਕਰਦਾ ਹੈ, ਨਵੇਂ ਮੈਂਬਰਾਂ ਨੂੰ ਇਸ ਵੱਲ ਆਕਰਸ਼ਿਤ ਕਰਦਾ ਹੈ ਅਤੇ ਇਸਨੂੰ ਮਜ਼ਬੂਤ ਕਰਦਾ ਹੈ। ਪੂੰਜੀਵਾਦੀਆਂ ਦੀ ਜੱਥੇਬੰਦੀ "ਭੀੜ" ਦੇ ਮਨੋਵਿਗਿਆਨਕ ਨਮੂਨੇ 'ਤੇ ਚੱਲਦੀ ਹੈ, ਇਹ ਕੁਝ ਬਾਹਰੀ ਹਿੱਤਾਂ ਦੇ ਆਧਾਰ 'ਤੇ ਢਿੱਲੇ-ਢਾਲੇ ਅਤੇ ਵਕਤੀ ਤੌਰ 'ਤੇ ਇਕੱਠੇ ਹੋਏ ਵਿਅਕਤੀਆਂ ਦਾ ਇੱਕ ਗਰੁੱਪ ਹੁੰਦਾ ਹੈ। ਕਦੇ ਕਦੇ ਇਹ ਸਾਂਝੇ ਰੌਂਅ ਦੇ ਆਧਾਰ 'ਤੇ ਵੀ ਇਕੱਠੇ ਹੋ ਜਾਂਦੇ ਹਨ—ਕਿਸੇ ਖਤਰੇ ਦੇ ਡਰੋਂ ਜਾਂ ਲੁੱਟ-ਮਾਰ ਕਰਨ ਦੇ ਲਾਲਚ ਕਾਰਨ। ਇੱਥੇ ਕੋਈ ਰਚਨਾਤਮਕ, ਭਾਵ ਸਮਾਜਿਕ, ਬੰਧਨ ਨਹੀਂ ਹੁੰਦਾ, ਅਤੇ ਇਸ ਲਈ ਊਰਜਾ ਦੀ ਏਕਤਾ ਨਹੀਂ ਬਣਦੀ, ਕਿਉਂਕਿ ਹਰ ਵਿਅਕਤੀ ਪੂਰੀ ਤਰ੍ਹਾਂ ਅਲੱਗ ਅਤੇ ਆਪਣੇ ਆਪ ਵਿੱਚ ਮੁਕੰਮਲ "ਮੈਂ" ਦਾ ਮਾਲਿਕ ਹੁੰਦਾ ਹੈ। ਹਰੇਕ "ਮੈਂ" ਦੇ ਖਰਵ੍ਹੇਪਣ ਨੂੰ ਠੀਕ ਕਰਨ ਲਈ ਅਤੇ ਲੋਕਾਂ ਨੂੰ ਕਿਸੇ ਥੋੜੀ ਬਹੁਤ ਸਥਿਰ ਅਤੇ ਇੱਕਸਾਰ ਸੰਸਥਾ ਵਿੱਚ ਇਕੱਤਰ ਕਰਨ ਲਈ ਕਈ ਤਕੜੇ ਝਟਕੇ ਅਤੇ ਦਬਾਵਾਂ ਦੀ ਜਰੂਰਤ ਹੁੰਦੀ ਹੈ। ਇੱਥੇ ਹਰ ਆਦਮੀ ਤੁੱਛ ਜਿਹੀ ਵਿਸ਼ੇਸ਼ਤਾ ਦਾ ਪਾਤਰ ਹੈ। ਹਰ ਕੋਈ ਆਪਣੇ ਆਪ ਨੂੰ ਸੰਪੂਰਨ ਅਤੇ ਵਿਲੱਖਣ ਸਮਝਦਾ ਹੈ, ਆਪਣੀ ਰੂਹਾਨੀ ਕੰਗਾਲੀ ਅਤੇ ਮਨ ਦੇ ਸੌੜੇਪਣ ਨੂੰ ਤਾਕਤ ਅਤੇ ਸੁੰਦਰਤਾ ਸਮਝ ਕੇ ਹਰ ਕੋਈ ਆਪਣੇ ਵਿਅਕਤੀਤਵ 'ਤੇ ਜ਼ੋਰ ਦੇਣ ਲਈ ਅਤੇ ਆਪਣੇ ਆਪ ਨੂੰ ਹੋਰਾਂ ਤੋਂ ਅਲੱਗ ਦਿਖਾਉਣ ਦੇ ਹਰ ਤਰ੍ਹਾਂ ਦੇ ਯਤਨ ਕਰਦਾ ਹੈ। ਐਨੇ ਅਰਾਜਕ ਮਾਹੌਲ ਵਿੱਚ ਸੰਪੂਰਨ ਅਤੇ ਸਮਾਜਿਕ ਤੌਰ 'ਤੇ ਲਾਹੇਵੰਦ "ਮੈਂ" ਦੇ ਵਿਕਾਸ ਦੀਆਂ ਹਾਲਤਾਂ ਜਾਂ ਸੰਭਾਵਨਾਵਾਂ ਨਹੀਂ ਹੁੰਦੀਆਂ। ਇੱਥੇ ਸਮੁੱਚੇ ਵਿਅਕੀਤਤਵ ਦਾ ਇੱਕਸੁਰ ਵਿਕਾਸ ਅਤੇ ਬੇਰੋਕ ਵਾਧਾ ਨਹੀਂ ਹੋ ਸਕਦਾ, ਅਜਿਹੇ ਵਿਅਕਤੀਤਵ ਦਾ ਜਿਹੜਾ ਅਟੁੱਟ ਰੂਪ ਵਿੱਚ ਸਮੂਹ ਨਾਲ਼ ਜੁੜਿਆ ਹੁੰਦਾ ਹੈ, ਇਸਦੀ ਊਰਜਾ ਵਿੱਚ ਇੱਕ ਮਿੱਕ ਰਹਿੰਦਾ ਹੈ ਅਤੇ ਸਮੂਹ ਦੇ ਜਿਉਂਦੇ ਜਾਗਦੇ ਤਜ਼ਰਬਿਆਂ ਨੂੰ ਵਿਚਾਰਾਂ ਅਤੇ ਚਿੰਨ੍ਹਾਂ ਦੇ ਰੂਪ ਵਿੱਚ ਇੱਕਸੁਰ ਢੰਗ ਨਾਲ਼ ਜੱਥੇਬੰਦ ਕਰਦਾ ਹੈ।

ਅਜਿਹੇ ਮਾਹੌਲ ਵਿੱਚ ਇੱਕ ਦੂਜੇ ਦੀਆਂ ਜੜ੍ਹਾਂ ਪੁੱਟਣ ਅਤੇ ਆਪਣਾ ਢਿੱਡ ਭਰਨ ਦੀ ਹਫੜਾ-ਦਫੜੀ ਚੱਲਦੀ ਰਹਿੰਦੀ ਹੈ। ਹਰ ਕੋਈ ਇੱਕ ਦੂਜੇ ਦਾ ਦੁਸ਼ਮਣ ਹੁੰਦਾ ਹੈ। ਇਸ ਗੰਦੀ ਲੜਾਈ ਵਿੱਚ ਹਰ ਹਿੱਸੇਦਾਰ ਆਪਣਾ ਢਿੱਡ ਭਰਨ ਦੀ ਹੀ ਸੋਚਦਾ ਹੈ, ਅਤੇ ਆਪਣੀਆਂ ਥੱਕੀਆਂ ਹਾਰੀਆਂ ਨਜ਼ਰਾਂ ਆਲ਼ੇ-ਦੁਆਲ਼ੇ ਸੁੱਟਦਾ ਰਹਿੰਦਾ ਹੈ, ਮਤੇ ਕੋਈ ਗਵਾਂਢੀ ਗਲ਼ੋਂ ਹੀ ਆ ਫੜੇ। ਇਸ ਅਕਾਊ ਅਤੇ ਜੰਗਲ਼ੀ ਸੰਘਰਸ਼ ਦੇ ਘੜਮੱਸ ਵਿੱਚ ਬੁੱਧੀ ਦੀਆਂ ਬਿਹਤਰੀਨ ਸ਼ਕਤੀਆਂ ਹੋਰਾਂ ਤੋਂ ਆਪਣੀ ਰੱਖਿਆ ਕਰਨ ਦੇ ਇਸ ਚੱਕਰ ਵਿੱਚ ਅਜਾਈਂ ਗਵਾ ਦਿੱਤੀਆਂ ਜਾਂਦੀਆਂ ਹਨ, ਅਤੇ ਖੁਦ ਨੂੰ ਬਚਾਉਣ ਦੇ ਤੁੱਛ ਦਾਅ-ਪੇਚਾਂ ਵਿੱਚ ਲੱਗੀ ਰੂਹਾਨੀ ਰਚਨਾਤਮਕਤਾ ਖੇਰੂੰ-ਖੇਰੂੰ ਹੋ ਜਾਂਦੀ ਹੈ। ਮਨੁੱਖੀ ਅਨੁਭਵ ਦੀ ਉਪਜ "ਮੈਂ" ਇੱਕ ਹਨੇਰੀ ਕਾਲ਼-ਕੋਠੜੀ ਬਣ ਜਾਂਦੀ ਹੈ, ਜਿਸ ਵਿੱਚ ਅਨੁਭਵ ਦੇ ਵਿਸਥਾਰ ਨੂੰ ਰੋਕਣ ਦੀ ਤੁੱਛ ਇੱਛਾ

ਗਲ਼ਦੀ ਰਹਿੰਦੀ ਹੈ ਅਤੇ ਅਨੁਭਵ ਕਾਲ਼-ਕੋਠੜੀ ਦੇ ਤੰਗ ਅਤੇ ਸਾਹ-ਘੋਟੂ ਮਾਹੌਲ ਵਿੱਚ ਡੱਕਿਆ ਰਹਿੰਦਾ ਹੈ। ਢਿੱਡ ਭਰਨ ਤੋਂ ਸਿਵਾ ਹੋਰ ਕਿਸੇ ਨੂੰ ਚਾਹੀਦਾ ਵੀ ਕੀ ਹੈ ? ਇਸ ਵਿਚਾਰ ਦਾ ਪਿੱਛਾ ਕਰਦਿਆਂ ਮਨੁੱਖ ਤਿਲਕਿਆ ਅਤੇ ਡਿੱਗਿਆ, ਬਦਹਵਾਸ ਅਤੇ ਝੰਬਿਆ ਬੈਠਾ ਹੈ, ਤੜਫ ਰਿਹਾ ਹੈ ਅਤੇ ਦਰਦ ਕਾਰਨ ਚੀਕ-ਪੁਕਾਰ ਮਚਾ ਰਿਹਾ ਹੈ।

ਹਰ ਵਿਅਕਤੀਗਤ "ਮੈਂ" ਦੀਆਂ ਤੁੱਛ ਅਤੇ ਨਿੱਜੀ ਸਮੱਸਿਆਵਾਂ ਕਿਸੇ ਸਾਂਝੇ ਖਤਰੇ ਦਾ ਅਹਿਸਾਸ ਨਹੀਂ ਹੋਣ ਦਿੰਦੀਆਂ। ਕਮਜ਼ੋਰ ਬੁਰਜੂਆਜ਼ੀ ਆਪਣੀਆਂ ਇੱਛਾਵਾਂ ਦੇ ਵਿਆਖਿਆਕਾਰ ਅਤੇ ਆਪਣੇ ਅਧਿਕਾਰਾਂ ਦੇ ਸ਼ਕਤੀਸ਼ਾਲੀ ਰੱਖਿਅਕ ਪੈਦਾ ਕਰਨ ਦੇ ਸਮਰੱਥ ਨਹੀਂ ਰਹੀ—ਜਿਵੇਂ ਕਦੇ ਇਸਨੇ ਜਾਗੀਰਦਾਰਾਂ ਖਿਲਾਫ ਵਾਲਟੇਅਰ ਅਤੇ ਲੋਕਾਂ ਖਿਲਾਫ ਨੈਪੋਲੀਅਨ ਲਿਆ ਖੜਾ ਕੀਤਾ ਸੀ।

ਖੂਹ-ਦੇ-ਡੱਡੂ ਦੀ ਆਤਮਾ ਦੀ ਕੰਗਾਲੀ ਇਸ ਤੱਥ ਤੋਂ ਸਾਬਿਤ ਹੋ ਜਾਂਦੀ ਹੈ ਕਿ ਨਿੱਕ-ਬੁਰਜੂਆਜ਼ੀ ਦੇ ਸਾਰੇ ਵਿਚਾਰਧਾਰਕ ਯਤਨ, ਜਿਹੜੇ ਪਹਿਲਾਂ ਸਥਾਪਿਤ ਸਮਾਜਿਕ ਢਾਂਚੇ ਨੂੰ ਪੱਕੇ ਪੈਰੀਂ ਕਰਨ ਵੱਲ ਸੇਧਿਤ ਸਨ, ਅੱਜ ਕੇਵਲ ਉਸ ਢਾਂਚੇ ਨੂੰ ਸਹੀ ਸਿੱਧ ਕਰਨ ਦੀਆਂ ਮਹਿਜ਼ ਕੋਸ਼ਿਸ਼ਾਂ ਹੀ ਰਹਿ ਗਏ ਹਨ, ਅਤੇ ਇਹ ਦਿਨੋ-ਦਿਨ ਵਧੇਰੇ ਕੰਗਾਲ ਅਤੇ ਠੁੱਸ ਹੁੰਦੇ ਜਾ ਰਹੇ ਹਨ। ਇੱਕ ਨਵੇਂ ਕਾਂਟ ਦੀ ਜ਼ਰੂਰਤ ਬੜੀ ਦੇਰ ਤੋਂ ਮਹਿਸੂਸ ਕੀਤੀ ਜਾ ਰਹੀ ਹੈ, ਪਰ ਉਹ ਪ੍ਰਗਟ ਨਹੀਂ ਹੋ ਰਿਹਾ। ਜਦਕਿ ਨੀਤਸ਼ੇ ਨੂੰ ਸਵੀਕਾਰ ਹੀ ਨਹੀਂ ਕੀਤਾ ਜਾ ਸਕਦਾ, ਕਿਉਂਕਿ ਉਹ ਖੂਹ-ਦੇ-ਡੱਡੂਆਂ ਤੋਂ ਸਰਗਰਮੀ ਦੀ ਮੰਗ ਕਰਦਾ ਹੈ। ਖੂਹ-ਦੇ-ਡੱਡੂਆਂ ਕੋਲ਼ ਹੁਣ ਕੇਵਲ ਇੱਕ ਹੀ ਸਵੈ-ਰੱਖਿਆ ਬਚੀ ਹੈ, ਉਹ ਹੈ ਸਨਕੀਪੁਣਾ, ਅਤੇ ਇਹ ਬੜੀ ਭਿਆਨਕ ਚੀਜ਼ ਹੈ, ਕਿਉਂਕਿ ਇਹ ਲਾਚਾਰੀ ਅਤੇ ਨਿਰਾਸ਼ਾ ਦਾ ਚਿੰਨ੍ਹ ਹੈ।

ਪਰ ਇਹ ਗੱਲ ਕਹੀ ਜਾਵੇਗੀ ਕਿ ਪੂੰਜੀਵਾਦ ਅਜੇ ਵੀ ਤਾਕਤਵਰ ਹੈ, ਭਾਵੇਂ ਕਿ ਇਹ ਜਿਸ ਮਿੱਟੀ ਤੋਂ ਬਣਿਆ ਹੈ ਉਹ ਓਨੀ ਤਕੜੀ ਨਹੀਂ ਹੈ। ਇਸਦਾ ਜਵਾਬ ਇਹ ਹੈ ਕਿ ਇਹ ਆਪਣੇ ਭਾਰ, ਸੰਵੇਗ (Momentum) ਅਤੇ ਸਹਾਰਿਆਂ ਦੀ ਮੱਦਦ ਨਾਲ਼ ਹੀ ਟਿਕਿਆ ਹੋਇਆ ਹੈ, ਜਿਸ ਕਾਰਨ ਇਹ ਡਿੱਗਣ ਵਿੱਚ ਦੇਰ ਕਰ ਰਿਹਾ ਹੈ। ਪੁਲਿਸ, ਫੌਜ, ਚਰਚ ਅਤੇ ਸਕੂਲੀ ਸਿੱਖਿਆ ਦਾ ਢਾਂਚਾ ਇਸਦੇ ਸਹਾਰੇ ਹਨ। ਇਹ ਇਸ ਕਰਕੇ ਇਕੱਠੇ ਖੜੇ ਹਨ ਕਿਉਂਕਿ ਇਹਨਾਂ ਨੇ ਅਜੇ ਤੱਕ ਵਿਰੋਧੀ ਤਾਕਤਾਂ ਦੇ ਜਬਰਦਸਤ ਝਟਕੇ ਮਹਿਸੂਸ ਨਹੀਂ ਕੀਤੇ ਹਨ, ਜਿਹੜੀਆਂ ਹਰ ਕਿਸਮ ਦੇ ਗੰਦ-ਮੰਦ, ਝੂਠ, ਬਦਨੀਤੀ ਅਤੇ ਬੇਈਮਾਨੀ ਦੇ ਮਹਿਲ ਢਾਹੁਣ ਲਈ ਕਾਫੀ ਹੱਦ ਤੱਕ ਜੱਥੇਬੰਦ ਹੋ ਚੁੱਕੀਆਂ ਹਨ। ਇਹ ਟਿਕਿਆ ਹੋਇਆ ਤਾਂ ਹੈ, ਪਰ ਇਹ ਆਪਣੇ ਹੀ ਜ਼ਹਿਰ ਨਾਲ਼ ਸੜ ਰਿਹਾ ਹੈ, ਖਾਸ ਕਰ ਸਰਵਖੰਡਨਵਾਦੀ ਵਿਅਕਤੀਵਾਦ ਕਾਰਨ ਜਿਹੜਾ ਹਓਮੈ ਅਤੇ ਸਵਾਰਥ ਤੋਂ ਛੁੱਟ ਬਾਕੀ ਸਾਰੀਆਂ ਗੱਲਾਂ ਤੋਂ ਬੁਰੀ ਤਰ੍ਹਾਂ ਮੁਨਕਰ ਹੈ।

ਜੇ ਅਸੀਂ ਸਾਹਿਤ ਦੁਆਰਾ ਮੁਹੱਈਆ ਕਰਵਾਏ ਇਸਦੇ ਸ਼ਬਦ-ਚਿੱਤਰਾਂ ਨੂੰ ਵਿਚਾਰੀਏ ਤਾਂ ਵਿਅਕਤੀਤਵ ਦੀ ਕੰਗਾਲੀ ਕਿਤੇ ਜ਼ਿਆਦਾ ਉੱਭਰਵੇਂ ਰੂਪ ਵਿੱਚ ਦਿਖਾਈ ਦਿੰਦੀ ਹੈ।

1848 ਤੱਕ ਦੋਂਬੇ ਅਤੇ ਗ੍ਰਾਂਦੇ ਹੀ ਜੀਵਨ ਦੇ ਮਾਲਿਕ ਸਨ, ਉਹ ਕੱਟੜ ਪੈਸੇ ਦੇ ਪੁੱਤ

ਸਨ, ਲੋਹੇ ਵਾਂਗ ਬਲਵਾਨ ਅਤੇ ਬੇ-ਲਚਕ। 19ਵੀਂ ਸਦੀ ਦੇ ਅੰਤ ਤੱਕ ਇਹਨਾਂ ਦੀ ਥਾਂ ਸਾਕਾਰਡ ਅਤੇ ਮੀਰਬੋ ਦੇ ਨਾਟਕ *Les Affaires sont les Affaires* (ਵਪਾਰ ਵਪਾਰ ਹੈ) ਦੇ ਨਾਇਕ ਨੇ ਲੈ ਲਈ। ਇਹ ਆਦਮੀ ਲਾਲਚੀ ਤਾਂ ਓਨੇ ਹੀ ਸਨ, ਪਰ ਕਿਤੇ ਜ਼ਿਆਦਾ ਨਿਸੱਤੇ ਅਤੇ ਡਾਵਾਂਡੋਲ ਸਨ।

ਜੇਕਰ ਅਸੀਂ ਇਸ ਟਾਈਪ ਦੇ ਹਰੇਕ ਪਾਤਰ ਨੂੰ ਇੱਛਾ-ਸ਼ਕਤੀ ਦੀ ਇੱਕ ਅਜਿਹੀ ਧਾਰਾ ਮੰਨ ਲਈਏ ਜਿਹੜੀ ਕੁਝ ਖਾਸ ਨਿਸ਼ਾਨਿਆਂ ਵੱਲ ਵਧਦੀ ਹੈ ਤਾਂ ਅਸੀਂ ਦੇਖਾਂਗੇ ਕਿ ਜਿੰਨੇ ਉਹ ਪੁਰਾਣੇ ਸਮੇਂ ਦੇ ਹੁੰਦੇ ਸਨ, ਉਹਨਾਂ ਦੀ ਤਾਕਤ ਓਨੀ ਹੀ ਤੇਜ਼ ਅਤੇ ਕੇਂਦਰਤ ਹੁੰਦੀ ਸੀ, ਵਿਅਕਤੀ ਦੇ ਨਿਸ਼ਾਨਿਆਂ ਨੂੰ ਵਧੇਰੇ ਤਿੱਖੇਪਣ ਅਤੇ ਵਿਲੱਖਣ ਤੌਰ 'ਤੇ ਪ੍ਰੀਭਾਸ਼ਿਤ ਕਰਦੇ ਸਨ, ਅਤੇ ਉਹਨਾਂ ਦੇ ਢੰਗ ਤਰੀਕੇ ਜ਼ਿਆਦਾ ਅਰਥ-ਭਰਪੂਰ ਸਨ। ਸਮੇਂ ਦੇ ਹਿਸਾਬ ਨਾਲ਼ ਜਿੰਨਾ ਉਹ ਸਾਡੇ ਨੇੜੇ ਆਉਂਦੇ ਗਏ, ਇਹਨਾਂ ਸਾਕਾਰਡਾਂ ਦੀ ਤਾਕਤ ਓਨੀ ਹੀ ਘਟਦੀ ਗਈ, ਇਹਨਾਂ ਦੇ ਤੰਤੂ-ਪ੍ਰਬੰਧ ਗਰਕਦੇ ਗਏ, ਚਰਿੱਤਰ ਧੁੰਦਲੇ ਹੁੰਦੇ ਗਏ ਅਤੇ ਓਨੀ ਹੀ ਜਲਦੀ ਇਹ ਜ਼ਿੰਦਗੀ ਤੋਂ ਅੱਕਦੇ ਗਏ। ਇਹਨਾਂ ਵਿੱਚੋਂ ਹਰੇਕ ਵਿੱਚ ਵਿਖੰਡਿਤ ਵਿਅਕਤੀਤਵ (Split Personality) ਦਾ ਉਹ ਡਰਾਮਾ ਦੇਖਿਆ ਜਾ ਸਕਦਾ ਹੈ ਜਿਹੜਾ ਕਿ ਕਿਸੇ ਵੀ ਉੱਦਮੀ ਵਿਅਕਤੀ ਲਈ ਨੁਕਸਾਨਦੇਹ ਹੁੰਦਾ ਹੈ। ਸਾਕਾਰਡ ਆਪਣੇ ਪੂਰਵਜਾਂ ਨਾਲ਼ੋਂ ਜ਼ਿਆਦਾ ਤੇਜ਼ੀ ਨਾਲ਼ ਤਬਾਹ ਹੋਏ। ਨੈਤਿਕਤਾ ਦੀ ਜਿੱਤ ਅਤੇ ਸਵਾਰਥ ਨੂੰ ਨੱਥ ਪਾਉਣ ਦੀ ਲੋੜ ਸਿੱਧ ਕਰਨ ਲਈ ਹੀ ਡਿਕਨਜ਼ ਨੇ ਮਿਸਟਰ ਡਾਂਬੇ ਨੂੰ ਮਾਰ ਮੁਕਾਇਆ ਸੀ। ਸਾਕਾਰਡ ਅਤੇ ਰੋਚੇਤ ਕੇਵਲ ਇਸੇ ਲਈ ਖਤਮ ਨਹੀਂ ਹੁੰਦੇ ਕਿ ਜ਼ੋਲਾ ਅਜਿਹਾ ਕਰਦਾ ਹੈ, ਸਗੋਂ ਇਸ ਲਈ ਹੁੰਦੇ ਹਨ ਕਿਉਂਕਿ ਉਹ ਕਮਜ਼ੋਰ ਪੈ ਚੁੱਕੇ ਹਨ ਅਤੇ ਆਖਿਰਕਾਰ ਜੀਵਨ ਦਾ ਬੇਕਿਰਕ ਤਰਕ ਉਹਨਾਂ ਨੂੰ ਤਬਾਹ ਕਰ ਦਿੰਦਾ ਹੈ।

ਹੁਣ ਮੈਂ ਸਾਹਿਤ ਤੋਂ ਅਸਲੀ ਜੀਵਨ ਵੱਲ ਮੁੜਦਾ ਹਾਂ, ਅਤੇ ਇੱਕ ਵਾਰ ਫਿਰ ਬੁੱਢੇ ਆਦਮੀ ਗਾਉਲਡ ਦਾ ਹਵਾਲਾ ਦਿਆਂਗਾ, ਜਿਸਨੇ ਆਪਣੇ ਆਖ਼ਰੀ ਪਲਾਂ ਵਿੱਚ ਇਹ ਗੱਲ ਆਖੀ ਸੀ ਕਿ, ਜੇ ਉਸਨੇ ਆਪਣੀ ਦੌਲਤ ਗਲਤ ਤਰੀਕਿਆਂ ਨਾਲ਼ ਅਤੇ ਗੈਰ-ਕਾਨੂੰਨੀ ਢੰਗ ਨਾਲ਼ ਇਕੱਠੀ ਕੀਤੀ ਹੁੰਦੀ ਤਾਂ ਇਹ ਕਦੋਂ ਦੀ ਉਸਤੋਂ ਖੋਹ ਲਈ ਗਈ ਹੁੰਦੀ। ਇਹ ਸ਼ਬਦ ਜੀਵਨ ਦੇ ਸਿਧਾਂਤ ਵਜੋਂ ਤਾਕਤ ਵਿੱਚ ਇੱਕ ਸ਼ਕਤੀਸ਼ਾਲੀ ਆਦਮੀ ਦੇ ਵਿਸ਼ਵਾਸ ਨੂੰ ਪ੍ਰਤੀਬਿੰਬਤ ਕਰਦੇ ਹਨ। ਸਾਡਾ ਸਮਕਾਲੀ ਸ਼੍ਰੀਮਾਨ ਜੌਹਨ ਡ. ਰੌਕਫੈੱਲਰ, ਆਪਣੀ ਅੰਨ੍ਹੀ ਅਮੀਰੀ ਲਈ ਦੁਨੀਆਂ ਤੋਂ ਜ਼ਲੀਲ ਕਿਸਮ ਦੀਆਂ ਮਾਫ਼ੀਆਂ ਮੰਗਣਾ ਹੀ ਆਪਣੀ ਜ਼ਿੰਮੇਵਾਰੀ ਸਮਝਦਾ ਹੈ। ਉਹ ਇਹ ਗੱਲ ਸਾਬਿਤ ਕਰਨ 'ਤੇ ਤੁਲਿਆ ਹੋਇਆ ਹੈ ਕਿ ਉਸਨੇ ਲੋਕਾਂ ਨੂੰ ਉਹਨਾਂ ਦੇ ਭਲੇ ਲਈ ਹੀ ਲੁੱਟਿਆ ਹੈ। ਕੀ ਇਸ ਤੋਂ ਇਹ ਸਿੱਧ ਨਹੀਂ ਹੁੰਦਾ ਕਿ ਇਸ ਟਾਈਪ ਦਾ ਪਤਨ ਹੋ ਰਿਹਾ ਹੈ ?

ਹੋਰ ਅੱਗੇ, *Le Rouge et le Noire* ('ਸੁਰਖ਼ ਅਤੇ ਸਿਆਹ', ਫਰਾਂਸੀਸੀ ਲੇਖਕ ਸਤੇਂਦਾਲ ਦਾ ਵਿਸ਼ਵ-ਪ੍ਰਸਿੱਧ ਨਾਵਲ —ਅਨੁ.) ਦੇ ਮੁੱਖ ਪਾਤਰ ਦੇ ਰੂਪ ਵਿੱਚ ਸਾਡੇ ਸਾਹਮਣੇ

ਇੱਕ ਦ੍ਰਿੜ ਇੱਛਾ ਸ਼ਕਤੀ ਵਾਲ਼ਾ ਆਦਮੀ ਹੈ, ਇੱਕ ਮੁਕੰਮਲ ਅਤੇ ਜੇਤੂ ਖੂਹ-ਦਾ-ਡੱਡੂ। ਸਮੇਂ ਦੇ ਹਿਸਾਬ ਨਾਲ਼ ਅਗਲੇ ਪੜਾਅ 'ਤੇ ਸਾਡੇ ਕੋਲ਼ ਬਾਲਜ਼ਾਕ ਦਾ ਰਾਸਤਿਗਨਾਕ ਹੈ। ਲਾਲਚੀ ਅਤੇ ਇਰਾਦੇ ਦਾ ਕਮਜ਼ੋਰ, ਇਹ ਸਮੇਂ ਤੋਂ ਪਹਿਲਾਂ ਹੀ ਹੰਢ ਜਾਂਦਾ ਹੈ ਅਤੇ ਨਿੱਸਤਾ ਹੋ ਕੇ ਪੂਰੀ ਤਰ੍ਹਾਂ ਬਰਬਾਦ ਹੋ ਜਾਂਦਾ ਹੈ। ਜਦਕਿ ਉਸਨੂੰ ਆਪਣੀਆਂ ਇੱਛਾਵਾਂ ਹਾਸਿਲ ਕਰਨ ਲਈ ਓਨੇ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਪਿਆ ਜਿੰਨਾ ਸਤੇਂਦਾਲ ਦੇ ਨਾਇਕ ਨੂੰ ਕਰਨਾ ਪਿਆ ਸੀ। ਲੂਸ਼ਿਅਨ ਦੀ ਸਥਿਰਤਾ ਰਾਸਤਿਗਨਾਕ ਤੋਂ ਵੀ ਘੱਟ ਹੈ, ਪਰ ਇਸਤੋਂ ਵੀ ਅੱਗੇ *Bel-Ami* (ਚੰਗਾ ਮਿੱਤਰ) ਹੈ, ਜਿਹੜਾ ਅਜੋਕੇ ਫਰਾਂਸੀਸੀ ਸਿਆਸਤਦਾਨ ਦਾ ਮੂਲ ਰੂਪ ਹੈ। 'ਚੰਗਾ ਮਿੱਤਰ' ਇੱਕ ਜੇਤੂ ਹੈ, ਅਤੇ ਕਰਤਾ-ਧਰਤਾ ਵੀ ਹੈ, ਪਰ ਉਸਨੂੰ ਦੇਖਕੇ ਕੋਈ ਵੀ ਇਹ ਸੋਚੇ ਬਿਨਾਂ ਨਹੀਂ ਰਹਿ ਸਕਦਾ ਕਿ ਖੂਹ-ਦੇ-ਡੱਡੂਆਂ ਨੇ ਸਵੈ-ਰੱਖਿਆ ਦੀ ਸਮਰੱਥਾ ਕਿੰਨੀ ਗੁਆ ਦਿੱਤੀ ਹੈ ਕਿ ਉਹ ਅਜਿਹੇ ਬੇਭਰੋਸੇ ਬੰਦੇ ਨੂੰ ਆਪਣੀ ਹੋਣੀ ਦਾ ਮਾਲਿਕ ਬਣਾਈ ਬੈਠੇ ਹਨ।

ਜਦੋਂ ਲੋਕਾਂ ਦੀ ਮੱਦਦ ਨਾਲ਼ ਬੁਰਜੂਆਜ਼ੀ ਨੇ ਜਗੀਰਦਾਰਾਂ ਖਿਲਾਫ ਜਿੱਤ ਹਾਸਿਲ ਕਰ ਲਈ, ਅਤੇ ਲੋਕਾਂ ਨੇ ਤੁਰੰਤ ਹੀ ਇਹ ਮੰਗ ਰੱਖ ਦਿੱਤੀ ਕਿ ਉਹਨਾਂ ਦੀਆਂ ਲੋੜਾਂ ਜੇਤੂਆਂ ਦੁਆਰਾ ਪੂਰੀਆਂ ਕੀਤੀਆਂ ਜਾਣ, ਤਾਂ ਬੁਰਜੂਆਜ਼ੀ ਆਪਣੇ ਸਾਹਮਣੇ ਇੱਕ ਨਵੇਂ ਦੁਸ਼ਮਣ ਨੂੰ ਖੜਾ ਦੇਖ ਕੇ ਬੁਰੀ ਤਰ੍ਹਾਂ ਡਰ ਗਈ—ਉਹੀ ਪੁਰਾਣੀ ਕਹਾਣੀ ਜਿਹੜੀ ਖੂਹ-ਦਾ-ਡੱਡੂ ਹਮੇਸ਼ਾ ਹੀ ਨਵੇਂ ਢੰਗ ਨਾਲ਼ ਦੁਹਰਾਉਂਦਾ ਆਇਆ ਹੈ। ਆਪਣੇ ਇਸ ਭੈਅ ਕਾਰਨ ਖੂਹ-ਦਾ-ਡੱਡੂ ਸੁਤੰਤਰਤਾ ਦੇ ਵਿਚਾਰਾਂ ਨੂੰ ਛੱਡ ਕੇ ਅਧਿਕਾਰ ਦੇ ਵਿਚਾਰ ਦੁਆਲ਼ੇ ਹੋ ਗਿਆ ਅਤੇ ਸੱਤ੍ਹਾ ਪਹਿਲਾਂ ਨੈਪੋਲੀਅਨ ਅਤੇ ਫਿਰ ਬੂਰਬਨ ਨੂੰ ਸੌਂਪ ਦਿੱਤੀ। ਪਰ ਇਹ ਬਾਹਰੀ ਮਜ਼ਬੂਤੀ ਅਤੇ ਬਾਹਰੀ ਸੁਰੱਖਿਆ ਅੰਦਰੂਨੀ ਨਿਘਾਰ ਦੀ ਪ੍ਰਕਿਰਿਆ ਨੂੰ ਨਹੀਂ ਰੋਕ ਸਕੀ।

ਮੋਤੈਂਸਕਿਊ, ਵਾਲਟੇਅਰ ਅਤੇ ਵਿਸ਼ਵ-ਗਿਆਨੀਆਂ ਦੇ ਸੂਤਰਬੱਧ ਕੀਤੇ ਬੁਰਜੂਆ ਨਜ਼ਰੀਆ-ਵਿਧੀ ਅਤੇ ਅਨੁਭਵ ਵਿੱਚ ਕੁਝ ਅਜਿਹਾ ਸੀ ਜੋ ਅਸੰਗਤ ਅਤੇ ਖਤਰਨਾਕ ਸੀ, ਉਹ ਸੀ ਤਰਕ, ਜਿਹੜਾ ਇਸ ਗੱਲ 'ਤੇ ਜ਼ੋਰ ਦਿੰਦਾ ਸੀ ਕਿ ਸਾਰੇ ਮਨੁੱਖ ਬਰਾਬਰ ਹਨ। ਤਰਕ ਦੀ ਤਾਕਤ ਤੋਂ ਆਕਰਸ਼ਿਤ ਹੋ ਕੇ ਲੋਕ ਦੁਬਾਰਾ ਅਤੇ ਵਧੇਰੇ ਦ੍ਰਿੜਤਾ ਨਾਲ਼ ਬੁਰਜੂਆਜ਼ੀ ਨਾਲ਼ ਸੰਪੂਰਨ ਰਾਜਨੀਤਕ ਬਰਾਬਰੀ ਦੀ ਮੰਗ ਕਰ ਸਕਦੇ ਸਨ, ਅਤੇ ਫਿਰ ਆਰਥਿਕ ਬਰਾਬਰੀ ਦੀ ਪ੍ਰਾਪਤੀ ਵੱਲ ਵੱਧ ਸਕਦੇ ਸਨ।

ਇਸ ਤਰ੍ਹਾਂ ਤਰਕ ਦੀ ਬੁਰਜੂਆ ਖੂਹ-ਦੇ-ਡੱਡੂਆਂ ਨਾਲ਼ ਟੱਕਰ ਹੋ ਗਈ, ਜਿਹਨਾਂ ਨੇ ਇਸ ਦੁਸ਼ਮਣ ਨੂੰ ਕੱਢਣ ਦੇ ਅਤੇ ਇਸ ਦੀ ਥਾਂ ਆਸਥਾ ਨੂੰ ਰੱਖਣ ਦੇ ਯਤਨ ਆਰੰਭ ਦਿੱਤੇ ਸਨ, ਜਿਹੜੀ ਹਮੇਸ਼ਾ ਅਧਿਕਾਰ ਜਮਾਉਣ ਵਿੱਚ ਸ਼ਹਿ ਦਿੰਦੀ ਸੀ। ਉਹਨਾਂ ਨੇ ਸੰਸਾਰਕ ਢਾਂਚੇ ਦੀ ਤਰਕਹੀਣਤਾ ਸਿੱਧ ਕਰਨੀ ਸ਼ੁਰੂ ਕਰ ਦਿੱਤੀ, ਕਿਉਂਕਿ ਇਸ ਨਾਲ਼ ਸਮਾਜਿਕ ਢਾਂਚੇ ਨਾਲ਼ ਸਬੰਧਤ ਵਿਚਾਰਾਂ ਤੋਂ ਧਿਆਨ ਭਟਕਾਇਆ ਜਾ ਸਕਦਾ ਸੀ। ਬੁਰਜੂਆਜ਼ੀ ਨੇ ਆਪਣੇ-ਆਪ ਨੂੰ ਬ੍ਰਹਿਮੰਡ ਦੇ ਕੇਂਦਰ ਵਿੱਚ ਤੇ ਜੀਵਨ ਦੇ ਸਿਖ਼ਰ 'ਤੇ ਰੱਖ ਲਿਆ, ਅਤੇ ਇਸ ਉਚਾਈ ਤੋਂ ਉਹਨਾਂ ਨੇ ਬ੍ਰਹਿਮੰਡ, ਸੰਸਾਰ ਅਤੇ ਸਭ ਤੋਂ ਵੱਧ ਵਿਚਾਰ ਦੀ ਨਿਖੇਧੀ ਅਤੇ

ਨਿੰਦਾ ਕੀਤੀ। ਉਸ ਵਿਚਾਰ ਦੀ, ਜਿਸ ਨੂੰ ਉਹ ਅਜੇ ਕੱਲ ਤੱਕ ਹੀ ਪੂਜਦਾ ਰਿਹਾ ਸੀ। ਹਮੇਸ਼ਾ ਵਾਂਗ ਉਸਨੇ ਨਿਰੰਤਰ ਖੋਜ ਦੀ ਥਾਂ ਮੁਰਦਾ ਮਤ-ਸਿਧਾਂਤਾਂ ਨੂੰ ਹੀ ਦਿੱਤੀ।

ਬਾਇਰਨ ਦੀਆਂ ਗੱਲਾਂ ਪੁਰਾਣੇ ਰਈਸੀ ਰੂਹਾਨੀ ਸੱਭਿਆਚਾਰ ਦਾ ਰੋਸ ਸਨ, ਇਹ ਇੱਕ ਸ਼ਕਤੀਸ਼ਾਲੀ ਸਖਸ਼ੀਅਤ ਦਾ ਖੂਹ-ਦੇ-ਡੱਡੂ ਬੁਰਜੂਆ ਵਿਅਕਤੀਤਵ-ਹੀਣਤਾ ਦੇ ਵਿਰੁੱਧ, ਜੇਤੂਆਂ ਵਿਰੁੱਧ, ਉਹਨਾਂ ਨੀਰਸ ਵਿਅਕਤੀਆਂ ਵਿਰੁੱਧ ਜਿਹਨਾਂ ਵਿੱਚ ਕੋਈ ਵੀ ਖਾਸ ਵਿਸ਼ੇਸ਼ਤਾ ਨਹੀਂ ਸੀ, ਇੱਕ ਜ਼ੋਰਦਾਰ ਰੋਸ ਸੀ। ਇਹਨਾਂ ਲੋਕਾਂ ਨੇ ਆਪਣੇ ਲਾਲਚੀ ਤੇ ਲਹੂ ਨਾਲ਼ ਲਿਬੜੇ ਹੱਥਾਂ ਨਾਲ਼ 1793 ਨੂੰ ਮਿਟਾਉਣ ਤੋਂ ਬਾਅਦ 1789 ਲਿਆਉਣ ਦਾ ਯਤਨ ਕੀਤਾ ਸੀ, ਪਰ ਨਾ ਚਾਹੁੰਦੇ ਹੋਏ ਵੀ 1848 ਲਿਆ ਬੈਠੇ। ਚੌਥੇ ਦਹਾਕੇ ਤੱਕ ਇਹਨਾਂ ਖੂਹ-ਦੇ-ਡੱਡੂਆਂ ਨੇ ਬਾਇਰਨ ਦੀ ਉਦਾਸੀਨ-ਦ੍ਰਿਸ਼ਟੀ (*Weltschmerz*) ਨੂੰ ਇੱਕ ਅਜਿਹੀ ਮਾਨਸਿਕ ਅਵਸਥਾ ਵਿੱਚ ਬਦਲ ਦਿੱਤਾ ਜਿਸਨੂੰ ਪੈਟਰਾਰਕ ਨੇਸਤੀ (*acedia*) ਕਹਿੰਦਾ ਸੀ ਅਤੇ ਵਾਇਗਟ ਇਸਨੂੰ ਢਿੱਲੜ ਬੌਧਿਕ ਉਦਾਸੀਨਤਾ ਕਹਿ ਕੇ ਪ੍ਰਭਾਸ਼ਿਤ ਕਰਦਾ ਸੀ। ਸਾਡਾ ਪ੍ਰਤਿਭਾਸ਼ਾਲੀ ਅਤੇ ਹੁਸ਼ਿਆਰ ਸ਼ਾਖੋਵ ਇਸ ਸਮੇਂ ਬਾਰੇ ਸ਼ਾਇਦ ਕੁਝ ਜ਼ਿਆਦਾ ਹੀ ਸਰਲ ਸ਼ਬਦਾਂ ਵਿੱਚ ਗੱਲ ਕਰਦਾ ਹੈ, "ਤੀਜੇ ਦਹਾਕੇ ਦੇ ਨਿਰਾਸ਼ਾਵਾਦ ਦਾ ਜਿਵੇਂ ਰਿਵਾਜ ਜਿਹਾ ਹੀ ਚੱਲ ਪਿਆ, ਹਰ ਉਹ ਮੂਰਖ ਜਿਹੜਾ ਸਮਾਜ ਦਾ ਧਿਆਨ ਆਪਣੇ ਵੱਲ ਖਿੱਚਣਾ ਚਾਹੁੰਦਾ ਉੱਠ ਕੇ ਦੁਖੀ ਜਿਹਾ ਮੂੰਹ ਬਣਾ ਲੈਂਦਾ।"

ਮੈਨੂੰ ਇੰਝ ਜਾਪਦਾ ਹੈ ਕਿ ਜਿਸ "ਮੂਰਖ" ਦੀ ਗੱਲ ਹੋ ਰਹੀ ਹੈ ਉਸ ਕੋਲ ਦੁਖੀ ਹੋਣ ਦਾ ਇੱਕ ਬਹੁਤ ਜਾਇਜ਼ ਕਾਰਨ ਸੀ। ਕਿਉਂਕਿ ਉਹ ਇਹ ਗੱਲ ਮਹਿਸੂਸ ਕੀਤੇ ਬਿਨਾਂ ਨਹੀਂ ਸੀ ਰਹਿ ਸਕਦਾ ਕਿ ਜੀਵਨ ਦੀਆਂ ਨਵੀਆਂ ਹਾਲਤਾਂ, ਜਿਹਨਾਂ ਨੇ ਉਸਦੀ ਰੂਹਾਨੀ ਤਾਕਤ ਦਾ ਵਿਕਾਸ ਰੋਕ ਦਿੱਤਾ ਸੀ ਅਤੇ ਉਹਨਾਂ ਨੂੰ ਦਿਨੋ-ਦਿਨ ਵੱਡੀ ਹੁੰਦੀ ਜਾ ਰਹੀ ਵਣਜਵਾਦ ਦੀ ਸੌੜੀ ਖਾਈ ਵੱਲ ਧੱਕ ਰਹੀਆਂ ਸਨ, ਕਿੰਨੀ ਬੇਕਿਰਕੀ ਨਾਲ਼ ਉਸਦਾ ਮੌਜੂ ਉਡਾ ਰਹੀਆਂ ਸਨ, ਮੂਰਖ ਬਣਾ ਰਹੀਆਂ ਸਨ ਤੇ ਉਸਦੀ ਬੇਜ਼ਤੀ ਕਰ ਰਹੀਆਂ ਸਨ।

ਮੂਸੇ ਦਾ ਰੋਲਾਂ ਅਜੇ ਵੀ ਮੈਨਫਰੈੱਡ ਦਾ ਸਕਾ ਭਾਈ ਬਣਿਆ ਹੋਇਆ ਸੀ, ਪਰ ਇਸ ਉੱਤੇ "ਉਹਦੇ ਸਮੇਂ ਦੇ ਪੁੱਤਰ" 'ਤੇ ਨੇਸਤੀ ਦਾ ਪੱਕਾ ਅਤੇ ਡੂੰਘਾ ਅਸਰ ਹੋ ਰਿਹਾ ਸੀ। ਸ਼ਤੋਬਰਿਆਂ ਦਾ ਰੇਨੇ ਜੀਵਨ ਤੋਂ ਬਚ ਕੇ ਨਿੱਕਲ਼ ਸਕਦਾ ਸੀ, ਪਰ "ਉਹਦੇ ਸਮੇਂ ਦੇ ਪੁੱਤਰ" ਕੋਲ ਭੱਜ ਜਾਣ ਲਈ ਵੀ ਕੋਈ ਰਾਹ ਨਹੀਂ ਸੀ। ਉਸ ਕੋਲ਼ ਖੂਹ-ਦੇ-ਡੱਡੂਆਂ ਦੁਆਰਾ ਦਰਸਾਏ ਰਾਸਤੇ 'ਤੇ ਚੱਲਣ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਸੀ।

ਅਸੀਂ ਵੇਖ ਸਕਦੇ ਹਾਂ ਕਿ "ਉਹਦੇ ਸਮੇਂ ਦੇ ਪੁੱਤਰ ਦੇ ਇਕਬਾਲ" ਅਨੇਕਾਂ ਕਿਤਾਬਾਂ ਵਿੱਚ ਨੀਰਸ ਢੰਗ ਨਾਲ਼ ਲਗਾਤਾਰ ਦੁਹਰਾਏ ਗਏ ਹਨ। ਇਸ ਸਿਲਸਿਲੇ ਵਿੱਚ ਹਰ ਨਵਾਂ ਪਾਤਰ ਪਹਿਲੇ ਨਾਲ਼ੋਂ ਜ਼ਿਆਦਾ ਰੂਹਾਨੀ ਖੂਬਸੂਰਤੀ ਦੀ ਅਤੇ ਵਿਚਾਰਾਂ ਦੀ ਕਮੀ ਦਾ ਮੁਜ਼ਾਹਰਾ ਕਰਦਾ ਹੈ, ਅਤੇ ਹੋਰ ਵਧੇਰੇ ਖੁੱਥੜ, ਜ਼ਲੀਲ ਅਤੇ ਨੀਚ ਹੁੰਦਾ ਜਾਂਦਾ ਹੈ। ਬੂਰਜੇ ਦਾ ਗ੍ਰੇਸਲੋ ਨਿਧੜਕ ਹੈ, ਉਸਦੇ ਖੋਟੇਪਣ ਵਿੱਚ ਇੱਕ ਤਰਕ ਹੈ, ਪਰ ਉਹ ਅਜੇ "ਸਿਖਾਂਦਰੂ" ਹੀ ਹੈ। ਮੂਸੇ ਦੇ ਨਾਇਕ ਦੇ ਵਿਚਾਰ ਗ੍ਰੇਸਲੋ ਦੇ ਮੁਕਾਬਲੇ ਕਿਤੇ ਵਧੇਰੇ ਸਪੱਸ਼ਟ, ਸੁੰਦਰ ਅਤੇ ਜ਼ੋਰਦਾਰ ਹਨ।

ਸੀਨਕੇਵਿਕਜ਼ ਦਾ "ਸਿਧਾਂਤ-ਹੀਣ ਆਦਮੀ"* ਗੋਸਲੇ ਨਾਲੋਂ ਵੀ ਕਿਤੇ ਜ਼ਿਆਦਾ ਕਮਜ਼ੋਰ ਅਤੇ ਇੱਕ-ਪਾਸੜ ਹੈ, ਪਰ ਉੱਥੇ ਲਿਓਨ ਪਲੋਸਜ਼ੋਵਸਕੀ ਨੂੰ ਰੱਖਣ ਦੀ ਕੀ ਤੁਕ ਜਿੱਥੇ ਮੁਕਾਬਲੇ ਵਿੱਚ ਪ੍ਰਜ਼ੀਬੀਜ਼ੀਯੂਵਸਕੀ ਦਾ ਫਾਲਕ** ਆ ਖੜ੍ਹਾ ਹੋ ਜਾਵੇ, ਜਿਸਦਾ ਦਿਮਾਗ ਲਾਪਰਵਾਹੀ ਨਾਲ਼ ਪੜ੍ਹੀਆਂ ਕਈ ਫੈਸ਼ਨੇਬਲ ਕਿਤਾਬਾਂ 'ਤੇ ਪਲ਼ਿਆ ਹੈ।

ਅੱਜ ਰੂਹਾਨੀ ਕੰਗਾਲਾਂ ਦੀ ਗੈਲਰੀ ਦਾ ਆਰਤਸਿਬਾਸ਼ੇਵ ਦੇ ਸਾਨਿਨ*** ਵਿਚਲੇ ਘ੍ਰਿਣਾਯੋਗ ਆਦਮੀ ਨੇ ਅਪਮਾਨਜਨਕ ਢੰਗ ਨਾਲ਼ ਸਫਾਇਆ ਕਰ ਦਿੱਤਾ ਹੈ। ਇਹ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਨਿਘਰ ਰਹੇ ਵਿਅਕਤੀਵਾਦ ਨੂੰ ਮੁਕਤੀ ਦਾ ਮਾਰਗ ਸੁਝਾਉਣ ਦਾ, ਖੂਹ-ਦੇ-ਡੱਡੂਆਂ ਦੀ ਵਿਚਾਰਧਾਰਾ ਦਾ ਸਾਨਿਨ ਕੋਈ ਪਹਿਲਾ ਯਤਨ ਨਹੀਂ ਸੀ। ਆਰਤਸਿਬਾਸ਼ੇਬ ਦੀ ਕਿਤਾਬ ਤੋਂ ਪਹਿਲਾਂ ਵੀ ਇਸ ਗੱਲ ਦੀ ਅਕਸਰ ਸਿਫਾਰਸ਼ ਕੀਤੀ ਜਾਂਦੀ ਸੀ ਕਿ ਮਨੁੱਖ ਨੂੰ ਪਸ਼ੂ ਬਣ ਕੇ ਅੰਦਰੂਨੀ ਸਾਦਗੀ ਹਾਸਿਲ ਕਰਨੀ ਚਾਹੀਦੀ ਹੈ, ਪਰ ਅਜਿਹੇ ਯਤਨਾਂ ਨੇ ਸੱਭਿਅਕ ਖੂਹ-ਦੇ-ਡੱਡੂ ਸਮਾਜ ਵਿੱਚ ਪਹਿਲਾਂ ਕਦੇ ਵੀ ਐਨੀ ਡੂੰਘੀ ਦਿਲਚਸਪੀ ਨਹੀਂ ਜਗਾਈ ਸੀ, ਜਿੰਨੀ ਹੁਣ ਸਾਨਿਨ ਜਗਾ ਰਿਹਾ ਹੈ। ਇਹ ਨਿਰਵਿਵਾਦ ਖਰੀ ਹਰਮਨ-ਪਿਆਰਤਾ ਅੱਜ ਦੇ ਦਿਨ ਅਤੇ ਯੁੱਗ ਦੇ ਬੌਧਿਕ ਦਿਵਾਲੀਆਪਣ ਦੀ ਚਿੰਨ੍ਹ ਹੈ।

ਜਦੋਂ ਵੀ ਨਿੱਕ-ਬੁਰਜੂਆ ਵਿਅਕਤੀਵਾਦੀ ਜੀਵਨ ਵਿੱਚ ਆਪਣੇ ਸਥਾਨ ਦੀ ਰੱਖਿਆ ਕਰਦਾ ਹੈ, ਤਾਂ ਉਹ ਸੱਭਿਆਚਾਰ ਦੀ ਰੱਖਿਆ ਕਰਨ ਦੀ ਜ਼ਿੰਮੇਵਾਰੀ ਦੀ ਦੁਹਾਈ ਦਿੰਦਿਆਂ, ਲੋਕਾਂ ਖਿਲਾਫ ਆਪਣੇ ਸੰਘਰਸ਼ ਨੂੰ ਉੱਚਿਤ ਠਹਿਰਾਉਂਦਾ ਹੈ। ਅਜਿਹੀ ਜ਼ਿੰਮੇਵਾਰੀ, ਜਿਹੜੀ ਕਿ ਉਸਦੇ ਦਾਅਵੇ ਮੁਤਾਬਿਕ, ਸੰਸਾਰ ਇਤਿਹਾਸ ਨੇ ਬੁਰਜੂਆਜ਼ੀ ਦੇ ਮੋਢਿਆਂ 'ਤੇ ਪਾਈ ਹੈ।

ਇਹ ਪੁੱਛਿਆ ਜਾ ਸਕਦਾ ਹੈ ਕਿ ਉਹ ਸੱਭਿਆਚਾਰ ਕਿੱਥੇ ਹੈ, ਜਿਸਦੀ ਨਵੇਂ ਹੁਨਾਂ ਹੱਥੋਂ ਹੋਣ ਵਾਲ਼ੀ ਤਬਾਹੀ ਦਾ ਖੂਹ-ਦੇ-ਡੱਡੂ ਐਨੀ ਉੱਚੀ ਅਤੇ ਵਾਰ-ਵਾਰ ਰੋਣਾ ਰੋਂਦੇ ਹਨ? ਮਨੁੱਖੀ ਰੂਹ ਦੇ ਸੰਸਾਰ-ਵਿਆਪੀ ਕਾਰਜਾਂ ਨੇ ਬੁਰਜੂਆਜ਼ੀ ਦੇ "ਨਾਇਕ" ਦੀ ਆਤਮਾ ਵਿੱਚ ਕਿਹੜਾ ਅਕਸ ਤੱਕਿਆ ਹੈ ਅਤੇ ਇਸਨੇ ਅਤੀਤ ਤੋਂ ਵਿਰਸੇ ਵਿੱਚ ਕੀ ਹਾਸਿਲ ਕੀਤਾ ਹੈ?

ਹੁਣ ਸਮਾਂ ਆ ਗਿਆ ਹੈ ਕਿ ਖੂਹ-ਦੀ-ਡੱਡੂ ਬੁਰਜੂਆਜ਼ੀ ਮੰਨ ਲਵੇ ਕਿ ਯੁੱਗਾਂ ਦੀ ਵਿਰਾਸਤ ਇਸਦੇ ਮਨ ਦੇ ਦਾਇਰੇ ਤੋਂ ਬਾਹਰ ਹੀ ਸੰਭਾਲ਼ੀ ਗਈ ਹੈ। ਇਹ ਅਜਾਇਬ-ਘਰਾਂ ਤੇ ਲਾਇਬ੍ਰੇਰੀਆਂ ਵਿੱਚ ਰੱਖੀ ਗਈ ਹੈ, ਪਰ ਖੂਹ-ਦੇ-ਡੱਡੂ ਦੀ ਆਤਮਾ ਵਿੱਚ ਇਸ ਲਈ

* ਲਿਓਨ ਪਲੋਸਜ਼ੋਵਸਕੀ ਵੱਲ ਇਸ਼ਾਰਾ ਹੈ, ਹੈਨਰਿਕ ਸੀਨਕੇਵਿਕਜ਼ (1846-1916) ਦੇ ਨਾਵਲ 'ਸਿਧਾਂਤ-ਹੀਣ' ਦਾ ਇੱਕ ਪਾਤਰ।

** ਪ੍ਰੀਜ਼ੀਬੀਜ਼ੀਯੂਵਸਕੀ, ਸਤਾਨੀਸਲਾਅ (ਜਨਮ 1898)—ਪੋਲੈਂਡ ਦਾ ਲੇਖਕ, ਪਿਛਾਂਹਖਿੱਚੂ ਤੇ ਰਹੱਸਵਾਦੀ।

*** ਪਿਛਾਂਹਖਿੱਚੂ ਲੇਖਕ ਮ. ਆਰਤਸਿਬਾਸ਼ੇਵ ਦੇ ਨਾਵਲ 'ਸਾਨਿਨ' (1907) ਦਾ ਮੁੱਖ ਪਾਤਰ।

ਕੋਈ ਜਗ੍ਹਾ ਨਹੀਂ ਹੈ। ਜੀਵਨ ਦੇ ਸਿਰਜਣਹਾਰ ਦੀ ਆਪਣੀ ਪੁਰਾਣੀ ਭੂਮਿਕਾ ਤੋਂ ਨਿੱਘਰ ਕੇ ਖੂਹ-ਦਾ-ਡੱਡੂ ਹੰਢ ਚੁੱਕੇ ਸੱਚ ਦੇ ਕਬਰਸਤਾਨ ਦਾ ਇੱਕ ਨਿਤਾਣਾ ਜਿਹਾ ਚੌਂਕੀਦਾਰ ਬਣ ਗਿਆ ਹੈ, ਜਿਹੜਾ ਐਨਾ ਕਮਜ਼ੋਰ ਹੈ ਕਿ ਨਾ ਤਾਂ ਆਪਣੀ ਉਮਰ ਭੋਗ ਚੁੱਕੀਆਂ ਚੀਜ਼ਾਂ ਨੂੰ ਮੁੜ-ਜੀਵਤ ਕਰ ਸਕਦਾ ਹੈ ਅਤੇ ਨਾ ਹੀ ਕੁਝ ਨਵਾਂ ਰਚ ਸਕਦਾ ਹੈ।

ਇਕੱਲਾ ਅਤੇ ਅਲਹਿਦਗੀ ਦੀ ਭਾਲ ਕਰ ਰਿਹਾ ਅੱਜ ਦਾ ਮਨੁੱਖ, ਮਰਮੇਲਾਦੋਵ* ਨਾਲ਼ੋਂ ਵੀ ਕਿਤੇ ਜ਼ਿਆਦਾ ਤਰਸਯੋਗ ਹੈ, ਕਿਉਂਕਿ ਇਸਦੇ ਪਨਾਹ ਲੈਣ ਲਈ ਕੋਈ ਥਾਂ ਨਹੀਂ ਹੈ, ਅਤੇ ਨਾ ਹੀ ਕੋਈ ਇਸਨੂੰ ਚਾਹੁੰਦਾ ਹੈ। ਆਪਣੀ ਕਮਜ਼ੋਰੀ ਦੇ ਅਹਿਸਾਸ ਨਾਲ਼ ਉਸਨੂੰ ਚੱਕਰ ਆ ਰਹੇ ਹਨ, ਅਤੇ ਆਉਣ ਵਾਲ਼ੀ ਪਰਲੋ ਦੇ ਡਰ ਵਿੱਚ ਜਕੜਿਆ ਹੋਇਆ ਹੈ— ਜੀਵਨ ਵਿੱਚ ਉਸਦੀ ਕਦਰ ਕੀ ਹੈ ? ਉਸਦੀ ਖ਼ੂਬਸੂਰਤੀ ਕਿੱਥੇ ਹੈ ? ਉਸਦੇ ਇਸ ਅੱਧਮੋਏ ਸਰੀਰ ਵਿੱਚ, ਜਿਸਦਾ ਤੰਤੂ-ਪ੍ਰਬੰਧ ਤਬਾਹ ਹੋ ਚੁੱਕਿਆ ਹੈ, ਦਿਮਾਗ ਨਿਪੁੰਸਕ ਹੈ, ਆਤਮਾ ਅਤੇ ਇੱਛਾ ਸ਼ਕਤੀ ਬਿਮਾਰੀਆਂ ਦੀ ਖਾਧੀ ਪਈ ਹੈ, ਮਨੁੱਖ ਕਿੱਥੇ ਹੈ ? ਰੋਗ ਤੋਂ ਸਿਵਾ ਇਸ ਵਿੱਚ ਕੁਝ ਵੀ ਨਹੀਂ ਹੈ।

ਸਾਡੇ ਸਮੇਂ ਦੀਆਂ ਵਧੇਰੇ ਸੰਵੇਦਨਸ਼ੀਲ ਆਤਮਾਵਾਂ ਅਤੇ ਸਿਆਣੇ ਦਿਮਾਗ ਇਸ ਖਤਰੇ ਦਾ ਅਹਿਸਾਸ ਕਰਨ ਲੱਗ ਪਏ ਹਨ। ਇਹ ਦੇਖਦਿਆਂ ਕਿ ਮਨੁੱਖ ਦੀ ਤਾਕਤ ਕਿਵੇਂ ਵਿਘਟਤ ਹੋ ਰਹੀ ਹੈ, ਉਹ ਇੱਕ ਆਵਾਜ਼ ਹੋ ਕੇ "ਮੈਂ" ਵਿੱਚ ਨਵਾਂ ਜੀਵਨ ਅਤੇ ਤਾਜ਼ਗੀ ਭਰਨ ਦੀ ਗੱਲ ਕਰ ਰਹੇ ਹਨ। ਅਤੇ ਸਰਬਸੰਮਤੀ ਨਾਲ਼ ਸਜੀਵ ਤਾਕਤ ਦੇ ਚਸ਼ਮੇ ਨੂੰ ਜਾਂਦੇ ਰਾਹ ਵੱਲ ਇਸ਼ਾਰਾ ਕਰ ਰਹੇ ਹਨ, ਜਿੱਥੇ ਮਨੁੱਖ ਆਪਣੀਆਂ ਪਤਨਸ਼ੀਲ ਸ਼ਕਤੀਆਂ ਨੂੰ ਮੁੜ-ਜੀਵਤ ਅਤੇ ਮਜ਼ਬੂਤ ਕਰਨ ਦੇ ਯੋਗ ਹੋ ਜਾਵੇਗਾ।

ਇਸ ਤਰ੍ਹਾਂ ਵਾਲਟ ਵ੍ਹਿਟਮੈਨ, ਹੋਰੇਸ ਟ੍ਰਾਉਬੈਲ, ਰਿਚਰਡ ਡੈਹਮਲ, ਵਰਹੈਅਰਨ ਅਤੇ ਐਚ. ਜੀ. ਵੈਲਜ਼, ਅਨਾਤੋਲ ਫਰਾਂਸ ਅਤੇ ਮਾਰਿਸ ਮੈਤਰਲਿੰਕ, ਇਹ ਸਾਰੇ ਵਿਅਕਤੀਵਾਦ ਅਤੇ ਚੁੱਪਵਾਦ ਤੋਂ ਸਮਾਜਵਾਦ ਵੱਲ ਮੁੜ ਚੁੱਕੇ ਹਨ, ਸਰਗਰਮੀ ਦੇ ਪ੍ਰਚਾਰ ਵੱਲ ਵਧ ਚੁੱਕੇ ਹਨ। ਇਹ ਦਿਨੋ-ਦਿਨ ਉੱਚੀ ਹੁੰਦੀ ਜਾਂਦੀ ਧੁਨ ਵਿੱਚ ਮਨੁੱਖ ਨੂੰ ਮਨੁੱਖਤਾ ਵਿੱਚ ਘੁਲ਼ਮਿਲ਼ ਜਾਣ ਦਾ ਸੱਦਾ ਦੇ ਰਹੇ ਹਨ। ਆਗਸਟ ਸਟ੍ਰਿੰਡਬਰਗ ਜਿਹੇ "ਮੈਂ" ਦੇ ਕੱਟੜ ਪੁਜਾਰੀ ਨੂੰ ਨਾ ਚਾਹੁੰਦੇ ਹੋਏ ਵੀ ਮਨੁੱਖਤਾ ਦੇ ਸਿਹਤਮੰਦ ਪ੍ਰਭਾਵ ਦੀ ਗੱਲ ਕਰਨੀ ਪੈ ਰਹੀ ਹੈ। ਉਹ ਕਹਿੰਦਾ ਹੈ, "ਮਨੁੱਖਤਾ ਅਨੇਕਾਂ ਸੈੱਲਾਂ ਨਾਲ਼ ਬਣਿਆ ਹੋਇਆ ਇੱਕ ਵਿਸ਼ਾਲ ਬੈਟਰੀ ਭੰਡਾਰ ਹੈ, ਜਿਹੜਾ ਵੀ ਸੈੱਲ ਇਸਤੋਂ ਅਲੱਗ ਹੋਵੇਗਾ ਉਹ ਯਕਦਮ ਖਤਮ ਹੋ ਜਾਵੇਗਾ।"

ਕੁਝ ਵੀ ਹੋਵੇ, ਅਕਲਮੰਦ ਲੋਕਾਂ ਦੀ ਅਜਿਹੀ ਚੰਗੀ ਸਲਾਹ ਬੋਲ਼ੇ ਲੋਕਾਂ ਨੂੰ ਮੁਸ਼ਕਿਲ ਨਾਲ਼ ਹੀ ਸੁਣਾਈ ਦੇਵੇਗੀ। ਜੇ ਉਹਨਾਂ ਨੂੰ ਸੁਣ ਵੀ ਜਾਵੇ, ਤਾਂ ਵੀ ਇਸਦਾ ਕੀ ਫਾਇਦਾ ? ਕੋਈ ਬੇਆਸ ਬਿਮਾਰ ਆਦਮੀ ਜੀਵਨ ਦੀ ਆਨੰਦਮਈ ਪੁਕਾਰ ਨੂੰ ਸੁਣ ਕੇ ਕੀ ਕਰ ਸਕਦਾ ਹੈ ? ਹੂੰਗਰ ਹੀ ਮਾਰ ਸਕਦਾ ਹੈ।

---

* ਮਰਮੇਲਾਦੋਵ — ਦੋਸਤੋਯੇਵਸਕੀ ਦੇ ਨਾਵਲ 'ਜੁਰਮ ਤੇ ਸਜ਼ਾ' ਦਾ ਪਾਤਰ।

ਮੈਂ ਰੂਸੀ ਬੁੱਧੀਜੀਵੀ ਵਰਗ ਦੇ ਨਾਟਕ ਨੂੰ ਵਿਅਕਤੀਤਵ ਦੇ ਵਿਘਟਨ ਦੀ ਜੀਵੰਤ ਉਦਾਹਰਣ ਵਜੋਂ ਦੇਖਦਾ ਹਾਂ। ਐਂਦਰੀਯੇਵਿਚ-ਸੋਲੋਵਿਓਵ ਇਸ ਨਾਟਕ ਨੂੰ ਪ੍ਰੇਮ ਅਧਾਰਿਤ ਨਾਵਲ ਦੱਸਦਾ ਹੈ, ਜਿਸ ਵਿੱਚ ਰੂਸ — ਜਿਵੇਂ ਗਲੇਬ ਉਸਪੇਂਸਕੀ* ਉਸਨੂੰ ਕਹਿੰਦਾ ਹੈ, "ਸੇਂਟ ਈਯੂਫ੍ਰੋਸੀਨ" — ਪ੍ਰੇਮਿਕਾ ਹੈ ਅਤੇ ਬੁੱਧੀਜੀਵੀ ਵਰਗ ਉਸਦਾ ਪ੍ਰੇਮੀ ਹੈ।

ਮੈਂ ਇਸ ਨਾਵਲ ਦੇ ਉਸ ਪਾਠ ਦਾ, ਜਾਂ ਹੋਰ ਵਧੇਰੇ ਸਟੀਕਤਾ ਨਾਲ਼ ਕਹਿਣਾ ਹੋਵੇ ਤਾਂ, ਉਸ ਕਾਂਡ ਦਾ ਆਪਣੀ ਵੱਧ ਤੋਂ ਵੱਧ ਯੋਗਤਾ ਨਾਲ਼ ਚਿਤਰਣ ਕਰਨਾ ਚਾਹਾਂਗਾ, ਜਿਹੜਾ ਅੱਜ ਨਿਰਾਸ਼ ਪ੍ਰੇਮੀ ਵੱਲੋਂ ਆਪਣੇ ਕੰਬਦੇ ਹੱਥਾਂ ਨਾਲ਼ ਕਾਹਲ਼ੀ ਕਾਹਲ਼ੀ ਲਿਖਿਆ ਜਾ ਰਿਹਾ ਹੈ।

ਨਾਇਕ ਦੀ ਮਾਨਸਿਕਤਾ ਸਮਝਣ ਲਈ, ਤੁਹਾਨੂੰ ਸਭ ਤੋਂ ਪਹਿਲਾਂ ਉਸਦਾ ਸਮਾਜਿਕ ਰੁਤਬਾ ਦੱਸਣਾ ਪਏਗਾ।

ਇਹ ਆਮ ਜਾਣਕਾਰੀ ਵਾਲ਼ੀ ਗੱਲ ਹੈ ਕਿ, ਇਤਿਹਾਸਕ ਤੌਰ 'ਤੇ, ਰਾਜ਼ਨੋਚੀਨੇਤ ਬੁੱਧੀਜੀਵੀ ਆਪਣੇ ਸਮੇਂ ਤੋਂ ਪਹਿਲਾਂ ਹੀ ਪੈਦਾ ਹੋ ਗਿਆ ਸੀ। ਉਸਦਾ ਜਨਮ ਉਸਦੀ ਲੋੜ ਪੈਦਾ ਹੋਣ ਤੋਂ ਪਹਿਲਾਂ ਹੋ ਗਿਆ ਸੀ, ਅਤੇ ਉਸਨੇ ਅਜਿਹਾ ਮੁਕਾਮ ਹਾਸਿਲ ਕਰ ਲਿਆ ਜਿਹੜਾ ਸਰਕਾਰ ਅਤੇ ਪੂੰਜੀ ਦੀਆਂ ਜ਼ਰੂਰਤਾਂ ਨਾਲ਼ੋਂ ਕਾਫੀ ਵੱਡਾ ਸੀ, ਇਹਨਾਂ ਦੋਹਾਂ ਵਿੱਚੋਂ ਕੋਈ ਵੀ ਕੁੱਲ ਉਪਲਬਧ ਬੌਧਿਕ ਸ਼ਕਤੀਆਂ ਨੂੰ ਆਪਣੇ ਅੰਦਰ ਸਮਾ ਨਹੀਂ ਸਕਿਆ। ਆਪਣੇ ਦੇਸ਼ ਵਿੱਚ ਕੁਲੀਨ ਵਰਗ ਦੀਆਂ ਬਗਾਵਤਾਂ ਤੋਂ ਅਤੇ ਦੂਜੇ ਦੇਸ਼ਾਂ ਵਿੱਚ ਲੋਕਾਂ ਦੇ ਇਨਕਲਾਬੀ ਵਿਦਰੋਹ ਤੋਂ ਡਰੀ ਹੋਈ ਸਰਕਾਰ ਬੁੱਧੀਜੀਵੀ ਨੂੰ ਆਪਣੀ ਸੇਵਾ ਵਿੱਚ ਲੈਣ ਤੋਂ ਝਿਜਕਦੀ ਹੀ ਨਹੀਂ ਸੀ, ਜਦਕਿ ਉਹ ਉਸਦੇ ਤਨ-ਮਨ ਤੋਂ ਨਵੀਂ ਤਾਕਤ ਹਾਸਿਲ ਕਰ ਸਕਦੀ ਸੀ, ਪਰ ਜਿਵੇਂ ਕਿ ਸਾਰੇ ਜਾਣਦੇ ਹੀ ਹਨ, ਸਗੋਂ ਸਰਕਾਰ ਇਸ ਨਵੇਂ ਜੰਮੇ ਬਾਲ ਤੋਂ ਡਰ ਨਾਲ਼ ਥਰ-ਥਰ ਕੰਬਣ ਲੱਗ ਪਈ ਸੀ ਅਤੇ ਹਿਰੋਡ ਦੇ ਅਜ਼ਮਾਏ ਹੋਏ ਢੰਗ ਨਾਲ਼ ਇੱਕਦਮ ਇਸ ਖਿਲਾਫ਼ ਸੰਘਰਸ਼ ਵਿੱਢ ਦਿੱਤਾ ਸੀ।

ਰੂਸੀ ਪੂੰਜੀਵਾਦ ਨੂੰ, ਜਿਹੜਾ ਨੌਜਵਾਨ ਹੋਣ ਦੇ ਬਾਵਜੂਦ ਆਪਣੇ ਵਿਕਾਸ ਵਿੱਚ ਸੁਸਤ ਅਤੇ ਖੜੋਤ ਦਾ ਮਾਰਿਆ ਹੋਇਆ ਸੀ, ਤਨ-ਮਨ ਦੀ ਅਜਿਹੀ ਭਰਪੂਰਤਾ ਦੀ ਜ਼ਰੂਰਤ ਨਹੀਂ ਸੀ।

ਜੀਵਨ ਵਿੱਚ ਰੂਸੀ ਬੁੱਧੀਜੀਵੀ ਦਾ ਰੁਤਬਾ ਪ੍ਰਭਾਸ਼ਿਤ ਕਰਨਾ, *meshchanin* (ਰੂਸੀ ਸ਼ਹਿਰ ਵਿੱਚ ਨੀਵੇਂ ਦਰਜੇ ਦਾ ਨਾਗਰਿਕ —ਅਨੁ.) ਦਾ ਸਮਾਜਿਕ ਰੁਤਬਾ ਪ੍ਰਭਾਸ਼ਿਤ ਕਰਨ ਜਿੰਨਾ ਹੀ ਮੁਸ਼ਕਿਲ ਸੀ। ਉਹ ਨਾ ਤਾਂ ਵਪਾਰੀ ਸੀ, ਨਾ ਕੁਲੀਨ ਸੀ ਅਤੇ ਨਾ ਹੀ ਕਿਸਾਨ ਸੀ। ਪਰ ਜੇ ਹਾਲਾਤ ਆਗਿਆ ਦਿੰਦੇ ਤਾਂ ਉਹ ਇਹਨਾਂ ਵਿੱਚੋਂ ਕੋਈ ਵੀ ਹੋ ਸਕਦਾ ਸੀ।

ਦਿਮਾਗ ਅਤੇ ਸਰੀਰ ਪੱਖੋਂ, ਬੁੱਧੀਜੀਵੀ ਵਿੱਚ ਉਹ ਸਾਰੇ ਹੀ ਗੁਣ ਸਨ ਜਿਹੜੇ ਕਿਸੇ ਵੀ

---

* ਉਸਪੇਂਸਕੀ, ਗਲੇਬ ਇਵਾਨੋਵਿਚ (1843-1902)—ਪ੍ਰਸਿੱਧ ਰੂਸੀ ਲੇਖਕ ਤੇ ਇਨਕਲਾਬੀ-ਜਨਵਾਦੀ। 'ਧਰਤੀ ਦੀ ਤਾਕਤ' ਤੇ 'ਕਿਸਾਨ ਤੇ ਉਸਦੀ ਕਿਰਤ' ਉਹਨਾਂ ਦੀਆਂ ਮਕਬੂਲ ਰਚਨਾਵਾਂ ਹਨ।

ਜਮਾਤ ਵਿੱਚ ਘੁਲ਼ਮਿਲ਼ ਜਾਣ ਲਈ ਲੋੜੀਂਦੇ ਹੁੰਦੇ ਹਨ, ਪਰ ਕਿਉਂਕਿ ਦੇਸ਼ ਵਿੱਚ ਸਨਅਤ ਅਤੇ ਜਮਾਤਾਂ ਦੇ ਜੱਥੇਬੰਦ ਹੋਣ ਦਾ ਵਿਕਾਸ ਬੁੱਧੀਜੀਵੀ ਦੇ ਆਪਣੇ ਵਿਕਾਸ ਨਾਲ਼ੋਂ ਘੱਟ ਰਫਤਾਰ ਨਾਲ਼ ਹੋ ਰਿਹਾ ਸੀ, ਇਸ ਲਈ ਉਸਨੂੰ ਆਪਣਾ ਰਾਹ ਸਮਾਜਿਕ ਤੌਰ 'ਤੇ ਇੱਕਮੁੱਠ ਹੋਏ ਗਰੁੱਪਾਂ ਤੋਂ ਬਾਹਰ ਲੱਭਣ ਲਈ ਮਜ਼ਬੂਰ ਹੋਣਾ ਪਿਆ। "ਪਛਤਾਉਂਦੇ ਕੁਲੀਨ" ਵਾਂਗ, ਜਿਹੜਾ ਕਿ ਖੇਤ-ਗੁਲਾਮੀ ਦੇ ਖਾਤਮੇ ਕਾਰਨ ਤਬਾਹ ਹੋ ਗਿਆ ਸੀ, ਬੁੱਧੀਜੀਵੀ ਨੂੰ ਅਜਿਹੀਆਂ ਤਿੱਖੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ, ਜਿਹਨਾਂ ਤੋਂ ਕਿ ਵਿਦੇਸ਼ ਵਿੱਚ ਉਸਦੇ ਹਮਰੁਤਬਾ (ਬੁੱਧੀਜੀਵੀ) ਪੂਰੀ ਤਰ੍ਹਾਂ ਅਨਜਾਣ ਸਨ। ਸਮੱਸਿਆਵਾਂ ਜਿਹਨਾਂ ਦਾ ਨਿਚੋੜ ਦੋ ਸਵਾਲਾਂ ਵਿੱਚ ਰੱਖਿਆ ਜਾ ਸਕਦਾ ਹੈ:

"ਮੈਂ ਕਿਹੜਾ ਰਾਹ ਚੁਣਾਂ ? ਕੀ ਕੀਤਾ ਜਾਵੇ ?"

ਲੋੜ ਇਸ ਗੱਲ ਦੀ ਸੀ ਕਿ ਨਿਮਨ ਮੱਧ ਵਰਗ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਕੋਈ ਸਿਧਾਂਤਕ ਹੈੱਡ ਕੁਆਟਰ ਸਥਾਪਿਤ ਕੀਤਾ ਜਾਵੇ। ਇਹ ਲੋੜ "ਇਤਿਹਾਸ ਵਿੱਚ ਵਿਅਕਤੀਤਵ ਦੀ ਭੂਮਿਕਾ" ਦੇ ਸਿਧਾਂਤ ਨੇ ਪੂਰੀ ਕੀਤੀ, ਜਿਸਦਾ ਇਹ ਦਾਅਵਾ ਸੀ ਕਿ ਸਮਾਜਿਕ ਟੀਚੇ ਸਿਰਫ਼ ਤੇ ਸਿਰਫ਼ ਅਲੱਗ-ਅਲੱਗ ਵਿਅਕਤੀਆਂ ਦੁਆਰਾ ਹੀ ਹਾਸਿਲ ਕੀਤੇ ਜਾ ਸਕਦੇ ਹਨ।

ਇੱਕੋ ਇੱਕ ਰਾਹ ਜਿਸ 'ਤੇ ਚੱਲਿਆ ਜਾ ਸਕਦਾ ਸੀ, ਪੂਰੀ ਤਰ੍ਹਾਂ ਸਪੱਸ਼ਟ ਸੀ: ਬੁੱਧੀਜੀਵੀ ਨੂੰ ਲੋਕਾਂ ਵਿੱਚ ਜਾ ਕੇ ਕੰਮ ਕਰਨਾ ਪੈਣਾ ਸੀ ਤਾਂ ਕਿ ਉਹਨਾਂ ਵਿੱਚ ਉਹਨਾਂ ਦੇ ਹੱਕਾਂ ਪ੍ਰਤੀ ਜਾਗਰਿਤੀ ਪੈਦਾ ਕੀਤੀ ਜਾ ਸਕੇ। ਆਪਣੀ ਤਾਕਤ ਦੇ ਸੋਮੇ ਵਜੋਂ ਲੋਕਾਂ ਦੀ ਊਰਜਾ 'ਤੇ ਨਿਰਭਰ ਹੋਣ ਤੋਂ ਬਾਅਦ ਹੀ ਬੁੱਧੀਜੀਵੀ ਵਰਗ ਸਰਕਾਰ ਨੂੰ ਨਵੇਂ ਸੁਧਾਰ ਲਿਆਉਣ ਅਤੇ ਦੇਸ਼ ਦੇ ਸੱਭਿਆਚਾਰਕ ਵਿਕਾਸ ਨੂੰ ਤੇਜ਼ ਕਰਨ ਲਈ ਮਜ਼ਬੂਰ ਕਰ ਸਕਿਆ। ਅਤੇ ਇਸ ਤਰ੍ਹਾਂ ਹਜ਼ਾਰਾਂ ਹੀ ਵਿਅਕਤੀਆਂ ਨੂੰ ਜੀਵਨ ਵਿੱਚ ਢੁਕਵੀਂ ਤੇ ਅਰਾਮਦਾਇਕ ਥਾਂ ਦਿਲਾ ਸਕਿਆ।

ਇਹ ਤੱਥ ਕਿ ਬੁੱਧੀਜੀਵੀ ਕੋਲ਼ "ਲੋਕਾਂ ਵਿੱਚ ਕੰਮ ਕਰਨ" ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ ਅਤੇ ਕਿ ਲੋੜਾਂ ਦੇ ਦਬਾਅ ਹੇਠ "ਨਾਇਕ" ਨੂੰ ਮਜ਼ਬੂਰੀਵੱਸ "ਲੋਕਾਂ" ਨਾਲ਼ ਨਾਤਾ ਜੋੜਨਾ ਪਿਆ, ਰੂਸੀ ਸਾਹਿਤ ਵਿੱਚ ਉੱਘੜ ਕੇ ਸਾਹਮਣੇ ਨਹੀਂ ਆਏ। ਉਂਜ ਭਾਵੇਂ ਇਸ ਵਿੱਚ ਉਸ ਨਾਇਕ ਦੇ ਅਨੇਕਾਂ ਉਸਤਤ-ਗਾਣ ਮਿਲ਼ਦੇ ਹਨ, ਜਿਸਨੇ ਆਪਣਾ ਜੀਵਨ ਲੋਕਾਂ ਦੀਆਂ ਸ਼ਕਤੀਆਂ ਨੂੰ ਜੱਥੇਬੰਦ ਕਰਨ ਦੇ ਕਠਿਨ ਕੰਮ ਵਿੱਚ ਲਗਾ ਕੇ Grail* ਹਾਸਿਲ ਕਰਨ ਦੇ ਯਤਨ ਕੀਤੇ ਸਨ।

ਬੁੱਧੀਜੀਵੀ ਦੀ ਮਾਨਸਿਕਤਾ ਉਸਦੀ ਜਵਾਨੀ ਦੇ ਮੁੱਢਲੇ ਦੌਰ ਵਿੱਚ ਹੀ ਤਿੜਕਣੀ ਸ਼ੁਰੂ ਹੋ ਗਈ ਸੀ ਜਦੋਂ ਉਸਨੂੰ ਸਮਾਜਵਾਦ ਨੂੰ ਰਾਹ-ਦਰਸੇਵਾਂ ਸਿਧਾਂਤ ਮੰਨਣ ਲਈ ਮਜ਼ਬੂਰ ਹੋਣਾ ਪਿਆ ਸੀ।

ਦਿਮਾਗ ਵਿੱਚ ਗੱਲਾਂ ਸਾਂਭ ਕੇ ਰੱਖਣ ਦੀ ਸਮਰੱਥਾ ਵਿਅਕਤੀ ਦੇ ਅਨੁਭਵ ਦੇ ਕੁੱਲ-ਜੋੜ ਨਾਲ਼ੋਂ ਕਿਤੇ ਘੱਟ ਹੁੰਦੀ ਹੈ, ਅਤੇ ਬਹੁਤ ਘੱਟ ਲੋਕ ਇਸ ਯੋਗ ਹੁੰਦੇ ਹਨ ਕਿ ਉਹ ਜੀਵਨ

ਤੋਂ ਕਬੂਲੇ ਆਪਣੇ ਨਿੱਜੀ ਪ੍ਰਭਾਵਾਂ ਦੇ ਨਤੀਜਿਆਂ ਨੂੰ ਆਪਣੇ ਵਡੇਰਿਆਂ ਤੋਂ ਵਿਰਾਸਤ ਵਿੱਚ ਮਿਲ਼ੀ ਪ੍ਰਭਾਵਸ਼ਾਲੀ ਸਮਾਜਿਕ ਲਾਗ ਦਾ ਸਫਲਤਾਪੂਰਵਕ ਵਿਰੋਧ ਕਰਨ ਦੀ ਖ਼ੁੱਲ ਦਿੰਦੇ ਹੋਣ। ਸਿਰਫ਼ ਉਹੀ ਮਨ ਰਚਨਾਤਮਕ ਤੌਰ 'ਤੇ ਸੰਤੁਲਿਤ ਅਤੇ ਲਾਹੇਵੰਦ ਹੈ ਜਿਸ ਵਿੱਚ ਕੁੱਲ ਲੋੜਾਂ ਦਾ ਅਹਿਸਾਸ ਵਿਅਕਤੀ ਦੀ ਇੱਛਾ ਸ਼ਕਤੀ, ਪੱਕਿਆਈ ਵਿੱਚ ਭਰੋਸੇ ਅਤੇ ਉਸਦੀ ਹਾਉਮੈ ਦੀ ਸਮੁੱਚਤਾ ਨਾਲ ਇੱਕਸੁਰ ਰੂਪ ਵਿੱਚ ਘੁਲ਼ਿਆ ਹੋਵੇ। ਇਸ ਗੱਲ ਦੇ ਬਾਵਜੂਦ ਕਿ ਦੇਸ਼ ਦੀਆਂ ਸਮਾਜਿਕ ਅਤੇ ਆਰਥਕ ਹਾਲਤਾਂ ਨੇ ਮਨ ਨੂੰ ਵਿਅਕਤੀਗਤ ਰੰਗਤ ਦੇ ਦਿੱਤੀ ਹੈ, ਕੁਝ ਕਾਰਨਾਂ ਦਾ—ਖਾਸ ਤੌਰ 'ਤੇ ਰੂਸੀ—ਰੂਸੀ ਬੁੱਧੀਜੀਵੀ ਦੇ ਵਿਅਕਤੀਗਤ ਰੁਝਾਨ ਦੀ ਹੌਸਲਾਅਫਜਾਈ ਕਰਨ ਵੱਲ ਝੁਕਾਅ ਹੋ ਗਿਆ, ਅਤੇ ਇਹ ਦੇਸ਼ ਵਿੱਚ ਉਸਦੀ ਸੱਭਿਆਚਾਰਕ ਸ੍ਰੇਸ਼ਟਤਾ ਦੀ ਭਾਵਨਾ ਉਸਦੇ ਮਨ ਵਿੱਚ ਭਰਦੇ ਰਹੇ। ਉਸਨੇ ਆਪਣੇ ਆਲ਼ੇ-ਦੁਆਲੇ ਸਵੈ-ਰੱਖਿਆ ਵਿੱਚ ਰੁੱਝੀ ਹੋਈ ਸਰਕਾਰ ਦੇਖੀ, ਜਗੀਰਦਾਰ ਕੁਲੀਨ ਲੋਕਾਂ ਨੂੰ ਆਰਥਕ ਅਤੇ ਮਾਨਸਿਕ ਗਿਰਾਵਟ ਵੱਲ ਵਧਦੇ ਦੇਖਿਆ, ਇੱਕ ਸਨਅਤੀ ਜਮਾਤ ਦੇਖੀ ਜਿਹੜੀ ਆਪਣੀਆਂ ਸ਼ਕਤੀਆਂ ਨੂੰ ਸੇਧਿਤ ਕਰਨ ਵਿੱਚ ਅਜੇ ਕੋਈ ਜਲਦੀ ਨਹੀਂ ਸੀ ਕਰ ਰਹੀ, ਭ੍ਰਿਸ਼ਟ ਅਤੇ ਅਗਿਆਨੀ ਦਫਤਰਸ਼ਾਹੀ, ਅਤੇ ਬੇਅਸਰ ਪਾਦਰੀ-ਮੰਡਲ਼ ਦੇਖਿਆ, ਜਿਹੜਾ ਸਰਕਾਰ ਦੀ ਅੱਡੀ ਥੱਲੇ ਪਿਸ ਰਿਹਾ ਸੀ ਅਤੇ ਅਗਿਆਨੀ ਵੀ ਸੀ।

ਬੁੱਧੀਜੀਵੀ ਲਈ ਇਹ ਮਹਿਸੂਸ ਕਰਨਾ ਸੁਭਾਵਿਕ ਹੀ ਸੀ ਕਿ ਉਹ ਆਪਣੇ ਆਲ਼ੇ-ਦੁਆਲ਼ੇ ਦੇ ਇਹਨਾਂ ਸਾਰਿਆਂ ਵਿੱਚੋਂ ਸਭ ਤੋਂ ਜ਼ਿਆਦਾ ਤਾਜ਼ਗੀ ਭਰਿਆ, ਜਵਾਨ ਅਤੇ ਜ਼ਿਆਦਾ ਉਤਸ਼ਾਹੀ ਸੀ, ਇਸ ਤਰ੍ਹਾਂ ਉਹ ਸਵੈ-ਵਡਿਆਈ ਵਿੱਚ ਫਸ ਗਿਆ ਅਤੇ ਆਪਣੀਆਂ ਯੋਗਤਾਵਾਂ ਨੂੰ ਕੁਝ ਵਧੇਰੇ ਹੀ ਵੱਡਾ ਸਮਝਣ ਲੱਗ ਪਿਆ।

ਇਹਨਾਂ ਭਾਰੀ-ਭਰਕਮ, ਲਾਲਚੀ ਅਤੇ ਸੁਸਤ ਸਰੀਰਾਂ ਦਾ ਭਾਰ ਰਹੱਸਮਈ ਮੁਜ਼ੀਕਾਂ (ਕਿਸਾਨਾਂ) ਦੇ ਮੋਢਿਆਂ 'ਤੇ ਪਿਆ, ਜਿਹਨਾਂ ਨੇ ਆਪਣੇ ਅਤੀਤ ਵਿੱਚ ਰਾਜ਼ਿਨ ਅਤੇ ਪੁਗਾਚੋਵ* ਪੈਦਾ ਕੀਤੇ ਸਨ, ਕੁਲੀਨ ਵਰਗ ਤੋਂ ਜ਼ਮੀਨ-ਸੁਧਾਰ ਕਰਵਾਏ ਸਨ, ਅਤੇ ਸਦੀ ਦੀ ਸ਼ੁਰੂਆਤ ਤੋਂ ਹੀ ਆਪਣੇ ਦਰਮਿਆਨ ਤਰਕਵਾਦੀ ਮੱਤ ਵਿਕਸਤ ਕਰਨ ਲੱਗ ਪਏ ਸਨ।

ਇਹ ਮਹਿਸੂਸ ਕਰਦਿਆਂ ਕਿ ਪੱਛਮ ਵੱਲੋਂ ਸਨਅਤੀ ਪੂੰਜੀਵਾਦ ਦੀਆਂ ਹਵਾਵਾਂ ਦਿਨ-ਬ-ਦਿਨ ਤੇਜ਼ੀ ਨਾਲ ਵਗ ਰਹੀਆਂ ਸਨ, ਜੋ ਉਹਨਾਂ ਦੀ ਪਰਲੋ ਦਾ ਕਾਰਨ ਬਣੀਆਂ, ਜਗੀਰੂ ਕੁਲੀਨ ਵਰਗ ਨੇ ਰੂਸ ਦੇ ਗਿਰਦ ਸਲਾਵੋਫਿਲਿਜ਼ਮ ਦੀ ਰੱਖਿਆ ਪੰਕਤੀ ਖੜੀ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਗਾ ਦਿੱਤਾ। ਇਸ ਗੱਲ ਨੇ ਬੁੱਧੀਜੀਵੀਆਂ ਵਿੱਚ ਇਹ ਵਿਸ਼ਵਾਸ ਪੈਦਾ ਕਰ ਦਿੱਤਾ ਕਿ ਰੂਸੀ ਲੋਕ ਵਿਕਾਸ ਦਾ ਕੋਈ ਮੌਲਿਕ ਰਸਤਾ ਅਖਤਿਆਰ ਕਰਨਗੇ,

---

* ਰਾਜ਼ਿਨ, ਸਤੇਪਾਨ — ਖੇਤ-ਗੁਲਾਮੀ ਖਿਲਾਫ ਰੂਸ ਦੀ ਕਿਸਾਨੀ ਜੰਗ (1667-1671) ਦਾ ਆਗੂ, ਉਹਨਾਂ ਨੂੰ 1671 ਵਿੱਚ ਫਾਂਸੀ ਦਿੱਤੀ ਗਈ।

ਪੁਗਾਚੋਵ, ਯੇਮੇਲਿਆਨ (ਲਗਭਗ 1742-1775) — ਖੇਤ-ਗੁਲਾਮੀ ਖਿਲਾਫ ਵੱਡੇ ਪੱਧਰ 'ਤੇ ਉੱਠੀ ਕਿਸਾਨੀ ਦੀ ਬਗਾਵਤ (1773-1775) ਦਾ ਆਗੂ।

ਜਿਸਤੋਂ ਕਈ ਮਹਾਨ ਤਬਦੀਲੀਆਂ ਦੀ ਉਮੀਦ ਕੀਤੀ ਜਾਂਦੀ ਸੀ। ਜਦੋਂ ਇਸਨੇ "ਰੂਸੀ ਸਮਾਜਵਾਦ" ਦਾ ਪਤਲਾ ਜਿਹਾ ਜ਼ਰਾਬਖਤਰ ਪਹਿਨਿਆ, ਤਾਂ ਇਸ ਸੂਰਮੇ ਨੇ ਆਪਣੇ ਆਪ ਨੂੰ ਅਗਿਆਨੀ, ਭਲੇ ਪਰ ਗੈਰ-ਭਰੋਸੇਯੋਗ ਰੂਸੀ ਕਿਸਾਨਾਂ ਦੇ ਵਿਰੋਧ ਵਿੱਚ ਖੜ੍ਹਾ ਦੇਖਿਆ। ਇਹ ਕਿਵੇਂ ਹੋਇਆ ਕਿ ਬੁੱਧੀਜੀਵੀ ਨੇ, ਜਿਹੜਾ ਕਿ ਧੁਰ ਅੰਦਰ ਤੱਕ ਵਿਅਕਤੀਵਾਦੀ ਸੀ, ਇੱਕ ਅਜਿਹਾ ਸਿਧਾਂਤ ਪ੍ਰਵਾਨ ਕਰ ਲਿਆ ਜਿਹੜਾ ਉਸਦੀ ਮਾਨਸਿਕਤਾ ਤੋਂ ਇੰਨਾ ਉਲਟ ਸੀ ? ਅਤੇ ਦੂਜੀ ਹੋਰ ਕਿਹੜੀ ਜਾਗ ਸੀ ਜਿਹੜੀ ਲੋਕਾਂ ਦੀ ਸੁਸਤ ਅਤੇ ਭਾਰੀ ਤੌਣ ਵਿੱਚ ਖਮੀਰ ਪੈਦਾ ਕਰ ਸਕਦੀ ਸੀ ?

ਇਹ ਢੁੱਕਵੀਂ ਮਿਸਾਲ ਕਿਸੇ ਸਮਾਜਿਕ ਵਿਚਾਰ ਦੇ ਵਿਅਕਤੀ ਦੀ ਮਾਨਸਿਕਤਾ 'ਤੇ ਪੈਣ ਵਾਲ਼ੇ ਲਾਹੇਵੰਦ ਪ੍ਰਭਾਵ ਬਾਰੇ ਦੱਸਦੀ ਹੈ: ਅਸੀਂ ਦੇਖਦੇ ਹਾਂ ਕਿ ਕਿਸ ਜਾਦੂਮਈ ਰਫਤਾਰ ਨਾਲ਼ ਇਸ ਵਿਚਾਰ ਨੇ ਇਕੱਲੇ ਅਤੇ ਸਬੰਧੀਹੀਣ ਰਾਜ਼ਨੋਚੀਨੇਤਸ ਬੁੱਧੀਜੀਵੀਆਂ ਨੂੰ ਇੱਕ ਆਦਰਸ਼ ਅਤੇ ਨਾਇਕ ਦਾ ਰੂਪ ਦੇ ਦਿੱਤਾ; ਅਸੀਂ ਦੇਖਦੇ ਹਾਂ ਕਿ ਕਿਵੇਂ, ਸਮੂਹਵਾਦ ਦੇ ਸਿਧਾਂਤ ਦੇ ਜਾਦੂਮਈ ਪ੍ਰਭਾਵ ਹੇਠਾਂ, ਗੁਲਾਮਾਂ ਦੀ ਧਰਤੀ ਦੇ ਸਾਹਸਹੀਣ ਪੁੱਤਰ ਦੁਰਲੱਭ ਊਰਜਾ ਅਤੇ ਰੂਹਾਨੀ ਖੂਬਸੂਰਤੀ ਵਾਲ਼ੇ ਇੱਕ ਲੜਾਕੇ ਵਿੱਚ ਤਬਦੀਲ ਹੋ ਗਏ। ਪਿਛਲੀ ਸਦੀ ਦੇ ਅੱਠਵੇਂ ਦਹਾਕੇ ਨੇ ਇਸ ਤੱਥ ਲਈ ਅਨੇਕਾਂ ਨਿਰਵਿਵਾਦ ਸਬੂਤ ਦਿੱਤੇ ਹਨ ਕਿ ਕੇਵਲ ਇੱਕ ਸਮਾਜਿਕ ਵਿਚਾਰ ਹੀ ਮਨੁੱਖ ਦੀ ਵਿਅਕਤੀਗਤ ਹੋਂਦ ਦੇ ਇਤਫਾਕੀਆ ਤੱਥ ਨੂੰ ਇਤਿਹਾਸਕ ਜ਼ਰੂਰਤ ਦੇ ਦਰਜੇ ਤੱਕ ਉੱਚਾ ਚੁੱਕ ਸਕਦਾ ਹੈ; ਸਿਰਫ ਸਮਾਜਿਕ ਵਿਚਾਰ ਹੀ ਵਿਅਕਤੀਗਤ ਹੋਂਦ ਵਿੱਚ ਕਵਿਤਾ ਭਰ ਸਕਦਾ ਹੈ, ਅਤੇ ਵਿਅਕਤੀ ਨੂੰ ਸਮੂਹ ਦੀ ਊਰਜਾ ਵਿੱਚ ਰੰਗ ਕੇ ਵਿਅਕਤੀਗਤ ਹੋਂਦ ਨੂੰ ਦ੍ਰਿੜ ਅਤੇ ਰਚਨਾਤਮਕ ਭਾਵਨਾ ਨਾਲ਼ ਭਰ ਦਿੰਦਾ ਹੈ।

ਤੁਸੀਂ ਆਖੋਗੇ ਕਿ ਇਹ ਨਾਇਕ ਤਾਂ ਜ਼ਖ਼ਮੀ ਹੋ ਕੇ ਡਿੱਗ ਪਿਆ ਸੀ।

ਇਹ ਸੱਚ ਹੈ। ਪਰ ਕੀ ਇਹ ਗੱਲ ਸੰਘਰਸ਼ ਦੀ ਲੋੜ ਅਤੇ ਖੂਬਸੂਰਤੀ ਨੂੰ ਖਤਮ ਕਰ ਦਿੰਦੀ ਹੈ ? ਕੀ ਇਹ ਸਮੂਹ ਦੇ ਸਿਧਾਂਤ ਦੀ ਅਟੱਲ ਜਿੱਤ ਵਿੱਚ ਕਿਸੇ ਦੇ ਵਿਸ਼ਵਾਸ ਨੂੰ ਹਿਲਾ ਸਕਦੀ ਹੈ ?

ਇਹ ਨਾਇਕ ਜਿੱਤ ਲਿਆ ਗਿਆ ਸੀ—ਉਸਦੀ ਸਦਾ ਸੋਭਾ ਵਧੇ, ਜੋ ਉਹ ਕਰ ਸਕਦਾ ਸੀ ਉਸਨੇ ਕੀਤਾ—ਕੋਈ ਵੀ ਆਦਮੀ ਇਸਤੋਂ ਜ਼ਿਆਦਾ ਨਹੀਂ ਕਰ ਸਕਦਾ ਸੀ।

ਇਸ ਕੱਲ ਦੇ ਜਵਾਕ ਦਾ ਟਾਕਰਾ ਮੁਜ਼ੀਕ (ਰੂਸੀ ਕਿਸਾਨ) ਨਾਲ਼ ਹੋਇਆ ਸੀ—ਜਿਸਦਾ ਆਪਣਾ ਇੱਕ ਇਤਿਹਾਸ ਸੀ—ਬੁਰੀ ਆਤਮਾ ਦੀਆਂ ਕਦੇ ਵੀ ਨਾ ਮੁੱਕਣ ਵਾਲ਼ੀਆਂ ਸ਼ੈਤਾਨੀ ਚਾਲਾਂ ਵਿਰੁੱਧ ਇੱਕ ਲੰਮੇ ਤੇ ਘੋਰ ਸੰਘਰਸ਼ ਦਾ ਇਤਿਹਾਸ। ਉਸ ਬੁਰੀ ਆਤਮਾ ਵਿਰੁੱਧ ਜਿਹੜੀ ਉਸਦੇ ਸਾਹਮਣੇ ਜੰਗਲ਼ ਤੇ ਦਲਦਲ, ਤਾਤਾਰ ਤੇ ਸਰਦਾਰ, ਅਧਿਕਾਰੀ ਅਤੇ ਆਮ ਤੌਰ 'ਤੇ ਮਾਲਕਾਂ ਦਾ ਰੂਪ ਧਾਰ ਕੇ ਆਈ ਸੀ। ਉਸਨੇ ਆਪਣੇ ਸਾਰੇ ਦੁੱਖਾਂ ਦੀ ਜੜ੍ਹ, ਇਸ ਬੁਰੀ ਆਤਮਾ ਤੋਂ ਬਚਣ ਲਈ ਅਰਧ-ਕਾਫ਼ਿਰ, ਅਰਧ-ਇਸਾਈ ਧਰਮ ਦੀ ਚੱਟਾਨ ਓਹਲੇ ਓਟ ਲਈ ਅਤੇ ਬਹੁਤ ਦੇਰ ਤੋਂ ਦੁੱਖ ਸਹਿ ਰਹੇ ਬੰਦੇ ਵਾਂਗ ਚੁੱਪ ਦੀ ਜ਼ਿੰਦਗੀ

ਗੁਜ਼ਾਰਦਾ ਰਿਹਾ, ਜਿਹੜਾ ਹਰ ਇੱਕ ਦੀ ਗੱਲ ਸੁਣਨ ਲਈ ਤਿਆਰ ਸੀ ਪਰ ਵਿਸ਼ਵਾਸ ਕਿਸੇ ਦਾ ਵੀ ਨਹੀਂ ਸੀ ਕਰਦਾ।

ਸਾਡੇ ਸਾਹਿਤ ਨੇ ਇਸ ਰਹੱਸਮਈ ਸਖਸ਼ੀਅਤ ਦਾ ਪੂਰਾ ਉੱਘੜਵਾਂ ਚਿਤਰਣ ਕਰਨ ਵਿੱਚ ਆਪਣੀ ਅਥਾਹ ਰਚਨਾਤਮਕ ਊਰਜਾ ਖਰਚ ਕਰ ਦਿੱਤੀ, ਅਤੇ ਮੁਜ਼ੀਕ ਦੀ ਰੂਹ ਨੂੰ ਪ੍ਰਗਟਾਉਣ ਅਤੇ ਉਸ 'ਤੇ ਚਾਨਣਾ ਪਾਉਣ ਲਈ ਅਧਿਐਨ ਦਾ ਪੂਰਾ ਸਮੁੰਦਰ ਰੋੜ ਦਿੱਤਾ। ਕੁਲੀਨਾਂ ਨੇ ਉਸਦਾ ਚਿਤਰਣ ਇੱਕ ਰੱਬ ਤੋਂ ਡਰਨ ਵਾਲ਼ੇ ਇਸਾਈ ਵਜੋਂ ਕੀਤਾ ਹੈ, ਨਿਮਾਣਾ ਅਤੇ ਖਿਮਾਸ਼ੀਲ ਜਿਹੇ ਗੁਣਾਂ ਨਾਲ਼ ਭਰਪੂਰ। ਇਹ ਉਹਨਾਂ ਲਈ ਪੂਰੀ ਤਰ੍ਹਾਂ ਕੁਦਰਤੀ ਸੀ, ਕਿਉਂਕਿ ਮੁਜ਼ੀਕਾਂ ਵਿਰੁੱਧ ਐਨੇ ਭਾਰੀ ਗੁਨਾਹ ਕਰਨ ਪਿੱਛੋਂ, ਸ਼ਾਇਦ ਉਹ ਸੱਚਮੁੱਚ ਹੀ ਉਸਦੀ ਮਾਫ਼ੀ ਚਾਹੁੰਦੇ ਸਨ।

ਪੁਰਾਣੇ 'ਨਰੋਦਨਿਕਾਂ' ਦੇ ਸਾਹਿਤ ਨੇ ਇੱਕ ਅਜਿਹਾ ਮੁਜ਼ੀਕ ਪੈਦਾ ਕੀਤਾ, ਜਿਹੜਾ ਸ਼ੋਖ, ਭੜਕੀਲਾ ਅਤੇ ਫਰਾਂਸੀਸੀ ਪਾਲਿਸ਼ ਵਰਗਾ ਸੀ, ਧੁਰ ਅੰਦਰੋਂ ਸਮੂਹਵਾਦੀ ਸੀ, ਸਰਵਉੱਚ ਨਿਆਂ ਦੀ ਪਿਆਸ ਦਾ ਜਨੂੰਨੀ ਸੀ, ਅਤੇ ਜੋ ਵੀ ਉਸ ਕੋਲ਼ "ਚੰਗਿਆਈ, ਉੱਚਤਾ ਅਤੇ ਸਦੀਵਤਾ ਬੀਜਣ ਲਈ ਆਉਂਦਾ ਸੀ", ਉਸਦਾ ਪਵਿੱਤਰ ਚਾਅ ਨਾਲ਼ ਸਵਾਗਤ ਕਰਦਾ ਸੀ।

ਕੇਵਲ ਨੱਬੇਵਿਆਂ ਵਿੱਚ ਵੀ. ਜੀ. ਕੋਰੋਲੈਂਕੋ ਨੇ ਇੱਕ ਮਹਾਨ ਕਲਾਕਾਰ ਦੀ ਕੋਮਲਤਾ ਪਰ ਸਖ਼ਤਾਈ ਨਾਲ਼ ਇੱਕ ਮੁਜ਼ੀਕ ਦਾ ਪੂਰੀ ਤਰ੍ਹਾਂ ਇਮਾਨਦਾਰ ਅਤੇ ਸੱਚਾ ਚਿਤਰਣ ਕੀਤਾ, ਅਤੇ ਵੇਤਲੂਗਾ ਇਲਾਕੇ ਦੇ ਮੁਜ਼ੀਕ ਤਿਊਲਿਨ* ਦੀ ਸਖਸ਼ੀਅਤ ਵਿੱਚ ਇੱਕ ਕੌਮੀ ਟਾਈਪ ਦੀ ਸੱਚੀ ਤਸਵੀਰ ਖਿੱਚੀ। ਇਹ ਸੱਚਮੁੱਚ ਹੀ ਇੱਕ ਕੌਮੀ ਟਾਈਪ ਸੀ, ਕਿਉਂਕਿ ਉਸਨੇ ਮਿਨਿਨਾਂ ਅਤੇ ਉਸ ਜਿਹੇ ਹੀ ਹੋਰ ਉਸ ਸਮੇਂ ਦੇ ਨਾਇਕਾਂ ਨੂੰ ਸਮਝਣ ਦੀ ਅਤੇ ਪੂਰੇ ਰੂਸੀ ਇਤਿਹਾਸ ਅਤੇ ਇਸਦੇ ਅਜੀਬ ਉਤਾਰ-ਚੜ੍ਹਾਵਾਂ ਨੂੰ ਸਮਝਣ ਦੀ ਵੀ ਕੁੰਜੀ ਦਿੱਤੀ। ਤਿਊਲਿਨ ਸਾਡੇ ਲੋਕ-ਕਿੱਸਿਆਂ ਵਿਚਲਾ ਖੁਸ਼ਕਿਸਮਤ ਸਿਆਣਾ ਈਵਾਨ ਸੀ, ਪਰ ਹੁਣ ਉਹ ਹੋਰ ਅਗਨ-ਪੰਛੀ ਨਹੀਂ ਸੀ ਫੜਨੇ ਚਾਹੁੰਦਾ, ਕਿਉਂਕਿ ਉਹ ਜਾਣਦਾ ਸੀ ਕਿ ਭਾਵੇਂ ਉਹ ਕਿੰਨੇ ਵੀ ਅਜਿਹੇ ਪੰਛੀ ਫੜ ਲਵੇ, ਉਸਨੂੰ ਇਹ ਸਾਰੇ ਵੱਡੇ ਲੋਕਾਂ ਨੂੰ ਦੇਣੇ ਪੈਣਗੇ। ਉਹ ਹੁਣ ਸਿਆਣੇ ਵਾਸੀਲਿਸਾ 'ਤੇ ਭਰੋਸਾ ਨਹੀਂ ਕਰਦਾ ਸੀ: ਉਸ ਦੁਆਰਾ ਕੀਤੀਆਂ ਅਨੇਕਾਂ ਕੋਸ਼ਿਸ਼ਾਂ ਦੇ ਅਜਾਈਂ ਬਰਾਬਦ ਹੋ ਜਾਣ ਕਾਰਨ ਖੁਸ਼ੀ ਹਾਸਿਲ ਕਰਨ ਦੀ ਉਸਦੀ ਭਾਲ਼ ਦੀ ਸ਼ਾਨਦਾਰ ਦ੍ਰਿੜਤਾ ਡੋਲ ਗਈ। ਜਦੋਂ ਕੋਈ ਤਿਊਲਿਨ ਬਾਰੇ ਸੋਚਦਾ ਹੈ ਤਾਂ ਉਹ ਨਾ ਕੇਵਲ ਮਿਨਿਨਾਂ ਬਾਰੇ ਹੀ ਸਗੋਂ ਫਿਰਕੂ ਸਿਊਤਾਯੇਵ ਅਤੇ ਬੋਂਦਾਰੇਵ, ਜਿਹਨਾਂ ਨੇ 'ਸਤੰਦਵਾਦ' (ਅੰਜੀਲ ਨੂੰ ਮੰਨਣ ਵਾਲ਼ਾ ਬੈਪਟਿਸਟ ਫ਼ਿਰਕਾ — ਅਨੁ.) ਦੀ ਸ਼ਰਨ ਲਈ ਸੀ, ਬਾਰੇ ਵੀ ਚੰਗੀ ਤਰ੍ਹਾਂ ਸਮਝ ਜਾਂਦਾ ਹੈ, ਜਦਕਿ ਭਾਵੁਕ ਅਤੇ ਕੁਝ ਹੱਦ ਤੱਕ ਖੋਖਲ਼ਾ ਪਲਾਤੋਨ ਕਰਾਤਾਯੇਵ, ਅਕਿਮ** ਅਤੇ ਹੋਰ ਦੂਜੇ ਪਾਤਰਾਂ ਵਾਂਗ ਹੀ, ਜਿਹੜੇ ਕਿ ਕੁਲੀਨਾਂ ਦੀ ਜ਼ਮੀਰ

* ਤਿਊਲਿਨ — ਰੂਸੀ ਲੇਖਕ ਵਲਾਦੀਮੀਰ ਕੋਰੋਲੈਂਕੋ (1853-1921) ਦੀ ਕਹਾਣੀ 'ਦਰਿਆ ਖੇਲਦਾ ਹੈ' ਦਾ ਪਾਤਰ।

** ਅਕਿਮ — ਤਾਲਸਤਾਏ ਦੇ ਨਾਟਕ 'ਹਨੇਰੇ ਦੀ ਤਾਕਤ' ਦਾ ਪਾਤਰ।

ਨੂੰ ਭੁਲਾਵਾ ਦੇਣ ਲਈ ਘੜੇ ਗਏ ਸਨ, ਸਿਮਰਤੀਆਂ ਚੋਂ ਮਿਟ ਜਾਂਦਾ ਹੈ। ਅਤੇ ਨਾਲ਼ ਹੀ 'ਨਰੋਦਨਿਕਾਂ' ਦੇ ਪਿਆਰੇ ਚੰਗੇ ਅਤੇ ਖੁਸ਼ਨੁਮਾ ਵਿਅਕਤੀਤਵ ਵਾਲ਼ੇ ਮੁਜ਼ੀਕ ਅਤੇ ਅਜਿਹੇ ਹੀ ਹੋਰ ਹਵਾਈ ਪਾਤਰ ਵੀ ਮਿਟ ਜਾਂਦੇ ਹਨ।

ਸਮਾਜਵਾਦ ਦਾ ਪ੍ਰਚਾਰਕ ਤਿਊਲਿਨ ਨੂੰ ਮਿਲ਼ਿਆ, ਪਰ ਤਿਊਲਿਨ ਆਪਣੀ ਜ਼ਮੀਨ ਤੋਂ ਉੱਪਰ ਨਾ ਉੱਠਿਆ ਅਤੇ ਬੁੱਧੀਜੀਵੀ ਨੂੰ ਸਮਝਣ ਅਤੇ ਉਸ 'ਤੇ ਭਰੋਸਾ ਕਰਨ ਵਿੱਚ ਨਾਕਾਮਯਾਬ ਰਿਹਾ। ਜਿਵੇਂ ਕਿ ਸਾਰੇ ਜਾਣਦੇ ਹੀ ਹਨ, ਇਹ ਉਹ ਤਰਾਸਦੀ ਸੀ ਜਿਸਨੇ ਸਾਡੇ ਨਾਇਕ ਦਾ ਦਿਲ ਤੋੜ ਦਿੱਤਾ।

ਇਸ ਹਾਰ ਤੋਂ ਬਾਅਦ ਜਲਦੀ ਹੀ, ਪੁਸ਼ਕਿਨ ਦੀ ਯਾਦਗਾਰ ਦੇ ਉਦਘਾਟਨ ਸਮੇਂ, ਦੋਸਤੋਯੇਵਸਕੀ ਦਾ ਮਾਤਮੀ ਭਾਸ਼ਣ ਆਇਆ, ਜਿਸਨੇ ਹਾਰੇ ਹੋਏ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਦਾ ਕੰਮ ਕੀਤਾ। ਇਸ ਤੋਂ ਬਾਅਦ ਤਾਲਸਤਾਏ ਦੀ ਸੋਗਮਈ ਆਵਾਜ਼ ਆਉਣ ਲੱਗ ਪਈ। ਸੈਂਕੜੇ ਜਵਾਨ ਅਤੇ ਸ਼ਾਨਦਾਰ ਲੋਕਾਂ ਦੇ ਮਰ-ਖਪ ਜਾਣ ਤੋਂ ਬਾਅਦ, ਅਤੇ ਜਬਰਦਸਤ ਸੰਘਰਸ਼ ਦੇ ਇੱਕ ਦਹਾਕੇ ਬਾਅਦ, ਗੁਲਾਮਾਂ ਦੀ ਧਰਤੀ ਦੇ ਮਹਾਨਤਮ ਪ੍ਰਤਿਭਾਸ਼ਾਲੀ ਲੋਕ ਇੱਕ ਅਵਾਜ਼ ਹੋ ਕੇ ਚੀਖੇ:

"ਸਮਰਪਣ ਕਰ ਦਿਓ!"

"ਬੁਰਾਈ ਦਾ ਟਾਕਰਾ ਹਿੰਸਾ ਨਾਲ਼ ਨਾ ਕਰੋ!"

ਮੈਨੂੰ ਨਹੀਂ ਲੱਗਦਾ ਕਿ ਰੂਸੀ ਇਤਿਹਾਸ ਵਿੱਚ ਕੋਈ ਪਲ ਇਸਤੋਂ ਵੱਧ ਤਕਲੀਫਦੇਹ ਹੋਵੇਗਾ। ਅਤੇ ਨਾ ਹੀ ਮੈਂ ਉਹਨਾਂ ਇਨਸਾਨਾਂ ਲਈ ਇਸ ਤੋਂ ਵਧੇਰੇ ਅਪਮਾਨਜਨਕ ਕਿਸੇ ਨਾਅਰੇ ਬਾਰੇ ਜਾਣਦਾਂ ਹਾਂ, ਜਿਹੜੇ ਪਹਿਲਾਂ ਹੀ ਬੁਰਾਈ ਦਾ ਟਾਕਰਾ ਕਰਨ ਅਤੇ 'ਆਪਣੇ ਮਕਸਦ ਲਈ ਲੜਨ' ਦੀ ਯੋਗਤਾ ਸਥਾਪਿਤ ਕਰ ਚੁੱਕੇ ਸਨ।

ਅੱਸੀਵਿਆਂ ਵਿੱਚ ਬੁੱਧੀਜੀਵੀ ਨੇ ਤਿੰਨ ਲਾਈਨਾਂ 'ਤੇ ਚੱਲਕੇ ਸਵੈ-ਨਿਰਣਾ ਹਾਸਿਲ ਕਰਨ ਲਈ ਹੰਭਲਾ ਮਾਰਿਆ: ਲੋਕ, *Kulturträger* (ਸੱਭਿਆਚਾਰਕ -ਅਨੁ.) ਸਰਗਰਮੀਆਂ, ਅਤੇ ਵਿਅਕਤੀਗਤ ਸਵੈ-ਸੰਪੂਰਨਤਾ। ਇਹਨਾਂ ਲਾਈਨਾਂ ਦੇ ਮਿਲਾਪ ਨਾਲ਼ ਇੱਕ ਤਰ੍ਹਾਂ ਦਾ ਚੱਕਰ ਬਣ ਗਿਆ: ਲੋਕਾਂ ਨੂੰ ਅਜੇ ਵੀ ਇੱਕ ਅਜਿਹੀ ਤਾਕਤ ਮੰਨਿਆ ਜਾਂਦਾ ਸੀ, ਜਿਹੜੀ ਬੁੱਧੀਜੀਵੀ ਵਰਗ ਦੀ ਜੱਥੇਬੰਦੀ ਅਤੇ ਰਹਿਨੁਮਾਈ ਹੇਠ, ਜੀਵਨ ਦੇ ਤੰਗ ਦਾਇਰਿਆਂ ਦਾ ਵਿਸਥਾਰ ਕਰ ਸਕਦੀ ਸੀ ਅਤੇ ਇਸਨੂੰ ਕਰਨਾ ਚਾਹੀਦਾ ਸੀ। ਇਸ ਤਰ੍ਹਾਂ ਕਰਦੇ ਹੋਏ ਉਹ ਜੀਵਨ ਵਿੱਚ ਬੁੱਧੀਜੀਵੀ ਨੂੰ ਸਥਾਨ ਮੁਹੱਈਆ ਕਰਵਾ ਸਕਦੀ ਸੀ; ਸੱਭਿਆਚਾਰਕ ਸਰਗਰਮੀਆਂ ਨੂੰ ਲੋਕਾਂ ਦੇ ਹੱਕਾਂ ਅਤੇ ਜ਼ਿੰਮੇਵਾਰੀਆਂ ਦੀ ਭਾਵਨਾ ਦੇ ਵਿਕਾਸ ਅਤੇ ਲਾਮਬੰਦੀ ਵਜੋਂ ਲਿਆ ਜਾਂਦਾ ਸੀ; ਸਵੈ-ਸੰਪੂਰਨਤਾ ਨੂੰ ਨਿੱਜੀ ਅਨੁਭਵ ਦੀ ਇੱਕ ਅਜਿਹੀ ਜੱਥੇਬੰਦੀ ਵਜੋਂ ਦੇਖਿਆ ਜਾਂਦਾ ਸੀ ਜਿਹੜੀ ਲੋਕਾਂ ਦੇ ਵਿਕਾਸ ਵੱਲ ਸੇਧਿਤ "ਤੁੱਛ ਗੱਲਾਂ" ਦੇ ਹੋਰ ਵਧੇਰੇ ਫ਼ਾਇਦੇ ਲਈ ਲੋੜੀਂਦੀ ਸੀ।

ਖੈਰ, ਇਸ ਢਾਂਚੇ ਦੇ ਛਿਲਕੇ ਹੇਠਾਂ ਆਤਮਿਕ ਫੁੱਟ ਪੈਦਾ ਹੋ ਗਈ। ਪਤਲੇ ਅਤੇ ਜਰਜਰ ਸਮਾਜਵਾਦੀ ਮੁਖੌਟੇ ਪਿੱਛੇ ਕੱਲਮਕੱਲੇ ਅਤੇ ਕੱਟੜ ਵਿਅਕਤੀਵਾਦੀ ਖੂਹ-ਦੇ-ਡੱਡੂਆਂ ਦੇ

ਨਿਰਾਸ਼ ਚਿਹਰੇ ਮਹਿਸੂਸ ਕੀਤੇ ਜਾ ਸਕਦੇ ਸਨ, ਜਿਹਨਾਂ ਨੇ ਫਟਾਫਟ ਖੁਦ ਨੂੰ ਤਿੰਨਾਂ ਲਾਈਨਾਂ ਵਿੱਚੋਂ ਇੱਕ ਤੱਕ ਸੀਮਤ ਕਰ ਲਿਆ, ਅਤੇ ਘਟਨਾਵਾਂ ਦੇ ਦੌਰ ਵਿੱਚ ਡਾਵਾਂਡੋਲ ਹੋਈਆਂ ਰੂਹਾਂ ਵਿੱਚ ਕਾਹਲੀ-ਕਾਹਲੀ ਮੁੜ ਸੰਤੁਲਨ ਕਾਇਮ ਕਰਨਾ ਸ਼ੁਰੂ ਕਰ ਦਿੱਤਾ। ਫਿਰ ਉਸ ਜੀਵਨ ਦਾ ਜਿਹੜਾ ਉਹ ਜੀ ਕੇ ਆਏ ਸਨ, ਪੂਰੀ ਲਗਨ ਨਾਲ਼ ਅਧਿਐਨ ਕਰਨਾ ਸ਼ੁਰੂ ਹੋਇਆ। ਪੁਰਾਣੀ ਪੀੜੀ ਦੀ ਰਹਿੰਦ-ਖੂੰਹਦ ਨੇ ਇਸ ਅਧਿਐਨ ਵਿੱਚ ਲੱਗੇ ਲੋਕਾਂ ਨੂੰ "ਕੁਝ ਨਾ ਕਰਨ ਜੋਗੇ" ਅਤੇ "ਦੋ ਪੈਸੇ ਦੇ ਹੈਮਲਟ" ਕਿਹਾ। ਨੋਵੋਦਵੋਰਸਕੀ ਨੇ ਉਹਨਾਂ ਸਮਿਆਂ ਦੇ ਬੁੱਧੀਜੀਵੀਆਂ ਨੂੰ ਠੀਕ ਹੀ "ਨਾ ਮੋਰ ਨਾ ਚਿੜੀ*" ਦਾ ਨਾਮ ਦਿੱਤਾ ਸੀ। ਕੁਝ ਵੀ ਹੋਵੇ, ਅਜਿਹੀਆਂ ਅਵਾਜ਼ਾਂ ਜਲਦੀ ਹੀ "ਸਵੈ-ਸੰਪੂਰਨਤਾ ਦੇ ਅਮਲ" ਦੀ ਭਿਣਭਿਣਾਹਟ ਵਿੱਚ ਗੁੰਮ ਹੋ ਗਈਆਂ, ਅਤੇ ਰੂਸੀ ਬੁੱਧੀਜੀਵੀ ਹੁਣ ਆਪਣੇ ਮਨ ਦੇ ਆਖ਼ਰੀ ਛੇ ਪੈਂਸ ਦਾਅ 'ਤੇ ਲਗਾਉਣ ਲਈ ਅਜ਼ਾਦ ਹੋ ਗਿਆ — ਇੱਕ ਅਜਿਹੀ ਆਦਤ ਜਿਸਨੂੰ ਪਿਸਾਰੇਵ** ਨੇ ਪਹਿਲਾਂ ਹੀ ਦੇਖ ਲਿਆ ਸੀ।

ਕਾਹਲੀ-ਕਾਹਲੀ ਸਮਾਜਵਾਦ ਨਾਲੋਂ ਅਪਣਾ ਨਾਤਾ ਤੋੜਦੇ ਹੋਏ, ਉਸਨੇ ਆਪਣਾ ਰੁੱਖ ਅਚਾਨਕ ਸੱਜੇ ਪਾਸੇ ਵੱਲ ਮੋੜਨਾ ਸ਼ੁਰੂ ਕਰ ਦਿੱਤਾ, ਬਿਲਕੁਲ ਉਵੇਂ ਜਿਵੇਂ ਸਾਡੇ ਸਮਿਆਂ ਵਿੱਚ ਹੋ ਰਿਹਾ ਹੈ। ਉਸਦਾ ਮਕਸਦ ਕੀ ਸੀ ? ਕੇਵਲ ਦਸਵੇਂ ਦਹਾਕੇ ਦੇ ਅੱਧ ਵਿੱਚ, ਜਦੋਂ ਉਸਨੇ ਦੇਸ਼ ਦੇ ਜੀਵਨ ਵਿੱਚ ਇੱਕ ਨਵੀਂ ਇਨਕਲਾਬੀ ਜਮਾਤ ਦਾ ਉਦੈ ਦੇਖਿਆ, ਮੁੜ ਫਿਰ ਆਪਣੀ ਆਤਮਾ ਨੂੰ ਸਮਾਜਵਾਦ ਨਾਲ਼ ਜੋੜਨ ਲਈ, ਅਤੇ ਫਿਰ ਦਸ ਸਾਲਾਂ ਬਾਅਦ ਉਨੀ ਹੀ ਤੇਜ਼ੀ ਨਾਲ਼ ਆਪਣੇ ਆਪ ਨੂੰ ਇਹਨਾਂ ਜੰਜ਼ੀਰਾਂ ਚੋਂ ਛੁਡਾਉਣ ਲਈ। "ਅੱਜ ਗੋਰਾ, ਕੱਲ ਨੂੰ ਕਾਲ਼ਾ" ਐੱਨ.ਕੇ. ਮਿਖਾਈਲੋਵਸਕੀ*** ਨੇ ਉਸ ਬਾਰੇ ਬੜੇ ਦੁੱਖ ਨਾਲ਼ ਪਰ ਬਿਲਕੁਲ ਸੱਚੀ ਗੱਲ ਆਖੀ ਸੀ।

ਉਹ ਝੂਲ ਕੇ ਸੱਜੇ ਪਾਸੇ ਚਲਾ ਗਿਆ, ਇਹ ਇੱਕ ਆਮ ਵਰਤਾਰਾ ਹੈ ਜਿਸ ਵਿੱਚ ਕਈ ਅਜਿਹੇ ਮੌਕਾ ਮੇਲ਼ ਹਨ ਜਿਹੜੇ ਬੁੱਧੀਜੀਵੀ ਦੇ ਮਨ ਦੀ ਉਦੋਂ ਦੀ ਅਤੇ ਅੱਜ ਦੀ ਅਵਸਥਾ ਦੀ ਇੱਕਰੂਪਤਾ ਵੱਲ ਬਿਲਕੁਲ ਸਹੀ ਇਸ਼ਾਰਾ ਕਰਦੇ ਹਨ। ਫ਼ਰਕ ਸਿਰਫ਼ ਐਨਾ ਕੁ ਹੈ ਕਿ ਅੱਸੀਵਿਆਂ ਦਾ ਬੁੱਧੀਜੀਵੀ ਸਾਡੇ ਸਮਕਾਲੀ ਨਾਲ਼ੋਂ ਜ਼ਿਆਦਾ ਹਲੀਮੀ ਭਰਿਆ, ਘੱਟ ਖਰਵ੍ਹਾ ਤੇ ਘੱਟ ਝਗੜਾਲੂ ਸੀ।

ਇਹ ਉਹਨਾਂ ਮੌਕਾ ਮੇਲ਼ਾਂ ਦੀਆਂ ਕੁਝ ਉਦਾਹਰਣਾਂ ਹਨ: ਅੱਸੀਵਿਆਂ ਵਿੱਚ ਪ੍ਰਸਿੱਧ ਲੇਖਕ ਪੀ. ਡੀ. ਬੋਬੋਰਕਿਨ ਨੇ *Russkaya Mysl* ('ਰੂਸੀ ਵਿਚਾਰ') ਵਿੱਚ ਇੱਕ ਕਹਾਣੀ

* ਅ. ਓ. ਓਸੀਪੋਵਿਚ-ਨੋਵੋਦਵੋਰਸਕੀ (1853-1882) ਦੀ ਕਿਤਾਬ 'ਨਾ ਮੋਰ ਨਾ ਚਿੜੀ ਦੀਆਂ ਕਹਾਣੀਆਂ' ਵੱਲ ਇਸ਼ਾਰਾ ਹੈ।

** ਪਿਸਾਰੇਵ, ਦਮਿੱਤਰੀ ਇਵਾਨੋਵਿਚ (1840-1868) — ਪ੍ਰਸਿੱਧ ਰੂਸੀ ਆਲੋਚਕ ਤੇ ਇਨਕਲਾਬੀ-ਜਨਵਾਦੀ।

*** ਮਿਖਾਈਲੋਵਸਕੀ, ਨ.ਕ. (1842-1904) — ਰੂਸੀ ਸਮਾਜ-ਵਿਗਿਆਨੀ ਤੇ ਪੱਤਰਕਾਰ, ਉਦਾਰਵਾਦੀ ਨਰੋਦਨਿਕ ਅਤੇ 'ਘਰੇਲੂ ਸਮਾਚਾਰ' ਤੇ 'ਰੂਸੀ ਦੌਲਤ' ਮੈਗਜ਼ੀਨਾਂ ਦੇ ਸੰਪਾਦਕ।

'ਉਹ ਸਿਆਣਾ ਹੋ ਗਿਆ' ਛਾਪੀ, ਜਿਸ ਵਿੱਚ ਲੇਖਕ ਨੇ ਮੁੱਖ ਪਾਤਰ ਨੂੰ ਆਪਣੇ ਕੱਲ ਦੇ ਪਵਿੱਤਰ ਆਦਰਸ਼ਾਂ ਨਾਲ਼ ਗੱਦਾਰੀ ਕਰਨ ਲਈ ਦਾਗ਼ੀ ਕਰਾਰ ਦਿੱਤਾ ਸੀ। 1907 ਵਿੱਚ *Vestnik Yevropi* ਦੇ ਇੱਕ ਅੰਕ ਵਿੱਚ ਜੀ. ਯੇਮੇਲਿਆਨਚੇਂਕੋ ਦੀ ਇੱਕ ਕਹਾਣੀ 'ਉਹ ਸੱਜੇ ਪਾਸੇ ਮੁੜ ਗਿਆ' ਛਪੀ, ਜਿਸ ਵਿੱਚ ਲੇਖਕ ਨੇ ਆਪਣੇ ਨਾਇਕ, ਸਮਾਜਵਾਦੀ ਅਤੇ ਪਾਰਟੀ ਕਮੇਟੀ ਦੇ ਮੈਂਬਰ ਦੀ ਪ੍ਰਵਾਨਗੀ ਨੂੰ, ਜਿਹੜਾ ਕਿਸੇ ਮਹਿਕਮੇ ਵਿੱਚ ਸਰਕਾਰੀ ਨੌਕਰ ਬਣ ਗਿਆ ਸੀ, ਪੇਸ਼ ਕੀਤਾ ਸੀ।

ਬੂਰਜੇ ਦੇ 'ਚੇਲਾ' ਨੇ ਜੋ ਹਫੜਾ-ਦਫੜੀ ਪੈਦਾ ਕੀਤੀ ਸੀ ਉਹ ਸਾਰੀ ਦੁਨੀਆਂ ਲਈ ਪ੍ਰੀਜ਼ੀਬੀਜ਼ੀਯੂਵਸਕੀ ਦੀ 'ਹੋਮੋਸੇਪਿਅਨਜ਼' ਦੁਆਰਾ ਪੈਦਾ ਕੀਤੀ ਪ੍ਰਸੰਸਾ ਵਰਗੀ ਹੀ ਸੀ।

...ਅੱਸੀਵਿਆਂ ਵਿੱਚ ਅਸ਼ਲੀਲ ਸਾਹਿਤ ਕਾਫੀ ਘੱਟ ਸੀ ਅਤੇ ਇਹ ਸਿਰਫ਼ ਸਰਵਸ਼੍ਰੀ ਸੇਰਾਫਿਮ ਨੇਜ਼ੇਨਾਤੀ ਅਤੇ ਲੇਬੇਦੇਵ-ਮੋਰਸਕੋਈ ਦੀ ਹੀ ਰਚਨਾ ਸੀ, ਪਰ ਇਸਦੀ ਸ਼ੈਲੀ ਅਤੇ ਢੰਗ ਇਸ ਧੰਦੇ ਦੇ ਅੱਜ ਦੇ ਮਾਹਿਰਾਂ ਜਿੰਨਾ ਹੀ ਘਿਣਾਉਣਾ ਅਤੇ ਕਚਿਆਣ ਪੈਦਾ ਕਰ ਦੇਣ ਵਾਲ਼ਾ ਸੀ।

ਇਹਨਾਂ ਸਾਰੇ ਗੱਦਾਰਾਂ ਦਾ ਅੱਡਾ ਉਦੋਂ *Novoye Vremya* (ਨਵਾਂ ਜ਼ਮਾਨਾ) ਸੀ, ਸਾਡੇ ਸਮਿਆਂ ਵਿੱਚ ਅਜਿਹੇ ਕਈ ਅੱਡੇ ਹਨ। ਕੀ ਇਹ ਬੁੱਧੀਜੀਵੀ ਵਰਗ ਦੀ ਗਿਣਤੀ ਵਿੱਚ ਵਾਧੇ ਦਾ ਸੂਚਕ ਹੈ ਜਾਂ ਫਿਰ ਇੱਕ ਖੁਸ਼ਹਾਲ ਜੀਵਨ ਦੇ ਲੋਭ ਦਾ ਟਾਕਰਾ ਕਰਨ ਦੀ ਇਸਦੀ ਸ਼ਕਤੀ ਦੇ ਪਤਨ ਦਾ ?

ਮੈਨਸ਼ੀਕੋਵ ਦੇ *Nedelya* ('ਹਫਤਾ') ਦਾ 'ਰੂਸੀ ਵਿਚਾਰ' ਦੇ ਰੂਪ ਵਿੱਚ ਵਿਚਾਰਧਾਰਕ ਪੁਨਰ-ਜਨਮ ਹੋਇਆ ਹੈ, "ਤੁੱਛ ਗੱਲਾਂ" ਦੇ ਉਪਦੇਸ਼ ਸੈਂਕੜੇ ਵਾਰ ਦੁਹਰਾਏ ਜਾ ਚੁੱਕੇ ਹਨ। ਜਦਕਿ ਅੱਸੀਵਿਆਂ ਦੇ ਬੁੱਧੀਜੀਵੀਆਂ ਦਾ ਨਾਅਰਾ ਕਿ "ਸਾਡਾ ਯੁੱਗ ਵੱਡੇ ਕੰਮਾਂ ਦਾ ਯੁੱਗ ਨਹੀਂ ਹੈ" ਹਜ਼ਾਰਾਂ ਵਾਰ ਦੁਹਰਾਇਆ ਗਿਆ ਹੈ।

ਇੰਨੇ ਮਿਲ਼ਦੇ-ਜੁਲਦੇ ਮੌਕਾ ਮੇਲ ਬੁੱਧੀਜੀਵੀ ਦੇ ਹਰ ਵਾਰ ਲੋਕਾਂ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ "ਮੁੜ ਘਿੜ ਖੋਤੀ ਬੋਹੜ ਥੱਲੇ" ਦੇ ਯਤਨਾਂ ਦੀ ਤਸੱਲੀਬਖਸ਼ ਪ੍ਰੋੜਤਾ ਹਨ, ਅਤੇ ਸਮਾਜ ਨਾਲ਼ੋਂ ਪਹਿਲਾਂ ਵਿਅਕਤੀ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀਆਂ ਉਸਦੀਆਂ ਕੋਸ਼ਿਸ਼ਾਂ ਦੀ ਵੀ ਤਸਦੀਕ ਹਨ।

ਅੱਸੀਵਿਆਂ ਵਿੱਚ, ਪੜ੍ਹਦੇ ਸਮੇਂ ਲੋਕ ਕਿਤਾਬਾਂ ਵਿੱਚੋਂ ਕਾਹਲ਼ੀ-ਕਾਹਲ਼ੀ ਵਿਚਾਰ ਚੁਣ ਲਿਆ ਕਰਦੇ ਸਨ, ਜੋ ਇੱਕ ਆਮ ਚਲਨ ਸੀ। ਲੋਕ ਮਿਖਾਇਲੋਵਸਕੀ ਤੇ ਪਲੈਖਾਨੋਵ, ਤਾਲਸਤਾਏ ਤੇ ਦੋਸਤੋਯੇਵਸਕੀ, ਡਿਊਹਰਿੰਗ ਅਤੇ ਸ਼ਾਪਨਹਾਵਰ ਨੂੰ ਪੜ੍ਹਦੇ ਸਨ, ਹਰ ਤਰ੍ਹਾਂ ਦੀਆਂ ਸਿੱਖਿਆਵਾਂ ਦੇ ਨਿੱਤ ਨਵੇਂ ਪੈਰੋਕਾਰ ਬਣ ਰਹੇ ਸਨ, ਜਿਸ ਕਾਰਨ ਉਹ ਹੈਰਾਨੀਜਨਕ ਰਫਤਾਰ ਨਾਲ਼ ਅਲੱਗ ਅਲੱਗ ਧੜਿਆਂ ਵਿੱਚ ਵੰਡੇ ਜਾ ਰਹੇ ਸਨ। ਮੈਂ ਇਸ ਗੱਲ 'ਤੇ ਜ਼ੋਰ ਦੇਣਾ ਚਾਹਾਂਗਾ ਕਿ ਜਿਸ ਤੇਜ਼ੀ ਨਾਲ਼ ਵੱਖ-ਵੱਖ ਮੱਤ ਅਪਣਾਏ ਜਾ ਰਹੇ ਸਨ, ਉਸ ਕਮਜ਼ੋਰ ਅਤੇ ਇਕੱਲੇਕਾਰੇ ਮਨੁੱਖ ਦੁਆਰਾ ਦਿਖਾਈ ਘਬਰਾਹਟ ਭਰੀ ਹੈਰਾਨੀ ਦਾ ਇਹ ਸਾਫ-

ਸਪੱਸ਼ਟ ਅਕਸ ਹੈ, ਜਿਹੜਾ ਆਪਣੀ ਹੋਂਦ ਬਣਾਈ ਰੱਖਣ ਦੇ ਸੰਘਰਸ਼ ਵਿੱਚ ਜਿਹੜੀ ਵੀ ਚੀਜ਼ ਹੱਥ ਲੱਗਦੀ ਸੀ ਉਸੇ ਨੂੰ ਹਥਿਆਰ ਬਣਾ ਲੈਂਦਾ ਸੀ, ਭਾਵੇਂ ਇਹ ਉਸਨੂੰ ਸੂਤ ਬੈਠਦਾ ਹੋਵੇ ਜਾਂ ਨਾ। ਬਿਨਾਂ ਸੋਚੇ ਸਮਝੇ ਸਿਧਾਂਤਾਂ ਨੂੰ ਅਪਣਾਉਣ ਦੀ ਇਹ ਕਾਹਲ ਹੀ ਸੀ ਜਿਸ ਕਾਰਨ ਲੋਕ ਧਰਮ–ਤਿਆਗ ਦੇ ਇਸ ਹੜ੍ਹ ਦੇ ਕਾਰਨਾਂ ਨੂੰ ਸਮਝਣੋਂ ਅਸਮਰੱਥ ਸਨ। ਇਹ ਧਰਮ–ਤਿਆਗ ਨੌਂਵੇਂ ਦਹਾਕੇ ਅਤੇ ਸਾਡੇ ਅੱਜ ਦੇ ਲੋਕਾਂ ਦੀ ਖਾਸ ਵਿਸ਼ੇਸ਼ਤਾ ਹੈ। ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਅਜਿਹੇ ਲੋਕ ਗਿਆਨ ਦੀ ਸ਼ਕਤੀ ਵਿਚਲਾ ਆਨੰਦ ਹਾਸਿਲ ਕਰਨ ਲਈ ਨਹੀਂ ਪੜ੍ਹਦੇ—ਇੱਕ ਅਜਿਹੀ ਭਾਵਨਾ ਜਿਹੜੀ ਮਨੁੱਖ ਨੂੰ ਗਿਆਨ ਦੀਆਂ ਹੱਦਾਂ ਦਾ ਵਡੇਰਾ, ਅਸੀਮ ਵਿਸਥਾਰ ਹਾਸਿਲ ਕਰਨ ਦੀ ਅਜ਼ਾਦੀ ਲਈ ਲੜਨ ਲਈ ਪ੍ਰੇਰਦੀ ਹੈ। ਨਹੀਂ, ਇਹ ਲੋਕ ਆਪਣੇ ਸੌੜੇ ਨਿੱਜੀ ਸਵਾਰਥਾਂ ਲਈ ਪੜ੍ਹਦੇ ਹਨ—ਉਹੀ "ਨਿੱਜ ਦੀ ਸਥਾਪਨਾ" ਲਈ।

"ਗਰਮ ਧੜੇ ਵਾਲ਼ੇ" "ਗੈਰ–ਵਿਰੋਧੀ" ਧੜੇ ਦੇ ਪੈਰੋਕਾਰ ਬਣ ਗਏ ਅਤੇ "ਸੱਭਿਆਚਾਰਵਾਦੀ" "ਕਿਸੇ ਕੰਮ ਜੋਗੇ ਨਾ ਰਹੇ"। ਇੱਥੋਂ ਤੱਕ ਕਿ ਐੱਨ. ਈ. ਪੇਤਰੋਪਾਵਲੋਵਸਕੀ–ਕਾਰੋਨਿਨ*, ਸਭ ਤੋਂ ਜ਼ਿਆਦਾ ਇਮਾਨਦਾਰ ਰੂਸੀ ਲੇਖਕਾਂ ਵਿੱਚੋਂ ਇੱਕ ਅਤੇ ਸਿੱਧੀ ਗੱਲ ਕਰਨ ਵਾਲ਼ਾ, ਵੀ ਰੋਣਹਾਕਾ ਹੋ ਕੇ ਬਸ ਇੰਨਾ ਹੀ ਕਹਿ ਸਕਿਆ: "ਕੋਈ ਇਹਨਾਂ ਦੀ ਮੱਦਦ ਕਿਵੇਂ ਕਰ ਸਕਦਾ ਹੈ ? ਇਹਨਾਂ ਦੀ ਮੱਦਦ ਕਰਨ ਦਾ ਕੋਈ ਤਰੀਕਾ ਨਹੀਂ ਹੈ ! ਇਹੀ ਕਾਰਨ ਹੈ ਕਿ ਕੋਈ ਇਹਨਾਂ ਲਈ ਜ਼ਰਾ ਵੀ ਅਫਸੋਸ ਮਹਿਸੂਸ ਨਹੀਂ ਕਰ ਸਕਦਾ !"

ਨਿਰਾਸ਼ਾਵਾਦ ਅੱਜ ਵਾਂਗ ਹੀ ਚਾਰੇ ਪਾਸੇ ਫੈਲਿਆ ਹੋਇਆ ਸੀ; ਅੱਲੜ੍ਹ ਉਮਰ ਦੇ ਨੌਜਵਾਨ ਬ੍ਰਹਿਮੰਡ ਦੇ ਅਰਥ ਬਾਰੇ ਇੱਕੋ ਜਿਹੇ ਹੀ ਸ਼ੰਕੇ ਉਠਾਉਂਦੇ ਸਨ, "ਉਦਾਸੀਨ–ਦ੍ਰਿਸ਼ਟੀ" ਖੁਦਕੁਸ਼ੀਆਂ ਦਾ ਆਮ ਕਾਰਨ ਸੀ, ਰੱਬ ਅਤੇ ਧਰਮ ਬਾਰੇ ਬਹੁਤ ਕੁਝ ਕਿਹਾ ਗਿਆ ਸੀ, ਪਰ ਥੋਥੇਪਣ ਦਾ ਅਹਿਸਾਸ ਕਿਸੇ ਹੋਰ ਹੀ ਰਾਹ 'ਤੇ ਲਿਜਾ ਰਿਹਾ ਸੀ—"ਜੀਵਨ ਦੇ ਸਾਦਾ ਢੰਗ ਵੱਲ ਵਾਪਸ ਪਰਤੋ" ਦੇ ਯਤਨਾਂ ਪਿਛਲੇ ਥੋਥੇਪਣ ਨੂੰ ਲੁਕਾਉਣ ਦੀਆਂ ਕੋਸ਼ਿਸ਼ਾਂ ਵੱਲ, "ਜ਼ਮੀਨ ਵੱਲ ਵਾਪਸੀ" ਦੀ ਉਸ ਲਹਿਰ ਵੱਲ ਜਿਸਨੇ "ਬੁੱਧੀਜੀਵੀਆਂ ਦੀਆਂ ਬਸਤੀਆਂ" ਜੱਥੇਬੰਦ ਕੀਤੀਆਂ ਸਨ।

ਇਹਨਾਂ ਬਸਤੀਆਂ ਦੇ ਜੀਵਨ ਨੇ ਹੈਰਾਨੀਜਨਕ ਸਪੱਸ਼ਟਤਾ ਨਾਲ਼ ਸਾਡੇ ਆਪਣੇ ਪੱਕੇ, ਸਰਵਖੰਡਨਵਾਦੀ ਵਿਅਕਤੀਵਾਦ ਦਾ ਪ੍ਰਗਟਾਵਾ ਕੀਤਾ; ਬੁੱਧੀਜੀਵੀਆਂ ਦੀ ਅਨੁਸ਼ਾਸ਼ਨ ਅਤੇ ਸਮਾਜਿਕ ਸ਼ਿਸ਼ਟਾਚਾਰ ਪ੍ਰਤੀ ਜਮਾਂਦਰੂ ਅਸਮਰੱਥਾ ਹੈਰਾਨੀਜਨਕ ਤੇਜ਼ੀ ਨਾਲ਼ ਉੱਭਰ ਕੇ ਸਾਹਮਣੇ ਆਈ, ਅਤੇ ਇੱਕਦਮ, ਕਿਸੇ ਬੁਰੇ ਪਰਛਾਵੇਂ ਵਾਂਗ, ਰੂਸੀ ਬੁੱਧੀਜੀਵੀ ਦਾ ਮਾਰੂ ਅਤੇ ਘ੍ਰਿਣਾਯੋਗ ਗੁਣ — ਆਪਣੇ ਸਾਥੀਆਂ ਦੀ ਮਨੁੱਖੀ ਸ਼ਾਨ ਦੀ ਸ਼ਰਮਨਾਕ ਢੰਗ ਨਾਲ਼ ਪਾਈ ਘੱਟ ਕਦਰ — ਵੀ ਪੂਰੀ ਤਰ੍ਹਾਂ ਉੱਭਰ ਕੇ ਸਾਹਮਣੇ ਆਇਆ। ਇਹਨਾਂ ਬਸਤੀਆਂ ਦਾ

---

* ਕਾਰੋਨਿਨ, ਸ. — ਨ. ਈ. ਪੇਤਰੋਪਾਵਲੋਵਸਕੀ (1853–1892) ਦਾ ਕਲਮੀ ਨਾਮ, ਰੂਸੀ ਨਰੋਦਨਿਕ ਲੇਖਕ ਜਿਹਨਾਂ ਨੇ ਖੇਤ–ਗੁਲਾਮੀ ਦੇ ਖਾਤਮੇ ਅਤੇ ਪਿੱਤਰੀ ਰਵਾਇਤਾਂ ਦੇ ਪਤਨ ਤੋਂ ਬਾਅਦ ਦੇ ਕਿਸਾਨੀ ਜੀਵਨ ਦਾ ਚਿਤਰਣ ਕੀਤਾ।

ਇਹ ਨਾਟਕ ਇਹਨਾਂ ਦੇ ਜਨਮ ਤੋਂ ਹੀ ਸ਼ੁਰੂ ਹੋ ਗਿਆ ਸੀ। ਜਿਉਂ ਹੀ ਜ਼ਮੀਨ ਵੱਲ ਵਾਪਸ ਮੁੜਨ 'ਤੇ ਤੁਲੇ ਇਹਨਾਂ ਲੋਕਾਂ ਨੇ ਇੱਕ ਨਵਾਂ ਜੀਵਨ ਸ਼ੁਰੂ ਕੀਤਾ ਤਾਂ ਇਹਨਾਂ ਵਿੱਚੋਂ ਹਰ ਇੱਕ ਦੇ ਮਨ ਵਿੱਚ ਆਪਣੀ ਹਉਮੈ, ਆਪਣੀ "ਮੈਂ-ਪਣ" ਨੂੰ ਸਥਾਪਤ ਕਰਨ ਦੀ ਰੋਗੀ ਅਤੇ ਸਨਕੀ ਉਤੇਜਨਾ ਦੀ ਭਾਵਨਾ ਲਟ-ਲਟ ਕਰਕੇ ਬਲ਼ ਉੱਠੀ। ਲੋਕ ਇਸ ਤਰ੍ਹਾਂ ਵਰਤਾਓ ਕਰਨ ਲੱਗੇ ਜਿਵੇਂ ਉਹਨਾਂ ਦੀ ਜਿਉਂਦਿਆਂ ਦੀ ਚਮੜੀ ਉਧੇੜ ਦਿੱਤੀ ਗਈ ਹੋਵੇ, ਉਹਨਾਂ ਦਾ ਅੰਗ-ਅੰਗ ਝੜ ਗਿਆ ਹੋਵੇ ਅਤੇ ਲੀਰਾਂ ਲੀਰਾਂ ਕਰ ਕੇ ਸੁੱਟ ਦਿੱਤਾ ਗਿਆ ਹੋਵੇ। ਅਤੇ ਆਪਣੇ ਗੁਆਂਢੀ ਨਾਲ਼ ਹਰ ਤਰ੍ਹਾਂ ਦਾ ਨਾਤਾ ਅਸਹਿ ਪੀੜ ਦਾ ਕਾਰਨ ਬਣ ਗਿਆ ਸੀ। "ਸਵੈ-ਸੰਪੂਰਨਤਾ" ਇੱਕ ਤਰ੍ਹਾਂ ਦੀ ਆਦਮਖੋਰੀ ਵਿੱਚ ਬਦਲ ਗਈ। ਕਿਸੇ ਸਦਾਚਾਰ-ਸਹਿੰਤਾ ਦੀ ਸਥਾਪਨਾ ਕਰਦੇ ਇਹ ਲੋਕ ਦਰਅਸਲ ਇੱਕ ਦੂਜੇ ਦੇ ਟੁਕੜੇ ਕਰਨ ਲਈ ਤਿਆਰ ਸਨ। ਜਦੋਂ ਉਹ ਕਿਸੇ ਹੋਰ ਵਿੱਚ ਉਸੇ ਤਰ੍ਹਾਂ ਦੀ ਬੇਸ਼ੁਮਾਰ ਭਾਵਨਾ ਦੇਖਦਾ ਤਾਂ ਆਪਣੀ ਹਉਮੈ ਦੀ ਤਿੱਖੀ ਚੇਤਨਾ ਕਾਰਨ ਉਹਨਾਂ ਵਿੱਚੋਂ ਹਰ ਇੱਕ ਨੂੰ ਪਾਗਲਪਣ ਦਾ ਦੌਰਾ ਜਿਹਾ ਪੈ ਜਾਂਦਾ ਸੀ। ਅਜਿਹੇ ਸਬੰਧ ਪੈਦਾ ਹੋਏ ਜਿਹਨਾਂ ਵਿੱਚ ਹਰ ਕੋਈ ਆਪਣੇ ਨਾਲ਼ ਦੇ ਸਾਥੀ 'ਤੇ ਤਿੱਖੀ ਅਤੇ ਈਰਖਾ ਭਰੀ ਨਜ਼ਰ ਰੱਖਦਾ ਸੀ। ਅਜਿਹੇ ਸਬੰਧ ਜਿਹੜੇ ਰੋਗੀ ਸ਼ੱਕ-ਸੰਸਿਆਂ ਅਤੇ ਧੋਖਾਧੜੀ ਵਾਲ਼ੇ ਪਖੰਡਾਂ ਨਾਲ਼ ਭਰੇ ਪਏ ਸਨ। ਕੁਝ ਕੁ ਮਹੀਨਿਆਂ ਵਿੱਚ ਹੀ, ਤੰਦਰੁਸਤ ਲੋਕ ਤੰਤੂ-ਦੁਰਬਲਤਾ ਦੇ ਸ਼ਿਕਾਰ ਹੋ ਗਏ, ਆਤਮਾ ਤੋਂ ਵਿਛੜੇ ਤੇ ਅੰਨ੍ਹੇ ਹੋਏ ਇਹ ਲੋਕ ਆਪਣੇ ਸਾਥੀਆਂ ਪ੍ਰਤੀ ਸ਼ਰੇਆਮ ਘਿਰਣਾ ਚੁੱਕੀ ਫਿਰਦੇ ਸਨ।

ਮੇਰੇ ਖਿਆਲ ਵਿੱਚ ਇਸ ਦੁੱਖਦਾਈ ਨਾਟਕ ਦਾ ਵਿਕਾਸ ਕੁਝ ਇਸ ਤਰ੍ਹਾਂ ਹੋਇਆ। ਆਪਣੇ ਮਨ ਵਿੱਚ ਉਹਨਾਂ ਲੋਕਾਂ ਦੀ ਤਸਵੀਰ ਲਿਆਓ ਜਿਹੜੇ ਆਪਣੇ ਆਪ ਨੂੰ ਇਸ ਧਰਤੀ ਦਾ ਲੂਣ ਸਮਝਦੇ ਸਨ, ਅਤੇ ਜਿਹਨਾਂ ਵਿੱਚ ਇੱਕ ਸੰਪੂਰਨ ਰੂਹਾਨੀ ਜੀਵਨ ਜਿਉਣ ਦੀ ਜ਼ਬਰਦਸਤ ਇੱਛਾ ਸੀ। ਇਸ ਤੜਪ ਨੂੰ ਦਿਲ ਵਿੱਚ ਹੀ ਕੁਚਲ ਕੇ ਉਹ ਕਿਸਾਨਾਂ ਵਿੱਚ ਰਹਿਣ ਲਈ ਚਲੇ ਗਏ, ਇੱਕ ਅਜਿਹੇ ਮਾਹੌਲ ਵਿੱਚ ਜਿਹੜਾ ਪੱਛੜਿਆ ਹੋਇਆ ਅਤੇ ਅਗਿਆਨਤਾ-ਭਰਿਆ ਸੀ, ਉਹਨਾਂ ਲਈ ਬਿਲਕੁਲ ਓਪਰਾ ਸੀ ਅਤੇ ਸ਼ਰੇਆਮ ਜਾਂ ਲੁਕਵੇਂ ਰੂਪ ਵਿੱਚ ਉਹਨਾਂ "ਗੁਣੀ" ਬੰਦਿਆਂ ਦਾ ਵਿਰੋਧੀ ਸੀ। ਉਹ ਆਪਣੇ ਆਲ਼ੇ-ਦੁਆਲ਼ੇ ਦੇ ਖਿੱਲੀ ਉਡਾਉਂਦੇ ਜਗਿਆਸਾ, ਸੰਸੇ ਅਤੇ ਬੁਰੀਆਂ ਗੱਲਾਂ ਵਾਲ਼ੇ ਮਾਹੌਲ ਵਿੱਚ ਉਲ਼ਝੇ ਤੇ ਉਸਤੋਂ ਖਿਝੇ ਰਹਿੰਦੇ ਸਨ। ਉਹਨਾਂ ਦੀਆਂ ਹੱਥੀਂ ਕੰਮ ਕਰਨ ਦੀਆਂ ਕਮਜ਼ੋਰ ਕੋਸ਼ਿਸ਼ਾਂ ਨੂੰ ਦੇਖ ਕੇ ਕਿਸਾਨਾਂ ਦੇ ਚਿਹਰਿਆਂ ਤੇ ਛਾਈ ਘਿਰਣਾਮਈ ਮੁਸਕਰਾਹਟ ਦੇਖ ਕੇ ਉਹ ਲੋਹੇ-ਲਾਖੇ ਹੋ ਜਾਂਦੇ ਸਨ। ਕਿਸਾਨ ਇਹਨਾਂ ਦੀ ਸਰੀਰਕ ਕਮਜ਼ੋਰੀ ਅਤੇ ਮੁਜ਼ੀਕ ਦੀ ਸੰਕੋਚੀ ਆਤਮਾ ਨੂੰ ਸਮਝਣ ਅਤੇ ਉਸਦੀਆਂ ਡੂੰਘਾਈਆਂ ਵਿੱਚ ਉੱਤਰ ਸਕਣ ਦੀ ਉਹਨਾਂ ਦੀ ਅਸਮਰੱਥਾ ਦਾ ਵੀ ਮਜ਼ਾਕ ਉਡਾਉਂਦੇ ਸਨ। ਇਹ ਆਦਿ-ਕਾਲੀਨ ਕੰਮ ਚਲਾਊ ਜ਼ਿੰਦਗੀ ਦਿਨੋ ਦਿਨ ਗੁਜ਼ਰਦੀ ਰਹੀ, ਇਸਦਾ ਅਕੇਵਾਂ ਬੁੱਧੀਜੀਵੀਆਂ 'ਤੇ ਆਪਣਾ ਦਬਾਅ ਪਾਉਂਦਾ ਰਿਹਾ, ਉਹਨਾਂ ਦੇ ਸੰਵੇਦਨਸ਼ੀਲ ਚਿਹਰੇ 'ਤੇ ਖਰਵ੍ਹੇਪਣ ਦੀ ਮੋਹਰ ਲਾਉਂਦਾ ਰਿਹਾ, ਅਤੇ ਹੌਲ਼ੀ-ਹੌਲ਼ੀ ਪਰ ਪੱਕੇ ਤੌਰ 'ਤੇ ਉਹਨਾਂ ਦੀ ਆਤਮਾ ਤੋਂ ਯੂਰਪੀ ਸੱਭਿਆਚਾਰ ਦੇ ਮੁਲੰਮੇ ਦੀ ਪਤਲੀ

ਜਿਹੀ ਪਰਤ ਉਖੇੜਦਾ ਰਿਹਾ। ਗਰਮੀਆਂ ਦਾ ਮਤਲਬ ਸੀ ਲੱਕ-ਭੰਨਵੀਂ ਮਿਹਨਤ ਤੇ ਵਰ੍ਹਦੀ ਅੱਗ, ਸਰਦੀਆਂ ਕੁਪੋਸ਼ਣ ਅਤੇ ਬਿਮਾਰੀਆਂ ਲੈ ਕੇ ਆਉਂਦੀਆਂ, ਛੁੱਟੀ ਵਾਲ਼ੇ ਦਿਨ ਸ਼ਰਾਬਖ਼ੋਰੀ ਅਤੇ ਖੁੱਲਮ-ਖੁੱਲੀਆਂ ਲੜਾਈਆਂ ਚਲਦੀਆਂ ਰਹਿੰਦੀਆਂ। ਹਰ ਥਾਂ ਅਤੇ ਹਰ ਵੇਲ਼ੇ ਬੁੱਧੀਜੀਵੀਆਂ ਦੀਆਂ ਅੱਖਾਂ ਅੱਗੇ ਗੰਵਾਰ-ਉਜੱਡ ਤੇ ਵਹਿਮੀ ਕਿਸਾਨਾਂ ਦੀਆਂ ਸ਼ਕਲਾਂ ਨੱਚਦੀਆਂ ਰਹਿੰਦੀਆਂ। ਕਦੇ ਕੋਈ ਖਿਝੂ ਫੇਰੀ ਵਾਲ਼ਾ, ਕਦੇ ਕੋਈ ਸ਼ਰਾਰਤੀ ਜਾਂ ਕੋਈ ਗੁੰਡਾ-ਬਦਮਾਸ਼ ਜਿਹੜਾ ਦੇਖਣ ਨੂੰ ਜਾਂਗਲ਼ੀ ਜਿਹਾ ਹੁੰਦਾ, ਉੱਥੇ ਆ ਧਮਕਦਾ, ਤੇ ਕਿਸੇ ਢੁੱਕਵੀਂ ਕਹਾਵਤ ਨਾਲ਼, ਆਪਣੇ ਜਾਂ ਆਪਣੇ ਆਲ਼ੇ-ਦੁਆਲ਼ੇ ਦੀਆਂ ਚੀਜ਼ਾਂ ਬਾਰੇ ਕੋਈ ਸਹੀ ਰਾਏ ਦੇ ਕੇ ਦੇਖਣ ਵਾਲ਼ੇ ਨੂੰ ਹੈਰਾਨ ਕਰ ਦਿੰਦਾ, ਅਤੇ ਮਨੁੱਖੀ ਸ਼ਾਨ ਦੀ ਅਜਿਹੀ ਭਾਵਨਾ ਜਿਹੜੀ ਅਚਾਨਕ ਉਸਦੀ ਆਤਮਾ ਦੀਆਂ ਗਹਿਰਾਈਆਂ ਵਿੱਚੋਂ ਫੁੱਟ ਪੈਂਦੀ, ਕਿਸਾਨ ਨੂੰ ਰੁਸ਼ਨਾ ਦਿੰਦੀ। ਅਛੋਹ ਅਤੇ ਅਬੋਧ, ਉਹ ਬੁੱਧੀਜੀਵੀ ਦੇ ਮਨ ਵਿੱਚ ਹਲੀਮੀ, ਹੈਰਾਨੀ ਅਤੇ ਹੋਰ ਕਈ ਭਾਵਨਾਵਾਂ ਦਾ ਮਿਲ਼ਿਆ-ਜੁਲ਼ਿਆ ਅਹਿਸਾਸ ਪੈਦਾ ਕਰ ਦਿੰਦਾ, ਜਿਸਨੂੰ ਬੁੱਧੀਜੀਵੀ ਨਾ ਤਾਂ ਸਮਝ ਸਕਦਾ ਸੀ ਤੇ ਨਾ ਹੀ ਦੱਸ ਸਕਦਾ ਸੀ, ਪਰ ਕਿਸਾਨ ਲਈ ਇਹ ਬਿਲਕੁਲ ਸਾਫ ਤੇ ਸਪੱਸ਼ਟ ਹੁੰਦਾ ਸੀ। ਬਸਤੀ ਵਾਲ਼ੇ ਸਮਝਦੇ ਸਨ ਕਿ ਉਹ ਕਿਸੇ ਗਲਤੀ ਦੇ ਸ਼ਿਕਾਰ ਸਨ, ਪਰ ਉਹਨਾਂ ਦੀ ਮਾਣ-ਮਰਿਆਦਾ ਉਹਨਾਂ ਨੂੰ ਇਸਦੀਆਂ ਜੜ੍ਹਾਂ ਤੱਕ ਨਾ ਪਹੁੰਚਣ ਦਿੰਦੀ। ਇੱਕੋ ਵਲਗਣ ਵਿੱਚ ਰਹਿੰਦੇ ਹੋਣ ਕਾਰਨ ਉਹ ਕਿਸੇ ਤਰ੍ਹਾਂ ਦੀ ਨਿੱਜਤਾ ਨਹੀਂ ਸੀ ਰੱਖ ਸਕਦੇ। ਹਰ ਕੋਈ ਆਪਣੇ ਨਾਲ਼ ਦਿਆਂ ਤੋਂ ਹੌਲ਼ੀ-ਹੌਲ਼ੀ ਪਰ ਲਗਾਤਾਰ ਵਧ ਰਹੀ ਨਿਰਾਸ਼ਾ ਦੀ ਭਾਵਨਾ ਛੁਪਾਉਣ ਦੀ ਕੋਸ਼ਿਸ਼ ਕਰਦਾ, ਜਿਹੜੀ ਉਸਨੂੰ ਆਪਣੇ ਸਾਹਮਣੇ ਪਏ ਕੰਮ ਨੂੰ ਤੇ ਇਸਨੂੰ ਕਰ ਸਕਣ ਦੀ ਆਪਣੀ ਅਸਮਰੱਥਾ ਨੂੰ ਦੇਖ ਕੇ ਹੁੰਦੀ ਸੀ। ਕੁਝ ਵੀ ਹੋਵੇ, ਨੈਤਿਕ ਨਿਘਾਰ ਦੀ ਭਾਵਨਾ ਆਮ ਹੁੰਦੀ ਜਾ ਰਹੀ ਸੀ। ਅਤੇ ਇਸ ਨਾਲ਼ ਆਪਣੀ ਨਿਰਾਸ਼ਾ ਦੀ ਭਾਵਨਾ ਨੂੰ ਦੂਸਰੇ ਬੰਦੇ 'ਤੇ ਅਜ਼ਮਾ ਕੇ ਦੇਖਣ ਦੀ ਇੱਛਾ ਪੈਦਾ ਹੋਈ।

ਚੁੱਪਚਾਪ ਪਰ ਆਮ ਸਹਿਮਤੀ ਨਾਲ਼ ਹਰ ਆਦਮੀ ਦਾ ਵਰਤ-ਵਰਤਾਓ ਅਤੇ ਸੋਚ ਕਰੜੀ ਨਿਗਰਾਨੀ ਹੇਠ ਆ ਗਈ। ਕਿਸੇ ਵੀ ਸਥਾਪਤ ਨਿਯਮ ਦੀ ਉਲੰਘਣਾ ਕਰਨ ਦੇ ਸਿੱਟੇ ਵਜੋਂ ਦੋਸ਼ੀ ਆਦਮੀ ਦੇ ਸਾਥੀ ਬਾਘੀਆਂ ਪਾਉਂਦੇ ਉਸਦੇ ਪਿੱਛੇ ਲੱਗ ਜਾਂਦੇ ਅਤੇ ਆਪਣੀਆਂ ਰੀਝਾਂ ਪੂਰੀਆਂ ਕਰਨ ਲਈ ਲਗਾਤਾਰ ਉਸਨੂੰ ਸਤਾਉਂਦੇ ਰਹਿੰਦੇ। ਅਜਿਹੀਆਂ ਹਰਕਤਾਂ ਤੋਂ ਬਾਅਦ ਆਪਸੀ ਸਬੰਧ ਹੋਰ ਵੀ ਵਿਗੜ ਜਾਂਦੇ, ਤੇ ਪਾਖੰਡ ਹੋਰ ਵੀ ਵਧ ਜਾਂਦਾ। ਬਾਹਰੀ ਹਲੀਮੀ ਦੇ ਪਿੱਛੇ ਇੱਕ ਦੁਸ਼ਮਣੀ ਵਧਣ-ਫੁੱਲਣ ਲੱਗਦੀ ਜਿਹੜੀ ਫਿਰ ਨਫ਼ਰਤ ਵਿੱਚ ਬਦਲ ਜਾਂਦੀ…

ਮੈਂ ਇੱਥੇ ਇੱਕ ਗੱਲ ਹੋਰ ਜੋੜਨੀ ਚਾਹਾਂਗਾ ਕਿ ਸਾਡੇ ਬੁੱਧੀਜੀਵੀਆਂ ਦਾ ਵਿਅਕਤੀਵਾਦ ਅਟੱਲ ਤੌਰ 'ਤੇ ਉਹਨਾਂ ਨੂੰ ਪਾਗਲਪਣ ਨਾਲ਼ ਸਬੰਧਿਤ ਇੱਕ ਰੋਗੀ ਅਵਸਥਾ ਤੱਕ ਲੈ ਜਾਂਦਾ ਹੈ।

ਇਸ ਰੋਗ ਦੇ ਲੱਛਣ ਵਿਅਕਤੀਵਾਦ ਦੇ ਅੱਜ ਦੇ ਸਿਧਾਂਤਕਾਰਾਂ ਵਿੱਚ ਅਸਾਨੀ ਨਾਲ਼ ਦੇਖੇ ਜਾ ਸਕਦੇ ਹਨ। ਇਹ ਭਾਵੇਂ ਰਹੱਸਵਾਦੀ ਹੋਣ, ਅਰਾਜਕਤਾਵਾਦੀ ਹੋਣ, ਜਾਂ

ਮੇਰੇਜ਼ਕੋਵਸਕੀ ਜਾਂ ਸਵੇਂਤਸਿਤਸਕੀ ਮਾਰਕਾ ਇਸਾਈ, ਇਹਨਾਂ ਸਾਰਿਆਂ ਵਿੱਚ ਹੀ ਤਿੱਖੇ ਮਾਨਸਿਕ ਉਤਾਵਲੇਪਣ, ਉਦਾਸੀ, ਡਾਵਾਂਡੋਲ ਸੋਚ, ਅਤੇ ਸਮਾਜਿਕ ਮੂੜ੍ਹਤਾ ਕਾਰਨ ਅਚਾਨਕ ਰੌਂਅ ਦੀ ਤਬਦੀਲੀ ਦੇ ਚਿੰਨ ਪਾਏ ਜਾਂਦੇ ਹਨ। ਇਸਦੇ ਨਾਲ਼ ਹੀ ਇਹ ਬਿਮਾਰ ਲੋਕ ਕੀਰਨੇ ਪਾਉਣ ਅਤੇ ਰੋਣ-ਧੋਣ ਦੇ ਆਦੀ ਹੁੰਦੇ ਹਨ ਤਾਂ ਕਿ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚ ਸਕਣ, ਇਹਨਾਂ ਦੇ ਦੁੱਖਾਂ-ਦਰਦਾਂ ਵਿੱਚੋਂ ਜ਼ਿਆਦਾਤਰ ਕਾਲਪਨਿਕ ਹੀ ਹੁੰਦੇ ਹਨ।

ਸੱਭਿਆਚਾਰ ਦੇ ਇੱਕ ਭਾਵੀ ਰਖਵਾਲੇ ਦੁਆਰਾ ਹੁਣੇ ਪਿੱਛੇ ਜਿਹੇ ਹੀ ਮਾਰੀ ਬੇਹੂਦਾ ਚਿੰਘਾੜ, ਜਿਹੜੀ ਉਸਨੇ "ਸਾਂਝੇ ਵੱਗ" 'ਤੇ ਬੋਲੇ ਗਏ ਹਮਲੇ ਖਿਲਾਫ ਮਾਰੀ ਹੈ, ਦਾ ਹੋਰ ਕੋਈ ਵੀ ਕਾਰਨ ਨਹੀਂ ਹੋ ਸਕਦਾ। ਮੇਰਾ ਭਾਵ ਸ਼੍ਰੀ ਮੇਰੇਜ਼੍ਹਕੋਵਸਕੀ* ਤੋਂ ਹੈ, ਜਿਸਨੇ 'ਰੂਸੀ ਵਿਚਾਰ' ਵਿੱਚ ਹੇਠ ਲਿਖੀ ਗੱਲ ਕਹੀ ਹੈ, ਜੋ ਇੱਕ ਸੱਭਿਅਕ ਮਨੁੱਖ ਨੂੰ ਬਿਲਕੁਲ ਵੀ ਨਹੀਂ ਸ਼ੋਭਦੀ:

"ਕੀ ਗਿਓਰਦਾਨੋ ਬੰਦੇ ਦੀ ਮੌਤ ਮਰਿਆ ਸੀ ? ਨਹੀਂ, ਉਹ *ਕੁੱਤੇ ਦੀ ਮੌਤ ਮਰਿਆ ਸੀ, ਜਾਂ ਉਸਤੋਂ ਵੀ ਭੈੜੀ ਮੌਤ,* ਕਿਉਂਕਿ ਇੱਕ ਪਸ਼ੂ ਘੱਟੋ-ਘੱਟ ਇਹ ਤਾਂ ਨਹੀਂ ਜਾਣਦਾ ਹੁੰਦਾ ਕਿ ਉਸ ਨਾਲ਼ ਕੀ ਵਾਪਰ ਰਿਹਾ ਹੈ, ਜਦਕਿ ਗਿਓਰਦਾਨੋ ਬਰੂਨੋ ਇਸਤੋਂ ਭਲੀ-ਭਾਂਤ ਵਾਕਿਫ ਸੀ।"

ਇੱਥੇ "ਕਿਉਂਕਿ" ਸ਼ਬਦ ਦੀ ਵਰਤੋਂ ਬੜੀ ਢੁੱਕਵੀਂ ਹੈ, ਇਸਤੋਂ ਇਸ ਬੰਦੇ ਦੀ ਅਤੇ ਅਜਿਹੇ ਹੀ ਹੋਰਾਂ ਦੀ ਹਉਮੈ ਦਾ ਪੂਰਾ ਪਤਾ ਲੱਗਦਾ ਹੈ — ਉਹਨਾਂ ਦੇ ਮਨ ਵਿੱਚ ਸਮਾਏ ਮੌਤ ਦੇ ਨੀਚ ਭੈਅ ਦਾ, ਜਿਸਤੋਂ ਗਿਓਰਦਾਨੋ ਬਰੂਨੋ ਅਤੇ ਪਿਆਰ ਕਰਨ ਦੇ ਕਾਬਿਲ ਹੋਰ ਲੋਕ ਬਿਲਕੁਲ ਅਣਜਾਣ ਹੁੰਦੇ ਹਨ। ਸਰੀਰਕ ਵਿਨਾਸ਼ ਦਾ ਇਹ ਭੈਅ ਅਜਿਹੇ ਲੋਕਾਂ ਵਿੱਚ ਬਿਲਕੁਲ ਸੁਭਾਵਿਕ ਹੁੰਦਾ ਹੈ, ਜਿਹਨਾਂ ਦਾ ਜੀਵਨ ਨਾਲ਼ ਕੋਈ ਨਾਤਾ ਨਹੀਂ ਹੁੰਦਾ, ਅਤੇ ਸ਼੍ਰੀਮਾਨ ਮੇਰੇਜ਼੍ਹਕੋਵਸਕੀ ਅਤੇ ਉਹਦੇ ਜਿਹੇ ਹੋਰਾਂ ਤੋਂ ਮਹਾਨ ਲੋਕਾਂ ਅਤੇ ਮਹਾਨ ਕਾਰਨਾਮਿਆਂ ਪ੍ਰਤੀ ਕਿਸੇ ਸਤਿਕਾਰ ਦੀ ਕੋਈ ਉਮੀਦ ਰੱਖਣੀ ਪੂਰੀ ਤਰ੍ਹਾਂ ਵਿਅਰਥ ਹੋਵੇਗੀ। ਕੀ ਇਹ ਸਤਿਕਾਰ ਕਿਸੇ ਅਜਿਹੇ ਬੰਦੇ ਦੀ ਆਤਮਾ ਵਿੱਚ ਹੋ ਸਕਦਾ ਹੈ ਜਿਸਨੇ ਹੇਠ ਲਿਖਿਆ ਇਕਬਾਲ ਕੀਤਾ ਹੋਵੇ:

"ਸਿੱਧੀ ਗੱਲ ਕਹਾਂ ਤਾਂ, ਮੈਂ ਆਪਣੇ ਨਾਸ਼ ਤੋਂ ਬਾਅਦ ਸਮੁੱਚਾ ਆਮ ਵਿਨਾਸ਼ ਚਾਹੁੰਦਾ ਹਾਂ। ਇਤਫਾਕ ਨਾਲ਼ ਹੋਣਾ ਵੀ ਇਸੇ ਤਰ੍ਹਾਂ ਹੈ: ਜੇ ਕੋਈ ਨਿੱਜੀ ਅਮਰਤਾ ਨਹੀਂ ਹੈ, ਤਾਂ ਹਰ ਇੱਕ ਚੀਜ਼ ਮੇਰੇ ਨਾਲ਼ ਹੀ ਖਤਮ ਹੋ ਜਾਵੇਗੀ।"

ਇਹ ਸੁਭਾਵਿਕ ਹੈ ਕਿ ਇੰਨੀ ਨੀਚ ਆਤਮਾ ਨੇ "ਮੈਂ" ਨੂੰ ਅਜਿਹੀ ਥਾਂ 'ਤੇ ਲਿਆ ਕੇ ਸੁੱਟ ਦਿੱਤਾ ਹੈ ਜਿੱਥੋਂ ਇਹ ਸੂਲ਼ੀ ਚੜ੍ਹ ਕੇ ਮਰਨ ਤੇ ਗੰਦੇ ਨਾਲ਼ੇ ਵਿੱਚ ਡੁੱਬ ਕੇ ਮਰਨ ਵਿਚਲਾ,

---

* ਮੇਰੇਜ਼੍ਹਕੋਵਸਕੀ, ਦ.ਸ. (1865-1941)—ਪਿਛਾਂਹਖਿੱਚੂ ਰੂਸੀ ਲੇਖਕ ਤੇ ਆਲੋਚਕ, ਜਿਸਨੇ 1917 ਤੋਂ ਮਗਰੋਂ 'ਈਸਾ ਤੇ ਈਸਾ ਵਿਰੋਧੀ ਪਰਵਾਸੀ' ਨਾਮਕ ਤਿੰਨ ਭਾਗਾਂ ਵਾਲ਼ੀ ਕਿਤਾਬ ਲਿਖੀ।

ਅਤੇ ਸਮੁੱਚੇ ਸੰਸਾਰ ਨੂੰ ਪਿਆਰ ਦੀ ਗਲਵੱਕੜੀ ਵਿੱਚ ਸਮੇਟ ਲੈਣ ਵਾਲ਼ੀ ਮਹਾਨ ਆਤਮਾ ਅਤੇ ਆਪਣੇ ਆਪ—ਮਾਨਸਿਕ ਭ੍ਰਿਸ਼ਟਾਚਾਰ ਫੈਲਾਉਣ ਵਾਲੇ ਜੀਵਾਣੂ—ਵਿਚਲਾ ਫ਼ਰਕ ਨਹੀਂ ਦੇਖ ਸਕਦੀ।

ਜਦੋਂ ਸ਼੍ਰੀਮਾਨ ਮੇਰੇਜ਼ਕੋਵਸਕੀ ਜਿਹੇ ਲੋਕ "ਸੱਭਿਆਚਾਰਕ ਕਦਰਾਂ-ਕੀਮਤਾਂ" ਤੇ "ਸਦੀਆਂ ਦੀ ਵਿਰਾਸਤ" ਨੂੰ ਸਾਂਭਣ ਲਈ ਕਿੱਲ੍ਹ-ਕਿੱਲ੍ਹ ਕੇ ਚੀਖ-ਚਿਹਾੜਾ ਪਾਉਂਦੇ ਹਨ, ਤਾਂ ਕੋਈ ਵੀ ਉਹਨਾਂ 'ਤੇ ਭਰੋਸਾ ਨਹੀਂ ਕਰ ਸਕਦਾ।

ਇਹ ਅਜੀਬ ਪ੍ਰਾਣੀ ਹਨ। ਇਹ ਦੁਨੀਆਂ ਦੇ ਸਭ ਤੋਂ ਉੱਚੇ ਘੰਟਾ-ਘਰਾਂ ਦੇ ਪੈਰਾਂ ਵਿੱਚ ਛੋਟੇ-ਛੋਟੇ ਕੁੱਤਿਆਂ ਵਾਂਗ ਚਊਂ-ਚਊਂ ਕਰਦੇ ਭੱਜੇ ਫਿਰਦੇ ਹਨ ਤੇ ਧਰਤੀ ਦੇ ਮਹਾਨ ਘੰਟਾ-ਘਰਾਂ ਦੀਆਂ ਟੱਲੀਆਂ ਦੀ ਅਵਾਜ਼ ਵਿੱਚ ਆਪਣੀ ਈਰਖਾ ਭਰੀ ਚਊਂ-ਚਊਂ ਰਲ਼ਾਉਣ ਦੀਆਂ ਕੋਸ਼ਿਸ਼ਾਂ ਵਿੱਚ ਭੌਂਕਦੇ ਰਹਿੰਦੇ ਹਨ। ਕਦੇ ਕਦੇ ਅਸੀਂ ਇਹਨਾਂ ਵਿੱਚੋਂ ਹੀ ਕਿਸੇ ਤੋਂ ਸੁਣਦੇ ਹਾਂ ਕਿ ਲਿਓ ਤਾਲਸਤਾਏ ਦਾ ਕੋਈ ਪੂਰਵਜ "ਕਿਸੇ ਮਹਿਕਮੇ" ਵਿੱਚ ਕੰਮ ਕਰਦਾ ਸੀ, ਕਿ ਗੋਗੋਲ ਦੇ ਚਰਿੱਤਰ ਵਿੱਚ ਬਹੁਤ ਸਾਰੀਆਂ ਅਣਸੁਖਾਵੀਆਂ ਗੱਲਾਂ ਸਨ। ਹੋ ਸਕਦਾ ਹੈ ਕਿ ਇਹ ਸੱਚ ਹੋਵੇ, ਪਰ ਇਸ ਕਿਸਮ ਦੀ ਸੱਚਾਈ ਬੇਹੱਦ ਘਟੀਆ, ਨੀਚ ਅਤੇ ਵਿਅਰਥ ਹੈ...

ਨੌਵੇਂ ਦਹਾਕੇ ਅਤੇ ਅਜੋਕੇ ਦੌਰ ਦੀ ਤੁਲਨਾ ਕਰਦਿਆਂ, ਸਾਨੂੰ ਇਸ ਤੱਥ ਦਾ ਵਰਣਨ ਕਰਨਾ ਚਾਹੀਦਾ ਹੈ ਕਿ ਉਹਨਾਂ ਦਿਨਾਂ ਦੇ ਬੁੱਧੀਜੀਵੀਆਂ ਦੀ ਹਉਮੈ ਨੈਤਿਕ ਤੌਰ 'ਤੇ ਵਧੇਰੇ ਸੁਚੱਜੀ ਅਤੇ ਸੱਭਿਆ ਹੁੰਦੀ ਸੀ। ਜਵਾਨੀ ਦਾ ਸਿਹਤਮੰਦ ਨੈਤਿਕ ਸੰਕੋਚ ਉਦੋਂ ਪ੍ਰਤੱਖ ਹੁੰਦਾ ਸੀ, ਇਹ ਮੁੰਡੇਬਾਜ਼ੀ ਅਤੇ ਜਿਨਸੀ-ਅਵੈੜਾਂ ਦੇ ਹੱਕ ਵਿੱਚ ਨਹੀਂ ਸੀ ਅਤੇ ਇਹ ਇਸਤਰੀਤਵ ਦੀ ਉਲੰਘਣਾ ਦੇ ਵਿਚਾਰ ਤੋਂ ਸੁਆਦ ਨਹੀਂ ਲੈਂਦੀ ਸੀ। ਸ਼ਾਇਦ ਇਸ 'ਤੇ ਪਾਬੰਦੀ ਉਸ ਸਮੇਂ ਦੀ ਸੈਂਸਰਸ਼ਿਪ ਨੇ ਹੀ ਲਗਾਈ ਹੋਵੇ। ਕੁਢੱਬੀ ਜਿਹੀ ਘਬਰਾਹਟ ਦੇ ਅਹਿਸਾਸ ਨਾਲ਼ ਇਹ ਹਉਮੈ ਸੱਜੇ ਪਾਸੇ ਵੱਲ ਝੁਕ ਗਈ, ਅਤੇ ਸੱਜੇ ਪਾਸੇ ਪਹੁੰਚਣ ਤੋਂ ਬਾਅਦ, ਇਹ ਆਪਣੇ ਸਾਬਕਾ ਕਾਮਰੇਡਾਂ ਦੀ ਉਸ ਤਰ੍ਹਾਂ ਭੰਡੀ ਕਰਦਿਆਂ ਸ਼ਰਮ ਮਹਿਸੂਸ ਕਰਦੀ ਸੀ—ਜਿਹੋ ਜਿਹੀ ਬੇਸ਼ਰਮ ਤੁਹਮਤਬਾਜ਼ੀ ਦਾ ਅੱਜ ਕੱਲ ਫੈਸ਼ਨ ਹੈ।

ਘਬਰਾਹਟ ਜਿਹੜੀ ਉਹਨਾਂ ਦਿਨਾਂ ਦੇ ਬੁੱਧੀਜੀਵੀਆਂ ਦੀ ਪਹਿਚਾਣ ਸੀ ਅਤੇ ਉਹਨਾਂ ਦੀ ਆਪਣੇ ਆਪ ਨੂੰ ਪ੍ਰਗਟਾਉਣ ਦੀ ਅਣਇੱਛਾ ਇਸ ਉਦਾਹਰਣ ਤੋਂ ਸਾਫ ਦੇਖੀ ਜਾ ਸਕਦੀ ਹੈ: ਜਦੋਂ 1892 ਵਿੱਚ "ਦਰਸ਼ਨ ਅਤੇ ਮਨੋਵਿਗਿਆਨ ਦੀਆਂ ਸਮੱਸਿਆਵਾਂ" ਨਾਮਕ ਇੱਕ ਕਿਤਾਬ ਛਪੀ, ਜਿਸ ਵਿੱਚ ਨੀਤਸ਼ੇ ਬਾਰੇ ਲੋਪਾਤਿਨ, ਗਰੋਟ ਅਤੇ ਮੇਰੇ ਖਿਆਲ ਵਿੱਚ ਤਰੂਬੇਤਸਕੋਈ ਜਾਂ ਵੇਦੇਨਸਕੀ ਦੇ ਲਿਖੇ ਲੇਖ ਸਨ, ਤਾਂ ਕਈ ਅਜਿਹੇ ਨੌਜਵਾਨਾਂ ਨੇ, ਜਿਹੜੇ ਇਸ ਕੁਰਾਹੀਏ ਅਤੇ ਸਮਾਜਵਾਦ-ਵਿਰੋਧੀ ਦੇ ਵਿਚਾਰਾਂ ਦਾ ਅਧਿਐਨ ਕਰਨ ਦੀ ਆਪਣੀ ਇੱਛਾ ਛੁਪਾਉਣੀ ਚਾਹੁੰਦੇ ਸਨ, ਇਹ ਕਿਤਾਬ ਲੁਕ-ਛਿਪ ਕੇ ਪੜ੍ਹੀ ਸੀ। ਕਿਉਂਕਿ ਉਹ ਆਪਣੇ ਅਧਿਆਪਕਾਂ ਨੂੰ ਠੇਸ ਨਹੀਂ ਸੀ ਪਹੁੰਚਾਉਣੀ ਚਾਹੁੰਦੇ, ਜਿਹੜੇ ਕਿ ਪੁਰਾਣੇ

ਗਰਮ ਖਿਆਲੀਏ ਸਨ ਅਤੇ ਜਿਹਨਾਂ ਨੇ ਉਹਨਾਂ ਨੂੰ ਚੇਰਨਯੇਸ਼ੇਵਸਕੀ ਅਤੇ ਲਾਵਰੋਵ, ਮਿਖਾਇਲੋਵਸਕੀ ਅਤੇ ਪਲੈਖਾਨੋਵ ਪੜ੍ਹਨ ਦੀ ਚੇਟਕ ਲਾਈ ਸੀ। ਬੇਸ਼ੱਕ ਉਹਨਾਂ ਦਾ ਇਹ ਢੰਗ ਹਾਸੋਹੀਣਾ ਸੀ, ਕਿਉਂਕਿ ਇਹ ਉਹਨਾਂ ਦੇ ਸਵੈ-ਮਾਣ ਅਤੇ ਆਂਤਰਿਕ ਆਜ਼ਾਦੀ ਦੀ ਕਮਜ਼ੋਰ ਭਾਵਨਾ ਦਾ ਪ੍ਰਗਟਾਵਾ ਵੀ ਕਰਦਾ ਸੀ। ਇਸਦਾ ਅਰਥ ਸ਼ਾਇਦ ਇਹ ਸੀ ਕਿ ਲੋਕਾਂ ਵੱਲ ਜਾਂ ਵਿਅਕਤੀਤਵ ਨਿਰਮਾਣ ਦੇ ਕਾਬਿਲ ਸਮੂਹ ਦੀ ਰਚਨਾ ਵੱਲ ਜਾਂਦੇ — ਜਮਹੂਰੀਅਤ ਤੋਂ ਸਮਾਜਵਾਦ ਵੱਲ ਜਾਂਦੇ — ਮਾਰਗ ਦੇ ਸਮੁੱਚੇਪਣ ਦਾ ਸਹਿਜ ਅਹਿਸਾਸ ਤਬਾਹ ਹੋ ਚੁੱਕੇ ਜੀਵਨ ਦੇ ਖੰਡਰਾਂ ਰਾਹੀਂ ਰਿਸ-ਰਿਸ ਕੇ ਉਸ ਸਮੇਂ ਦੇ ਮਨੁੱਖ ਦੇ ਦਿਲ ਤੱਕ ਪਹੁੰਚ ਰਿਹਾ ਸੀ।

ਪਹਿਲਾਂ ਵਾਂਗ ਹੀ, ਅੱਜ ਦਾ ਬੁੱਧੀਜੀਵੀ ਇਹ ਸਾਫ਼ ਦੇਖ ਸਕਦਾ ਸੀ ਕਿ ਦੇਸ਼ ਨੂੰ ਗਲਤ ਲੀਹਾਂ 'ਤੇ ਲਿਜਾਇਆ ਜਾ ਰਿਹਾ ਸੀ। ਉਸਨੂੰ ਅਜੇ ਇਸ ਗੱਲ ਦਾ ਧੁੰਦਲਾ ਜਿਹਾ ਅਹਿਸਾਸ ਸੀ ਕਿ ਸਮਾਜਿਕ ਸਮੱਸਿਆਵਾਂ ਦੇ ਫੌਰੀ ਤੇ ਜ਼ੋਰਦਾਰ ਹੱਲ ਦੀ ਲੋੜ ਹੈ, ਅਤੇ ਪਹਿਲਾਂ ਵਾਂਗ ਹੀ ਉਹ ਖੁਦ ਨੂੰ ਦੇਸ਼ ਦੀ ਬੌਧਿਕ ਊਰਜਾ ਦਾ ਇੱਕੋ-ਇੱਕ ਵਾਹਕ ਮੰਨਦਾ ਰਿਹਾ।

ਜੀਵਨ ਦੀ ਮੰਡੀ ਵਿੱਚ ਉਸਦੀ ਨਾਕਦਰੀ ਅੱਜ ਨਾਲੋਂ ਵੀ ਕਿਤੇ ਵਧੇਰੇ ਸੀ। ਸਰਕਾਰ ਉਸਦਾ ਹੋਰ ਵੀ ਵੈਰ ਭਾਵਨਾ ਨਾਲ਼ ਵਿਰੋਧ ਕਰਦੀ ਸੀ, ਜਦਕਿ 'ਜ਼ੇਮਸਤਵੋਸ' ਅਤੇ ਪੂੰਜੀਪਤੀ ਇਸ ਤਾਕਤ ਦਾ ਉਸ ਹੱਦ ਤੱਕ ਇਸਤੇਮਾਲ ਕਰਨ ਤੋਂ ਅਸਮਰੱਥ ਸਨ ਜਿੰਨਾ ਸਨਅਤ ਵਿੱਚ ਵਾਧੇ ਅਤੇ ਕਿਸਾਨਾਂ ਦੀਆਂ ਸੱਭਿਆਚਾਰਕ ਲੋੜਾਂ ਦੇ ਵਿਕਾਸ ਕਾਰਨ ਜੀਵਨ ਦੀਆਂ ਬਦਲੀਆਂ ਹੋਈਆਂ ਹਾਲਤਾਂ ਮੰਗ ਕਰਦੀਆਂ ਸਨ।

ਇਹ ਰਾਏ ਕਿ ਨੌਂਵਾਂ ਦਹਾਕਾ ਸੰਤੋਖਵਾਦ, ਨਿਰਾਸ਼ਾਵਾਦ ਅਤੇ ਮਾਯੂਸੀ ਦਾ ਸਮਾਂ ਸੀ, ਮੈਂ ਸੋਚਦਾ ਹਾਂ ਕਿ ਕੁਝ ਵਧਾ ਚੜ੍ਹਾ ਕੇ ਕਹੀ ਗੱਲ ਹੋਵੇਗੀ, ਪਰ ਇਸਦਾ ਕਾਰਨ ਸ਼ਾਇਦ ਇਹ ਹੈ ਕਿ ਸਾਡਾ "ਅੱਜ" ਕੱਲ ਨਾਲੋਂ ਜ਼ਿਆਦਾ ਬੁਰਾ ਹੈ, ਕਿਉਂਕਿ ਜੋ ਕੁਝ ਵੀ ਸਾਡੇ ਕੋਲ ਪਹੁੰਚਿਆ ਹੈ ਉਸਨੂੰ ਘਟੀਆ ਅਤੇ ਵਹਿਸ਼ੀ ਸਰਵਖੰਡਨਵਾਦ ਦੀ ਮੁੜ-ਸੁਰਜੀਤੀ ਨੇ, ਜਿਹੜਾ ਕਿ ਪਹਿਲਾਂ ਹੀ ਗੁੰਡਾਗਰਦੀ ਦਾ ਰੂਪ ਧਾਰ ਰਿਹਾ ਹੈ, ਹੋਰ ਵੀ ਵਧਾ ਦਿੱਤਾ ਹੈ। ਜੇਕਰ ਅਸੀਂ 'ਜ਼ੇਮਸਤਵੋਸ' ਦੇ "ਤੀਜੇ ਤੱਤ", 'ਅਜ਼ਾਦ ਅਰਥ-ਸ਼ਾਸਤਰ ਸਮਾਜ*' ਤੇ ਸਾਹਿਤਕ ਕਮੇਟੀਆਂ ਦੁਆਰਾ ਕੀਤੇ ਕੰਮਾਂ ਨੂੰ ਅਤੇ 'ਆਰਟਲ' ਤੇ ਖੇਤਰੀ ਅਤੇ ਮੌਸਮੀ ਕਿੱਤਿਆਂ ਤੇ ਵਪਾਰਾਂ ਬਾਰੇ ਲਿਖੇ ਪੇਪਰਾਂ ਨੂੰ ਯਾਦ ਕਰੀਏ ਤਾਂ ਅਸੀਂ ਆਪਣੇ ਸਾਹਮਣੇ ਸ਼ੁਰੂਆਤੀ ਕੰਮ ਦਾ ਇੱਕ ਪੂਰਾ ਪਹਾੜ ਦੇਖਾਂਗੇ ਜਿਸ 'ਤੇ ਬਹੁਤ ਮਿਹਨਤ ਕੀਤੀ ਗਈ ਹੈ ਅਤੇ ਜਿਸਦੀ ਕੀਮਤ ਕਿਸੇ ਵੀ ਵਿਵਾਦ ਦੀ ਪਹੁੰਚ ਤੋਂ ਪਰ੍ਹੇ ਹੈ।

---

* ਆਜ਼ਾਦ ਅਰਥ-ਸ਼ਾਸ਼ਤਰ ਸਮਾਜ — ਅਰਥ-ਸ਼ਾਸ਼ਤਰ ਦੇ ਅਧਿਐਨ ਲਈ ਬਣੀ ਪਹਿਲੀ ਰੂਸੀ ਸਭਾ। 1765 ਵਿੱਚ ਬਣਾਈ ਗਈ। ਸੰਸਾਰ ਦੀਆਂ ਅਜਿਹੀਆਂ ਸਭਾਵਾਂ ਵਿੱਚ ਇਹ ਸਭ ਤੋਂ ਪੁਰਾਣੀਆਂ ਵਿੱਚੋਂ ਇੱਕ ਹੈ। 19ਵੀਂ ਸਦੀ ਦੌਰਾਨ ਇਹ ਉਦਾਰ ਬੁੱਧੀਜੀਵੀ ਵਰਗ ਦੀਆਂ ਸਰਗਰਮੀਆਂ ਦਾ ਕੇਂਦਰ ਹੁੰਦੀ ਸੀ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਸ ਸਮੇਂ ਵੀ ਅੱਜ ਵਾਂਗ ਛੋਟੇ-ਮੋਟੇ ਮਤਭੇਦਾਂ 'ਤੇ ਹੀ ਜ਼ੋਰ ਦੇਣ ਦਾ ਰਿਵਾਜ ਸੀ, ਜਦਕਿ ਦੁਸ਼ਮਣ ਅਕਸਰ ਅੱਖਾਂ ਤੋਂ ਓਹਲੇ ਰਹਿ ਜਾਂਦਾ ਸੀ। ਉਦੋਂ ਵੀ ਹਰ ਕੋਈ ਆਪਣੇ ਵਰਗੇ ਹੀ ਲੋਕਾਂ ਦੀ ਭੀੜ ਵਿੱਚੋਂ ਆਪਣੀ ਤੁੱਛ ਸਖਸ਼ੀਅਤ ਨੂੰ ਅਲੱਗ ਦੇਖਣਾ ਚਾਹੁੰਦਾ ਸੀ, ਪਰ ਇਹ ਸਭ ਓਨੇ ਅਰਾਜਕ ਅਤੇ ਘ੍ਰਿਣਤ ਭਰੇ ਢੰਗ ਨਾਲ਼ ਨਹੀਂ ਸੀ ਕੀਤਾ ਜਾਂਦਾ ਜਿਵੇਂ ਕਿ ਅੱਜ ਹੁੰਦਾ ਹੈ। ਇਹ ਕੋਈ ਐਵੇਂ ਫੋਕਾ ਜਿਹਾ ਦਾਅਵਾ ਨਹੀਂ ਹੈ ਸਗੋਂ ਉਸ ਸਮੇਂ ਅਤੇ ਅੱਜ ਦੇ ਸਾਹਿਤ ਦੀ ਤੁਲਨਾ 'ਤੇ ਅਧਾਰਿਤ ਤੱਥ ਹੈ।

ਮੈਨਸ਼ੀਕੋਵ ਨੂੰ ਹੀ ਲਓ, ਜਿਸਨੂੰ ਉਹ ਲੋਕ ਅੱਜ ਕੱਲ ਬਹੁਤ ਬੁਰਾ-ਭਲਾ ਕਹਿੰਦੇ ਹਨ ਜਿਹੜੇ ਨੈਤਿਕ ਤੌਰ 'ਤੇ ਉਸੇ ਵਰਗੇ ਬਣਦੇ ਜਾ ਰਹੇ ਹਨ, ਅਤੇ ਮੁੱਖ ਤੌਰ 'ਤੇ ਇਸ ਸਮਰੂਪਤਾ ਕਾਰਨ ਹੀ ਉਸਨੂੰ ਕੋਸਦੇ ਹਨ। ਮੈਨਸ਼ੀਕੋਵ ਅੱਜ ਭਾਵੇਂ ਜੋ ਵੀ ਹੋਵੇ, ਉਸਦਾ ਉਸ ਸਮੇਂ ਦਾ ਕੰਮ ਨਿਰਸੰਦੇਹ ਸੱਭਿਆਚਾਰਕ ਮਹੱਤਤਾ ਵਾਲ਼ਾ ਸੀ, ਅਤੇ ਉਸ ਸਮੇਂ ਦੇ ਬੁੱਧੀਜੀਵੀਆਂ ਦੇ ਨੈਤਿਕ ਤੌਰ 'ਤੇ ਉੱਚੇ ਅਤੇ ਮਿਹਨਤੀ ਵਰਗ — ਪੇਂਡੂ ਅਤੇ ਸ਼ਹਿਰੀ ਸਕੂਲ ਅਧਿਆਪਕ — ਦੀਆਂ ਲੋੜਾਂ ਪੂਰੀਆਂ ਕਰਦਾ ਸੀ। "ਤੁੱਛ ਗੱਲਾਂ" ਵਾਲ਼ੀਆਂ ਸਰਗਰਮੀਆਂ ਦੇ ਵਿਸ਼ੇ ਉੱਤੇ ਸਤਰੂਵੇ* ਅਤੇ ਉਸੇ ਵਰਗੇ ਹੋਰ ਲੋਕਾਂ ਦੇ ਮੱਤਭੇਦਾਂ ਦੀ ਤੁਲਨਾ ਕਰੋ ਤਾਂ ਤੁਸੀਂ ਮੰਨੋਗੇ ਕਿ ਮੈਨਸ਼ੀਕੋਵ ਨੂੰ ਸੁਹਿਰਦਤਾ, ਪ੍ਰਤਿਭਾ ਅਤੇ ਆਪਣੇ ਲੋਕਾਂ ਦੇ ਮੂਡ ਦੀ ਸਮਝ ਦਾ ਲਾਭ ਹਾਸਿਲ ਸੀ।

ਇਸ ਗੱਲ ਦੀ ਕੋਈ ਕਲਪਨਾ ਵੀ ਨਹੀਂ ਕਰ ਸਕਦਾ ਕਿ 'ਨੇਦੇਲਿਆ' ਦਾ ਸੰਪਾਦਕ ਮੈਨਸ਼ੀਕੋਵ ਕਦੇ ਵੀ ਆਪਣੇ ਮੈਗਜ਼ੀਨ ਵਿੱਚ ਚੁਕੋਵਸਕੀ ਦਾ ਵ. ਕੋਰੋਲੈਂਕੋ ਬਾਰੇ, ਮੇਰੇਜ਼ਕੋਵਸਕੀ ਦਾ ਲ. ਐਂਦਰੇਯੇਵ ਬਾਰੇ ਅਤੇ ਬੇਰਦੇਯਾਯੇਵ** ਦਾ ਇਨਕਲਾਬ ਬਾਰੇ ਲਿਖੇ ਲੇਖਾਂ ਜਿਹੀਆਂ ਘਟੀਆ ਗੱਲਾਂ ਅਤੇ ਸਾਡੇ ਸਮਿਆਂ ਦੇ 'ਰਸਕਾਇਆ ਮਿਸਲ' ਦੁਆਰਾ ਕੀਤੇ ਜਾਂਦੇ ਅਜਿਹੇ ਹੀ ਹੋਰ ਹਮਲੇ ਛਪਣ ਦਿੰਦਾ।

ਇਹ ਸਭ ਇੱਕ ਅਜਿਹੇ ਕਥਨ ਦੀ ਵਿਆਖਿਆ ਹੈ ਜਿਸਨੂੰ ਮੈਂ ਇਸ ਤਰ੍ਹਾਂ ਪ੍ਰੀਭਾਸ਼ਿਤ ਕਰਾਂਗਾ: ਆਪਣੇ ਵਿਕਾਸ ਦੇ ਦੌਰ ਵਿੱਚ ਰੂਸੀ ਵਿਅਕਤੀਵਾਦ ਨੇ ਇੱਕ ਰੋਗੀ ਚਰਿੱਤਰ ਅਖਤਿਆਰ ਕਰ ਲਿਆ ਹੈ, ਵਿਅਕਤੀ ਦੇ ਸਮਾਜਿਕ ਅਤੇ ਨੈਤਿਕ ਪੱਧਰ ਵਿੱਚ ਪ੍ਰਤੱਖ ਨਿਘਾਰ ਲੈ ਆਇਆ ਹੈ, ਅਤੇ ਇਸਦੇ ਨਾਲ਼ ਹੀ ਬੁੱਧੀਜੀਵੀ ਦੀਆਂ ਜੁਝਾਰੂ ਤਾਕਤਾਂ ਵਿੱਚ ਵੀ ਇੱਕ ਆਮ ਨਿਘਾਰ ਆ ਚੁੱਕਿਆ ਹੈ।

ਪੁਰਾਣੇ ਸਾਹਿਤ ਦੀਆਂ ਕ੍ਰਿਤਾਂ ਜਿਵੇਂ ਕਿ 'ਭੂਤ-ਚਿੰਬੜੇ' 'ਤੂਫਾਨੀ ਸਾਗਰ' 'ਖੜੀ ਚੱਟਾਨ' 'ਨਵੀਂ ਧਰਤੀ ਨਵੇਂ ਸਿਆੜ' ਅਤੇ 'ਧੂੰਆਂ', 'ਕਿਤੇ ਵੀ ਨਹੀਂ' ਤੇ 'ਜਾਨੀ ਦੁਸ਼ਮਣ' ਦੀ ਮਿਸਾਲ ਲਈਏ ਤਾਂ ਅਸੀਂ ਦੇਖਦੇ ਹਾਂ ਕਿ ਇਹਨਾਂ ਕਿਤਾਬਾਂ ਵਿੱਚ ਸ਼ਕਤੀਸ਼ਾਲੀ, ਜਨੂੰਨੀ ਅਤੇ ਨੰਗੀ ਨਫ਼ਰਤ ਦਾ ਅਹਿਸਾਸ ਹੈ, ਉਹਨਾਂ ਟਾਈਪਾਂ ਪ੍ਰਤੀ ਜਿਹੜੇ ਦੂਜੇ ਸਾਹਿਤਕ ਧੜੇ

* ਸਤਰੂਵੇ ਪ. ਗ. (1870-1944)—ਰੂਸੀ ਬੁਰਜੂਆ ਅਰਥ-ਸ਼ਾਸ਼ਤਰੀ ਤੇ ਪੱਤਰਕਾਰ।

** ਬੇਰਦੇਯਾਯੇਵ ਨ. ਅ. (1874-1948)—ਪਿਛਾਂਹਖਿਚੂ ਰੂਸੀ ਦਾਰਸ਼ਨਿਕ ਜਿਹੜਾ ਅਕਤੂਬਰ ਇਨਕਲਾਬ ਤੋਂ ਪਿੱਛੋਂ ਦੇਸ਼ ਛੱਡ ਕੇ ਭੱਜ ਗਿਆ।

ਨੇ ਰਖ਼ਮੇਤੋਵ, ਰਿਆਬਿਨਿਨ, ਸਤੋਜ਼ਾਰੋਵ, ਸਵੇਤਲੋਵ* ਦੇ ਮਾਧਿਅਮ ਰਾਹੀਂ ਘੜਨ ਦੀ ਕੋਸ਼ਿਸ਼ ਕੀਤੀ ਹੈ। ਇਸ ਨਫ਼ਰਤ ਦਾ ਕਾਰਨ ਕੀ ਸੀ ? ਨਿਰਸੰਦੇਹ ਇਹ ਉਹਨਾਂ ਲੋਕਾਂ ਅੰਦਰ ਉੱਠੀ ਚੌਕਸੀ ਦੀ ਭਾਵਨਾ ਤੋਂ ਪੈਦਾ ਹੋਈ, ਜਿਹੜੇ ਰੂਸੀ ਇਤਿਹਾਸ ਬਾਰੇ ਪੂਰੀ ਤਰ੍ਹਾਂ ਸਥਾਪਤ ਹੋ ਚੁੱਕੇ ਦ੍ਰਿਸ਼ਟੀਕੋਣ ਅਪਣਾਈ ਬੈਠੇ ਸਨ, ਆਪਣੇ ਸੱਭਿਆਚਾਰ ਦੇ ਵਿਕਾਸ ਬਾਰੇ ਜਿਹਨਾਂ ਕੋਲ਼ ਆਪਣੀਆਂ ਹੀ ਖਾਸ ਯੋਜਨਾਵਾਂ ਸਨ, ਅਤੇ — ਸਾਡੇ ਕੋਲ਼ ਇਸ ਗੱਲ ਤੋਂ ਮੁਨਕਰ ਹੋਣ ਦੀ ਕੋਈ ਵਜ੍ਹਾ ਨਹੀਂ ਹੈ — ਉਹ ਪੂਰੇ ਦਿਲ ਨਾਲ਼ ਇਸ ਗੱਲ ਦੇ ਕਾਇਲ ਸਨ ਕਿ ਦੇਸ਼ ਇਸ ਤੋਂ ਬਿਨਾਂ ਕੋਈ ਹੋਰ ਰਾਹ ਚੁਣ ਹੀ ਨਹੀਂ ਸਕਦਾ ਸੀ। ਇਹਨਾਂ ਵਿੱਚੋਂ ਹਰ ਇੱਕ ਦੇ "ਆਪਣੇ ਹੀ ਵਿਚਾਰ" ਸਨ ਜਿਹਨਾਂ ਲਈ, ਜਿਵੇਂ ਕਿ ਸਾਰੇ ਜਾਣਦੇ ਹੀ ਹਨ, ਉਹਨਾਂ ਨੂੰ ਕਾਫ਼ੀ ਮਹਿੰਗਾ ਮੁੱਲ ਤਾਰਨਾ ਪਿਆ ਸੀ; ਉਹਨਾਂ ਦੇ ਇਹ ਵਿਚਾਰ ਸਾਡੇ ਦੇਸ਼ ਲਈ ਗੁੰਮਰਾਹਕੁੰਨ ਅਤੇ ਹਾਨੀਕਾਰਕ ਵੀ ਹੋ ਸਕਦੇ ਸਨ, ਪਰ ਇਸ ਮਾਮਲੇ ਵਿੱਚ ਅਸੀਂ ਇਹਨਾਂ ਵਿਚਾਰਾਂ 'ਤੇ ਗੌਰ ਨਹੀਂ ਕਰ ਰਹੇ ਹਾਂ, ਸਗੋਂ ਉਹਨਾਂ ਦੇ ਲੇਖਕਾਂ ਦੀ ਗੰਭੀਰਤਾ ਅਤੇ ਮਨ ਦੀ ਸ਼ਕਤੀ ਦੇ ਪੱਧਰ ਨੂੰ ਪਰਖ ਰਹੇ ਹਾਂ। ਉਹ ਇੰਤਹਾਪਸੰਦੀ ਨਾਲ਼ ਬੜੇ ਅੱਖੜ ਢੰਗ ਨਾਲ਼ ਅਤੇ ਕਦੇ ਕਦੇ — ਜਿਵੇਂ ਪਿਸੇਮਸਕੀ** — ਬੜੇ ਫਿੱਕੇ ਤੇ ਬੇਸੁਆਦੀ ਢੰਗ ਨਾਲ਼ ਲੜੇ, ਪਰ ਇਹ ਲੜਾਈ ਹਮੇਸ਼ਾ ਹੀ ਬੇਬਾਕ ਅਤੇ ਜ਼ੋਰਦਾਰ ਹੁੰਦੀ ਸੀ।

ਅੱਜ ਦੇ ਸਾਹਿਤਕਾਰ ਦਾ ਦੇਸ਼ ਦੀ ਕਿਸਮਤ ਨਾਲ਼ ਕਿਸੇ ਤਰ੍ਹਾਂ ਦਾ ਵੀ ਕੋਈ ਨਾਤਾ ਦਿਖਾਈ ਨਹੀਂ ਦਿੰਦਾ। ਇੱਥੋਂ ਤੱਕ ਕਿ ਸਾਡੇ ਮੁਹਰੈਲ ਲੇਖਕ ਵੀ ਇਸ ਗੱਲ ਤੋਂ ਮੁਨਕਰ ਨਹੀਂ ਹੋਣਗੇ ਕਿ ਉਹਨਾਂ ਲਈ ਉਹਨਾਂ ਦਾ ਆਪਣਾ ਦੇਸ਼ ਵੀ ਦੂਜੇ ਨੰਬਰ 'ਤੇ ਰਹਿੰਦਾ ਹੈ, ਕਿ ਸਮਾਜਕ ਸਮੱਸਿਆਵਾਂ ਵੀ ਉਹਨਾਂ ਵਿੱਚ ਉਹੋ ਜਿਹੀ ਰਚਨਾਤਮਕ ਇੱਛਾ ਪੈਦਾ ਨਹੀਂ ਕਰਦੀਆਂ ਜਿਹੋ ਜਿਹੀ ਵਿਅਕਤੀ ਦੀ ਹੋਂਦ ਦਾ ਰਹੱਸ ਕਰਦੀ ਹੈ, ਕਿ ਉਹਨਾਂ ਲਈ ਕਲਾ ਹੀ ਮੁੱਖ ਚੀਜ਼ ਹੈ—ਸੁਤੰਤਰ ਅਤੇ ਬਾਹਰਮੁੱਖੀ ਕਲਾ ਜਿਹੜੀ ਦੇਸ਼ ਦੇ ਭਵਿੱਖ, ਰਾਜਨੀਤੀ ਅਤੇ ਪਾਰਟੀਆਂ ਤੋਂ ਉੱਪਰ ਖੜੀ ਹੈ ਅਤੇ ਜਿਹੜੀ ਦਿਨ, ਸਾਲ ਅਤੇ ਯੁੱਗਾਂ ਦੇ ਮਸਲਿਆਂ ਨਾਲ਼ ਕੋਈ ਸਾਰੋਕਾਰ ਨਹੀਂ ਰੱਖਦੀ। ਇਸ ਕਿਸਮ ਦੀ ਕਲਾ ਦੀ ਕਲਪਨਾ ਕਰਨਾ ਬੜਾ ਮੁਸ਼ਕਿਲ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਇਸ ਧਰਤੀ ਉੱਤੇ ਕਿਸੇ ਇੱਕ ਅਜਿਹੇ ਮਾਨਸਿਕ ਤੌਰ 'ਤੇ ਸੰਤੁਲਤ ਆਦਮੀ ਦੀ ਕਲਪਨਾ ਕਰਨੀ ਜਿਹੜਾ, ਸੁਚੇਤ ਜਾਂ ਅਚੇਤ ਤੌਰ 'ਤੇ, ਕਿਸੇ

* ਰਖ਼ਮੇਤੋਵ—ਨ. ਗ. ਚੇਰਨੇਸ਼ੇਵਸਕੀ (1828–1889) ਦੇ ਨਾਵਲ 'ਕੀ ਕਰਨਾ ਲੋੜੀਏ' ਦੇ ਮੁੱਖ ਪਾਤਰਾਂ ਵਿੱਚੋਂ ਇੱਕ।

ਰਿਆਬਿਨਿਨ—ਵ. ਮ. ਗਾਰਸ਼ਿਨ (1855–1888) ਦੀ ਕਹਾਣੀ 'ਕਲਾਕਾਰ' ਦਾ ਪਾਤਰ।

ਸਤੋਜ਼ਾਰੋਵ—ਦ. ਲ. ਮੋਰਦੋਵਤਸੇਵ (1830–1905) ਦੇ ਨਾਵਲ 'ਸਮੇਂ ਦੇ ਚਿੰਨ੍ਹ' ਦਾ ਪਾਤਰ।

ਸਵੇਤਲੋਵ—ਈ. ਵ. ਓਮੁਲੇਵਸਕੀ (1837–1883) ਦੇ ਨਾਵਲ 'ਇੱਕ ਤੋਂ ਬਾਅਦ ਇੱਕ ਕਦਮ' ਦਾ ਪਾਤਰ।

** ਪਿਸੇਮਸਕੀ, ਅ. ਫ਼. (1820–1881)—ਪ੍ਰਸਿੱਧ ਰੂਸੀ ਲੇਖਕ। 'ਹਜ਼ਾਰਾਂ ਆਤਮਾਵਾਂ' ਅਤੇ ਨਾਟਕ 'ਮੰਦੇ ਨਸੀਬ' ਉਸਦੀਆਂ ਮਕਬੂਲ ਰਚਨਾਵਾਂ ਹਨ।

ਵੀ ਸਮਾਜਿਕ ਧੜੇ ਵੱਲ ਖਿੱਚਿਆ ਨਹੀਂ ਜਾਂਦਾ, ਇਸਦੇ ਹਿੱਤਾਂ ਨਾਲ਼ ਆਪਣੇ ਆਪ ਨੂੰ ਬੰਨ੍ਹਿਆ ਮਹਿਸੂਸ ਨਹੀਂ ਕਰਦਾ, ਜੇਕਰ ਇਹ ਉਸ ਦੀਆਂ ਇੱਛਾਵਾਂ ਨਾਲ਼ ਮੇਲ਼ ਖਾਂਦੇ ਹੋਣ ਤਾਂ ਉਹਨਾਂ ਹਿੱਤਾ ਦੀ ਰਾਖੀ ਨਹੀਂ ਕਰਦਾ, ਅਤੇ ਆਪਣੇ ਵਿਰੋਧੀ ਧੜਿਆਂ ਨਾਲ਼ ਟੱਕਰ ਨਹੀਂ ਲੈਂਦਾ। ਜਮਾਂਦਰੂ ਗੂੰਗੇ ਅਤੇ ਬੋਲ਼ੇ ਲੋਕ ਹੀ ਇਸ ਕਾਨੂੰਨ ਵਿੱਚ ਛੋਟ ਹੋ ਸਕਦੇ ਹਨ; ਇਹ ਕਹਿਣ ਦੀ ਲੋੜ ਨਹੀਂ ਕਿ ਮੂੜ-ਮੱਤ ਵਾਲ਼ੇ ਲੋਕ ਇਸ ਘੇਰੇ ਤੋਂ ਬਾਹਰ ਹਨ, ਅਤੇ ਜਿਵੇਂ ਕਿ ਮੈਂ ਪਹਿਲਾਂ ਵੀ ਕਿਹਾ ਹੈ, ਗੁੰਡੇ ਵੀ ਇਸ ਖੇਤਰ ਤੋਂ ਬਾਹਰ ਹੋ ਸਕਦੇ ਹਨ, ਭਾਵੇਂ ਕਿ ਗਲ਼ੀਆਂ ਬਜ਼ਾਰਾਂ ਤੇ ਝੁੱਗੀਆਂ ਝੌਂਪੜੀਆਂ ਵਿੱਚ ਰਹਿਣ ਵਾਲੇ ਗੁੰਡਿਆਂ ਦੇ ਆਪਣੇ ਧੜੇ ਬਣਾਏ ਹੁੰਦੇ ਹਨ, ਜਿਸਤੋਂ ਇਹ ਗੱਲ ਸਾਫ ਦਿਖਾਈ ਦਿੰਦੀ ਹੈ ਕਿ ਇੱਕ ਗੁੰਡੇ ਵਿੱਚ ਵੀ ਇਹ ਚੇਤਨਾ, ਕਿ ਸਮਾਜਿਕ ਧੜੇਬੰਦੀ ਲਾਜ਼ਮੀ ਹੁੰਦੀ ਹੈ, ਪੂਰੀ ਤਰ੍ਹਾਂ ਮਰੀ ਨਹੀਂ ਹੈ।

ਚਲੋ ਫਿਰ ਵੀ, ਦਲੀਲ ਲਈ ਆਪਾਂ ਇਹ ਫਰਜ਼ ਕਰ ਲੈਂਦੇ ਹਾਂ ਕਿ ਪੂਰੀ ਤਰ੍ਹਾਂ ਸੁਤੰਤਰ ਅਤੇ ਬਾਹਰਮੁਖੀ ਕਲਾ ਹੁੰਦੀ ਹੈ, ਅਜਿਹੀ ਕਲਾ ਜਿਸ ਲਈ ਸਭ ਕੁਝ ਇੱਕ ਸਮਾਨ ਅਤੇ ਸਾਰੇ ਲੋਕ ਬਰਾਬਰ ਹਨ।

ਇਹ ਗੱਲ ਸਿੱਧ ਕਰਨ ਲਈ ਕਿਸੇ ਸਬੂਤ ਦੀ ਲੋੜ ਨਹੀਂ ਕਿ ਅੱਜ ਦਾ ਲੇਖਕ ਇਨਕਲਾਬੀ ਦੇ ਮਨੋਵਿਗਿਆਨ ਤੋਂ ਮਹਿਜ਼ ਦੂਰ ਹੀ ਨਹੀਂ ਹੈ, ਸਗੋਂ ਉਸਦੀ ਨਜ਼ਰ ਵਿੱਚ ਇਹ ਕੋਈ ਦੁਸ਼ਮਣ ਅਤੇ ਪਰਾਈ ਚੀਜ਼ ਹੈ।

ਮੈਨੂੰ ਸ਼ੱਕ ਹੈ ਕਿ ਸਾਡੇ ਮੂਹਰਲੀਆਂ ਸਫ਼ਾਂ ਦੇ ਲੇਖਕ ਵੀ ਇਸ ਗੱਲ ਤੋਂ ਇਨਕਾਰ ਨਹੀਂ ਕਰਨਗੇ ਕਿ ਇਹ ਮਾਨਸਿਕਤਾ ਉਹਨਾਂ ਦੀਆਂ ਰੁਚੀਆਂ ਦੇ ਅਨੁਸਾਰ ਨਹੀਂ ਹੈ ਅਤੇ ਉਹ ਆਪਣੇ ਹੀ ਢੰਗ ਨਾਲ਼ ਇਸਦਾ ਟਾਕਰਾ ਕਰਦੇ ਰਹੇ ਹਨ। ਪਹਿਲੇ ਸਾਲਾਂ ਵਿੱਚ ਇਹਨਾਂ ਵਿੱਚੋਂ ਹਰ ਇੱਕ ਨੇ ਇਸ ਰੂਸੀ ਟਾਈਪ ਬਾਰੇ "ਕੁਝ ਨਰਮ ਸ਼ਬਦ" ਕਹਿਣ ਦੀ ਕਾਹਲ਼ ਵੀ ਕੀਤੀ ਹੈ। ਆਓ ਦੇਖੀਏ ਕਿ ਉਹਨਾਂ ਦਾ ਵਤੀਰਾ ਕਿੰਨਾ "ਬਾਹਰਮੁਖੀ" ਅਤੇ "ਅੰਤਰਮੁਖੀ ਤੌਰ 'ਤੇ ਸੁਤੰਤਰ" ਹੈ।

ਤਾਲਸਤਾਏ, ਤੁਰਗਨੇਵ ਅਤੇ ਗੋਂਚਾਰੋਵ, ਇੱਥੋਂ ਤੱਕ ਕਿ ਲੇਸਕੋਵ ਅਤੇ ਪਿਸੇਮਸਕੀ ਨੇ ਵੀ, ਪਾਠਕ ਦੇ ਮਨ 'ਤੇ ਇਨਕਲਾਬੀ ਦੇ ਰੂਹਾਨੀ ਗੁਣਾਂ ਦਾ ਬਹੁਤ ਚੰਗਾ ਪ੍ਰਭਾਵ ਪਾਇਆ ਹੈ; ਪਾਠਕ ਦੋਸਤੋਯੇਵਸਕੀ ਦੇ ਨਾਂਹ-ਪੱਖੀ ਪਾਤਰਾਂ ਨੂੰ ਤਾਲਸਤਾਏ ਅਤੇ ਤੁਰਗਨੇਵ ਦੇ ਹਾਂ-ਪੱਖੀ ਪਾਤਰਾਂ ਨਾਲ਼ ਸੰਤੁਲਿਤ ਕਰ ਸਕਦਾ ਹੈ ਅਤੇ ਲੇਸਕੋਵ ਅਤੇ ਪਿਸੇਮਸਕੀ ਦੁਆਰਾ ਵਧਾ-ਚੜ੍ਹਾ ਕੇ ਕਹੀਆਂ ਗੱਲਾਂ ਨੂੰ ਠੀਕ ਕਰਨ ਲਈ ਬੋਲੇਸਲਾਵ ਮਾਰਕਯੇਵਿਚ ਅਤੇ ਵਸੇਵੋਲੋਦ ਕ੍ਰੇਤਸੋਵਸਕੀ ਦੇ ਹਵਾਲੇ ਦੇ ਸਕਦਾ ਹੈ। ਪਿਛਲੇ ਦੋਨੋਂ ਲੇਖਕ ਪਹਿਲਿਆਂ ਨਾਲ਼ੋਂ ਜ਼ਿਆਦਾ ਬਾਹਰਮੁਖੀ ਸਨ।

ਉੱਪਰ ਲਿਖੇ ਸਾਰੇ ਲੇਖਕਾਂ ਅਨੁਸਾਰ ਇਨਕਲਾਬੀ ਕੋਈ ਘਟੀਆ ਦਿਮਾਗ ਵਾਲ਼ਾ ਬੰਦਾ ਨਹੀਂ, ਸਗੋਂ ਸ਼ਕਤੀਸ਼ਾਲੀ ਇੱਛਾ-ਸ਼ਕਤੀ ਵਾਲ਼ਾ ਅਤੇ ਆਪਣੇ ਆਪ ਵਿੱਚ ਭਰੋਸਾ ਰੱਖਣ ਵਾਲ਼ਾ ਬੰਦਾ ਹੁੰਦਾ ਸੀ, ਅਤੇ ਦੁਸ਼ਮਣ ਦੇ ਰੂਪ ਵਿੱਚ ਪੂਰੀ ਤਰ੍ਹਾਂ ਹਥਿਆਰਬੰਦ ਅਤੇ ਖਤਰਨਾਕ ਸੀ।

ਆਪਸੀ ਰਜ਼ਾਮੰਦੀ ਨਾਲ਼, ਅਜੋਕੇ ਦੌਰ ਦੇ ਲੇਖਕ ਇੱਕ ਬਿਲਕੁਲ ਹੀ ਵੱਖਰੀ ਤਰ੍ਹਾਂ ਦੇ ਟਾਈਪ ਦਾ ਚਿਤਰਣ ਕਰਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ 'ਹਨੇਰਾ' ਦਾ ਮੁੱਖ ਪਾਤਰ ਦਿਮਾਗੀ ਤੌਰ 'ਤੇ ਕਮਜ਼ੋਰ ਹੈ। ਇੱਛਾ-ਸ਼ਕਤੀ ਦੀ ਕਮੀ ਦੀ ਵਜ੍ਹਾ ਕਾਰਨ ਕੋਈ ਇੱਕ ਵਿਰੋਧਾਭਾਸ ਹੀ ਉਸਦਾ ਸੰਤੁਲਨ ਵਿਗਾੜ ਸਕਦਾ ਹੈ। 'ਫਾਂਸੀ ਲਾਏ ਸੱਤ ਬੰਦਿਆਂ ਦੀ ਕਹਾਣੀ*'' ਦੇ ਮੁੱਖ ਪਾਤਰ ਉਹਨਾਂ ਗੱਲਾਂ ਵਿੱਚ ਬਿਲਕੁਲ ਹੀ ਕੋਈ ਦਿਲਚਸਪੀ ਨਹੀਂ ਦਿਖਾਉਂਦੇ ਜਿਹਨਾਂ ਲਈ ਉਹ ਫ਼ਾਂਸੀ ਦੇ ਤਖਤੇ ਵੱਲ ਜਾ ਰਹੇ ਹਨ; ਪੂਰੀ ਕਹਾਣੀ ਦੌਰਾਨ ਉਹਨਾਂ ਵਿੱਚੋਂ ਕੋਈ ਵੀ ਸਾਂਝੇ ਮਨੋਰਥ ਦਾ ਜ਼ਰਾ ਵੀ ਜ਼ਿਕਰ ਨਹੀਂ ਕਰਦਾ। ਉਹ ਕੁਝ ਅਜਿਹੇ ਲੋਕਾਂ ਦਾ ਪ੍ਰਭਾਵ ਸਿਰਜਦੇ ਹਨ ਜਿਹਨਾਂ ਨੇ ਬੇਹੱਦ ਅਕਾਊ ਜੀਵਨ ਬਿਤਾਇਆ ਹੋਵੇ, ਜਿਹਨਾਂ ਦਾ ਜੇਲ੍ਹ ਦੀਆਂ ਕੰਧਾਂ ਤੋਂ ਬਾਹਰ ਕਿਸੇ ਨਾਲ਼ ਕੋਈ ਨਾਤਾ ਹੀ ਨਾ ਹੋਵੇ, ਅਤੇ ਮੌਤ ਨੂੰ ਇਸ ਤਰ੍ਹਾਂ ਪ੍ਰਵਾਨ ਕਰਦੇ ਹਨ ਜਿਵੇਂ ਕੋਈ ਬੇਆਸ ਬਿਮਾਰ ਆਦਮੀ ਦਵਾਈ ਲੈਂਦਾ ਹੈ।

ਆਰਤਸਿਬਾਸ਼ੇਵ ਦਾ ਮੂਰਖ ਅਤੇ ਹਾਸੋਹੀਣਾ ਪਾਤਰ ਸਾਨਿਨ ਉਹਨਾਂ ਸਾਰੇ ਹੀ ਸੋਸ਼ਲ-ਡੈਮੋਕ੍ਰੈਟਾਂ ਤੋਂ ਕਿਤੇ ਉੱਚਾ ਖੜਾ ਹੈ ਜਿਹੜੇ ਲੇਖਕ ਨੇ ਉਸਦੇ ਟਾਕਰੇ 'ਤੇ ਖੜੇ ਕੀਤੇ ਹਨ। 'ਲੱਖ-ਕਰੋੜ' ਵਿੱਚ ਸੋਸ਼ਲ-ਡੈਮੋਕ੍ਰੈਟ ਇੱਕ ਸ਼ੱਕੀ ਜਿਹਾ ਪਾਤਰ ਹੈ, ਜਦੋਂ ਕਿ 'ਡਰ' ਵਿਚਲਾ ਇਨਕਲਾਬੀ ਬਸ ਇੱਕ ਬਦਮਾਸ਼ ਜਿਹਾ ਹੈ। 'ਮਨੁੱਖੀ ਤਰੰਗਾਂ**' ਦੇ ਸਾਰੇ ਹੀ ਲੋਕ ਡਰਪੋਕ ਹਨ। ਸੋਲੋਗੁਬ ਦੀ ਸੋਸ਼ਲ-ਡੈਮੋਕ੍ਰੈਟ, ਅਲਕੀਨਾ*** ਦੀ ਰੂਸੀ ਇਨਕਲਾਬ ਵਿਚਲੀਆਂ ਔਰਤਾਂ ਨਾਲ਼ ਕੀ ਸਾਂਝ ਹੈ?

ਆਮ ਚਲਣ ਤੋਂ ਪਿੱਛੇ ਰਹਿ ਜਾਣ ਦੇ ਡਰੋਂ, ਕੁਪਰਿਨ ਵਰਗੇ ਲੇਖਕ ਨੇ ਵੀ ਇੱਕ ਮਲਾਹ ਹੱਥੋਂ ਸੋਸ਼ਲ-ਡੈਮੋਕ੍ਰੈਟ ਔਰਤ ਦਾ ਅਪਮਾਨ ਕਰਵਾਇਆ ਹੈ; ਉਸਦਾ ਪਤੀ, ਜਿਹੜਾ ਖੁਦ ਵੀ ਇੱਕ ਸੋਸ਼ਲ-ਡੈਮੋਕ੍ਰੈਟ ਹੈ, ਇੱਕ ਗੰਦਾ ਅਤੇ ਘਟੀਆ ਆਦਮੀ ਹੈ।****

ਆਪਣੇ ਆਗੂਆਂ ਦੀਆਂ ਪੈੜਾਂ 'ਤੇ ਚੱਲਦਿਆਂ ਹੋਰ ਛੋਟੇ-ਮੋਟੇ ਲੇਖਕਾਂ ਨੇ ਵੀ ਇਨਕਲਾਬੀਆਂ ਦੀ ਅੱਡੀਆਂ 'ਤੇ ਚੱਕ ਮਾਰਨੇ ਸ਼ੁਰੂ ਕਰ ਦਿੱਤੇ ਹਨ। ਜ਼ਰਾ ਵੀ ਪ੍ਰਤਿਭਾ ਦਾ ਮੁਜ਼ਾਹਰਾ ਕੀਤੇ ਬਿਨਾਂ ਉਹ ਹਰ ਇੱਕ ਅਜਿਹੀ ਗੱਲ 'ਤੇ ਜ਼ੋਰ ਦੇਣ ਲੱਗੇ ਹਨ ਜਿਹੜੀ ਇਨਕਲਾਬੀ ਦੇ ਨੈਤਿਕ ਹਾਵ-ਭਾਵ ਨੂੰ ਛੁਟਿਆਉਂਦੀ ਹੋਵੇ ਅਤੇ ਮੱਧਮ ਕਰਦੀ ਹੋਵੇ। ਤੇ ਸਾਡੇ ਸਮਿਆਂ ਵਿੱਚ ਇਹ ਸ਼ਾਇਦ ਇੱਕੋ-ਇੱਕ ਚਮਕਦਾਰ ਚੀਜ਼ ਹੈ।

ਉਹ ਆਪਣੇ ਇਸ ਜਾਲ਼ (baiting) ਨੂੰ ਸੰਪੂਰਨ ਬਾਹਰਮੁਖਤਾ ਦਾ ਰੂਪ ਦਿੰਦੇ ਹਨ,

---

*'ਹਨੇਰਾ' ਅਤੇ 'ਫਾਂਸੀ ਲਾਏ ਸੱਤ ਬੰਦਿਆਂ ਦੀ ਕਹਾਣੀ' — ਰੂਸੀ ਲੇਖਕ ਲਿਓਨਿਦ ਆਂਦਰੇਯੇਵ (1871-1919) ਦੀਆਂ ਰਚਨਾਵਾਂ, ਇਹਨਾਂ ਨੇ ਇਨਕਲਾਬੀ ਸੰਘਰਸ਼ ਨੂੰ ਵਿਗਾੜੀ ਹੋਈ ਰੌਸ਼ਨੀ ਵਿੱਚ ਪੇਸ਼ ਕੀਤਾ।

**'ਲੱਖ-ਕਰੋੜ', 'ਭੈਅ' ਅਤੇ 'ਮਨੁੱਖੀ ਤਰੰਗ' — ਮ. ਅਰਤਸਿਬਾਸ਼ੇਵ ਦੀਆਂ ਰਚਨਾਵਾਂ।

***ਅਲਕੀਨਾ — ਪਿਛਾਂਹਖਿਚੂ ਲੇਖਕ ਫਿਓਦੋਰ ਸੋਲੋਗਬ (1863-1927) ਦੇ ਨਾਵਲ 'ਮਨਘੜਤ ਦੰਦ-ਕਥਾ' ਦੀ ਪਾਤਰ।

****ਅ. ਕੁਪਰਿਨ ਦੀ ਕਹਾਣੀ 'ਕਚਿਆਣ' ਵੱਲ ਇਸ਼ਾਰਾ ਹੈ।

ਅਤੇ ਇਨਕਲਾਬੀ 'ਤੇ ਸਧਾਰਨ ਅਤੇ ਬੇਪ੍ਰਵਾਹ ਅੰਦਾਜ਼ ਵਿੱਚ ਚਿੱਕੜ ਉਛਾਲ਼ਦੇ ਹਨ। ਉਸਨੂੰ ਥੱਕਿਆ-ਟੁੱਟਿਆ, ਮੂਰਖ ਅਤੇ ਗੰਦੇ ਜੀਵ ਵਜੋਂ ਚਿਤਰਦਿਆਂ, ਉਹ ਆਪਣੀ ਫੂਹੜ ਚੁਗ਼ਲੀਬਾਜ਼ੀ ਨੂੰ ਹਮਦਰਦੀ ਦੇ ਦਿਖਾਵੇ ਪਿੱਛੇ ਲੁਕਾ ਲੈਂਦੇ ਹਨ, ਕਿਸੇ ਬੁੱਢੀ ਬਿਮਾਰ ਨਰਸ ਵਾਂਗ ਜਿਹੜੀ ਆਪਣੀ ਸੰਭਾਲ ਹੇਠਲੇ ਮਰੀਜ਼ ਨੂੰ ਘ੍ਰਿਣਾ ਕਰਦੀ ਹੈ।

ਜਦੋਂ ਉਹ ਆਪਣੇ ਦੁਸ਼ਮਣ ਦੀ ਬੇਇੱਜ਼ਤੀ ਕਰਨ ਲਈ ਅਜਿਹੇ ਢੰਗ ਵਰਤਦੇ ਹਨ ਜਿਹੜੇ ਉਸਦੇ ਖੁੱਲ੍ਹੇ ਭੰਡੀਖੋਰ—ਕਲਿਊਸ਼ਨੀਕੋਵ, ਦਿਆਕੋਵ, ਆਦਿ— ਨੇ ਵੀ ਕਦੇ ਨਹੀਂ ਵਰਤੇ, ਤਾਂ ਅੱਜ ਦੇ ਲੇਖਕ ਰਾਖੀ ਕਿਸ ਚੀਜ਼ ਦੀ ਕਰ ਰਹੇ ਹਨ ? ਉਹਨਾਂ ਦੀ ਇਸ ਮਾੜੀ ਨਜ਼ਰ ਦਾ ਕੀ ਕਾਰਨ ਹੈ ?

ਇਹਨਾਂ ਅਫਸੋਸਨਾਕ ਹਾਲਤਾਂ ਦੀ ਸਿਰਫ਼ ਇੱਕ ਹੀ ਢੰਗ ਨਾਲ਼ ਵਿਆਖਿਆ ਕੀਤੀ ਜਾ ਸਕਦੀ ਹੈ ਕਿ ਸਾਡੇ ਲੇਖਕ ਅਚੇਤ ਹੀ ਖੂਹ-ਦੇ-ਡੱਡੂ-ਪੁਣੇ ਦੀ ਸੰਮੋਹਕ-ਨੀਂਦ ਦੀ ਜਕੜ ਵਿੱਚ ਆ ਗਏ ਹਨ, ਜਿਹੜੀ ਹਰ ਉਸ ਚੀਜ਼ ਅਤੇ ਇਨਸਾਨ ਨੂੰ, ਜਿਹੜਾ ਵੀ ਇਸਦੇ ਰਾਹ ਵਿੱਚ ਆਉਂਦਾ ਹੈ, ਜ਼ਹਿਰੀਲਾ ਬਣਾ ਦਿੰਦੀ ਹੈ, ਇਸ ਤਰ੍ਹਾਂ ਇਹ ਖੁਫ਼ੀਆ ਤੌਰ 'ਤੇ ਆਪਣੀ ਸੱਤ੍ਹਾ ਸਥਾਪਤ ਕਰਨ ਲਈ ਕੰਮ ਕਰਦੀ ਰਹਿੰਦੀ ਹੈ। ਇੱਥੇ ਸਾਡੇ ਕੋਲ਼ ਸਮਾਜਕ ਕਦਰਾਂ-ਕੀਮਤਾਂ ਵਿੱਚ ਨਿਘਾਰ ਅਤੇ ਰੂਸੀ ਲੇਖਕ ਦੀ ਖਾਸ ਟਾਈਪ ਵਿੱਚ ਬਸ ਖੋਟ ਹੀ ਬਾਕੀ ਰਹਿ ਜਾਂਦੀ ਹੈ।

ਯੂਰਪੀ ਸਾਹਿਤ ਦੇ ਵਿਕਾਸ ਦੇ ਇਤਿਹਾਸ ਵਿੱਚ ਸਾਡਾ ਨਵਾਂ ਸਾਹਿਤ ਇੱਕ ਹੈਰਾਨ ਕਰ ਦੇਣ ਵਾਲ਼ਾ ਵਰਤਾਰਾ ਹੈ। ਇਹ ਕੋਈ ਵਧਾ-ਚੜ੍ਹਾ ਕੇ ਕਹੀ ਗੱਲ ਨਹੀਂ ਹੋਵੇਗੀ ਜੇ ਮੈਂ ਕਹਾਂ ਕਿ ਪੱਛਮ ਦਾ ਕੋਈ ਵੀ ਸਾਹਿਤ ਏਨੀ ਸ਼ਕਤੀ ਅਤੇ ਤੇਜ਼ੀ ਨਾਲ਼, ਪ੍ਰਤਿਭਾ ਦੀ ਅਜਿਹੀ ਵਿਰਾਟ ਅਤੇ ਚਮਕਦਾਰ ਆਭਾ ਨਾਲ਼ ਜੀਵਨ ਵਿੱਚ ਪ੍ਰਗਟ ਨਹੀਂ ਹੋਇਆ ਜਿਵੇਂ ਸਾਡਾ ਸਾਹਿਤ ਉਦੈ ਹੋਇਆ ਹੈ। ਯੂਰਪ ਵਿੱਚ ਕਿਸੇ ਨੇ ਵੀ ਏਨੀ ਉੱਚ ਕੋਟੀ ਦੀਆਂ ਸੰਸਾਰ ਪ੍ਰਸਿੱਧ ਕਿਤਾਬਾਂ ਨਹੀਂ ਰਚੀਆਂ ਜਾਂ ਐਨੀਆਂ ਗ਼ਮਗੀਨ ਹਾਲਤਾਂ ਵਿੱਚ ਅਜਿਹੀ ਅਦਭੁੱਤ ਖ਼ੂਬਸੂਰਤੀ ਸਾਹਮਣੇ ਨਹੀਂ ਲਿਆਂਦੀ। ਪੱਛਮ ਦੇ ਸਾਹਿਤ ਅਤੇ ਸਾਡੇ ਦੇਸ਼ ਦੇ ਸਾਹਿਤ ਦੀ ਤੁਲਨਾ ਕਰਨ 'ਤੇ ਇਹ ਤੱਥ ਸਹਿਜੇ ਹੀ ਸਾਬਿਤ ਹੋ ਜਾਂਦਾ ਹੈ; ਸੌ ਸਾਲ ਤੋਂ ਜ਼ਰਾ ਕੁ ਘੱਟ ਅਰਸੇ ਦੌਰਾਨ ਕਿਤੇ ਵੀ ਐਨੇ ਮਹਾਨ ਲੇਖਕ ਪੈਦਾ ਨਹੀਂ ਹੋਏ ਜਿੰਨੇ ਰੂਸ ਵਿੱਚ ਹੋਏ ਹਨ; ਤੇ ਨਾ ਹੀ ਕਿਤੇ ਸਾਡੇ ਜਿੰਨੇ ਸ਼ਹੀਦ ਲੇਖਕ ਹੋਏ ਹਨ।

ਸਾਡਾ ਸਾਹਿਤ ਸਾਡਾ ਮਾਣ ਹੈ, ਇੱਕ ਕੌਮ ਵਜੋਂ ਇਹ ਸਾਡੀ ਸਭ ਤੋਂ ਸ਼ਾਨਦਾਰ ਰਚਨਾ ਹੈ। ਇਸ ਵਿੱਚ ਸਾਡੀ ਸਾਰੀ ਫ਼ਿਲਾਸਫੀ ਭਰੀ ਪਈ ਹੈ; ਰੂਹ ਦੀਆਂ ਮਹਾਨ ਉਡਾਰੀਆਂ ਹਨ; ਜਾਦੂਮਈ ਰਫ਼ਤਾਰ ਨਾਲ਼ ਉਸਰੇ ਇਸ ਸ਼ਾਨਦਾਰ ਮੰਦਰ ਵਿੱਚ ਮਹਾਨ ਸ਼ਕਤੀਆਂ ਵਾਲ਼ੇ ਮਨ ਅਤੇ ਪਵਿੱਤਰ ਖ਼ੂਬਸੂਰਤੀ ਵਾਲ਼ੇ ਦਿਲ—ਸੱਚੇ ਕਲਾਕਾਰਾਂ ਦੇ ਮਨ ਅਤੇ ਦਿਲ—ਅਜੇ ਤੱਕ ਜਗਮਗਾ ਰਹੇ ਹਨ। ਇਹ ਸਾਰੇ ਕਲਾਕਾਰ, ਜੋ ਵੀ ਉਹਨਾਂ ਨੇ ਦੇਖਿਆ ਅਤੇ ਮਹਿਸੂਸ ਕੀਤਾ ਹੈ, ਉਸਨੂੰ ਰੁਸ਼ਨਾਉਂਦੇ ਹੋਏ ਇਹ ਕਹਿੰਦੇ ਹਨ: "ਰੂਸੀ ਕਲਾ ਦਾ ਇਹ ਮੰਦਰ ਅਸੀਂ ਲੋਕਾਂ

ਦੁਆਰਾ ਪਰਦੇ ਪਿੱਛੇ ਰਹਿ ਕੇ ਕੀਤੀ ਸਹਾਇਤਾ ਨਾਲ਼ ਬਣਾਇਆ ਹੈ; ਅਸੀਂ ਆਪਣੀ ਪ੍ਰੇਰਨਾ ਲੋਕਾਂ ਤੋਂ ਲਈ ਹੈ; ਇਸ ਲਈ ਲੋਕਾਂ ਨੂੰ ਪਿਆਰ ਕਰਦੇ ਹਾਂ!"

ਸਾਡੇ ਇਸ ਮੰਦਰ ਵਿੱਚ ਸਮੁੱਚੀ ਮਨੁੱਖਜਾਤੀ ਲਈ ਮਹੱਤਵਪੂਰਨ ਵਿਸ਼ੇ ਹੋਰ ਕਿਤੇ ਨਾਲ਼ੋਂ ਵਧੇਰੇ ਜ਼ੋਰ ਨਾਲ਼ ਅਤੇ ਅਕਸਰ ਹੀ ਗੂੰਜਦੇ ਰਹਿੰਦੇ ਹਨ; ਇਸਦੀ ਤਾਕਤ ਅਤੇ ਖ਼ੂਬਸੂਰਤੀ ਤੋਂ ਹੈਰਾਨ ਹੋਈ ਪੂਰੀ ਦੁਨੀਆਂ ਰੂਸੀ ਸਾਹਿਤ ਦੀ ਸਾਰਥਿਕਤਾ ਨੂੰ ਮੰਨ ਚੁੱਕੀ ਹੈ। ਇਸਨੇ ਪੱਛਮ ਨੂੰ ਇੱਕ ਅਜਿਹਾ ਚਮਤਕਾਰ ਦਿਖਾਇਆ ਜਿਹੜਾ ਉਸਨੇ ਪਹਿਲਾਂ ਕਦੇ ਨਹੀਂ ਸੀ ਦੇਖਿਆ—ਰੂਸੀ ਔਰਤ; ਇਸ ਸਾਹਿਤ ਵਿੱਚ ਉਸ ਮਨੁੱਖ ਦੀ ਵਿਲੱਖਣ ਤਸਵੀਰ ਮਿਲ਼ਦੀ ਹੈ ਜਿਸ ਕੋਲ਼ ਮਾਂ ਦਾ ਅਥਾਹ ਅਤੇ ਸੱਚਾ ਪਿਆਰ ਹੈ।

ਸਾਡੇ ਸਾਹਿਤ ਬਾਰੇ ਇਸ ਮੁਲੰਕਣ ਅਤੇ ਬੁੱਧੀਜੀਵੀ ਵਰਗ ਬਾਰੇ ਮੁਲੰਕਣ ਵਿੱਚ ਇੱਥੇ ਇੱਕ ਵਿਰੋਧਤਾਈ ਜਾਪਦੀ ਹੈ, ਪਰ ਇਹ ਕੇਵਲ ਵੇਖਣ ਨੂੰ ਹੀ ਹੈ। ਪੁਰਾਣੇ ਰੂਸੀ ਸਾਹਿਤ ਦਾ ਮਨੋਵਿਗਿਆਨ ਉਸ ਸਮੇਂ ਦੇ ਬੁੱਧੀਜੀਵੀ ਵਰਗ ਦੁਆਰਾ ਪ੍ਰਵਾਨ ਕੀਤੀਆਂ ਰਾਜਨੀਤਕ ਸਿੱਖਿਆਵਾਂ ਤੋਂ ਉੱਚੇਰਾ ਅਤੇ ਚੌੜਾ ਸੀ। ਸਲੇਪਤਸੋਵ, ਪੋਮਿਯਾਲੋਵਸਕੀ, ਲੇਵੀਤੋਵ, ਪੇਚਰਸਕੀ, ਗਲੇਬ ਉਸਪੇਂਸਕੀ, ਓਸੀਪੋਵਿਚ, ਗਾਰਸ਼ਿਨ, ਪੋਤਾਪੈਂਕੋ, ਕੋਰੋਲੈਂਕੋ, ਸ਼ਚੇਦ੍ਰਿਨ, ਮਾਮਿਨ-ਸਿਬੀਰਿਯਾਕ ਅਤੇ ਸਤਾਨਿਊਕੋਵਿਚ ਆਦਿ ਲੇਖਕਾਂ ਨੂੰ 'ਨਰੋਦਨਿਕ' ਵਿਚਾਰਧਾਰਾ ਵਿੱਚ ਰੱਖ ਕੇ ਦੇਖੋ ਤਾਂ ਤੁਸੀ ਦੇਖੋਂਗੇ ਕਿ ਲਾਵਰੋਵ, ਯੂਜ਼ੋਵ ਅਤੇ ਮਿਖਾਇਲੋਵਸਕੀ ਦੀਆਂ 'ਨਰੋਦਨਿਕ' ਧਾਰਨਾਵਾਂ ਉਹਨਾਂ ਲਈ ਬੜੀਆਂ ਅਢੁੱਕਵੀਂਆਂ ਹਨ। ਇੱਥੋਂ ਤੱਕ ਕਿ ਜਿਹਨਾਂ ਨੂੰ "ਸ਼ੁੱਧ ਨਰੋਦਨਿਕ" ਲੇਖਕ ਕਿਹਾ ਜਾਂਦਾ ਹੈ — ਜਿਵੇਂ ਕਿ ਜ਼ਲਾਤੋਵਰਾਤਸਕੀ, ਕਰੋਨਿਨ, ਜ਼ਸੋਦੀਮਸਕੀ, ਬਾਜ਼ਿਨ, ਓ.ਜ਼ਾਬੇਤੇ, ਨੇਫੇਦੋਵ, ਨਾਓਮੋਵ ਅਤੇ *Otechestvenniye Zapisky, Delo, Slovo, Mysl* ਅਤੇ *Russkoye Bogatstvo* ਨਾਲ਼ ਸਬੰਧਤ ਹੋਰ ਅਨੇਕਾਂ ਲੇਖਕ — ਇਸ ਚੌਖਟੇ ਵਿੱਚ ਸੂਤ ਨਹੀਂ ਬੈਠਦੇ; ਇਹਨਾਂ ਵਿੱਚੋਂ ਹਰ ਕੋਈ ਆਪਣੇ ਪਿੱਛੇ ਸਾਡੇ ਲਈ ਕੁਝ ਅਜਿਹਾ ਛੱਡ ਗਿਆ ਹੈ ਜਿਸ ਤੋਂ ਅਸੀਂ ਇਹ ਕਹਿ ਸਕਦੇ ਹਾਂ ਕਿ ਜਦੋਂ ਵੀ ਰਾਜਨੀਤੀ ਉਸਦੀ ਕਲਾਤਮਕ ਸ਼ਕਤੀ ਦੇ ਆੜੇ ਆਉਂਦੀ ਸੀ, ਤਾਂ ਉਸ ਸਮੇਂ ਦਾ ਲੇਖਕ ਰਾਜਨੀਤੀ ਤੋਂ ਉੱਪਰ ਉੱਠਣ ਦੇ ਕਾਬਿਲ ਸੀ ਅਤੇ ਇਸ ਤਰ੍ਹਾਂ ਗੁਲਾਮਾਂ ਵਾਂਗੂੰ ਇਸਦੀ ਪਾਲਣਾ ਨਹੀਂ ਸੀ ਕਰਦਾ, ਜਿਵੇਂ ਕਿ ਸਾਡੇ ਸਮਿਆਂ ਵਿੱਚ ਦੇਖਿਆ ਜਾ ਸਕਦਾ ਹੈ। ਦੂਜੇ ਸ਼ਬਦਾਂ ਵਿੱਚ ਪੁਰਾਣਾ ਸਾਹਿਤ ਸਮੁੱਚੇ ਰੂਸੀ ਬੁੱਧੀਜੀਵੀ ਵਰਗ ਦੇ ਰੌਂਅ, ਭਾਵਨਾਵਾਂ ਅਤੇ ਵਿਚਾਰਾਂ ਨੂੰ ਸੁਤੰਤਰ ਤੌਰ 'ਤੇ ਪ੍ਰਗਟ ਕਰਦਾ ਸੀ; ਅਜੋਕਾ ਸਾਹਿਤ ਤੁੱਛ ਖੂਹ-ਦੇ-ਡੱਡੂਆਂ ਦੇ ਧੜਿਆਂ ਦਾ ਪੂਰਾ ਹੱਥਠੋਕਾ ਹੈ, ਜਿਹੜੇ ਆਪਣੀਆਂ ਹੀ ਸਫ਼ਾਂ ਨੂੰ ਇਕੱਠੀਆਂ ਕਰਨ ਦੇ ਕੰਮ ਵਿੱਚ ਰੁੱਝੇ ਹੋਏ ਹਨ, ਅੰਦਰੋਂ ਪੂਰੀ ਤਰ੍ਹਾਂ ਟੁੱਟ ਚੁੱਕੇ ਹਨ ਅਤੇ ਆਪਣੇ ਰਾਹ ਵਿੱਚ ਆਉਣ ਵਾਲ਼ੀ ਹਰ ਚੀਜ਼ ਨੂੰ ਜੱਫਾ ਪਾਉਣ ਦੀ ਕਰਦੇ ਹਨ, ਬਿਲਕੁਲ ਉਸੇ ਢੰਗ ਨਾਲ਼ ਜਿਸਦੇ ਉਹ ਨੌਂਵੇਂ ਦਹਾਕੇ ਵਿੱਚ ਆਦੀ ਸਨ। ਉਹ ਪ੍ਰਤੱਖਵਾਦ ਤੋਂ ਰਹੱਸਵਾਦ ਵੱਲ ਭੱਜਦੇ ਹਨ, ਪਦਾਰਥਵਾਦ ਤੋਂ ਵਿਚਾਰਵਾਦ ਵੱਲ, ਦੋਹਾਂ ਨੂੰ ਹੀ ਆਪਣੀ ਮੁਕਤੀ ਲਈ ਨਾਕਾਫ਼ੀ ਮੰਨਦੇ ਹੋਏ ਅੰਨ੍ਹੇਵਾਹ ਇੱਕ ਪੁਰਾਣੇ ਗੜ੍ਹ ਤੋਂ ਦੂਜੇ ਵੱਲ ਭੱਜ ਰਹੇ ਹਨ; ਅੱਜ ਕੱਲ

ਉਹ ਇੱਕ ਨਵਾਂ ਗੜ੍ਹ ਉਸਾਰ ਰਹੇ ਹਨ—ਪਰਿਣਾਮਵਾਦ, ਪਰ ਆਪਣੀ ਅੰਦਰੂਨੀ ਤਬਾਹੀ ਕਾਰਨ ਯਕੀਨਨ ਉਹ ਇੱਥੇ ਵੀ ਕੋਈ ਟੇਕ ਨਹੀਂ ਭਾਲ਼ ਸਕਣਗੇ।

ਅਜੋਕੇ ਦੌਰ ਦੇ ਲੇਖਕ ਇਕੱਠੇ ਹੋ ਕੇ ਖ਼ੂਹ-ਦੇ-ਡੱਡੂ ਦੀ ਥਿੜਕਵੀਂ ਪੈੜ ’ਤੇ ਤੁਰ ਰਹੇ ਹਨ, ਨਾਅਰੇ ਅਤੇ ਵਿਚਾਰ ਇਸ ਤਰ੍ਹਾਂ ਬਦਲ ਰਹੇ ਹਨ ਜਿਵੇਂ ਕੋਈ ਵਗਦੇ ਨੱਕ ਵਾਲ਼ਾ ਆਦਮੀ ਆਪਣੀ ਜੇਬ ਦਾ ਰੁਮਾਲ ਬਦਲਦਾ ਹੈ। ਫਿਰ ਵੀ ਇਹ ਗੱਲ ਸਪਸ਼ਟ ਹੈ ਕਿ ਅੱਜ ਦੇ ਲੇਖਕ ਦੇ ਕੰਨਾਂ ਵਿੱਚ ਭਿਨਭਿਨਾਉਣ ਵਾਲ਼ੀ ਸਭ ਤੋਂ ਵੱਡੀ ਅਤੇ ਉੱਚੀ ਆਵਾਜ਼ ਵਾਲ਼ੀ ਮੱਖੀ ਜਮਹੂਰੀਅਤ-ਵਿਰੋਧ ਹੈ।

ਲੇਖਕਾਂ ਦੀ ਟਾਈਪ ਦੀ ਵੰਨ-ਸੁਵੰਨਤਾ ਅਤੇ ਅਮੀਰੀ ਦੇ ਪੱਖ ਤੋਂ ਸਾਡੇ ਸਾਹਿਤ ’ਤੇ ਗੌਰ ਕਰੋ: ਕੀ ਕੋਈ ਕਦੇ ਕਿਸੇ ਹੋਰ ਥਾਂ ’ਤੇ ਪੋਮਿਆਲੋਵਸਕੀ ਅਤੇ ਲੇਸਕੋਵ, ਸਲੇਪਤਸੋਵ ਅਤੇ ਦੋਸਤੋਯੇਵਸਕੀ, ਗਲੇਬ ਉਸਪੇਂਸਕੀ ਅਤੇ ਕੋਰੋਲੈਂਕੋ, ਸਾਲਤਯੇਕੋਵ-ਸ਼ਚੇਦ੍ਰਿਨ ਅਤੇ ਤਯੂਚੇਵ ਵਰਗੀਆਂ ਉੱਕਾ ਹੀ ਬੇਮੇਲ ਅਤੇ ਬੇਜੋੜ ਪ੍ਰਤਿਭਾਵਾਂ ਨੂੰ ਇੱਕੋ ਸਮੇਂ ਜਿਉਂਦਿਆਂ ਅਤੇ ਕੰਮ ਕਰਦਿਆਂ ਵੇਖ ਸਕਦਾ ਹੈ ?

ਇਸੇ ਤਰ੍ਹਾਂ ਤੁਲਨਾ ਕਰਦੇ ਰਹੋ ਤਾਂ ਤੁਸੀ ਚਿਹਰਿਆਂ ਦੀ ਵੰਨ-ਸੁਵੰਨਤਾ, ਕੰਮ ਕਰਨ ਦੇ ਢੰਗ-ਤਰੀਕੇ, ਚਿੰਤਨ ਪ੍ਰਕਿਰਿਆਵਾਂ ਅਤੇ ਭਾਸ਼ਾ ਦੀ ਅਮੀਰੀ ਤੱਕ ਕੇ ਦੰਗ ਰਹਿ ਜਾਓਗੇ।

ਰੂਸ ਵਿੱਚ ਹਰ ਲੇਖਕ ਆਪਣੇ ਆਪ ਵਿੱਚ ਇੱਕ ਅਲੱਗ ਵਿਅਕਤੀਤਵ ਹੈ, ਪਰ ਸਾਡੇ ਸਾਰੇ ਲੇਖਕ ਇੱਕ ਹੀ ਮੁੱਖ ਉਤੇਜਨਾ ਵਿੱਚ ਇੱਕ-ਜੁੱਟ ਹੋਏ ਪਏ ਹਨ—ਦੇਸ਼ ਦੇ ਭਵਿੱਖ, ਲੋਕਾਂ ਦੀ ਕਿਸਮਤ, ਅਤੇ ਸੰਸਾਰ ਪੱਧਰ ’ਤੇ ਇਸਦੀ ਭੂਮਿਕਾ ਨੂੰ ਮਾਪਣ, ਇਸਨੂੰ ਮਹਿਸੂਸ ਕਰਨ ਅਤੇ ਸਮਝਣ ਦੀ ਤਾਂਘ।

ਇੱਕ ਮਨੁੱਖ ਅਤੇ ਵਿਅਕਤੀ ਵਜੋਂ, ਰੂਸੀ ਲੇਖਕ ਜੀਵਨ, ਸਾਹਿਤ, ਕੰਮ ਦੇ ਥਕਾਏ ਲੋਕਾਂ, ਅਤੇ ਆਪਣੀ ਉਦਾਸ ਧਰਤੀ ਪ੍ਰਤੀ ਸੱਚੇ ਅਤੇ ਜਨੂੰਨੀ ਪਿਆਰ ਦੇ ਨੂਰ ਨਾਲ਼ ਪ੍ਰਕਾਸ਼ਮਾਨ ਰਿਹਾ ਸੀ। ਉਹ ਇੱਕ ਇਮਾਨਦਾਰ ਲੜਾਕਾ ਸੀ, ਸੱਚਾਈ ਲਈ ਸ਼ਹੀਦ ਹੋਣ ਵਾਲ਼ਾ, ਕੰਮ ਦੇ ਮਾਮਲੇ ਵਿੱਚ ਦੈਂਤ, ਦੂਜਿਆਂ ਵੱਲ ਆਪਣੇ ਵਤੀਰੇ ਵਿੱਚ ਬੱਚਿਆਂ ਵਰਗਾ, ਉਸਦੀ ਆਤਮਾ ਹੰਝੂ ਵਾਂਗ ਨਿਰਮਲ ਅਤੇ ਰੂਸ ਦੇ ਪੀਲ਼ੇ ਆਸਮਾਨ ਵਿੱਚ ਝਿਲਮਿਲਾਉਂਦੇ ਤਾਰਿਆਂ ਵਾਂਗ ਚਮਕੀਲੀ ਸੀ।

ਆਪਣਾ ਪੂਰਾ ਜੀਵਨ, ਤੇ ਆਪਣੇ ਦਿਲ ਦੀਆਂ ਸਾਰੀਆਂ ਤਾਕਤਾਂ ਉਸਨੇ ਸੱਚਾਈ ਦੀ ਜਿੱਤ ਲਈ ਆਵੇਗਪੂਰਣ ਸੱਦੇ ਦੇ ਲੇਖੇ ਲਾ ਦਿੱਤੀਆਂ, ਆਪਣੇ ਲੋਕਾਂ ਦੇ ਦੁੱਖਾਂ-ਦਰਦਾਂ ਵੱਲ ਧਿਆਨ ਖਿੱਚਿਆ, ਪਰ ਕਦੇ ਵੀ ਉਸਨੇ ਆਪਣੇ ਲੋਕਾਂ ਨੂੰ ਬਾਕੀ ਸੰਸਾਰ ਨਾਲ਼ੋਂ ਵੱਖ ਨਹੀਂ ਰੱਖਿਆ, ਜਿਵੇਂ ਕਿ ਫਰੈਨਸਨ ਨੇ ਜਰਮਨ ਨਾਲ਼, ਕਿਪਲਿੰਗ ਨੇ ਬਰਤਾਨੀਆਂ ਨਾਲ਼ ਕੀਤਾ ਹੈ, ਅਤੇ ਡ’ ਆਨੂੰਨਜ਼ੀਓ ਇਟਲੀ ਨਾਲ਼ ਕਰਨ ਦੀ ਤਿਆਰੀ ਕਰ ਰਿਹਾ ਹੈ।

ਰੂਸੀ ਲੇਖਕ ਦੇ ਦਿਲ ਵਿਚਲਾ ਪਿਆਰ ਇੱਕ ਘੰਟੇ ਵਾਂਗ ਗੂੰਜਦਾ ਸੀ, ਜਿਸਦੀ ਇਲਹਾਮੀ ਅਤੇ ਜ਼ੋਰਦਾਰ ਗੂੰਜ ਦੇਸ਼ ਦੇ ਸਾਰੇ ਜਿਉਂਦੇ ਦਿਲਾਂ ਵਿੱਚ ਪ੍ਰਤੀਕਿਰਿਆ ਜਗਾਉਂਦੀ ਸੀ।

"ਪਰ ਮੈਂ ਇਹ ਸਭ ਕੁਝ ਜਾਣਦਾ ਹਾਂ," ਪਾਠਕ ਕਹਿ ਸਕਦਾ ਹੈ।

ਮੈਨੂੰ ਇਸ ਬਾਰੇ ਕੋਈ ਸ਼ੱਕ ਨਹੀਂ ਹੈ, ਪਰ ਮੈਂ ਤਾਂ ਲੇਖਕਾਂ ਨਾਲ਼ ਗੱਲ ਕਰ ਰਿਹਾ ਹਾਂ। ਮੈਨੂੰ ਲੱਗਦਾ ਹੈ ਕਿ ਉਹ ਉਸ ਸ਼ੁਹਰਤ ਵਿੱਚ ਹੀ ਖੋ ਗਏ ਹਨ ਜਿਹੜੀ ਉਹਨਾਂ ਨੂੰ ਮਿਲ਼ੀ ਹੈ, ਜਿਸਨੇ ਉਹਨਾਂ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਹੈ ਅਤੇ ਚਮ੍ਹਲ਼ਾ ਦਿੱਤਾ ਹੈ, ਅਤੇ ਉਹਨਾਂ ਦੇ ਕੰਨਾਂ ਵਿੱਚ ਕਿਸੇ ਵਿਭਚਾਰੀ ਖ਼ੂਹ-ਦੀ-ਡੱਡੂ ਔਰਤ ਨੇ ਮੋਟੀਆਂ ਅਤੇ ਭੱਦੀਆਂ ਉਂਗਲ਼ਾਂ ਤੁੰਨ ਦਿੱਤੀਆਂ ਹਨ, ਤਾਂ ਕਿ ਉਹਨਾਂ ਨੂੰ ਉਹ ਆਵਾਜ਼ਾਂ ਨਾ ਸੁਣਨ ਜਿਹੜੀਆਂ ਉਸ ਔਰਤ ਨੂੰ ਲਾਹਨਤਾਂ ਪਾ ਰਹੀਆਂ ਹਨ। ਮੈਂ ਜਾਣਦਾ ਹਾਂ ਕਿ ਪਹਿਲਾਂ ਦੇ ਸਮੇ ਦੇ ਪਾਠਕ ਲੇਖਕ ਵੱਲ ਕੀ ਵਤੀਰਾ ਅਪਣਾਉਂਦੇ ਸਨ, ਜਿਸਨੂੰ ਉਹ ਆਪਣਾ ਦੋਸਤ ਮੰਨਦੇ ਸਨ; ਮੈਂ ਇਹ ਅਕਸਰ ਦੇਖਿਆ ਹੈ ਕਿ ਕੋਈ ਪਾਠਕ, ਜਦੋਂ ਉਸਨੂੰ ਪਤਾ ਲੱਗਦਾ ਸੀ ਕਿ ਫਲਾਣਾ ਲੇਖਕ ਸ਼ਰਾਬਖ਼ੋਰ ਹੋ ਗਿਆ ਹੈ, ਤਾਂ ਉਹ ਉਦਾਸ ਹੋ ਕੇ ਨੀਵੀਂ ਪਾ ਲਿਆ ਕਰਦਾ ਸੀ ਅਤੇ ਆਪਣੇ ਦੋਸਤ ਅਤੇ ਅਧਿਆਪਕ ਲਈ ਅਫਸੋਸ ਜ਼ਾਹਿਰ ਕਰਦਾ ਸੀ। ਉਹ ਬੜੇ ਦੁੱਖ ਦੀ ਭਾਵਨਾ ਨਾਲ਼ ਇਸ ਗੱਲ ਦਾ ਅਹਿਸਾਸ ਕਰਦਾ ਸੀ ਕਿ ਉਸਦੇ ਲੇਖਕ ਕੋਲ਼ ਸ਼ਰਾਬ ਦਾ ਆਸਰਾ ਲੈਣ ਦੇ ਹਜ਼ਾਰਾਂ ਹੀ ਕਾਰਨ ਹੋਣਗੇ।

ਮੇਰਾ ਖਿਆਲ ਹੈ ਕਿ ਜੇ ਅੱਜ ਦੇ ਪਾਠਕ ਕੋਲ਼ ਆਪਣੇ ਸਮਕਾਲੀ ਲੇਖਕ ਬਾਰੇ ਅਜਿਹੀਆਂ ਅਫ਼ਵਾਹਾਂ ਪਹੁੰਚਣ ਤਾਂ ਉਹ ਸਿਰਫ਼ ਸਹਿਣਸ਼ੀਲਤਾ ਭਰੀ ਮੁਸਕਾਨ ਹੀ ਦੇਵੇਗਾ। ਵੱਧ ਤੋਂ ਵੱਧ ਉਹ ਇਹੀ ਕਰੇਗਾ।

ਉਸ ਸਮੇਂ ਦੇ ਲੇਖਕ ਕੀ ਕਹਿੰਦੇ ਸਨ, ਅਤੇ ਕੀ ਸਿੱਖਿਆ ਦਿੰਦੇ ਸਨ ?

"ਰੂਸੀ ਭਾਸ਼ਾ ਦੀ ਰਚਨਾ ਕਰਨ ਵਾਲ਼ੇ ਆਪਣੇ ਲੋਕਾਂ ਵਿੱਚ ਭਰੋਸਾ ਰੱਖੋ, ਉਹਨਾਂ ਦੀਆਂ ਰਚਨਾਤਮਕ ਤਾਕਤਾਂ ਵਿੱਚ ਭਰੋਸਾ ਰੱਖੋ। ਉਹਨਾਂ ਨੂੰ ਪੈਰਾਂ 'ਤੇ ਖੜੇ ਹੋਣ ਵਿੱਚ ਉਹਨਾਂ ਦੀ ਮੱਦਦ ਕਰੋ, ਉਹਨਾਂ ਕੋਲ਼ ਜਾਓ ਅਤੇ ਉਹਨਾਂ ਨਾਲ਼ ਮਿਲ਼ ਕੇ ਚੱਲੋ। ਰੂਸ ਦੀ ਨੇਕਦਿਲ ਔਰਤ ਨੂੰ ਪ੍ਰਣਾਮ ਕਰੋ। ਰੂਸ ਦੀ ਉਸਾਰੀ ਦੇ ਕਠਿਨ ਕੰਮ ਵਿੱਚ ਉਸਨੂੰ ਇੱਕ ਦੋਸਤ ਅਤੇ ਸਾਥੀ ਵਜੋਂ ਪਿਆਰ ਕਰਨਾ ਸਿੱਖੋ!"

ਹਜ਼ਾਰਾਂ ਹੀ ਨੌਜਵਾਨ ਇਸ ਸੱਦੇ 'ਤੇ ਅੱਗੇ ਨਿੱਤਰ ਆਏ, ਉਮਰਾਂ ਜਿੱਡਾ ਭਾਰ ਚੁੱਕੀ, ਲੋਕਾਂ ਦੀਆਂ ਸਭ ਤੋਂ ਸ਼ਾਨਦਾਰ ਅਤੇ ਅਗਾਂਹਵਧੂ ਤਾਕਤਾਂ ਦਾ ਸਾਥ ਦਿੱਤਾ, ਆਪਣੇ ਦੁਸ਼ਮਣ ਨੂੰ ਹਥਿਆਰ ਚੁੱਕਣ ਲਈ ਵੰਗਾਰਿਆ ਅਤੇ ਉਹਨਾਂ ਵਿੱਚੋਂ ਕਈ ਨੌਜਵਾਨ ਇਸ ਸੰਘਰਸ਼ ਵਿੱਚ ਆਪਣੀਆਂ ਜਾਨਾਂ ਵਾਰ ਗਏ। ਪਰ ਟੀਚਾ ਹਾਸਿਲ ਕਰ ਲਿਆ; ਲੋਕ ਜਾਗ ਪਏ ਹਨ ਅਤੇ ਆਪਣਾ ਆਲ਼ਾ-ਦੁਆਲ਼ਾ ਘੋਖ ਰਹੇ ਹਨ; ਅਟੱਲ ਸੰਘਰਸ਼ਾਂ ਬਾਰੇ ਸੋਚ ਰਹੇ ਹਨ, ਆਪਣੇ ਆਗੂਆਂ ਨੂੰ ਭਾਲ਼ ਰਹੇ ਹਨ ਅਤੇ ਉਹਨਾਂ ਦੇ ਸਿਆਣੇ ਬੋਲ ਸੁਣਨ ਲਈ ਬੇਚੈਨ ਹਨ।

ਪਰ ਲੋਕਾਂ ਦੇ ਆਗੂ ਤੇ ਪੈਗੰਬਰ ਤਾਂ ਚਕਲ਼ਿਆਂ ਤੇ ਸ਼ਰਾਬਖਾਨਿਆਂ ਵਿੱਚ ਵੜੇ ਬੈਠੇ ਹਨ।

ਇਹਨਾਂ ਸ਼ਬਦਾਂ ਰਾਹੀਂ ਮੈਂ ਕਿਸੇ ਨੂੰ ਠੇਸ ਨਹੀਂ ਪਹੁੰਚਾਉਣਾ ਚਾਹੁੰਦਾ—ਮੈਨੂੰ ਲੋੜ ਹੀ ਕੀ

ਹੈ ? ਮੈਂ ਤਾਂ ਸਿਰਫ ਇੱਕ ਅਜਿਹੀ ਚੀਜ਼ ਵੱਲ ਇਸ਼ਾਰਾ ਕਰ ਰਿਹਾ ਹਾਂ ਜਿਸਨੂੰ ਸਾਰੇ ਜਾਣਦੇ ਹਨ ਤੇ ਜਿਸਨੂੰ ਸਾਬਿਤ ਕਰਨ ਲਈ ਕਿਸੇ ਸਬੂਤ ਦੀ ਲੋੜ ਨਹੀਂ ਹੈ, ਕਿਉਂਕਿ ਇਸਦਾ ਸਬੂਤ ਤਾਂ ਸਾਡੇ ਸਮੇਂ ਦੀਆਂ ਕਿਤਾਬਾਂ, ਆਲੋਚਨਾਤਮਕ ਲੇਖਾਂ ਅਤੇ ਪ੍ਰੈੱਸ ਤੋਂ ਹੀ ਮਿਲ਼ ਜਾਂਦਾ ਹੈ। ਜੇਕਰ ਇਸ ਸ਼ਰਮਨਾਕ ਸੱਚਾਈ ਨੂੰ ਤੋੜੇ-ਮਰੋੜੇ ਬਿਨਾਂ ਕਿਸੇ ਹੋਰ ਸ਼ਬਦਾਂ ਵਿੱਚ ਲਿਖਿਆ ਜਾ ਸਕਦਾ ਤਾਂ ਮੈਂ ਜ਼ਰੂਰ ਲਿਖਦਾ।

ਕਵੀ ਦਾ ਦਿਲ ਹੁਣ ਇਓਲਿਸ ਵਾਜਾ ਨਹੀਂ ਰਹਿ ਗਿਆ ਜਿਹੜਾ ਜੀਵਨ ਦੀਆਂ ਸਾਰੀਆਂ ਧੁਨੀਆਂ — ਹਾਸਾ, ਹੰਝੂ ਅਤੇ ਇਸਦੀਆਂ ਆਵਾਜ਼ਾਂ — ਦਾ ਜਵਾਬ ਦੇ ਸਕੇ। ਮਨੁੱਖ ਹੁਣ ਆਪਣੇ ਆਲ਼ੇ-ਦੁਆਲ਼ੇ ਦੇ ਪ੍ਰਭਾਵ ਕਬੂਲਣ ਵਿੱਚ ਦਿਨੋ-ਦਿਨ ਘੱਟ ਸੰਵੇਦਨਸ਼ੀਲ ਹੁੰਦਾ ਜਾ ਰਿਹਾ ਹੈ, ਅਤੇ ਉਸਦੇ ਹਾਸੇ ਵਿੱਚ, ਜਿਹੜਾ ਹੁਣ ਮਸਾਂ ਹੀ ਕਦੇ ਸੁਣਾਈ ਦੇਂਦਾ ਹੈ, ਇੱਕ ਰੋਗੀ ਜਿਹੀ ਥਕਾਵਟ ਟੁਣਕਦੀ ਹੈ; ਕਿਸੇ ਸਮੇਂ ਪਵਿੱਤਰ ਕਹਾਉਣ ਵਾਲ਼ੀ ਉਸਦੀ ਦਲੇਰੀ ਹੁਣ ਨਿਰਾਸ਼ਾ ਦੇ ਜੰਗਲ਼ੀਪੁਣੇ ਵਿੱਚ ਬਦਲ ਚੁੱਕੀ ਹੈ।

ਕਵੀ ਹੁਣ ਨਿਰਾ ਸਾਹਿਤਕਾਰ ਬਣਦਾ ਜਾ ਰਿਹਾ ਹੈ; ਗੌਰਵਮਈ ਸੱਚਾਈਆਂ ਅਤੇ ਨਿਰੀਖਣਾਂ ਦੇ ਮਿਨਾਰਾਂ ਤੋਂ ਡਿੱਗ ਕੇ ਹੁਣ ਉਹ ਤੁੱਛ ਗੱਲਾਂ ਦੇ ਮੈਦਾਨ ’ਤੇ ਆ ਪਿਆ ਹੈ; ਉਸਦੀਆਂ ਅੱਖਾਂ ਅਜਿਹੀਆਂ ਰੁੱਖੀਆਂ-ਨੀਰਸ ਘਟਨਾਵਾਂ ’ਤੇ ਗੱਡੀਆਂ ਹੋਈਆਂ ਹਨ ਜਿਹਨਾਂ ਨੂੰ ਉਹ ਉਧਾਰੇ ਮੰਗੇ ਅਤੇ ਵਿਦੇਸ਼ੀ ਵਿਚਾਰਾਂ ਦੀ ਸਹਾਇਤਾ ਨਾਲ਼ ਸਲਾਹੁਣ ਦੀ ਕੋਸ਼ਿਸ਼ ਕਰਦਾ ਹੈ, ਅਤੇ ਅਜਿਹੇ ਸ਼ਬਦਾਂ ਵਿੱਚ ਚਿਤਰਣ ਦੀ ਕੋਸ਼ਿਸ਼ ਕਰਦਾ ਹੈ ਜਿਸਦੇ ਅਰਥ ਉਸ ਲਈ ਵੀ ਪੂਰੀ ਤਰ੍ਹਾਂ ਸਮਝੋਂ ਬਾਹਰ ਹਨ। ਰੂਪ ਪਹਿਲਾਂ ਨਾਲ਼ੋਂ ਵਧੇਰੇ ਤਿੱਖਾ ਅਤੇ ਕੀਮਤੀ ਹੁੰਦਾ ਜਾ ਰਿਹਾ ਹੈ, ਅਤੇ ਸ਼ਬਦ ਹੋਰ ਵੀ ਠੰਢੇ ਅਤੇ ਤੱਤ ਪੱਖੋਂ ਪੂਰੀ ਤਰ੍ਹਾਂ ਕੰਗਾਲ ਹੁੰਦੇ ਜਾ ਰਹੇ ਹਨ। ਅਹਿਸਾਸ ਦੀ ਇਮਾਨਦਾਰੀ ਖਤਮ ਹੁੰਦੀ ਜਾ ਰਹੀ ਹੈ, ਅਤੇ ਇਸਨੂੰ ਉੱਚਾ ਚੁੱਕਣ ਦੀ ਵੀ ਕੋਈ ਕੋਸ਼ਿਸ਼ ਨਹੀਂ ਹੋ ਰਹੀ। ਖੰਭ-ਵਿਹੂਣੀ ਸੋਚ ਰੂਹ ਤੋਂ ਸੱਖਣੀ ਹੋ ਕੇ ਤੁੱਛਤਾ ਦੀ ਜਿੱਲ੍ਹਣ ਵਿੱਚ ਨਿੱਘਰਦੀ ਜਾ ਰਹੀ ਹੈ ਅਤੇ ਖੇਰੂੰ-ਖੇਰੂੰ ਹੋ ਕੇ ਸੋਗੀ, ਆਲਸੀ ਅਤੇ ਬਿਮਾਰ ਹੁੰਦੀ ਜਾ ਰਹੀ ਹੈ। ਦੁਬਾਰਾ ਫਿਰ, ਨਿਡਰਤਾ ਤੇ ਦਲੇਰੀ ਦੀ ਬਜਾਏ ਅਸੀਂ ਰੁੱਖੀ-ਨੀਰਸ ਜਿਹੀ ਹਿੰਸਾ ਵੇਖਦੇ ਹਾਂ; ਰੋਹ ਨੇ ਖੁੱਲ੍ਹਮ-ਖੁੱਲੀ ਦਵੈਖ ਦਾ ਰੂਪ ਧਾਰ ਲਿਆ ਹੈ; ਨਫ਼ਰਤ ਭਾਰੀ ਆਵਾਜ਼ ਵਿੱਚ ਘੁਸਰ-ਮੁਸਰ ਕਰ ਰਹੀ ਹੈ, ਤੇ ਆਪਣੇ ਆਲ਼ੇ ਦੁਆਲ਼ੇ ਨੂੰ ਲੁਕਵੀਂ ਜਿਹੀ ਨਜ਼ਰ ਨਾਲ਼ ਤੱਕ ਰਹੀ ਹੈ।

ਪੁਰਾਣੇ ਲੇਖਕਾਂ ਦੀ ਖਾਸੀਅਤ ਇਸ ਗੱਲ ਵਿੱਚ ਸੀ ਕਿ ਉਹਨਾਂ ਦੀਆਂ ਧਾਰਨਾਵਾਂ ਦਾ ਘੇਰਾ ਬੜਾ ਵਿਸ਼ਾਲ ਸੀ, ਸੰਸਾਰ-ਦ੍ਰਿਸ਼ਟੀਕੋਣ ਇੱਕਸੁਰ ਸੀ, ਅਤੇ ਜੀਵਨ ਲਈ ਇੱਕ ਤੜ੍ਹਪ ਹੁੰਦੀ ਸੀ। ਸਾਡਾ ਇਹ ਅਥਾਹ ਸੰਸਾਰ ਉਹਨਾਂ ਦੀ ਨਜ਼ਰ ਦੇ ਘੇਰੇ ਵਿੱਚ ਬੱਝਿਆ ਹੋਇਆ ਸੀ। ਅਜੋਕੇ ਦੌਰ ਦੇ ਲੇਖਕ ਦਾ “ਵਿਅਕਤੀਤਵ” ਉਸਦੀ ਲਿਖਣ-ਸ਼ੈਲੀ ਵਿੱਚ ਹੀ ਵਿਦਮਾਨ ਹੈ, ਜਦਕਿ ਉਸਦਾ ਅਸਲੀ ਵਿਅਕਤੀਤਵ — ਉਸਦੇ ਅਹਿਸਾਸ ਅਤੇ ਚਿੰਤਨ ਦਾ ਕੁੱਲ ਜੋੜ — ਦਿਨੋ-ਦਿਨ ਵਧੇਰੇ ਥੋਥਾ, ਧੁੰਦਲਾ ਅਤੇ — ਜੇ ਸੱਚ ਪੁੱਛੋਂ ਤਾਂ — ਤਰਸਯੋਗ ਹੁੰਦਾ ਜਾ ਰਿਹਾ ਹੈ। ਲੇਖਕ ਹੁਣ ਸੰਸਾਰ ਦਾ ਸ਼ੀਸ਼ਾ ਨਹੀਂ ਹੈ ਸਗੋਂ ਕੱਚ ਦਾ ਇੱਕ

ਟੁਕੜਾ ਰਹਿ ਗਿਆ ਹੈ। ਉਸਦਾ ਉਹ ਪਾਣੀ ਜਿਹੜਾ ਕਦੇ ਸਮਾਜਿਕ ਢਾਂਚੇ ਦਾ ਅਕਸ ਪੇਸ਼ ਕਰਦਾ ਹੁੰਦਾ ਸੀ ਹੁਣ ਧੁੰਦਲਾ ਪੈ ਗਿਆ ਹੈ। ਆਪਣੀਆਂ ਹੀ ਗਲ਼ੀਆਂ ਦੀ ਧੂੜ ਨਾਲ਼ ਕੱਜਿਆ ਇਹ ਟੁਕੜਾ ਇਸ ਸੰਸਾਰ ਵਿਚਲੇ ਜੀਵਨ ਦੀ ਸ਼ਾਨੋ-ਸ਼ੌਕਤ ਦਾ ਅਕਸ ਨਹੀਂ ਦਿਖਾ ਸਕਦਾ, ਸਗੋਂ ਸੜਕਾਂ ਦੇ ਜੀਵਨ ਦੀਆਂ ਅਤੇ ਉਜੜੀਆਂ ਰੂਹਾਂ ਦੀਆਂ ਮਹਿਜ਼ ਕੁਝ ਝਲਕਾਂ ਹੀ ਪੇਸ਼ ਕਰ ਸਕਦਾ ਹੈ।

ਸਾਡੀ ਧਰਤੀ 'ਤੇ ਇੱਕ ਨਵੇਂ ਕਿਸਮ ਦਾ ਲੇਖਕ ਉੱਭਰ ਕੇ ਸਾਹਮਣੇ ਆਇਆ ਹੈ—ਜਨਤਾ ਦਾ ਇੱਕ ਭੰਡ, ਖ਼ੂਹ-ਦੇ-ਡੱਡੂਆਂ ਦੇ ਸਵਾਦ ਦੀ ਭਰਪਾਈ ਕਰਨ ਲਈ, ਜਿਹੜੇ ਮੌਜ-ਮਸਤੀਆਂ ਕਰਨ ਦੇ ਬੜੇ ਚਾਹਵਾਨ ਹੁੰਦੇ ਹਨ। ਅਜਿਹੇ ਲੋਕ ਆਪਣੇ ਦੇਸ਼ ਦੀ ਨਹੀਂ, ਸਗੋਂ ਜਨਤਾ (Public) ਦੀ ਸੇਵਾ ਕਰਦੇ ਹਨ; ਉਹ ਤਸਦੀਕ ਕਰਨ ਵਾਲ਼ਿਆਂ ਅਤੇ ਨਿਆਂ ਕਰਨ ਵਾਲ਼ਿਆਂ ਵਾਂਗ ਕੰਮ ਨਹੀਂ ਕਰਦਾ, ਸਗੋਂ ਕਿਸੇ ਖੁਸ਼ਾਮਦੀ ਭੁੱਖੜ ਵਾਂਗ ਅਮੀਰਾਂ ਦੀ ਨੌਕਰੀ ਕਰਦਾ ਹੈ। ਉਹ ਜਨਤਕ ਤੌਰ 'ਤੇ ਆਪਣਾ ਮਜ਼ਾਕ ਉਡਾਉਂਦਾ ਹੈ, ਜਿਵੇਂ ਕਿ 'ਲੇਖਕਾਂ ਦੇ ਕੈਲੰਡਰ' ਵਿੱਚ ਦੇਖਿਆ ਜਾ ਸਕਦਾ ਹੈ; ਉਸ ਲਈ ਜਨਤਾ ਦਾ ਹਾਸਾ ਠੱਠਾ ਅਤੇ ਵਾਹ-ਵਾਹ ਆਪਣੇ ਸਨਮਾਨ ਨਾਲ਼ੋਂ ਕਿਤੇ ਜ਼ਿਆਦਾ ਪਿਆਰੇ ਹਨ। ਆਪਣੇ ਮਾਲਿਕ ਨੂੰ ਥੋਥੇ ਜਿਹੇ ਚੁਟਕਲੇ ਸੁਣਾਉਣ ਲਈ ਇਹ ਲੇਖਕ ਹਮੇਸ਼ਾ ਤਿਆਰ ਰਹਿੰਦਾ ਹੈ, ਜਿਸ ਕਾਰਨ ਖ਼ੂਹ-ਦੇ-ਡੱਡੂ ਦੇ ਮਨ ਵਿੱਚ ਆਪਣੇ ਇਸ ਨੌਕਰ ਪ੍ਰਤੀ ਘ੍ਰਿਣਾ ਦੀ ਇੱਕ ਭਾਵਨਾ ਪੈਦਾ ਹੋ ਜਾਂਦੀ ਹੈ।

ਕਿਸੇ ਮਨੁੱਖ ਦੇ ਸਵੈ-ਮਾਣ ਦਾ ਪੱਧਰ, ਹੋਰਨਾਂ ਮਾਪਦੰਡਾਂ ਤੋਂ ਇਲਾਵਾ, ਉਜੱਡਪੁਣੇ ਅਤੇ ਸਧਾਰਨਤਾ ਪ੍ਰਤੀ ਉਸਦੀ ਘ੍ਰਿਣਾ ਤੋਂ ਵੀ ਮਾਪਿਆ ਜਾ ਸਕਦਾ ਹੈ। ਰੂਸ ਦਾ ਸਮਕਾਲੀ "ਜਨਤਕ ਰਾਏ ਦਾ ਆਗੂ" ਉਜੱਡਪੁਣੇ ਪ੍ਰਤੀ ਆਪਣੀ ਘ੍ਰਿਣਾ ਗੁਆ ਚੁੱਕਿਆ ਹੈ; ਅਤੇ ਇਸਤੋਂ ਉਲਟ ਉਸਨੇ ਉਜੱਡਪੁਣਾ ਰੂਸੀ ਸਾਹਿਤ ਦੇ ਮੰਦਰ ਵਿੱਚ ਲਿਆ ਬਿਰਾਜਮਾਨ ਕਰ ਦਿੱਤਾ ਹੈ। ਉਹ ਆਪਣੇ ਨਾਮ ਦਾ ਭੋਰਾ ਵੀ ਆਦਰ ਨਹੀਂ ਕਰਦਾ, ਜਿਸਨੂੰ ਉਹ ਬੇਹੂਦਗੀ ਨਾਲ਼ ਜਿੱਲਣ ਵਿੱਚ ਸੁੱਟ ਦਿੰਦਾ ਹੈ। ਬਿਨਾਂ ਕਿਸੇ ਝਿਜਕ ਜਾਂ ਸ਼ਰਮ ਦੇ ਉਹ ਆਪਣਾ ਨਾਮ ਸਾਹਿਤਕ ਪੱਤੇਬਾਜ਼ਾਂ, ਧੋਖੇਬਾਜ਼ਾਂ, ਢੌਂਗੀਆਂ ਅਤੇ ਮਦਾਰੀਆਂ ਦੇ ਬਰਾਬਰ ਲਿਖਦਾ ਹੈ। ਉਸਨੇ ਉਸਤਾਦੀ ਨਾਲ਼ ਲਿਖਣਾ ਸਿੱਖ ਲਿਆ ਹੈ, ਸ਼ਬਦਾਂ ਦਾ ਜਾਦੂਗਰ ਬਣ ਗਿਆ ਹੈ, ਅਤੇ ਆਪਣੀ ਹੀ ਤੂਤੀ ਵਜਾਉਣ ਵਿੱਚ ਬੜੀ ਮੁਹਾਰਤ ਦਾ ਮੁਜ਼ਾਹਰਾ ਕਰਦਾ ਹੈ।

ਕਦੇ ਕਦੇ ਉਹ ਖ਼ੂਹ-ਦੇ-ਡੱਡੂ ਨੂੰ ਤੋਤੇ ਵਰਗੀ ਘੱਗੀ ਜਿਹੀ ਅਵਾਜ਼ ਵਿੱਚ ਬੁਰਾ-ਭਲਾ ਵੀ ਕਹਿੰਦਾ ਹੈ। ਪਰ ਖ਼ੂਹ-ਦਾ-ਡੱਡੂ ਇਸਨੂੰ ਸਿਰਫ ਮੁਸਕਰਾ ਕੇ ਛੱਡ ਦਿੰਦਾ ਹੈ, ਕਿਉਂਕਿ ਉਹ ਜਾਣਦਾ ਹੈ ਕਿ ਇਹ ਤਾਅਨੇ-ਮਿਹਣੇ ਇੱਕ ਪਾਲਤੂ ਕੁੱਤੇ ਦੀ ਭਊਂ-ਭਊਂ ਤੋਂ ਬਿਨਾਂ ਹੋਰ ਕੁਝ ਨਹੀਂ ਹੈ, ਜਿਹੜੀ ਜ਼ਰਾ ਕੁ ਪਿੱਠ ਥਾਪੜਨ ਨਾਲ਼ ਅਹਿਸਾਨਮੰਦੀ ਦੀ ਚਊਂ-ਚਊਂ ਵਿੱਚ ਬਦਲ ਜਾਵੇਗੀ।

ਜਦੋਂ ਖ਼ੂਹ-ਦਾ-ਡੱਡੂ ਪੁਰਾਣੇ ਸਾਹਿਤ ਦੇ ਸ਼ੇਰਾਂ ਦੀਆਂ ਦਹਾੜਾਂ ਯਾਦ ਕਰਦਾ ਹੈ ਤਾਂ ਉਹ ਸੁੱਖ ਦਾ ਸਾਹ ਲੈ ਕੇ ਬੜੇ ਮਾਣ ਨਾਲ਼ ਆਪਣੇ ਆਲ਼ੇ-ਦੁਆਲ਼ੇ ਦੇਖਦਾ ਹੈ: ਹੁਣ ਇਹ

ਉਸਦੇ ਦਿਨ ਹਨ। ਪੈਗੰਬਰ ਮਰ ਚੁੱਕੇ ਹਨ, ਉਹਨਾਂ ਦੀ ਥਾਂ 'ਤੇ ਉਹ ਭੰਡ ਆ ਗਏ ਹਨ ਜਿਹੜੇ ਸੱਚਾਈ, ਖ਼ੂਬਸੂਰਤੀ ਅਤੇ ਪਿਆਰ ਨੂੰ ਮਿੱਧ-ਮਿੱਧ ਕੇ ਥੱਕੇ ਇਸ ਘ੍ਰਿਣਤ ਡੱਡੂ ਨੂੰ ਖ਼ੁਸ਼ ਕਰਨ ਲਈ ਆਪਣੀ ਪੂਰੀ ਵਾਹ ਲਾ ਦਿੰਦੇ ਹਨ।

ਹੁਸ਼ਿਆਰ ਅਤੇ ਦਿਲਕਸ਼ ਲੇਖਕ ਜਾਰਜ ਸੈਂਡ ਨੇ ਇੱਕ ਵਾਰੀ ਕਿਹਾ ਸੀ: "ਕਲਾ ਕੋਈ ਅਜਿਹੀ ਦਾਤ ਨਹੀਂ ਹੈ ਜਿਸਦਾ ਹਰ ਖੇਤਰ ਵਿੱਚ ਵਿਸ਼ਾਲ ਗਿਆਨ ਤੋਂ ਬਿਨਾ ਸਰ ਸਕਦਾ ਹੋਵੇ। ਤੁਹਾਨੂੰ ਹਰ ਇੱਕ ਚੀਜ਼ ਦੀ ਘੋਖ ਪੜਤਾਲ ਕਰਨੀ ਚਾਹੀਦੀ ਹੈ ਅਤੇ ਤਜ਼ਰਬਾ ਹਾਸਿਲ ਕਰਨਾ ਚਾਹੀਦਾ ਹੈ; ਤੁਹਾਨੂੰ ਪਹਿਲਾਂ ਬਹੁਤ ਕੁਝ ਆਤਮਸਾਤ ਕਰਨਾ ਚਾਹੀਦਾ ਹੈ, ਬੇਇੰਤਹਾ ਪਿਆਰ ਕਰਨਾ ਚਾਹੀਦਾ ਹੈ ਅਤੇ ਦੁੱਖ ਸਹਿਣੇ ਚਾਹੀਦੇ ਹਨ, ਅਤੇ ਇਸਦੇ ਨਾਲ਼ ਹੀ ਉੱਦਮ ਕਰਨੋਂ ਵੀ ਨਹੀਂ ਹਟਣਾ ਚਾਹੀਦਾ। ਕਟਾਰ ਦੀ ਵਰਤੋਂ ਸਿੱਖਣ ਤੋਂ ਪਹਿਲਾਂ ਸਾਨੂੰ ਬੰਨ੍ਹਣਾ ਆਉਣਾ ਚਾਹੀਦਾ ਹੈ। ਕਲਾਕਾਰ, ਜਿਹੜਾ ਸਿਰਫ਼ ਕਲਾਕਾਰ ਹੀ ਹੁੰਦਾ ਹੈ ਨਿਪੁੰਸਕ ਹੁੰਦਾ ਹੈ, ਜਾਂ ਇਉਂ ਕਹਿ ਲਓ ਕਿ ਔਸਤ ਦਰਜੇ ਦਾ ਹੈ, ਜਾਂ ਫਿਰ ਉਹ ਦੂਜੇ ਸਿਰੇ ਤੇ ਪਹੁੰਚ ਜਾਂਦਾ ਹੈ, ਮਤਲਬ ਕਿ ਬਿਲਕੁਲ ਹੀ ਮੱਤ ਮਾਰ ਦੇਣ ਵਾਲ਼ਾ ਹੁੰਦਾ ਹੈ।"

ਔਸਤ ਦਰਜੇ ਦੇ ਜਾਂ ਬਿਲਕੁਲ ਹੀ ਮੱਤ ਮਾਰ ਦੇਣ ਵਾਲ਼ੇ—ਅੱਜ ਕੱਲ ਦੇ ਲੇਖਕ ਦੀਆਂ ਇਹੀ ਦੋ ਕਿਸਮਾਂ ਹਨ।

ਜਿਹਨਾਂ ਸਮਿਆਂ ਵਿੱਚੋਂ ਸਾਡਾ ਦੇਸ਼ ਅੱਜ ਲੰਘ ਰਿਹਾ ਹੈ, ਉਹ ਵਿਸ਼ਾਲ ਗਿਆਨ, ਵਿਸ਼ਵਕੋਸ਼ੀ ਗਿਆਨ (encyclopaedism) ਦੀ ਮੰਗ ਕਰਦੇ ਹਨ, ਪਰ ਸਾਡਾ ਲੇਖਕ ਇਹ ਮੰਗਾਂ ਸੁਣਨੋਂ ਬੋਲ਼ਾ ਹੋ ਗਿਆ ਜਾਪਦਾ ਹੈ।

ਸਾਡਾ ਸਾਹਿਤ ਇੱਕ ਅਜਿਹੇ ਖੇਤ ਵਰਗਾ ਹੈ ਜਿਸਨੂੰ ਮਹਾਨ ਦਿਲ-ਦਿਮਾਗਾਂ ਨੇ ਵਾਹਿਆ ਹੈ। ਪਿੱਛੇ ਜਿਹੇ ਹੀ ਉਪਜਾਊ ਹੋਇਆ ਅਤੇ ਰੰਗ-ਬਿਰੰਗੇ ਫੁੱਲਾਂ ਨਾਲ਼ ਸ਼ਿੰਗਾਰਿਆਂ ਇਹ ਖੇਤ ਹੁਣ ਖੁਸ਼ਫਹਿਮ ਅਗਿਆਨਤਾ ਦੇ ਨਦੀਨਾਂ ਨਾਲ਼, ਰੰਗ-ਬਿਰੰਗੇ ਕਾਗਜ਼ਾਂ ਦੇ ਟੁਕੜਿਆਂ ਨਾਲ਼ ਭਰ ਗਿਆ ਹੈ। ਫਰਾਂਸੀਸੀ, ਅੰਗਰੇਜ਼ੀ ਅਤੇ ਜਰਮਨ ਕਿਤਾਬਾਂ ਦੀਆਂ ਜਿਲਦਾਂ ਦੇ ਇਹ ਟੁਕੜੇ ਅਸਲ ਵਿੱਚ ਪੱਛਮੀ ਖੂਹ-ਦੇ-ਡੱਡੂਆਂ ਦੇ ਵਿਚਾਰਾਂ ਦੇ ਛਿੱਲੜ ਹਨ, ਤੁੱਛ ਤੇ ਘਟੀਆ ਵਿਚਾਰ ਜਿਹੜੇ ਸਾਡੇ ਲਈ ਬਿਲਕੁਲ ਹੀ ਪਰਾਏ ਹਨ। ਇਹ "ਇਨਕਲਾਬ ਦਾ ਸਵਰਗ ਨਾਲ਼ ਕੋਈ ਰਾਜ਼ੀਨਾਮਾ" ਵੀ ਨਹੀਂ ਹੈ, ਸਗੋਂ ਅਤੀਤ ਦੀਆਂ ਯਾਦਾਂ 'ਤੇ ਚਿੱਕੜ ਸੁੱਟਣ ਦੀ ਬਸ ਇੱਕ ਜੰਗਲ਼ੀ ਅਤੇ ਗੰਵਾਰ ਜਿਹੀ ਉਤੇਜਨਾ ਹੈ। ਕੋਈ ਓਪਰਾ ਆ ਗਿਆ ਹੈ, ਜਿਸ ਲਈ ਹਰ ਚੀਜ਼ ਹੀ ਓਪਰੀ ਹੈ। ਉਹ ਸੱਜਰੀਆਂ ਕਬਰਾਂ 'ਤੇ ਟਪੂਸੀਆਂ ਮਾਰਦਾ ਫਿਰਦਾ ਹੈ ਅਤੇ ਲਹੂ ਦੇ ਛੱਪੜਾਂ ਵਿੱਚੋਂ ਰਾਹ ਬਣਾਉਂਦਾ ਹੈ, ਪੀਲ਼ੇ-ਭੂਕ ਚਿਹਰੇ 'ਤੇ ਗੁਰਰਾਹਟ ਉਸਦੇ ਕਮਜ਼ੋਰ ਦੰਦਾਂ ਨੂੰ ਨੰਗਾ ਕਰ ਰਹੀ ਹੈ। ਇਹ ਬਿਮਾਰ ਜੰਗਲ਼ੀ ਆਪਣੇ ਆਪ ਨੂੰ ਜੇਤੂ ਸਮਝਦਾ ਹੈ, ਅਤੇ ਉਹਨਾਂ ਵੱਲ ਤੱਕ ਕੇ, ਜਿਹੜੇ ਇਸਦੀਆਂ ਬੇਸਿਰ-ਪੈਰ ਦੀਆਂ ਯਬਲ਼ੀਆਂ ਸੁਣਦੇ ਹਨ, ਇੱਕ ਖਰ੍ਹਵੀ ਜਿਹੀ ਖੁਸ਼ੀ ਵਿੱਚ ਚਾਂਗਰਾਂ ਮਾਰਨ ਲੱਗ ਪੈਂਦਾ ਹੈ; ਇੱਕ ਅਲਪਜੀਵੀ ਕੀਟ (ephemera), ਉਹ ਥੋੜ-ਚਿਰੇ ਚੀਖ਼-ਚਿਹਾੜੇ ਅਤੇ ਦ੍ਰਿਸ਼ਾਂ 'ਤੇ ਪਲ਼ਦਾ ਹੈ, ਡਾਢੇ ਕੱਲ ਬਾਰੇ ਸੋਚੇ ਬਿਨਾਂ ਜਿਹੜਾ ਉਸਨੂੰ ਸਜ਼ਾ ਦੇਵੇਗਾ ਅਤੇ

ਸਖ਼ਤ ਘ੍ਰਿਣਾ ਦਾ ਨਿਸ਼ਾਨਾ ਬਣਾਏਗਾ।

ਅਜੋਕੇ ਦੌਰ ਦਾ ਸਾਹਿਤਕਾਰ ਕੀ ਕਹਿੰਦਾ ਹੈ ?

"ਜੀਵਨ ਕੀ ਹੈ ?" ਉਹ ਪੁੱਛਦਾ ਹੈ, "ਹਰ ਇੱਕ ਚੀਜ਼ ਕੀੜਿਆਂ ਦਾ ਭੋਜਨ ਹੈ। ਤੁਸੀਂ ਜੋ ਵੀ ਚੰਗਿਆਈ ਅਤੇ ਬੁਰਾਈ ਕੀਤੀ ਹੈ ਦੋਨੇ ਤੁਹਾਡੀ ਮੌਤ ਨਾਲ਼ ਹੀ ਖ਼ਤਮ ਹੋ ਜਾਣਗੀਆਂ। ਹੇ ਭਲੇ ਆਦਮੀ ! ਕਿਸੇ ਵੀ ਗੱਲ ਨਾਲ਼ ਕੋਈ ਫਰਕ ਨਹੀਂ ਪੈਂਦਾ, ਅਤੇ ਮੌਤ ਸਾਹਮਣੇ ਸਭ ਕੁੱਝ ਹੀ ਮਹੱਤਵਹੀਣ ਹੈ।"

ਇਹ ਨਵੇਂ ਵਿਚਾਰ ਸੁਣ ਕੇ ਖ਼ੂਹ-ਦਾ-ਡੱਡੂ ਸਹਿਮਤੀ ਨਾਲ਼ ਸਿਰ ਹਿਲਾਉਂਦਾ ਹੈ। "ਬਿਲਕੁਲ," ਉਹ ਕਹਿੰਦਾ ਹੈ, "ਜੀਵਨ ਦੀ ਰਚਨਾ ਕਰਨਾ ਫਜ਼ੂਲ ਹੈ ਅਤੇ ਇਸਨੂੰ ਬਦਲਣ ਦੀ ਕੋਸ਼ਿਸ਼ ਕਰਨਾ ਵਿਅਰਥ ਹੈ; ਚੰਗਿਆਈ ਅਤੇ ਬੁਰਾਈ ਇੱਕ ਬਰਾਬਰ ਹਨ। ਕਿਉਂ ਐਵੇਂ ਜੀਵਨ ਦੇ ਅਰਥ ਭਾਲ਼ਦੇ ਫਿਰੀਏ ? ਜਿਵੇਂ ਇਹ ਹੈ ਇਸਨੂੰ ਉਵੇਂ ਹੀ ਮੰਨ ਲੈਂਦੇ ਹਾਂ, ਅਤੇ ਜੀਵਨ ਨੂੰ ਵਾਹ ਲੱਗਦੀਆਂ ਸਾਰੀਆਂ ਖੁਸ਼ੀਆਂ ਨਾਲ਼ ਭਰ ਲਈਏ ਤਾਂ ਕਿ ਸਾਡੀ ਜ਼ਿੰਦਗੀ ਖੁਸ਼ੀ-ਖੁਸ਼ੀ ਅਤੇ ਬਿਨਾਂ ਕੋਈ ਘਾਲਣਾ ਘਾਲ਼ੇ ਹੀ ਬਤੀਤ ਹੋ ਜਾਵੇ।"

ਢੀਠਤਾਈ ਨਾਲ਼ ਆਪਣੇ ਨੈਤਿਕ ਨਿਯਮਾਂ — ਅਪਰਾਧਿਕ ਮਾਮਲਿਆਂ ਵਿੱਚ ਸਜ਼ਾ ਦੇਣ ਲਈ ਬਣਾਏ ਕਾਨੂੰਨ — ਦੀ ਉਲੰਘਣਾ ਕਰਦਾ ਇਹ ਖ਼ੂਹ-ਦਾ-ਡੱਡੂ ਆਪਣੇ ਜੀਵਨ ਨੂੰ ਰਿਸ਼ਵਤਖੋਰੀ ਅਤੇ ਕਮੀਨੇਪਣ ਨਾਲ਼ ਭਰ ਲੈਂਦਾ ਹੈ, ਮਨੁੱਖੀ ਸਰੀਰ ਅਤੇ ਆਤਮਾ ਵਿਰੁੱਧ ਇਹ ਬੜੇ ਘਟੀਆ ਅਤੇ ਸ਼ਰਮਨਾਕ ਗੁਨਾਹ ਕਰਦਾ ਹੈ, ਇਹ ਸਭ ਉਸਨੂੰ ਤੀਬਰ ਸੰਤੋਖ ਦੀ ਭਾਵਨਾ ਦਾ ਅਹਿਸਾਸ ਕਰਵਾਉਂਦਾ ਹੈ।

ਉਹ ਮਰ ਕੇ ਵੀ ਗਲ਼ੋਂ ਨਹੀਂ ਲਹਿੰਦਾ, ਇੱਕ ਭੋਖੜੇ ਵਾਂਗ ਇਸਨੇ ਜੀਵਨ ਨੂੰ ਜੱਫਾ ਮਾਰਿਆ ਹੋਇਆ ਹੈ। ਜੇਕਰ ਤੁਸੀਂ ਇਸਦੀਆਂ ਜੜ੍ਹਾਂ—ਨਿੱਜੀ ਜਾਇਦਾਦ— ਉਖਾੜੇ ਬਿਨਾਂ ਇਸਨੂੰ ਕੱਟ ਦਿਓਗੇ, ਤਾਂ ਇਹ ਮੁੜ ਫਿਰ ਪੁੰਗਰ ਪਵੇਗਾ ਅਤੇ ਆਪਣੇ ਆਲ਼ੇ-ਦੁਆਲ਼ੇ ਦੇ ਫੁੱਲਾਂ ਦਾ ਸਾਹ ਘੁੱਟ ਦੇਵੇਗਾ। ਇਹ ਧਾਰਣਾ ਕਿ ਮੌਤ ਇੱਕ ਖੁਸ਼ਗਵਾਰ ਚੀਜ਼ ਹੁੰਦੀ ਹੈ, ਉਸਦੇ ਹੱਕ ਵਿੱਚ ਭੁਗਤਦੀ ਹੈ। ਕਿਉਂਕਿ ਇਹ ਉਸਦੀ ਰੂਹ ਅੰਦਰ ਇੱਕ ਸ਼ਾਂਤ ਸਰਵਖੰਡਨਵਾਦ ਤੋਂ ਬਿਨਾਂ ਹੋਰ ਕੁਝ ਵੀ ਪੈਦਾ ਨਹੀਂ ਕਰਦੀ। ਆਪਣੀ ਭੁੱਖੀ ਨੀਤ 'ਤੇ ਕਾਬੂ ਪਾਉਣ ਲਈ, ਖ਼ੂਹ-ਦੇ-ਡੱਡੂ ਆਪਣੇ ਅਮੀਰ ਅਤੇ ਸਵਾਦੀ ਭੋਜਨ ਨੂੰ, ਹਰ ਜਿਉਂਦੀ ਜਾਗਦੀ ਚੀਜ਼ ਨੂੰ ਨਾਸ਼ਵਾਨ ਸਮਝ ਕੇ, ਮਸਾਲਿਆਂ ਨਾਲ਼ ਕਰਾਰਾ ਬਣਾ ਰਿਹਾ ਹੈ। ਜਦਕਿ ਉਹਨਾਂ ਦੇ ਮੁਵੱਕਲ, ਮੌਤ ਦੇ ਗਾਇਕ, ਮੌਤ ਦੇ ਭੈਅ ਕਾਰਨ ਜ਼ਹਿਰੀਲੇ ਹੋਏ, ਪੀਲ਼ੇ ਪਏ ਹੋਏ ਰਊਂ-ਰਊਂ ਕਰਦੇ ਹਨ: "ਅਸੀਂ ਖਤਮ ਹੋ ਜਾਵਾਂਗੇ, ਕਿਉਂਕਿ ਕੋਈ ਵੀ ਵਿਅਕਤੀ ਅਮਰ ਨਹੀਂ ਹੈ!"

ਇਹ ਆਮ ਗਿਆਨ ਦੀ ਗੱਲ ਹੈ ਕਿ ਸਿਆਣਪ ਮੂਰਖਾਂ ਅਤੇ ਬੱਚਿਆਂ ਦੇ ਮੂੰਹੋਂ ਨਿਕਲ਼ਦੀ ਹੈ।

ਅਜੋਕੇ ਸਾਹਿਤ ਬਾਰੇ ਇੱਕ "ਸੱਚਾਈ" ਪੇਸ਼ ਕਰਦੇ ਹਾਂ ਜਿਸਦਾ ਕਿ ਚੁਕੋਵਸਕੀ ਨੇ ਜਨਤਕ ਤੌਰ 'ਤੇ ਐਲਾਨ ਕੀਤਾ ਸੀ, ਇੱਕ ਸੱਚਾਈ ਜਿਹੜੀ ਇਨਸਾਨ ਦਾ ਅਤੇ ਲੇਖਕ ਦਾ

ਸਿਰਫ਼ ਨਿਰਾਦਰ ਕਰ ਸਕਦੀ ਹੈ:

"ਜੇ ਤੁਸੀਂ ਮੰਨੋ ਤਾਂ 'ਅਨੰਤਤਾ ਦਾ ਭੈਅ' ਸਾਹਿਤ ਵਿੱਚ ਆਮ ਹੋ ਗਿਆ ਹੈ। 'ਸਾਹਿਤਕਾਰ, ਕਵੀ ਅਤੇ ਕਲਾਕਾਰ ਇਸਨੂੰ ਇਸ ਤਰ੍ਹਾਂ ਚੂਸਦੇ ਹਨ ਜਿਵੇਂ ਉਹ ਤੇਜ਼ਾਬ ਦੇ ਤੁਪਕਿਆਂ ਨੂੰ ਚੂਸਦੇ ਹੋਣ', ਜਦਕਿ ਸਾਹਿਤ ਦਾ ਉਹ ਸਕੂਲ ਜਿਸ ਨਾਲ਼ ਆਂਦਰੇਯੇਵ ਖੁਸ਼ੀ-ਖੁਸ਼ੀ ਆਪਣਾ ਨਾਮ ਜੋੜਦਾ ਹੈ, ਕੇਵਲ ਇਸ ਡਰ ਤੋਂ ਹੀ ਉਪਜਦਾ ਤੇ ਪਲ਼ਦਾ ਹੈ। ਅੱਜ ਅਸਲੀ ਕਵੀ ਬਣਨ ਲਈ ਭੈਅ ਨੂੰ ਮਹਿਸੂਸ ਕਰਨ ਦੀ ਯੋਗਤਾ ਹੋਣੀ ਬੜੀ ਲਾਜ਼ਮੀ ਹੈ। ਬਲੋਕ, ਬੇਲੀ, ਬਰਿਊਸੋਵ ਅਤੇ ਲਿਓਨਿਦ ਐਂਦਰੇਯੇਵ ਭਾਵੇਂ ਇੱਕ ਦੂਜੇ ਤੋਂ ਕਿੰਨੇ ਵੀ ਵੱਖਰੇ ਕਿਉਂ ਨਾ ਹੋਣ, ਇੱਕ 'ਮੁੱਢ-ਕਦੀਮੀ ਭੈਅ' ਕਾਰਨ ਇੱਕ ਦੂਜੇ ਨਾਲ਼ ਜੁੜੇ ਹੋਏ ਹਨ, ਜਿਸ ਭੈਅ ਨੇ ਤਾਲਸਤਾਏ ਦੇ ਈਵਾਨ ਇਲੀਅਚ ਤੋਂ ਲਮਕਵੀਂ ਤੇ ਮਾਤਮੀ 'ਊ-ਊ-ਊ-ਊ!' ਦੀ ਚਾਂਗਰ ਕਢਵਾਈ ਸੀ।

"ਇਹ ਸਾਰੇ ਅਜਿਹੇ ਲੋਕਾਂ ਵਰਗੇ ਹਨ ਜਿਹਨਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੋਵੇ। ਜੇ ਬਰਿਊਸੋਵ ਇਸ ਸਜ਼ਾ ਵੱਲ ਠੰਢੀ ਅਤੇ ਕੈਰ੍ਹੀ ਅੱਖ ਨਾਲ਼ ਵੇਖਦਾ ਵੀ ਹੈ, ਜਦਕਿ ਬੇਲੇ ਮਸਖਰੀਆਂ ਕਰਦਾ ਹੈ ਅਤੇ ਫ਼ਾਂਸੀ ਲਾਉਣ ਵਾਲ਼ੇ ਵੱਲ ਵੇਖ ਕੇ ਮੂੰਹ ਬਣਾਉਂਦਾ ਹੈ, ਸੋਲੋਗੁਬ ਫੰਦਾ ਗਲ਼ 'ਚ ਪਾਉਣ ਤੋਂ ਜ਼ਰਾ ਕੁ ਪਹਿਲਾਂ ਭੱਜ ਕੇ ਆਪਣੀ ਖੁੰਦਰ ਵਿੱਚ ਜਾ ਵੜਦਾ ਹੈ, ਅਤੇ ਗੋਰੋਦੈਤਸਕੀ ਫ਼ਾਂਸੀ ਲਾਉਣ ਵਾਲ਼ੇ ਦੀ ਜ਼ੋਰਦਾਰ ਆਵਾਜ਼ ਵਿੱਚ ਉਸਤਤ ਕਰਦਾ ਹੈ— ਇਹ ਸਾਰੇ ਝੱਲ-ਵਲੱਲੇ ਅਤੇ ਸਿਆਣੇ ਬੋਲ, ਇਹ ਡਰਾਉਣੇ ਅਤੇ ਸਖ਼ਤ ਦ੍ਰਿਸ਼, ਅਸਲ ਵਿੱਚ ਉਹੀ ਪੁਰਾਣੀ 'ਊ-ਊ-ਊ-ਊ!' ਹੀ ਹਨ, ਹੋਰ ਕੁਝ ਨਹੀਂ।"

> *"ਅੱਜ ਉਹੀ ਆਦਮੀ ਮਹਾਨ ਮੰਨਿਆ ਜਾਵੇਗਾ ਜਿਹੜਾ ਇੱਕ ਨਵੇਂ ਢੰਗ ਨਾਲ਼ ਅਤੇ ਹੋਰ ਵੀ ਡਰਾਉਣੇ ਰੂਪ ਵਿੱਚ ਇਹ ਚਾਂਗਰ ਮਾਰਨ ਦੇ ਯੋਗ ਹੋਵੇਗਾ, ਜਦਕਿ ਉਹ ਸਭ ਤੋਂ ਜ਼ਿਆਦਾ ਮਹਾਨ ਹੋਵੇਗਾ ਜਿਹੜਾ ਸਾਨੂੰ ਵੀ ਆਪਣੇ ਨਾਲ਼ ਹੀ ਚਾਂਗਰਾਂ ਮਾਰਨ ਲਾ ਲਵੇ, ਬਿਨਾਂ ਬੋਲੇ, ਸੋਚੇ ਅਤੇ ਚਾਹੁਣ ਦੇ: 'ਊ-ਊ-ਊ-ਊ!' "*
>
> (ਅਖ਼ਬਾਰ *Rodnaya Zemlya*, ਨੰ. 2, 1907 ਵਿੱਚੋਂ ਟੂਕ)

ਇਹ ਹੈ 'ਸੱਚਾਈ' ਜਿਹੜੀ ਚੁਕੋਵਸਕੀ ਨੇ ਪੇਸ਼ ਕੀਤੀ ਹੈ, ਅਤੇ ਇਸ ਤਰ੍ਹਾਂ ਜਾਪੇਗਾ ਕਿ ਜਿਹਨਾਂ ਲੇਖਕਾਂ ਦਾ ਜ਼ਿਕਰ ਉਸਨੇ ਕੀਤਾ ਹੈ, ਉਹ ਆਪਣੀਆਂ ਲਿਖਤਾਂ ਦੀ ਉਸ ਦੁਆਰਾ ਕੀਤੀ ਪ੍ਰੀਭਾਸ਼ਾ ਨਾਲ਼ ਪੂਰੀ ਤਰ੍ਹਾਂ ਸਹਿਮਤ ਹਨ, ਕਿਉਂਕਿ ਉਹਨਾਂ ਵਿੱਚੋਂ ਕਿਸੇ ਨੇ ਵੀ ਕੋਈ ਇਤਰਾਜ਼ ਨਹੀਂ ਕੀਤਾ।

ਜਦੋਂ ਸਾਡੇ ਕਿਸੇ ਵੀ ਪੁਰਾਣੇ ਲੇਖਕ ਦੇ "ਦਿਲ ਵਿੱਚ ਦੰਦ-ਪੀੜ" ਜਿਹੀ ਉੱਠਦੀ ਤੇ ਉਸਦੇ ਸੱਚੇ-ਸੁੱਚੇ ਅਤੇ ਸੰਵੇਦਨਸ਼ੀਲ ਦਿਲ ਦੇ ਦਰਦ ਕਾਰਨ ਬੁੱਲ੍ਹਾਂ 'ਚੋਂ ਜਿਹੜੀ ਕਰਾਹ ਜਿਹੀ ਨਿਕਲ਼ਦੀ, ਉਸਨੂੰ ਦੇਸ਼ ਦੇ ਸਭ ਤੋਂ ਸ਼ਾਨਦਾਰ ਲੋਕ ਫੜ ਲੈਂਦੇ ਸਨ, ਕਿਉਂਕਿ ਉਹ ਉਹਨਾਂ ਨਾਲ਼ ਬਹੁਤ ਨਜ਼ਦੀਕੀ ਰੂਹਾਨੀ ਕੜੀ ਨਾਲ਼ ਜੁੜਿਆ ਹੁੰਦਾ ਸੀ, ਅਤੇ ਉਸਦੀ ਉਹ

ਕਰਾਹ ਉਹਨਾਂ ਦੀ ਸਾਂਝੀ ਆਵਾਜ਼ ਹੁੰਦੀ।

ਅੱਜ ਦੇ ਇਸ ਤੰਤੂ-ਦੁਰਬਲਤਾ ਦੇ ਸ਼ਿਕਾਰ ਸਾਹਿਤਕਾਰ ਨੇ ਆਪਣੀ ਨਿੱਜੀ ਦੰਦ-ਪੀੜ ਨੂੰ—ਜੀਵਨ ਦੇ ਭੈਅ ਨੂੰ—ਸੰਸਾਰਕ ਪੱਧਰ ਦੀ ਇੱਕ ਵੱਡੀ ਘਟਨਾ ਤੱਕ ਉੱਚਾ ਚੁੱਕ ਦਿੱਤਾ ਹੈ; ਉਸਦੀਆਂ ਲਿਖਤਾਂ ਦੇ ਹਰ ਸਫ਼ੇ 'ਤੇ, ਹਰ ਤੁਕ ਵਿੱਚ ਉਸਦੇ ਕਰੂਪ ਨੈਣ-ਨਕਸ਼, ਹੌਂਕਦਾ ਮੂੰਹ ਦਿਖਾਈ ਦਿੰਦਾ ਹੈ ਅਤੇ ਉਸਦੀ ਚਿੜਚਿੜੀ ਅਵਾਜ਼ ਸੁਣਾਈ ਦਿੰਦੀ ਹੈ: "ਮੈਨੂੰ ਤਕਲੀਫ ਹੋ ਰਹੀ ਹੈ ਤੇ ਮੈਂ ਡਰਿਆ ਹੋਇਆ ਹਾਂ; ਇਸ ਲਈ ਢੱਠੇ ਖੂਹ 'ਚ ਪਏ ਤੁਹਾਡੀ ਹਰ ਇੱਕ ਚੀਜ਼, ਤੁਹਾਡਾ ਵਿਗਿਆਨ, ਰਾਜਨੀਤੀ, ਸਮਾਜ ਅਤੇ ਹਰ ਉਹ ਚੀਜ਼ ਜਿਹੜੀ ਮੇਰਾ ਦੁੱਖ ਦੇਖਣ ਤੋਂ ਤੁਹਾਨੂੰ ਰੋਕਦੀ ਹੈ!"

ਖੁਦ-ਪਸੰਦ ਬਿਮਾਰ ਆਦਮੀ ਨਾਲ਼ੋਂ ਵੱਧ ਬੇਰਹਿਮ ਕੋਈ ਨਹੀਂ ਹੁੰਦਾ।

ਆਓ ਕੁਦਰਤ ਦੀ ਸਿਆਣਪ ਦਾ ਸ਼ੁਕਰੀਆ ਕਰੀਏ ਜਿਸਨੇ ਕਿਸੇ ਵੀ ਚੀਜ਼ ਜਾਂ ਆਦਮੀ ਨੂੰ ਅਮਰ ਨਹੀਂ ਬਣਾਇਆ; ਅਸੀਂ ਸਾਰੇ ਉਹਨਾਂ ਲੋਕਾਂ ਨੂੰ ਥਾਂ ਦੇਣ ਲਈ ਅਟੱਲ ਤੌਰ 'ਤੇ ਖਤਮ ਹੋ ਜਾਵਾਂਗੇ ਜਿਹੜੇ ਸਾਡੇ ਨਾਲ਼ੋਂ ਜ਼ਿਆਦਾ ਤਾਕਤਵਾਰ, ਜ਼ਿਆਦਾ ਖ਼ੂਬਸੂਰਤ ਅਤੇ ਇਮਾਨਦਾਰ ਹੋਣਗੇ, ਅਤੇ ਇੱਕ ਨਵੇਂ, ਸੁਹਾਵਣੇ ਅਤੇ ਸ਼ੋਖ-ਜ਼ਿੰਦਾਦਿਲ ਜੀਵਨ ਦੀ ਸਿਰਜਣਾ ਕਰਨਗੇ, ਅਤੇ ਹੋ ਸਕਦਾ ਹੈ ਕਿ ਉਹ ਬਹੁਤ ਸਾਰੀਆਂ ਇੱਕ-ਜੁੱਟ ਇੱਛਾ ਸ਼ਕਤੀ ਦੀਆਂ ਸ਼ਾਨਦਾਰ ਤਾਕਤਾਂ ਦੁਆਰਾ ਮੌਤ 'ਤੇ ਵੀ ਜਿੱਤ ਹਾਸਿਲ ਕਰ ਲੈਣ।

ਭਵਿੱਖ ਦੇ ਲੋਕਾਂ ਨੂੰ ਮੇਰੇ ਵੱਲੋਂ ਖੁਸ਼ੀਆਂ ਭਰਿਆ ਸਲਾਮ!

ਔਰਤਾਂ ਪ੍ਰਤੀ ਵਤੀਰੇ ਵਿੱਚ ਆਈ ਤਿੱਖੀ ਤਬਦੀਲੀ ਰੂਸੀ ਸਮਾਜ ਦੀ ਨੈਤਿਕਤਾ ਵਿੱਚ ਆਈ ਗਿਰਾਵਟ ਦਾ ਲੱਛਣ ਹੈ।

ਜੇਕਰ ਰੂਸੀਆਂ ਦੀ ਕਮਜ਼ੋਰ ਯਾਦਦਾਸ਼ਤ ਸਬੰਧੀ ਪੁਰਾਣੇ ਰੋਗ ਦੀ ਗੱਲ ਮੰਨ ਵੀ ਲਈਏ, ਤਾਂ ਵੀ ਮੇਰਾ ਖਿਆਲ ਹੈ ਕਿ ਰੂਸ ਦੇ ਨਿਰਮਾਣ ਦੌਰਾਨ ਰੂਸੀ ਔਰਤਾਂ ਦੀ ਇਤਿਹਾਸਕ ਸੇਵਾ ਬਾਰੇ, ਰੂਸੀ ਜੀਵਨ ਦੀ ਉਸਾਰੀ ਵਿੱਚ ਉਹਨਾਂ ਦੁਆਰਾ ਪਾਏ ਸ਼ਾਨਦਾਰ ਯੋਗਦਾਨ, ਅਤੇ ਉਹਨਾਂ ਦੇ ਦਲੇਰੀ ਭਰੇ ਕਾਰਨਾਮਿਆਂ ਬਾਰੇ ਕਿਸੇ ਨੂੰ ਯਾਦ ਦਿਲਾਉਣ ਦੀ ਲੋੜ ਨਹੀਂ ਹੈ। ਮਾਰਫਾ ਬੋਰੇਤਸਕਾਯਾ ਅਤੇ ਮੋਰੋਜ਼ੋਵਾ* ਤੋਂ ਲੈ ਕੇ 'ਰਸਕੋਲਨਿਕ' ਜੰਗਲ਼ ਰਿਟਰੀਟ ਅਤੇ ਇਨਕਲਾਬੀ ਪਾਰਟੀਆਂ ਦੀਆਂ ਔਰਤਾਂ ਤੱਕ, ਅਸੀਂ ਆਪਣੇ ਸਾਹਮਣੇ ਅਜਿਹੇ ਕਿਰਦਾਰ ਵੇਖਦੇ ਹਾਂ ਜਿਹਨਾਂ ਦਾ ਜਾਹੋ-ਜਲਾਲ ਮਹਾਂਕਾਵਿ ਦੇ ਨਾਇਕਾਂ ਜਿੰਨਾ ਮਹਾਨ ਹੈ।

ਸ਼ਾਹਨਾ ਸਾਦਗੀ, ਦਿਖਾਵੇ ਪ੍ਰਤੀ ਘ੍ਰਿਣਾ, ਗੰਭੀਰ ਸਵੈ-ਮਾਣ, ਅਦੁੱਤੀ ਹੌਸਲਾ, ਅਥਾਹ ਪਿਆਰ ਨਾਲ਼ ਭਰਿਆ ਵੱਡਾ ਦਿਲ, ਅਤੇ ਆਪਣੇ ਸੁਪਨੇ ਸੱਚ ਕਰਨ ਲਈ ਹਮੇਸ਼ਾ ਕੁਰਬਾਨੀ ਦੇਣ ਲਈ ਤਿਆਰ ਰਹਿਣਾ — ਅਜਿਹੇ ਗੁਣ ਸਨ ਵਾਸੀਲਿਸਾ ਸਿਆਣੀ ਦੇ, ਗੁਣ ਜਿਹੜੇ

---

* ਮਾਰਫ਼ਾ ਬੋਰੇਤਸਕਾਯਾ — 15ਵੀਂ ਸਦੀ ਦੇ ਨੋਵਗੋਰੋਦ ਦੇ ਸ਼ਾਸ਼ਕਾਂ ਵਿੱਚੋਂ ਇੱਕ।

ਫ਼. ਮੋਰੋਜ਼ੋਵਾ (ਦਿਹਾਂਤ 1672) 'ਰਸਕੋਲਨਿਕ' ਲਹਿਰ ਦੀ ਬੜੀ ਮਸ਼ਹੂਰ ਹਸਤੀ, ਇਹਨਾਂ ਦੀ ਮੌਤ ਇੱਕ ਕੱਟੜਪੰਥੀ ਮੱਠ ਵਿੱਚ ਕੈਦ ਦੌਰਾਨ ਹੋਈ।

ਸ਼ਬਦਾਂ ਅਤੇ ਚਿੱਤਰਾਂ ਦੇ ਪੁਰਾਣੇ ਉਸਤਾਦਾਂ ਨੇ ਬੜੇ ਸ਼ਾਨਦਾਰ ਢੰਗ ਨਾਲ਼ ਅਤੇ ਪਿਆਰ ਨਾਲ਼ ਚਿਤਰੇ ਹਨ, ਹੋਰ ਸੰਖੇਪ ਵਿੱਚ ਕਹਿਣਾ ਹੋਵੇ ਤਾਂ, ਹਾਲ ਹੀ ਦੇ ਰੂਸੀ ਇਤਿਹਾਸ ਦੀ ਮਿਯੂਜ਼ ਨੇ ਚਿਤਰੇ ਹਨ।

ਕਦੇ ਕਦਾਈਂ, ਆਪਣੇ ਬਿਖੜੇ ਪੈਂਡੇ 'ਤੇ ਪੈਰ ਘਸੀਟਦੀ ਹੋਈ ਉਹ ਸ਼ਿਕਾਇਤ ਕਰਦੀ ਹੋਈ ਕਹਿੰਦੀ:

"ਹੋਰ ਕਿੰਨੀ ਕੁ ਦੇਰ ਇਹ ਤਸੀਹੇ ਸਹਾਂਗੇ, ਲਾਟ ਪਾਦਰੀ ਜੀ ?"

"ਜਦੋਂ ਤੱਕ ਤੁਹਾਡੀ ਮੌਤ ਨਹੀਂ ਆ ਜਾਂਦੀ,"

ਇਹ ਜਵਾਬ ਸੁਣ ਕੇ ਉਹ ਹਾਉਕਾ ਭਰਦੀ ਤੇ ਬੋਲਦੀ, "ਚਲੋ ਠੀਕ ਹੈ ਫਿਰ, ਅਸੀਂ ਜ਼ਰਾ ਹੋਰ ਔਖੇ ਹੋ ਲਵਾਂਗੇ।"*

ਅਤੇ ਅੱਜ ਇਸ ਕਿਸਮ ਦੀ ਔਰਤ, ਸਾਡੇ ਦੇਸ਼ ਦੀ ਸਚਮੁੱਚ ਹੀ ਚੰਗੀ ਪ੍ਰਤਿਭਾਸ਼ਾਲੀ ਔਰਤ, ਕਿਸੇ ਪਰਛਾਵੇਂ ਵਾਂਗ ਜੀਵਨ ਵਿੱਚੋਂ ਅਚਾਨਕ ਹੀ ਗਾਇਬ ਹੋ ਗਈ ਹੈ। ਉਸਦੀ ਜਗ੍ਹਾ "ਪਟੋਲਿਆਂ (fillies)"** ਨੇ ਮੱਲ ਲਈ ਹੈ, ਜਿਹਨਾਂ ਦੇ ਨਾਂ ਨਾਲ਼ ਖਾਸ ਕਾਮੁਕ ਜੀਵਨ ਦੀ ਜਬਰਦਸਤ ਤਾਂਘ ਅਤੇ ਤਰ੍ਹਾਂ–ਤਰ੍ਹਾਂ ਦੇ ਕਾਮ–ਅਵੈੜ ਜੋੜ ਦਿੱਤੇ ਜਾਂਦੇ ਹਨ। ਇਹਨਾਂ ਔਰਤਾਂ ਨੂੰ ਅੰਗ–ਪ੍ਰਦਰਸ਼ਨ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ ਅਤੇ ਥਾਂ–ਥਾਂ 'ਤੇ ਵਾਸਨਾ ਦਾ ਸ਼ਿਕਾਰ ਬਣਨ ਲਈ ਸਰਾਪੀਆਂ ਹੁੰਦੀਆਂ ਹਨ।

ਬਲਾਤਕਾਰ ਇੱਕ ਤਰ੍ਹਾਂ ਦਾ ਮਨਪ੍ਰਚਾਵਾ ਬਣ ਚੁੱਕਿਆ ਹੈ: ਅਸੀਂ ਪੜ੍ਹਦੇ ਹਾਂ ਕਿ ਜੇ 'ੳ' ਨੇ ਇੱਕ ਔਰਤ ਨਾਲ਼ ਜ਼ਬਰਦਸਤੀ ਕੀਤੀ ਹੈ ਤਾਂ 'ਅ' ਨੇ ਤਿੰਨ ਨਾਲ਼ ਕੀਤੀ ਹੈ; ਜੇਕਰ 'ੲ' ਨੇ ਆਪਣੀ ਵੱਡੀ ਉਮਰ ਦੀ ਚਾਚੀ ਜਾਂ ਮਾਸੀ ਦਾ ਸਤ ਭੰਗ ਕੀਤਾ ਹੈ ਤਾਂ 'ਸ' ਨੇ ਉਹੀ ਕੁਝ ਆਪਣੀ ਧੀ ਨਾਲ਼ ਕਰ ਲਿਆ ਹੈ। ਇਹ ਖੂਹ–ਦਾ–ਡੱਡੂਪੁਣਾ ਜਿਹੜਾ ਏਨੀ ਤੀਬਰਤਾ ਨਾਲ਼ ਸਾਡੇ ਲੇਖਕਾਂ 'ਤੇ ਹਾਵੀ ਹੋ ਗਿਆ ਹੈ ਉਹਨਾਂ ਨੂੰ ਹਰ ਉਮਰ ਦੀਆਂ ਅਤੇ ਹਰ ਰਿਸ਼ਤੇ ਦੀਆਂ ਔਰਤਾਂ ਦੇ ਸਤ ਭੰਗ ਕੀਤੇ ਜਾਣ ਦਾ ਵਰਣਨ ਕਰਨ ਲਈ ਪ੍ਰੇਰਦਾ ਹੈ। ਨਵੀਨਤਾ ਹਾਸਿਲ ਕਰਨ ਲਈ ਸਾਡੇ ਸਾਹਿਤਕਾਰਾਂ ਨੂੰ ਹੁਣ ਆਪਣਾ ਧਿਆਨ ਮੱਛੀਆਂ, ਕਾਵਾਂ ਅਤੇ ਡੱਡੂਆਂ 'ਤੇ ਕੇਂਦਰਿਤ ਕਰਨਾ ਪਵੇਗਾ, ਉਸ ਸਾਹਿਤਕ ਧੜੇ ਦੀਆਂ ਪੈੜਾਂ 'ਤੇ ਚੱਲਦੇ ਹੋਏ, ਜਿਸਨੇ ਜਨਤਾ ਦੇ ਸਵਾਦ ਅੱਗੇ ਝੁਕਦਿਆਂ ਬਿੱਲੀਆਂ ਦੇ ਜੀਵਨ ਦਾ ਗੰਭੀਰ ਅਧਿਐਨ

---

* ਰੂਸ ਦੇ ਪ੍ਰਸਿੱਧ 'ਰਸਕੋਲਨਿਕ' ਆਗੂ ਅਵਾਕੁਮ (ਲਗਭਗ 1621–1682) ਨੂੰ ਸੰਬੋਧਤ ਉਹਨਾਂ ਦੀ ਪਤਨੀ ਦੇ ਸ਼ਬਦ, ਜਿਹੜੀ ਹਰ ਤਰ੍ਹਾਂ ਦੀਆਂ ਹਾਲਤਾਂ ਵਿੱਚ ਉਹਨਾਂ ਦੀ ਸਾਥਣ ਬਣੀ ਰਹੀ। ਅਵਾਕੁਮ ਨੂੰ 1682 ਵਿੱਚ ਜ਼ਾਰ ਦੇ ਹੁਕਮਾਂ 'ਤੇ ਜਿੰਦਾ ਜਲ਼ਾ ਦਿੱਤਾ ਗਿਆ ਸੀ। ਉਹਨਾਂ ਨੇ ਆਪਣੀ 'ਸਵੈਜੀਵਨੀ' ਲਿਖੀ ਜਿਹੜੀ ਕਿ 17ਵੀਂ ਸਦੀ ਦੇ ਰੂਸੀ ਜੀਵਨ ਦੀ ਬਹੁਮੁੱਲੀ ਦਸਤਾਵੇਜ਼ ਮੰਨੀ ਜਾਂਦੀ ਹੈ।

** ਇੱਥੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਮੈਂ ਇਸ ਲੇਖ ਵਿੱਚ ਕੁਝ ਖਰਵ੍ਹੇ ਸ਼ਬਦ ਵਰਤੇ ਹਨ ਤਾਂ ਇਹ ਉਹ ਹਨ ਜਿਹੜੇ ਕਿ ਪਿਛਲੇ ਕੁਝ ਸਮੇਂ ਤੋਂ ਮੈਗਜ਼ੀਨਾਂ ਤੇ ਅਖ਼ਬਾਰਾਂ ਵਿੱਚ ਆਮ ਵਰਤੇ ਜਾ ਰਹੇ ਹਨ। — ਲੇਖਕ ਵੱਲੋਂ ਨੋਟ।

ਕਰਨਾ ਸ਼ੁਰੂ ਕਰ ਦਿੱਤਾ ਹੈ।

ਅਸ਼ਲੀਲਤਾ ਦਾ ਇਹ ਹੜ੍ਹ, ਜਿਸਨੇ ਸਾਡੇ ਸਾਹਿਤਕਾਰ 'ਤੇ ਬਹੁਤ ਬੁਰਾ ਅਸਰ ਪਾਇਆ ਹੈ, ਐਨਾ ਵਧ ਗਿਆ ਹੈ ਅਤੇ ਅਜਿਹਾ ਦੈਂਤ ਆਕਾਰ ਧਾਰ ਗਿਆ ਹੈ ਕਿ ਇਸਨੇ ਸਾਰੇ ਇਮਾਨਦਾਰ ਅਤੇ ਨੇਕਨੀਅਤ ਲੋਕਾਂ ਨੂੰ ਅਚੰਭੇ ਵਿੱਚ ਪਾ ਦਿੱਤਾ ਹੈ — ਭਾਵੇਂ ਕਿ ਇਹ ਸਾਰੇ ਹੀ ਹਾਰੇ ਨਹੀਂ ਹਨ! — ਅਤੇ ਅੱਜ ਤੱਕ ਇਹ ਆਪਣੀਆਂ ਸਾਰੀਆਂ ਤਾਕਤਾਂ ਇਕੱਠੀਆਂ ਕਰਕੇ ਇਸ ਚਿੱਕੜ ਦਾ ਵਿਰੋਧ ਕਰਨ ਵਿੱਚ ਅਸਮਰਥ ਜਾਪਦੇ ਹਨ, ਜਿਹੜਾ ਕਿ ਰੂਸੀ ਔਰਤਾਂ — ਕੁਆਰੀਆਂ, ਪਤਨੀਆਂ ਅਤੇ ਮਾਵਾਂ — 'ਤੇ ਉਛਾਲ਼ਿਆ ਜਾ ਰਿਹਾ ਹੈ।

ਜੇ ਇਮਾਨਦਾਰ ਲੋਕ ਇਸ ਘ੍ਰਿਣਤ ਵਰਤਾਰੇ ਦੇ ਸੋਮੇ ਨੂੰ ਸਾਫ ਤੌਰ 'ਤੇ ਨਹੀਂ ਪਛਾਣ ਸਕਦੇ ਤਾਂ ਇਸ ਮਾਮਲੇ ਵਿੱਚ ਉਹ ਸ਼੍ਰੀ ਬੇਰਦੇਯੇਵ ਤੋਂ ਕੁਝ ਗਿਆਨ ਲੈ ਸਕਦੇ ਹਨ, ਜਿਸਨੇ ਵੀਨਿੰਗਰ ਦੀ ਕਿਤਾਬ ਰੂਸੀ ਵਿੱਚ ਅਨੁਵਾਦ ਹੋਣ ਤੋਂ ਪਹਿਲਾਂ ਹੀ ਪੜ੍ਹ ਲਈ ਸੀ। ਰੂਸ ਦੇ ਕੁਢੱਬੇ ਵਸਨੀਕ ਦੀ ਖਾਸੀਅਤ ਵਾਲੇ ਸਰੀਰ 'ਤੇ ਜਦੋਂ ਉਹ ਪੱਛਮ ਵਿੱਚ ਬਣਿਆ ਅਤੇ ਯੂਰਪੀ ਖੂਹ-ਦੇ-ਡੱਡੂ ਦੁਆਰਾ ਲਬੇੜਿਆ ਯੈਂਕੀ ਜਿਹਾ ਚੋਲ਼ਾ ਪਹਿਨਦਾ ਹੈ, ਅਤੇ — ਉਧਾਰੇ ਲਏ ਸ਼ਬਦਾਂ ਤੇ ਵਿਚਾਰਾਂ ਨੂੰ ਮੈਲ਼ਾ ਕਰਨ ਤੇ ਖਰਾਬ ਕਰਨ ਦੀ ਖਾਸੀਅਤ ਤਾਂ ਉਸ ਵਿੱਚ ਪਹਿਲਾਂ ਹੀ ਹੈ — "ਤਾਂ ਸੱਭਿਆਚਾਰਕ ਕਦਰਾਂ-ਕੀਮਤਾਂ" ਦਾ ਇਹ ਕੱਟੜ ਰਖਵਾਲਾ, ਸ਼੍ਰੀਮਾਨ ਬੇਰਦੇਯੇਵ ਸਮੁੱਚੀ ਔਰਤ ਜਾਤੀ ਬਾਰੇ ਕੁਝ ਉੱਦਾਰ ਕਰਨ ਵਾਲ਼ੇ ਵਿਚਾਰ ਪੇਸ਼ ਕਰਨ ਵਿੱਚ ਸਭ ਤੋਂ ਮੋਹਰੀ ਸੀ। ਆਪਣੇ ਇੱਕ ਲੇਖ ਵਿੱਚ ਉਸਨੇ ਉਹਨਾਂ ਸਮਿਆਂ ਦੀ ਯਾਦ ਦਿਲਾਉਂਦੀ ਇੱਕ ਖਾਸ ਤਰਜ਼ ਅਪਣਾਈ ਹੈ ਜਦੋਂ ਸਾਡੀ ਪਿਛਾਂਹਖਿੱਚੂ ਪ੍ਰੈੱਸ "ਪਟਿਆਂ ਵਾਲ਼ੀਆਂ" ਅਤੇ "ਸਰਵਖੰਡਨਵਾਦੀ" ਔਰਤਾਂ ਖਿਲਾਫ਼ ਸੰਘਰਸ਼ ਵਿੱਚ ਰੁੱਝੀ ਹੋਈ ਸੀ; ਇਹ ਦਿਖਾਉਣ ਲਈ ਕਿ "ਔਰਤਾਂ ਦੀ ਰੂਹਾਨੀ ਵਿਵਸਥਾ ਮਰਦਾਂ ਨਾਲ਼ੋਂ ਹੇਠਲੇ ਪੱਧਰ ਦੀ ਹੁੰਦੀ ਹੈ" ਲਿਖਿਆ ਇਹ ਲੇਖ ਲੇਖਕ ਦੀ ਇਸ ਗੱਲ ਨੂੰ ਇਸ ਢੰਗ ਨਾਲ਼ ਸਾਬਿਤ ਕਰਨ ਦੀ ਕੋਸ਼ਿਸ਼ ਕਰਦਾ ਹੈ ਜਿਹੜਾ ਕਿ ਆਸਟ੍ਰੇਲੀਆਈ ਆਦਿ-ਵਾਸੀਆਂ ਨੂੰ ਹੀ ਸੂਤ ਬੈਠ ਸਕਦਾ ਹੈ ਅਤੇ ਇਹ ਲੇਖਕ ਆਪਣੀਆਂ ਦਲੀਲਾਂ ਵੀ ਇਹਨਾਂ ਆਦਿ-ਵਾਸੀਆਂ ਦੀ ਨਿਯਮਾਵਲੀ ਤੋਂ, ਦੋਮੋਸਤਰੋਏ ਤੋਂ (ਸੋਲ਼ਵੀਂ ਸਦੀ ਦੇ ਰੂਸੀ ਪਰਿਵਾਰ ਦੇ ਅਧਿਨਿਯਮ — ਅਨੁ.) ਅਤੇ ਅਜਿਹੇ ਹੀ ਹੋਰ ਸਰੋਤਾਂ ਤੋਂ ਲੈਂਦਾ ਹੈ।

ਬੇਰਦੇਯੇਵ ਦਾ ਇਹ ਲੇਖ ਨਹੀਂ ਬਲਕਿ ਉਹ ਮਕਸਦ ਅਤੇ ਮੰਤਵ ਮਹੱਤਵਪੂਰਨ ਹਨ ਜਿਹੜੇ ਉਸਨੂੰ ਅਤੇ ਉਸ ਵਰਗੇ ਹੀ ਹੋਰਨਾਂ ਨੂੰ ਔਰਤਾਂ ਪ੍ਰਤੀ ਇਸ ਸਥਾਪਤ ਰਵੱਈਏ ਨੂੰ ਜੜੋਂ ਪੁੱਟ ਸੁੱਟਣ ਲਈ ਉਕਸਾਉਂਦੇ ਹਨ ਕਿ ਔਰਤਾਂ ਵੀ ਮਰਦਾਂ ਜਿੰਨੀਆਂ ਹੀ ਰੂਹਾਨੀ ਕਦਰ ਦੀਆਂ ਮਾਲਕਣ ਹੁੰਦੀਆਂ ਹਨ ਅਤੇ ਸਮਾਜਿਕ ਤੌਰ 'ਤੇ ਉਸਦੇ ਬਰਾਬਰ ਹਨ।

ਫਰਾਂਸੀਸੀ ਅੱਜ ਤੱਕ ਇਸ ਸਮੱਸਿਆ ਵਿੱਚ ਉਲਝੇ ਹੋਏ ਹਨ; ਜਰਮਨ ਇਸਨੂੰ ਨੱਥ ਪਾਉਣ ਦਾ ਇਰਾਦਾ ਹੀ ਨਹੀਂ ਬਣਾ ਸਕਦੇ, ਜਦਕਿ ਅੰਗਰੇਜ਼ਾਂ ਨੇ ਔਰਤਾਂ ਨੂੰ ਆਪਣੇ ਬਰਾਬਰ ਦਾ ਦਰਜਾ ਦੇਣਾ ਪ੍ਰਵਾਨ ਕਰ ਲਿਆ ਹੈ, ਪਰ ਕੀਤਾ ਚੁੱਪਚਾਪ ਹੀ ਹੈ ਅਤੇ ਉਹ ਵੀ ਨਾ ਚਾਹੁੰਦੇ ਹੋਏ ਲੋੜਾਂ ਦੇ ਦਬਾਅ ਅੱਗੇ ਝੁਕਦਿਆਂ। ਇਹ ਕਿਹਾ ਜਾ ਸਕਦਾ ਹੈ ਕਿ ਉਹ

ਆਉਣ ਵਾਲ਼ੇ ਸਮੇਂ ਵਿੱਚ ਔਰਤਾਂ ਦੀਆਂ ਪ੍ਰਾਪਤੀਆਂ ਬਾਰੇ ਵਿਵਾਦ ਖੜ੍ਹੇ ਕਰਨਗੇ। ਸਾਡੇ ਸਾਹਿਤ ਨੇ ਇਹ ਸਮੱਸਿਆ ਪਹਿਲਾਂ ਹੀ, 19ਵੀਂ ਸਦੀ ਦੇ ਅੱਧ ਤੱਕ ਹੀ ਦੇਖ ਲਈ ਸੀ ਅਤੇ ਹੱਲ ਕਰ ਲਈ ਸੀ—ਅਤੇ ਇਹ ਸਾਡੇ ਸਾਹਿਤ ਦੁਆਰਾ ਸਾਡੇ ਦੇਸ਼ ਦੀਆਂ ਕੀਤੀਆਂ ਸਭ ਤੋਂ ਵੱਡੀਆਂ ਸੇਵਾਵਾਂ ’ਚੋਂ ਇੱਕ ਹੈ। ਇਹ ਸਮੱਸਿਆ ਕਿਸੇ ਹੋਰ ਢੰਗ ਨਾਲ਼ ਹੱਲ ਹੋ ਹੀ ਨਹੀਂ ਸਕਦੀ ਸੀ: ਸੱਭਿਆਚਾਰਕ ਤਾਕਤਾਂ ਦੀ ਘਾਟ, ਸਮਾਜਿਕ ਧੜਿਆਂ ਵਿੱਚ ਹੋਈ ਘ੍ਰਿਣਾ ਭਰੀ ਨਜ਼ਰਅੰਦਾਜ਼ੀ ਕਾਰਨ ‘ਰਾਜ਼ਨੋਚੀਨੇਤ’ ਬੁੱਧੀਜੀਵੀਆਂ ਵਿੱਚ ਪੈਦਾ ਹੋਇਆ ਇਕੱਲੇਪਣ ਦਾ ਅਹਿਸਾਸ, ਅਤੇ ਜੀਵਨ ਵਿੱਚ ਆਪਣੀ ਜਗ੍ਹਾ ਹਾਸਿਲ ਕਰਨ ਲਈ ਬੁੱਧੀਜੀਵੀ ਦੁਆਰਾ ਲੜੇ ਸੰਘਰਸ਼ ਦੇ ਮੁੱਢਲੇ ਦਿਨਾਂ ਵਿੱਚ ਉਸਦੇ ਆਲ਼ੇ-ਦੁਆਲ਼ੇ ਦੀਆਂ ਸਾਰੀਆਂ ਹਾਲਤਾਂ ਦਾ ਕੁੱਲ ਜੋੜ—ਇਸ ਸਭ ਕਾਸੇ ਨੇ ਔਰਤਾਂ ਨੂੰ ਸਮਾਜਕ ਢਾਂਚੇ ਵਿੱਚ ਯੋਗ ਸਥਾਨ ਦੇਣ ਦੀ ਸਮੱਸਿਆ ਪ੍ਰਤੀ ਸਹੀ ਪਹੁੰਚ ਅਖਤਿਆਰ ਕਰਨਾ ਯਕੀਨੀ ਬਣਾਇਆ ਅਤੇ ਔਰਤ ਦੀ ਉਸ ਤਾਕਤ ਨੂੰ, ਜੋ ਉਸਦੇ ਬਰਾਬਰ ਦੇ ਰੁਤਬੇ ਦੀ ਸੀ, ਪਹਿਚਾਨਣ ਲਈ ਮਜ਼ਬੂਰ ਕੀਤਾ। ਅੱਜ ਉਹ ਇਸ ਸਿੱਟੇ ’ਤੇ ਪੁੱਜ ਗਿਆ ਜਾਪਦਾ ਹੈ ਕਿ ਉਸਨੇ ਆਪਣੇ ਦੁਸ਼ਮਣ ’ਤੇ ਜਿੱਤ ਹਾਸਿਲ ਕਰ ਲਈ ਹੈ, ਅਤੇ ਹੁਣ ਉਹ ਆਪਣੇ ਸਾਬਕਾ ਸਾਥੀਆਂ ਨੂੰ—ਔਰਤਾਂ ਅਤੇ ਮਰਦਾਂ ਨੂੰ—ਆਪਣੇ ਅਧੀਨ ਰੱਖਣ ਦੇ ਯੋਗ ਹੋ ਗਿਆ ਹੈ ਅਤੇ ਉਹਨਾਂ ਨੂੰ ਆਪਣੇ ਗੁਲਾਮ ਬਣਾ ਕੇ ਰੱਖ ਸਕਦਾ ਹੈ। ਅਜਿਹੀਆਂ ਗੱਲਾਂ ਹਮੇਸ਼ਾਂ ਹੁੰਦੀਆਂ ਰਹੀਆਂ ਹਨ, ਪਰ ਕਦੇ ਵੀ ਐਨੇ ਉਜੱਡਪੁਣੇ ਅਤੇ ਸਨਕੀ ਢੰਗ ਨਾਲ਼ ਨਹੀਂ ਹੋਈਆਂ।

ਇਸਤਰੀ-ਦਵੈਖ ਅਤੇ ਖੂਹ-ਦੇ-ਡੱਡੂਪੁਣੇ ਦਾ ਆਪਸ ਵਿੱਚ ਨਹੁੰ ਮਾਸ ਦਾ ਰਿਸ਼ਤਾ ਹੈ; ਔਰਤ ਜਿਹੜੀ ਕਿਸੇ ਸਮੇਂ ਸੰਘਰਸ਼ ਵਿੱਚ ਉਸਦੀ ਸਾਥੀ ਸੀ, ਹੁਣ ਖੂਹ-ਦੇ-ਡੱਡੂ ਜੇਤੂ ਨੂੰ ਉਸਦੀ ਕਾਲਪਨਿਕ ਜਿੱਤ ਦੇ ਫਲ਼ ਹਾਸਿਲ ਕਰਨ ਵਿੱਚ ਰੁਕਾਵਟ ਬਣਦੀ ਹੈ, ਕਿਉਂਕਿ ਸੰਘਰਸ਼ ਦੌਰਾਨ ਉਸਨੇ ਮਰਦ ਤੋਂ—ਆਪਣੇ ਸਾਥੀ ਅਤੇ ਮਿੱਤਰ ਤੋਂ— ਕੁਝ ਮੰਗਾਂ ਦੀ ਆਸ ਰੱਖੀ ਸੀ, ਜਿਹੜੀਆਂ ਕਿ ਹੁਣ ਮਰਦਾਂ ਨੂੰ ਕੁਝ ਜ਼ਿਆਦਾ ਹੀ ਜਾਪਦੀਆਂ ਹਨ।

ਖੂਹ-ਦੇ-ਡੱਡੂ ਔਰਤਾਂ ਪ੍ਰਤੀ ਇਸ ਨਵੇਂ ਵਤੀਰੇ ਤੋਂ ਬੜੇ ਖੁਸ਼ ਹਨ ਅਤੇ ਇਸਦੀ ਹੌਸਲਾਅਫਜ਼ਾਈ ਕਰਦੇ ਹਨ, ਕਿਉਂਕਿ ਇਹ ਖੂਹ-ਦੇ-ਡੱਡੂ ਦੇ ਸਿੱਥਲ ਸਰੀਰ ਵਿੱਚ ਮੱਠੀ ਪੈ ਚੁੱਕੀ ਕਾਮ ਭਾਵਨਾ ਨੂੰ ਭੜਕਾਉਂਦਾ ਹੈ: ਆਪਣੀ ਸਾਬਕਾ ਦੁਸ਼ਮਣ ਨੂੰ ਰਖੇਲ ਬਣਾ ਲੈਣਾ ਸਚਮੁੱਚ ਇੱਕ ਦਿਲ-ਪ੍ਰਚਾਵਾ ਹੈ।

ਭੁੱਸ ਰੋਗੀਆਂ ਦੇ ਇਹਨਾਂ ਨਸ਼ੇੜੀ ਮਨਾਂ ਵਿੱਚ ਵਿਭਚਾਰੀ ਇੱਛਾਵਾਂ ਜਨਮ ਲੈਂਦੀਆਂ ਹਨ, ਜਿਹੜੀਆਂ ਕਲਪਨਾ ਨੂੰ ਕਾਮੁਕ ਅਸੰਜਮ ਦੇ ਦ੍ਰਿਸ਼ਾਂ ਨਾਲ਼ ਜ਼ਹਿਰੀਲਾ ਬਣਾਉਂਦੀਆਂ ਹਨ। ਖੂਹ-ਦੇ-ਡੱਡੂ ਦੀ ਭ੍ਰਿਸ਼ਟ ਆਤਮਾ ਦੇ ਮਲ-ਮੂਤਰ ਨਾਲ਼ ਭਿੱਟੇ ਇਹ ਲੇਖਕ ਮੰਨੇ ਜਾਂ ਅਣਮੰਨੇ ਮਨ ਨਾਲ਼ ਇਹ ਸਭ ਕੁਝ ਕਾਗਜ਼ ’ਤੇ ਉਤਾਰ ਦਿੰਦੇ ਹਨ, ਅਤੇ ਇਸ ਤਰ੍ਹਾਂ ਆਪਣੇ ਆਪ ਅਤੇ ਆਲ਼ੇ ਦੁਆਲ਼ੇ ਦੇ ਲੋਕਾਂ ਵਿੱਚ ਜ਼ਹਿਰ ਫੈਲਾਉਂਦੇ ਹਨ।

ਅ. ਵੈਸੇਲੋਵਸਕੀ* ਅਨੁਸਾਰ, ਕਾਕੇਸ਼ੀਆ ਦੇ ਕਬਾਰਦਾ ਖੇਤਰ ਵਿੱਚ ਪਿਛਲੇ ਦਿਨਾਂ

* ਵੈਸੇਲੋਵਸਕੀ, ਅਲੈਕਸਾਂਦਰ (1838-1906) — ਸਾਹਿਤ ਦਾ ਰੂਸੀ ਬੁਰਜੂਆ ਇਤਿਹਾਸਕਾਰ, ਸਾਹਿਤ ਦੇ ਅਧਿਐਨ ਵਿੱਚ ਇਤਿਹਾਸਕ-ਤੁਲਨਾਤਮਕ ਵਿਧੀ ਦਾ ਹਾਮੀ।

ਤੱਕ ਅਖੌਤੀ 'ਗੇਗੂਆਂਕੋ', ਫਿਰਤੂ ਕਵੀ ਜਾਂ ਭੱਟ, ਰਹਿੰਦੇ ਹੁੰਦੇ ਸਨ, ਉਹਨਾਂ ਵਿੱਚੋਂ ਇੱਕ ਨੇ ਆਪਣੀ ਤਾਕਤ ਅਤੇ ਮਕਸਦ ਦਾ ਹੇਠ ਲਿਖੇ ਸ਼ਬਦਾਂ ਵਿੱਚ ਵਰਣਨ ਕੀਤਾ:

"ਸਿਰਫ ਇੱਕ ਸ਼ਬਦ ਨਾਲ਼ ਹੀ ਮੈਂ ਕਿਸੇ ਡਰਪੋਕ ਆਦਮੀ ਨੂੰ ਸੂਰਮਾ ਅਤੇ ਉਸਦੇ ਲੋਕਾਂ ਦਾ ਰੱਖਿਅਕ ਬਣਾ ਸਕਦਾ ਹਾਂ; ਮੈਂ ਇੱਕ ਚੋਰ ਨੂੰ ਇੱਕ ਇਮਾਨਦਾਰ ਆਦਮੀ ਵਿੱਚ ਬਦਲ ਸਕਦਾ ਹਾਂ; ਕੋਈ ਠੱਗ ਮੇਰੇ ਸਾਹਮਣੇ ਆਉਣ ਦੀ ਜ਼ੁਅਰਤ ਨਹੀਂ ਕਰਦਾ। ਮੈਂ ਹਰ ਉਸ ਚੀਜ਼ ਦਾ ਦੁਸ਼ਮਣ ਹਾਂ ਜਿਹੜੀ ਬੇਈਮਾਨ ਅਤੇ ਬੁਰੀ ਹੈ।"

ਨਿਰਸੰਦੇਹ ਸਾਡੇ ਲੇਖਕ ਆਪਣੇ ਆਪ ਨੂੰ ਕਬਾਰਦਾ ਦੇ ਇਸ 'ਅਣਜਾਣ' ਕਵੀ ਤੋਂ ਕਾਫੀ ਉੱਚਾ ਸਮਝਦੇ ਹਨ।

ਕਾਸ਼ ਕਿ ਉਹ ਸਵੈ-ਆਂਕਲਣ ਦੀ ਸ੍ਰੇਸ਼ਟਤਾ ਤੱਕ ਉੱਚੇ ਉੱਠ ਸਕਦੇ; ਕਾਸ਼ ਕਿ ਉਹ ਕਵਿਤਾ ਦੀ ਪਵਿੱਤਰ ਦਾਤ ਦੀ ਤਾਕਤ ਵਿੱਚ ਉਸਦੇ ਸਾਦਾ ਪਰ ਉੱਚੇ-ਸੁੱਚੇ ਵਿਸ਼ਵਾਸ ਨੂੰ ਸਮਝ ਸਕਦੇ!

ਆਓ ਹੁਣ ਵੇਖਦੇ ਹਾਂ ਕਿ ਸਾਡਾ ਬੁੱਧੀਜੀਵੀ ਵਰਗ ਸਾਡੇ ਇੱਕ ਹੋਰ ਪੁਰਾਣੇ ਮਿੱਤਰ — ਕਿਸਾਨ — ਨੂੰ ਕਿਵੇਂ ਦੇਖਦਾ ਹੈ, ਅਤੇ ਸਾਡਾ ਅਜੋਕਾ ਸਾਹਿਤ ਇਸਨੂੰ ਕਿਵੇਂ ਸਮਝਦਾ ਹੈ।

ਕਿਸਾਨਾਂ (ਮੁਜ਼ੀਕ) ਨੂੰ ਜਗਾਉਣ ਲਈ ਪੂਰੇ ਪੰਜਾਹ ਵਰ੍ਹੇ ਯਤਨ ਹੁੰਦੇ ਰਹੇ। ਹੁਣ ਜਦੋਂ ਕਿ ਉਹ ਜਾਗ ਪਿਆ ਹੈ ਤਾਂ ਉਸਦਾ ਰੂਹਾਨੀ ਚਿਹਰਾ-ਮੁਹਰਾ ਕਿਹੋ ਜਿਹਾ ਹੈ?

ਇਹ ਕਿਹਾ ਜਾਵੇਗਾ: ਹਾਲੇ ਤਾਂ ਬਹੁਤ ਥੋੜਾ ਸਮਾਂ ਹੋਇਆ ਹੈ; ਅਜੇ ਤੱਕ ਕੋਈ ਅਜਿਹਾ ਮੌਕਾ ਹੀ ਨਹੀਂ ਆਇਆ ਜਿਸ ਦੁਆਰਾ ਅਸੀਂ ਆਪਣੇ ਇਸ ਪੁਰਾਣੇ ਜਾਣੂ ਨਾਇਕ ਵਿੱਚ ਆਈਆਂ ਤਬਦੀਲੀਆਂ ਨੂੰ ਦੇਖ ਸਕੀਏ। ਪਰ ਇਸ ਦਲੀਲ ਨਾਲ਼ ਗੱਲ ਨਹੀਂ ਬਣਨੀ। ਪੁਰਾਣਾ ਸਾਹਿਤ ਹਰ ਪੱਖੋਂ ਸਮੇਂ ਦੇ ਨਾਲ਼ ਚੱਲਣ ਦੇ ਯੋਗ ਸੀ; ਇਸ ਵਿੱਚ ਕੋਈ ਸ਼ੱਕ ਨਹੀਂ ਕਿ ਨਵੇਂ ਸਾਹਿਤ ਕੋਲ਼ ਵੀ ਕਿਸਾਨ ਨੂੰ ਦੇਖਣ ਪਰਖਣ ਲਈ ਕਾਫ਼ੀ ਸਮਾਂ ਸੀ, ਅਤੇ ਅਸਲ ਵਿੱਚ ਇਸ ਵਿਸ਼ੇ 'ਤੇ ਕਹਿਣ ਲਈ ਇਸ ਕੋਲ਼ ਪਹਿਲਾਂ ਹੀ ਕੁਝ ਨਾ ਕੁਝ ਤਾਂ ਸੀ।

ਇਸ ਸਵਾਲ ਦਾ ਕੋਈ ਠੋਸ ਜਵਾਬ ਨਹੀਂ ਮਿਲ਼ ਰਿਹਾ, ਭਾਵੇਂ ਕੁਝ ਨੌਜਵਾਨ ਲੇਖਕਾਂ ਦੇ ਇਸ਼ਾਰੇ ਇਹ ਦੱਸਦੇ ਹਨ ਕਿ ਉਹਨਾਂ ਨੇ ਦੇਸ਼ ਪ੍ਰਤੀ ਕਿਸੇ ਤਰ੍ਹਾਂ ਦਾ ਕੋਈ ਸੁੱਖ ਆਰਾਮ ਅਤੇ ਕਿਸਾਨ ਪ੍ਰਤੀ ਕਿਸੇ ਕਿਸਮ ਦਾ ਕੋਈ ਪ੍ਰਸੰਸਾ ਭਾਵ ਦੇਖਿਆ ਤੇ ਮਹਿਸੂਸ ਨਹੀਂ ਕੀਤਾ।

ਅਜੋਕੇ ਮੈਗਜ਼ੀਨਾਂ ਅਤੇ ਸਾਹਿਤਕ ਮੈਗਜ਼ੀਨਾਂ ਵਿੱਚ ਕਿਸਾਨ ਨੂੰ ਭਾਵੇਂ ਕਿਸੇ ਵੀ ਰੂਪ ਵਿੱਚ ਚਿੱਤਰਿਆ ਗਿਆ ਹੋਵੇ, ਉਹ ਉਹੀ ਪੁਰਾਣਾ ਕਿਸਾਨ ਹੈ ਜਿਹਾ ਕਿ ਰੇਸ਼ੇਤਨਿਕੋਵ* ਨੇ ਚਿਤਰਿਆ ਸੀ, ਅਗਿਆਨੀ ਅਤੇ ਵਹਿਸ਼ੀ ਜੀਵ। ਜੇ ਉਸਦੀ ਆਤਮਾ ਵਿੱਚ ਨਵੇਂ ਲੱਛਣ ਦੇਖਣ ਵਿੱਚ ਆਏ ਵੀ ਹਨ ਤਾਂ ਇਸ ਤੋਂ ਉਸਦਾ ਕਤਲੋ-ਗਾਰਤ, ਸਾੜ-ਫੂਕ ਅਤੇ ਡਾਕੇ ਮਾਰਨ ਵੱਲ ਝੁਕਾਅ ਹੀ ਪ੍ਰਗਟ ਹੁੰਦਾ ਹੈ। ਉਹ ਪਹਿਲਾਂ ਨਾਲ਼ੋਂ ਜ਼ਿਆਦਾ ਪੀਂਦਾ ਹੈ, ਅਤੇ

* ਰੇਸ਼ੇਤਨਿਕੋਵ ਫ਼. ਮ. (1841-1871)—ਜਮਹੂਰੀ ਰੂਸੀ ਲੇਖਕ। ਜਿਹਨਾਂ ਨੇ ਆਪਣੀਆਂ ਰਚਨਾਵਾਂ ਵਿੱਚ ਉਰਾਲ ਦੇ ਕਿਸਾਨਾਂ, ਮਜ਼ਦੂਰਾਂ ਤੇ ਖੋਜੀਆਂ ਦੇ ਜੀਵਨ ਦਾ ਚਿਤਰਣ ਪੇਸ਼ ਕੀਤਾ।

"ਗੁਣਾਂ" ਵੱਲ ਉਸਦਾ ਵਤੀਰਾ ਚੈਖ਼ਵ ਦੀ ਕਹਾਣੀ 'ਗਰਮੀਆਂ ਵਾਲ਼ੇ ਘਰ ਵਿੱਚ' ਵਿਚਲੇ ਕਿਸਾਨਾਂ ਵਾਲ਼ਾ ਹੀ ਹੈ, ਅਤੇ ਜਿਸਦੀ ਸ਼੍ਰੀ ਮੂਜ਼ੇਲ ਨੇ ਆਪਣੀ ਇਸੇ ਨਾਮ ਦੀ ਕਹਾਣੀ ਵਿੱਚ ਪ੍ਰੋੜਤਾ ਕੀਤੀ ਹੈ, ਅਤੇ ਕਿਸਾਨਾਂ ਬਾਰੇ ਇਸ ਭੱਦਰਪੁਰਸ਼ ਦਾ ਹਲਫ਼ੀਆ ਬਿਆਨ ਸਭ ਤੋਂ ਜ਼ਿਆਦਾ ਵਿਸਥਾਰਮਈ ਹੈ।

ਰੂਸੀ ਸਾਹਿਤ ਦੇ ਇਸ ਪੁਰਾਣੇ ਨਾਇਕ ਪ੍ਰਤੀ ਪਹੁੰਚ ਦੀ ਆਮ ਤਰਜ਼ ਤੋਂ ਉਸ ਉਦਾਸੀ ਅਤੇ ਨਿਰਾਸ਼ਾ ਦਾ ਝਲਕਾਰਾ ਪੈਂਦਾ ਹੈ ਜਿਹੜਾ ਅਸੀਂ ਅੱਸੀਵਿਆਂ ਦੇ ਸਾਹਿਤ ਵਿੱਚ ਦੇਖਦੇ ਰਹੇ ਹਾਂ, ਉਦੋਂ ਵੀ ਇਸੇ ਤਰ੍ਹਾਂ ਦੇ ਹਾਉਕੇ ਲਏ ਜਾਂਦੇ ਸਨ: "ਅਸੀਂ ਆਪਣੇ ਦੇਸ਼ ਲਈ ਕੰਮ ਕਰਦੇ ਰਹੇ ਹਾਂ ਅਤੇ ਸਾਨੂੰ ਇਸਦਾ ਕੀ ਸਿਲਾ ਮਿਲ਼ਿਆ ? ਨਿਰੀ ਅਹਿਸਾਨ-ਫਰਾਮੋਸ਼ੀ !"

ਇਹਨਾਂ ਹਉਕਿਆਂ ਤੋਂ ਇਲਾਵਾ ਹੋਰ ਵੀ ਕਈ ਤਰ੍ਹਾਂ ਦੀ ਗੰਦੀ ਭਾਸ਼ਾ ਬੋਲੀ ਜਾਂਦੀ ਸੀ। ਮੈਨੂੰ ਯਾਦ ਹੈ ਕਿ ਸ਼ਾਇਦ 1892 ਵਿੱਚ ਇੱਕ ਗੱਲ ਕਹੀ ਗਈ ਸੀ ਜਿਹੜੀ ਮੈਨੂੰ ਬਹੁਤ ਚੁਭੀ ਸੀ, ਇਹ ਗੱਲ ਇੱਕ ਰਾਜਨੀਤਕ ਜਲਾਵਤਨਾਂ ਦੇ ਗਰੁੱਪ ਵਿੱਚ, ਵੋਲਗਾ ਖੇਤਰ 'ਚ ਫੈਲੇ ਅਖੌਤੀ ਹੈਜ਼ੇ ਦੇ ਸਬੰਧ ਵਿੱਚ ਹੋਈ ਸੀ।

"ਸਾਡੇ ਕਿਸਾਨਾਂ ਨੂੰ ਅਜੇ ਵੀ ਕੋਰੜੇ ਅਤੇ ਸੰਗੀਨਾਂ ਦੀ ਮਾਰ ਦੀ ਲੋੜ ਹੈ", ਇੱਕ ਸਾਬਕਾ ਰਾਜਨੀਤਕ ਜਲਾਵਤਨ ਨੇ ਬੜੇ ਦੁੱਖ ਨਾਲ਼ ਕਿਹਾ ਸੀ, ਇਹ ਆਦਮੀ ਹੋਰ ਸਾਰੇ ਪੱਖਾਂ ਤੋਂ ਬੜਾ ਹੀ ਚੰਗਾ ਬੰਦਾ ਸੀ।

ਉਸਦੇ ਕਿਸੇ ਵੀ ਸਾਥੀ ਨੇ ਇਸ ਗੱਲ ਦਾ ਕੋਈ ਵਿਰੋਧ ਨਾ ਜਤਾਇਆ।

ਅੱਜ, "ਸੱਭਿਅਕ" ਸਮਾਜ ਨੇ ਵੀ ਇਸੇ ਤਰ੍ਹਾਂ ਦੀ ਚੁੱਪ ਧਾਰੀ ਹੋਈ ਹੈ, ਲੋਕਾਂ ਨੂੰ "ਊਤ", "ਜਾਗਿਆ ਹੋਇਆ ਪਸ਼ੂ" ਅਤੇ ਅਜਿਹਾ ਹੀ ਹੋਰ ਬਹੁਤ ਕੁਝ ਕਿਹਾ ਜਾ ਰਿਹਾ ਹੈ*। ਪ੍ਰੋਫੈਸਰ ਮਿਲੀਊਕੋਵ ਨੇ ਸੰਸਾਰ ਦੇ ਸਭ ਤੋਂ ਮਹਾਨ ਵਿਚਾਰ ਦੇ ਝੰਡੇ ਨੂੰ, ਉਸਨੂੰ ਜਿਹੜਾ ਲੋਕਾਂ ਨੂੰ ਇੱਕਮੁੱਠ ਕਰਦਾ ਹੈ ਅਤੇ ਕਰ ਸਕਦਾ ਹੈ, "ਲਾਲ ਚੀਥੜਾ" ਦੱਸਿਆ ਹੈ, ਅਤੇ ਆਪਣੇ ਵਿਚਾਰਧਾਰਕ ਵਿਰੋਧੀਆਂ ਨੂੰ "ਗਧੇ" ਕਿਹਾ ਹੈ।

"ਗਧੇ, ਪਟੋਲੇ, ਪਸ਼ੂ, ਊਤ..." — ਸ਼ਾਬਾਸ਼ੇ, ਸੱਭਿਆਚਾਰ ਦੇ; ਵਾਹ ਬਈ "ਰੂਸੀ ਸਮਾਜ ਦੇ ਸੱਭਿਆਚਾਰਕ ਆਗੂਓ"!

"ਸੱਭਿਆਚਾਰਕ ਕਦਰਾਂ-ਕੀਮਤਾਂ" ਦੇ ਰਖਵਾਲਿਆਂ ਦੀਆਂ ਰੰਗ-ਬਰੰਗੀਆਂ ਕਤਾਰਾਂ ਵਿੱਚ ਹੁਣ ਕਵੀ ਯਾਕੋਵ ਪੋਲੋਂਸਕੀ ਜਿਹੇ ਸੂਰਮੇ ਨਹੀਂ ਰਹੇ, ਜਿਹੜੇ ਖੁਸ਼ੀ ਖੁਸ਼ੀ ਅਤੇ ਸੱਚੇ ਦਿਲੋਂ "ਦੁਸ਼ਮਣ ਦੀ ਕਲਮ ਦੀ ਆਜ਼ਾਦੀ ਦੇ ਨਾਮ" ਕਹਿ ਕੇ ਜਾਮ ਉਠਾਉਣ ਦੀ ਯੋਗਤਾ ਰੱਖਦੇ ਹੋਣ।

ਕੀ ਇਹ ਰੂਸੀ ਸੱਭਿਅਕ ਮਨੁੱਖ ਦਾ ਪਤਨ ਨਹੀਂ ਹੈ ?

ਸਾਡੇ ਨੌਜਵਾਨ ਲੇਖਕਾਂ ਦੁਆਰਾ ਧਿਆਨ ਨਾਲ਼ ਲਿਖੇ ਗਏ ਸ਼ਾਬਦਿਕ ਚਿੱਤਰਾਂ ਵਿੱਚ

---

* ਪਹਿਲਾਂ ਪਹਿਲ ਇਹ ਸ਼ਬਦ ਕੇਵਲ ਲੋਕਾਂ ਵਿੱਚ ਸੰਸਕਾਰਾਂ ਦੀ ਘਾਟ ਲਈ ਵਰਤਿਆ ਜਾਂਦਾ ਸੀ। ਪਰ ਉਸ ਤੋਂ ਪਿੱਛੋਂ ਕਈ ਈਰਖਾਲੂ ਲੋਕਾਂ ਨੇ ਇਸਦੇ ਅਰਥਾਂ ਦਾ ਵਿਸਤਾਰ ਕਰ ਦਿੱਤਾ ਤਾਂ ਕਿ ਆਪਣੇ ਗੁਣ ਵੀ ਇਸ ਵਿੱਚ ਸ਼ਾਮਿਲ ਕੀਤੇ ਜਾ ਸਕਣ ! — ਲੇਖਕ ਵੱਲੋਂ ਨੋਟ।

ਮਜ਼ਦੂਰ ਅਜੇ ਵੀ ਕਿਸਾਨਾਂ ਨਾਲ਼ੋਂ ਕਿਤੇ ਬੁਰਾ ਦਿਖਾਇਆ ਗਿਆ ਹੈ। ਉਹ ਜ਼ਿਆਦਾ ਬੇਵਕੂਫ ਅਤੇ ਢੀਠ ਹੈ, ਅਤੇ ਉਸੇ ਸਮੇਂ ਸਮਾਜਵਾਦ ਦੀ ਗੱਲ ਵੀ ਕਰਦਾ ਹੈ, ਅਤੇ ਇਸ ਨਾਲ਼ ਉਸਨੂੰ ਅਤੇ ਸੰਸਾਰ ਨੂੰ ਜੋ ਨੁਕਸਾਨ ਹੋ ਸਕਦਾ ਹੈ, ਇਸਨੂੰ ਵੀ ਉਹ ਯਕੀਨਨ ਨਹੀਂ ਸਮਝ ਸਕਦਾ।

ਇਹਨਾਂ ਲੇਖਕਾਂ ਨੇ ਉਹਨਾਂ ਲੇਖਕਾਂ ਦੁਆਰਾ ਦਿਖਾਈ ਵਿਚਾਰਧਾਰਕ ਉਦਾਸੀਨਤਾ ਤੋਂ, ਜਿਹਨਾਂ ਨੂੰ ਐਮਫਿਤਿਆਤਰੋਵ "ਰੂਸੀ ਸਾਹਿਤ ਦਾ ਵਿਏਨਾ ਕਾਲ"* ਦੱਸਦਾ ਹੈ, ਸਮਾਜਵਾਦ ਦਾ ਖ਼ੂਹ-ਦੇ-ਡੱਡੂਆਂ ਵਾਲ਼ਾ ਸੰਕਲਪ ਧਾਰਨ ਕਰ ਲਿਆ ਹੈ, ਕਿ ਇਹ ਇੱਕ ਘਾਤਕ ਸਿੱਖਿਆ ਹੈ ਜਿਹੜੀ ਕਿ ਖਾਸ ਤੌਰ 'ਤੇ ਹਰ ਉਸ ਚੀਜ਼ ਦੀ ਰੱਖਿਆ ਕਰਦੀ ਹੈ ਜਿਹੜੀ ਢਿੱਡ ਨਾਲ਼ ਸਬੰਧਤ ਹੈ, ਅਤੇ ਇਹ ਆਤਮਾ ਦੀਆਂ ਅਕਾਂਖਿਆਵਾਂ ਨੂੰ ਸਿਰੇ ਤੋਂ ਰੱਦ ਕਰਦੀ ਹੈ। ਇਹੀ ਕਾਰਨ ਹੈ ਕਿ ਅਜਿਹੇ ਲੇਖਕ ਸੋਚਦੇ ਹਨ ਕਿ ਸਮਾਜਵਾਦ ਪ੍ਰਤੀ ਝੁਕਾਅ ਇੱਕ ਅਗਾਂਹਵਧੂ ਮੰਦਬੁੱਧੀ ਹੈ।

ਕੋਈ ਵੀ ਇਸ ਗੱਲ ਨੂੰ ਆਸਾਨੀ ਨਾਲ਼ ਸਮਝ ਸਕਦਾ ਹੈ ਕਿ ਪ੍ਰੋਲੇਤਾਰੀਆਂ ਦੇ ਖ਼ੂਹ-ਦੇ-ਡੱਡੂਆਂ ਨਾਲ਼ ਹਮੇਸ਼ਾ ਅਤੇ ਹਰ ਥਾਂ ਮੱਤਭੇਦ ਰਹਿੰਦੇ ਹਨ, ਇਹ (ਪ੍ਰੋਲੇਤਾਰੀ) ਏਨਾ ਦੁਖਾਂਤਕ ਕਿਰਦਾਰ ਹੈ ਕਿ ਇਹ ਖ਼ੂਹ-ਦੇ-ਡੱਡੂ ਦੀ ਕਾਮੇਡੀ ਦੇ ਸੂਤ ਨਹੀਂ ਬੈਠਦਾ ਅਤੇ ਐਨਾ ਵੱਡਾ ਹੈ ਕਿ ਅੱਜ ਦਾ ਲੇਖਕ ਆਸਾਨੀ ਨਾਲ਼ ਇਸਨੂੰ ਆਪਣਾ ਨਾਇਕ ਵੀ ਨਹੀਂ ਬਣਾ ਸਕਦਾ।

ਕਿਸਾਨ ਨੇ ਸਾਹਿਤ ਵਿੱਚ ਆਪਣਾ ਸਥਾਨ ਗੁਆ ਲਿਆ ਹੈ ਅਤੇ ਇਸ ਤੋਂ ਵੀ ਵਧਕੇ, ਜਾਪਦਾ ਹੈ ਕਿ ਉਸਨੇ ਸਾਡੇ ਸਾਹਿਤਕਾਰਾਂ ਵਿੱਚ ਆਪਣਾ ਸਨਮਾਨ ਵੀ ਗੁਆ ਲਿਆ ਹੈ। ਜਿਸਦਾ ਕਾਰਨ ਇਹ ਦਿੱਤਾ ਜਾਂਦਾ ਹੈ: ਜਦੋਂ ਉਸਨੇ ਦੇਖਿਆ ਕਿ ਉਸਤੋਂ ਉੱਚੇ ਅਤੇ ਵੱਡੇ ਲੋਕ ਬੜੇ ਜੋਸ਼ ਨਾਲ਼ ਆਪਣੇ ਲਈ ਰਾਜਨੀਤਕ ਸੱਤਾ ਦੀ ਮੰਗ ਕਰ ਰਹੇ ਹਨ ਅਤੇ ਕਿ ਜੇਕਰ ਉਹ ਇਹਨਾਂ ਲੋਕਾਂ ਨੂੰ ਆਪਣਾ ਸਮਰਥਨ ਦੇ ਦੇਵੇ ਤਾਂ ਸਰਕਾਰੀ ਅਧਿਕਾਰੀਆਂ ਨੂੰ ਇਹਨਾਂ ਦੀਆਂ ਮੰਗਾਂ ਅੱਗੇ ਝੁਕਣਾ ਪਵੇਗਾ, ਅਤੇ ਆਪਣੀਆਂ ਸਾਰੀਆਂ ਸ਼ਕਤੀਆਂ ਜੁਝਾਰੂ ਖ਼ੂਹ-ਦੇ-ਡੱਡੂਆਂ ਨੂੰ ਸੌਂਪਣੀਆਂ ਪੈਣਗੀਆਂ, ਇਸ ਆਸ 'ਤੇ ਕਿ ਜਦੋਂ ਇਸਦੀ ਸਹਾਇਤਾ ਅਤੇ ਆਪਣੀ ਮੱਕਾਰੀ ਨਾਲ਼ ਖ਼ੂਹ-ਦੇ-ਡੱਡੂ ਆਪਣੀ ਖੁਸ਼ਹਾਲੀ ਸਥਾਪਤ ਕਰ ਲੈਣਗੇ ਤਾਂ ਇਸਦੇ (ਕਿਸਾਨ ਦੇ) ਧੰਨਵਾਦੀ ਹੋਣਗੇ; ਤਦ ਇਹਨਾਂ ਸਾਊ ਦਿਲ ਵਾਲ਼ੇ ਭੱਦਰ ਪੁਰਸ਼ਾਂ ਤੋਂ ਮਿਲਣ ਵਾਲ਼ੇ ਆਪਣੇ ਇਨਾਮ ਦੀ ਉਡੀਕ ਕਰਨ ਦੀ ਬਜਾਏ ਇਸ ਅਣਘੜ ਨਾਸ਼ੁਕਰੇ ਨੇ ਭੈਅ-ਭੀਤ ਜ਼ਿੱਦ ਨਾਲ਼ ਇਹ ਮੰਗ ਰੱਖ ਦਿੱਤੀ ਕਿ "ਸਾਰੀ ਜ਼ਮੀਨ" ਕਿਸਾਨ ਨੂੰ ਦਿੱਤੀ ਜਾਵੇ, ਅਤੇ ਮਜ਼ਦੂਰਾਂ ਦੀ ਸ਼ਹਿ ਮਿਲਣ 'ਤੇ ਸਮਾਜਵਾਦ ਦੀ ਗੱਲ ਕਰਨੀ ਵੀ ਸ਼ੁਰੂ ਕਰ

---

* "ਰੂਸੀ ਸਾਹਿਤ ਦਾ ਵਿਏਨਾ ਕਾਲ": ਰੂਸ ਵਿੱਚ ਪਿਛਾਖੜ ਦੇ ਸਮੇਂ ਸੇਂਟ ਪੀਟਰਸਬਰਗ ਦਾ ਵਿਏਨਾ ਰੈਸਟੋਰੈਂਟ ਲੇਖਕਾਂ ਅਤੇ ਖ਼ੂਹ-ਦੇ-ਡੱਡੂਆਂ ਦੇ ਹਮਦਰਦਾਂ ਦੇ ਮਿਲਣ ਦਾ ਅੱਡਾ ਹੁੰਦਾ ਸੀ। ਇਸ ਲਈ ਅ. ਐਮਫਿਤੇਆਤਰੋਵ ਨੇ ਵਿਅੰਗ ਨਾਲ ਇਸਨੂੰ "ਰੂਸੀ ਸਾਹਿਤ ਦਾ ਵਿਏਨਾ ਕਾਲ" ਦਾ ਨਾਮ ਦਿੱਤਾ।

ਦਿੱਤੀ। ਇਹੀ ਕਾਰਨ ਹੈ ਕਿ ਇਸਨੂੰ ਐਨਾ ਜ਼ਿਆਦਾ ਬੁਰਾ ਭਲਾ ਕਿਹਾ ਗਿਆ ਹੈ, ਅਤੇ ਕੁਝ ਸਮੇਂ ਲਈ, ਆਪਣੇ ਦਿਆਲੂਪੁਣੇ ਲਈ ਜਾਣੇ ਜਾਂਦੇ ਭੱਦਰਪੁਰਸ਼ਾਂ ਨੇ ਇਸ ਪ੍ਰਤੀ ਐਨੀ ਉਦਾਸੀਨਤਾ ਦਿਖਾਈ ਹੈ।

ਬੁੱਧਜੀਵੀ ਵਰਗ ਅਤੇ ਲੋਕਾਂ ਵਿਚਕਾਰ ਪਾੜਾ ਬਹੁਤੀ ਦੇਰ ਨਹੀਂ ਰਹਿ ਸਕਦਾ। "ਤੁਹਾਡਾ ਕਿਸਾਨਾਂ ਤੋਂ ਬਿਨਾਂ ਨਹੀਂ ਸਰ ਸਕਦਾ," ਸਾਲਤਯੇਕੋਵ-ਸ਼ਚੇਦ੍ਰਿਨ ਨੇ ਇੱਕ ਵਾਰ ਕਿਹਾ ਸੀ ਅਤੇ ਸਾਡੇ ਦੇਸ਼ ਦੀ ਰੱਖਿਆ ਕਰਨ ਅਤੇ ਅਗਾਂਹ ਵਿਕਾਸ ਲਈ ਸਾਡੇ "ਸੱਭਿਅਕ ਸਮਾਜ" ਨੂੰ ਆਪਣੀਆਂ ਜ਼ਖ਼ਮੀ ਭਾਵਨਾਵਾਂ ਦਾ ਦਿਖਾਵਾ ਕਰਨਾ ਬੰਦ ਕਰ ਦੇਣਾ ਚਾਹੀਦਾ ਹੈ, ਅਤੇ ਆਪਣੀ ਇਹ ਅਤਿਭਾਵੁਕ ਅਤੇ ਤਰੰਗੀ ਸ਼ਿਕਾਇਤ ਕਰਨੀ ਵੀ ਬੰਦ ਕਰ ਦੇਣੀ ਚਾਹੀਦੀ ਹੈ ਕਿ ਲੋਕ ਇਸਦੀਆਂ ਇੱਛਾਵਾਂ ਦਾ ਆਦਰ ਨਹੀਂ ਕਰਦੇ। ਅਸਲ ਗੱਲ ਤਾਂ ਇਹ ਹੈ ਕਿ ਬੁੱਧੀਜੀਵੀ ਵਰਗ ਉਸ ਰਾਜ ਦੀਆਂ ਸਾਰੀਆਂ ਦਰਾੜਾਂ ਅਤੇ ਪਾੜਾਂ ਨੂੰ ਬੜੀ ਤੇਜ਼ੀ ਨਾਲ਼ ਭਰ ਰਿਹਾ ਹੈ, ਜਿਸਨੂੰ ਇਨਕਲਾਬ ਦੇ ਝਟਕਿਆਂ ਨੇ ਬੁਰੀ ਤਰ੍ਹਾਂ ਖਿੰਡਾ-ਪੁੰਡਾ ਦਿੱਤਾ ਹੈ। ਆਪਣੇ ਸਮੇਂ ਤੋਂ ਪਹਿਲਾਂ ਹੀ ਹੰਢ-ਵਰਤ ਗਏ ਅਤੇ ਨਿਰਾਸ਼ ਹੋ ਚੁੱਕੇ ਹੋਣ ਕਾਰਨ, ਇਸ ਸਮੇਂ ਉਹ ਕੇਵਲ ਕਿਸੇ ਨਿੱਘੇ ਆਰਾਮਦੇਹ ਕੋਨੇ ਦੀ ਭਾਲ਼ ਵਿੱਚ ਹੈ; ਉਸਦੇ ਕੰਮਾਂ ਵਿੱਚੋਂ ਦੇਸ਼ ਪ੍ਰਤੀ ਕੋਈ ਪਿਆਰ ਨਹੀਂ ਝਲਕਦਾ, ਅਤੇ ਉਸਦੇ ਸ਼ਬਦਾਂ ਵਿੱਚ ਵਿਸ਼ਵਾਸ ਦੀ ਘਾਟ ਹੈ।

ਰੂਸ ਦੀ ਖਾਸੀਅਤ ਵਾਲ਼ਾ ਇੱਕ ਹੋਰ ਵਰਤਾਰਾ ਵੀ ਧਿਆਨ ਦੇਣ ਯੋਗ ਹੈ: "ਫਾਲਤੂ", "ਨਿਕੰਮੇ", "ਵਿਅਰਥ" ਅਤੇ "ਬੇਲੋੜੇ" ਲੋਕਾਂ ਦੀ ਗਿਣਤੀ ਵਿੱਚ ਅਥਾਹ ਵਾਧਾ। ਇਹ ਤੱਥ ਓਨਾ ਹੀ ਸਪਸ਼ਟ ਹੈ ਜਿੰਨੇ ਕਿ ਇਸਦੇ ਕਾਰਨ। ਇਹ ਅਨਸਰ ਸਮਾਜਿਕ ਤੌਰ 'ਤੇ ਖਤਰਨਾਕ ਹਨ, ਕਿਉਂਕਿ ਇਹਨਾਂ ਲੋਕਾਂ ਕੋਲ਼ ਕੋਈ ਇੱਛਾ-ਸ਼ਕਤੀ, ਉਮੀਦਾਂ ਜਾਂ ਇੱਛਾਵਾਂ ਨਹੀਂ ਹੁੰਦੀਆਂ—ਇੱਕ ਅਜਿਹੀ ਭੀੜ ਜਿਸਦੀ ਵਰਤੋਂ ਸਾਡੇ ਖਿਲਾਫ਼ ਸਾਡਾ ਦੁਸ਼ਮਣ ਬੜੀ ਮੁਹਾਰਤ ਨਾਲ਼ ਕਰ ਸਕਦਾ ਹੈ। ਜਦੋਂ ਸਾਹਿਤ ਨੇ ਇਸ ਤੱਥ ਦਾ ਜ਼ਿਕਰ ਕੀਤਾ ਕਿ ਇਸ ਤਰ੍ਹਾਂ ਦੀ ਟਾਈਪ ਸਾਡੇ ਕਮਾਏ ਹੋਏ ਸਮਾਜ ਵਿੱਚ ਪਾਈ ਜਾ ਸਕਦੀ ਹੈ ਤਾਂ ਇਸ ਵਿੱਚ ਕੋਈ ਵੀ ਵਿਆਕੁਲ ਹੋਣ ਵਾਲ਼ੀ ਗੱਲ ਨਹੀਂ ਸੀ, ਕਿਉਂਕਿ ਸੱਭਿਆਚਾਰ ਲੋਕਾਂ ਦੀਆਂ ਤਾਕਤਾਂ ਤੋਂ ਹੀ ਪੈਦਾ ਹੁੰਦਾ ਹੈ; ਜਦੋਂ ਲੋਕ ਹੀ "ਨਿਕੰਮੇ" ਅਤੇ "ਬੇਲੋੜੇ" ਔਰਤ-ਮਰਦਾਂ ਨੂੰ ਅੱਗੇ ਲਿਆਉਣ ਤਾਂ ਸਚਮੁੱਚ ਹੀ ਚੁਕੰਨੇ ਹੋਣ ਦੀ ਲੋੜ ਹੈ, ਕਿਉਂਕਿ ਇਸ ਕਿਸਮ ਦਾ ਤੱਥ ਇਹ ਦਿਖਾਉਂਦਾ ਹੈ ਕਿ ਸੱਭਿਆਚਾਰ ਦਾ ਪਾਲਣ-ਪੋਸ਼ਣ ਕਰਨ ਵਾਲ਼ੀ ਭੋਂ ਸੁੱਕ ਰਹੀ ਹੈ, ਦੂਜੇ ਸ਼ਬਦਾਂ ਵਿੱਚ, ਕਿ ਲੋਕਾਂ ਦੀਆਂ ਸੱਭਿਆਚਾਰਕ ਤਾਕਤਾਂ ਨਿੱਘਰ ਰਹੀਆਂ ਹਨ। ਇਸ ਵਰਤਾਰੇ ਵੱਲ ਧਿਆਨ ਦੇਣਾ ਅਤੇ ਇਸਦਾ ਟਾਕਰਾ ਕਰਨਾ ਲਾਜ਼ਮੀ ਹੋ ਜਾਂਦਾ ਹੈ, ਅਤੇ ਇਹ ਸਾਹਿਤ ਦਾ ਕੰਮ ਹੈ ਕਿ ਉਹ ਜਾਂ ਤਾਂ ਅਜਿਹੇ ਲੋਕਾਂ ਦਾ ਜ਼ਿਕਰ ਕਰਨਾ ਉੱਕਾ ਹੀ ਛੱਡ ਦੇਵੇ ਜਾਂ ਫਿਰ ਉਹਨਾਂ ਨੂੰ ਖੜੇ ਕਰਕੇ ਵਾਪਸ ਸਰਗਰਮੀਆਂ ਦੇ ਜੀਵਨ ਵੱਲ ਮੋੜ ਲਿਆਵੇ।

ਸਮੱਸਿਆ ਇਹ ਹੈ ਕਿ "ਬਲ਼ਦ ਆਪਣੇ ਮਾਲਕ ਨੂੰ ਪਛਾਣਦਾ ਹੈ, ਅਤੇ ਗਧਾ ਆਪਣੇ ਮਾਲਿਕ ਦੀ ਝੁੱਗੀ ਨੂੰ"। ਸਾਡੇ ਸਾਹਿਤਕਾਰ ਇਕੱਠੇ ਹੋ ਕੇ ਖੂਹ-ਦੇ-ਡੱਡੂ ਦੀ ਸੇਵਾ ਵਿੱਚ ਜੁੱਟ ਗਏ ਹਨ, ਜਿਸ ਦੇ ਸਿੱਟੇ ਵਜੋਂ ਉਹਨਾਂ ਨੂੰ ਆਪਣੀਆਂ ਆਤਮਾਵਾਂ ਦੀ ਸੜਾਂਦ ਦਾ ਅਹਿਸਾਸ

ਹੋਣ ਦੀ ਆਸ ਸੀ, ਅਤੇ ਇਹ ਅਹਿਸਾਸ ਹੋ ਵੀ ਰਿਹਾ ਹੈ। ਖੂਹ-ਦੇ-ਡੱਡੂਆਂ ਦੀਆਂ ਯੋਜਨਾਵਾਂ ਤੰਗ ਅਤੇ ਸੌੜੀਆਂ ਹਨ, ਇਹ ਵਿਅਕਤੀ ਦੀਆਂ ਰਚਨਾਤਮਕ ਸ਼ਕਤੀਆਂ ਨੂੰ ਸੇਧ ਦੇਣ ਵਾਲ਼ੇ ਉੱਚੇ ਖਿਆਲ ਪੈਦਾ ਨਹੀਂ ਕਰ ਸਕਦੇ।

ਜਿਵੇਂ ਕਿ ਬਲੂਤ ਦਾ ਦਰਖਤ ਦਲਦਲੀ ਭੋਂ 'ਤੇ ਨਹੀਂ ਉੱਗ ਸਕਦਾ, ਜਿਹੜੀ ਭੋਂ ਕਿ ਕੇਵਲ ਰੋਗੀ ਭੋਜ-ਬਿਰਖਾਂ ਅਤੇ ਨੀਵੇਂ ਕੇਲੋਂ ਦੇ ਰੁੱਖਾਂ ਨੂੰ ਹੀ ਮਾਫਕ ਹੈ, ਇਹ ਨਿਘਰਦਾ ਸਮਾਜਿਕ ਵਾਤਾਵਰਣ (*milieu*) ਕਿਸੇ ਮਹਾਨ ਪ੍ਰਤਿਭਾ ਨੂੰ ਉੱਭਰਨੋਂ ਅਤੇ ਖਿੜਨੋਂ ਰੋਕਦਾ ਹੈ, ਅਜਿਹੀ ਪ੍ਰਤਿਭਾ ਨੂੰ ਜਿਹੜੀ ਜੀਵਨ ਦੀਆਂ ਇਹਨਾਂ ਤੁੱਛ ਗੱਲਾਂ ਤੋਂ ਉਤਾਂਹ ਉੱਠ ਸਕਦੀ ਹੋਵੇ ਅਤੇ ਆਪਣੇ ਦੇਸ਼ ਤੇ ਦੁਨੀਆਂ ਵਿਚਲੇ ਵਰਤਾਰਿਆਂ ਦੀ ਵੰਨ-ਸੁਵੰਨਤਾ ਨੂੰ ਬਾਜ਼ ਅੱਖ ਨਾਲ਼ ਦੇਖ ਸਕਦੀ ਹੋਵੇ, ਪ੍ਰਤਿਭਾ ਜਿਹੜੀ ਭਵਿੱਖ ਵੱਲ ਜਾਂਦੇ ਰਾਹ ਨੂੰ ਅਤੇ ਸਾਡੇ ਜਿਹੇ ਆਮ ਆਦਮੀਆਂ ਨੂੰ ਖੰਭ ਦੇਣ ਵਾਲ਼ੇ ਮਹਾਨ ਮਕਸਦਾਂ ਨੂੰ, ਦੋਹਾਂ ਨੂੰ ਰੁਸ਼ਨਾ ਦੇਵੇ।

ਖੂਹ-ਦਾ-ਡੱਡੂਪੁਣਾ ਇੱਕ ਅਜਿਹੀ ਵੇਲ ਹੈ ਜਿਹੜੀ ਆਪਣਾ ਅਥਾਹ ਮੁੜ-ਉਤਪਾਦਨ ਕਰਨ ਦੇ ਸਮਰੱਥ ਹੈ, ਜਿਹੜੀ ਆਪਣੇ ਰਾਹ ਵਿੱਚ ਆਈ ਹਰ ਇੱਕ ਚੀਜ਼ ਨੂੰ ਆਪਣੀ ਚਪੇਟ ਵਿੱਚ ਲੈਣਾ ਅਤੇ ਸਾਹ ਘੁੱਟ ਦੇਣਾ ਚਾਹੁੰਦੀ ਹੈ। ਉਹਨਾਂ ਮਹਾਨ ਕਵੀਆਂ ਦੀ ਵੱਡੀ ਗਿਣਤੀ ਬਾਰੇ ਸੋਚੋ ਜਿਹੜੇ ਇਸਨੇ ਬਰਬਾਦ ਕਰ ਛੱਡੇ ਹਨ!

ਖੂਹ-ਦਾ-ਡੱਡੂਪੁਣਾ ਸੰਸਾਰ ਦੀ ਜ਼ਹਿਰ ਹੈ; ਇਹ ਵਿਅਕਤੀਤਵ ਨੂੰ ਅੰਦਰੋਂ ਖਾ ਜਾਂਦੀ ਹੈ ਜਿਵੇਂ ਕੋਈ ਕੀੜਾ ਫਲ਼ ਨੂੰ ਖਾ ਜਾਂਦਾ ਹੈ। ਇਹ ਨਦੀਨਾਂ ਦੇ ਖੇਤਾਂ ਵਾਂਗ ਹੈ ਜਿਸਦੀ ਸ਼ੈਤਾਨੀ ਅਤੇ ਕਦੇ ਨਾ ਖਤਮ ਹੋਣ ਵਾਲ਼ੀ ਸਰਸਰਾਹਟ ਖੂਬਸੂਰਤੀ ਦੀ ਮਹਾਨ ਟੁਣਕਾਰ ਨੂੰ ਅਤੇ ਜੀਵਨ ਦੇ ਤਾਰਨਹਾਰ ਸੱਚ ਨੂੰ ਡੁਬੋ ਦਿੰਦੀ ਹੈ। ਇਹ ਇੱਕ ਅਜਿਹੀ ਅੰਨ੍ਹੀ ਦਲਦਲ ਹੈ ਜਿਹੜੀ ਪ੍ਰਤਿਭਾ ਤੇ ਪਿਆਰ, ਕਵਿਤਾ ਅਤੇ ਵਿਚਾਰ, ਕਲਾ ਅਤੇ ਵਿਗਿਆਨ ਨੂੰ ਆਪਣੀਆਂ ਘ੍ਰਿਣਤ ਡੂੰਘਾਈਆਂ ਵਿੱਚ ਨਿਘਾਰ ਲੈਂਦੀ ਹੈ।

ਅਸੀਂ ਦੇਖ ਸਕਦੇ ਹਾਂ ਕਿ ਮਨੁੱਖਤਾ ਦੇ ਮਹਾਨ ਜੁੱਸੇ ਉੱਤਲੇ ਇਸ ਰੋਗੀ ਫੋੜੇ ਨੇ ਵਿਅਕਤੀਤਵ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਹੈ, ਇਸਨੂੰ ਸਰਵਖੰਡਨਵਾਦੀ ਵਿਅਕਤੀਵਾਦ ਨਾਲ਼ ਜ਼ਹਿਰੀਲਾ ਬਣਾਉਂਦਿਆਂ, ਮਨੁੱਖ ਨੂੰ ਇੱਕ ਖਤਰਨਾਕ ਲਫੰਗੇ ਵਿੱਚ ਤਬਦੀਲ ਕਰ ਦਿੱਤਾ ਹੈ, ਇੱਕ ਅਜਿਹੇ ਜੀਵ ਵਿੱਚ ਜਿਸਦਾ ਕੋਈ ਅੰਦਰੂਨੀ ਤਵਾਜ਼ਨ ਨਹੀਂ ਹੈ, ਜਿਸਦਾ ਮਨ ਖਿੰਡ-ਪੁੰਡ ਚੁੱਕਿਆ ਹੈ ਅਤੇ ਨਸਾਂ ਉੱਖੜ ਚੁੱਕੀਆਂ ਹਨ, ਜਿਸਨੂੰ ਆਪਣੀਆਂ ਪ੍ਰਵਿਰਤੀਆਂ ਦੀ ਚਪੜ-ਚਪੜ ਅਤੇ ਆਪਣੇ ਬਿਮਾਰ ਜਜ਼ਬਿਆਂ ਦੀ ਨਹਿਸ਼ ਬੁੜ-ਬੁੜ ਤੋਂ ਸਿਵਾ ਜੀਵਨ ਦੀ ਹੋਰ ਕੋਈ ਵੀ ਅਵਾਜ਼ ਸੁਣਨੋਂ ਬੰਦ ਹੋ ਗਈ ਹੈ।

ਇਹ ਖੂਹ-ਦੇ-ਡੱਡੂਪੁਣੇ ਦੀ ਵਜ੍ਹਾ ਕਾਰਨ ਹੀ ਹੈ ਕਿ ਅਸੀਂ ਅੱਜ ਪ੍ਰੋਮੇਥੀਅਸ ਤੋਂ ਗੁੰਡੇ ਤੱਕ ਪਹੁੰਚ ਗਏ ਹਾਂ।

ਪਰ ਗੁੰਡਾ ਖੂਹ-ਦੇ-ਡੱਡੂਪੁਣੇ ਦੀ ਹੀ ਔਲਾਦ ਹੈ, ਉਸਦੀਆਂ ਕਰਤੂਤਾਂ ਦਾ ਫਲ਼ ਹੈ। ਇਤਿਹਾਸ ਨੇ ਇਸਦਾ ਪਿੱਤਰ-ਘਾਤੀ ਬਣਨਾ ਪਹਿਲਾਂ ਹੀ ਤੈਅ ਕਰ ਦਿੱਤਾ ਹੈ, ਅਤੇ ਉਹ ਬਣੇਗਾ ਵੀ, ਕਿਉਂਕਿ ਉਹ ਆਪਣੇ ਜਨਮ ਦੇਣ ਵਾਲ਼ੇ ਪਿਤਾ ਦਾ ਕਤਲ ਕਰੇਗਾ।

ਕਿਉਂਕਿ ਇਹ ਡਰਾਮਾ ਆਪਣੇ ਦੁਸ਼ਮਣ ਦੇ ਘਰ ਵਿੱਚ ਚੱਲ ਰਿਹਾ ਹੈ, ਇਸ ਲਈ ਅਸੀਂ ਹੱਸਦੇ ਹੋਏ ਇਸਦਾ ਆਨੰਦ ਮਾਣ ਸਕਦੇ ਹਾਂ, ਪਰ ਸਾਨੂੰ ਇਹ ਦੇਖਕੇ ਬੜਾ ਅਫਸੋਸ ਹੁੰਦਾ ਹੈ ਕਿ ਕਈ ਗੁਣੀ ਅਤੇ ਪ੍ਰਤਿਭਾਸ਼ਾਲੀ ਲੋਕ ਵੀ ਖੂਹ-ਦੇ-ਡੱਡੂ ਵੱਲੋਂ ਆਪਣੇ ਇਸ ਚੌਣੇ ਖਿਲਾਫ਼ ਵਿੱਢੇ ਸੰਘਰਸ਼ ਵਿੱਚ ਖਿੱਚੇ ਚਲੇ ਜਾਂਦੇ ਹਨ। ਚੰਗੇ ਇਨਸਾਨਾਂ ਨੂੰ ਤਬਾਹ ਹੁੰਦੇ, ਤੇਜ਼ੀ ਨਾਲ਼ ਨਿੱਘਰ ਰਹੇ ਮਾਹੌਲ ਵਿੱਚੋਂ ਨਿਕਲ਼ਦੀ ਜ਼ਹਿਰ ਨਾਲ਼ ਮਰਦਿਆਂ ਵੇਖਣਾ ਬੜਾ ਹੀ ਦੁੱਖਦਾਈ ਹੈ।

ਜਿਵੇਂ ਕਿ ਸਿਹਤਮੰਦ ਲੋਕਾਂ ਨੂੰ ਸ਼ੋਭਾ ਦਿੰਦਾ ਹੈ, ਅਸੀਂ ਹੋਰਾਂ ਨੂੰ ਵੀ ਸਿਹਤਮੰਦ, ਖੁਸ਼ ਅਤੇ ਸੋਹਣੇ ਦੇਖਣਾ ਪਸੰਦ ਕਰਦੇ ਹਾਂ; ਅਸੀਂ ਇਹ ਮੰਨਦੇ ਹਾਂ ਕਿ, ਜੇਕਰ ਲੋਕਾਂ ਨੂੰ ਜੱਥੇਬੰਦ ਅਤੇ ਵਿਕਸਤ ਕੀਤਾ ਜਾਵੇ ਤਾਂ ਉਹਨਾਂ ਦੀ ਰੂਹਾਨੀ ਊਰਜਾ ਸੰਸਾਰ ਦੇ ਜੀਵਨ ਨੂੰ ਮੁੜ ਤਰੋ-ਤਾਜ਼ਾ ਕਰ ਸਕਦੀ ਹੈ ਅਤੇ ਮਨੁੱਖਤਾ ਦੇ ਤਰਕ ਅਤੇ ਖੂਬਸੂਰਤੀ ਦੇ ਤਿਓਹਾਰ ਦੀ ਤਰੀਕ ਨੂੰ ਹੋਰ ਵੀ ਨੇੜੇ ਲਿਆ ਸਕਦੀ ਹੈ।

ਸਾਡੇ ਲਈ ਸੰਸਾਰ ਸੱਭਿਆਚਾਰ ਦਾ ਇਤਿਹਾਸ ਬਹੁਤ ਹੀ ਸੁਰੀਲੇ ਅਤੇ ਪ੍ਰਭਾਵਸ਼ਾਲੀ ਛੰਦਾਂ ਵਿੱਚ ਲਿਖਿਆ ਹੋਇਆ ਹੈ; ਅਸੀਂ ਜਾਣਦੇ ਹਾਂ ਕਿ ਇੱਕ ਦਿਨ ਅਜਿਹਾ ਆਵੇਗਾ ਜਦੋਂ ਲੋਕ ਅਤੀਤ ਦੀਆਂ ਪ੍ਰਾਪਤੀਆਂ ਦਾ ਸਨਮਾਨ ਕਰਨਗੇ, ਅਤੇ ਸਾਡੀ ਧਰਤੀ ਬ੍ਰਹਿਮੰਡ ਵਿੱਚ ਮੌਤ ਉੱਤੇ ਜੀਵਨ ਦੀ ਜਿੱਤ ਦੇ ਦ੍ਰਿਸ਼ ਵਜੋਂ ਆਪਣਾ ਸਥਾਨ ਗ੍ਰਹਿਣ ਕਰੇਗੀ, ਅਜਿਹਾ ਸਥਾਨ ਜਿੱਥੇ ਸਚਮੁੱਚ ਕਲਾ ਲਈ ਜਿਉਣ ਦੀ ਅਤੇ ਜਾਹੋ-ਜਲਾਲ ਦੀ ਰਚਨਾ ਕਰਨ ਵਾਲ਼ੀ ਸੁਤੰਤਰ ਕਲਾ ਜਨਮ ਲਵੇਗੀ!

ਮਨੁੱਖਤਾ ਦਾ ਸਮੁੱਚਾ ਜੀਵਨ ਰਚਨਾਤਮਕ ਯਤਨਾਂ ਨਾਲ਼ ਭਰਿਆ ਪਿਆ ਹੈ, ਬੇਜਾਨ ਪਦਾਰਥ ਵੱਲੋਂ ਡਾਹੇ ਜਾਂਦੇ ਅੜਿੱਕਿਆਂ 'ਤੇ ਜਿੱਤ ਹਾਸਿਲ ਕਰਨ ਦੀ ਤੀਬਰ ਇੱਛਾ ਨਾਲ਼, ਉਸ ਪਦਾਰਥ ਦੇ ਸਾਰੇ ਰਹੱਸਾਂ ਨੂੰ ਸਮਝਣ ਦੀ ਇੱਛਾ ਨਾਲ਼, ਅਤੇ ਉਸ ਪਦਾਰਥ ਦੀਆਂ ਸਾਰੀਆਂ ਤਾਕਤਾਂ ਨੂੰ ਮਨੁੱਖ ਦੀ ਸੇਵਾ ਵਿੱਚ ਲਗਾਉਣ ਅਤੇ ਮਨੁੱਖ ਨੂੰ ਖੁਸ਼ੀ ਦੇਣ ਦੇ ਯਤਨਾਂ ਨਾਲ ਭਰਿਆ ਪਿਆ ਹੈ। ਆਪਣੇ ਟੀਚੇ ਵੱਲ ਵਧਦੇ ਹੋਏ, ਸਾਨੂੰ ਇਸ ਸੰਸਾਰ ਦੀਆਂ ਸਾਰੀਆਂ ਸਜੀਵ, ਮਾਨਸਿਕ ਅਤੇ ਸਰੀਰਕ, ਚੇਤੰਨ ਅਤੇ ਸਰਗਰਮ ਸ਼ਕਤੀਆਂ ਦਾ ਉਤਸ਼ਾਹਪੂਰਵਕ ਨਿਰੰਤਰ ਵਿਕਾਸ ਕਰਦਿਆਂ ਇਸਦੀਆਂ ਪ੍ਰਾਪਤੀਆਂ ਯਕੀਨੀ ਬਣਾ ਲੈਣੀਆਂ ਚਾਹੀਦੀਆਂ ਹਨ। ਇਹ ਇਤਿਹਾਸ ਦੇ ਅੱਜ ਦੇ ਦੌਰ ਦਾ ਕੰਮ ਹੈ ਕਿ ਲੋਕਾਂ ਦੀ ਸੰਭਾਲੀ ਹੋਈ ਸਮੁੱਚੀ ਊਰਜਾ ਦੇ ਭੰਡਾਰ ਨੂੰ ਹਰ ਸੰਭਵ ਢੰਗ-ਤਰੀਕੇ ਨਾਲ਼ ਜੱਥੇਬੰਦ ਕੀਤਾ ਜਾਵੇ, ਇਸਨੂੰ ਵਿਕਸਤ ਕੀਤਾ ਜਾਵੇ, ਇਸ ਊਰਜਾ ਨੂੰ ਇੱਕ ਸਰਗਰਮ ਸ਼ਕਤੀ ਵਿੱਚ ਬਦਲਿਆ ਜਾਵੇ, ਅਤੇ ਜਮਾਤ, ਧੜੇ ਤੇ ਪਾਰਟੀ ਸਮੂਹਾਂ ਦਾ ਨਿਰਮਾਣ ਕੀਤਾ ਜਾਵੇ।

1909

ਰਚਨਾ-ਸ਼ਿਲਪ ਬਾਰੇ ਗੱਲਬਾਤ

1

ਜੋ ਮੈਂ ਤੁਹਾਨੂੰ ਦੱਸਣ ਜਾ ਰਿਹਾ ਹਾਂ ਉਹ ਅੱਜ (1930 – ਅਨੁ.) ਤੋਂ ਤੀਹ ਸਾਲ ਪਹਿਲਾਂ ਦੀ ਗੱਲ ਹੈ, ਇਸ ਲਈ ਸੰਭਵ ਹੈ ਕਿ ਸਭ ਕੁਝ ਉਵੇਂ ਨਾ ਵਾਪਰਿਆ ਹੋਵੇ, ਜਿਵੇਂ ਮੈਂ ਬਿਆਨ ਕਰਨ ਜਾ ਰਿਹਾ ਹਾਂ।

ਆਪਣੇ ਬਚਪਨ ਤੋਂ ਹੀ ਮੈਂ ਦੇਖਿਆ ਕਰਦਾ ਸਾਂ ਕਿ ਨੀਜ਼ਨੀ ਨੋਵਗੋਰੋਦ ਵਿੱਚ "ਬੁੱਧੂ", "ਸਿੱਧਰੇ" ਅਤੇ "ਕਮਲ਼ਿਆਂ" ਦੀ ਕਮੀ ਨਹੀਂ ਹੈ। "ਸਾਧਾਰਣ" (Normal) ਲੋਕ ਇਹਨਾਂ "ਅਸਾਧਾਰਣ"(Abnormal) ਲੋਕਾਂ ਪ੍ਰਤੀ ਦੋਗਲ਼ਾ ਰਵੱਈਆ ਰੱਖਦੇ ਸਨ। ਉਹ ਇਹਨਾਂ ਸਿੱਧਰਿਆਂ ਦਾ ਮਜ਼ਾਕ ਉਡਾਉਂਦੇ ਪਰ ਉਹਨਾਂ ਤੋਂ ਜ਼ਰਾ ਸਹਿਮੇ ਵੀ ਰਹਿੰਦੇ ਸਨ, ਜਿਵੇਂ ਉਹਨਾਂ ਨੂੰ ਕੋਈ ਸ਼ੱਕ ਹੋਵੇ ਕਿ ਉਹਨਾਂ ਦੇ ਪਾਗਲਪੁਣੇ ਪਿੱਛੇ ਕੋਈ ਖਾਸ ਸਿਆਣਪ ਲੁਕੀ ਹੋਈ ਹੈ ਜਿਸਤੋਂ "ਸਾਧਾਰਣ" ਲੋਕਾਂ ਦੀ ਬੁੱਧੀ ਵੰਚਿਤ ਹੁੰਦੀ ਹੈ। ਉਹਨਾਂ ਦੇ ਸ਼ੱਕ ਸਹੀ ਸਨ।

ਚੌਦਾਂ ਸਾਲ ਦੀ ਉਮਰ ਵਿੱਚ ਗੁਸ਼ਚੀਨਾ ਨੂੰ ਬੁੱਧੂ ਮੰਨ ਲਿਆ ਗਿਆ, ਪਰ ਦੋ–ਤਿੰਨ ਕੁ ਸਾਲਾਂ ਬਾਅਦ ਸ਼ਹਿਰ ਦੇ ਲੋਕ "ਭਵਿੱਖ ਦੇਖਣ ਵਾਲੀ" ਦੇ ਰੂਪ ਵਿੱਚ ਉਸਦਾ ਸਨਮਾਨ ਕਰਨ ਲੱਗ ਪਏ ਸਨ। ਦੂਰੋਂ ਨੇੜਿਉਂ ਸੈਂਕੜੇ ਮੁਲਾਕਾਤੀ ਪਹਾੜੀ ਦੀ ਚੋਟੀ 'ਤੇ ਸਥਿਤ ਉਸਦੇ ਮਕਾਨ 'ਤੇ ਆਉਂਦੇ। ਗੁਣਗੁਣਾਉਣ ਵਾਲੀ ਅਵਾਜ਼ ਵਿੱਚ ਉਹ ਕੁਝ ਅਸਪਸ਼ਟ ਜਿਹੇ ਸ਼ਬਦ ਬੋਲਦੀ ਅਤੇ ਇਸਦੀ ਪੱਚੀ ਕੋਪੇਕ ਫ਼ੀਸ ਵਸੂਲਦੀ। ਸਰੀਰ ਪੱਖੋਂ ਉਹ ਮੋਟੀ ਤੇ ਗੋਲ਼–ਮਟੋਲ ਜਿਹੀ ਸੀ ਅਤੇ ਚੀਨੀ ਦੀਆਂ ਗੁੱਡੀਆਂ ਵਰਗੀ ਗੁਲਾਬੀ ਭਾਹ ਮਾਰਦੇ ਗੋਰੇ ਰੰਗ ਦੀ ਸੀ। ਉਹ ਅੱਡੀਆਂ ਤੱਕ ਲੰਮਾ, ਮੋਟੇ ਖੱਦਰ ਦਾ ਚੋਲ਼ਾ ਪਹਿਨ ਕੇ ਲੋਕਾਂ ਦੇ ਸਾਹਮਣੇ ਆਉਂਦੀ, ਉਸਦੇ ਗਲ਼ੇ ਵਿੱਚ ਕਾਲ਼ਾ ਰੀਬਨ ਬੰਨਿਆ ਹੁੰਦਾ ਅਤੇ ਪੀਲ਼ੇ–ਭੂਰੇ ਰੰਗ ਦੇ ਵਾਲ਼ ਉਸਦੀ ਪਿੱਠ 'ਤੇ ਲਟਕ ਰਹੇ ਹੁੰਦੇ। ਉਸਦਾ ਸਿਰ ਹਮੇਸ਼ਾ ਹੀ ਖੱਬੇ ਮੋਢੇ ਵੱਲ ਝੁਕਿਆ ਰਹਿੰਦਾ ਜਿਵੇਂ ਉਹ ਖੁਦ ਆਪਣੇ ਹੀ ਦਿਲ ਦੀ ਆਵਾਜ਼ ਸੁਣ ਰਹੀ ਹੋਵੇ।

ਸੰਘਣੇ, ਕਾਲ਼ੇ ਭਰਵੱਟਿਆਂ ਹੇਠਾਂ ਪਲਕਾਂ ਨਾਲ਼ ਢਕੀਆਂ ਉਸਦੀਆਂ ਨੀਲੀਆਂ ਧੂੰਏ ਰੰਗੀਆਂ ਅੱਖਾਂ ਗੁਲਾਬੀ ਚਿਹਰੇ ਵਿੱਚੋਂ ਝਾਕਿਆ ਕਰਦੀਆਂ ਸਨ। ਉਸਦੇ ਫਰਿਸ਼ਤਿਆਂ ਵਰਗੇ ਅਤੇ ਰੁੱਖੇ ਜਿਹੇ ਮੁੱਖੜੇ ਉੱਤੇ ਉਹ ਬੇਗਾਨੀਆਂ ਜਿਹੀਆਂ ਲੱਗਦੀਆਂ ਅਤੇ ਮੇਰੇ

ਖਿਆਲ ਵਿੱਚ ਉਹਨਾਂ ਵਿੱਚ ਕੁਝ ਵਿਆਕੁਲਤਾ ਅਤੇ ਉਦਾਸੀ ਸੀ।

ਆਪਣੀ ਜਗਿਆਸਾ ਸ਼ਾਂਤ ਕਰਨ ਲਈ ਮੈਂ ਵੀ ਪੱਚੀ ਕੋਪੇਕ ਦੇ ਕੇ ਮੂਜ਼ਾ ਕੋਲ਼ ਗਿਆ। ਉਸਨੇ ਆਪਣੀ ਛੋਟੀ ਉਂਗਲ ਹਿਲਾਉਂਦਿਆਂ ਮੈਨੂੰ ਕਿਹਾ:

"ਤੇਰੇ ਸੁਪਨੇ ਕਦੇ ਪੂਰੇ ਨਹੀਂ ਹੋਣੇ।"

ਛਕੜਾ ਚਲਾਉਣ ਵਾਲੇ ਮੇਰੇ ਸਾਥੀ ਨੂੰ ਜੋ ਦੂਹਰੇ ਬੁੱਲਾਂ ਵਾਲ਼ਾ ਬਹੁਤ ਹੀ ਸੰਗਾਊ ਕਿਸਮ ਦਾ ਮੁੰਡਾ ਸੀ, ਉਸਨੇ ਕਿਹਾ:

"ਵਿਹੜੇ 'ਚ ਘੁੰਮੀ ਨਾ ਜਾਹ, ਬੱਕਰੇ, ਪਹਾੜ ਵੱਲ ਰਾਹ ਬਣਾ।"

ਜਦੋਂ ਉਹ ਇੱਕੀ ਸਾਲਾਂ ਦੀ ਹੋਈ ਤਾਂ ਉਸਨੇ ਆਪਣੀ ਮਾਂ ਤੋਂ ਮਿਲਣ ਵਾਲ਼ੀ ਜਾਇਦਾਦ ਚੁਰਾਉਣ ਅਤੇ ਬਰਬਾਦ ਕਰਨ ਲਈ ਆਪਣੇ ਮਾਮੇ ਖਿਲਾਫ, ਜੋ ਉਸਦਾ ਸਰਪ੍ਰਸਤ ਵੀ ਸੀ, ਮੁਕੱਦਮਾ ਚਲਾ ਕੇ ਪੂਰੇ ਸ਼ਹਿਰ ਨੂੰ ਹੈਰਾਨ ਕਰ ਦਿੱਤਾ। ਪਤਾ ਚੱਲਿਆ ਕਿ ਮੂਜ਼ਾ ਆਪਣੀ ਸੇਵਾ ਦੀ ਪੱਚੀ ਕੋਪੇਕ ਦੀ ਫ਼ੀਸ ਬਚਾ ਕੇ ਰੱਖਦੀ ਜਾਂਦੀ ਸੀ ਅਤੇ ਕਾਨੂੰਨੀ ਮਾਮਲਿਆਂ ਦੇ ਇੱਕ ਸਲਾਹਕਾਰ ਦੀ ਮੱਦਦ ਨਾਲ ਚੁੱਪਚਾਪ ਅਤੇ ਬੜੀ ਚਤੁਰਾਈ ਨਾਲ਼ ਆਪਣੇ ਮਾਮੇ ਖਿਲਾਫ਼ ਸਬੂਤ ਇਕੱਠੇ ਕਰ ਰਹੀ ਸੀ। ਇਹ ਸਬੂਤ ਐਨੇ ਜ਼ੋਰਦਾਰ ਸਨ ਕਿ ਮਾਮੇ ਨੂੰ ਕੈਦ ਦੀ ਸਜ਼ਾ ਹੋ ਗਈ।

ਕਈ ਸਾਲਾਂ ਤੱਕ ਮੂਜ਼ਾ ਆਪਣੀਆਂ ਪੁੱਠੀਆਂ-ਸਿੱਧੀਆਂ ਗੱਲਾਂ ਲਈ ਪੱਚੀ ਕੋਪੇਕ ਵਸੂਲ ਕੇ ਲੋਕਾਂ ਨੂੰ ਬੇਵਕੂਫ ਬਣਾਉਂਦੀ ਰਹੀ। ਉਸਨੇ ਆਤਮ-ਰੱਖਿਆ ਲਈ ਮੂਰਖਤਾ ਦਾ ਇਹ ਸਵਾਂਗ ਰਚਿਆ ਸੀ। "ਜਾਇਦਾਦ" ਦੇ ਝਗੜੇ ਵਿੱਚੋਂ ਉਹ ਜੇਤੂ ਰਹੀ ਅਤੇ "ਸਾਧਾਰਣ" ਲੋਕਾਂ ਨੇ ਉਸਦੀ ਧੋਖਾਧੜੀ ਨੂੰ ਮਾਫ਼ ਕਰ ਦਿੱਤਾ ਅਤੇ ਉਸ ਉੱਪਰ ਮਹਿਮਾ ਅਤੇ ਸਨਮਾਨ ਦੇ ਫੁੱਲ ਬਰਸਾਏ।

ਇਸੇ ਤਰ੍ਹਾਂ ਦੀ ਇੱਕ ਹੋਰ ਘਟਨਾ ਹੋਈ: ਜਿਲ੍ਹਾ ਅਦਾਲਤ ਵਿੱਚ ਭਗੌੜੇ ਅਪਰਾਧੀ ਕੋਝਿਨ, ਇੱਕ ਵਪਾਰੀ ਦੀ ਪਤਨੀ ਮਾਲੀਨਿਨ ਅਤੇ ਹੋਰ ਚੌਦਾਂ ਵਿਅਕਤੀਆਂ ਦਾ ਮੁਕੱਦਮਾ ਪੇਸ਼ ਹੋਇਆ। ਇਹਨਾਂ 'ਤੇ 100 ਰੂਬਲ ਦੇ ਜਾਅਲੀ ਬੈਂਕ-ਨੋਟ ਅਤੇ 2 ਰੂਬਲ 16 ਕੋਪੇਕ ਤੇ 4 ਰੂਬਲ 32 ਕੋਪੇਕ ਦੇ ਜਾਅਲੀ ਕੂਪਨ ਬਣਾਉਣ ਅਤੇ ਚਲਾਉਣ ਦਾ ਇਲਜ਼ਾਮ ਸੀ।

ਮੁਜ਼ਰਿਮਾਂ ਦੇ ਕਟਹਿਰੇ ਵਿੱਚ ਇੱਕ ਗੱਠਵੇਂ ਸਰੀਰ ਵਾਲ਼ੀ ਔਰਤ ਬੈਠੀ ਸੀ ਜੋ ਆਪਣੀ ਉਮਰ ਨਾਲ਼ੋਂ ਛੋਟੀ ਜਾਪਦੀ ਸੀ। ਚਿਹਰੇ 'ਤੇ ਹਲਕੀ ਲਾਲੀ ਅਤੇ ਅੱਖਾਂ ਵਿੱਚ ਕੋਮਲਤਾ ਸੀ। ਉਹ ਜੱਜ ਦੇ ਸਵਾਲਾਂ ਦੇ ਸੰਖੇਪ ਉੱਤਰ ਦਿੰਦੀ, ਕਦੇ-ਕਦੇ ਕੁਝ ਖਿਝ ਜਿਹੀ ਨਾਲ਼ ਅਤੇ ਆਪਣੇ ਆਤਮ-ਸਨਮਾਨ ਦੀ ਸਪਸ਼ਟ ਚੇਤਨਾ ਨਾਲ਼। ਆਪਣੀ ਰਸੀਲੀ ਅਵਾਜ਼ ਵਿੱਚ ਕੁਝ ਕਹਿਣ ਤੋਂ ਬਾਅਦ ਉਹ ਰੁਮਾਲ ਨਾਲ਼ ਆਪਣੇ ਲਾਲ ਬੁੱਲ ਸਾਫ ਕਰਦੀ ਜਿਵੇਂ ਲਾਰ ਦੀ ਬੂੰਦ ਸਾਫ਼ ਕਰ ਰਹੀ ਹੋਵੇ। ਉਸ ਦੇ ਨਾਲ਼ ਹੀ ਕੋਝਿਨ ਬੈਠਾ ਸੀ, ਗਠਿਆ ਹੋਇਆ ਸਰੀਰ, ਚਿਹਰੇ 'ਤੇ ਦਾਹੜੀ, ਉਮਰ ਕੋਈ ਪੰਜਾਹ ਕੁ ਸਾਲ, ਸੋਹਣਾ-ਸੁਨੱਖਾ, ਹੱਸਦੀਆਂ ਅੱਖਾਂ ਤੇ ਇੱਕ ਇਮਾਨਦਾਰ ਆਦਮੀ ਦੀ ਸਾਫ਼ ਅਵਾਜ਼ ਵਾਲ਼ਾ। ਉਹ ਗਾਲੜੀ ਸੀ ਤੇ ਸ਼ਰਾਰਤ ਕਰਨਾ ਉਸਨੂੰ ਪਸੰਦ ਸੀ। 100 ਰੂਬਲ ਦੇ ਕਈ ਨੋਟਾਂ ਪਿੱਛੇ, ਜਿੱਥੇ ਨਕਲ ਸੰਬੰਧੀ ਚੇਤਾਵਨੀ ਛਪੀ

ਹੁੰਦੀ ਸੀ, ਉਸਨੇ ਇਹ ਸ਼ਬਦ ਛਾਪ ਦਿੱਤੇ: "ਜਿਹੜਾ ਬੰਦਾ ਜਾਅਲੀ ਬੈਂਕ-ਨੋਟ ਨਹੀਂ ਬਣਾਉਂਦਾ, ਉਹ ਮੂਰਖ ਹੈ।" ਇਸ ਅਣ-ਉਚਿੱਤ ਮਜ਼ਾਕ ਨਾਲ਼ ਉਸਨੇ ਇੱਕ ਅਜਿਹਾ ਕਾਰੋਬਾਰ ਤਬਾਹ ਕਰ ਲਿਆ ਸੀ ਜਿਹੜਾ ਤਕਨੀਕੀ ਅਤੇ ਜੱਥੇਬੰਦਕ ਨਜ਼ਰ ਤੋਂ ਪੱਕਾ ਅਤੇ ਸੁਰੱਖਿਅਤ ਸੀ। ਬਾਕੀ ਦੋਸ਼ੀਆਂ ਵਿੱਚ ਕੋਈ ਖਾਸ ਗੱਲ ਨਹੀਂ ਸੀ। ਉਹਨਾਂ ਵਿੱਚੋਂ ਦੋ ਸਰਕਾਰੀ ਗਵਾਹ ਬਣ ਗਏ ਸਨ ਅਤੇ ਇੱਕ "ਕਮਜ਼ੋਰ ਦਿਮਾਗ" ਵਾਲ਼ਾ ਸੀ। ਅਭਿਯੋਗ-ਪੱਤਰ ਤੋਂ ਅਤੇ ਕੇਸ ਦੀ ਸੁਣਵਾਈ ਦੌਰਾਨ ਇਹ ਸਪਸ਼ਟ ਹੋ ਗਿਆ ਕਿ ਇਸ ਕੰਮ ਵਿੱਚ ਉਸ "ਕਮਜ਼ੋਰ ਦਿਮਾਗ ਵਾਲ਼ੇ" ਦਾ ਕੋਈ ਖ਼ਾਸ ਰੋਲ ਨਹੀਂ ਸੀ ਅਤੇ ਉਹ ਐਵੇਂ ਹੀ ਇਸ ਵਿੱਚ ਫ਼ਸ ਗਿਆ ਸੀ। ਭੇਤੀਆਂ ਨੇ ਵੀ ਅਭਿਯੋਗ ਪੱਖ ਨੂੰ ਇਸ ਨੌਜਵਾਨ ਦੇ ਖਿਲਾਫ਼ ਕੋਈ ਪ੍ਰਤੱਖ ਸਬੂਤ ਨਾ ਦਿੱਤਾ ਅਤੇ ਕੇਵਲ ਇੰਨਾ ਹੀ ਕਹਿਣ ਤੱਕ ਖੁਦ ਨੂੰ ਸੀਮਤ ਰੱਖਿਆ ਕਿ ਉਹ ਵੀ ਇਸ "ਮਾਮਲੇ ਵਿੱਚ ਸ਼ਾਮਿਲ" ਸੀ, ਕਿ ਉਹ "ਮੰਦਬੁੱਧੀ", "ਸਿੱਧਰਾ" ਅਤੇ "ਸ਼ਰਾਰਤ ਪਸੰਦ ਆਦਮੀ" ਹੈ।

ਸੁਣਵਾਈ ਦੌਰਾਨ ਇਸ ਆਦਮੀ ਦਾ ਵਿਵਹਾਰ ਉਤੇਜਨਾਪੂਰਨ ਸੀ, ਉਹ ਬੈਂਚ 'ਤੇ ਆਪਣੇ ਨਾਲ਼ ਬੈਠੇ ਲੋਕਾਂ ਨਾਲ਼ ਉੱਚੀ-ਉੱਚੀ ਗੱਲਾਂ ਕਰਦਾ ਰਹਿੰਦਾ ਸੀ ਅਤੇ ਵਾਰ-ਵਾਰ ਪੁੱਛਦਾ ਰਹਿੰਦਾ ਸੀ, "ਹੁਣ ਅੱਗੇ ਕੀ ਹੋਊਗਾ ?" ਉਹ ਜੱਜ ਨੂੰ ਜਵਾਬ ਦਿੰਦੇ ਸਮੇਂ ਉੱਚੀ ਅਵਾਜ਼ ਵਿੱਚ ਊਟ-ਪਟਾਂਗ ਜਿਹੀਆਂ ਗੱਲਾਂ ਕਰਦਾ। ਜਦੋਂ ਉਹ ਉਸਨੂੰ ਚੁੱਪ ਹੋਣ ਲਈ ਕਹਿੰਦੇ ਤਾਂ ਉਹ ਉਬਾਸੀਆਂ ਲੈਣ ਲੱਗਦਾ, ਊਂਘਣ ਲੱਗ ਪੈਂਦਾ, ਚੌਂਕ ਉੱਠਦਾ ਅਤੇ ਫਿਰ ਪੁੱਛਦਾ, "ਹੋਰ ਕੀ ਹੋਊਗਾ ਹੁਣ ?" ਉਸਦੀ ਖੋਪੜੀ ਬੇਢਬੀ ਜਿਹੀ ਸੀ, ਜਿਵੇਂ ਮੱਥੇ ਕੋਲ਼ੋਂ ਧਸ ਗਈ ਹੋਵੇ। ਉਸਦੇ ਬੁੱਢੇ ਜਿਹੇ ਚਿਹਰੇ 'ਤੇ ਮੱਛੀ ਵਰਗਾ ਮੂੰਹ ਇੱਕ ਡੂੰਘੀ ਤਰੇੜ ਵਰਗਾ ਲੱਗਦਾ ਸੀ। ਲਾਲ ਭਰਵੱਟਿਆਂ ਹੇਠਾਂ ਤੇਜ਼ ਅਤੇ ਨਿਰਦਈ ਅੱਖਾਂ ਸਨ। ਵਕੀਲ ਨੇ ਇਹ ਸੋਚ ਕੇ ਕਿ ਉਹ ਬਰੀ ਹੋ ਜਾਵੇਗਾ ਉਸ ਦੀ ਤਸਦੀਕ ਵੀ ਨਹੀਂ ਕੀਤੀ।

ਮੁਕੱਦਮੇ ਵਿੱਚ ਇੱਕ ਗੱਲ ਪ੍ਰੇਸ਼ਾਨੀ ਵਾਲ਼ੀ ਸੀ। ਨਾ ਤਾਂ ਜਾਂਚ ਕਰਨ ਵਾਲੇ ਅਤੇ ਨਾ ਹੀ ਅਦਾਲਤ ਇਹ ਸਾਬਿਤ ਕਰ ਸਕੀ ਕਿ ਮੁਲਜ਼ਮਾਂ ਵਿੱਚੋਂ ਨਕਲੀ ਨੋਟ ਵੰਡਣ ਵਾਲਾ ਪ੍ਰਧਾਨ ਵਿਅਕਤੀ ਕੌਣ ਸੀ। "ਚਲਾਉਣ ਵਾਲਿਆਂ" ਅਤੇ ਉਹਨਾਂ ਦੇ ਪੀੜਤਾਂ ਅਨੁਸਾਰ ਉਹਨਾਂ ਨੂੰ ਜਾਅਲੀ ਨੋਟ "ਕਈ ਵਿਅਕਤੀਆਂ" ਤੋਂ ਮਿਲ ਰਹੇ ਸਨ, ਅਤੇ ਭੇਤੀਆਂ ਤੋਂ ਵੀ ਇਸਦੀ ਪੁਸ਼ਟੀ ਹੁੰਦੀ ਸੀ, ਜਿਹਨਾਂ ਨੇ ਦੋਸ਼ੀਆਂ ਵਿੱਚੋਂ ਕਿਸੇ ਅਜਿਹੇ ਵਿਅਕਤੀ ਬਾਰੇ ਨਹੀਂ ਦੱਸਿਆ ਸੀ।

ਅਚਾਨਕ ਸ਼੍ਰੀਮਤੀ ਮਾਲੀਨਿਨ ਨਾਲ਼ ਘੁਸਰ-ਮੁਸਰ ਕਰਨ ਤੋਂ ਬਾਅਦ ਕੋਝਿਨ ਨੇ ਉੱਚੀ ਦੇਣੇ ਉਸ "ਸਿੱਧਰੇ" ਨੂੰ ਕਿਹਾ:

"ਚੱਲ ਹੁਣ ਡਰਾਮਾ ਕਰਨਾ ਬੰਦ ਕਰ ਤੇ ਸਾਫ਼-ਸਾਫ਼ ਗੱਲ ਕਰ! ਤਾਂ ਕੀ ਤੂੰ ਹੁਣ ਇਕੱਲਾ ਹੀ ਜੇਲ੍ਹ ਤੋਂ ਬਾਹਰ ਮੌਜਾਂ ਮਾਣੇਂਗਾ ?"

ਫਿਰ ਉਹ ਆਦਮੀ ਖੜਾ ਹੋਇਆ ਅਤੇ ਯੋਜਨਾਬੱਧ ਢੰਗ ਨਾਲ਼ ਤੇ ਮਾਣ ਨਾਲ਼ ਸੂਝ-ਬੂਝ ਦੀਆਂ ਗੱਲਾਂ ਕਰਦੇ ਹੋਏ, ਉਸਨੇ ਅਦਾਲਤ ਨੂੰ ਦੱਸਿਆ ਕਿ ਨੋਟਾਂ ਦੀ ਵੰਡ ਦਾ ਕੰਮ

ਉਹੀ ਕਰਦਾ ਸੀ। ਉਸਨੇ "ਵਿਚੋਲਿਆਂ" ਸਾਹਮਣੇ ਅਕੱਟ ਤੌਰ 'ਤੇ ਇਹ ਸਾਬਿਤ ਕੀਤਾ ਕਿ "ਕਈ ਵਿਅਕਤੀ" ਨਹੀਂ ਸਨ, ਅਤੇ ਉਹ ਸਾਰੇ ਓਦੇਸਾ, ਵਾਰਸਾ, ਇਰਬਿਤ ਅਤੇ ਨੀਜ਼ਨੀ ਨੋਵਗੋਰੋਦ ਦੇ ਮੇਲਿਆਂ 'ਤੇ ਉਸੇ ਨਾਲ਼ "ਲੈਣ-ਦੇਣ" ਕਰਦੇ ਸਨ। ਉਹ ਉਹਨਾਂ ਨੂੰ ਕਦੇ ਵਪਾਰੀ, ਕਦੇ ਮੱਠ ਵਾਸੀ ਅਤੇ ਕਦੇ ਯਹੂਦੀ ਦੇ ਭੇਸ ਵਿੱਚ ਮਿਲ਼ਿਆ ਕਰਦਾ ਸੀ। ਇਹ ਸਿੱਧ ਕਰਨ ਲਈ ਕਿ ਉਹ ਆਸਾਨੀ ਨਾਲ਼ ਯਹੂਦੀ ਬਣ ਸਕਦਾ ਹੈ, ਉਸਨੇ ਦੋ ਤਿੰਨ ਫ਼ਿਕਰੇ ਇੱਕ ਯਹੂਦੀ ਕਥਾ-ਵਾਚਕ ਦੀ ਧੁਨ ਵਿੱਚ ਸੁਣਾਏ। ਜਦੋਂ ਉਹ ਬੋਲ ਰਿਹਾ ਸੀ ਤਾਂ ਉਹ ਆਮ ਲੋਕਾਂ ਨੂੰ, ਜਿਊਰੀ ਨੂੰ ਅਤੇ ਜੱਜਾਂ ਨੂੰ ਅਜਿਹੇ ਹਾਵ-ਭਾਵ ਨਾਲ਼ ਦੇਖ ਰਿਹਾ ਸੀ ਜਿਸ ਤੋਂ ਸਾਫ਼ ਪਤਾ ਚਲਦਾ ਸੀ ਕਿ ਉਹ ਇਹਨਾਂ ਸਾਰਿਆਂ ਨੂੰ ਬੇਵਕੂਫ਼ ਸਮਝਦਾ ਸੀ।

ਜਿਊਰੀ ਨੇ ਤਿੰਨ ਵਿਅਕਤੀਆਂ ਨੂੰ—ਕੋਝਿਨ, ਮਾਲੀਨਿਨ ਅਤੇ ਉਸਨੂੰ—ਖਾਸ ਤੌਰ 'ਤੇ ਸਖ਼ਤ ਸਜ਼ਾ ਦਿੱਤੀ। ਅਦਾਲਤ ਨੇ ਜਦੋਂ ਸਜ਼ਾ ਦੀ ਘੋਸ਼ਣਾ ਕੀਤੀ ਤਾਂ ਉੱਥੇ ਹਾਜ਼ਿਰ ਲੋਕਾਂ ਨੇ ਚੀਕਾਂ ਮਾਰਕੇ ਇਸਦਾ ਸਮਰਥਨ ਕੀਤਾ ਅਤੇ ਕੁਝ ਨੇ ਤਾਂ ਤਾੜੀਆਂ ਵੀ ਵਜਾਈਆਂ।

ਕਹਿਣ ਦੀ ਲੋੜ ਨਹੀਂ ਕਿ ਮੂਜ਼ਾ ਦੇ ਮਾਮਲੇ ਅਤੇ ਇਸ ਮੁਕੱਦਮੇ ਤੋਂ "ਸਾਧਾਰਣ" ਲੋਕਾਂ ਦੇ ਇਸ ਸ਼ੱਕ ਦੀ ਪੁਸ਼ਟੀ ਹੁੰਦੀ ਸੀ ਕਿ ਜਿਹੜੇ ਲੋਕ ਦੇਖਣ ਨੂੰ ਸਿੱਧਰੇ ਜਾਪਦੇ ਹਨ ਉਹਨਾਂ ਦਾ ਇਹ ਸਿੱਧਰਾਪਣ ਇੱਕ ਸਵਾਂਗ ਹੋ ਸਕਦਾ ਹੈ, ਜਿਹੜਾ ਉਹਨਾਂ ਦੀ ਵਿਵਹਾਰਿਕ ਸਿਆਣਪ ਲਈ ਪਰਦੇ ਦਾ ਕੰਮ ਕਰਦਾ ਹੈ ਜਿਸ ਲਈ ਸਾਧਾਰਣ ਲੋਕ ਤਰਸਦੇ ਰਹਿੰਦੇ ਹਨ। ਇਹਨਾਂ ਦੋਹਾਂ ਮਾਮਲਿਆਂ ਦੀ ਵਜ੍ਹਾ ਨਾਲ਼ ਮੇਰੇ ਅੰਦਰ ਅਸਾਧਾਰਨ ਲੋਕਾਂ ਪ੍ਰਤੀ ਦਿਲਚਸਪੀ ਪੈਦਾ ਹੋ ਗਈ।

ਮੈਂ ਪਹਿਲਾਂ ਵੀ ਇਗੋਸ਼ਾ ਦੀ ਚਰਚਾ ਕਰ ਚੁੱਕਿਆ ਹਾਂ, ਜਿਸਦਾ ਦੂਜਾ ਨਾਮ "ਜੇਬ੍ਹ-'ਚ-ਮੌਤ" ਸੀ। ਪਰ ਮੈਂ ਇਸ ਮਾਮਲੇ ਵਿੱਚ ਉਸਦੀ ਗੱਲ ਕਰਨੀ ਚਾਹਾਂਗਾ। ਉਸਦੀ ਉਮਰ ਦਾ ਪਤਾ ਨਹੀਂ ਸੀ ਚੱਲਦਾ, ਲੰਮਾ, ਪਤਲਾ ਸਰੀਰ, ਉਸਦੇ ਲਿੱਸੇ ਜਿਹੇ ਚਿਹਰੇ ਅਤੇ ਗਰਦਨ ਉੱਤੇ ਮੈਲ਼ ਦੀਆਂ ਵੱਟੀਆਂ ਬਣੀਆਂ ਰਹਿੰਦੀਆਂ ਸਨ। ਉਹ ਹਮੇਸ਼ਾ ਆਪਣੇ ਪੰਜੇ ਵਰਗੇ ਹੱਥ ਦੀਆਂ ਟੇਢੀਆਂ-ਮੇਢੀਆਂ ਉਂਗਲਾਂ ਵਾੜਾਂ, ਦਰਵਾਜ਼ਿਆਂ ਅਤੇ ਪਟੜੀ ਦੇ ਕਿਨਾਰੇ ਦੇ ਪੱਥਰਾਂ ਉੱਤੇ ਅਤੇ ਖੁਦ ਆਪਣੇ ਸਰੀਰ, ਚੂਲ਼ੇ 'ਤੇ, ਢਿੱਡ 'ਤੇ, ਛਾਤੀ, ਗਰਦਨ ਅਤੇ ਚਿਹਰੇ 'ਤੇ ਫੇਰਦਾ ਰਹਿੰਦਾ ਸੀ। ਮੈਨੂੰ ਹਮੇਸ਼ਾ ਇਸ ਤਰ੍ਹਾਂ ਜਾਪਦਾ ਸੀ ਕਿ ਉਸਦੇ ਹੱਥ ਸਿਰਫ਼ ਉੱਪਰ ਵੱਲ ਨੂੰ ਹੀ ਚਲਦੇ ਸਨ, ਫੁਰਤੀ ਨਾਲ਼ ਹੇਠਾਂ ਜਾਣ ਦੀ ਹਰਕਤ ਦਿਖਾਈ ਨਹੀਂ ਦਿੰਦੀ ਸੀ। ਗੰਦਾ ਚਿਹਰਾ, ਕਰੜੀ-ਬਰੜੀ ਕਾਲ਼ੀ ਦਾਹੜੀ ਨਾਲ਼ ਢਕਿਆ ਹੋਇਆ ਵੀ ਹਮੇਸ਼ਾ ਇਸੇ ਤਰ੍ਹਾਂ ਹਰਕਤ ਵਿੱਚ ਰਹਿੰਦਾ ਸੀ। ਭਰਵੱਟੇ ਵਾਰ-ਵਾਰ ਸੁੰਗੜਦੇ ਰਹਿੰਦੇ, ਨਾਸਾਂ ਸੁੜ-ਸੁੜ ਕਰਦੀਆਂ ਰਹਿੰਦੀਆਂ ਅਤੇ ਥੁੱਕ ਨਾਲ਼ ਲਿੱਬੜੇ ਹੋਏ ਬੁੱਲ ਇੱਕੋ ਹੀ ਗਾਲ਼ ਬੁੜਬੁੜਾਉਂਦੇ ਰਹਿੰਦੇ, ਨੁਕੀਲੀ ਘੰਡੀ ਉੱਤੇ-ਥੱਲੇ ਹੁੰਦੀ ਰਹਿੰਦੀ, ਇੱਕੋ-ਇੱਕ ਚੀਜ਼ ਜਿਹੜੀ ਸਦਾ ਸਥਿਰ ਰਹਿੰਦੀ ਸੀ ਉਹ ਸੀ ਉਸਦੀਆਂ ਕਾਲ਼ੀਆਂ ਅੱਖਾਂ ਦੀ ਝਾਕਣੀ, ਕਿਸੇ ਅੰਨ੍ਹੇ ਦੀਆਂ ਅੱਖਾਂ ਵਾਂਗ। ਗਰਮੀ ਹੋਵੇ ਜਾਂ ਸਰਦੀ ਉਹ ਹਰ ਮੌਸਮ ਵਿੱਚ ਨਮਦੇ ਦੇ ਵੱਡੇ ਬੂਟ ਅਤੇ ਭੇਡ ਦੀ ਖੱਲ ਦਾ ਕੋਟ ਪਹਿਨਦਾ ਜਿਸਦੇ ਬਟਨ ਖੁੱਲੇ ਹੁੰਦੇ, ਪਤਲੂਨ ਮੋਟੇ ਖੱਦਰ ਦੀ ਗੂੜ੍ਹੇ ਨੀਲੇ ਰੰਗ ਦੀ

ਹੁੰਦੀ ਅਤੇ ਕਮੀਜ਼ ਵੀ ਉਸੇ ਕੱਪੜੇ ਦੀ ਹੁੰਦੀ ਤੇ ਉਸਦਾ ਕਾਲਰ ਹਮੇਸ਼ਾ ਖੁੱਲ੍ਹਾ ਅਤੇ ਫਟਿਆ ਹੋਇਆ ਹੁੰਦਾ ਸੀ, ਜਿਸ ਨਾਲ਼ ਉਸ ਦੀਆਂ ਹੰਸ ਦੀਆਂ ਹੱਡੀਆਂ ਦਿਸਦੀਆਂ ਰਹਿੰਦੀਆਂ ਜਿਹਨਾਂ ਵਿਚਲੇ ਖੱਡਿਆਂ ਦਾ ਮਾਸ ਅਜੀਬ ਢੰਗ ਨਾਲ਼ ਫੜਕਦਾ ਰਹਿੰਦਾ ਸੀ। ਉਸਦੀ ਚਾਲ ਢਿੱਲੜ ਜਿਹੀ ਸੀ, ਜਾਪਦਾ ਸੀ ਕਿ ਉਹ ਕਿਸੇ ਵੀ ਸਮੇਂ ਟੁਕੜੇ-ਟੁਕੜੇ ਹੋ ਕੇ ਡਿੱਗ ਪਵੇਗਾ ਅਤੇ ਉਸਦਾ ਜੱਤਲ਼ ਸਿਰ ਸੜਕ ਦੇ ਨਾਲ਼-ਨਾਲ਼ ਰਿੜਨਾ ਸ਼ੁਰੂ ਕਰ ਦੇਵੇਗਾ।

ਉਸਦੀਆਂ ਅੱਖਾਂ ਦੀ ਸਥਿਰਤਾ ਅਤੇ ਖਾਸ ਕਰ ਉਸਦੇ ਹੱਥਾਂ ਤੋਂ, ਜਿਹੜੇ ਹਰ ਚੀਜ਼ ਨੂੰ ਲਗਾਤਾਰ ਟਟੋਲਦੇ ਰਹਿੰਦੇ ਸਨ, ਜਿਵੇਂ ਕਿ ਉਹ ਪਤਾ ਕਰਨਾ ਚਾਹੁੰਦਾ ਹੋਵੇ ਕਿ ਕੀ ਇਹ ਚੀਜ਼ ਅਸਲੀਅਤ ਵਿੱਚ ਹੈ ਜਾਂ ਨਹੀਂ, ਇੱਕ ਭਿਆਨਕਪਣ ਦਾ ਅਹਿਸਾਸ ਹੁੰਦਾ ਸੀ। ਉਸਦੀ ਇਸ ਆਦਤ ਨੇ ਮੇਰੇ ਅੰਦਰ ਜਗਿਆਸਾ ਪੈਦਾ ਕਰ ਦਿੱਤੀ।

ਆਮ ਲੋਕ ਉਸਤੋਂ ਡਰੇ-ਸਹਿਮੇ ਰਹਿੰਦੇ ਸਨ, ਨੱਕ-ਬੁੱਲ ਚੜ੍ਹਾ ਕੇ ਉਸਦੇ ਰਾਹ ਚੋਂ ਪਾਸੇ ਹਟ ਜਾਂਦੇ, ਪਰ ਸ਼ਰਾਰਤੀ ਨਿਆਣੇ ਉਸਦੇ ਪਿੱਛੇ ਰੌਲ਼ਾ ਪਾਉਂਦੇ ਹੋਏ ਭੱਜਦੇ: "ਤੇਰੀ ਜੇਬ੍ਹ 'ਚ ਮੌਤ! ਇਗੋਸ਼ਾ, ਤੇਰੀ ਜੇਬ੍ਹ 'ਚ ਮੌਤ!"

ਉਹ ਆਪਣੀ ਕੋਟ ਦੀ ਜੇਬ੍ਹ ਵਿੱਚ ਹੱਥ ਪਾਉਂਦਾ ਜਿਸ ਵਿੱਚ ਰੋੜੀਆਂ ਹੁੰਦੀਆਂ ਅਤੇ ਇੱਕੋ ਜਿੰਨੀ ਕੁਸ਼ਲਤਾ ਨਾਲ਼ ਸੱਜੇ ਅਤੇ ਖੱਬੇ ਦੋਹਾਂ ਹੱਥਾਂ ਨਾਲ਼ ਰੋੜੀਆਂ ਬੱਚਿਆਂ ਵੱਲ ਵਗਾਹ ਕੇ ਮਾਰਦਾ। ਇਸ ਤਰ੍ਹਾਂ ਕਰਦੇ ਹੋਏ ਉਹ ਇੱਕੋ ਗਾਲ਼ ਕੱਢਦਾ ਰਹਿੰਦਾ ਅਤੇ ਜਦੋਂ ਰੋੜੀਆਂ ਖ਼ਤਮ ਹੋ ਜਾਂਦੀਆਂ ਤਾਂ ਦੰਦ ਕਚੀਚਦਾ ਅਤੇ ਭੇੜੀਏ ਵਾਂਗੂੰ ਗੁਰਰਾਉਂਦਾ।

ਇੱਕ ਹੋਰ ਪਾਗਲ ਗਰੀਨਿਯਾ ਲੋਬਾਸਤੋਵ ਸੀ। ਉਹ ਬਸੰਤ ਅਤੇ ਗਰਮੀਆਂ ਵਿੱਚ, ਜਦੋਂ ਮੌਸਮ ਸਾਫ਼ ਹੁੰਦਾ, ਸਿਰਫ਼ ਉਦੋਂ ਹੀ ਦਿਖਾਈ ਦਿੰਦਾ ਸੀ। ਉਹ ਸਤੂਦੇਨੀ ਸੜਕ 'ਤੇ ਆਪਣੇ ਘਰ ਦੇ ਦਰਵਾਜ਼ੇ ਦੇ ਸਾਹਮਣੇ ਬੈਂਚ 'ਤੇ ਬੈਠਾ ਰਹਿੰਦਾ ਅਤੇ ਉਸਦੇ ਹੱਥਾਂ ਵਿੱਚ ਦੋ ਕੂਲ਼ੇ ਜਿਹੇ ਛੋਟੇ-ਛੋਟੇ ਡੰਡੇ ਹੁੰਦੇ। ਅਥੱਕ, ਪੂਰੀ ਫੁਰਤੀ ਅਤੇ ਕੁਸ਼ਲਤਾ ਨਾਲ਼ ਉਹ ਇਹਨਾਂ ਡੰਡਿਆਂ ਨੂੰ ਆਪਣੀਆਂ ਉਂਗਲਾਂ ਵਿੱਚ ਘੁਮਾਉਂਦਾ ਰਹਿੰਦਾ, ਜਿਵੇਂ ਕਿ ਇਹ ਜਾਨਣ ਦੀ ਕੋਸ਼ਿਸ਼ ਕਰ ਰਿਹਾ ਹੋਵੇ ਕਿ ਕੀ ਇਹ ਡੰਡੇ ਉਸਦੇ ਹੱਥਾਂ ਨਾਲ਼ ਛੇਵੀਂ ਉਂਗਲ ਬਣ ਕੇ ਲੱਗ ਸਕਦੇ ਹਨ ਜਾਂ ਨਹੀਂ। ਮਧਰਾ, ਮੋਟਾ, ਹਮੇਸ਼ਾ ਸਾਫ਼-ਸੁਥਰਾ, ਸਫ਼ੈਦ ਕੱਪੜੇ ਪਹਿਨੀ, ਕੋਮਲ, ਜਨਾਨਾ ਚਿਹਰਾ ਅਤੇ ਨਰਮ ਤੇ ਚਿੱਟੀ ਦਾੜ੍ਹੀ ਵਾਲ਼ਾ ਇਹ ਵਿਅਕਤੀ ਆਪਣੀਆਂ ਛੋਟੀਆਂ ਬੇਰੰਗ ਅੱਖਾਂ ਨਾਲ਼ ਅਸਮਾਨ ਦੇ ਨੀਲੇ ਖਲਾਅ ਨੂੰ ਤੱਕਦਾ ਰਹਿੰਦਾ ਸੀ, ਇੱਕ ਅਜੀਬ ਜਿਹੀ ਮੁਸਕਾਨ ਉਸਦੇ ਬੁੱਲਾਂ 'ਤੇ ਖੇਡਦੀ ਰਹਿੰਦੀ। ਇਹ ਇੱਕ ਅਜਿਹੇ ਵਿਅਕਤੀ ਦੀ ਸ਼ਰਮੀਲੀ ਜਿਹੀ ਮੁਸਕਾਨ ਸੀ ਜਿਸਨੇ ਕੋਈ ਖ਼ਾਸ ਭੇਤ ਜਾਣ ਲਿਆ ਹੋਵੇ ਅਤੇ ਬਹੁਤ ਘਬਰਾਇਆ ਹੋਵੇ। ਉਹ ਗੂੰਗਾ ਸੀ। "ਸਾਧਾਰਣ" ਲੋਕ ਉਸਨੂੰ "ਰੱਬ ਦਾ ਬੰਦਾ" ਕਿਹਾ ਕਰਦੇ ਸਨ, ਅਤੇ ਕਈ ਤਾਂ ਇਸ ਸਾਫ਼-ਸੁਥਰੇ ਪਾਗਲ ਬੰਦੇ ਅੱਗੇ ਸ਼ਰਧਾ ਨਾਲ਼ ਝੁਕ ਜਾਂਦੇ ਸਨ।

ਅਜਿਹਾ ਹੀ ਇੱਕ ਹੋਰ, ਰੇਓਤੋਵ, ਫਾਨੇ ਵਰਗੀ ਦਾੜ੍ਹੀ ਵਾਲ਼ਾ ਮਧਰਾ ਜਿਹਾ ਆਦਮੀ ਸੀ। ਗਰਮੀ ਹੋਵੇ ਜਾਂ ਸਰਦੀ ਉਹ ਕਦੇ ਟੋਪੀ ਨਹੀਂ ਸੀ ਪਹਿਨਦਾ। ਉਸਦੀ ਲੰਬੂਤਰੀ ਜਿਹੀ ਖੋਪੜੀ 'ਤੇ ਵਿਰਲੇ ਜਿਹੇ ਮੋਟੇ-ਮੋਟੇ ਵਾਲ਼ ਸਨ। ਉਸਦੇ ਲੰਮੇ ਚਿਹਰੇ 'ਤੇ ਹਾਸੋਹੀਣੇ ਢੰਗ

ਨਾਲ਼ ਮੁੜਿਆ ਹੋਇਆ ਕੁੰਡੀ ਵਰਗਾ ਨੱਕ ਸੀ।

ਉਹ ਸਿਰ ਝੁਕਾ ਕੇ ਚਲਦਾ ਸੀ ਜਿਵੇਂ ਕਿਸੇ ਚਿੰਤਾ ਵਿੱਚ ਡੁੱਬਿਆ ਹੋਵੇ, ਬਾਹਾਂ ਉਸਦੀਆ ਝੂਲਦੀਆਂ ਰਹਿੰਦੀਆਂ ਸਨ। ਜਦੋਂ ਉਸ ਨੇ ਕਿਸੇ ਨੂੰ ਰਾਹ ਛੱਡਣਾ ਹੁੰਦਾ ਤਾਂ ਸੁੰਗੜ ਕੇ ਕਿਸੇ ਕੰਧ ਨਾਲ਼ ਜਾਂ ਵਾੜ ਨਾਲ਼ ਚਿਪਕ ਜਾਂਦਾ। ਜੇਕਰ ਰਾਹਗੀਰ ਉਸਨੂੰ ਛੂਹ ਜਾਂਦਾ ਤਾਂ ਉਹ ਦੇਰ ਤੱਕ ਬੜੇ ਧਿਆਨ ਨਾਲ਼ ਆਪਣੇ ਕੱਪੜਿਆਂ 'ਤੇ ਹੱਥ ਫੇਰਕੇ ਕੁਝ ਪੂੰਝਦਾ ਰਹਿੰਦਾ—ਕੋਈ ਅਜਿਹੀ ਚੀਜ਼ ਜੋ ਕੇਵਲ ਉਸੇ ਨੂੰ ਦਿਖਾਈ ਦਿੰਦੀ ਸੀ। ਉਹ ਇੱਕ ਅਮੀਰ ਬਜਾਜ ਦਾ ਪੁੱਤਰ ਸੀ ਅਤੇ ਬੜੇ ਸ਼ੌਕ ਨਾਲ਼ ਥਿਏਟਰ ਦੇਖਣ ਜਾਇਆ ਕਰਦਾ ਸੀ ਅਤੇ ਸੀਜ਼ਨ ਦੇ ਸਮੇਂ ਤਾਂ ਉਹ ਹਰ ਸ਼ਾਮ ਗੈਲਰੀ ਵਿੱਚ ਹੀ ਬਿਤਾਉਂਦਾ।

"ਸਾਧਾਰਣ" ਲੋਕਾਂ ਦਾ ਉਸ ਵੱਲ ਘੱਟ ਹੀ ਧਿਆਨ ਜਾਂਦਾ ਸੀ ਕਿਉਂਕਿ ਨਾ ਤਾਂ ਉਹ ਬਹੁਤ ਕਰੂਪ ਸੀ, ਨਾ ਡਰਾਉਣਾ ਸੀ ਅਤੇ ਨਾ ਹੀ ਉਸਦੇ ਪਾਗਲਪਣ ਵਿੱਚ ਕੋਈ ਦਿਲਚਸਪ ਗੱਲ ਸੀ।

ਸ਼ਹਿਰ ਵਿੱਚ ਹੋਰ ਵੀ ਕਈ "ਸਿੱਧਰੇ" ਸਨ, ਅਤੇ ਇਹ ਮੌਕਾ ਮੇਲ਼ ਦੀ ਹੀ ਗੱਲ ਹੈ ਕਿ ਉਹ ਸਾਰੇ ਖਾਂਦੇ-ਪੀਂਦੇ ਜਾਂ ਅਮੀਰ ਘਰਾਂ ਦੇ ਲੜਕੇ-ਲੜਕੀਆਂ ਸਨ। ਇਸ ਗੱਲ ਵੱਲ ਮੇਰਾ ਖਾਸ ਤੌਰ 'ਤੇ ਧਿਆਨ ਗਿਆ ਸੀ।

ਪਰ ਮੀਸ਼ਾ ਤਿਊਲੇਨੇਵ ਨੇ ਮੈਨੂੰ ਸਭ ਤੋਂ ਜ਼ਿਆਦਾ ਪ੍ਰਭਾਵਿਤ ਕੀਤਾ। ਦਰਮਿਆਨਾ ਕੱਦ, ਸਿਰ 'ਤੇ ਗੰਦੇ ਵਾਲ਼ਾਂ ਦਾ ਛੱਤਾ, ਜਿਸਦੇ ਵਾਲ਼ ਉਸਦੀ ਗਰਦਨ ਅਤੇ ਵੱਡੇ-ਵੱਡੇ ਕੰਨਾਂ ਪਿੱਛੇ ਫੈਲੇ ਰਹਿੰਦੇ ਤੇ ਉਹ ਪਦ ਤੋਂ ਹਟਾਏ ਕਿਸੇ ਪਾਦਰੀ ਵਰਗਾ ਜਾਪਦਾ। ਉਸਦੀਆਂ ਉੱਭਰੀਆਂ ਗੱਲ੍ਹਾਂ ਦੀਆਂ ਹੱਡੀਆਂ 'ਤੇ ਕਸੀ ਹੋਈ ਚਮੜੀ ਅਤੇ ਸ਼ੇਵ ਕੀਤੀਆਂ ਗੱਲ੍ਹਾਂ ਮਿੱਟੀ ਰੰਗੀਆਂ ਸਨ। ਗੋਲ਼, ਉੱਲੂ ਵਰਗੀਆਂ, ਧੁੰਦਲੀਆਂ ਹਰੀਆਂ ਅੱਖਾਂ ਸੰਘਣੇ ਭਰਵੱਟਿਆਂ ਹੇਠੋਂ ਹਲਕੀਆਂ ਜਿਹੀਆਂ ਟਿਮਟਿਮਾਉਂਦੀਆਂ ਰਹਿੰਦੀਆਂ ਸਨ। ਉਸਦਾ ਨੱਕ ਮੋਟਾ, ਗੰਢਲ਼ ਅਤੇ ਨਾਸਾਂ ਫੁੱਲੀਆਂ ਹੋਈਆਂ ਸਨ। ਉਸਦੇ ਲਮਕਦੇ ਮੋਟੇ ਬੁੱਲ ਫਟੇ ਹੋਏ ਅਤੇ ਲਹੂ ਨਾਲ਼ ਲਿੱਬੜੇ ਰਹਿੰਦੇ ਜਿਵੇਂ ਵੱਢੇ ਹੋਣ, ਅਤੇ ਸ਼ੇਵ ਕੀਤੀ ਗੱਲ੍ਹ 'ਤੇ ਵੀ ਖ਼ੂਨ ਲੱਗਿਆ ਹੁੰਦਾ। ਉਸਦਾ ਭਾਰੀ ਊਨੀ ਓਵਰਕੋਟ ਧੁੱਪਾਂ ਤੇ ਮੀਹਾਂ ਦਾ ਝੰਬਿਆ ਲੀਰੋ-ਲੀਰ ਹੋਇਆ ਹੁੰਦਾ, ਜਿਸ ਕਰਕੇ ਉਸਦੇ ਜੋੜਾਂ ਦਾ ਚਿੱਟਾ ਧਾਗਾ ਸਾਫ਼ ਦਿਖਾਈ ਦਿੰਦਾ, ਜੋ ਲਹਿਰੀਆ ਕਢਾਈ ਵਰਗਾ ਜਾਪਦਾ।

ਉਸਦੇ ਕੋਟ ਦੇ ਸਾਰੇ ਬਟਨ ਗਾਇਬ ਸਨ, ਜੇਬਾਂ ਫਟੀਆਂ ਹੋਈਆਂ ਸਨ, ਲਾਈਨਿੰਗ ਉੱਧੜੀ ਹੋਈ ਸੀ ਅਤੇ ਅੰਦਰਲੀ ਰੂੰ ਦੇ ਗੁੱਛੇ ਬਾਹਰ ਨੂੰ ਨਿਕਲ਼ੇ ਹੋਏ ਸਨ। ਅੰਦਰ ਉਹ ਘਸਮੈਲੇ ਰੰਗ ਦੀ ਜਾਕਟ ਅਤੇ ਵਾਸਕਟ ਪਹਿਨਦਾ ਸੀ, ਪਰ ਉਸਦੀ ਪਤਲੂਨ ਵਾਂਗ ਉਹਨਾਂ ਦੇ ਵੀ ਬਟਨ ਟੁੱਟੇ ਹੁੰਦੇ। ਉਹ ਹਮੇਸ਼ਾ ਨਾਲ਼ੇ ਦੇ ਕਿਨਾਰੇ-ਕਿਨਾਰੇ ਚੱਲਦਾ, ਪੂਰਾ ਜ਼ੋਰ ਲਗਾ ਕੇ ਆਪਣੇ ਮੋਟੇ ਤਲੇ ਤੇ ਟੁੱਟੀ ਅੱਡੀ ਵਾਲ਼ੇ ਬੂਟਾਂ ਨੂੰ ਚੁੱਕਦਾ ਜਿਵੇਂ ਕਿ ਡੂੰਘੀ ਬਰਫ਼ ਜਾਂ ਰੇਤ ਵਿੱਚ ਆਪਣਾ ਰਾਹ ਬਣਾ ਰਿਹਾ ਹੋਵੇ। ਆਪਣਾ ਖੱਬਾ ਹੱਥ ਵਾਸਕਟ ਦੇ ਹੇਠਾਂ ਆਪਣੇ ਸੀਨੇ 'ਤੇ ਰੱਖਦਾ, ਸੱਜੇ ਹੱਥ ਨੂੰ ਝੁਲਾਉਂਦਾ ਰਹਿੰਦਾ ਅਤੇ ਮੁੱਠੀ ਵਿੱਚ ਇੱਕ ਰੋੜਾ ਘੁੱਟ ਕੇ ਫੜੀ

ਰੱਖਦਾ।

ਜਦੋਂ ਵੀ ਉਹ ਕਿਸੇ ਔਰਤ ਨੂੰ ਆਪਣੇ ਵੱਲ ਆਉਂਦੇ ਵੇਖਦਾ ਤਾਂ ਉਸਨੂੰ ਪੱਥਰ ਦਿਖਾ ਕੇ ਧਮਕਾਉਂਦਾ, ਘੁਰਕਦਾ ਅਤੇ ਅਜੀਬ ਜਿਹੀਆਂ ਅਵਾਜਾਂ ਕੱਢ ਕੇ ਬੁੜਬੁੜਾਉਂਦਾ। ਉਹ ਭਿਆਨਕ ਹੱਦ ਤੱਕ ਘਿਣਾਉਣਾ ਸੀ, ਤੇ ਆਮ ਲੋਕ ਉਸਨੂੰ ਬਰਦਾਸ਼ਤ ਨਹੀਂ ਕਰਦੇ ਸਨ। ਜਦੋਂ ਕਦੇ ਵੀ ਉਹ ਕਿਸੇ ਮੁੱਖ ਸੜ੍ਹਕ 'ਤੇ ਦਿਸ ਪੈਂਦਾ ਤਾਂ ਪੁਲਿਸ ਵਾਲ਼ੇ ਤੇ ਕੋਚਵਾਨ ਉਸਨੂੰ ਛਾਂਟੇ ਮਾਰ ਕੇ ਇਸ ਤਰ੍ਹਾਂ ਭਜਾ ਦਿੰਦੇ ਜਿਵੇਂ ਉਹ ਕੋਈ ਅਵਾਰਾ ਕੁੱਤਾ ਹੋਵੇ। ਤਿਊਲੇਨੇਵ ਆਪਣਾ ਕੋਟ ਸਿਰ 'ਤੇ ਖਿੱਚ ਲੈਂਦਾ ਅਤੇ ਬੇਢਬੇ ਢੰਗ ਨਾਲ਼ ਸਾਨ੍ਹ-ਘੋੜੇ ਵਾਂਗ ਲੰਮੀਆਂ-ਲੰਮੀਆਂ ਟਪੂਸੀਆਂ ਮਾਰਦਾ ਭੱਜ ਨਿੱਕਲ਼ਦਾ।

ਮੈਨੂੰ ਉਹ ਅਕਸਰ ਸ਼ਹਿਰ ਤੋਂ ਬਾਹਰ ਕਿਤੇ ਖੇਤਾਂ ਵਿੱਚ, ਜਾਂ ਕਿਲੇ ਦੇ ਮੀਨਾਰਾਂ ਦੇ ਪਰਛਾਵੇਂ ਹੇਠ ਕੰਧਾਂ ਨਾਲ਼ ਦੁਬਕ ਕੇ ਬੈਠਾ ਹੋਇਆ ਮਿਲ਼ਿਆ ਕਰਦਾ ਸੀ। ਉਹ ਮੇਰੇ ਅੰਦਰ ਵੀ ਘ੍ਰਿਣਾ ਦੀ ਭਾਵਨਾ, ਇੱਥੋਂ ਤੱਕ ਕਿ ਦੁਸ਼ਮਣੀ ਦੀ ਭਾਵਨਾ ਜਗਾ ਦਿੰਦਾ। ਮੈਨੂੰ ਜਾਪਦਾ ਕਿ ਉਹ ਪਖੰਡ ਕਰ ਰਿਹਾ ਹੈ, ਜਾਣ-ਬੁੱਝ ਕੇ ਆਪਣੇ ਪੈਰਾਂ ਨੂੰ ਇਸ ਢੰਗ ਨਾਲ਼ ਉੱਪਰ ਚੁੱਕਦਾ ਜਿਵੇਂ ਦਲਦਲ ਵਿੱਚ ਚੱਲ ਰਿਹਾ ਹੋਵੇ।

ਸ਼ੀਸ਼ੇ ਵਰਗੀਆਂ ਉਸਦੀਆਂ ਹਰੀਆਂ ਅੱਖਾਂ ਦੀ ਪਥਰੀਲੀ ਲਿਸ਼ਕ ਤੋਂ ਵੀ ਮੈਨੂੰ ਘ੍ਰਿਣਾ ਹੁੰਦੀ ਸੀ। ਇੱਕ ਵਾਰੀ ਚਾਨਣੀ ਰਾਤ ਵਿੱਚ ਮੈਂ ਉਸਨੂੰ ਸੰਤ ਨਿਕੋਲਸ ਦੇ ਗਿਰਜੇ ਦੇ ਵਿਹੜੇ ਵਿੱਚ ਦੇਖਿਆ। ਜਿਵੇਂ ਹੀ ਮੈਂ ਵਿਹੜੇ ਵਿੱਚ ਦਾਖਿਲ ਹੋਇਆ, ਮੈਨੂੰ ਠੱਕ-ਠੱਕ ਦੀ ਅਵਾਜ਼ ਸੁਣਾਈ ਦਿੱਤੀ, ਤਦ ਗਿਰਜੇ ਦੇ ਨਾਲ਼ ਦੀ ਇੱਕ ਇਮਾਰਤ ਦੇ ਪਰਛਾਵੇਂ ਵਿੱਚ ਮੈਂ ਵੇਖਿਆ ਜਿਵੇਂ ਕੋਈ ਆਦਮੀ ਕੰਧ 'ਤੇ ਮੁੱਕੇ ਮਾਰ ਰਿਹਾ ਹੋਵੇ। ਇਹ ਤਿਊਲੇਨੇਵ ਸੀ, ਜੋ ਆਪਣੀ ਛਾਤੀ ਪਿੱਟ ਰਿਹਾ ਸੀ। ਮੈਂ ਅਜੇ ਉਸ ਕੋਲ਼ ਪਹੁੰਚਿਆ ਵੀ ਨਹੀਂ ਸੀ ਕਿ ਉਹ ਕੰਧ ਨਾਲ਼ ਤਿਲਕ ਕੇ ਜ਼ਮੀਨ 'ਤੇ ਬੈਠ ਗਿਆ ਅਤੇ ਕੁਝ ਬੁੜਬੁੜਾਉਣ ਲੱਗ ਪਿਆ। ਉਸਦੇ ਮੋਟੇ ਬੁੱਲ ਹਿੱਲਦੇ ਅਤੇ ਕੁਝ ਪਚਾਕੇ ਜਿਹੇ ਮਾਰਦੇ ਸਾਫ਼ ਦਿਸ ਰਹੇ ਸਨ।

"ਛਿ-ਚ-ਚੁ" ਐਨਾ ਕੁ ਹੀ ਸਮਝ ਆਇਆ।

ਚੌਕੜੀ ਮਾਰ ਕੇ ਬੈਠਦਿਆਂ ਮੈਂ ਉਸਨੂੰ ਧਿਆਨ ਨਾਲ਼ ਸੁਣਿਆ। ਮੈਨੂੰ ਜਾਪਿਆ ਕਿ ਜਿਵੇਂ ਉਹ ਕੋਈ ਸ਼ਬਦ ਬੋਲਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਉਸ ਤੋਂ ਬੋਲਿਆ ਨਹੀਂ ਜਾ ਰਿਹਾ। ਉਹ ਅੱਖਾਂ ਬੰਦ ਕਰੀ ਬੈਠਾ ਸੀ ਤੇ ਆਪਣੀ ਛਾਤੀ ਅਜੇ ਵੀ ਪਿੱਟ ਰਿਹਾ ਸੀ ਪਰ ਮੁੱਕੇ ਹੁਣ ਪਹਿਲਾਂ ਨਾਲ਼ੋਂ ਹੌਲ਼ੀ ਵੱਜ ਰਹੇ ਸਨ। ਮੈਂ ਜਿਵੇਂ ਹੀ ਉਸਦੇ ਮੋਢੇ ਨੂੰ ਛੂਹਿਆ, ਉਸ ਨੇ ਇੱਕ ਹੱਥ ਨਾਲ਼ ਮੈਨੂੰ ਪਰੇ ਧੱਕ ਦਿੱਤਾ ਅਤੇ ਦੂਜੇ ਨਾਲ਼ ਜ਼ਮੀਨ ਟਟੋਲਣ ਲੱਗ ਪਿਆ, ਸ਼ਾਇਦ ਆਪਣਾ ਪੱਥਰ ਲੱਭਣ ਲਈ। ਹੁਣ ਉਹ ਜ਼ਿਆਦਾ ਉੱਚੀ ਅਤੇ ਵਧੇਰੇ ਸਪੱਸ਼ਟ ਢੰਗ ਨਾਲ਼ ਬੁੜਬੁੜਾ ਰਿਹਾ ਸੀ:

"ਛੈਤਾਨ-ਚੱਲ-ਚੁੱਪ-ਛੈਤਾਨ, ਚੱਲ-ਚੁੱਪ।"

ਇਸਤੋਂ ਬਾਅਦ ਉਹ ਖੜਾ ਹੋਇਆ, ਪਰਛਾਵੇਂ ਚੋਂ ਨਿਕਲ਼ ਕੇ ਚਾਨਣੀ ਵਿੱਚ ਗਿਆ, ਝੁਕ ਕੇ ਇੱਕ ਪੱਥਰ ਚੁੱਕਿਆ ਅਤੇ ਜ਼ੋਰ-ਜ਼ੋਰ ਨਾਲ਼ ਪੈਰ ਮਾਰਦਾ ਬਾਹਰ ਚਲਾ ਗਿਆ।

ਮੈਂ ਗਿਰਜੇ ਦੀਆਂ ਪੌੜੀਆਂ ਉੱਤੇ ਬੈਠ ਗਿਆ ਤੇ ਇੱਕ ਸਿਗਰਟ ਸੁਲਘਾ ਲਈ। ਤੀਲੀ ਦੀ ਰੌਸ਼ਨੀ ਦੇਖ ਕੇ ਚੌਂਕੀਦਾਰ ਮੇਰੇ ਕੋਲ਼ ਆਇਆ ਅਤੇ ਕਹਿਣ ਲੱਗਿਆ:

"ਮੀਸ਼ੇ ਤੋਂ ਛੁਟਕਾਰਾ ਦਿਲਾਉਣ ਲਈ ਸ਼ੁਕਰੀਆ। ਮੈਨੂੰ ਉਸ ਤੋਂ ਡਰ ਲੱਗਦਾ ਹੈ— ਖਿੱਚ ਕੇ ਪੱਥਰ ਮਾਰ ਦੇਵੇ ਤਾਂ ਬੰਦਾ ਉੱਥੇ ਹੀ ਢੇਰ ਹੋ ਜਾਵੇ।"

ਉਸ ਬਜ਼ੁਰਗ ਨੇ ਮੈਨੂੰ ਦੱਸਿਆ ਕਿ ਤਿਉਲੇਨੇਵ ਅਕਸਰ ਉੱਥੇ ਆਉਂਦਾ ਸੀ, ਕੰਧ ਲਾਗੇ ਖੜ੍ਹਦਾ, ਅਤੇ ਬੁੜ-ਬੁੜ ਕਰਦਾ ਹੋਇਆ ਸਾਰਾ ਸਮਾਂ ਆਪਣੀ ਛਾਤੀ ਪਿੱਟਦਾ ਰਹਿੰਦਾ ਸੀ।

"ਕਹਿੰਦੇ ਨੇ ਉਹ ਜਮਾਂਦਰੂ ਪਾਗਲ ਨਹੀਂ ਸੀ।" ਉਸਨੇ ਗੱਲ ਅੱਗੇ ਤੋਰੀ।

ਇਹ ਤਾਂ ਸਾਰੇ ਕਹਿੰਦੇ ਸਨ ਕਿ ਤਿਉਲੇਨੇਵ ਅਤੇ ਉਸ ਵਰਗੇ ਕਈ ਹੋਰ ਜਨਮ ਤੋਂ ਹੀ ਅਜਿਹੇ ਨਹੀਂ ਸਨ ਪਰ ਮੈਨੂੰ ਕਦੇ ਇਸ ਗੱਲ ਦਾ ਪਤਾ ਨਹੀਂ ਲੱਗ ਸਕਿਆ ਕਿ ਉਹਨਾਂ ਦੇ ਮਾਨਸਿਕ ਰੋਗ ਦਾ ਕਾਰਣ ਕੀ ਸੀ ਜਦਕਿ ਮੈਂ ਸ਼ਹਿਰ ਦੇ ਕਈ ਬਜ਼ੁਰਗਾਂ ਤੋਂ ਇਸ ਬਾਰੇ ਪੁੱਛਗਿੱਛ ਕੀਤੀ ਸੀ।

ਮੈਨੂੰ "ਸਾਧਾਰਣ" ਲੋਕਾਂ ਨਾਲ਼ੋਂ ਇਹ ਸਿੱਧਰੇ ਅਤੇ "ਰੱਬ ਦੇ ਬੰਦੇ" ਜ਼ਿਆਦਾ ਦਿਲਚਸਪ ਜਾਪਦੇ ਸਨ। ਇਹ ਬਿਲਕੁਲ ਸੁਭਾਵਿਕ ਹੀ ਸੀ, ਕਿਉਂਕਿ ਮੈਂ ਦੇਖਿਆ ਕਿ ਸਧਾਰਨ ਲੋਕ ਖਾਣ-ਪੀਣ, ਬੱਚੇ ਪੈਦਾ ਕਰਨ ਅਤੇ ਸੌਣ ਵਰਗੀਆਂ ਕੁਝ ਮੂਲ ਪ੍ਰਕਿਰਿਆਵਾਂ ਤੱਕ ਹੀ ਆਪਣੀਆਂ ਜ਼ਿੰਦਗੀਆਂ ਸੀਮਤ ਕਰ ਲੈਂਦੇ ਸਨ। ਮੈਂ ਇਹ ਵੀ ਦੇਖਿਆ ਕਿ ਹੋਰਾਂ ਲੋਕਾਂ ਦੀ ਲੁੱਟ-ਖਸੁੱਟ, ਸੌਦੇਬਾਜ਼ੀ, ਧੋਖਾਧੜੀ ਅਤੇ ਜ਼ਾਅਲਸਾਜੀ ਦੁਆਰਾ ਇਹਨਾਂ ਪ੍ਰਕਿਰਿਆਵਾਂ ਦੇ ਸਮਤਲ ਪ੍ਰਵਾਹ ਨੂੰ ਸੁਨਿਸ਼ਚਿਤ ਕੀਤਾ ਜਾਂਦਾ ਸੀ। ਕੁੱਲ ਮਿਲਾ ਕੇ "ਸਧਾਰਨ" ਲੋਕਾਂ ਦਾ ਜੀਵਨ "ਪਾਪੀ" ਕੂੜ-ਕਬਾੜ ਨਾਲ਼ ਨੱਕੋ-ਨੱਕ ਭਰਿਆ ਰਹਿੰਦਾ ਸੀ। ਆਪਣੇ ਪਾਪਾਂ ਦਾ ਖੁਦ ਉਹਨਾਂ ਨੂੰ ਵੀ ਹਲਕਾ ਜਿਹਾ ਅਹਿਸਾਸ ਸੀ, ਅਤੇ ਇਸੇ ਲਈ ਇਹ ਲੋਕ ਬੁੱਧਵਾਰ ਅਤੇ ਸ਼ੁੱਕਰਵਾਰ ਨੂੰ ਵੈਸ਼ਨੂੰ ਭੋਜਨ ਖਾਂਦੇ ਸਨ, ਅਤੇ ਰੱਬ ਅੱਗੇ ਆਪਣੀ ਪਾਪੀ ਜ਼ਿੰਦਗੀ ਦੀ ਬਦਹਾਲੀ ਦਾ ਰੋਣਾ ਰੋਣ ਲਈ ਤੇ ਭੁੱਲਾਂ ਬਖਸ਼ਾਉਣ ਲਈ ਹਰ ਸ਼ਨੀਵਾਰ ਤੇ ਐਤਵਾਰ ਨੂੰ ਗਿਰਜੇ ਜਾਂਦੇ ਸਨ। ਉਹ ਵਰਤ ਰੱਖਦੇ, ਪਾਦਰੀ ਸਾਹਮਣੇ ਪਾਪ ਸਵੀਕਾਰ ਕਰਦੇ ਅਤੇ ਯੂਖਾਰਿਸਤ* ਵਿੱਚ ਭਾਗ ਲੈਂਦੇ ਸਨ, ਤੇ ਦੂਜੇ ਪਾਸੇ ਲਗਾਤਾਰ ਉਹਨਾਂ ਲੋਕਾਂ ਦਾ ਲਹੂ ਚੂਸਦੇ ਜਿਹਨਾਂ ਨੂੰ ਜਬਰੀ "ਸਧਾਰਨ" ਜੀਵਨ ਦੀ ਸਾਂਭ-ਸੰਭਾਲ ਅਤੇ ਖੁਸ਼ਹਾਲੀ ਦੇ ਕੰਮ ਵਿੱਚ ਲਗਾਇਆ ਹੋਇਆ ਸੀ। ਇਹ "ਸਾਧਾਰਣ" ਜੀਵਨ ਜਿਉਣ ਵਾਲੇ ਹਰੇਕ ਸਖ਼ਸ਼ ਕੋਲ਼ ਪੂਰਵ-ਧਾਰਣਾਵਾਂ, ਭੈਅ ਅਤੇ ਅੰਧ-ਵਿਸ਼ਵਾਸਾਂ ਦਾ ਇੱਕ ਛੋਟਾ ਪਰ ਉਲੰਘਣਾ-ਰਹਿਤ ਭੰਡਾਰ ਹੁੰਦਾ ਸੀ ਅਤੇ ਆਤਮ-ਰੱਖਿਆ ਦੀ ਇਸ ਸਮੁੱਚੀ ਸਮੱਗਰੀ ਨੂੰ ਰੱਬ ਅਤੇ ਸ਼ੈਤਾਨ ਦੇ ਭਾਵਹੀਣ ਵਿਸ਼ਵਾਸ ਅਤੇ ਮਨੁੱਖੀ ਵਿਵੇਕ ਪ੍ਰਤੀ ਪੂਰਨ ਬੇਯਕੀਨੀ ਨਾਲ਼ ਜੋੜ ਦਿੱਤਾ ਜਾਂਦਾ ਸੀ।

ਸ਼ਹਿਰ ਵਿੱਚ 90,000 "ਸਾਧਾਰਣ" ਲੋਕ ਸਨ, ਪਰ ਫਿਰ ਵੀ ਕਾਫ਼ੀ ਮਾਹਿਰ ਅਭਿਨੇਤਾ

* ਈਸਾ ਮਸੀਹ ਦੇ ਅੰਤਿਮ ਭੋਜਨ ਦੀ ਯਾਦ ਵਿੱਚ ਰਾਤ ਦਾ ਖਾਣਾ —ਅਨੁ.

ਸ਼ਹਿਰ ਦੇ ਖਾਲੀ ਥਿਏਟਰਾਂ ਵਿੱਚ ਹੀ ਨਾਟਕ ਖੇਡਿਆ ਕਰਦੇ ਸਨ।

ਸਿੱਧਰਾ ਰੇਊਤੋਵ ਸਾਰੇ ਨਾਟਕ ਦੇਖਦਾ ਸੀ, ਮੇਰੇ ਲਈ ਇਹ ਕੁਝ ਮਜ਼ਾਕੀਆ ਜਿਹੀ ਗੱਲ ਸੀ। ਮੈਨੂੰ ਜਾਪਦਾ ਕਿ "ਰੱਬ ਦੇ ਬੰਦੇ" ਲੇਬਾਸਤੋਵ ਦਾ ਅਸਮਾਨ ਨੂੰ ਤੱਕਣਾ ਉਹਨਾਂ ਲੋਕਾਂ ਦੇ ਵਿਚਾਰਾਂ ਨਾਲੋਂ ਵਧੇਰੇ ਨਿਰਲੇਪ ਹੈ ਜਿਹੜੇ ਇਹ ਸੋਚਦੇ ਹਨ ਕਿ ਖੁੰਭਾਂ ਤਾਰਿਆਂ ਨਾਲ਼ੋਂ ਜ਼ਿਆਦਾ ਉਪਯੋਗੀ ਹੁੰਦੀਆਂ ਹਨ। "ਸਾਧਾਰਣ" ਲੋਕ ਆਪਣੇ ਘਰਾਂ ਦੀ ਮੁਰੰਮਤ ਕਰਦੇ ਜਾਂ ਨਵੇਂ ਘਰ ਬਣਾਉਂਦੇ ਤਾਂ ਉਹ ਵੀ ਪਹਿਲਾਂ ਵਾਂਗ ਹੀ ਸਿਕੰਜੇ ਵਰਗੇ ਅਤੇ ਭਾਰੀ-ਭਰਕਮ ਹੁੰਦੇ, ਜਦਕਿ ਇਗੋਸ਼ਾ ਲੜਖੜਾਉਂਦਾ ਹੋਇਆ ਗਲ਼ੀਆਂ ਵਿੱਚ ਘੁੰਮਦਾ, ਹਰ ਚੀਜ਼ ਨੂੰ ਹੱਥ ਲਾ ਕੇ ਮਹਿਸੂਸ ਕਰਦਾ, ਜਿਵੇਂ ਉਸਨੂੰ ਇੱਟਾਂ, ਲੱਕੜ ਅਤੇ ਧਰਤੀ ਦੀ ਮਜ਼ਬੂਤੀ 'ਤੇ ਕੋਈ ਸ਼ੱਕ ਹੋਵੇ।

ਜਵਾਨੀ ਦੇ ਰੋਮਾਂਸਵਾਦ ਨੇ ਮੈਨੂੰ ਇਸ ਕਾਬਿਲ ਬਣਾਇਆ ਕਿ ਮੈਂ "ਅਸਾਧਾਰਨ" ਲੋਕਾਂ ਨੂੰ ਅਜਿਹੇ ਗਿਆਨ ਅਤੇ ਭਾਵਨਾਵਾਂ ਦਾ ਰੰਗ ਦੇ ਸਕਿਆ ਜੋ ਹੋਰਾਂ ਲੋਕਾਂ ਦੀ ਪਹੁੰਚ ਅਤੇ ਅਨੁਭਵ ਤੋਂ ਪਰ੍ਹੇ ਸੀ।

"ਸਾਧਾਰਣ" ਲੋਕਾਂ ਵਿੱਚੋਂ ਸਮਝਦਾਰ ਲੋਕ ਇਹ ਦਾਅਵਾ ਕਰ ਸਕਦੇ ਹਨ ਕਿ ਮੈਂ ਮੂਰਖਾਂ ਤੋਂ ਸਿੱਖ ਰਿਹਾ ਸੀ।

ਇਹ ਸੱਚ ਹੈ—ਮੈਂ ਸਿੱਖਿਆ ਹੈ, ਪਰ ਕਾਫ਼ੀ ਦੇਰ ਬਾਅਦ ਅਤੇ ਉਹ ਵੀ ਉਹਨਾਂ ਮੂਰਖਾਂ ਤੋਂ ਨਹੀਂ ਜਿਹਨਾਂ ਦਾ ਜ਼ਿਕਰ ਮੈਂ ਇੱਥੇ ਕੀਤਾ ਹੈ। ਆਮ ਤੌਰ 'ਤੇ ਦੁਨੀਆ ਵਿੱਚ ਕੁਝ ਵੀ ਅਜਿਹਾ ਨਹੀਂ ਹੈ ਜਿਸ ਤੋਂ ਕੁਝ ਸਿੱਖਿਆ ਨਾ ਜਾ ਸਕੇ। ਇਹ ਸੰਸਾਰ ਅਸਲ ਵਿੱਚ ਸਾਡਾ ਆਪਣਾ ਹੈ ਕਿਉਂਕਿ ਅਸੀਂ ਇਸ ਵਿੱਚ ਆਪਣੀ ਸਾਰੀ ਤਾਕਤ ਲਗਾਉਂਦੇ ਹਾਂ ਅਤੇ ਆਪਣੇ ਮਨੋਰਥਾਂ ਮੁਤਾਬਿਕ ਇਸਨੂੰ ਜੱਥੇਬੰਦ ਕਰਦੇ ਹਾਂ। ਆਪਣੀ ਪੂਰੀ ਸਮੁੱਚਤਾ ਵਿੱਚ ਇਹ ਸਾਡੇ ਲਈ ਅਧਿਐਨ-ਸਮੱਗਰੀ ਹੈ।

ਇਸ ਤਰ੍ਹਾਂ ਇੱਥੇ ਮੈਂ ਆਪਣੀ ਅੱਲੜ੍ਹ ਉਮਰ ਦੇ ਪ੍ਰਭਾਵਾਂ ਦੇ ਇੱਕ ਕ੍ਰਮ ਹੇਠ ਬੁੱਧੂ, ਸਿੱਧਰੇ ਅਤੇ ਆਮ ਤੌਰ 'ਤੇ ਪਾਗਲ ਕਹੇ ਜਾਣ ਵਾਲੇ ਲੋਕਾਂ ਦਾ ਜ਼ਿਕਰ ਕੀਤਾ ਹੈ। ਪਰ ਇਸਦੇ ਨਾਲ਼ ਹੀ ਇੱਕ ਹੋਰ ਸ਼੍ਰੇਣੀ ਦੇ ਪ੍ਰਭਾਵ ਵੀ ਮੇਰੇ ਮਨ 'ਤੇ ਅਸਰ ਪਾ ਰਹੇ ਸਨ।

ਨੀਜ਼ਨੀ ਨੋਵਗੋਰੋਦ ਵਪਾਰੀਆਂ ਦਾ ਸ਼ਹਿਰ ਸੀ। ਇਸ ਸ਼ਹਿਰ ਬਾਰੇ ਇੱਕ ਕਹਾਵਤ ਹੈ ਕਿ "ਇਸਦੇ ਘਰ ਪੱਥਰਾਂ ਦੇ ਅਤੇ ਆਦਮੀ ਲੋਹੇ ਦੇ ਬਣੇ ਹੋਏ ਹਨ।"

ਇਹਨਾਂ "ਲੋਹ-ਪੁਰਸ਼ਾਂ" ਦਾ "ਸਾਧਾਰਣ" ਰਹਿਣ-ਸਹਿਣ ਉਹਨਾਂ ਲੋਕਾਂ ਨੂੰ ਭਲੀ-ਭਾਂਤ ਪਤਾ ਸੀ ਜਿਹਨਾਂ ਵਿੱਚ ਮੈਂ "ਘੁੰਮਿਆ" ਕਰਦਾ ਸਾਂ, ਜਿਵੇਂ ਕੋਈ ਲਾਟੂ "ਘੁੰਮਦਾ" ਹੈ। ਇੱਕ ਚਾਲਕ ਸ਼ਕਤੀ ਤੇ ਬੇਚੈਨ ਤਾਂਘ ਮੈਨੂੰ ਉਹ ਗੱਲਾਂ ਸਮਝਣ ਲਈ ਉਤਸ਼ਾਹਿਤ ਕਰਦੀ ਸੀ ਜੋ ਮੇਰੀ ਸਮਝ ਤੋਂ ਬਾਹਰ ਸਨ ਅਤੇ ਮੇਰੇ ਅੰਦਰ ਕ੍ਰੋਧ ਦੀ ਭਾਵਨਾ ਜਗਾਉਂਦੀ ਸੀ। ਕੋਚਵਾਨ, ਨਰਸਾਂ, ਚੌਂਕੀਦਾਰ, ਘਰ ਦੀਆਂ ਨੌਕਰਾਣੀਆਂ ਅਤੇ ਇਹਨਾਂ "ਲੋਹ-ਪੁਰਸ਼ਾਂ" ਦੀ ਸੇਵਾ ਕਰਨ ਵਾਲ਼ੇ ਦੂਜੇ ਨੌਕਰ ਉਹਨਾਂ ਬਾਰੇ ਦੋ ਤਰੀਕਿਆਂ ਨਾਲ਼ ਗੱਲ ਕਰਿਆ ਕਰਦੇ ਸਨ: ਬਪਤਿਸਮਾ ਦੇਣ ਜਾਂ ਨਾਮਕਰਨ ਦੀਆਂ ਪਾਰਟੀਆਂ ਦਾ, ਆਪਣੇ ਮਾਲਿਕਾਂ ਦੁਆਰਾ

ਦਿੱਤੇ ਗਏ ਵਿਆਹ ਜਾਂ ਕਿਰਿਆ-ਕਰਮ ਦੇ ਭੋਜ ਦਾ ਵਰਨਣ ਉਹ ਮੁੱਖ-ਗਿਰਜੇ ਵਿੱਚ ਬਿਸ਼ਪ ਦੁਆਰਾ ਮਨਾਏ ਜਾਂਦੇ ਮਹਾਨ ਉਤਸਵਾਂ ਵਾਂਗ ਹੀ ਪੂਰੇ ਆਦਰ ਅਤੇ ਸ਼ਰਧਾ ਨਾਲ਼ ਕਰਦੇ ਸਨ। ਪਰ ਜਦੋਂ ਇਹਨਾਂ "ਲੋਹ-ਪੁਰਸ਼ਾਂ" ਦੀ ਨਿੱਤ-ਦਿਹਾੜੀ ਦੀ ਜ਼ਿੰਦਗੀ ਬਾਰੇ ਗੱਲ ਹੁੰਦੀ ਤਾਂ ਇਹਨਾਂ ਦੇ ਇਹ ਨੌਕਰ-ਚਾਕਰ ਡਰ ਅਤੇ ਰੋਸ, ਉਲਝਣ ਅਤੇ ਨਿਰਾਸ਼ਾ ਅਤੇ ਕਦੇ-ਕਦੇ ਤਾਂ ਦੱਬਵੀਂ ਖੁਣਸ ਨਾਲ਼ ਉਹਨਾਂ ਦੀ ਚਰਚਾ ਕਰਦੇ।

ਆਪਣੀ ਮਾਨਸਿਕ ਬਨਾਵਟ ਵਿੱਚ ਇਹ ਨੌਕਰ "ਸਾਧਾਰਣ" ਲੋਕਾਂ ਨਾਲ਼ ਬਹੁਤ ਮਿਲ਼ਦੇ ਜੁਲਦੇ ਸਨ, ਪਰ "ਲਿਖਤਾਂ ਦਾ ਮਾਹਿਰ ਨੌਜਵਾਨ" ਹੋਣ ਕਾਰਨ ਮੈਂ ਉਹਨਾਂ ਦੀਆਂ ਕਹਾਣੀਆਂ ਵਿੱਚ ਉਹ ਲਹਿਰਾਂ ਵੀ ਦੇਖ ਲਿਆ ਕਰਦਾ ਸਾਂ ਜੋ ਸਤ੍ਹਾ ਤੋਂ ਹੇਠਾਂ ਵਹਿੰਦੀਆਂ ਸਨ।

ਮੈਂ ਉਹਨਾਂ ਦੇ ਮਾਲਿਕਾਂ ਦੀਆਂ ਜ਼ਿੰਦਗੀਆਂ 'ਤੇ ਛਾਏ ਪ੍ਰੇਤ ਨੂੰ ਸਾਫ਼-ਸਾਫ਼ ਦੇਖ ਸਕਦਾ ਸੀ, ਜਿਹੜੀਆਂ ਕਿ ਸਰੀਰ ਅਤੇ ਆਤਮਾ ਦੇ ਸੰਘਰਸ਼ ਦੇ ਨਾਟਕ 'ਤੇ ਟਿਕੀਆਂ ਹੋਈਆਂ ਸਨ। ਸਰੀਰ ਪਲ਼ਦਾ ਸੀ ਭਾਰੀ ਭੋਜਨ—ਪੱਤਾ ਗੋਭੀ ਦਾ ਸੂਪ, ਮੱਘ ਦਾ ਮਾਸ ਅਤੇ ਛੱਤੀ ਪ੍ਰਕਾਰ ਦੇ ਸਮੋਸਿਆਂ ਉੱਤੇ, ਅਤੇ ਇਹਨਾਂ ਪਕਵਾਨਾਂ ਨੂੰ ਚਾਹ, ਕਵਾਸ ਅਤੇ ਵੋਦਕਾ ਦੇ ਡਰੰਮਾਂ ਨਾਲ਼ ਗਲ਼ੇ ਤੋਂ ਹੇਠਾਂ ਉਤਾਰਿਆ ਜਾਂਦਾ ਸੀ, ਅਤੇ ਉਸ ਸਰੀਰ ਦੀ ਘਿਸਾਈ ਹੁੰਦੀ ਸੀ ਭਰਪੂਰ ਕਸਰਤ ਨਾਲ਼ ਜਿਸਦਾ ਸੰਬੰਧ "ਖਾਨਦਾਨ ਅੱਗੇ ਵਧਾਉਣ" ਨਾਲ਼ ਹੁੰਦਾ ਸੀ, ਵਰਤ ਜਿਸਨੂੰ ਕਾਬੂ ਵਿੱਚ ਰੱਖਦੇ ਸਨ ਅਤੇ ਵਪਾਰ ਸੰਬੰਧੀ ਕੰਮਾਂ-ਕਾਰਾਂ ਵਿੱਚ ਜਕੜਿਆ ਰਹਿੰਦਾ ਸੀ। ਇਹ ਸਭ ਕੁਝ ਸਰੀਰ ਨੂੰ ਦਸ ਜਾਂ ਵੀਹ ਕੁ ਸਾਲਾਂ ਦੇ ਵਕਫ਼ੇ ਲਈ "ਆਤਮਾ" ਦੇ ਅਧੀਨ ਰੱਖਦਾ ਸੀ।

ਪੌਸ਼ਟਿਕ ਭੋਜਨ ਹੜੱਪ ਕੇ, ਹੋਰਾਂ ਵੱਲ ਕਠੋਰ ਅਤੇ ਨਿਰਦਈ ਵਤੀਰੇ ਵਾਲ਼ਾ, ਉਹ "ਲੋਹ" ਪੁਰਸ਼ ਧਾਰਮਿਕ ਹਲੀਮੀ ਵਿੱਚ ਜੀਵਨ ਬਿਤਾਉਂਦਾ, ਥਿਏਟਰ ਅਤੇ ਸੰਗੀਤ-ਸਮਾਰੋਹਾਂ ਤੋਂ ਭੱਜਦਾ, ਮਨੋਰੰਜਨ ਲਈ ਗਿਰਜੇ ਜਾਂਦਾ, ਭਜਨ-ਮੰਡਲੀਆਂ ਅਤੇ ਗੜਕਵੀਂ ਅਵਾਜ਼ ਵਾਲੇ ਪਾਦਰੀਆਂ ਨੂੰ ਸੁਣਦਾ, ਤੇ ਘਰ ਵਿੱਚ ਉਹ ਇਸਦਾ ਬਦਲ ਭਾਫ਼ ਵਾਲੇ ਗੁਸਲਖਾਨੇ ਵਿੱਚ ਮਨ ਬਹਿਲਾਉਣ, ਤਾਸ਼ ਖੇਡਣ, ਸ਼ਰਾਬਨੋਸ਼ੀ ਕਰਨ ਅਤੇ ਸੋਹਣੀ ਜਿਹੀ ਦਾੜ੍ਹੀ ਵਧਾਉਣ ਵਿੱਚ ਲੱਭਦਾ।

ਇੱਕ ਕਹਾਵਤ ਹੈ ਕਿ ਧੌਲ਼ੀ ਦਾੜ੍ਹੀ ਵਾਲ਼ੇ ਕਮੀਨੇ ਵਰਗਾ ਕੋਈ ਕਮੀਨਾ ਨਹੀਂ ਹੁੰਦਾ, ਜਦੋਂ "ਆਤਮਾ" ਸਰੀਰ ਦੇ ਨਖ਼ਰਿਆਂ ਅੱਗੇ ਝੁਕ ਜਾਂਦੀ ਹੈ। ਫਿਰ ਇੱਕ ਅਜਿਹਾ ਅਭਾਗਾ ਦਿਨ ਆਉਂਦਾ ਹੈ ਜਦੋਂ ਇਹ ਚੰਗੀ ਭਲੀ ਜ਼ਿੰਦਗੀ ਤਾਸ਼ ਦੇ ਪੱਤਿਆਂ ਦੇ ਮਹਿਲ ਵਾਂਗ ਖਿੰਡ-ਪੁੰਡ ਜਾਂਦੀ ਹੈ। ਮਸਲਨ ਜਦੋਂ ਇਹ ਸੁਣਨ ਵਿੱਚ ਆਉਂਦਾ ਹੈ ਕਿ ਕਿਸੇ "ਲੋਹ-ਪੁਰਸ਼" ਨੇ ਨਾਬਾਲਿਗ ਕੁੜੀਆਂ ਨੂੰ ਵਰਗਲਾਉਣ ਦਾ ਸਜ਼ਾ ਯੋਗ ਅਪਰਾਧ ਕੀਤਾ ਹੈ, ਜਦਕਿ ਉਹ ਵਿਆਹਿਆ ਹੋਇਆ ਹੈ ਅਤੇ ਉਸਦੀ ਪਤਨੀ ਅਜੇ ਤੱਕ ਖ਼ੂਬਸੂਰਤ ਹੈ ਤੇ ਖ਼ੁਦ ਉਸ ਦੀਆਂ ਕੁੜੀਆਂ ਵਿਆਹੁਣ-ਲਾਇਕ ਹਨ। ਇਹਨਾਂ ਕੁੜੀਆਂ ਦਾ ਇੱਜ਼ਤ-ਮਾਣ ਬਚਾਉਣ ਲਈ ਉਸਦੀ ਨੇਕਨੀਅਤ ਅਤੇ ਭਲੀਮਾਣਸ ਪਤਨੀ ਉਸ ਦੁਸ਼ਟ ਕਾਮੀ ਨੂੰ ਕਹਿੰਦੀ

ਹੈ:

"ਹੁਣ ਕੀ ਕਰੀਏ ? ਸਾਡੀਆਂ ਜਵਾਨ ਧੀਆਂ ਨੇ, ਤੇ ਜੇ ਉਹਨਾਂ ਦਾ ਪਿਓ ਸਜ਼ਾ ਭੁਗਤ ਰਿਹਾ ਹੋਵੇ ਤਾਂ ਉਹਨਾਂ ਨਾਲ਼ ਵਿਆਹ ਕੌਣ ਕਰੂਗਾ ? ਤੂੰ ਜ਼ਹਿਰ ਕਿਉਂ ਨਹੀਂ ਖਾ ਲੈਂਦਾ ?"

ਅਪਰਾਧੀ ਕਾਨੂੰਨੀ ਕਾਰਵਾਈ ਸ਼ੁਰੂ ਹੋਣ ਤੋਂ ਕੁਝ ਦਿਨ ਪਹਿਲਾਂ "ਜ਼ਹਿਰ" ਖਾ ਲੈਂਦਾ ਅਤੇ "ਮੁਲਜ਼ਮ ਦੀ ਮੌਤ ਦੇ ਮੱਦੇ-ਨਜ਼ਰ" ਮੁਕੱਦਮਾ ਖ਼ਾਰਿਜ ਹੋ ਜਾਂਦਾ।

ਹੁਣ ਇੱਕ ਹੋਰ "ਲੋਹ-ਪੁਰਸ਼" ਦੀ ਉਦਾਹਰਣ ਲਓ ਜਿਸਦੀ ਵਾਸਨਾ ਅਤੇ ਜ਼ਹਿਰੀਲੇ ਸੁਭਾਅ ਨੇ ਉਸਦੀਆਂ ਤਿੰਨ ਪਤਨੀਆਂ ਨੂੰ ਕਬਰਾਂ ਵਿੱਚ ਪਹੁੰਚਾ ਦਿੱਤਾ ਸੀ। ਹੁਣ ਕਿਉਂਕਿ ਚਰਚ ਵੱਲੋਂ ਚੌਥੇ ਵਿਆਹ ਦੀ ਮਨਾਹੀ ਸੀ ਅਤੇ ਘਰ 'ਚ ਰਖੇਲ ਰੱਖਣੀ ਉਸਨੇ ਠੀਕ ਨਹੀਂ ਸਮਝਿਆ, ਇਸ ਲਈ ਉਸਨੇ ਆਪਣੇ ਪੁੱਤਰ ਦਾ ਵਿਆਹ ਕਰ ਦਿੱਤਾ, ਵਿਆਹ ਦੇ ਭੋਜ ਵਿੱਚ ਉਸਨੂੰ ਸ਼ਰਾਬ ਨਾਲ਼ ਧੁੱਤ ਕਰਕੇ ਤਹਿਖਾਨੇ ਵਿੱਚ ਬੰਦ ਕਰ ਦਿੱਤਾ ਅਤੇ ਵਿਆਹ ਵਾਲ਼ੀ ਰਾਤ ਨੂੰ ਉਸਦੀ ਜਗ੍ਹਾ ਲੈ ਲਈ।

ਜਦੋਂ ਪੁੱਤਰ ਨੇ ਪਿਓ ਦਾ ਵਿਰੋਧ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਬੇਰਹਿਮੀ ਨਾਲ਼ ਮਾਰਿਆ ਕੁੱਟਿਆ ਗਿਆ, ਅਤੇ ਫਿਰ ਉਹ ਘਰੋਂ ਭੱਜ ਗਿਆ ਤੇ ਕਦੇ ਮੁੜ ਕੇ ਨਾ ਆਇਆ। ਪਿਓ ਨੇ ਹੌਲ਼ੀ-ਹੌਲ਼ੀ ਆਪਣੇ ਚੌਥੇ ਸ਼ਿਕਾਰ ਨੂੰ ਵੀ ਮੌਤ ਦੇ ਮੂੰਹ ਵਿੱਚ ਧੱਕ ਦਿੱਤਾ ਅਤੇ ਫਿਰ ਆਪਣੇ ਦੂਜੇ ਪੁੱਤਰ ਦਾ ਵੀ ਵਿਆਹ ਕਰ ਦਿੱਤਾ, ਜਿਹੜਾ ਪਹਿਲੇ ਨਾਲ਼ੋਂ ਵਧੇਰੇ ਨਿਮਰ ਨਿੱਕਲ਼ਿਆ ਅਤੇ ਉਸਨੇ ਬਿਨਾਂ ਕਿਸੇ ਵਿਰੋਧ ਤੋਂ ਆਪਣੇ ਵਿਆਹੁਤਾ ਅਧਿਕਾਰ ਛੱਡ ਦਿੱਤੇ। ਪਰ ਜਲਦੀ ਹੀ ਉਹ ਸ਼ਰਾਬ ਪੀਣ ਲੱਗ ਪਿਆ ਅਤੇ ਪੱਕਾ ਸ਼ਰਾਬੀ ਬਣ ਗਿਆ।

ਇਸ ਪਿਓ ਨਾਲ਼ ਮੇਰੀ ਜਾਣ-ਪਛਾਣ ਉਦੋਂ ਹੋਈ ਜਦੋਂ ਉਹ 82 ਸਾਲਾਂ ਦਾ ਸੀ, ਪਰ ਸਿਹਤਮੰਦ ਸੀ, ਉਸਦੀ ਪਿੱਠ ਸੂੰਬੇ ਵਾਂਗ ਬਿਲਕੁਲ ਸਿੱਧੀ ਸੀ ਅਤੇ ਸਾਰੇ ਦੰਦ ਠੀਕ-ਠਾਕ ਹਾਲਤ ਵਿੱਚ ਸਨ। ਉਸਦੀਆਂ ਜ਼ੁਅਰਤਮੰਦ ਅੱਖਾਂ ਵਿੱਚ ਅਜੇ ਵੀ ਸ਼ੈਤਾਨੀ ਚਮਕ ਰਹੀ ਸੀ। ਉਸਦੀ ਯਾਦਦਾਸ਼ਤ ਬਹੁਤ ਤੇਜ਼ ਸੀ ਅਤੇ ਸਾਰੇ ਮਨੁੱਖੀ ਪਾਪਾਂ ਦੀ ਉਸਨੂੰ ਵਿਸਥਾਰ ਸਹਿਤ ਜਾਣਕਾਰੀ ਸੀ ਅਤੇ ਇਸ ਗੱਲ ਦੀ ਵੀ ਕਿ ਨਰਕ ਵਿੱਚ ਉਹਨਾਂ ਲਈ ਕੀ-ਕੀ ਸਜ਼ਾਵਾਂ ਮਿਲਣਗੀਆਂ।

"ਜੋ ਮਰਜ਼ੀ ਕਹਿ ਲੈ ਭਰਾਵਾ, ਆਪਾਂ ਦੋਨੇ ਉੱਥੇ ਪੁੱਠੇ ਟੰਗੇ ਹੋਵਾਂਗੇ ਤੇ ਛੇ ਸੌ ਸਾਲਾਂ ਲਈ ਤਾਰਕੋਲ ਵਿੱਚ ਉਬਾਲ਼ੇ ਖਾਵਾਂਗੇ।" ਉਹ ਦਾਅਵਾ ਕਰਦਾ, ਆਪਣੀ ਬੇਬਾਕ ਅੱਖ ਦੱਬਦਾ ਤੇ ਟੁਣਕਦਾ ਹੋਇਆ ਬਨਾਉਟੀ ਹਾਸਾ ਹੱਸਦਿਆਂ ਪੁੱਛਦਾ: "ਪਰ ਇਹ ਕਿਵੇਂ ਹੋ ਸਕਦੈ ? ਤਸੀਹੇ ਤਾਂ ਆਤਮਾ ਨੂੰ ਮਿਲਣੇ ਚਾਹੀਦੇ ਨੇ, ਨਾ ਕਿ ਸਰੀਰ ਨੂੰ, ਪਰ ਆਤਮਾ ਦਾ ਨਾ ਤਾਂ ਮਾਸ ਹੁੰਦਾ ਹੈ ਅਤੇ ਨਾ ਹੀ ਹੱਡੀਆਂ, ਹੈਂ ?" ਇਸ ਸ਼ਰਾਰਤ ਭਰੇ ਸਵਾਲ 'ਤੇ ਉਹ ਠਾਹਕਾ ਮਾਰ ਕੇ ਹੱਸਦਾ ਤੇ ਉਸਦੀ ਅਵਾਜ਼ ਦੇਰ ਤੱਕ ਗੂੰਜਦੀ ਰਹਿੰਦੀ।

ਉਸਦੇ ਜਵਾਨੀ ਦੇ ਕਾਰਨਾਮਿਆਂ ਬਾਰੇ ਮੈਂ ਜਿਹੜੇ ਕਿੱਸੇ ਸੁਣੇ ਸਨ, ਉਹਨਾਂ 'ਤੇ ਮੈਂ ਉਵੇਂ ਹੀ ਯਕੀਨ ਨਹੀਂ ਕੀਤਾ, ਇਸ ਲਈ ਜਦੋਂ ਆਪਣੀ ਕਿਤਾਬ 'ਫੋਮਾ ਗੋਰਦੇਯੇਵ' ਵਿੱਚ ਮੈਂ ਉਸਨੂੰ ਅਨਾਨੀ ਸ਼ੂਰੋਵ ਦੇ ਨਾਂ ਨਾਲ਼ ਪੇਸ਼ ਕੀਤਾ ਤਾਂ ਉਸਦੇ ਕੁਕਰਮਾਂ ਦੀ ਸੰਖਿਆ ਕੁਝ

ਘੱਟ ਕਰ ਦਿੱਤੀ।

ਘਟੀਆ ਖੂਹ-ਦੇ-ਡੱਡੂ ਦੇ ਜੀਵਨ ਦੀ ਨੀਰਸ ਪਿੱਠਭੂਮੀ ਵਿੱਚ ਇਹ "ਲੋਹ-ਪੁਰਸ਼" ਜਿਹਨਾਂ ਨੂੰ "ਸਾਧਾਰਣ" ਮੰਨਿਆ ਜਾਂਦਾ ਸੀ, ਮੈਨੂੰ ਵਿਲੱਖਣ ਜਾਪਦੇ ਸਨ ਅਤੇ ਅਸਲ ਵਿੱਚ ਉਹ ਹੈ ਵੀ ਸਨ। ਗੋਰਦੇਈ ਚੇਰਨੋਵ ਦੀ ਕਹਾਣੀ ਮੈਨੂੰ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਲੱਗਦੀ ਸੀ।

ਉਹਦੇ ਬਾਰੇ ਇਹ ਗੱਲ ਮਸ਼ਹੂਰ ਸੀ ਕਿ ਵੋਲਗਾ ਦੀਆਂ ਸਾਰੀਆਂ ਸਨਕਾਂ ਅਤੇ ਪੁੱਠੀਆਂ-ਸਿੱਧੀਆਂ ਹਰਕਤਾਂ ਦਾ ਉਹ ਵਿਸ਼ੇਸ਼ ਗਿਆਨ ਰੱਖਦਾ ਹੈ। ਕਪਤਾਨ ਦੇ ਪੁਲ਼ 'ਤੇ ਖੜ੍ਹਾ ਹੋ ਕੇ ਉਹ ਮਾਲ-ਬੇੜੀਆਂ ਦਾ ਕਾਫ਼ਲਾ ਖਿੱਚਣ ਵਾਲੇ ਆਪਣੇ ਜਹਾਜ਼ ਨੂੰ ਵੋਲਗਾ ਦੇ ਖਿਸਕਵੇਂ ਬਰੇਤਿਆਂ ਵਿੱਚੋਂ ਸਹੀ ਵਹਿਣ ਲੱਭ ਕੇ ਇਸ ਤਰ੍ਹਾਂ ਸਫਾਈ ਨਾਲ਼ ਕੱਢ ਕੇ ਲੈ ਜਾਂਦਾ ਕਿ ਸਰਕਾਰੀ ਹਾਈਡ੍ਰੌਲਿਕ ਇੰਜੀਨੀਅਰ ਚੱਕਰਾਂ ਵਿੱਚ ਪੈ ਜਾਂਦੇ ਅਤੇ ਦੂਜੇ ਕਪਤਾਨਾਂ ਨੂੰ ਸ਼ਰਮ ਵੀ ਆਉਂਦੀ ਤੇ ਈਰਖਾ ਵੀ ਹੁੰਦੀ, ਕਿਉਂਕਿ ਸਹੀ ਰਾਹ ਨਾ ਲੱਭ ਹੋਣ ਕਾਰਨ ਉਹਨਾਂ ਨੂੰ ਆਪਣਾ ਸਮਾਨ ਡੂੰਘੇ ਪਾਣੀ ਵਾਲ਼ੇ ਜਹਾਜ਼ਾਂ ਵਿੱਚੋਂ ਲਾਹ ਕੇ ਘੱਟ ਪਾਣੀ ਵਿੱਚ ਚੱਲਣ ਵਾਲੇ ਬਜਰਿਆਂ ਵਿੱਚ ਲੱਦਣਾ ਪੈਂਦਾ। ਚੇਰਨੋਵ ਜਿਹੜੇ ਵੀ ਕੰਮ ਨੂੰ ਹੱਥ ਲਾਉਂਦਾ, ਉਸ ਨੂੰ ਕਾਮਯਾਬੀ ਜਰੂਰ ਮਿਲਦੀ, ਤੇ ਜਿਹੜੀਆਂ ਔਕੜਾਂ ਸਾਹਮਣੇ ਆਉਂਦੀਆਂ ਉਹ ਉਸਦੀਆਂ ਆਪਣੀਆਂ ਹੀ ਸਹੇੜੀਆਂ ਹੁੰਦੀਆਂ। ਇੱਕ ਵਾਰ ਉਸਨੇ ਬਹੁਤ ਜ਼ਿਆਦਾ ਭਾਰ ਢੋਣ ਦੀ ਸਮਰੱਥਾ ਵਾਲ਼ਾ ਇੱਕ ਬਜਰਾ ਬਣਾਇਆ। ਲੋਕਾਂ ਨੇ ਕਿਹਾ ਕਿ ਪਾਣੀ ਚਾਹੇ ਹੜ੍ਹ ਦੇ ਪੱਧਰ ਤੱਕ ਵੀ ਆ ਜਾਵੇ ਤਾਂ ਵੀ ਇਹ ਨਹੀਂ ਚੱਲ ਸਕਦਾ।

"ਚੱਲੂਗਾ, ਜਦੋਂ ਇਸਨੂੰ ਖਿੱਚਾਂਗੇ।" ਉਸਨੇ ਦਾਅਵਾ ਕੀਤਾ। ਪਰ ਉਹ ਗਲ਼ਤ ਸੀ, ਉਸਨੂੰ ਕਦੇ ਚਲਾਇਆ ਨਹੀਂ ਜਾ ਸਕਿਆ।

ਉਸਨੇ ਖੁਦ ਆਪਣੇ ਡਿਜ਼ਾਇਨ ਮੁਤਾਬਿਕ ਇੱਕ ਭੱਦਾ ਅਤੇ ਭੜਕੀਲਾ ਜਿਹਾ ਭਵਨ ਬਣਵਾਇਆ ਜਿਸ ਵਿੱਚ ਅਨੇਕਾਂ ਬੁਰਜੀਆਂ, ਗੁੰਬਦ ਅਤੇ ਪਿਆਜ ਵਰਗੀਆਂ ਗੋਲ਼ਾਕਾਰ ਛੱਤਾਂ ਸਨ ਅਤੇ ਇਹਨਾਂ ਨੂੰ ਉਸਨੇ ਭੜਕੀਲੇ ਰੰਗ ਕਰਵਾਏ, ਪਰ ਉਸ ਵਿੱਚ ਰਹਿਣ ਤੋਂ ਇਨਕਾਰ ਕਰ ਦਿੱਤਾ ਅਤੇ ਉਸਦੇ ਨਿਰਮਾਣ ਦੌਰਾਨ ਆਲ਼ੇ-ਦੁਆਲ਼ੇ ਖੜੀ ਕੀਤੀ ਵਾੜ ਉਸੇ ਤਰ੍ਹਾਂ ਛੱਡ ਦਿੱਤੀ। ਕਿਹਾ ਜਾਂਦਾ ਹੈ ਕਿ ਇੱਕ ਵਾਰ ਇੱਕ ਨੌਜਵਾਨ ਜਿਸਨੂੰ ਆਰਥੋਡਾਕਸ ਧਰਮ-ਵਿਦਿਆਲੇ ਨੇ ਕੱਢ ਦਿੱਤਾ ਸੀ, ਉਸ ਕੋਲ਼ ਨੌਕਰੀ ਲਈ ਆਇਆ। ਚੇਰਨੋਵ ਨੇ ਉਸ ਨੌਜਵਾਨ ਨੂੰ 15 ਰੂਬਲ ਤਨਖਾਹ 'ਤੇ ਜਹਾਜ਼ਾਂ ਵਿੱਚ ਅਨਾਜ ਲੱਦਣ ਲਈ ਸੂਰਾ ਨਦੀ ਭੇਜ ਦਿੱਤਾ। ਇੱਕ ਦਿਨ ਚੇਰਨੋਵ ਨੂੰ ਉਸ ਨੌਜਵਾਨ ਦੀ ਭੇਜੀ ਤਾਰ ਮਿਲ਼ੀ: "ਅਗਨਬੋਟ ਭੇਜੋ, ਪਾਣੀ ਦਾ ਪੱਧਰ ਘੱਟ ਰਿਹਾ ਹੈ।"

ਚੇਰਨੋਵ ਨੇ ਤਾਰ ਦਾ ਜਵਾਬ ਭੇਜਿਆ: "ਚੁੱਪ ਰਹਿ, ਬੇਵਕੂਫ, ਝੂਠਾ ਕਿਸੇ ਥਾਂ ਦਾ।" ਦੋ ਦਿਨ ਬਾਅਦ ਉਸ ਨੌਜਵਾਨ ਦਾ ਫਿਰ ਤਾਰ ਆਇਆ: "ਬਜਰੇ ਪਾਣੀ ਤੋਂ ਬਾਹਰ ਰੇਤੇ ਉੱਤੇ ਹਨ।" ਚੇਰਨੋਵ ਨੇ ਇਸਦਾ ਜਵਾਬ ਦਿੱਤਾ: "ਆ ਰਿਹਾਂ।" ਵਸੀਲਸੁਰਸਕ ਪਹੁੰਚ ਕੇ ਉਸਨੇ ਨੌਜਵਾਨ ਨੂੰ ਕਿਹਾ: "ਅੱਛਾ, ਬਹੁਤ ਖੁਸ਼ ਹੈਂ ਕਿ ਤੂੰ ਆਪਣੇ ਮਾਲਿਕ ਨਾਲੋਂ ਜ਼ਿਆਦਾ

ਸਿਆਣਾ ਨਿਕਲ਼ਿਆ ? ਚੱਲ ਤਿਆਰ ਹੋ ਜਾ, ਦੇਖਦੇ ਹਾਂ ਕੌਣ ਬਿਹਤਰ ਆਦਮੀ ਹੈ।” ਵੋਲਗਾ ਕਿਨਾਰੇ ਦੋਹਾਂ ਵਿੱਚ ਚੰਗੀ ਅਤੇ ਇਮਾਨਦਾਰ ਕੁਸ਼ਤੀ ਹੋਈ, ਲੋਕ ਖੜ੍ਹੇ ਤਮਾਸ਼ਾ ਦੇਖ ਰਹੇ ਸਨ ਤੇ ਨੌਜਵਾਨ ਨੇ ਆਪਣੇ ਮਾਲਿਕ ਨੂੰ ਪਟਕਾ ਕੇ ਭੁੰਜੇ ਮਾਰਿਆ।

“ਤੂੰ ਮੇਰੇ ਕੰਮ ਦਾ ਆਦਮੀ ਹੈਂ,” ਚੇਰਨੋਵ ਨੇ ਕਿਹਾ, “ਤੇਰੇ ਕੋਲ਼ ਦਿਮਾਗ ਵੀ ਹੈ ਅਤੇ ਤਾਕਤ ਵੀ। ਪਰੋਕੋਵਸਕਾਇਆ ਸਲੋਬੋਦਾ ਵਿੱਚ ਮੈਂ ਤੈਨੂੰ ਆਪਣੇ ਕਾਰੋਬਾਰ ਦਾ ਇੰਚਾਰਜ ਬਣਾਉਂਦਾ ਹਾਂ। ਤਨਖਾਹ 50 ਰੂਬਲ ਹੋਵੇਗੀ। ਚੰਗਾ ਕੰਮ ਕਰੇਂਗਾ ਤਾਂ ਹੋਰ ਵੀ ਮਿਲ਼ੇਗਾ।”

ਕਹਿੰਦੇ ਹਨ ਫਿਰ ਉਹ ਦੋਨੇ ਗੂੜ੍ਹੇ ਦੋਸਤ ਬਣ ਗਏ।

ਇਸ ਲੜਾਈ ਬਾਰੇ ਮੈਂ ਵਾਸੀਲਸੁਰਸਕ ਦੇ ਕਾਨੂੰਨ-ਪਸੰਦ ਨਾਗਰਿਕਾਂ ਤੋਂ ਸੁਣਿਆ ਸੀ ਅਤੇ ਉਹ ਵੀ ਪ੍ਰਸ਼ੰਸਾ ਕਰਦਿਆਂ।

ਜੇ ਕਿਸੇ ਹੋਰ ਆਦਮੀ ਨੇ ਇਸ ਤਰ੍ਹਾਂ ਦੇ ਭਵਨ ਨਿਰਮਾਣ ਦੇ ਤਜ਼ਰਬੇ ਕੀਤੇ ਹੁੰਦੇ ਜਾਂ ਅਜਿਹੇ ਝੱਲਿਆਂ ਵਾਲ਼ੇ ਮਜ਼ਾਕ ਕੀਤੇ ਹੁੰਦੇ ਤਾਂ ਲੋਕਾਂ ਨੇ ਉਸਨੂੰ ਪਾਗਲ ਕਹਿਣਾ ਸੀ ਪਰ ਚੇਰਨੋਵ ਨੂੰ ਉਹਨਾਂ ਨੇ “ਅਮਰੀਕੀ” ਉੱਪ-ਨਾਮ ਦਿੱਤਾ।

ਅਤੇ ਫਿਰ ਇੱਕ ਦਿਨ ਅਜਿਹਾ ਆਇਆ ਜਦੋਂ ਇਹ ਆਦਮੀ ਜਿਹੜਾ ਆਪਣੇ ਕਾਰੋਬਾਰ ਵਿੱਚ ਐਨਾ ਕਾਮਯਾਬ ਸੀ, ਤਾਕਤਵਰ ਤੇ ਖ਼ੂਬਸੂਰਤ ਸੀ ਅਤੇ ਰੰਗਰਲ਼ੀਆਂ ਮਨਾਉਂਦਾ ਸੀ, ਤਬਾਹ ਹੋ ਗਿਆ, ਆਪਣਾ ਕਾਰੋਬਾਰ ਛੱਡ ਦਿੱਤਾ ਅਤੇ ਆਪਣੇ ਪੁੱਤਰ ਤੇ ਧੀ ਨੂੰ ਕੁਝ ਵੀ ਦੱਸੇ ਬਿਨਾਂ ਲਾਪਤਾ ਹੋ ਗਿਆ। ਉਸਨੂੰ ਭਾਲਣ ਦੀਆਂ ਸਾਰੀਆਂ ਕੋਸ਼ਿਸ਼ਾਂ ਨਾਕਾਮ ਰਹੀਆਂ ਤਾਂ ਲੋਕਾਂ ਨੇ ਇਹ ਸੋਚ ਲਿਆ ਕਿ ਕਿਸੇ ਨੇ ਉਸਦਾ ਕਤਲ਼ ਕਰ ਦਿੱਤਾ ਹੋਵੇਗਾ। ਉਸਦੀ ਜਾਇਦਾਦ ਸਰਵਜਨਿਕ ਟਰੱਸਟ ਦੇ ਹਵਾਲੇ ਕਰ ਦਿੱਤੀ ਗਈ ਅਤੇ ਹਾਸੋਹੀਣੀ ਹੱਦ ਤੱਕ ਘੱਟ ਕੀਮਤ ’ਤੇ ਵੇਚ ਦਿੱਤੀ ਗਈ। ਲੈਣਦਾਰਾਂ ਅਤੇ ਕਰਮਚਾਰੀਆਂ ਦਾ ਪੂਰਾ ਭੁਗਤਾਨ ਕਰਨ ਤੋਂ ਬਾਅਦ ਵੀ ਚੇਰਨੋਵ ਦੇ ਬੱਚਿਆਂ ਲਈ ਲੱਖਾਂ ਰੂਬਲ ਬਚ ਗਏ।

1896 ਵਿੱਚ ਨੀਜ਼ਨੀ ਨੋਵਗੋਰੋਦ ਵਿਖੇ ਕੁੱਲ ਰੂਸੀ ਪ੍ਰਦਰਸ਼ਨੀ ਮੌਕੇ ਗੋਰਦੇਈ ਚੇਰਨੋਵ ਮੁੜ ਪ੍ਰਗਟ ਹੋਇਆ। ਉਹ ਇਸਾਈ ਭਿਕਸ਼ੂ ਬਣ ਗਿਆ ਸੀ ਅਤੇ ਪੁਰਾਣੇ ਏਥਨ ਮੱਠ ਤੋਂ “ਆਪਣੇ ਸ਼ਹਿਰ ਦਾ ਉਤਸਵ ਦੇਖਣ” ਆਇਆ ਸੀ ਅਤੇ ਉਸਨੇ ਦੇਖਿਆ ਵੀ। ਪੁਰਾਣੇ ਦੋਸਤਾਂ ਨਾਲ਼ ਜੀ ਭਰ ਕੇ ਸ਼ਰਾਬ ਦੇ ਕਈ ਦੌਰ ਚਲਾਉਣ ਤੋਂ ਬਾਅਦ ਉਹ ਆਪਣੇ ਇਸਾਈ ਮੱਠ ਵਿੱਚ ਵਾਪਸ ਪਰਤ ਗਿਆ, ਜਿੱਥੇ 1900 ਵਿੱਚ ਉਸਦੀ ਮੌਤ ਹੋ ਗਈ।

ਇੱਕ ਅਜਿਹੇ ਆਦਮੀ ਦੀ ਕਹਾਣੀ ਵਿੱਚ, ਜਿਸਨੇ “ਸਾਧਾਰਣ” ਜੀਵਨ ਤੋਂ ਮੂੰਹ ਮੋੜ ਲਿਆ ਸੀ ਅਤੇ ਐਨੀ ਸਹਿਜਤਾ ਨਾਲ਼ ਉਸਨੂੰ ਠੁਕਰਾ ਦਿੱਤਾ ਸੀ, ਮੇਰੀ ਦਿਲਚਸਪੀ ਬਹੁਤ ਵੱਧ ਗਈ। ਅ. ਅ. ਜ਼ੁਰੂਬਿਨ ਨੇ ਜਿਸ ਮਾਣ ਨਾਲ਼ ਚੇਰਨੋਵ ਦੀ ਕਹਾਣੀ ਮੈਨੂੰ ਸੁਣਾਈ ਸੀ ਉਸਦਾ ਵੀ ਮੇਰੇ ਮਨ ’ਤੇ ਬਹੁਤ ਡੂੰਘਾ ਅਸਰ ਪਿਆ। ਉਸਦੇ ਵਾਲ਼ ਸਫ਼ੈਦ ਸਨ ਤੇ ਉਸਦੀ ਉਮਰ ਵੀ ਕਾਫ਼ੀ ਸੀ। ਪਹਿਲਾਂ ਉਸਦਾ ਵੋਦਕਾ ਬਣਾਉਣ ਦਾ ਕਾਰਖਾਨਾ ਹੁੰਦਾ ਸੀ, ਪਰ ਬਾਅਦ ਵਿੱਚ ਦੀਵਾਲ਼ਾ ਨਿੱਕਲ਼ ਗਿਆ ਸੀ। ਉਹ ਕੁਝ ਦੇਰ ਜੇਲ੍ਹ ਵਿੱਚ ਵੀ ਰਿਹਾ ਪਰ ਫਿਰ ਲਿਓ ਤਾਲਸਤਾਏ ਦਾ ਪੱਕਾ ਭਗਤ ਅਤੇ ਬਲੂ-ਰਿਬਨ ਸੁਸਾਇਟੀ ਦਾ ਜੱਥੇਬੰਦਕ ਬਣ

ਗਿਆ। ਇੱਕ ਵਾਰ ਇਸ ਆਦਮੀ ਨੇ ਉਸ ਸਮੇਂ ਦੇ ਪ੍ਰਸਿੱਧ ਪਾਦਰੀ ਜੌਹਨ ਆੱਫ਼ ਕ੍ਰੋਨਸ਼ਤਾਦ ਦੇ ਪ੍ਰਸ਼ੰਸਕਾਂ ਦੀ ਭੀੜ ਵਿੱਚ ਉਸਨੂੰ "ਸਮਰਾਟ ਦੇ ਚਰਚ ਦਾ ਅਭਿਨੇਤਾ" ਕਿਹਾ ਸੀ। ਮੈਂ ਇਹ ਕਹਾਣੀ ਪਹਿਲਾਂ ਹੀ ਸੁਣਾ ਚੁੱਕਿਆ ਹਾਂ ਕਿ ਕਿਵੇਂ ਇਸ ਆਦਮੀ ਨੇ ਇੱਕ ਕੋਪੇਕ ਵਾਪਸ ਲੈਣ ਲਈ ਪੁਲਿਸ ਨੂੰ ਅਦਾਲਤ ਵਿੱਚ ਘਸੀਟਿਆ ਸੀ। ਉਹ ਇਸ ਮੁਕੱਦਮੇ ਨੂੰ ਸੈਨੇਟ ਤੱਕ ਲੈ ਗਿਆ ਅਤੇ ਜਦੋਂ ਨੀਜ਼ਨੀ ਨੋਵਗੋਰੋਦ ਗੁਬੇਰਨੀਆ ਦੇ ਗਵਰਨਰ ਨੇ ਜ਼ਰੂਬਿਨ ਦੇ ਪੱਖ ਵਿੱਚ ਹੋਏ ਫੈਸਲੇ 'ਤੇ ਪਾਬੰਦੀ ਲਗਾ ਦਿੱਤੀ ਤਾਂ ਇਸ ਬਜ਼ੁਰਗ ਨੇ ਗਵਰਨਰ ਨੂੰ ਮੁਖਾਤਿਬ ਹੁੰਦਿਆਂ ਕਿਹਾ: "ਕੀ ਤੁਹਾਨੂੰ ਸਾਡੇ ਉੱਤੇ ਇਸ ਲਈ ਨਿਯੁਕਤ ਕੀਤਾ ਗਿਆ ਹੈ ਕਿ ਤੁਸੀਂ ਖੁਦ ਕਾਨੂੰਨ ਤੋੜ ਸਕੋਂ ?" ਜ਼ਾਰ ਸਰਕਾਰ ਦਾ ਸ਼ਾਹੀ ਫੁਰਮਾਨ ਇੱਕ ਖੇਤਰੀ ਅਖ਼ਬਾਰ ਵਿੱਚ ਪ੍ਰਕਾਸ਼ਿਤ ਹੋਇਆ।

ਉਹਨਾਂ ਦਿਨਾਂ ਵਿੱਚ ਅਜਿਹੀਆਂ ਗੱਲਾਂ ਨੂੰ ਅਸਾਧਾਰਣ ਸਰਵਜਨਕ ਫਰਜ਼ ਮੰਨਿਆ ਜਾਂਦਾ ਸੀ।

ਜ਼ਰੂਬਿਨ ਇਕਲੌਤਾ ਆਦਮੀ ਨਹੀਂ ਸੀ ਜਿਸਨੇ ਮਾਣ ਨਾਲ਼ ਚੇਰਨੋਵ ਦੀ ਚਰਚਾ ਕੀਤੀ ਸੀ, ਉਸੇ ਅੰਦਾਜ਼ ਵਿੱਚ ਇਸ ਆਦਮੀ ਦੀ ਚਰਚਾ ਕਰਨ ਵਾਲ਼ੇ ਬਹੁਤ ਸਾਰੇ ਲੋਕ ਜਿਵੇਂ ਫੜ੍ਹ ਮਾਰਦੇ ਜਾਪਦੇ: "ਇਸ ਮਿੱਟੀ ਦੇ ਬਣੇ ਹੋਏ ਹਾਂ ਅਸੀਂ, ਸਮਝਿਆ ?"

ਅਤੇ ਮੈਂ ਸਮਝ ਗਿਆ। ਚਲਾਕ ਲੋਕ—ਵਕੀਲ, ਪੱਤਰਕਾਰ ਅਤੇ ਆਮ ਤੌਰ 'ਤੇ ਬੁੱਧੀਜੀਵੀ ਇਹਨਾਂ "ਲੋਹ-ਪੁਰਸ਼ਾਂ" ਦੀ ਸਨਕ ਨੂੰ ਓਸਤਰੋਵਸਕੀ ਦੇ ਗ਼ਜ਼ ਨਾਲ਼ ਮਿਣਦੇ ਸਨ ਅਤੇ ਦਾਅਵਾ ਕਰਦੇ ਸਨ ਕਿ ਉਹ ਕੇਵਲ "ਗਰਮੀ ਕੱਢ ਰਹੇ ਹਨ।" ਮੈਨੂੰ ਇਸ ਗੱਲ ਨਾਲ਼ ਕੋਈ ਮਤਲਬ ਨਹੀਂ ਸੀ ਕਿ ਲੋਕ ਕਿਸ ਵਜ੍ਹਾ ਨਾਲ਼ "ਗਰਮੀ ਕੱਢ ਰਹੇ ਹਨ" ਬਸ਼ਰਤੇ ਉਹ ਕੱਢ ਰਹੇ ਹੋਣ।

ਅਜਿਹੇ ਤੱਥ ਭਾਵੇਂ ਵਿਰਲੇ ਹੀ ਸਨ ਪਰ ਉਹਨਾਂ ਨਾਲ਼ ਇਹ ਅਹਿਸਾਸ ਤਾਂ ਹੁੰਦਾ ਹੀ ਸੀ ਕਿ ਜੀਵਨ ਵਿੱਚ ਤਬਦੀਲੀ ਕਰਨ ਦੀ ਲੋੜ ਹੈ। ਮੈਨੂੰ ਅਜਿਹਾ ਜਾਪਦਾ ਕਿ "ਲੋਹ-ਪੁਰਸ਼ਾਂ" ਵਿੱਚੋਂ ਕੁਝ ਅਜਿਹੇ ਵੀ ਲੋਕ ਹਨ ਜਿਹੜੇ ਪ੍ਰਵਾਨਿਤ ਚਲਣਾਂ ਨੂੰ ਅਪਨਾਉਣ ਲਈ ਤਿਆਰ ਨਹੀਂ ਸਨ, ਉਸਨੂੰ ਗੈਰ-ਕਾਨੂੰਨੀ ਸਗੋਂ ਕਈ ਤਾਂ "ਵਿਰੋਧੀ" ਵੀ ਮੰਨਦੇ ਸਨ, ਜਿਵੇਂ ਕਿ ਓਰਲੋਵ ਕਹਿੰਦਾ ਸੀ, ਜਿਹੜਾ ਕਿ ਨੇਚਾਯੇਵ* ਦਾ ਭਗਤ ਅਤੇ ਫਲਾਬੇਅਰ ਦੇ *Tentation de Saint Antoine* (ਸੰਤ ਐਂਟੋਨੀ ਦਾ ਪ੍ਰਲੋਭਨ) ਅਤੇ ਲਿਓਪਾਰਡੀ ਦੇ *Conversazione* ('ਗੱਲਬਾਤ') ਦਾ ਅਨੁਵਾਦਕ ਸੀ, ਕਿ ਵਾਸਤਵਿਕ ਜੀਵਨ ਮੰਡੀ ਵਿੱਚ ਮਾਲ ਵੇਚਣ ਵਾਲੀ ਔਰਤ ਵਾਂਗ ਡਾਵਾਂ-ਡੋਲ ਅਤੇ ਰਵਾਂਦਾਰ ਹੁੰਦਾ ਹੈ। ਮੇਰਾ ਇੱਕ ਮਿੱਤਰ ਯੇਜ਼ਦੋਕੋਵ, ਜਿਹੜਾ ਮਕਾਨਾਂ ਨੂੰ ਰੰਗਣ ਦਾ ਕੰਮ ਕਰਦਾ ਸੀ, ਤੀਸਰੀ ਮੰਜ਼ਿਲ 'ਤੇ ਆਪਣੀ ਪੌੜੀ ਉੱਤੇ ਖੜਾ ਹੋ ਕੇ ਚੀਕਵੀਂ ਆਵਾਜ਼ ਵਿੱਚ ਗਾਉਂਦਾ ਹੁੰਦਾ ਸੀ:

---

* ਨੇਚਾਯੇਵ ਸ. ਗ. (1847-1882) — ਇਨਕਲਾਬੀ ਸਾਜਿਸ਼ੀ, ਜਿਸਨੇ ਸੰਘਰਸ਼ ਦੇ ਦਹਿਸ਼ਤਗਰਦੀ ਅਤੇ ਮਾਅਰਕੇਬਾਜ਼ੀ ਵਾਲੇ ਹੋਰ ਕਈ ਢੰਗ ਤਰੀਕਿਆਂ ਦੀ ਵਰਤੋਂ ਕੀਤੀ।

"ਮੈਨੂੰ ਲੋੜ ਨਹੀਓਂ ਹੋਰ ਕਿਸੇ ਚੀਜ਼ ਦੀ
ਦੁਨੀਆ 'ਚ, ਤੇਰੇ ਤੋਂ ਸਿਵਾ।"

ਉਸ ਘਰ ਦਾ ਮਾਲਿਕ ਅਲੈਕਸੇਈ ਮੈਕਸੀਮੋਵਿਚ ਗੁਬਿਨ, ਗਿਰਜੇ ਦਾ ਵਾਰਡਨ, ਸਾਬਕਾ ਮੇਅਰ ਅਤੇ ਬੁੱਢਾ ਖਰੂਦੀ, ਜਿਸਨੇ ਕੁਝ ਸਮਾਂ ਪਹਿਲਾਂ ਹੀ ਪੂਜਾ ਵੇਲ਼ੇ ਗਿਰਜੇ ਦੇ ਪਾਦਰੀ ਨੂੰ ਕੁੱਟਿਆ ਸੀ, ਚੀਕਦਾ ਹੋਇਆ ਯੇਜ਼ਦੋਕੋਵ ਨੂੰ ਕਹਿੰਦਾ:

"ਕਿਹੜੇ ਇੱਕ ਦੀ ਗੱਲ ਕਰਦੈਂ ਤੂੰ ? ਇੱਕ ਜਨਾਨੀ ਦੀ ? ਇੱਕ ਨਾਲ਼ ਕਿੱਥੇ ਸਰਨਾ ਤੇਰਾ ! ਹਾਂ, ਪਰ ਜਦੋਂ ਗੱਲ ਸੱਚਾਈ ਦੀ ਹੁੰਦੀ ਹੈ ਤਾਂ ਸਾਨੂੰ ਸਾਰਿਆਂ ਨੂੰ ਇੱਕੋ ਚੀਜ਼ ਚਾਹੀਦੀ ਹੈ; ਸਾਨੂੰ ਅਜਿਹੀ ਸੱਚਾਈ ਦੀ ਲੋੜ ਹੈ ਜਿਹੜੀ ਆਪਾਂ ਸਾਰਿਆਂ ਨੂੰ, ਕੁੱਤੀ ਦੇ ਪੁੱਤਰਾਂ ਨੂੰ, ਡਰ ਨਾਲ਼ ਕੰਬਦੇ ਹੋਏ ਜ਼ਮੀਨ 'ਤੇ ਰੀਂਗਣ ਲਾ ਦੇਵੇ। ਇਹਦੀ ਲੋੜ ਹੈ ਸਾਨੂੰ..."

ਇੱਕ ਹੋਰ ਸੀ ਮਾਰੀਆ ਕਪਿਤੋਨੋਵਾ ਕਾਸ਼ਿਨਾ, ਇੱਕ ਵੱਡੀ ਜਹਾਜ਼ ਕੰਪਨੀ ਦੀ ਮਾਲਕਿਣ ਤੇ ਚਲਾਕ ਔਰਤ, ਜਿਹੜੀ ਚਾਹ ਪੀਂਦਿਆਂ ਫਿਲਾਸਫੀ ਝਾੜਨ ਲੱਗ ਪੈਂਦੀ ਸੀ:

"ਅਸੀਂ ਢੇਰਾਂ ਦੇ ਢੇਰ ਧਨ ਕਮਾ ਲਿਆ ਹੈ, ਤੇ ਨਿਰਮਾਣ ਵੀ ਬਹੁਤ ਕਰ ਲਿਆ, ਪਰ ਜ਼ਿੰਦਗੀ ਬਹੁਤ ਨੀਰਸ ਹੈ, ਕੋਈ ਰੌਣਕ ਹੀ ਨਹੀਂ। ਜੀਵਨ ਨੂੰ ਮੁੜ ਤੋਂ ਸ਼ੁਰੂ ਕਰਨ ਦੀ ਲੋੜ ਹੈ, ਜੰਗਲ਼ੀ ਅਵਸਥਾ ਤੋਂ, ਕਿਉਂ ? ਇਹ ਠੀਕ ਰਹੇਗਾ। ਫਿਰ ਸ਼ਾਇਦ ਇਹ ਕੋਈ ਦੂਸਰਾ ਰੂਪ ਲੈ ਸਕੇ।"

ਜ਼ਿੰਦਗੀ ਵੱਲ ਇਸ ਤਰ੍ਹਾਂ ਦੇ ਨਕਾਰਾਤਮਕ ਰਵੱਈਏ ਵਾਲ਼ੀ ਸ਼ਬਦਾਵਲੀ ਮੈਨੂੰ ਹੋਰ ਵੀ ਕਈ ਵਾਰ ਸੁਣਨ ਨੂੰ ਮਿਲ਼ੀ। "ਲੋਹ" ਮਾਤਾ-ਪਿਤਾ ਭਾਵੇਂ ਅਜਿਹੀਆਂ ਗੱਲਾਂ ਕਰਦੇ ਰਹਿੰਦੇ ਸਨ ਪਰ ਫਿਰ ਵੀ ਉਹਨਾਂ ਚੋਂ ਜ਼ਿਆਦਾਤਰ ਪੂਰੀ ਤਰ੍ਹਾਂ ਡਟ ਕੇ "ਸਾਧਾਰਣ" ਪਤਵੰਤਿਆਂ ਵਾਲ਼ਾ ਜੀਵਨ ਬਤੀਤ ਕਰਦੇ ਸਨ। ਮੈਨੂੰ ਇਸ ਗੱਲ ਦੀ ਕਾਫ਼ੀ ਚੰਗੀ ਜਾਣਕਾਰੀ ਸੀ ਕਿ ਸ਼ਹਿਰ ਦੇ ਲਗਭਗ ਸਾਰੇ ਪ੍ਰਮੁੱਖ ਵਪਾਰੀ ਪਰਿਵਾਰਾਂ ਦੇ ਲੋਕ ਕਿਹੋ-ਜਿਹਾ ਜੀਵਨ ਬਤੀਤ ਕਰਦੇ ਸਨ ਅਤੇ ਇਹ ਵੀ ਜਾਣਦਾ ਸਾਂ ਕਿ ਚੇਰਨੋਵ ਇਕਲੌਤਾ ਵਿਅਕਤੀ ਨਹੀਂ ਸੀ ਜਿਸਨੇ ਇਸ ਤਰ੍ਹਾਂ ਦੇ "ਸਾਧਾਰਣ" ਭੱਦਰ ਜੀਵਨ ਤੋਂ ਮੂੰਹ ਮੋੜ ਲਿਆ ਸੀ। ਹੋਰ ਬਥੇਰਿਆਂ ਨੇ ਵੀ ਇਹੀ ਕੀਤਾ ਸੀ ਅਤੇ ਉਸ ਜੀਵਨ ਪੱਧਤੀ ਤੋਂ ਨਾਤਾ ਤੋੜ ਲਿਆ ਸੀ ਜਿਸਦੀ ਉਸਾਰੀ ਕਈ ਦਹਾਕਿਆਂ ਵਿੱਚ ਕੀਤੀ ਗਈ ਸੀ।

ਇੱਕ ਵਕੀਲ ਦੇ ਦਫ਼ਤਰ ਵਿੱਚ ਕੰਮ ਕਰਦੇ ਹੋਏ ਅਤੇ ਜ਼ਿਲਾ ਕਚਿਹਰੀਆਂ ਵਿੱਚ ਅਕਸਰ ਆਉਣ-ਜਾਣ ਕਾਰਨ ਮੈਂ ਨਿੱਤ-ਦਿਹਾੜੀ ਦੇ ਦਰਜਨਾਂ ਡਰਾਮਿਆਂ ਤੋਂ ਜਾਣੂ ਸਾਂ। ਮੈਂ ਇਮਾਰਤਾਂ ਬਣਾਉਣ ਵਾਲ਼ੇ ਕਈ ਠੇਕੇਦਾਰਾਂ ਨੂੰ ਜਾਣਦਾ ਸਾਂ। ਇਹ ਅਨਪੜ੍ਹ ਅਤੇ ਲਾਲਚੀ ਲੋਕ ਸਨ ਜਿਹਨਾਂ ਚੋਂ ਹਰੇਕ ਕੋਲ਼ ਸੈਂਕੜੇ ਮਜ਼ਦੂਰ ਕੰਮ ਕਰਦੇ ਸਨ ਜਿਹੜੇ ਉਵੇਂ ਹੀ ਭੱਦੇ ਅਤੇ ਜਾਂਗਲ਼ੀ ਸਨ ਜਿਵੇਂ ਉਹਨਾਂ ਦੇ ਮਾਲਿਕ। ਮੈਂ ਜਾਣਦਾ ਸਾਂ ਕਿ ਇਹੀ ਸਭ ਕੁਝ "ਸਾਧਾਰਣ" ਜੀਵਨ ਹੈ, ਅਤੇ ਜਿਵੇਂ ਕਿ ਮੈਨੂੰ ਤਰਖਾਣ, ਰਾਜ-ਮਿਸਤਰੀ ਅਤੇ ਖੁਦਾਈ ਕਰਨ ਵਾਲ਼ੇ ਮਜ਼ਦੂਰ ਦੱਸਿਆ ਕਰਦੇ ਸਨ, ਹਮੇਸ਼ਾ ਇਸੇ ਤਰ੍ਹਾਂ ਰਿਹਾ ਹੈ।

ਜ਼ਾਹਿਰ ਸੀ ਕਿ "ਧਨ ਇਕੱਠਾ ਕਰਨਾ" ਮਿੱਟੀ ਦੀਆਂ ਇੱਟਾਂ ਬਣਾਉਣ ਨਾਲ਼ੋਂ ਜ਼ਿਆਦਾ ਮੁਸ਼ਕਿਲ ਕੰਮ ਨਹੀਂ ਸੀ ਅਤੇ ਇਸ ਲਈ ਕੋਈ ਖ਼ਾਸ ਯਤਨ ਜਾਂ ਹੁਨਰ ਦੀ ਵੀ ਲੋੜ ਨਹੀਂ ਪੈਂਦੀ। ਠੇਕੇਦਾਰ ਅਤੇ ਮਜ਼ਦੂਰਾਂ ਵਿੱਚ ਸਿਰਫ਼ ਇੰਨਾ ਕੁ ਹੀ ਫਰਕ ਸੀ ਕਿ ਠੇਕੇਦਾਰ ਜ਼ਿਆਦਾ ਤੇ ਵਧੀਆ ਭੋਜਨ ਖਾਂਦੇ ਸਨ ਅਤੇ ਉਹਨਾਂ ਨੂੰ ਠਾਠ-ਬਾਠ ਨਾਲ਼ ਦਫ਼ਨਾਇਆ ਜਾਂਦਾ ਸੀ ਜਦਕਿ ਮਜ਼ਦੂਰਾਂ ਨੂੰ ਜਲਦੀ-ਜਲਦੀ ਉਹਨਾਂ ਦੀਆਂ ਕਬਰਾਂ ਵਿੱਚ ਪਹੁੰਚਾ ਦਿੱਤਾ ਜਾਂਦਾ ਸੀ। ਗਰੀਬਾਂ ਨੂੰ ਦਫ਼ਨਾਉਣ ਵਿੱਚ ਕੀਤੀ ਜਾਂਦੀ ਇਹ ਕਰਿਹਤ ਭਰੀ ਜਲਦਬਾਜ਼ੀ ਮੈਨੂੰ ਅਪਮਾਨਜਨਕ ਲੱਗਦੀ ਤੇ ਬਹੁਤ ਦੁੱਖ ਪਹੁੰਚਾਉਂਦੀ ਸੀ। ਜਦੋਂ ਮੈਂ ਨੌਜਵਾਨ ਸੀ ਤਾਂ ਮੈਂ ਚਾਹੁੰਦਾ ਸਾਂ ਕਿ ਸਾਰੇ ਲੋਕਾਂ ਨੂੰ ਠਾਠ-ਬਾਠ ਨਾਲ਼, ਗਾਜੇ-ਬਾਜੇ ਨਾਲ਼ ਅਤੇ ਗਿਰਜੇ ਦੀਆਂ ਘੰਟੀਆਂ ਦੀ ਅਵਾਜ਼ ਵਿੱਚ ਦਫ਼ਨ ਕੀਤਾ ਜਾਣਾ ਚਾਹੀਦਾ ਹੈ। ਜੀਵਨ ਐਨਾ ਕਠੋਰ ਸੀ ਕਿ ਜਿੰਨੀ ਵੀ ਹੋ ਸਕੇ ਉਸ ਵਿੱਚ ਸ਼ਾਨੋ-ਸ਼ੌਕਤ ਅਤੇ ਠਾਠ-ਬਾਠ ਲਿਆਂਦੀ ਜਾਣੀ ਚਾਹੀਦੀ ਸੀ। ਇਹ ਰੋਮਾਂਚਵਾਦੀ ਇੱਛਾ ਮੇਰੇ ਅੰਦਰ ਚਰਚ-ਸਲਾਵੋਨਿਕ ਭਾਸ਼ਾ ਦੀਆਂ ਕਿਤਾਬਾਂ ਪੜ੍ਹਨ ਕਾਰਨ ਪੈਦਾ ਹੋਈ ਹੋਵੇਗੀ। ਇਹ ਭਾਸ਼ਾ ਸਾਰੇ ਵਿਸ਼ਿਆਂ ਨੂੰ, ਇੱਥੋਂ ਤੱਕ ਕਿ ਬਾਈਬਲ ਵਿਚਲੇ ਬੇਸੁਆਦ ਵਿਸ਼ਿਆਂ ਨੂੰ ਵੀ ਪ੍ਰਭਾਵਸ਼ਾਲੀ ਅਤੇ ਆਡੰਬਰ-ਪੂਰਨ ਸ਼ਬਦਾਵਲੀ ਵਿੱਚ ਪੇਸ਼ ਕਰਦੀ ਸੀ।

ਅਟਪਟੀ ਅਤੇ ਬੋਝਲ ਜਿਹੀ ਜ਼ਿੰਦਗੀ ਵਿੱਚ ਨਾ ਤਾਂ ਕੋਈ ਸੁਰ-ਤਾਲ ਸੀ ਤੇ ਨਾ ਹੀ ਕੋਈ ਤਰਕ। ਹਲਾਤ ਇਹ ਸੀ ਕਿ ਸਾਰੇ ਉਸਦੇ ਆਦੀ ਹੋ ਚੁੱਕੇ ਸਨ ਅਤੇ ਕਿਸੇ ਦਾ ਵੀ ਇਸ ਗੱਲ ਵੱਲ ਧਿਆਨ ਤੱਕ ਨਹੀਂ ਸੀ ਜਾਂਦਾ ਕਿ ਇਹ ਕਿੰਨਾ ਖਾਲੀ, ਮਨਹੂਸ ਅਤੇ ਖੋਖਲ਼ਾ ਸੀ। ਮੈਂ ਇਹ ਸਭ ਕੁਝ ਦੇਖ-ਸਮਝ ਰਿਹਾ ਸਾਂ, ਪਰ ਇਸ ਨੇ ਵੀ ਮੈਨੂੰ ਕੋਈ ਅਰਾਮ ਨਾ ਦਿੱਤਾ। ਕਿਤਾਬਾਂ ਵਿੱਚ ਇੱਕ ਵੱਖਰੇ ਜੀਵਨ ਦਾ ਚਿਤਰਣ ਹੁੰਦਾ ਸੀ ਜਿਹੜਾ ਸ਼ਾਇਦ ਜ਼ਿਆਦਾ ਦੁਖਦਾਈ ਸੀ, ਪਰ ਮੈਨੂੰ ਲੱਗਦਾ ਸੀ ਕਿ ਇਹ ਓਨਾ ਗ਼ਰੀਬੀ ਦਾ ਮਾਰਿਆ ਨਹੀਂ ਸੀ, ਵਧੇਰੇ ਦਿਲਚਸਪ ਅਤੇ ਅਰਥਪੂਰਨ ਸੀ ਪਰ ਮੇਰੀ ਸਮਝ ਤੋਂ ਬਾਹਰ ਸੀ। ਕਿਤਾਬਾਂ ਵਿੱਚ ਮੈਂ ਜਿਹਨਾਂ ਲੋਕਾਂ ਨੂੰ ਮਿਲ਼ਦਾ ਸਾਂ ਉਹ ਇਹਨਾਂ "ਸਾਧਾਰਣ" ਲੋਕਾਂ ਨਾਲ਼ੋਂ ਵਧੇਰੇ ਸਜੀਵ, ਚਲਾਕ ਅਤੇ ਉੱਚੇ ਹੁੰਦੇ ਸਨ।

ਮੈਂ ਪੜ੍ਹਦਾ ਬਹੁਤ ਸਾਂ, ਆਪਣੀ ਪੜ੍ਹਾਈ ਵਿੱਚ ਮੈਂ ਪੂਰੀ ਤਰ੍ਹਾਂ ਡੁੱਬ ਜਾਂਦਾ ਅਤੇ ਉਸ ਵਿੱਚ ਮੈਨੂੰ ਬਹੁਤ ਆਨੰਦ ਆਉਂਦਾ ਸੀ। ਪਰ ਜਿਹੜੀਆਂ ਕਿਤਾਬਾਂ ਮੈਂ ਪੜ੍ਹਦਾ ਸੀ ਉਹ ਮੈਨੂੰ ਜ਼ਿੰਦਗੀ ਤੋਂ ਦੂਰ ਨਹੀਂ ਸਨ ਲੈ ਕੇ ਜਾਂਦੀਆਂ ਸਗੋਂ ਉਸ ਵਿੱਚ ਮੇਰੀ ਦਿਲਚਸਪੀ ਨੂੰ ਹੋਰ ਤੇਜ਼ ਕਰਦੀਆਂ, ਮੇਰੀ ਨਿਰੀਖਣ ਕਰਨ ਤੇ ਤੁਲਨਾ ਕਰਨ ਦਾ ਹੁਨਰ ਅਤੇ ਜ਼ਿੰਦਗੀ ਤੋਂ ਹੋਰ ਵਧੇਰੇ ਸਿੱਖਣ ਦੀ ਮੇਰੀ ਤਾਂਘ ਨੂੰ ਹੋਰ ਤਿੱਖਾ ਕਰਦੀਆਂ।

ਜਦੋਂ ਮੈਂ ਵੀਹ ਜਾਂ ਬਾਈ ਕੁ ਸਾਲਾਂ ਦਾ ਹੋਇਆ ਤਾਂ ਮੈਂ ਲੋਕਾਂ ਨੂੰ ਇਸ ਰੌਸ਼ਨੀ ਵਿੱਚ ਦੇਖਣ ਲੱਗ ਪਿਆ: ਜ਼ਿਆਦਾਤਰ ਲੋਕ ਖੂਹ-ਦੇ-ਡੱਡੂ ਸਨ, "ਸਾਧਾਰਣ" ਔਰਤਾਂ ਅਤੇ ਮਰਦਾਂ ਦੀ ਸਰਾਪੀ ਹੋਈ ਨਸਲ। ਇਹਨਾਂ ਵਿੱਚੋਂ ਹੀ ਫਿਰ "ਲੋਹ-ਪੁਰਸ਼" ਨਿੱਕਲ਼ਦੇ ਜਿਹੜੇ ਨਗਰਪਾਲ ਅਤੇ ਗਿਰਜਿਆਂ ਦੇ ਵਾਰਡਨ ਬਣਦੇ ਸਨ, ਆਪਣੀਆਂ ਬੱਘੀਆਂ ਵਿੱਚ ਬੈਠ ਕੇ

ਚਰਚ ਦੇ ਜਲੂਸ ਵਿੱਚ ਪਾਦਰੀਆਂ ਦੇ ਐਨ ਪਿੱਛੇ-ਪਿੱਛੇ ਚੱਲਦੇ। ਕਦੇ-ਕਦੇ ਕੋਈ "ਲੋਹ-ਪੁਰਸ਼" ਸਾਰੇ ਦਸਤੂਰਾਂ ਨੂੰ ਲੱਤ ਮਾਰਕੇ ਇਸ ਘੇਰੇ 'ਚੋਂ ਬਾਹਰ ਨਿੱਕਲ਼ ਜਾਂਦਾ।

ਘੇਰਾ ਤੋੜ ਕੇ ਨਿੱਕਲ਼ਣ ਵਾਲ਼ੇ ਅਜਿਹੇ ਲੋਕਾਂ ਦੀ ਤੁਲਨਾ ਵਿੱਚ ਓਨੇਗਿਨ, ਪੇਚੋਰਿਨ, ਬੇਲਤੋਵ, ਰਿਆਬਿਨਿਨ, ਦੋਸਤੋਯੇਵਸਕੀ ਦੇ "ਬੁੱਧੂ" ਅਤੇ ਕਿਤਾਬਾਂ ਦੇ ਹੋਰ ਨਾਇਕ ਮੈਨੂੰ ਬੌਣੇ ਜਾਪਦੇ ਸਨ, ਜਿਹੜੇ ਸ਼ਬਦ-ਆਡੰਬਰ ਦੇ ਸਹਾਰੇ ਆਕੜੇ ਫਿਰਦੇ ਸਨ, ਅਜਿਹੇ ਲੋਕ ਜਿਹਨਾਂ ਨੂੰ ਓਸੀਪੋਵਿਚ-ਨੋਵੋਦਵੋਰਸਕੀ ਨੇ 'ਨਾ ਚਿੜੀ ਨਾ ਮੋਰ ਦੀਆਂ ਕਹਾਣੀਆਂ' ਵਿੱਚ "ਓਬਲੋਮੋਵ ਦੇ ਸਕੇ-ਸੰਬੰਧੀਆਂ" ਦਾ ਨਾਂ ਦਿੱਤਾ ਸੀ।

ਮੈਨੂੰ ਸਵੇਲਤੋਵ, ਸਤੋਝਾਰੋਵ, ਵੋਲੋਦਿਨ ਅਤੇ ਹੋਰ "ਇਨਕਲਾਬੀਆਂ" ਦਾ ਤੁੱਛ ਵਿਅਕਤੀਤਵ ਹੋਰ ਵੀ ਨਿਰਜੀਵ ਅਤੇ ਨੀਰਸ ਜਾਪਦਾ ਜਿਹਨਾਂ ਨੂੰ ਓਮੂਲੇਵਸਕੀ, ਮੋਰਦੋਵਤਸੇਵ ਅਤੇ ਜ਼ਸੋਦੀਮਸਕੀ ਜਿਹੇ ਲੇਖਕਾਂ ਨੇ "ਨੌਜਵਾਨਾਂ ਦੀ ਨੈਤਿਕ ਸਿੱਖਿਆ" ਦੇ ਮਕਸਦ ਨਾਲ਼ ਕਾਹਲ਼ੀ-ਕਾਹਲ਼ੀ ਘੜਿਆ ਸੀ। ਬਹੁਤ ਕੁਝ ਮੇਰੀ ਸਮਝ ਤੋਂ ਬਾਹਰ ਸੀ, ਪਰ ਮੈਨੂੰ ਇੰਜ ਜਾਪਦਾ ਸੀ ਕਿ ਇਸ ਕਿਸਮ ਦੇ ਲੋਕ "ਸਾਧਾਰਣ" ਢੰਗ ਦੇ ਜੀਵਨ ਦਾ ਸਫਾਇਆ ਕਰਨ ਦੇ ਯੋਗ ਨਹੀਂ ਸਨ, ਬਸ ਵੱਧ ਤੋਂ ਵੱਧ ਉਹ "ਫਰਨੀਚਰ ਇੱਧਰੋਂ ਓਧਰ ਕਰਨ" ਦੇ ਹੀ ਲਾਇਕ ਸਨ, ਜਿਵੇਂ ਕਿ 'ਨਿੱਕ-ਬੁਰਜੂਆ' ਨਾਟਕ ਵਿੱਚ ਸ਼ਰਾਬੀ ਹੋਇਆ ਭਜਨ-ਗਾਇਕ ਕਰਦਾ ਹੈ।

ਅੱਸੀਵਿਆਂ ਦੇ ਅੰਤ ਤੇ ਨੱਬੇਵਿਆਂ ਦੀ ਸ਼ੁਰੂਆਤ ਵਿੱਚ "ਲੋਹ-ਪੁਰਸ਼ਾਂ" ਦੀ ਔਲਾਦ "ਜ਼ਿੰਦਗੀ ਤੋਂ ਜਿੰਨੀ ਛੇਤੀ ਹੋ ਸਕੇ ਛੁਟਕਾਰਾ ਪਾਉਣ" ਦੀ ਪ੍ਰਵਿਰਤੀ ਦੀ ਨੁਮਾਇਸ਼ ਕਰਨ ਲੱਗ ਪਈ। ਇਹ ਸ਼ਬਦ ਇੱਕ ਨੋਟ ਤੋਂ ਲਏ ਗਏ ਹਨ ਜਿਹੜਾ ਕਜ਼ਾਨ ਦੇ ਇੱਕ ਵਿਦਿਆਰਥੀ ਮੈਦਵੇਦੇਵ ਨੇ ਖੁਦਕੁਸ਼ੀ ਕਰਨ ਤੋਂ ਪਹਿਲਾਂ ਲਿਖਿਆ ਸੀ। ਲਤੀਸ਼ੇਵਾ ਨਾਮਕ ਇੱਕ ਵਿਦਿਆਰਥਣ ਨੇ, ਜਿਸਦਾ ਪਿਓ ਚਾਹ ਦਾ ਇੱਕ ਅਮੀਰ ਵਪਾਰੀ ਸੀ ਅਤੇ ਬਹੁਤ ਹੀ ਹੋਣਹਾਰ ਤੇ ਜ਼ਿੰਦਾਦਿਲ ਕੁੜੀ ਸੀ, ਆਪਣੇ ਵਿਆਹ ਤੋਂ ਬਾਅਦ ਖੁਦ ਨੂੰ ਗੋਲ਼ੀ ਮਾਰ ਲਈ। ਮੇਰਾ ਖਿਆਲ ਹੈ ਕਿ 1888 ਵਿੱਚ ਕੁੱਲ ਮਿਲਾ ਕੇ ਗਿਆਰਾਂ ਵਿਦਿਆਰਥੀਆਂ ਨੇ ਖ਼ੁਦਕੁਸ਼ੀ ਕੀਤੀ, ਜਿਹਨਾਂ ਵਿੱਚ ਦੋ ਕੁੜੀਆਂ ਸਨ। ਉਸ ਤੋਂ ਬਾਅਦ ਇੱਕ ਸਕੂਲੀ ਲੜਕੇ ਨੇ, ਜਿਸਦਾ ਪਿਓ ਨੀਜ਼ਨੀ ਨੋਵਗੋਰੋਦ ਦਾ ਇੱਕ ਅਮੀਰ ਮਿੱਲ ਮਾਲਿਕ ਸੀ, ਖੁਦ ਨੂੰ ਗੋਲ਼ੀ ਮਾਰ ਲਈ। ਹੋਰ ਵੀ ਕਈ ਖ਼ੁਦਕੁਸ਼ੀਆਂ ਹੋਈਆਂ।

ਮੈਂ ਇਹਨਾਂ ਤੱਥਾਂ 'ਤੇ ਚੰਗੀ ਤਰ੍ਹਾਂ ਗੌਰ ਕੀਤਾ। ਮੈਂ ਪਹਿਲਾਂ ਵੀ ਕਿਤੇ ਇਹ ਗੱਲ ਕਹੀ ਹੈ ਕਿ ਜ਼ਿਆਦਾਤਰ "ਸਿੱਧਰੇ" ਅਤੇ "ਭੋਲ਼ੇ ਲੋਕ" ਖਾਂਦੇ-ਪੀਂਦੇ ਘਰਾਂ 'ਚੋਂ ਹੁੰਦੇ ਸਨ। ਆਪਣੇ ਬਚਪਨ ਵਿੱਚ ਮੈਨੂੰ ਕਦੇ ਵਪਾਰੀ ਵਰਗ ਦੇ ਬੱਚਿਆਂ ਬਾਰੇ ਪ੍ਰਤੱਖ ਗਿਆਨ ਹਾਸਿਲ ਕਰਨ ਦਾ ਮੌਕਾ ਨਹੀਂ ਮਿਲ਼ਿਆ, ਪਰ ਨੱਬੇਵਿਆਂ ਦੇ ਮੱਧ ਵਿੱਚ ਮੈਂ ਉਹਨਾਂ ਨੂੰ ਸਕੂਲ ਅਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਰੂਪ ਵਿੱਚ ਨੇੜਿਓਂ ਦੇਖ ਸਕਿਆ। ਕਵੀ ਅਤੇ 'ਸਰਾਪਿਆ ਪਰਿਵਾਰ' ਨਾਵਲ ਦੇ ਲੇਖਕ ਈ. ਰੁਕਾਵਿਸ਼ਨੀਕੋਵ, ਜਿਹਨਾਂ ਦਾ ਹੁਣੇ ਪਿੱਛੇ ਜਿਹੇ ਹੀ ਦੇਹਾਂਤ ਹੋਇਆ, ਇੱਕ ਵਾਰ ਆਪਣੀ ਪਹਿਲੀ ਕਹਾਣੀ 'ਚਿੜੀ ਨੇ ਚੁਗ ਲਿਆ

ਬੀਜ' ਦੀ ਹੱਥ-ਲਿਖਤ ਲੈ ਕੇ ਮੇਰੇ ਕੋਲ਼ ਆਏ। ਕਹਾਣੀ ਕੋਈ ਖਾਸ ਚੰਗੀ ਨਹੀਂ ਸੀ ਬਣੀ, ਪਰ ਮੈਨੂੰ ਯਾਦ ਹੈ ਉਸ ਵਿੱਚ ਇੱਕ ਨੌਜਵਾਨ ਸ਼ਿਕਾਇਤ ਕਰਦਾ ਹੈ ਕਿ ਉਸਦੇ ਪਿਓ ਨੇ ਉਸਦੀ ਜ਼ਿੰਦਗੀ ਬਰਬਾਦ ਕਰ ਦਿੱਤੀ। ਉਦੋਂ ਵੀ ਰੁਕਾਵਿਸ਼ਨੀਕੋਵ ਬੇਹੱਦ ਪੀਂਦੇ ਸਨ ਅਤੇ ਮੈਨੂੰ ਇਹ ਯਕੀਨ ਦਿਲਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਕਿ ਬੋਦਲੇਰ ਵਾਂਗੂੰ ਉਹ ਵੀ ਸਰੂਰ ਵਿੱਚ ਰਹਿ ਕੇ ਹੀ ਜ਼ਿੰਦਗੀ ਨੂੰ ਸਹੀ ਰੌਸ਼ਨੀ ਵਿੱਚ ਦੇਖ ਸਕਦੇ ਹਨ। ਉਹਨਾਂ ਦੇ ਨਾਵਲ 'ਸਰਾਪਿਆ ਪਰਿਵਾਰ' ਵਿੱਚ ਉਹਨਾਂ ਦੀ ਭਿਆਨਕ ਦਾਦੀ, ਪਿਤਾ ਸੇਰਗੇਈ, ਚਾਚੇ ਇਵਾਨ ਅਤੇ ਮਿਤਰੋਫਾਨ ਦਾ ਚਿਤਰਣ ਠੀਕ ਢੰਗ ਨਾਲ਼ ਨਹੀਂ ਹੋਇਆ।

ਹਾਂ, ਪਰ ਨਾਵਲ ਦਾ ਨਾਮ ਬਹੁਤ ਢੁੱਕਵਾਂ ਹੈ...

ਅਸਲ ਵਿੱਚ ਮੈਂ ਵਪਾਰੀ ਵਰਗ ਦੇ ਅਨੇਕਾਂ ਨੌਜਵਾਨਾਂ ਨੂੰ ਮਿਲਿਆ ਸਾਂ ਤੇ ਮੈਨੂੰ ਉਹਨਾਂ ਦੇ ਵਿਦੇਸ਼ੀ ਭਾਸ਼ਾ ਦੇ ਗਿਆਨ ਅਤੇ ਯੂਰਪੀ ਸਾਹਿਤ ਨੂੰ ਮੂਲ ਰੂਪ ਵਿੱਚ ਪੜ੍ਹਨ ਦੀ ਉਹਨਾਂ ਦੀ ਸਮਰੱਥਾ ਤੋਂ ਬਹੁਤ ਈਰਖਾ ਹੁੰਦੀ ਸੀ। ਇਸ ਤੋਂ ਬਿਨਾਂ ਉਹਨਾਂ ਵਿੱਚ ਈਰਖਾ ਵਾਲ਼ੀ ਹੋਰ ਕੋਈ ਗੱਲ ਨਹੀਂ ਸੀ। ਉਹ ਲਿਸ਼ਕਵੀਂ ਪਰ ਅਸਪੱਸ਼ਟ ਭਾਸ਼ਾ ਵਿੱਚ ਬੋਲਦੇ ਸਨ। ਸ਼ਬਦ ਤਾਂ ਸਮਝਦਾਰੀ ਵਾਲ਼ੇ ਹੁੰਦੇ, ਪਰ ਸਤ੍ਹਾ ਤੋਂ ਹੇਠਾਂ ਰੂੰ ਅਤੇ ਬੁਰਾਦੇ ਤੋਂ ਬਿਨਾਂ ਕੁਝ ਨਾ ਹੁੰਦਾ। ਰੁਕਾਵਿਸ਼ਨੀਕੋਵ ਵਾਂਗ ਇਹ ਲੋਕ ਵੀ ਸ਼ਰਾਬ ਪੀ ਕੇ ਹੀ ਜ਼ਿੰਦਗੀ ਨੂੰ ਸਹੀ ਰੌਸ਼ਨੀ ਵਿੱਚ ਦੇਖ ਪਾਉਂਦੇ ਸਨ, ਭਾਵੇਂ ਕਿ ਉਹ ਬਹੁਤੀ ਨਹੀਂ ਸਨ ਪੀਂਦੇ—ਅਤੇ ਸ਼ਰਾਬ ਨਾਲ਼ੋਂ ਜ਼ਿਆਦਾ ਉਹਨਾਂ ਨੂੰ ਖ਼ੌਫ਼ਨਾਕ ਸ਼ਬਦਾਂ ਦਾ ਨਸ਼ਾ ਹੁੰਦਾ ਸੀ। ਉਹ ਪੋ, ਬੋਦੇਲੇਰ ਅਤੇ ਦੋਸਤੋਯੇਵਸਕੀ ਦੀਆਂ ਕ੍ਰਿਤਾਂ ਵਿਚਲੇ "ਡਰ" ਦੀਆਂ ਗੱਲਾਂ ਕਰਦੇ ਪਰ ਸੋਚਦੇ ਕਿ ਖੁਦ ਆਪਣੇ ਅੰਦਰਲੇ ਡਰ ਦੀਆਂ ਗੱਲਾਂ ਕਰ ਰਹੇ ਹਨ। ਮੈਂ ਦੇਖ ਸਕਦਾ ਸੀ ਕਿ ਉਹਨਾਂ ਵਿੱਚ ਕੋਈ ਖੌਫ਼ਨਾਕ ਗੱਲ ਤਾਂ ਹੈ ਨਹੀਂ ਸੀ। ਇਗੋਸ਼ਾ "ਜੇਬ੍ਹ-'ਚ-ਮੌਤ" ਅਤੇ ਮੀਸ਼ਾ ਤਿਊਲੇਨੇਵ ਉਹਨਾਂ ਨਾਲ਼ੋਂ ਕਿਤੇ ਜ਼ਿਆਦਾ ਭਿਆਨਕ ਸਨ। ਇਹ ਨੌਜਵਾਨ 'ਰੂਪੋਸ਼ ਜੀਵਨ ਦੀਆਂ ਟਿੱਪਣੀਆਂ' ਦੇ ਮੁੱਖ ਪਾਤਰ ਦੀ ਸਰਾਹਣਾ ਕਰਦੇ ਸਨ, ਪਰ ਇਹ ਗੱਲ ਤਾਂ ਸਾਫ਼ ਹੀ ਹੈ ਕਿ ਅਸਲ ਵਿੱਚ ਉਹਨਾਂ ਨੂੰ ਉਸਦੀ ਜਿਹੜੀ ਗੱਲ ਚੰਗੀ ਲਗਦੀ ਸੀ ਉਹ ਸੀ ਉਸਦੀ ਇਹ ਉਮੀਦ ਕਿ ਕਦੇ ਕੋਈ ਅਜਿਹਾ ਆਦਮੀ ਆਵੇਗਾ ਜਿਹੜਾ ਉਹਨਾਂ ਦੀ ਜ਼ਿੰਦਗੀ ਨੂੰ ਬਦਲ ਕੇ ਉਹਨਾਂ ਨੂੰ ਖੁਸ਼ਹਾਲ ਬਣਾ ਦੇਵੇਗਾ।

ਗੋਰਦੇਈ ਚੇਰਨੋਵ ਮੈਨੂੰ ਕਿਤੇ ਜ਼ਿਆਦਾ ਚੰਗਾ ਲਗਦਾ ਸੀ। ਉਹ ਸ਼ੋਪੇਨਹਾਵਰ ਵੱਲ ਖਿੱਚੇ ਜਾਂਦੇ ਸਨ ਅਤੇ ਇਹ ਖਿੱਚ ਖਾਸ ਕਰ ਉਦੋਂ ਪ੍ਰਗਟ ਹੁੰਦੀ ਸੀ ਜਦੋਂ ਉਹ ਔਰਤਾਂ ਅਤੇ ਪਿਆਰ ਬਾਰੇ ਘਟੀਆ ਕਿਸਮ ਦੀਆਂ ਗੱਲਾਂ ਕਰਿਆ ਕਰਦੇ ਸਨ—ਇੱਥੇ ਉਹਨਾਂ ਦੀ ਕਾਮ-ਵਾਸਨਾ ਬੇਨਕਾਬ ਹੋ ਜਾਂਦੀ, ਜਿਹੜੀ ਬਹੁਤ ਸੋਚਣ ਅਤੇ ਕਿਤਾਬਾਂ ਪੜ੍ਹਨ ਨਾਲ਼ ਉਤੇਜਿਤ ਹੁੰਦੀ ਸੀ।

ਮੈਂ ਸ਼ੋਪੇਨਹਾਵਰ ਉਹਨਾਂ ਨਾਲ਼ੋਂ ਪਹਿਲਾਂ ਪੜ੍ਹ ਲਿਆ ਸੀ ਤੇ ਉਹ ਵੀ ਬਿਨਾਂ ਕਿਸੇ ਨੁਕਸਾਨ ਤੋਂ। ਇਹ ਲੋਕ ਬਾਲਮੋਂਤ ਅਤੇ ਬਰਿਊਸੋਵ* ਦਾ ਪ੍ਰਚਾਰ ਕਰਦੇ ਹੁੰਦੇ ਸਨ। ਬੇਸ਼ੱਕ ਮੈਂ

* ਬਾਲਮੋਂਤ ਤੇ ਬਰਿਊਸੋਵ — ਰੂਸੀ ਚਿੰਨ੍ਹਵਾਦੀ ਕਵੀ।

ਇਹ ਮਹਿਸੂਸ ਕਰਦਾ ਸੀ ਕਿ ਕਵਿਤਾ ਦੇ ਰੂਪ ਅਤੇ ਤਕਨੀਕ ਪੱਖੋਂ ਇਹ ਦੋਨੇ ਕਵਿਤਾ ਨੂੰ ਖੁਸ਼ਹਾਲ ਬਣਾ ਰਹੇ ਸਨ, ਪਰ ਜ਼ਿੰਦਗੀ ਦੇ ਯਥਾਰਥ ਅਤੇ "ਸਾਧਾਰਣ" ਲੋਕਾਂ ਵੱਲ ਇਹਨਾਂ ਕਵੀਆਂ ਦੇ ਰਵੱਈਏ ਦਾ ਕੋਈ ਸਿਰ-ਪੈਰ ਮੇਰੀ ਸਮਝ 'ਚ ਨਹੀਂ ਆਉਂਦਾ ਸੀ। ਮੈਨੂੰ ਇਹ ਲੱਗਦਾ ਸੀ ਕਿ ਇਹ ਲੋਕ ਜ਼ਿੰਦਗੀ ਤੋਂ ਉੱਪਰ ਕਿਤੇ ਸ਼ਬਦਾਂ ਦੇ ਬੱਦਲ਼ਾਂ ਵਿੱਚ ਉੱਡਦੇ ਰਹਿੰਦੇ ਸਨ, ਜਿਹਨਾਂ ਨਾਲ਼, ਉਹਨਾਂ ਦੀ ਰਾਏ ਮੁਤਾਬਿਕ, "ਭੈੜੇ ਯਥਾਰਥ" ਦਾ ਨਿਰਮਾਣ ਹੋਇਆ ਸੀ। ਇਹ ਯਥਾਰਥ ਵੀ ਸ਼ਬਦਾਂ ਤੋਂ ਹੀ ਬਣਿਆ ਹੋਇਆ ਸੀ, ਪਰ ਉਹਨਾਂ ਲਈ ਅਨੰਦਮਈ ਸੀ ਕਿਉਂਕਿ ਇਹ ਉਹਨਾਂ ਦੀ ਸ਼ਬਦ-ਰਚਨਾ ਦੀ ਤਾਂਘ ਨੂੰ ਵਧਣ-ਫੁੱਲਣ ਲਈ ਸਮੱਗਰੀ ਮੁਹੱਈਆ ਕਰਵਾਉਂਦਾ ਸੀ।

ਈ. ਰੁਕਾਵਿਸ਼ਨੀਕੋਵ ਨੇ ਵਿਦਿਆਰਥੀਆਂ ਦੇ ਇੱਕ ਸਮਾਰੋਹ ਵਿੱਚ ਕੁਝ ਕਵਿਤਾਵਾਂ ਪੜ੍ਹ ਕੇ ਸੁਣਾਈਆਂ ਅਤੇ ਉਸਦੀ ਕਵਿਤਾ ਦੀਆਂ ਇਹ ਨਹਿਸ਼ ਸਤਰਾਂ ਮੇਰੇ ਮਨ 'ਤੇ ਛਪ ਗਈਆਂ:

ਸ਼ਬਦ ਅਤੇ ਕਵਿਤਾਵਾਂ ਸਾਡੀਆਂ
ਜਾਪਣ ਸਾਹਸਪੂਰਣ,
ਐਪਰ ਮੌਤ ਦੀ ਅਜੇ ਵੀ ਸਾਨੂੰ
ਕਰਨੀ ਪਏ ਗੁਲਾਮੀ,
ਰੁੱਤ ਬਹਾਰ ਦੀ ਆਉਣੀ ਹਾਲੇ
ਅਸੀ ਹਾਂ ਉਸਦੇ ਪੂਰਵਗਾਮੀ।

ਇਹਨਾਂ ਨਿਰਾਸ਼ ਸ਼ਬਦਾਂ ਨੇ ਪਹਿਲਾਂ ਤਾਂ ਮੈਨੂੰ ਇਸ ਲਈ ਹੈਰਾਨ ਕੀਤਾ ਕਿਉਂਕਿ ਇਹ ਸੋਗੀ ਸ਼ਬਦ ਕਵਿਤਾ ਦੀ ਮਧੁਰ ਜਿਹੀ ਲੈਅ ਨਾਲ਼ ਮੇਲ਼ ਨਹੀਂ ਖਾਂਦੇ ਸਨ। ਅਤੇ ਮੈਂ ਉਹਨਾਂ ਨੂੰ ਪੋਲਕਾ ਨਾਚ ਦੀ ਤਾਲ ਨਾਲ਼ ਜੋੜ ਕੇ ਦੇਖ ਰਿਹਾ ਸਾਂ। ਅਜਿਹਾ ਹੋਣਾ ਕੁਦਰਤੀ ਹੀ ਸੀ, ਕਿਉਂਕਿ ਮੈਂ ਨੌਕਰਾਂ ਦੀਆਂ ਸ਼ਾਮ ਦੀਆਂ ਪਾਰਟੀਆਂ ਵਿੱਚ ਅਕਸਰ ਸ਼ਾਮਿਲ ਹੋਇਆ ਕਰਦਾ ਸਾਂ ਜਿੱਥੇ ਮਹਿਮਾਨ ਸੰਗੀਤ ਦੀ ਥਾਂ ਗਾਣਿਆਂ ਦੀਆਂ ਅਵਾਜ਼ਾਂ 'ਤੇ ਨੱਚਦੇ ਹੁੰਦੇ ਸਨ। ਉਹ ਆਮ ਤੌਰ 'ਤੇ ਕੁਝ ਇਸ ਤਰ੍ਹਾਂ ਦੇ ਗਾਣੇ ਗਾਉਂਦੇ ਸਨ:

ਬੱਚੇ ਭੱਜੇ ਘਰ ਨੂੰ ਆਏ
ਆਉਂਦਿਆਂ ਜ਼ੋਰ ਨਾਲ਼ ਚਿੱਲਾਏ-
ਬਾਪੂ, ਬਾਪੂ, ਜਾਲ਼ ਤਾਂ ਆਪਣੇ
ਮੁਰਦਿਆਂ ਨੂੰ ਹੀ ਫਾਹ ਲਿਆਏ!

ਕੁੜੀਆਂ ਨੂੰ ਪੋਲਕਾ ਦੀ ਤਾਲ 'ਤੇ ਮਟਕ-ਮਟਕ ਕੇ ਨੱਚਦਿਆਂ ਅਤੇ ਇਹ ਤੁੱਕ

ਗਾਉਂਦਿਆਂ ਵੇਖਣਾ ਬਹੁਤ ਹਾਸੋਹੀਣਾ ਲੱਗਦਾ ਸੀ:

ਇਸ ਆਫਰੀ ਹੋਈ ਲਾਸ਼ 'ਤੇ ਬੈਠੇ,
ਕਾਲ਼ੇ-ਸਿਆਹ ਝੀਂਗਾਂ ਦੇ ਟੋਲੇ।

"ਸਾਧਾਰਣ" ਜੀਵਨ ਦੀ ਉਸਾਰੀ ਕਰਨ ਵਾਲ਼ੇ ਲੋਕਾਂ ਦੀਆਂ ਔਲਾਦਾਂ ਮੈਨੂੰ "ਸਾਧਾਰਣ" ਨਹੀਂ ਲੱਗੀਆਂ। ਇਹ ਗੱਲ ਉਹਨਾਂ ਲਈ ਮਾਣ ਦੀ ਤਾਂ ਹੋ ਸਕਦੀ ਹੈ ਪਰ ਖੁਸ਼ੀ ਦੀ ਨਹੀਂ ਹੋ ਸਕਦੀ। ਉਹ ਖੁਦ ਨੂੰ "ਹ੍ਰਾਸਵਾਦੀ"(Decadent) ਮੰਨਦੇ ਸਨ। ਮੈਨੂੰ ਯਾਦ ਨਹੀਂ ਕਿ ਮੈਂ ਕਦੇ ਇਸ ਗੱਲ 'ਤੇ ਵਿਚਾਰ ਕੀਤਾ ਸੀ ਕਿ ਉਹ ਕਿਸ ਤਰ੍ਹਾਂ ਦੀ ਬਹਾਰ ਦੇ ਪੂਰਵਗਾਮੀ ਹੋ ਸਕਦੇ ਹਨ।

ਮੈਂ ਸਮਝਦਾ ਹਾਂ ਕਿ ਏਨਾ ਕੁ ਤਾਂ ਮੈਂ ਦੱਸ ਹੀ ਚੁੱਕਿਆ ਹਾਂ ਜਿਸ ਤੋਂ ਪਾਠਕ ਨੂੰ ਕੁਝ ਅੰਦਾਜਾ ਹੋ ਜਾਵੇ ਕਿ 'ਫੋਮਾ ਗੋਰਦੇਯੇਵ' ਦੀ ਰਚਨਾ ਕਿਸ ਕਿਸਮ ਦੀ ਸਮੱਗਰੀ ਤੋਂ ਕੀਤੀ ਗਈ ਹੈ, ਕਿਸ ਤਰ੍ਹਾਂ ਇਹ ਸਮੱਗਰੀ ਇਕੱਠੀ ਕੀਤੀ ਗਈ ਅਤੇ ਕਿੰਨੇ ਬੁਰੇ ਤਰੀਕੇ ਨਾਲ਼ ਮੈਂ ਇਸ 'ਤੇ ਕੰਮ ਕੀਤਾ ਹੈ। ਆਲੋਚਕਾਂ ਨੇ ਇਸ ਕਿਤਾਬ ਦੀ ਪ੍ਰਸੰਸਾ ਕੀਤੀ ਹੈ, ਪਰ ਜੇ ਮੈਂ ਆਲੋਚਕ ਹੁੰਦਾ ਤਾਂ ਲੇਖਕ ਦੀ ਇਸ ਗੱਲੋਂ ਝਾੜ-ਝੰਬ ਕਰਦਾ ਕਿ ਉਸਨੇ ਐਨੀ ਅਮੀਰ ਸਮੱਗਰੀ ਦੀ ਵਰਤੋਂ ਕੇਵਲ ਇਹੀ ਕਹਾਣੀ ਬਣਾਉਣ ਵਿੱਚ ਕਰ ਦਿੱਤੀ ਕਿ ਕਿਵੇਂ ਇੱਕ ਨੌਜਵਾਨ ਨੂੰ ਪਾਗਲ ਬਣਾ ਦਿੱਤਾ ਗਿਆ ਸੀ।

ਇੱਥੇ ਮੈਨੂੰ ਇਹ ਕਹਿਣਾ ਪਵੇਗਾ ਕਿ ਜਿਹਨਾਂ ਗੱਲਾਂ ਦਾ ਵਰਨਣ ਮੈਂ ਇੱਥੇ ਕੀਤਾ ਹੈ ਹੋ ਸਕਦਾ ਹੈ ਕਿ ਉਹ ਬਿਲਕੁਲ ਉਸੇ ਤਰ੍ਹਾਂ ਨਾ ਵਾਪਰੀਆਂ ਹੋਣ ਜਿਵੇਂ ਮੈਂ ਕਿਹਾ ਹੈ। ਭਲਾ ਕਿਉਂ ?

ਪਿਏਰ ਸੀਮੋਨ ਦ ਲਾਪਲਾਸ, ਪ੍ਰਸਿੱਧ ਗਣਿਤ-ਵਿਗਿਆਨੀ, ਜਿਹਨਾਂ ਨੂੰ "ਫਰਾਂਸ ਦਾ ਨਿਊਟਨ" ਕਿਹਾ ਜਾਂਦਾ ਹੈ, ਅਤੇ *Exposition du systeme du monde* (ਸੰਸਾਰ ਰਚਨਾ ਦੀ ਵਿਆਖਿਆ) ਦੇ ਲੇਖਕ ਹਨ, ਨੇ ਇੱਕ ਵਾਰ ਕਿਹਾ ਸੀ:

> "ਕੁਝ ਵਰਤਾਰਿਆਂ ਦਾ ਕਾਰਨ ਲੱਭਣ ਦੀ ਆਪਣੀ ਬੇਸਬਰੀ ਵਿੱਚ ਇੱਕ ਵਿਗਿਆਨੀ, ਜਿਸ ਕੋਲ਼ ਪ੍ਰਬਲ ਕਲਪਨਾ ਸ਼ਕਤੀ ਹੁੰਦੀ ਹੈ, ਅਕਸਰ ਨਿਰੀਖਣ ਦੁਆਰਾ ਪੇਸ਼ ਕੀਤਾ ਜਾਣ ਵਾਲ਼ਾ ਅਧਾਰ ਹਾਸਿਲ ਹੋਣ ਤੋਂ ਪਹਿਲਾਂ ਹੀ ਕਾਰਨ ਦਾ ਪਤਾ ਲਗਾ ਲੈਂਦਾ ਹੈ। ਆਪਣੇ ਦੁਆਰਾ ਦਿੱਤੀ ਵਿਆਖਿਆ ਦੇ ਠੀਕ ਹੋਣ ਦੀ ਪੂਰਵ-ਧਾਰਨਾ ਦੇ ਪ੍ਰਭਾਵ ਹੇਠ ਉਹ ਉਦੋਂ ਵੀ ਉਸਦਾ ਤਿਆਗ ਨਹੀਂ ਕਰਦਾ, ਜਦੋਂ ਤੱਥ ਉਸਦਾ ਖੰਡਨ ਕਰਦੇ ਹਨ, ਸਗੋਂ ਤੱਥਾਂ ਵਿੱਚ ਸੋਧ ਕਰਦਾ ਹੈ ਤਾਂ ਕਿ ਉਹ ਉਸਦੇ ਸਿਧਾਂਤ ਦੇ ਅਨੁਕੂਲ ਹੋ ਜਾਣ; ਉਹ ਕੁਦਰਤ ਦੀ ਕ੍ਰਿਤ ਦਾ ਆਪਣੀ ਕਲਪਨਾ ਦੀ ਕ੍ਰਿਤ ਨਾਲ਼ ਮੇਲ਼ ਬਿਠਾਉਣ ਲਈ ਉਸਦੀ ਭੰਨ-ਤੋੜ ਕਰਦਾ ਹੈ, ਅਤੇ ਇਹ ਨਹੀਂ ਸੋਚਦਾ ਕਿ ਸਮਾਂ ਕੇਵਲ ਨਿਰੀਖਣ

ਅਤੇ ਗਣਨਾ ਦੇ ਨਤੀਜਿਆਂ ਨੂੰ ਹੀ ਸਥਾਪਿਤ ਕਰੇਗਾ।"

ਸਾਹਿਤਕਾਰ ਦਾ ਕੰਮ ਵੀ ਇੱਕ ਵਿਗਿਆਨੀ ਦੇ ਕੰਮ ਵਰਗਾ ਹੀ ਹੁੰਦਾ ਹੈ; ਬਿਲਕੁਲ ਉਸੇ ਤਰ੍ਹਾਂ ਉਹ ਵੀ "ਅਕਸਰ ਨਿਰੀਖਣ ਦੁਆਰਾ ਪੇਸ਼ ਕੀਤਾ ਜਾਣ ਵਾਲ਼ਾ ਅਧਾਰ ਹਾਸਿਲ ਹੋਣ ਤੋਂ ਪਹਿਲਾਂ ਹੀ ਕਾਰਨ ਦਾ ਪਤਾ ਲਗਾ ਲੈਂਦਾ ਹੈ"।

2

'ਫੋਮਾ ਗੋਰਦੇਯੇਵ' ਵਿੱਚ ਮੁੱਖ ਰੋਲ, ਰੱਸੀਆਂ ਬਣਾਉਣ ਵਾਲੇ ਇੱਕ ਕਾਰਖਾਨੇ ਦੇ ਮਾਲਿਕ, ਯਾਕੋਵ ਮਾਯਾਕਿਨ ਨੇ ਨਿਭਾਇਆ ਹੈ। ਉਹ ਵੀ ਇੱਕ "ਲੋਹ-ਪੁਰਸ਼" ਹੈ ਅਤੇ "ਦਿਮਾਗੀ" ਬੰਦਾ ਹੈ। ਆਪਣੇ ਹਿੱਤਾਂ ਦੇ ਤਕਾਜ਼ੇ ਨਾਲੋਂ ਜ਼ਿਆਦਾ ਵੱਡੇ ਢੰਗ ਨਾਲ ਸੋਚਣ ਦੀ ਸਮਰੱਥਾ ਰੱਖਦਾ ਹੈ। ਰਾਜਨੀਤਕ ਤੌਰ 'ਤੇ ਸਿਆਣਾ ਹੈ, ਅਤੇ ਆਪਣੀ ਜਮਾਤ ਦੀ ਅਹਿਮੀਅਤ ਨੂੰ ਸਮਝਦਾ ਹੈ।

ਮੈਂ ਅਸਲੀ ਜ਼ਿੰਦਗੀ ਵਿੱਚ ਕਦੇ ਵੀ ਅਜਿਹੇ ਕਿਸੇ ਆਦਮੀ ਨੂੰ ਨਹੀਂ ਮਿਲਿਆ ਜਿਸਦੀ ਮਾਨਸਿਕ ਬਣਤਰ ਐਸੀ ਹੋਵੇ ਜਿਹੋ-ਜਿਹੀ ਮੈਂ ਮਾਯਾਕਿਨ ਦੀ ਦਿਖਾਈ ਹੈ। ਸਾਹਿਤ ਵਿੱਚ ਰਾਜਨੀਤਕ ਢੰਗ ਨਾਲ਼ ਸੋਚਣ ਦੀ ਸਮਰੱਥਾ ਰੱਖਣ ਵਾਲ਼ੇ ਕਿਸੇ ਵਪਾਰੀ ਦੇ ਚਿਤਰਣ ਦੇ ਕੇਵਲ ਇੱਕੋ ਯਤਨ ਬਾਰੇ ਮੈਂ ਜਾਣਦਾ ਹਾਂ। ਇਹ ਪ. ਬੋਬੋਰੀਕਿਨ ਦੇ ਇੱਕ ਨਾਵਲ ਦਾ ਪਾਤਰ ਵਾਸਿਲੀ ਤਿਓਰਕਿਨ ਸੀ। ਲੇਖਕ ਨਵੇਂ ਵਿਚਾਰਾਂ ਪ੍ਰਤੀ ਬੇਹੱਦ ਸੰਵੇਦਨਸ਼ੀਲ ਸੀ। ਭਾਵੇਂ ਕਿ ਉਹ ਤਿੱਖੀ ਨਜ਼ਰ ਦਾ ਮਾਲਿਕ ਸੀ, ਪਰ ਹਮੇਸ਼ਾ ਪ੍ਰਕਿਰਤੀਵਾਦੀ ਢੰਗ ਨਾਲ਼ ਕੰਮ ਕਰਦਾ ਸੀ ਅਤੇ ਆਪਣੇ ਸਿੱਟੇ ਕੱਢਣ ਵਿੱਚ ਕਾਹਲ਼ੀ ਕਰਦਾ ਸੀ। ਕਿਉਂਕਿ ਉਸਨੇ ਆਪਣਾ ਜ਼ਿਆਦਾਤਰ ਸਮਾਂ ਬਾਹਰ ਵਿਦੇਸ਼ਾਂ ਵਿੱਚ ਹੀ ਗੁਜ਼ਾਰਿਆ ਸੀ, ਇਸ ਲਈ ਉਸਦੀ ਇਸ ਗੱਲੋਂ ਠੀਕ ਹੀ ਆਲੋਚਨਾ ਕੀਤੀ ਗਈ ਸੀ ਕਿ ਪਾਠਕ ਸਾਹਮਣੇ ਉਹ ਜਿਹੜਾ ਸਿੱਟਾ ਰੱਖਦਾ ਸੀ ਉਸਦਾ ਵਾਸਤਵਿਕ ਆਧਾਰ ਬਹੁਤ ਘੱਟ ਹੁੰਦਾ ਸੀ, ਅਤੇ ਉਹ ਤੱਥਾਂ ਨੂੰ ਠੰਢੇ ਤਰੀਕੇ ਨਾਲ਼ ਦਿਖਾਉਣ ਵਿੱਚ ਅਤੇ 'ਫ਼ੋਟੋਗ੍ਰਾਫਿਜ਼ਮ' ਵਿੱਚ ਫਸ ਜਾਂਦਾ ਸੀ। ਲੇਖਕ ਦੇ ਹੋਰ ਨਾਵਲਾਂ ਨਾਲ਼ੋਂ 'ਵਾਸਿਲੀ ਤਿਓਰਕਿਨ' ਨੂੰ ਜ਼ਿਆਦਾ ਸਫ਼ਲ ਮੰਨਿਆ ਗਿਆ, ਪਰ ਮੇਰੇ ਖਿਆਲ ਵਿੱਚ ਇਸਦੀ ਵਜ੍ਹਾ ਇਹ ਸੀ ਕਿ ਵਪਾਰੀ ਤਿਓਰਕਿਨ ਦੇ, ਇਸ 'ਮਾਲ-ਗੁਦਾਮ ਦੇ ਸੁਕਰਾਤ' ਦੇ, ਰੂਪ ਵਿੱਚ ਆਲੋਚਕਾਂ ਨੂੰ ਆਪਣਾ ਜਾਣਿਆ-ਪਛਾਣਿਆ ਉਦਾਰਵਾਦੀ-ਬੁੱਧੀਜੀਵੀ ਦਿਖਾਈ ਦਿੱਤਾ ਅਤੇ ਉਹ ਇਸ ਖੋਜ ਤੋਂ ਬਹੁਤ ਖੁਸ਼ ਹੋਏ। "ਸਾਡਾ ਰੁਤਬਾ ਵਧ ਗਿਆ ਹੈ"; ਮਾਸਕੋ ਦਾ ਇੱਕ ਅਰਧ-ਸੱਭਿਆ ਵਪਾਰੀ, ਜਿਹੜਾ ਓਸਤਰੋਵਸਕੀ ਦੇ ਕਿਸੇ ਨਾਟਕ ਨੂੰ ਵਿਚਾਲ਼ੇ ਛੱਡ ਕੇ ਬਾਹਰ ਆਉਂਦਾ ਦਿਖਾਈ ਦੇ ਸਕਦਾ ਸੀ, ਤਰੱਕੀ ਕਰਕੇ ਇੱਕ ਪੂਰੇ ਯੂਰਪੀ ਬੁਰਜੂਆ ਦੇ ਰੂਪ ਵਿੱਚ ਸਾਹਮਣੇ ਆਇਆ ਸੀ। ਮੇਰੀ ਰਾਏ ਅਨੁਸਾਰ ਇਸ ਵਪਾਰੀ ਦਾ ਸੋਚਣ ਦਾ ਢੰਗ ਅੱਸੀਵਿਆਂ ਦੇ ਅਖੀਰ ਦੇ ਬੁੱਧੀਜੀਵੀਆਂ ਦੇ ਉਸ ਹਿੱਸੇ ਨਾਲ਼ ਮਿਲਦਾ-ਜੁਲਦਾ ਸੀ, ਜਿਸਨੂੰ ਨਿਰੰਕੁਸ਼ ਰਾਜ ਨੇ 'ਨਰੋਦਨਾਸਾ ਵੋਲਯਾ' ਦੇ ਅੱਤਵਾਦੀਆਂ ਨੂੰ ਹਰਾਉਣ ਤੋਂ ਬਾਅਦ ਖਦੇੜਿਆ

ਅਤੇ ਕੁਚਲਿਆ ਸੀ। ਇਸ ਮਾਨਸਿਕਤਾ ਨੂੰ "ਹਾਰੇ ਹੋਇਆਂ ਦਾ ਅਰਾਜਕਤਾਵਾਦ" ਕਿਹਾ ਜਾ ਸਕਦਾ ਹੈ। ਇਸ ਅਰਾਜਕਤਾਵਾਦ ਦਾ ਦਾਰਸ਼ਨਿਕ ਚੌਖਟਾ ਕੁਝ ਤਾਂ ਦੋਸਤੋਯੇਵਸਕੀ ਦੇ 'ਰੂਪੋਸ਼ ਜੀਵਨ ਦੀਆਂ ਟਿੱਪਣੀਆਂ' ਤੋਂ, ਪਰ ਮੁੱਖ ਤੌਰ 'ਤੇ ਫਰੈਡਰਿਕ ਨੀਤਸ਼ੇ ਦੀਆਂ ਲਿਖਤਾਂ ਤੋਂ, ਜਿਵੇਂ ਕਿ ਉਹ 1892 ਦੇ 'ਦਰਸ਼ਨ-ਸ਼ਾਸ਼ਤਰ ਅਤੇ ਮਨੋਵਿਗਿਆਨ ਦੀਆਂ ਸਮੱਸਿਆਵਾਂ' ਨਾਮਕ ਮੈਗਜ਼ੀਨ ਵਿੱਚ ਛਪੇ ਲੇਖਾਂ ਵਿੱਚ ਪੇਸ਼ ਕੀਤੀਆਂ ਗਈਆਂ ਸਨ, ਲਿਆ ਗਿਆ ਸੀ।

ਯਾਕੋਵ ਮਾਯਾਕਿਨ ਦਾ ਵਿਅਕਤੀਤਵ ਕਿਸ ਕਿਸਮ ਦੀ ਸਮੱਗਰੀ ਤੋਂ ਬਣਾਇਆ ਗਿਆ ਸੀ ? ਪਹਿਲੀ ਗੱਲ ਤਾਂ ਮੈਨੂੰ "ਮਾਲਿਕਾਂ" ਬਾਰੇ ਕਾਫ਼ੀ ਜਾਣਕਾਰੀ ਸੀ ਅਤੇ ਮੈਨੂੰ ਉਹਨਾਂ ਦੀ ਹੋਰਨਾਂ ਲੋਕਾਂ ਦੀ ਕਿਰਤ 'ਤੇ ਜਿਉਣ ਦੀ ਡੂੰਘੀ ਲਾਲਸਾ ਦਾ ਅਤੇ ਉਹਨਾਂ ਦੇ ਇਸ ਵਿਸ਼ਵਾਸ ਦਾ ਕਿ ਇਹ ਸਭ ਕੁਝ ਕਰਨ ਦਾ ਉਹਨਾਂ ਨੂੰ ਪੂਰਾ ਹੱਕ ਹੈ, ਪ੍ਰਤੱਖ ਤਜ਼ਰਬਾ ਸੀ। ਛੋਟੀ ਉਮਰੇ ਹੀ ਮੈਨੂੰ ਇਹ ਮਹਿਸੂਸ ਹੋ ਗਿਆ ਸੀ ਕਿ ਮੇਰਾ ਮਾਲਿਕ ਮੈਨੂੰ ਆਪਣੇ ਤੋਂ ਹੀਣ, ਮਨੁੱਖੀ ਪੱਧਰ ਤੋਂ ਨੀਵਾਂ ਸਮਝਦਾ ਸੀ, ਜਿਸ 'ਤੇ ਉਸਦਾ ਪੂਰਾ ਹੱਕ ਹੋਵੇ। ਉਸੇ ਸਮੇਂ ਅਕਸਰ ਮੈਂ ਇਹ ਵੀ ਦੇਖਿਆ ਕਰਦਾ ਸਾਂ ਕਿ ਮੈ ਆਪਣੇ ਮਾਲਿਕ ਨਾਲ਼ੋਂ ਜ਼ਿਆਦਾ ਪੜ੍ਹਿਆ-ਲਿਖਿਆ ਹਾਂ, ਅਤੇ ਕਦੇ-ਕਦੇ ਇੰਜ ਜਾਪਦਾ ਕਿ ਮੈਂ ਉਸ ਨਾਲ਼ੋਂ ਜ਼ਿਆਦਾ ਸਿਆਣਾ ਵੀ ਹਾਂ। ਨਾਲ਼ ਹੀ ਮੈਂ ਇਹ ਮਹਿਸੂਸ ਕਰੇ ਬਿਨਾਂ ਨਾ ਰਹਿ ਸਕਦਾ ਕਿ ਮੈਨੂੰ ਨਜ਼ਰਅੰਦਾਜ਼ ਕਰਕੇ ਮੇਰਾ ਮਾਲਿਕ ਮੈਨੂੰ ਕੰਮ ਕਰਨ ਲਈ ਮਜਬੂਰ ਕਰ ਰਿਹਾ ਹੈ। ਕਿਰਤ ਦੇ ਫੈਸਲਾਕੁੰਨ ਸੱਭਿਆਚਾਰਕ ਅਤੇ ਇਤਿਹਾਸਕ ਮਹੱਤਵ ਦਾ ਮੈਨੂੰ ਕਾਫ਼ੀ ਛੋਟੀ ਉਮਰ ਵਿੱਚ ਹੀ—ਉਦੋਂ ਜਦੋਂ ਮੇਰੇ ਅੰਦਰ ਕੰਮ ਕਰਨ ਦਾ ਸ਼ੌਕ ਪੈਦਾ ਹੋਇਆ, ਅਹਿਸਾਸ ਹੋ ਗਿਆ ਸੀ। ਮੈਂ ਮਹਿਸੂਸ ਕੀਤਾ ਕਿ ਲੱਕੜਾਂ ਵੱਢਣ, ਜ਼ਮੀਨ ਪੁੱਟਣ ਅਤੇ ਰੋਟੀ ਪਕਾਉਣ ਵਿੱਚ ਓਨਾ ਹੀ ਆਨੰਦ ਆ ਸਕਦਾ ਹੈ ਜਿੰਨਾ ਗੀਤ ਗਾਉਣ ਵਿੱਚ। ਇਹ ਮੇਰੀ ਮਾਨਸਿਕ ਬਣਤਰ ਦੀ ਕੋਈ ਵਿਲੱਖਣ ਖਾਸੀਅਤ ਨਹੀਂ ਸੀ। ਇਸ ਅਰਥ ਵਿੱਚ ਕੋਈ ਵੀ ਵਿਅਕਤੀ "ਵਿਲੱਖਣ" ਬਣ ਸਕਦਾ ਹੈ ਬਸ਼ਰਤੇ ਉਹ ਇਸ ਮਕਸਦ ਲਈ ਪੂਰਾ ਯਤਨ ਕਰਨ ਦੀ ਠਾਣ ਲਵੇ। ਗੱਲ ਬਿਲਕੁਲ ਸਿੱਧੀ ਜਿਹੀ ਸੀ; ਮੈਂ ਇੱਕ ਸਿਹਤਮੰਦ ਮੁੰਡਾ ਸੀ ਅਤੇ ਮੇਰੇ ਅੰਦਰ ਕਾਫ਼ੀ ਮਾਤਰਾ ਵਿੱਚ ਊਰਜਾ ਦਾ ਭੰਡਾਰ ਸੀ ਜਿਹੜੀ ਖੁਦ ਨੂੰ ਉਜਾਗਰ ਕਰਨਾ ਚਾਹੁੰਦੀ ਸੀ। ਊਰਜਾ ਇਸੇ ਤਰ੍ਹਾਂ ਦੀ ਹੀ ਹੁੰਦੀ ਹੈ ਅਤੇ ਇਹੀ ਇਸਦੀ ਖਾਸ ਵਿਸ਼ੇਸ਼ਤਾ ਹੈ। ਇਸਤੋਂ ਇਲਾਵਾ ਕਿਤਾਬਾਂ ਤੋਂ ਵੀ ਮੈਨੂੰ ਕਿਰਤ ਦੀ ਜੱਥੇਬੰਦਕ ਤਾਕਤ ਨੂੰ ਸਮਝਣ ਵਿੱਚ ਮੱਦਦ ਮਿਲ਼ੀ। ਉਹਨਾਂ ਵਿੱਚੋਂ ਇਹ ਚਾਰ ਕਿਤਾਬਾਂ ਖਾਸ ਤੌਰ 'ਤੇ ਜ਼ਿਕਰਯੋਗ ਹਨ: ਵ.ਵ. ਬੇਰਵੀ-ਫਲੇਰੋਵਸਕੀ* ਦੀ 'ਸਮਾਜਿਕ ਵਿਗਿਆਨਾਂ ਦਾ ਮੁੱਢਲਾ ਗਿਆਨ', ਡ੍ਰੇਪਰ ਦੀ 'ਯੂਰਪ ਦੇ ਬੌਧਿਕ ਵਿਕਾਸ ਦਾ ਇਤਿਹਾਸ', ਵ੍ਹੇਵੇਲ ਦੀ 'ਆਗਮਨਾਤਮਕ (Inductive) ਵਿਗਿਆਨਾਂ ਦਾ ਇਤਿਹਾਸ' ਅਤੇ ਜੋਹਾਨਜ਼ ਸ਼ੇਰ ਦੀ

* ਬੇਰਵੀ-ਫ਼ਲੇਰੋਵਸਕੀ ਵ. ਵ. (1829-1918)—ਰੂਸੀ ਨਰੋਦਨਿਕ ਪੱਤਰਕਾਰ। ਉਹਨਾਂ ਦੀ ਰਚਨਾ 'ਰੂਸ ਵਿੱਚ ਮਜ਼ਦੂਰ ਜਮਾਤ ਦੀ ਹਾਲਤ' (1869) ਦੀ ਕਾਰਲ ਮਾਰਕਸ ਨੇ ਬੜੀ ਪ੍ਰਸੰਸਾ ਕੀਤੀ ਸੀ।

'ਜਰਮਨ ਸੱਭਿਆਚਾਰ ਦਾ ਇਤਿਹਾਸ'। ਇਹਨਾਂ ਕਿਤਾਬਾਂ ਵਿੱਚ ਤੱਥਾਂ 'ਤੇ ਅਧਾਰਿਤ ਸਮੱਗਰੀ ਦਾ ਭੰਡਾਰ ਸੀ ਅਤੇ ਇਹਨਾਂ ਨੇ ਮੇਰੇ ਨਿੱਜੀ ਤਜਰਬਿਆਂ ਨਾਲ਼ ਮਿਲ਼ਕੇ ਮੇਰੇ ਅੰਦਰ ਇਹ ਵਿਸ਼ਵਾਸ ਪੈਦਾ ਕੀਤਾ ਕਿ ਮਨੁੱਖਤਾ ਦੇ ਸੱਭਿਆਚਾਰਕ ਵਿਕਾਸ ਦੀ ਨੀਂਹ ਵਜੋਂ ਕਿਰਤ ਦਾ ਮਹੱਤਵ ਕਿਸੇ ਵੀ ਕਿਰਤੀ ਲਈ (ਜੇ ਉਹ ਬੇਵਕੂਫ ਨਹੀਂ ਹੈ ਤਾਂ) ਪ੍ਰਤੱਖ ਅਤੇ ਸੁਬੋਧ (Comprehensible) ਹੋਣਾ ਚਾਹੀਦਾ ਹੈ।

ਇੱਥੇ ਇਹ ਢੁਕਵਾਂ ਹੋਵੇਗਾ ਜੇ ਨਵੇਂ ਘੱਟ ਤਜਰਬੇਕਾਰ ਲੇਖਕਾਂ ਦੀਆਂ ਕੁਝ ਸ਼ਿਕਾਇਤਾਂ ਅਤੇ ਖਾਸ ਕਰ ਇੱਕ ਮਾਤਮੀ ਚਿੱਠੀ ਦਾ ਉੱਤਰ ਦੇ ਦਿੱਤਾ ਜਾਵੇ। ਉਹ ਉਹਨਾਂ ਗੱਲਾਂ ਬਾਰੇ ਸ਼ਿਕਾਇਤਾਂ ਕਰਦੇ ਹਨ ਜਿਹੜੀਆਂ ਉਹਨਾਂ ਦੇ ਸਮੇ ਦਾ ਵੱਡਾ ਹਿੱਸਾ ਖਪਤ ਕਰ ਰਹੀਆਂ ਹਨ, "ਮੇਰੀ ਪਤਨੀ ਹੈ, ਬੇਟਾ ਹੈ ਅਤੇ ਦੂਜਾ ਬੱਚਾ ਹੋਣ ਵਾਲ਼ਾ ਹੈ," ਅਤੇ ਮੁੱਖ ਗੱਲ "ਮੇਰੇ ਸਿਰ 'ਤੇ ਜਨਤਕ ਫ਼ਰਜ਼ਾਂ ਦਾ ਭਾਰ ਹੈ," ਉਹ ਦਾਅਵਾ ਕਰਦੇ ਹਨ ਕਿ "ਸਿਰਜਣਾਤਮਕ ਯਤਨ ਤਾਂ ਹੀ ਪੂਰਾ ਫ਼ਲ ਦੇ ਸਕਦੇ ਹਨ ਜਦੋਂ ਬੰਦਾ ਇਹ ਮਹਿਸੂਸ ਕਰੇ ਕਿ ਉਹ ਸਿਰਫ ਇੱਕ ਲੇਖਕ ਹੈ, ਇਸ ਤੋਂ ਸਿਵਾ ਹੋਰ ਕੁਝ ਵੀ ਨਹੀਂ, ਜਿਵੇਂ ਕਿ ਤੁਸੀ ਹੋ।" ਉਹਨਾਂ ਦਾ ਇਸ਼ਾਰਾ ਮੇਰੇ ਵੱਲ ਸੀ। ਜਿਹੜੇ ਲੋਕ ਵਾਰਤਕ ਜਾਂ ਕਵਿਤਾਵਾਂ ਲਿਖਣਾ ਸ਼ੁਰੂ ਕਰ ਰਹੇ ਹਨ, ਉਹਨਾਂ ਨੂੰ ਮੈਂ ਇਹ ਸਲਾਹ ਦੇਣੀ ਚਾਹਾਂਗਾ ਕਿ ਉਹ ਆਪਣੇ ਸ਼ਬਦ-ਭੰਡਾਰ 'ਚੋਂ "ਸਿਰਜਣਾਤਮਕ ਯਤਨ" ਜਿਹੀ ਨਵਾਬੀ ਸ਼ਬਦਾਵਲੀ ਨੂੰ ਮਿਟਾ ਦੇਣ ਅਤੇ ਉਸਦੀ ਜਗ੍ਹਾ ਇੱਕ ਸਿੱਧੇ-ਸਾਦੇ ਅਤੇ ਵਧੇਰੇ ਸਟੀਕ ਸ਼ਬਦ — ਕੰਮ — ਦੀ ਵਰਤੋਂ ਕਰਨ।

ਜਦੋਂ ਕੋਈ ਨੌਜਵਾਨ ਸਧਾਰਣ ਜਿਹੀ ਕਵਿਤਾ ਜਾਂ ਘਟੀਆ ਕਹਾਣੀਆਂ ਦੀ ਇੱਕ ਪਤਲੀ ਜਿਹੀ ਕਿਤਾਬ ਲਿਖਦਾ ਹੈ ਅਤੇ ਆਪਣੀ ਇਸ "ਉਪਜ" ਨੂੰ "ਸਿਰਜਣਾਤਮਕ ਯਤਨ" ਦਾ ਨਾਮ ਦਿੰਦਾ ਹੈ, ਤਾਂ ਇਹ ਇੱਕ ਅਜਿਹੇ ਦੇਸ਼ ਵਿੱਚ ਬਚਕਾਨਾ ਅਤੇ ਹਾਸੋਹੀਣਾ ਲੱਗਦਾ ਹੈ ਜਿੱਥੇ ਮਜ਼ਦੂਰ ਜਮਾਤ ਨਾ ਸਿਰਫ਼ ਵਿਸ਼ਾਲ ਕਾਰਖਾਨਿਆਂ ਦਾ ਨਿਰਮਾਣ ਕਰ ਰਹੀ ਹੈ, ਸਗੋਂ ਧਰਤੀ ਦਾ ਪੂਰਾ ਚਿਹਰਾ-ਮੋਹਰਾ ਹੀ ਬਦਲ ਰਹੀ ਹੈ, ਪੇਂਡੂ ਇਲਾਕਿਆਂ ਵਿੱਚ ਭੂਗੋਲਿਕ ਉੱਥਲ-ਪੁੱਥਲ ਜਿਹੇ ਮਹੱਤਵਪੂਰਨ ਬਦਲਾਅ ਲਿਆ ਰਹੀ ਹੈ ਅਤੇ ਆਮ ਤੌਰ 'ਤੇ ਅਥੱਕ ਰੂਪ ਵਿੱਚ ਸੰਸਾਰ-ਵਿਆਪੀ ਮਹੱਤਵ ਦਾ ਵਿਸ਼ਾਲ ਕਾਰਜ ਪੂਰਾ ਕਰ ਰਹੀ ਹੈ ਅਤੇ ਉਹ ਵੀ ਅਜਿਹੀਆਂ ਹਾਲਤਾਂ ਵਿੱਚ ਜਿਹੜੀਆਂ ਉਸ ਦੀ ਸਾਰੀ ਸ਼ਕਤੀ ਨਿਚੋੜ ਲੈਂਦੀਆਂ ਹਨ। ਇਹ ਸਮਝਣਾ ਅਤੇ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਸਮੁੱਚਾ ਨਿਰਮਾਣ ਲਗਭਗ "ਸਿਫ਼ਰ" ਵਿੱਚੋਂ ਕੀਤਾ ਜਾ ਰਿਹਾ ਹੈ, ਕਾਫੀ ਹੱਦ ਤੱਕ ਉਸੇ ਤਰ੍ਹਾਂ ਜਿਵੇਂ ਕਿ ਕਿਹਾ ਜਾਂਦਾ ਹੈ ਕਿ ਕਿਸੇ ਨੇ "ਸਿਫ਼ਰ" ਵਿੱਚੋਂ ਇਸ ਪ੍ਰਿਥਵੀ ਦੀ ਰਚਨਾ ਕੀਤੀ ਅਤੇ ਫਿਰ ਉਸਦੇ ਚਾਰੇ ਪਾਸੇ ਅਨੰਤ ਅਕਾਸ਼ ਵਿੱਚ ਤਾਰੇ ਜੜ ਦਿੱਤੇ, ਜਿਸਨੂੰ ਬ੍ਰਹਿਮੰਡ ਕਹਿੰਦੇ ਹਨ। ਜੇ ਅਸੀਂ ਕੁਝ ਦੇਰ ਲਈ ਇਹ ਮੰਨ ਵੀ ਲਈਏ ਕਿ ਰੱਬ ਬਾਰੇ ਬੱਚਿਆਂ ਦੀ ਇਹ ਮੂੜ ਕਹਾਣੀ ਸੱਚ ਹੈ ਤਾਂ ਇਹ ਮੰਨਣਾ ਪਵੇਗਾ ਕਿ ਇਹ ਧਰਤੀ ਘਟੀਆ ਸ਼ਿਲਪਕਾਰੀ ਦਾ ਨਮੂਨਾ ਹੈ। ਇਸ ਵਿੱਚ ਬਹੁਤ ਕੁਝ ਅਜਿਹਾ ਹੈ ਜੋ ਮਨੁੱਖ ਲਈ ਹਾਨੀਕਾਰਕ ਹੈ — ਪਰਜੀਵੀ ਪੌਦੇ ਅਤੇ ਪਸ਼ੂ, ਉਜਾੜ ਜ਼ਮੀਨ ਅਤੇ ਇਸ ਤੋਂ ਇਲਾਵਾ ਜੇ ਸੱਚ ਕਿਹਾ ਜਾਵੇ ਤਾਂ ਖੁਦ ਮਨੁੱਖ ਦੀ ਰਚਨਾ ਵੀ

ਕੋਈ ਬਹੁਤੇ ਵਧੀਆ ਢੰਗ ਨਾਲ਼ ਨਹੀਂ ਹੋਈ। ਇਸ ਸਾਰੇ ਵੱਟੋ-ਵੱਟ ਹੋਏ ਪਏ "ਸਿਰਜਣਾਤਮਕ ਯਤਨ" ਦੇ ਵਲ਼ ਕੱਢਣੇ ਪੈਣਗੇ, ਅਤੇ ਅਸਲ ਵਿੱਚ ਧਰਤੀ 'ਤੇ ਸਮਾਜਵਾਦੀ ਜੀਵਨ ਦੇ ਨਿਰਮਾਣ ਦਾ ਕੰਮ, ਸ਼ਾਨਦਾਰ ਸਿੱਟਿਆਂ ਦਾ ਵਾਅਦਾ ਕਰਦਾ ਹੋਇਆ, ਅੱਗੇ ਵਧ ਰਿਹਾ ਹੈ। ਅਜਿਹੇ ਨੌਜਵਾਨਾਂ ਲਈ, ਜਿਹਨਾਂ ਵਿੱਚੋਂ ਇੱਕ ਦਾ ਮੈਂ ਹੁਣੇ ਜ਼ਿਕਰ ਕੀਤਾ ਹੈ, ਇਹ ਬਿਹਤਰ ਹੋਵੇਗਾ ਕਿ ਉਹ ਇੱਕ ਅਜਿਹੇ ਦੇਸ਼ ਵਿੱਚ ਖ਼ੁਦ ਨੂੰ "ਸਿਰਜਣਹਾਰ" ਕਹਿਣਾ ਛੱਡ ਦੇਣ ਜਿੱਥੇ ਲੱਖਾਂ-ਕਰੋੜਾਂ ਸੰਜਮੀ ਤੇ ਸਮਰਪਿਤ ਕਿਰਤੀਆਂ ਦੀ ਲੋੜ ਹੈ। ਕਿਸੇ ਇੱਕ ਨੂੰ, ਨਾਮ ਮਾਤਰ ਹੀ ਸਹੀ, ਭਵਿੱਖ ਦਾ ਨਿਰਮਾਣ ਕਰਨ ਵਾਲਿਆਂ ਦੀਆਂ ਮੂਹਰਲੀਆਂ ਸਫ਼ਾਂ ਵਿੱਚ ਧੱਕਣ ਦੀ ਕੋਈ ਤੁੱਕ ਨਹੀਂ ਬਣਦੀ: ਇਸਦਾ ਨੌਜਵਾਨਾਂ 'ਤੇ ਬੁਰਾ ਅਸਰ ਪੈ ਸਕਦਾ ਹੈ, ਕਿਉਂਕਿ ਉਹਨਾਂ ਵਿੱਚੋਂ ਕੁਝ ਆਪਣੇ ਆਪ ਨੂੰ ਆਮ ਲੋਕਾਂ ਨਾਲ਼ੋਂ ਉੱਚੇ ਸਮਝਣ ਲੱਗ ਪੈਣਗੇ ਅਤੇ ਉਹਨਾਂ ਦਾ ਦਿਮਾਗ ਹਿੱਲ ਸਕਦਾ ਹੈ ਜਿਵੇਂ ਕਿ ਅਤੀਤ ਵਿੱਚ ਹੋ ਚੁੱਕਿਆ ਹੈ।

ਜਿੱਥੋਂ ਤੱਕ ਮੇਰਾ ਸਵਾਲ ਹੈ, ਤਾਂ ਮੈਂ ਆਪਣੇ ਆਪ ਨੂੰ ਕਦੇ ਵੀ "ਸਿਰਫ਼ ਲੇਖਕ" ਮਹਿਸੂਸ ਨਹੀਂ ਕੀਤਾ। ਕਿਸੇ ਨਾ ਕਿਸੇ ਰੂਪ ਵਿੱਚ ਮੈਂ ਜ਼ਿੰਦਗੀ ਭਰ ਜਨਤਕ ਸਰਗਰਮੀਆਂ ਵਿੱਚ ਹਿੱਸਾ ਲੈਂਦਾ ਰਿਹਾ ਹਾਂ ਅਤੇ ਅੱਜ ਵੀ ਇਸ ਕਿਸਮ ਦੀਆਂ ਗੱਲਾਂ ਲਈ ਮੇਰਾ ਉਤਸ਼ਾਹ ਘੱਟ ਨਹੀਂ ਹੋਇਆ। ਨੌਜਵਾਨ ਲੇਖਕ ਅਕਸਰ ਸ਼ਿਕਾਇਤ ਕਰਦੇ ਹਨ ਕਿ "ਛੋਟੇ-ਛੋਟੇ ਜਨਤਕ ਕੰਮ ਬਹੁਤ ਸਮਾਂ ਖਾ ਜਾਂਦੇ ਹਨ ਅਤੇ ਸਿਰਜਣਾਤਮਕ ਚਿੰਤਨ ਵਿੱਚ ਰੁਕਾਵਟ ਪੈਂਦੀ ਹੈ" ਵਗੈਰਾ-ਵਗੈਰਾ। ਮੈਂ ਅਜਿਹੀਆਂ ਸ਼ਿਕਾਇਤਾਂ ਨੂੰ ਬੇਬੁਨਿਆਦ ਮੰਨਦਾ ਹਾਂ।

ਛੋਟੇ ਤੋਂ ਛੋਟਾ ਜਨਤਕ ਕੰਮ ਵੀ ਫ਼ਜ਼ੂਲ ਨਹੀਂ ਹੋ ਸਕਦਾ। ਜੇਕਰ ਤੁਸੀਂ ਵਿਹੜੇ 'ਚ ਝਾੜੂ ਲਗਾਉਂਦੇ ਹੋ ਤਾਂ ਹਾਨੀਕਾਰਕ ਧੂੜ ਤੋਂ ਬੱਚਿਆਂ ਦੇ ਫੇਫੜਿਆਂ ਨੂੰ ਬਚਾਉਂਦੇ ਹੋ; ਜੇਕਰ ਤੁਸੀਂ ਸਹੀ ਸਮੇਂ 'ਤੇ ਕਿਸੇ ਕਿਤਾਬ ਦੀ ਜਿਲਦਬੰਦੀ ਕਰਦੇ ਹੋ ਉਸਦੀ ਉਮਰ ਵਧਾਉਂਦੇ ਹੋ, ਜਿਸਦਾ ਲੋਕਾਂ ਨੂੰ ਜ਼ਿਆਦਾ ਫਾਇਦਾ ਹੋਵੇਗਾ ਅਤੇ ਰਾਜ ਦਾ ਕਾਗਜ਼ ਬਚੇਗਾ। ਕਿਤਾਬਾਂ ਦਾ ਗਲਤ ਤਰੀਕੇ ਨਾਲ਼ ਇਸਤੇਮਾਲ ਕਰਨ ਨਾਲ਼ ਰਾਜ ਨੂੰ ਬਹੁਤ ਨੁਕਸਾਨ ਹੁੰਦਾ ਹੈ, ਕਿਉਂਕਿ ਬਹੁਤ ਜ਼ਿਆਦਾ ਮਾਤਰਾ ਵਿੱਚ ਕਿਤਾਬਾਂ ਛਾਪੀਆਂ ਜਾ ਰਹੀਆਂ ਹਨ, ਅਤੇ ਆਖਿਰਕਾਰ ਅਸੀਂ ਹੀ ਤਾਂ ਰਾਜ ਹਾਂ।

ਇਸਦੇ ਜਵਾਬ ਵਿੱਚ ਕਿਹਾ ਜਾ ਸਕਦਾ ਹੈ ਕਿ ਕੁਲੀਨ ਵਰਗ ਵਿੱਚ ਪੈਦਾ ਹੋਣ ਵਾਲ਼ੇ ਲੇਖਕਾਂ ਨੇ, ਜਿਹੜੇ ਜਨਤਕ ਕੰਮਾਂ ਵਿੱਚ ਹਿੱਸਾ ਨਹੀਂ ਲੈਂਦੇ ਸਨ (ਲਿਓ ਤਾਲਸਤਾਏ ਨੂੰ ਛੱਡ ਕੇ) ਉਹਨਾਂ ਨੇ ਆਪਣੀਆਂ ਕ੍ਰਿਤਾਂ ਵਿੱਚ ਉੱਚ ਕੋਟੀ ਦੀ ਕੁਸ਼ਲਤਾ ਹਾਸਿਲ ਕੀਤੀ ਹੈ। ਪਰ ਉਹਨਾਂ ਸਾਰਿਆਂ ਨੂੰ ਘੱਟ ਜਾਂ ਵੱਧ ਵਿਆਪਕ ਸਕੂਲੀ ਸਿੱਖਿਆ ਦਿੱਤੀ ਗਈ ਸੀ, ਜਿਹੜੀ ਮਨ ਨੂੰ ਅਨੁਸਾਸ਼ਨ ਵਿੱਚ ਰੱਖਦੀ ਹੈ ਅਤੇ ਜੀਵਨ ਦੇ ਸਹਿਜ ਗਿਆਨ ਅਤੇ ਬੋਧ ਨੂੰ ਵਿਕਸਤ ਕਰਦੀ ਹੈ। ਉਹਨਾਂ ਕੁਲੀਨ ਵਰਗ ਦੇ ਲੋਕਾਂ ਨੇ ਯੂਰਪ ਦੇ ਦੇਸ਼ਾਂ ਦੀ ਯਾਤਰਾ ਕੀਤੀ, ਅਤੇ ਅਜਿਹੀਆਂ ਯਾਤਰਾਵਾਂ ਨਾਲ਼ ਉਹਨਾਂ ਦੀ ਨਿਰੀਖਣ ਕਰਨ ਦੀ ਤਾਕਤ ਵਧੀ, ਉਹਨਾਂ ਨੂੰ ਸਮੱਗਰੀ ਦੇ ਭੰਡਾਰ ਅਤੇ ਤੁਲਨਾ-ਬੋਧ ਹਾਸਿਲ ਹੋਇਆ ਅਤੇ ਇਸ ਤਰ੍ਹਾਂ ਉਹ ਬੌਧਿਕ ਤੌਰ 'ਤੇ ਅਮੀਰ ਹੋਏ। ਕੁਲੀਨ ਵਰਗ ਵਾਲ਼ਿਆਂ ਨੂੰ ਰਾਜ਼ਨੋਚੀਨੇਤਸ ਬੁੱਧੀਜੀਵੀਆਂ ਨਾਲ਼ੋਂ ਕਿਤੇ

ਜ਼ਿਆਦਾ ਜੀਵਨ ਦਾ ਗਿਆਨ ਸੀ ਕਿਉਂਕਿ ਇਹਨਾਂ (ਰਾਜ਼ਨੋਚੀਨੇਤਸ) ਦਾ ਅਧਿਐਨ-ਖੇਤਰ ਕੁਲੀਨ ਵਰਗ ਦੇ ਮੁਕਾਬਲੇ ਬਹੁਤ ਸੀਮਤ ਸੀ। ਇਸਦਾ ਪੋਮਿਆਲੋਵਸਕੀ ਅਤੇ ਸਲੇਪਤਸੋਵ ਵਰਗੇ ਪ੍ਰਤਿਭਾਸ਼ਾਲੀ ਲੋਕਾਂ 'ਤੇ ਖਾਸ ਕਰ ਬੁਰਾ ਅਸਰ ਪਿਆ।

ਇਸ ਥਾਂ 'ਤੇ ਮੈਨੂੰ ਉਹ ਗੱਲ ਜੋ ਮੈਂ ਪਹਿਲਾਂ ਵੀ ਕਿਤੇ ਕਹੀ ਹੈ, ਦੁਹਰਾਉਣੀ ਚਾਹੀਦੀ ਹੈ: ਮੇਰੇ ਖਿਆਲ ਵਿੱਚ ਕੁਲੀਨ ਵਰਗ ਵਾਲ਼ਿਆਂ ਦਾ ਸਾਹਿਤ ਆਪਣੇ ਦ੍ਰਿਸ਼ਟੀਕੋਣ ਵਿੱਚ "ਸਥਾਨਕ" ਸੀ, ਕਿਉਂਕਿ ਉਹਨਾਂ ਨੇ ਮੁੱਖ ਤੌਰ 'ਤੇ ਰੂਸ ਦੇ ਕੇਂਦਰੀ ਖੇਤਰਾਂ ਤੋਂ ਆਪਣੀ ਸਮੱਗਰੀ ਹਾਸਿਲ ਕੀਤੀ ਸੀ; ਉਹਨਾਂ ਦਾ ਪ੍ਰਧਾਨ ਪਾਤਰ ਆਮ ਤੌਰ 'ਤੇ ਤੁਲਾ ਜਾਂ ਉਰਾਲ ਗੁਬੇਰਨੀਆ ਦਾ ਕਿਸਾਨ ਹੁੰਦਾ ਸੀ, ਪਰ ਕਿਸਾਨ ਤਾਂ ਨੋਵਗੋਰੋਦ ਅਤੇ ਵੋਲਗਾ ਖੇਤਰ, ਸਾਈਬੇਰੀਆ, ਉਰਾਲ, ਯੂਕਰੇਨ ਵਿੱਚ ਵੀ ਰਹਿੰਦੇ ਸਨ। ਤੁਰਗਨੇਵ ਅਤੇ ਬੂਨਿਨ ਦੇ ਕਿਸਾਨਾਂ ਦਾ ਵਿਆਤਕਾ ਜਾਂ ਯਾਰੋਸਲਾਵਲ ਦੇ ਕਿਸਾਨਾਂ ਨਾਲ਼ ਕੋਈ ਵੀ ਲੱਛਣ ਨਹੀਂ ਮਿਲਦਾ। ਕੁਲੀਨ ਵਰਗ ਅਤੇ ਰਾਜ਼ਨੋਚੀਨੇਤਸ ਬੁੱਧੀਜੀਵੀਆਂ ਦੇ ਸਾਹਿਤ ਦੀ ਨਜ਼ਰ ਦੇਸ਼ ਦੇ ਪੂਰੇ ਖੇਤਰ 'ਤੇ ਨਹੀਂ ਹੁੰਦੀ ਸੀ, ਉਹ ਦੋਨ, ਉਰਾਲ ਅਤੇ ਕੁਬਾਨ ਦੇ ਕਜ਼ਾਕਾਂ ਨੂੰ ਨਜ਼ਰ-ਅੰਦਾਜ਼ ਕਰਦੇ ਸਨ ਅਤੇ ਘੱਟ-ਗਿਣਤੀਆਂ ਬਾਰੇ ਕਹਿਣ ਲਈ ਵੀ ਉਹਨਾਂ ਕੋਲ਼ ਕੁਝ ਨਹੀਂ ਸੀ। ਮੇਰਾ ਮਤਲਬ ਉਹਨਾਂ ਲੋਕਾਂ ਦੀ ਨਿੰਦਾ ਕਰਨਾ ਨਹੀਂ ਹੈ ਜਿਹੜੇ ਦੇਸ਼ ਦੇ ਕੇਂਦਰੀ ਭਾਗਾਂ, ਸੇਂਟ ਪੀਟਰਸਬਰਗ ਜਾਂ ਮਾਸਕੋ ਵਿੱਚ ਰਹਿੰਦੇ ਹਨ। ਮੇਰਾ ਮਕਸਦ ਕੇਵਲ ਇਸ ਮਹੱਤਵਪੂਰਨ ਤੱਥ ਵੱਲ ਧਿਆਨ ਖਿੱਚਣਾ ਹੈ ਜਿਸ 'ਤੇ ਕਿਸੇ ਦੀ ਵੀ ਨਜ਼ਰ ਨਹੀਂ ਗਈ: ਸਾਡਾ ਸਮਕਾਲੀ ਸਾਹਿਤ ਸੋਵੀਅਤ ਸੰਘ ਦੇ ਸਾਰੇ ਹਿੱਸਿਆਂ ਨੂੰ ਸਮੇਟ ਲੈਂਦਾ ਹੈ ਅਤੇ ਇਸ ਲਈ ਇਸਦੀ ਪ੍ਰਸੰਸਾ ਕੀਤੀ ਜਾਣੀ ਬਣਦੀ ਹੈ। ਇਹ ਨਹੀਂ ਸੋਚਣਾ ਚਾਹੀਦਾ ਕਿ ਮੈਂ ਗਲਪ ਸਾਹਿਤ ਨੂੰ ਸਥਾਨਿਕ ਜਾਂ ਖੇਤਰੀ ਅਧਿਐਨ ਦੇ ਪੱਧਰ 'ਤੇ ਲੈ ਆਉਣਾ ਚਾਹੁੰਦਾ ਹਾਂ, ਜਿਹੜਾ ਕਿ ਆਪਣੇ ਆਪ ਵਿੱਚ ਬਹੁਤ ਮਹੱਤਵਪੂਰਨ ਹੈ; ਨਹੀਂ, ਮੈਂ ਸਮਝਦਾ ਹਾਂ ਕਿ ਗਲਪ ਸਾਹਿਤ ਲੋਕਾਂ ਬਾਰੇ ਅਧਿਐਨ ਕਰਨ ਦਾ ਇੱਕ ਅਦਭੁੱਤ ਢੰਗ ਹੈ—ਮਨੁੱਖੀ ਅਧਿਐਨ ਦਾ ਇੱਕ ਸਰੋਤ ਹੈ।

ਮੈਂ ਆਪਣੇ ਮੁੱਖ ਵਿਸ਼ੇ ਤੋਂ ਭਟਕ ਗਿਆ — ਜਿਸਦੀ ਨਕਲ ਕਰਨ ਦੀ ਮੈਂ ਸਿਫਾਰਿਸ਼ ਨਹੀਂ ਕਰਦਾ—ਇਸ ਲਈ ਮੈਂ ਹੁਣ ਫਿਰ ਉਹਨਾਂ "ਮਾਲਿਕਾਂ" ਵੱਲ ਪਰਤਦਾ ਹਾਂ ਜਿਹਨਾਂ ਦੀ ਮੈਂ ਚਰਚਾ ਕਰ ਰਿਹਾ ਸੀ।

ਮੈਂ ਇਹਨਾਂ ਲੋਕਾਂ ਦਾ ਅਤੇ ਇਹਨਾਂ ਦੇ "ਸਧਾਰਣ" ਰਹਿਣ-ਸਹਿਣ ਦਾ ਬਹੁਤ ਧਿਆਨ ਨਾਲ਼ ਅਧਿਐਨ ਕੀਤਾ, ਅਤੇ ਜੀਵਨ ਬਾਰੇ ਉਹਨਾਂ ਨੇ ਜੋ ਕੁਝ ਕਹਿਣਾ ਸੀ, ਉਸਨੂੰ ਕੰਨ ਖੋਲ੍ਹ ਕੇ ਸੁਣਿਆ। ਮੈਂ ਇਹ ਜਾਨਣ ਦਾ ਇਛੁੱਕ ਸੀ ਕਿ ਉਹਨਾਂ ਨੂੰ ਮੇਰੇ ਸਣੇ ਬਾਕੀ ਲੋਕਾਂ ਨੂੰ, ਜਿਹੜੇ ਉਹਨਾਂ ਲਈ ਕੰਮ ਕਰਦੇ ਸਨ, ਆਪਣੇ ਨਾਲ਼ੋਂ ਜ਼ਿਆਦਾ ਜੰਗਲੀ, ਅਸੱਭਿਆ ਅਤੇ ਮੂਰਖ ਸਮਝਣ ਦਾ ਕੀ ਅਧਿਕਾਰ ਹੈ। ਤਾਕਤ ਤੋਂ ਬਿਨਾਂ ਇਸ ਅਧਿਕਾਰ ਦਾ ਹੋਰ ਕੀ ਅਧਾਰ ਹੋ ਸਕਦਾ ਹੈ ? ਇਹ ਸਪੱਸ਼ਟ ਸੀ ਕਿ ਉਹਨਾਂ ਦੇ ਖੂਹ-ਦੇ-ਡੱਡੂ ਵਾਲ਼ਾ "ਮਾਣ-ਸਤਿਕਾਰ" ਅਸਲ ਵਿੱਚ ਖਾਂਦੇ-ਪੀਂਦੇ ਪਸ਼ੂਆਂ ਦੀ ਤੰਗ ਮਾਨਸਿਕਤਾ ਅਤੇ ਨਿਰੀ ਮੂੜ-ਮੱਤ ਸੀ; ਇਹ

ਕੇਵਲ ਆਪਣੇ ਨੌਕਰਾਂ ਵੱਲ ਉਹਨਾਂ ਦੇ ਵਤੀਰੇ ਤੋਂ ਹੀ ਨਹੀਂ, ਸਗੋਂ ਆਪਣੇ ਬੀਵੀ-ਬੱਚਿਆਂ ਅਤੇ ਕਿਤਾਬਾਂ ਵੱਲ ਉਹਨਾਂ ਦੇ ਰਵੱਈਏ, ਉਹਨਾਂ ਦੀ ਸਮੁੱਚੀ ਜੀਵਨ ਪੱਧਤੀ ਅਤੇ ਹੈਰਾਨੀਜਨਕ ਅਗਿਆਨਤਾ ਵਿੱਚ ਅਤੇ ਤਰਕ ਤੇ ਇਸਦੀ ਕਾਰਜਵਿਧੀ ਵੱਲ ਮੂਰਖਤਾਪੂਰਣ ਅਤੇ ਦੁਸ਼ਮਣਾਨਾ ਬੇਯਕੀਨੀ ਵਿੱਚ ਵੀ ਝਲਕਦਾ ਸੀ। ਉਦੋਂ ਤੱਕ, 15-20 ਸਾਲ ਦੀ ਉਮਰ ਤੱਕ, ਮੈਂ ਡ੍ਰੈਪਰ ਦੀ ਕਿਤਾਬ 'ਕੈਥੋਲਿਕਵਾਦ ਅਤੇ ਵਿਗਿਆਨ' ਵਿੱਚੋਂ ਧਰਮ ਅਤੇ ਵਿਗਿਆਨ ਦੇ ਸੰਬੰਧਾਂ ਬਾਰੇ ਥੋੜ੍ਹਾ-ਬਹੁਤ ਜਾਣ ਚੁੱਕਿਆ ਸਾਂ। ਇਸ ਕਿਤਾਬ ਨੇ ਅਤੇ ਕੁਝ ਹੋਰ ਕਿਤਾਬਾਂ ਨੇ ਮੈਨੂੰ ਧਾਰਮਿਕ ਨਿਯਮਾਂ ਅਨੁਸਾਰ ਚਿੰਤਨ ਕਰਨ ਦੀ ਵਿਧੀ ਤੋਂ ਹੋਣ ਵਾਲ਼ੇ ਨੁਕਸਾਨ ਬਾਰੇ ਸਮਝਣ ਵਿੱਚ ਮੱਦਦ ਦਿੱਤੀ। ਇਹ ਚਿੰਤਨ ਅਜਿਹੇ ਤੱਥਾਂ ਅਤੇ ਕੱਟੜਪੁਣੇ 'ਤੇ ਅਧਾਰਿਤ ਸੀ ਜਿਹੜੇ ਨਿਰਵਿਵਾਦ ਅਤੇ "ਸਦੀਵੀ" ਮੰਨੇ ਜਾਂਦੇ ਸਨ।

ਇਹ ਗੱਲ ਸਾਰੇ ਜਾਣਦੇ ਹਨ ਕਿ ਖੂਹ-ਦੇ-ਡੱਡੂਆਂ ਦੀ ਜੜ੍ਹਤਾ ਨੇ ਸਨਅਤੀ ਤਕਨੀਕ ਦੇ ਵਿਕਾਸ ਵਿੱਚ ਰੁਕਾਵਟ ਪਾਈ ਹੈ, ਪਰ ਮੈਂ ਪਾਠਕ ਨੂੰ ਯਾਦ ਦਿਲਾਉਣਾ ਚਾਹਾਂਗਾ ਕਿ ਈਸਾ ਦੇ ਜਨਮ ਤੋਂ 120 ਸਾਲ ਪਹਿਲਾਂ ਭਾਫ਼ ਇੰਜਣ ਦੇ ਸਿਧਾਂਤ ਦੀ ਖੋਜ ਹੋ ਚੁੱਕੀ ਸੀ ਅਤੇ ਲਗਭਗ ਦੋ ਹਜ਼ਾਰ ਸਾਲਾਂ ਤੱਕ ਉਸਦੀ ਕੋਈ ਅਮਲੀ ਵਰਤੋਂ ਨਹੀਂ ਕੀਤੀ ਗਈ। ਦੂਜੀ ਸਦੀ ਈਸਾ ਪੂਰਵ ਵਿੱਚ ਅਥੇਨਟਿਅਸ ਦੇ ਅਲੈਕਸਾਂਦਰ ਨੇ ਸੱਪ ਦੇ ਆਕਾਰ ਵਰਗੇ ਫ਼ੋਨੋਗ੍ਰਾਫ ਦੀ ਕਾਢ ਕੱਢ ਲਈ ਸੀ ਜਿਸਤੋਂ ਉਹ "ਭਵਿੱਖਬਾਣੀ" ਕਰਨ ਦਾ ਕੰਮ ਲੈਂਦਾ ਸੀ। ਇਸ ਤਰ੍ਹਾਂ ਦੇ ਸੈਂਕੜੇ ਤੱਥ ਹਨ ਅਤੇ ਇਹਨਾਂ ਤੋਂ ਇਹੀ ਪ੍ਰਗਟ ਹੁੰਦਾ ਹੈ ਕਿ ਖੂਹ-ਦੇ-ਡੱਡੂ ਖੋਜਬੀਨ ਕਰਨ ਵਾਲ਼ੇ ਮਨੁੱਖਾਂ ਵੱਲ ਸ਼ਰਮਨਾਕ ਉਦਾਸੀਨਤਾ ਦਾ ਰਵੱਈਆ ਅਪਣਾਉਂਦੇ ਸਨ। ਮੈਂ ਇੱਕ ਆਖਰੀ ਉਦਾਹਰਣ ਦਿਆਂਗਾ: ਇਸ ਸਾਲ ਮਾਰਕੋਨੀ ਨੇ ਵਾਇਰਲੈੱਸ ਸੰਚਾਰ ਰਾਹੀਂ ਬਿਜਲਈ ਕਰੰਟ ਜੇਨੋਆ ਤੋਂ ਆਸਟ੍ਰੇਲੀਆ ਪਹੁੰਚਾਇਆ ਜਿੱਥੇ ਉਸਨੇ ਇਸ ਨਾਲ਼ ਸਿਡਨੀ ਦੀ ਇੱਕ ਪ੍ਰਦਰਸ਼ਨੀ ਵਿੱਚ ਬਿਜਲੀ ਦੇ ਬੱਲਬ ਜਗਾਏ। ਇਸੇ ਤਰ੍ਹਾਂ ਦਾ ਕੰਮ ਸਾਡੇ ਦੇਸ਼ ਵਿੱਚ ਸਾਹਿਤਕਾਰ ਅਤੇ ਵਿਗਿਆਨੀ ਮ. ਮ. ਫਿਲੀਪੋਵ ਨੇ ਸਤਾਈ ਸਾਲ ਪਹਿਲਾਂ ਕਰ ਦਿੱਤਾ ਸੀ। ਉਹ ਕਈ ਸਾਲਾਂ ਤੋਂ ਬਿਜਲਈ ਕਰੰਟ ਦੇ ਹਵਾਈ ਸੰਚਾਰ ਦੀ ਸਮੱਸਿਆ 'ਤੇ ਕੰਮ ਕਰ ਰਹੇ ਸਨ ਅਤੇ ਅੰਤ ਵਿੱਚ ਸੇਂਟ ਪੀਟਰਸਬਰਗ ਤੋਂ ਸਾਰਸਕੋਇਓ ਸੇਲੋ ਵਿਖੇ ਸਥਿਤ ਝਾੜ-ਫਾਨੂਸ ਨੂੰ ਜਲਾਉਣ ਵਿੱਚ ਸਫਲ ਹੋਏ। ਇਸ ਘਟਨਾ ਵੱਲ ਬਣਦਾ ਧਿਆਨ ਨਹੀਂ ਦਿੱਤਾ ਗਿਆ ਅਤੇ ਕੁਝ ਦਿਨਾਂ ਬਾਅਦ ਆਪਣੇ ਘਰੋਂ ਫਿਲੀਪੋਵ ਦੀ ਲਾਸ਼ ਬਰਾਮਦ ਹੋਈ ਅਤੇ ਪੁਲਿਸ ਨੇ ਉਹਨਾਂ ਦੇ ਸੰਦ ਅਤੇ ਕਾਗਜ਼-ਪੱਤਰ ਜ਼ਬਤ ਕਰ ਲਏ।

ਮਾਲਿਕਾਂ ਦੇ ਰੂੜੀਵਾਦ ਨੇ ਜਲਦੀ ਹੀ ਆਪਣੀ "ਵਿਚਾਰਧਾਰਾ" ਮੇਰੇ ਸਾਹਮਣੇ ਖੋਲ੍ਹ ਕੇ ਰੱਖ ਦਿੱਤੀ। ਇਸਨੇ ਇੱਕ ਅਜਿਹਾ ਰੂਪ ਧਾਰ ਲਿਆ ਜਿਹੜਾ ਕਿ ਪੂਰੀ ਤਰ੍ਹਾਂ ਨਿਸ਼ਚਿਤ ਅਤੇ ਰਾਜਤੰਤਰੀ ਸੀ। ਪਿੱਤਰੀ ਸ਼ਾਸ਼ਨ-ਅਧਿਕਾਰ ਦਾ ਧਾਗਾ ਉੱਪਰੋਂ ਲੈ ਕੇ ਹੇਠਾਂ ਤੱਕ ਪੂਰੀ ਤਰ੍ਹਾਂ ਫੈਲਿਆ ਹੋਇਆ ਸੀ: ਈਸ਼ਵਰ-ਪਿਤਾ, ਜ਼ਾਰ-ਪਿਤਾ, ਪਾਦਰੀ-ਪਿਤਾ ਅਤੇ ਜਨਮਦਾਤਾ ਪਿਤਾ, ਅਤੇ ਇਹ ਸਾਰੀ ਤਰਤੀਬ ਉਹਨਾਂ ਨਿਰਵਿਵਾਦ ਮਾਪਦੰਡਾਂ ਦੀ ਲੋਹੇ ਦੀ ਜ਼ੰਜੀਰ ਵਿੱਚ ਜਕੜੀ ਹੋਈ ਸੀ, ਜਿਹੜੇ "ਸਦੀਵੀ" ਸਨ।

ਮੈਂ ਦੇਖਿਆ ਕਿ "ਮਾਲਿਕ" ਅਥੱਕ ਰੂਪ ਨਾਲ਼ "ਸਧਾਰਣ" ਜੀਵਨ ਦੀ ਉਸਾਰੀ ਕਰ ਰਹੇ ਸਨ, ਪਰ ਮੈਨੂੰ ਇਸ ਤਰ੍ਹਾਂ ਮਹਿਸੂਸ ਹੁੰਦਾ ਸੀ ਜਿਵੇਂ ਉਹ ਅਣਸਰਦੇ ਜਿਹੇ ਨੂੰ ਇਹ ਸਭ ਕਰ ਰਹੇ ਹੋਣ, ਕਿ ਉਹ ਆਪਣੇ ਕੰਮਾਂ ਦੇ ਓਨੇ ਮਾਹਿਰ ਨਹੀਂ ਹਨ ਜਿੰਨੇ ਉਹ ਆਪਣੇ ਪਿਓ-ਦਾਦਿਆਂ ਵਾਂਗੂੰ ਇਸ ਨਾਲ਼ ਬੱਝੇ ਹੋਏ ਹਨ।

ਉਹ ਹਮੇਸ਼ਾ ਖਿਝੇ ਰਹਿੰਦੇ, ਆਪਣੀ "ਕਿਰਤ" ਦੇ ਬੋਝ ਦੀ ਜ਼ੋਰਾਂ-ਸ਼ੋਰਾਂ ਨਾਲ਼ ਸ਼ਿਕਾਇਤ ਕਰਦੇ ਰਹਿੰਦੇ, ਇਹ ਰੋਣਾ ਰੋਂਦੇ ਰਹਿੰਦੇ ਕਿ ਆਪਣੇ ਮਜ਼ਦੂਰਾਂ ਨੂੰ ਕੰਟਰੋਲ ਕਰਨ ਦੀ ਜ਼ਰੂਰਤ ਕਾਰਨ ਉਹਨਾਂ ਨੂੰ ਕਿੰਨੀ ਪ੍ਰੇਸ਼ਾਨੀ ਝੱਲਣੀ ਪੈਂਦੀ ਹੈ, "ਅਧਿਕਾਰੀਆਂ" ਦੀ ਸੇਵਾ ਅਤੇ ਆਪਣੇ ਤੋਂ ਵੱਡੇ ਥੈਲੀਸ਼ਾਹਾਂ ਤੋਂ ਆਪਣੀ ਰੱਖਿਆ ਕਰਨੀ ਪੈਂਦੀ ਹੈ। ਮੇਰਾ ਖਿਆਲ ਹੈ ਕਿ ਕਦੇ-ਕਦੇ ਉਹ ਖੁਦ ਵੀ ਅਜਿਹਾ ਸਮਝਦੇ ਸਨ ਕਿ ਜਿੰਨਾ ਪੈਸਾ ਉਹ "ਬਟੋਰ" ਚੁੱਕੇ ਹਨ, ਉਸ ਨਾਲ਼ ਉਹ ਆਨੰਦ-ਰਹਿਤ, ਥੋਥੀ ਅਤੇ ਮੂਰਖਤਾਪੂਰਣ ਜ਼ਿੰਦਗੀ ਦੀ ਬਜਾਏ ਕਿਤੇ ਜ਼ਿਆਦਾ ਖੁਸ਼ੀਆਂ ਭਰੀ ਅਤੇ ਸ਼ਾਇਦ ਵਧੇਰੇ ਆਜ਼ਾਦ— ਯਾਨੀ ਕੋਈ ਅਲੱਗ ਤਰ੍ਹਾਂ ਦੀ ਜ਼ਿੰਦਗੀ ਗੁਜ਼ਾਰ ਸਕਦੇ ਹਨ। "ਮਾਲਕਾਂ" ਵਿੱਚੋਂ ਬਹੁਤਿਆਂ ਨੂੰ ਘੁਣ ਵਾਂਗ ਇੱਕ ਧੁਖਧੁਖੀ ਜਿਹੀ ਲੱਗੀ ਰਹਿੰਦੀ ਅਤੇ ਆਉਣ ਵਾਲ਼ੇ ਕੱਲ ਦਾ ਭੈਅ ਵੀ ਨਜ਼ਰ ਆਉਂਦਾ ਸੀ। ਆਪਣੇ ਮਨ ਦੀ ਇਸ ਹਾਲਤ ਨੂੰ ਉਹ ਇੱਕ-ਦੂਜੇ ਤੋਂ ਲੁਕਾਉਂਦੇ ਵੀ ਨਹੀਂ ਸਨ।

ਇਹਨਾਂ "ਸਧਾਰਣ" ਭੱਦਰ ਪੁਰਸ਼ਾਂ ਵਿੱਚੋਂ ਜਦੋਂ ਕਿਸੇ ਨੂੰ "ਉਦਾਸੀ" ਦਾ ਦੌਰਾ ਪੈਂਦਾ ਅਤੇ ਉਹ ਬਗਾਵਤ ਕਰ ਦਿੰਦਾ, ਧਰਮ ਅਤੇ ਪਰਿਵਾਰਕ ਰਵਾਇਤਾਂ ਦੀਆਂ ਪ੍ਰਾਚੀਨ ਰੂੜੀਆਂ ਦੇ ਗੱਠਜੋੜ ਨੂੰ ਲਾਹ ਪਰ੍ਹੇ ਮਾਰਦਾ, ਤਾਂ ਮੈਂ ਇਹ ਸੋਚਣ ਲਈ ਮਜਬੂਰ ਹੋ ਜਾਂਦਾ ਕਿ ਉਸਨੂੰ ਭਵਿੱਖ ਦਾ ਭੈਅ ਸਤਾ ਰਿਹਾ ਹੈ। "ਉਦਾਸੀ" ਦਾ ਇਹ ਦੌਰਾ ਕਿਸੇ ਵੀ ਵਜ੍ਹਾ ਨਾਲ਼ ਪੈ ਸਕਦਾ ਸੀ: ਮਸਲਨ ਕੋਈ ਕੁੱਤਾ ਆਪਣੀ ਬੂਥੀ ਉੱਪਰ ਚੁੱਕ ਕੇ ਰੋ ਰਿਹਾ ਹੋਵੇ ਜਿਸਦਾ ਮਤਲਬ ਸੀ ਕਿ ਅੱਗ ਲੱਗਣ ਵਾਲ਼ੀ ਹੈ; ਜੇ ਕੁੱਤੇ ਦਾ ਮੂੰਹ ਥੱਲੇ ਨੂੰ ਹੋਵੇ ਤਾਂ ਇਸਦਾ ਮਤਲਬ ਸੀ ਕਿ ਕੋਈ ਮਰਨ ਵਾਲ਼ਾ ਹੈ; ਕਿਸੇ ਮੁਰਗੀ ਨੇ ਮੁਰਗੇ ਵਾਂਗੂੰ ਬਾਂਗ ਦੇ ਦਿੱਤੀ ਤਾਂ ਇਸਦਾ ਮਤਲਬ ਇਹ ਸੀ ਕਿ ਜਰੂਰ ਹੀ ਕੋਈ ਅਨਜਾਣ ਆਫਤ ਆਉਣ ਵਾਲ਼ੀ ਹੈ; ਕਿਸੇ ਨੂੰ ਕੋਈ ਪਾਦਰੀ ਟੱਕਰ ਗਿਆ ਤਾਂ ਸਮਝੋ ਕਿ ਕਾਰੋਬਾਰ ਵਿੱਚ ਘਾਟਾ ਪੈਣ ਵਾਲ਼ਾ ਹੈ। ਅਪਸ਼ਗਨਾਂ ਦੇ ਇਸ ਬੇਅੰਤ ਸਿਲਸਿਲੇ ਦਾ ਕੋਈ ਨਾ ਕੋਈ ਸਬੂਤ ਮਿਲ਼ ਹੀ ਜਾਂਦਾ ਸੀ: ਕਿਤੇ ਨਾ ਕਿਤੇ ਅੱਗਾਂ ਲੱਗਦੀਆਂ ਰਹਿੰਦੀਆਂ ਸਨ, ਘਾਟੇ ਪੈਂਦੇ ਹੀ ਰਹਿੰਦੇ ਸਨ, ਲੋਕ ਮਰਦੇ ਰਹਿੰਦੇ, ਕਿਸੇ ਦਾ ਦਿਵਾਲ਼ਾ ਵੀ ਨਿੱਕਲਦਾ ਅਤੇ ਉਹ ਬਿਲਕੁਲ ਬਰਬਾਦ ਹੋ ਜਾਂਦਾ; ਬਹੁਤਿਆਂ ਪਰਿਵਾਰਾਂ ਵਿੱਚ "ਪਿਓ-ਪੁੱਤਰਾਂ" ਦਾ ਨਿਰੰਤਰ ਅਤੇ ਬੇਸਿੱਟਾ ਝਗੜਾ ਚੱਲਦਾ ਹੀ ਰਹਿੰਦਾ। ਬਾਪੂਆਂ ਨੇ ਸਨਅਤੀ ਕਾਰੋਬਾਰ ਚਲਾ ਕੇ ਧਨ ਕਮਾਇਆ ਸੀ ਪਰ ਪੁੱਤਰ ਉਹਨਾਂ ਦੇ ਪੂਰਨਿਆਂ 'ਤੇ ਚੱਲਣ ਨੂੰ ਤਿਆਰ ਨਹੀਂ ਸਨ — ਉਹ ਬਟੋਰਨ ਨਾਲ਼ੋਂ ਖਰਚਣਾ ਜ਼ਿਆਦਾ ਪਸੰਦ ਕਰਦੇ, ਜਾਂ ਉਹ ਪਰਿਵਾਰਕ ਕਾਰੋਬਾਰ ਨੂੰ ਚਲਾਉਣ ਅਤੇ ਫੈਲਾਉਣ ਦੇ ਨਵੇਂ ਤੇ ਖਤਰਿਆਂ ਭਰੇ ਢੰਗ-ਤਰੀਕੇ ਅਪਨਾਉਣ ਦੀ ਲੋੜ 'ਤੇ ਜ਼ੋਰ ਦਿੰਦੇ, ਜਾਂ ਯੂਨੀਵਰਸਿਟੀਆਂ ਵਿੱਚ ਦਾਖਲੇ ਲੈ ਕੇ ਵਕੀਲ, ਡਾਕਟਰ ਜਾਂ ਅਧਿਆਪਕ ਬਣ ਜਾਂਦੇ ਤੇ ਆਪਣੇ ਪਰਿਵਾਰਾਂ ਤੋਂ ਦੂਰ ਹੋ ਜਾਂਦੇ।

ਇਹਨਾਂ ਸਾਰੀਆਂ ਗੱਲਾਂ ਦੇ ਬਾਵਜੂਦ ਕਾਰੋਬਾਰ ਫਿਰ ਵੀ ਜਿਵੇਂ ਆਪਣੇ ਆਪ ਵਧਦੇ ਜਾਂਦੇ ਪਰ ਸੀਮਤ ਨਜ਼ਰ ਵਾਲ਼ੇ ਕੁਝ ਵਿਅਕਤੀਆਂ ਨੂੰ ਇੰਜ ਵਿਖਾਈ ਦਿੰਦਾ ਜਿਵੇਂ ਸਭ ਕੁਝ ਤਿੜਕ ਰਿਹਾ ਹੋਵੇ, ਖੇਰੂੰ-ਖੇਰੂੰ ਹੋ ਰਿਹਾ ਹੋਵੇ, ਇਸ ਲਈ ਇਹ ਜਰੂਰੀ ਸੀ ਕਿ "ਅੱਖਾਂ ਖੁੱਲੀਆਂ ਰੱਖੀਆਂ ਜਾਣ" ਅਤੇ "ਹਰ ਕਦਮ ਸੋਚ-ਵਿਚਾਰ ਕੇ ਰੱਖਿਆ ਜਾਵੇ", ਨਹੀਂ ਤਾਂ ਭੀਖ ਮੰਗਦੇ ਨਜ਼ਰ ਆਓਗੇ।

ਇੱਕ ਰੂਸੀ ਕਹਾਵਤ ਹੈ ਕਿ "ਸਿਪਾਹੀ ਕੋਲ਼ ਆਪਣੀ ਬੰਦੂਕ ਹੁੰਦੀ ਹੈ ਅਤੇ ਵਪਾਰੀ ਕੋਲ਼ ਆਪਣਾ ਪੈਸਾ," ਅਤੇ ਇਹ "ਸਧਾਰਣ" ਤੇ "ਪਤਵੰਤੇ" ਸੱਜਣ ਹਜ਼ਾਰਾਂ ਪੂਡ ਰੂਬਲ ਦੀਆਂ ਥੈਲੀਆਂ ਆਪਣੇ ਗਲ਼ੇ 'ਚ ਲਟਕਾ ਕੇ ਰੱਖਿਆ ਕਰਦੇ ਸਨ। ਪਰ ਇੱਕ ਧਾਗਾ ਮਿੱਲ ਦੇ ਮਾਲਿਕ ਬਕਾਲਦਿਨ ਨੇ, ਜਿਹੜਾ ਇੱਕ ਬੇਹੱਦ "ਸਧਾਰਨ" ਵਿਅਕਤੀ ਸੀ, ਸੱਠ ਸਾਲਾਂ ਦਾ ਹੋਣ ਤੋਂ ਬਾਅਦ ਚੇਰਨੇਸ਼ੇਵਸਕੀ ਨੂੰ ਪੜ੍ਹਨਾ ਸ਼ੁਰੂ ਕਰ ਦਿੱਤਾ। ਉਹ ਹੈਰਾਨ ਹੋ ਕੇ ਕਿਹਾ ਕਰਦਾ:

"ਮੇਰੇ ਵਰਗੇ ਸਨਮਾਨਿਤ ਵਿਅਕਤੀ ਨੂੰ ਮੂਰਖ ਬਣਾ ਕੇ ਰੱਖ ਦਿੱਤਾ। ਜ਼ਰਾ ਸੋਚੋ, ਚਾਲ਼ੀ ਸਾਲਾਂ ਤੱਕ ਪੈਸਾ ਕਮਾਉਣ ਅਤੇ ਕਿੰਨੇ ਹੀ ਲੋਕਾਂ ਨੂੰ ਤਬਾਹ ਕਰਨ ਅਤੇ ਦੁਸ਼ਮਣ ਬਣਾਉਣ ਤੋਂ ਬਾਅਦ ਮੈਨੂੰ ਅੱਜ ਇਹ ਪਤਾ ਲੱਗਿਆ ਹੈ ਕਿ ਪੈਸਾ ਹੀ ਸਾਰੀ ਬੁਰਾਈ ਦੀ ਜੜ੍ਹ ਹੈ!"

ਇਹਨਾਂ ਵਿੱਚੋਂ ਹੀ ਇੱਕ ਹੋਰ ਵਿਅਕਤੀ, ਬੁੱਢਾ ਜ਼ਮੋਸ਼ਨੀਕੋਵ ਉੱਚੀ-ਉੱਚੀ ਚੀਖ ਕੇ ਕਹਿੰਦਾ:

"ਇਹ ਪਾਦਰੀ ਸਾਡੇ ਦਿਮਾਗ ਵਿੱਚ ਤੂੜੀ ਭਰਦੇ ਰਹਿੰਦੇ ਨੇ ਤੇ ਸਾਡੀਆਂ ਆਤਮਾਵਾਂ ਨੂੰ ਵਿਗਾੜਦੇ ਰਹਿੰਦੇ ਨੇ। ਪਤਾ ਨਹੀਂ ਉੱਥੇ ਉੱਪਰ ਕਿਹੋ ਜਿਹਾ ਸ਼ੈਤਾਨ ਰੱਬ ਬੈਠਾ ਹੈ ਕਿ ਮੇਰੇ ਵਰਗੇ ਅਮੀਰ ਆਦਮੀ ਨੂੰ ਵੀ ਹੋਰਾਂ ਵਾਂਗ ਹੀ ਮਰਨਾ ਪਵੇਗਾ।"

ਮੈਂ ਕੁਝ ਅਜਿਹੀਆਂ ਸ਼ਿਕਾਇਤਾਂ ਦੱਸੀਆਂ ਹਨ ਜਿਹੜੀਆਂ ਖੁੱਲ ਕੇ ਕੀਤੀਆਂ ਜਾਂਦੀਆਂ ਸਨ ਪਰ ਮੈਂ ਦਰਜਨਾਂ ਖੋਖਲ਼ੀਆਂ, ਨਿਰਜੀਵ ਅਤੇ ਗੈਰ-ਦਿਲਚਸਪ ਸ਼ਿਕਾਇਤਾਂ ਵੀ ਦੁਹਰਾ ਸਕਦਾ ਸਾਂ ਜਿਹੜੀਆਂ ਮੈਨੂੰ ਸੁਣਨ ਨੂੰ ਮਿਲੀਆਂ ਸਨ। ਇਹ ਬੇਹੱਦ ਸਿੱਖਿਆਦਾਇਕ ਸਨ, ਕਿਉਂਕਿ ਇਹਨਾਂ ਨੇ ਮੈਨੂੰ ਇਹ ਦਿਖਾਇਆ ਕਿ "ਸਧਾਰਣ" ਜੀਵਨ ਅੰਦਰੋਂ ਪੂਰੀ ਤਰ੍ਹਾਂ ਰੋਗ-ਗ੍ਰਸਤ ਹੈ ਅਤੇ ਉਸਦੇ ਸਾਰੇ ਜੋੜ ਢਿੱਲੇ ਹੋ ਚੁੱਕੇ ਹਨ। ਇਹ ਗੱਲ ਪੂਰੀ ਤਰ੍ਹਾਂ ਸਪੱਸ਼ਟ ਸੀ ਕਿ ਆਪਣੀ ਲਿਸ਼ਕੀ-ਪੁਸ਼ਕੀ ਤ੍ਰਿਪਤੀ ਅਤੇ ਖੁੰਢੇ ਆਤਮ-ਸੰਤੋਖ ਦੇ ਬਾਵਜੂਦ ਇਹਨਾਂ "ਸਧਾਰਣ" ਲੋਕਾਂ ਨੂੰ ਖੁਦ ਆਪਣੀ ਤਾਕਤ 'ਤੇ ਭਰੋਸਾ ਨਹੀਂ ਸੀ ਅਤੇ ਉਹ ਸੋਚਦੇ ਸਨ ਕਿ ਸੰਕਟ ਆਉਣ ਵਾਲ਼ਾ ਹੈ। ਉਹ ਆਪਣੇ ਕਿਸਮ ਦੇ ਜੀਵਨ ਦੀ ਉਸਾਰੀ ਕਰ ਰਹੇ ਸਨ ਪਰ ਉਸ ਜੀਵਨ ਦੇ ਅੰਦਰੋਂ ਕਿਤੋਂ ਇੱਕ ਅਜਿਹੀ ਤਾਕਤ ਪੈਦਾ ਹੁੰਦੀ ਸੀ ਜਿਹੜੀ ਸ਼ਾਂਤੀ ਅਤੇ "ਘੱਟ ਜਾਂ ਵੱਧ ਸਥਾਈ ਸੰਤੁਲਨ" ਸਥਾਪਿਤ ਕਰਨ ਦੀ ਉਹਨਾਂ ਦੀ ਇੱਛਾ ਦੀ ਵਿਰੋਧੀ ਸੀ। ਉਹਨਾਂ ਨੂੰ ਇੱਕ ਪ੍ਰਕਾਰ ਦਾ "ਇਤਿਹਾਸ ਦਾ ਬੋਧ" ਸੀ ਜਿਹੜਾ ਕੁਲੀਨ ਵਰਗ ਅਤੇ ਵਪਾਰੀਆਂ ਵਿੱਚੋਂ ਤਾਕਤਵਰ ਲੋਕਾਂ ਦੇ ਸ਼ਾਨਦਾਰ ਨਸੀਬ ਅਤੇ ਦੁਖਦਾਈ ਹਾਰਾਂ ਦੀਆਂ ਕਥਾਵਾਂ ਦਾ ਰੂਪ ਲੈ ਲੈਂਦਾ ਸੀ। ਇਤਿਹਾਸ ਦਾ ਇਹ ਬੋਧ ਉਹਨਾਂ ਨੂੰ ਦੱਸਦਾ ਸੀ ਕਿ

ਸਨਮਾਨਿਤ ਵਿਜੇਤਾ ਵੀ ਹਮੇਸ਼ਾ ਆਪਣੇ ਸਿੰਘਾਸਣ 'ਤੇ ਬਿਰਾਜਮਾਨ ਨਹੀਂ ਰਹਿੰਦਾ। ਉਹ ਇਸ ਲਈ ਤਬਾਹ ਹੋ ਜਾਂਦਾ ਹੈ ਕਿ ਸੁੱਖਮਈ ਜੀਵਨ ਨੇ ਉਸਨੂੰ ਨਿਸੱਤਾ ਕਰ ਦਿੱਤਾ ਹੈ ਜਾਂ ਉਹ ਇਹ ਭੁੱਲ ਗਿਆ ਹੈ ਕਿ ਜੀਵਨ ਇੱਕ ਸੰਘਰਸ਼ ਹੈ। ਉਸਦੀ ਇਸੇ ਭੁੱਲ ਦਾ ਫਾਇਦਾ ਉਠਾ ਕੇ ਕੋਈ ਹੋਰ ਜੋ ਉਸ ਨਾਲ਼ੋਂ ਜ਼ਿਆਦਾ ਬਲਵਾਨ ਹੁੰਦਾ, ਉੱਪਰ ਆ ਜਾਂਦਾ। ਅਸਲ ਵਿੱਚ "ਸਧਾਰਣ" ਮਨੁੱਖ ਨਿਰਾਸ਼ਾਵਾਦੀ ਅਤੇ ਲੋਕ-ਦੋਖੀ ਹੁੰਦਾ ਹੈ ਅਤੇ ਇਹੀ ਕਾਰਣ ਹੈ ਕਿ ਉਹ ਇੱਕ ਅਜਿਹੀ ਹਸਤੀ ਵਿੱਚ ਯਕੀਨ ਰੱਖਦਾ ਹੈ ਜਿਹੜੀ ਇਸ ਜੀਵਨ ਦੇ ਉਤਾਰ-ਚੜ੍ਹਾਅ ਲਈ ਉਸਨੂੰ ਸਨਮਾਨਿਤ ਕਰੇਗੀ। ਯਕੀਨਨ ਸਵਰਗ ਵਿੱਚ ਪਰਮ-ਆਨੰਦ ਦੀਆਂ ਉਮੀਦਾਂ ਨਾ ਤਾਂ ਕਿਸੇ ਨੂੰ ਇਸ ਸੰਸਾਰ ਵਿੱਚ ਜ਼ਿੰਦਗੀ ਦਾ ਮਜ਼ਾ ਲੁੱਟਣ—ਵਧੀਆ ਭੋਜਨ, ਸ਼ਰਾਬ, ਤਾਸ਼, ਕੁੜੀਆਂ ਫਸਾਉਣਾ ਅਤੇ ਇਸੇ ਤਰ੍ਹਾਂ ਦੇ ਹੋਰ ਮਜ਼ੇ ਲੁੱਟਣ ਤੋਂ ਰੋਕਦੀਆਂ ਹਨ, ਅਤੇ ਨਾ ਹੀ ਜੀਵਨ ਦੇ ਭਾਰੀ ਬੋਝ ਦਾ ਰੋਣਾ ਰੋਣ ਤੋਂ।

ਬਕਾਲਦਿਨ ਅਤੇ ਜ਼ਮੋਸ਼ਿਨਕੋਵਾਂ ਦੀਆਂ ਸ਼ਿਕਾਇਤਾਂ ਤੋਂ ਇਲਾਵਾ ਮੈਂ ਦੂਜੀਆਂ ਹੋਰ ਗੱਲਾਂ ਅਤੇ ਵਿਚਾਰ ਵੀ ਸੁਣੇ ਜਿਹਨਾਂ ਨੂੰ ਸਭ ਤੋਂ ਵਧੀਆ ਢੰਗ ਨਾਲ਼ ਇੱਕ ਅਹਾਤੇ ਦੇ ਮਾਲਿਕ ਗ੍ਰਾਚੋਵ ਨੇ ਇੱਕ ਸਾਬਕਾ ਧਰਮ-ਵਿਦਿਆਰਥੀ ਨਾਲ਼ ਬਹਿਸ ਦੌਰਾਨ ਪੇਸ਼ ਕੀਤਾ ਸੀ:

"ਤੂੰ ਜੋ ਇਸ ਤਰ੍ਹਾਂ ਦੀ ਬਕਵਾਸ ਕਰਦਾ ਰਹਿੰਦਾ ਹੈਂ, ਉਸਦਾ ਕਾਰਨ ਇਹ ਹੈ ਕਿ ਤੇਰੇ ਕੋਲ਼ ਇੱਕ ਖੋਟਾ ਆਨਾ ਵੀ ਨਹੀਂ ਹੈ। ਹੁਣ ਤੂੰ ਜ਼ਰਾ ਇਹ ਗੱਲ ਆਪਣੇ ਦਿਮਾਗ ਵਿੱਚ ਬਿਠਾ: ਦੁਨੀਆਂ ਵਿੱਚ ਸਭ ਤੋਂ ਅਮੀਰ ਕੌਣ ਹੈ ? ਰੱਬ ਹੈ। ਸਮਝਿਆ ? ਤਾਂ ਇਹਦਾ ਮਤਲਬ ਇਹ ਹੋਇਆ ਕਿ ਮੈਂ ਜਿੰਨਾ ਅਮੀਰ ਹੋਵਾਂਗਾ ਓਨਾ ਰੱਬ ਦੇ ਜ਼ਿਆਦਾ ਨੇੜੇ ਹੋਵਾਂਗਾ। ਅਮੀਰ ਆਦਮੀ ਹੀ ਵੱਡਾ ਆਦਮੀ ਹੁੰਦਾ ਹੈ। ਉਸਦਾ ਆਪਣਾ ਕਾਨੂੰਨ ਹੁੰਦਾ ਹੈ, ਅਤੇ ਤੇਰੇ ਵਰਗੇ ਮੁਫਤਖ਼ੋਰੇ ਉਸਦੀ ਉਲੰਘਣਾ ਨਹੀਂ ਕਰ ਸਕਦੇ। ਤੂੰ ਤਲ਼ਿਆ ਆਲੂ ਖਾ ਲਿਆ ਤੇ ਇੱਕ ਗਲਾਸ ਵੀ ਚੜ੍ਹਾ ਲਿਆ, ਹੁਣ ਖਿਸਕ ਇੱਥੋਂ। ਮੈਂ ਤੈਨੂੰ ਲੋਕਾਂ ਦੇ ਦਿਮਾਗ ਖਰਾਬ ਨਹੀਂ ਕਰਨ ਦਿਆਂਗਾ ਅਤੇ ਜੇ ਤੂੰ ਅਜਿਹਾ ਕਰਨ ਦੀ ਹਿੰਮਤ ਕੀਤੀ ਤਾਂ ਫਿਰ ਗਰੂਜ਼ਿਨਸਕੀ ਸੜ੍ਹਕ ਵਾਲ਼ੇ ਹੀ ਤੇਰਾ ਇਲਾਜ ਕਰਨਗੇ!"

ਇਸ ਸੜ੍ਹਕ 'ਤੇ ਰਾਜਨੀਤਕ ਪੁਲਿਸ ਦਾ ਹੈੱਡਕੁਆਟਰ ਸੀ।

ਕੇਵਲ ਅਮੀਰ ਅਤੇ ਤਾਕਤਵਰ ਲੋਕਾਂ ਤੋਂ ਹੀ ਮੈਨੂੰ ਅਜਿਹੀਆਂ ਗੱਲਾਂ ਸੁਣਨ ਨੂੰ ਨਹੀਂ ਮਿਲੀਆਂ, ਸ਼ਹਿਰ ਦੇ ਦੱਬੇ-ਕੁਚਲੇ ਲੋਕ — ਕਾਰੀਗਰ, ਫੈਕਟਰੀ ਮਜ਼ਦੂਰ ਅਤੇ ਨੌਕਰ-ਚਾਕਰ ਵੀ ਅਕਸਰ ਇਸੇ ਤਰ੍ਹਾਂ ਦੀਆਂ ਗੱਲਾਂ ਕਰਿਆ ਕਰਦੇ ਸਨ। ਇਹ ਲੋਕ ਮਾਲਿਕ ਦੀ ਸੱਤਾ ਨੂੰ ਜਾਇਜ਼ ਮੰਨਦੇ ਸਨ, ਸਿਰਫ਼ ਇਸ ਲਈ ਨਹੀਂ ਕਿ ਉਹ ਸਮਝਦੇ ਸਨ ਕਿ "ਡਾਢੇ ਦਾ ਸੱਤੀ ਵੀਹੀ ਸੌ ਹੁੰਦਾ ਹੈ" ਜਾਂ "ਕਬਜ਼ਾ ਨੱਬੇ ਪ੍ਰਤੀਸ਼ਤ ਕਾਨੂੰਨ ਹੈ", ਸਗੋਂ ਇਸ ਲਈ ਵੀ ਕਿ ਉਹਨਾਂ 'ਤੇ ਚਰਚ ਦਾ ਅਸਰ ਸੀ, ਜਿਹੜਾ ਇਹ ਸਿੱਖਿਆ ਦਿੰਦਾ ਸੀ ਕਿ "ਅਮੀਰ ਲੋਕ ਰੱਬ ਮੂਹਰੇ ਜਵਾਬਦੇਹ ਹਨ", "ਮਹਿਮਾ ਅਤੇ ਸਨਮਾਨ ਅਮੀਰਾਂ ਲਈ ਹੈ" ਵਗੈਰਾ-ਵਗੈਰਾ।

ਭਾਵੇਂ ਕਿ "ਸਧਾਰਣ" ਲੋਕ ਘੱਟ ਪੜ੍ਹੇ-ਲਿਖੇ ਅਤੇ ਮੂੜ-ਮੱਤ ਸਨ, ਪਰ ਜਦੋਂ ਜ਼ਿੰਦਗੀ

ਦੀਆਂ ਸੱਚਾਈਆਂ ਉਹਨਾਂ ਨੂੰ ਪ੍ਰੇਸ਼ਾਨ ਕਰਨ ਅਤੇ ਉਹਨਾਂ ਦੀ ਆਜ਼ਾਦੀ ਵਿੱਚ ਰੁਕਾਵਟਾਂ ਪਾਉਣ ਲੱਗਦੀਆਂ ਤਾਂ ਉਹ ਨਾ ਸਿਰਫ਼ ਜ਼ੋਰ-ਜ਼ੋਰ ਨਾਲ਼ ਬੁੜਬੁੜਾਉਣਾ ਅਤੇ ਸ਼ਿਕਵੇ-ਸ਼ਿਕਾਇਤਾਂ ਕਰਨੀਆਂ ਸ਼ੁਰੂ ਕਰ ਦਿੰਦੇ, ਸਗੋਂ "ਰਾਜਨੀਤਕ ਢੰਗ ਨਾਲ਼ ਸੋਚਣ" ਵੀ ਲੱਗ ਪੈਂਦੇ।

ਮੈਂ ਕੁਝ ਢੁਕਵੀਆਂ ਉਦਾਹਰਣਾਂ ਦਿਆਂਗਾ। ਇੱਕ ਵਾਰ ਜਦੋਂ ਇਮਾਰਤਾਂ ਬਣਾਉਣ ਵਾਲ਼ੇ ਠੇਕੇਦਾਰਾਂ ਦਾ ਇੱਕ ਟੋਲਾ ਗੁਬੇਰਨੀਆ ਦੇ ਇਮਾਰਤਸਾਜ਼ ਦੇ ਬੰਗਲੇ ਦੇ ਵਿਹੜੇ ਵਿੱਚ ਮੁਖੀ ਦੀ ਉਡੀਕ 'ਚ ਬੈਠਾ ਸ਼ਰਾਬ ਉੱਤੇ ਰਾਜਕੀ ਇਜ਼ਾਰੇਦਾਰੀ ਬਾਰੇ ਵਿਚਾਰ-ਵਟਾਂਦਰਾ ਕਰ ਰਿਹਾ ਸੀ, ਤਾਂ ਇੱਕ ਮਾੜਚੂ ਜਿਹੇ ਰਾਜ-ਮਿਸਤਰੀ ਤਰੂਸੋਵ ਨੇ ਕਿਹਾ:

"ਇਹ ਗਲ਼ਤ ਗੱਲ ਹੈ। ਜ਼ਾਰ ਨੂੰ ਵਪਾਰ ਤੋਂ ਅਲੱਗ ਰਹਿਣਾ ਚਾਹੀਦਾ ਹੈ। ਵਪਾਰ ਵਿੱਚ ਇਜ਼ਾਰੇਦਾਰੀ ਇੱਕ ਅਜਿਹੀ ਚੀਜ਼ ਹੈ ਜਿਸ 'ਤੇ ਵਾਦ-ਵਿਵਾਦ ਕਰਨਾ ਪੈਂਦਾ ਹੈ, ਪਰ ਜ਼ਾਰ ਨਾਲ਼ ਦਲੀਲਬਾਜ਼ੀ ਕੌਣ ਕਰ ਸਕਦਾ ਹੈ ?"

ਸਾਰੇ ਇਸ ਨਾਲ਼ ਸਹਿਮਤ ਸਨ, ਪਲਸਤਰ ਕਰਨ ਵਾਲ਼ੇ ਸ਼ਿਸ਼ਕਿਨ ਨੂੰ ਛੱਡ ਕੇ, ਜਿਸਨੇ ਇਹ ਕਹਿੰਦਿਆਂ ਇਤਰਾਜ਼ ਜ਼ਾਹਿਰ ਕੀਤਾ ਕਿ ਜ਼ਾਰ ਸਾਰਿਆਂ ਦੇ ਸਵਾਮੀ ਹਨ ਅਤੇ ਉਹ ਜੋ ਚਾਹੁਣ ਕਰ ਸਕਦੇ ਹਨ—ਸ਼ਰਾਬ ਦਾ ਵਪਾਰ ਕਰਨ ਜਾਂ ਅਨਾਜ ਦਾ ਜਾਂ ਹੋਰ ਕਿਸੇ ਚੀਜ਼ ਦਾ। ਪਰ ਤਰੂਸੋਵ ਨੇ ਅੱਖਾਂ ਮਟਕਾ ਕੇ ਜਵਾਬ ਦਿੱਤਾ:

"ਤੂੰ ਸਾਰੀ ਗੱਲ ਗਲਤ ਤਰੀਕੇ ਨਾਲ਼ ਸਮਝੀ ਹੈ, ਗ੍ਰਿਗੋਰੀ। ਨਹੀਂ, ਜ਼ਾਰ ਨੂੰ ਇਹਨਾਂ ਚੱਕਰਾਂ ਵਿੱਚ ਨਹੀਂ ਪੈਣਾ ਚਾਹੀਦਾ। ਧਿਆਨ ਨਾਲ਼ ਸੁਣ ਮੈਂ ਕੀ ਕਹਿੰਦਾ ਹਾਂ: ਮੰਨ ਲੈ ਮੈਂ ਸਾਰੇ ਕੰਮਾਂ 'ਤੇ—ਤੇਰੇ, ਤਰਖਾਣ ਦੇ ਅਤੇ ਹੋਰ ਛੋਟੇ-ਮੋਟੇ ਕੰਮਾਂ 'ਤੇ—ਆਪਣਾ ਅਧਿਕਾਰ ਜਮਾ ਲਵਾਂ, ਤਾਂ ਤੂੰ ਬਹੁਤ ਖ਼ੁਸ਼ ਹੋਵੇਂਗਾ ?"

"ਬਿਲਕੁਲ ਨਹੀਂ," ਗ੍ਰਿਗੋਰੀ ਨੇ ਜਵਾਬ ਦਿੱਤਾ।

"ਹਾਂ ! ਹੁਣ ਸਮਝ ਗਿਐਂ।"

ਕਸਾਈ ਦੇ ਪੁੱਤਰ ਤੇ ਸਕੂਲ ਦੇ ਵਿਦਿਆਰਥੀ, ਕੁਰੇਪਿਨ ਨੇ ਇੱਕ ਵਾਰ ਆਪਣੇ ਬਾਪੂ ਤੋਂ ਪੁੱਛਿਆ:

"ਪਿਤਾ ਜੀ, ਉਹਨਾਂ ਨੇ ਜ਼ਾਰ ਦਾ ਕਤਲ ਕਿਉਂ ਕੀਤਾ ?"

"ਉਸਨੇ ਕਿਸੇ ਦਾ ਕੁਝ ਬੁਰਾ ਕੀਤਾ ਹੋਵੇਗਾ," ਪਿਤਾ ਨੇ ਕਿਹਾ, ਪਰ ਫਿਰ ਇਹ ਸੋਚ ਕੇ ਕਿ ਉਸਨੇ ਠੀਕ ਗੱਲ ਨਹੀਂ ਕਹੀ, ਪਿਆਰ ਨਾਲ਼ ਪਰ ਸਖ਼ਤੀ ਵਰਤਦਿਆਂ ਕਿਹਾ:

"ਇਹ ਸਵਾਲ ਤੂੰ ਦਸ ਕੁ ਸਾਲਾਂ ਬਾਅਦ ਪੁੱਛੀਂ ਅਤੇ ਉਦੋਂ ਤੱਕ ਆਪਣੇ ਦਿਮਾਗ 'ਚੋਂ ਇਹ ਸਾਰੀਆਂ ਗੱਲਾਂ ਬਾਹਰ ਕੱਢ ਦੇ। ਹੁਣ ਆਪਣੇ ਕੋਲ਼ ਦੂਜਾ ਜ਼ਾਰ ਹੈ।"

ਪਿਓਤਰ ਵਾਸੀਲਯੇਵ ਇੱਕ ਸੰਪ੍ਰਦਾਈ ਅਤੇ ਪਾਦਰੀਆਂ ਦਾ ਵਿਰੋਧੀ ਸੀ। ਵੋਲਗਾ ਦੇ ਇਲਾਕੇ ਵਿੱਚ ਉਹ ਪੌਰਾਣਿਕ ਕਹਾਣੀਆਂ ਦੇ ਮਾਹਿਰ ਜਾਣਕਾਰ ਵਜੋਂ ਜਾਣਿਆ ਜਾਂਦਾ ਸੀ ਤੇ ਆਮ ਕਰਕੇ ਵੱਡੇ ਬਜ਼ਾਰ ਵਿੱਚ ਵਪਾਰ ਕਰਨ ਵਾਲ਼ੇ ਵਪਾਰੀਆਂ ਨੂੰ 'ਰਾਜਨੀਤਕ ਵਿਗਿਆਨ' ਦੀਆਂ ਅਮਲੀ ਹਦਾਇਤਾਂ ਦਿੰਦਾ ਹੁੰਦਾ ਸੀ। ਉਹ ਦਾਅਵਾ ਕਰਦਾ ਸੀ ਕਿ

ਕੁਲੀਨ ਵਰਗ ਦੇ ਲੋਕ ਹਮੇਸ਼ਾ ਉਸ ਜ਼ਾਰ ਨੂੰ ਮਾਰ ਦਿੰਦੇ ਹਨ ਜਿਹੜਾ ਉਹਨਾਂ ਦੇ ਵਿਸ਼ੇਸ਼-ਅਧਿਕਾਰ ਖੋਹਣ ਦਾ ਯਤਨ ਕਰਦਾ ਹੈ। ਇਸ ਲਈ ਉਹਨਾਂ ਨੇ ਤਿੰਨ ਸਭ ਤੋਂ ਵਧੀਆ ਜ਼ਾਰ ਪੀਟਰ ਤੀਜਾ, ਪੱਲ ਪਹਿਲਾ ਅਤੇ ਅਲੈਕਸਾਂਦਰ ਦੂਜੇ ਨੂੰ ਕਤਲ਼ ਕਰਵਾ ਦਿੱਤਾ ਕਿਉਂਕਿ ਇਹਨਾਂ ਜ਼ਾਰਾਂ ਨੇ ਕੁਲੀਨ ਵਰਗ ਦੇ ਵਿਸ਼ੇਸ਼-ਅਧਿਕਾਰਾਂ ਵਿੱਚ ਕਟੌਤੀ ਕਰਕੇ ਵਪਾਰੀਆਂ ਅਤੇ ਕਿਸਾਨਾਂ ਦੇ ਹੱਕ ਵਧਾਉਣੇ ਚਾਹੇ ਸਨ। ਕਿਸਾਨਾਂ ਦੀ ਭਲਾਈ ਬਾਰੇ ਵੀ ਉਸਦੇ ਆਪਣੇ ਖਾਸ ਵਿਚਾਰ ਸਨ ਕਿਉਂਕਿ "ਬਦਕਾਰ" ਮਹਾਰਾਣੀ ਕੈਥਰੀਨ, ਜਿਸਨੂੰ ਕੁਲੀਨ ਵਰਗ ਵਾਲ਼ਿਆਂ ਨੇ ਉਸਦੇ ਪਤੀ ਦਾ ਕਤਲ਼ ਕਰਨ ਤੋਂ ਬਾਅਦ ਗੱਦੀ 'ਤੇ ਬਿਠਾਇਆ ਸੀ, ਦੀ ਉਹ ਕੱਟੜ ਆਲੋਚਨਾ ਕਰਦਾ ਸੀ ਅਤੇ ਕਹਿੰਦਾ ਕਿ ਉਸ (ਮਹਾਰਾਣੀ) ਵਿੱਚ ਐਨੀ "ਹਿੰਮਤ" ਨਹੀਂ ਸੀ ਕਿ ਉਹ ਵਪਾਰੀਆਂ ਨੂੰ ਵੀ ਕੁਲੀਨ ਵਰਗ ਵਾਂਗੂੰ ਖੇਤ-ਗੁਲਾਮ ਰੱਖਣ ਦਾ ਹੱਕ ਦੇ ਸਕਦੀ। ਅਤੇ ਮਜ਼ੇ ਦੀ ਗੱਲ ਇਹ ਹੈ ਕਿ ਉਹ ਖੁਦ ਇੱਕ ਕਿਸਾਨ ਸੀ।

'ਮੇਰੇ ਵਿਸ਼ਵ-ਵਿਦਿਆਲੇ' ਵਿੱਚ ਮੈਂ ਪੁਲਿਸ ਦੇ ਇੱਕ ਸਿਪਾਹੀ ਨਿਕੀਫ਼ੋਰਿਚ ਦਾ ਜ਼ਿਕਰ ਕੀਤਾ ਹੈ ਜਿਹੜਾ ਅਲੰਕ੍ਰਿਤ ਢੰਗ ਨਾਲ਼ "ਮੱਕੜਾ-ਜ਼ਾਰ" ਕਹਿੰਦਾ ਹੁੰਦਾ ਸੀ। ਮੈਂ ਇਸ ਗੱਲ ਦੀ ਜ਼ਿੰਮੇਵਾਰੀ ਉਠਾ ਸਕਦਾ ਹਾਂ ਕਿ ਉਸਨੇ ਅਸਲ ਵਿੱਚ ਇਹੀ ਸ਼ਬਦ ਵਰਤੇ ਸਨ।

ਮੈਂ ਅਜਿਹੀਆਂ ਰਾਵਾਂ ਅਤੇ ਗੱਲਾਂ ਯਾਦ ਕਰ ਲੈਂਦਾ ਸਾਂ ਅਤੇ ਕਦੇ-ਕਦੇ ਉਹਨਾਂ ਨੂੰ ਲਿਖ ਵੀ ਲੈਂਦਾ, ਜਿਵੇਂ ਕਿ ਇੱਕ ਵਧੀਆ ਕਿਤਾਬ 'ਨਾਇਕ ਦੀਆਂ ਪੈੜਾਂ 'ਤੇ' ਦੇ ਲੇਖਕ ਦਮਿੱਤਰੀ ਲਾਵਰੂਖਿਨ ਕਰਿਆ ਕਰਦੇ ਸਨ। ਇਹ ਇੱਕ ਅਜਿਹੀ ਕਿਤਾਬ ਹੈ ਜਿਸਨੂੰ ਪੜ੍ਹਨ ਅਤੇ ਵਿਚਾਰਨ ਨਾਲ਼ ਕਿਸੇ ਵੀ ਨਵੇਂ ਲੇਖਕ ਨੂੰ ਫਾਇਦਾ ਹੋਵੇਗਾ।

"ਮਾਲਿਕਾਂ" ਦੁਆਰਾ ਪ੍ਰਗਟਾਏ "ਰਾਜਨੀਤਕ" ਵਿਚਾਰਾਂ ਦਾ ਇਸ ਲਈ ਵਿਸ਼ੇਸ਼ ਮਹੱਤਵ ਸੀ ਕਿਉਂਕਿ ਗਲਪ ਸਾਹਿਤ 'ਤੇ ਸੈਂਸਰਸ਼ਿਪ ਥੋਪ ਦੇਣ ਕਾਰਨ ਇਹਨਾਂ ਵਿਚਾਰਾਂ ਨੂੰ ਸੁਭਾਵਿਕ ਰੂਪ ਵਿੱਚ ਅਤੇ ਖੁੱਲ੍ਹੇ ਤੌਰ 'ਤੇ ਪੇਸ਼ ਨਹੀਂ ਕੀਤਾ ਜਾ ਸਕਦਾ ਸੀ ਅਤੇ ਮੈਨੂੰ ਸਾਹਿਤ ਦੁਆਰਾ ਪੇਸ਼ ਕੀਤੇ ਗਏ ਪ੍ਰਮਾਣ 'ਤੇ ਇੱਕ ਸਿੱਧਾ-ਸਾਦਾ ਜਿਹਾ ਵਿਸ਼ਵਾਸ ਸੀ। ਸਾਲਤਿਕੋਵ-ਸ਼ਚੇਦ੍ਰਿਨ ਆਪਣੀ ਉੱਚ ਕੋਟੀ ਦੀ ਅੰਤਰ-ਦ੍ਰਿਸ਼ਟੀ ਕਾਰਨ ਇਕਲੌਤੇ ਯੋਗ ਵਿਅਕਤੀ ਸਨ ਜਿਹੜੇ ਨਿੱਤ-ਦਿਹਾੜੀ ਦੀ ਜ਼ਿੰਦਗੀ ਵਿੱਚੋਂ ਰਾਜਨੀਤੀ ਫੜ ਲੈਂਦੇ ਸਨ ਪਰ ਇਹ ਉਸ ਕਿਸਮ ਦੀ ਜ਼ਿੰਦਗੀ ਸੀ ਜਿਸ ਬਾਰੇ ਮੈਂ ਬਹੁਤਾ ਨਹੀਂ ਜਾਣਦਾ ਸਾਂ, ਅਤੇ ਫਿਰ ਸਾਲਿਤਕੋਵ ਦੀ ਈਸਪੀਆਈ ਅਤੇ ਗੁੱਸੇ ਭਰੀ ਭਾਸ਼ਾ ਹਮੇਸ਼ਾ ਮੇਰੇ ਪੱਲੇ ਵੀ ਨਹੀਂ ਸੀ ਪੈਂਦੀ। ਫਿਰ ਵੀ ਗਲੇਬ ਉਸਪੇਂਸਕੀ ਪੜ੍ਹਦਿਆਂ ਮੈਂ ਖੁਦ ਹੀ ਉਸਦੇ ਪਾਤਰਾਂ ਦੇ ਭਾਸ਼ਣਾਂ ਵਿੱਚ ਉਹ ਸ਼ਬਦ ਜੋੜ ਦਿੰਦਾ ਹੁੰਦਾ ਸਾਂ ਜਿਹੜੇ ਮੈਂ ਜ਼ਿੰਦਗੀ ਤੋਂ ਸਿੱਖੇ ਸਨ।

ਸਾਡੇ ਸਾਹਿਤ ਨੂੰ ਇਸ ਗੱਲੋਂ ਬਹੁਤ ਨੁਕਸਾਨ ਪਹੁੰਚਿਆ ਹੈ ਕਿ ਇਸ ਆਸਧਾਰਣ ਵਿਅਕਤੀ ਅਤੇ ਪ੍ਰਤਿਭਾਸ਼ਾਲੀ ਲੇਖਕ ਨੇ ਬੇਹੱਦ ਤੇਜ਼ ਗਤੀ ਅਤੇ ਬੇਹੱਦ ਉਤੇਜਨਾ ਦੀ ਸਥਿਤੀ ਵਿੱਚ ਜ਼ਿੰਦਗੀ ਗੁਜ਼ਾਰੀ ਹੈ ਅਤੇ ਆਪਣੀ ਬਹੁਤ ਜ਼ਿਆਦਾ ਤਾਕਤ ਜ਼ਹਿਰੀਲੇ "ਵਰਤਮਾਨ" ਵਿੱਚ ਲਗਾ ਦਿੱਤੀ ਅਤੇ ਭਵਿੱਖ ਵੱਲ ਜ਼ਿਆਦਾ ਧਿਆਨ ਨਹੀਂ ਦਿੱਤਾ।

"ਮਾਲਿਕਾਂ" ਬਾਰੇ ਮੈਨੂੰ ਸਭ ਤੋਂ ਜ਼ਿਆਦਾ ਮਾਤਰਾ ਵਿੱਚ ਸੂਚਨਾ 1896 ਵਿੱਚ ਮਿਲ਼ੀ।

ਇਹ ਉਹ ਸਾਲ ਸੀ ਜਦੋਂ ਨੀਜ਼ਨੀ ਨੋਵਗੋਰੋਦ ਵਿੱਚ ਕੁੱਲ ਰੂਸੀ ਪ੍ਰਦਰਸ਼ਨੀ ਅਤੇ ਵਪਾਰੀ ਤੇ ਸਨਅਤਕਾਰਾਂ ਦੀ ਕਾਂਗਰਸ ਹੋਈ ਸੀ। ਮੈਂ 'ਓਦੇਸਕਿਏ ਨੋਵੋਸਕੀ' ਦੇ ਪੱਤਰ-ਪ੍ਰੇਰਕ ਅਤੇ 'ਨਿਜ਼ੇਗੋਰੋਦਸਕੀ ਲਿਸਤੋਕ' ਦੇ ਰਿਪੋਰਟਰ ਦੀ ਹੈਸੀਅਤ ਨਾਲ਼ ਕਾਂਗਰਸ ਦੇ ਸ਼ੈਸ਼ਨਾਂ ਵਿੱਚ ਸ਼ਿਰਕਤ ਕੀਤੀ, ਜਿੱਥੇ ਵਿਦੇਸ਼ੀ ਵਪਾਰ, ਸੀਮਾ-ਕਰ ਅਤੇ ਵਿੱਤੀ ਨੀਤੀਆਂ ਦੀਆਂ ਸਮੱਸਿਆਵਾਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਮੈਂ ਰੂਸ ਦੇ ਸਾਰੇ ਭਾਗਾਂ ਤੋਂ ਆਉਣ ਵਾਲ਼ੇ ਵੱਡੇ ਪੈਮਾਨੇ ਦੀ ਸਨਅਤ ਦੇ ਪ੍ਰਤੀਨਿਧੀਆਂ ਨੂੰ ਦੇਖਿਆ ਅਤੇ "ਖੇਤੀਵਾਦੀਆਂ (agrarians)" ਨਾਲ਼ ਉਹਨਾਂ ਦੀ ਗਰਮਾ-ਗਰਮ ਬਹਿਸ ਸੁਣੀ। ਉੱਥੇ ਜੋ ਕੁਝ ਵੀ ਕਿਹਾ ਗਿਆ ਉਹ ਸਾਰਾ ਤਾਂ ਮੇਰੇ ਪੱਲੇ ਨਹੀਂ ਪਿਆ ਪਰ ਜਿਹੜੀ ਗੱਲ ਸਭ ਤੋਂ ਵੱਧ ਮਹੱਤਵਪੂਰਨ ਸੀ ਉਸਦਾ ਮੈਨੂੰ ਅਹਿਸਾਸ ਹੋ ਗਿਆ ਸੀ: ਇਹ ਲੋਕ ਖੁਸ਼ਹਾਲ ਰੂਸ 'ਤੇ ਲੱਟੂ ਹੋਏ ਪਏ ਸਨ, ਉਸਦਾ ਦਿਲ ਜਿੱਤਣ ਅਤੇ ਉਸਨੂੰ ਅਪਣਾਉਣ ਦੇ ਇਛੁੱਕ ਸਨ ਅਤੇ ਜਾਣਦੇ ਸਨ ਕਿ ਉਸਨੂੰ ਨਿਕੋਲਾਈ ਰੋਮਾਨੋਵ (ਜ਼ਾਰ —ਅਨੁ.) ਤੋਂ ਅਲੱਗ ਕਰਨਾ ਜ਼ਰੂਰੀ ਸੀ।

ਕਾਂਗਰਸ ਦੇ ਸੈਸ਼ਨ ਬੋਲਸ਼ਾਇਆ ਪੋਕਰੋਵਕਾ ਅਤੇ ਮਿਸ਼ਕਿਨ ਗਲ਼ੀ ਦੇ ਕੋਨੇ 'ਤੇ ਸਥਿਤ ਇੱਕ ਸਕੂਲ ਵਿੱਚ ਹੋਏ। ਇਸ ਲਈ ਮੈਂ 'ਨਿਜ਼ੇਗੋਰੋਦਸਕੀ ਲਿਸਤੋਕ' ਲਈ ਜਿਹੜਾ ਵਿਅੰਗ ਲਿਖਿਆ ਸੀ ਉਸਦਾ ਸਿਰਲੇਖ "ਮਿਸ਼ਕਿਨ ਗਲ਼ੀ ਵਿੱਚ ਵਿਚੋਲਗਿਰੀ" ਰੱਖਿਆ। ਉਸ ਅਖ਼ਬਾਰ ਨੇ ਮੇਰਾ ਸ਼ਬਦ-ਚਿੱਤਰ ਖਾਰਜ ਕਰ ਦਿੱਤਾ, ਤਾਂ ਮੈਂ ਉਸਨੂੰ 'ਓਦੇਸਕੀਯੇ ਨੋਵੋਸਤੀ' ਦੇ ਮਰਾਕੂਯੇਵ ਕੋਲ਼ ਭੇਜ ਦਿੱਤਾ ਜਿੱਥੋਂ ਫੇਰ ਕਦੇ ਉਸਦੀ ਕੋਈ ਉੱਘ-ਸੁੱਘ ਨਾ ਮਿਲ਼ੀ।

ਸੈਸ਼ਨਾਂ ਵਿੱਚ ਹਿੱਸਾ ਲੈਣ ਵਾਲ਼ੇ "ਪਹਿਲੇ ਦਰਜੇ" ਦੇ ਲੋਕ ਸਨ—ਅਮੀਰ ਸਨਅਤਕਾਰ, ਵੱਡੇ ਜਗੀਰਦਾਰ, ਅਤੇ ਵਿੱਤ ਮੰਤਰਾਲੇ ਦੇ ਵਿਦਵਾਨ ਅਰਥ-ਸਾਸ਼ਤਰੀ। ਇਹਨਾਂ ਤੋਂ ਇਲਾਵਾ ਪ੍ਰਸਿੱਧ ਰਸਾਇਣ-ਸਾਸ਼ਤਰੀ ਦ. ਮੇਂਦੇਲੇਯੇਵ ਉੱਥੇ ਹਾਜ਼ਿਰ ਸਨ ਅਤੇ ਮੇਰਾ ਖਿਆਲ ਹੈ ਕਿ ਪ੍ਰੋਫੈਸਰ ਯਾਨਝੁਲ ਅਤੇ ਕੁਝ ਹੋਰ ਪ੍ਰੋਫੈਸਰ ਵੀ ਸ਼ਾਮਿਲ ਸਨ। ਇਹ ਸਾਰੇ ਮੇਰੇ ਲਈ ਨਵੇਂ ਲੋਕ ਸਨ, ਉਹਨਾਂ "ਸਧਾਰਣ" ਲੋਕਾਂ ਨਾਲ਼ੋਂ ਕੁਝ ਅਲੱਗ ਸਨ ਜਿਹਨਾਂ ਨੂੰ ਮੈਂ ਜਾਣਦਾ ਸਾਂ, ਅਤੇ ਉਹਨਾਂ ਦੀ ਬਣਤਰ ਵਿੱਚ ਇੱਕ ਖਾਸ ਕਿਸਮ ਦਾ ਫਿਕਾਪਣ ਸੀ। ਉਹਨਾਂ ਦੇ ਭਾਸ਼ਣਾਂ ਵਿੱਚ ਮੈਨੂੰ ਝਿਜਕ ਅਤੇ ਸ਼ੰਕਾ ਦਾ ਝਾਉਲ਼ਾ ਪੈ ਰਿਹਾ ਸੀ। ਹੋ ਸਕਦਾ ਹੈ ਕਿ ਇਹ ਮਹਿਜ਼ ਆਲੰਕਾਰੀ ਸ਼ਬਦਾਂ ਦੀ ਬਹੁਲਤਾ ਹੋਵੇ, ਜਿਹੜੇ ਕਾਂਗਰਸ ਦੇ ਕੁਝ ਮੈਂਬਰਾਂ ਨੇ ਕੰਮ ਚਲਾਉਣ ਲਈ ਅਤੇ ਪ੍ਰਸਪਰ ਮਨ-ਬਹਿਲਾਵੇ ਲਈ ਬੁੱਧੀਜੀਵੀਆਂ ਤੋਂ ਉਧਾਰ ਲਏ ਹੋਏ ਸਨ। ਕੁਝ ਕੁ ਨੇ ਲੋਕਾਂ ਦੇ ਦੁੱਖਾਂ ਦੀ ਅਤੇ ਕਿਸਾਨੀ ਦੀ ਕੰਗਾਲੀ ਦੀ ਵੀ ਚਰਚਾ ਕੀਤੀ, ਹੋਰਾਂ ਨੇ ਫੈਕਟਰੀਆਂ ਕਾਰਨ ਹੋ ਰਹੀ ਕਿਸਾਨਾਂ ਦੀ ਨੈਤਿਕ ਗਿਰਾਵਟ ਦੀ ਗੱਲ ਕੀਤੀ, ਅਤੇ ਇੱਕ ਸੈਸ਼ਨ ਵਿੱਚ ਇੱਕ ਵੱਡੇ ਸਿਰ ਵਾਲ਼ੇ ਆਦਮੀ ਨੇ ਭਾਰੀ ਆਵਾਜ਼ ਵਿੱਚ ਇਹ ਕਵਿਤਾ ਸੁਣਾਈ:

ਆਪਣੇ ਪਾਕ ਵਜ਼ਨ ਨੂੰ ਚੁੱਕੀ,
ਭੇਸ ਬਦਲ ਘੁੰਮਣ ਭਗਵਾਨ।

ਹਰ ਪਿੰਡ ਤੇ ਹਰ ਸ਼ਹਿਰ ਨੂੰ ਬਖ਼ਸ਼ਣ,
*ਸੁੱਖ-ਸ਼ਾਂਤੀ ਦਾ ਵਰਦਾਨ।**

ਮੈਂ ਜਾਣਦਾ ਸਾਂ ਕਿ ਇਹ ਸਭ ਮਨਘੜਤ ਹੈ ਕਿਉਂਕਿ ਅੰਜੀਲ ਵਿੱਚ ਈਸਾ ਦੇ ਰੂਸ ਆਉਣ ਦਾ ਕੋਈ ਜ਼ਿਕਰ ਨਹੀਂ ਹੈ। ਮੈਨੂੰ ਲੱਗਿਆ ਕਿ ਕਾਂਗਰਸ ਵੱਲ ਜ਼ਿਆਦਾਤਰ ਪੱਤਰਕਾਰਾਂ ਦਾ ਰਵੱਈਆ ਸ਼ੱਕੀ ਅਤੇ ਸ਼ੋਰ-ਸ਼ਰਾਬੇ ਵਾਲ਼ਾ ਸੀ, ਅਤੇ ਆਮ ਤੌਰ 'ਤੇ ਗੈਰ-ਸੰਜੀਦਾ ਸੀ। ਮੈਂ ਵੀ ਫਿਰ ਉਹਨਾਂ ਵਰਗਾ ਹੀ ਹੋ ਗਿਆ।

ਮੈਨੂੰ ਪ੍ਰਦਰਸ਼ਨੀ ਦੇ ਮੈਦਾਨ ਵਿਚ ਛੋਟੇ ਇਲਾਕਾਈ ਕਾਰਖਾਨੇਦਾਰਾਂ ਅਤੇ ਵਪਾਰੀਆਂ ਨਾਲ਼ ਘੁੰਮਣਾ, ਜਿਹੜੇ ਉੱਥੇ ਵਹੀਰਾਂ ਘੱਤ ਕੇ ਪਹੁੰਚੇ ਸਨ, ਜ਼ਿਆਦਾ ਦਿਲਚਸਪ ਅਤੇ ਸਿੱਖਿਆਦਾਇਕ ਲੱਗਿਆ। ਉਹ ਮੈਨੂੰ ਪਤਝੜ ਦੀਆਂ ਆਲਸੀ ਨੀਲੀਆਂ ਮੱਖੀਆਂ ਦੀ ਯਾਦ ਦਿਲਾਉਂਦੇ ਜਿਹੜੀਆਂ ਤੰਬੂ ਦੇ ਸ਼ੀਸ਼ਿਆਂ ਅੱਗੇ ਮੰਡਰਾਉਂਦੀਆਂ ਰਹਿੰਦੀਆਂ, ਕਦੇ ਹੈਰਾਨੀ ਵਿੱਚ ਪਰ ਜ਼ਿਆਦਾਤਰ ਅਸਹਿਮਤੀ ਨਾਲ਼। ਇਸ ਨਸਲ ਦੇ ਲੋਕਾਂ ਤੋਂ ਮੈਂ ਜਾਣੂ ਸਾਂ ਅਤੇ ਇਹਨਾਂ ਦੀ "ਸਿੱਧੀ-ਸਾਦੀ" ਗੱਲਬਾਤ ਅਜਿਹੀ ਸੀ ਜਿਸਨੂੰ ਮੈਂ ਜਾਣਦਾ ਅਤੇ ਸਮਝਦਾ ਸੀ। ਉਹਨਾਂ ਦੀ ਗੱਲਬਾਤ ਇੱਕ ਹੀ ਵਿਸ਼ੇ ਦੁਆਲ਼ੇ ਘੁੰਮਦੀ ਰਹਿੰਦੀ- ਕਿਸਾਨਾਂ ਦੀ ਅਤੇ ਪੇਂਡੂ ਇਲਾਕਿਆਂ ਦੀ ਭਲਾਈ। ਇਹ ਕੁਦਰਤੀ ਹੀ ਸੀ, ਕਿਉਂਕਿ ਕੁਝ ਸਮਾਂ ਪਹਿਲਾਂ ਤੱਕ ਇਹ ਲੋਕ ਖੁਦ ਵੀ "ਮੁਜ਼ੀਕ*" ਸਨ ਅਤੇ ਇਹਨਾਂ ਨੂੰ ਇਸ ਗੱਲ ਦਾ ਮਾਣ ਵੀ ਸੀ ਕਿਉਂਕਿ "ਰੱਬ ਨੇ ਰੂਸ ਦੀ ਜ਼ਮੀਨ ਮੁਜ਼ੀਕਾਂ ਦੇ ਹੀ ਹਵਾਲੇ ਕੀਤੀ ਸੀ" ਅਤੇ "ਜੇ ਕੁਲੀਨ-ਵਰਗ ਚਮੜੀ ਹੈ ਤਾਂ ਮੁਜ਼ੀਕ ਉਸਦਾ ਪਿੰਜਰ ਹੈ", ਜਿਵੇਂ ਕਹਾਵਤਾਂ ਕਹਿੰਦੀਆਂ ਹਨ। ਜਦੋਂ ਇਹ ਲੋਕ ਪ੍ਰਦਰਸ਼ਨੀ ਦੇ ਸੂਤੀ-ਕੱਪੜਾ ਮਿੱਲ 'ਚ ਗਏ ਤਾਂ ਉਹਨਾਂ ਨੇ ਇਹ ਗੱਲ ਮੰਨੀ ਕਿ ਫੈਕਟਰੀ ਦਾ ਬਣਿਆ ਕੱਪੜਾ, ਜਿਵੇਂ ਕਿ ਗਿਵਾਰਤੋਵਸਕੀ ਮਿੱਲ ਦਾ ਕੱਪੜਾ, ਕਾਫ਼ੀ ਚੰਗਾ ਹੈ ਪਰ ਘਰ ਦਾ ਬੁਣਿਆ ਕੱਪੜਾ ਵੀ ਬੁਰਾ ਨਹੀਂ ਹੁੰਦਾ ਅਤੇ ਪਹਿਨਣ ਨੂੰ ਵੀ ਫੈਕਟਰੀ ਵਾਲ਼ੇ ਕੱਪੜੇ ਨਾਲ਼ੋਂ ਵਧੀਆ ਹੁੰਦਾ ਹੈ। ਅਤੇ ਨਾਲ਼ ਹੀ ਦਲੀਲਬਾਜ਼ੀ ਕਰਦੇ, "ਤੁਸੀਂ ਮਿੱਲਾਂ ਵਿੱਚ ਐਨਾ ਕੱਪੜਾ ਬੁਣ ਹੀ ਨਹੀਂ ਸਕਦੇ ਕਿ ਸਭ ਦੀਆਂ ਲੋੜਾਂ ਪੂਰੀਆਂ ਹੋ ਸਕਣ, ਬਿਲਕੁਲ ਨਹੀਂ," ਅਤੇ ਫਿਰ ਸ਼ੁਰੂ ਹੋ ਜਾਂਦੇ: "ਤੁਸੀਂ ਤਾਂ ਅਭਿਨੇਤਰੀਆਂ ਦੀਆਂ ਲੋੜਾਂ ਵੀ ਪੂਰੀਆਂ ਨੀਂ ਕਰ ਸਕਦੇ", "ਇਹ ਸਾਰਾ ਵਿਦੇਸ਼ਾਂ ਨੂੰ ਚਲਿਆ ਜਾਂਦੈ", "ਉੱਥੇ ਹੀ ਸਾਡਾ ਅਨਾਜ ਅਤੇ ਚਮੜਾ ਵੀ ਪਹੁੰਚ ਜਾਂਦਾ ਹੈ", "ਅਤੇ ਚਰਬੀ ਵੀ"। "ਜਲਦੀ ਹੀ ਸਾਨੂੰ ਵੀ ਮਜ਼ਦੂਰ ਬਣਾ ਕੇ ਵੇਚ ਦੇਣਗੇ", "ਹਾਂ, ਇਹ ਸਭ ਤਾਂ ਐਵੇਂ ਦਿਖਾਵਾ ਹੈ", "ਆਮ ਕਿਸਾਨ ਕੋਲ਼ ਤਾਂ ਵੇਚਣ-ਖਰੀਦਣ ਨੂੰ ਕੁਝ ਹੈ ਹੀ ਨਹੀਂ"।

ਇਹ ਗੱਲਾਂ ਚੌਂਤੀ ਸਾਲ ਪਹਿਲਾਂ ਦੀਆਂ ਹਨ, ਪਰ ਪਸਕੋਵ, ਵਿਆਤਕਾ, ਸਾਈਬੇਰੀਆ ਅਤੇ ਹੋਰਨਾਂ ਗੁਬੇਰਨੀਆ ਤੇ ਖੇਤਰਾਂ ਤੋਂ ਆਏ ਇਹਨਾਂ ਸਾਰੇ "ਮਾਲਕਾਂ" ਦੇ ਦਾਹੜੀ ਵਾਲ਼ੇ

---

* ਇਹ ਸਤਰਾਂ ਰੂਸੀ ਕਵੀ ਫ਼. ਤਿਊਤਚੇਵ (1803-1873) ਦੀ ਕਵਿਤਾ 'ਇਹ ਵਿਚਾਰੇ ਪਿੰਡ' ਵਿੱਚੋਂ ਲਈਆਂ ਗਈਆਂ ਹਨ।

ਚਿਹਰੇ ਅੱਜ ਵੀ ਮੇਰੀਆਂ ਨਜ਼ਰਾਂ ਸਾਹਮਣੇ ਹਨ। ਮੈਨੂੰ ਯਾਦ ਹੈ ਕਿ ਜਦੋਂ ਉਹਨਾਂ ਨੇ ਮਸ਼ੀਨਰੀ ਵਿਭਾਗ ਦੇਖਿਆ ਤਾਂ ਉਹਨਾਂ ਦੇ ਚਿਹਰਿਆਂ 'ਤੇ ਸਪਸ਼ਟ ਬੇਚੈਨੀ ਅਤੇ ਪ੍ਰਤੱਖ ਅਸੰਤੋਖ ਝਲਕ ਰਿਹਾ ਸੀ। ਉਹ ਪ੍ਰੇਸ਼ਾਨੀ ਨਾਲ਼ ਮੁਸਕਰਾਏ, ਬੇਦਿਲ ਜਿਹੇ ਢੰਗ ਨਾਲ਼ ਹੱਸੇ, ਤਿਉੜੀਆਂ ਚੜ੍ਹਾਈਆਂ, ਠੰਢੇ ਹਾਉਕੇ ਭਰੇ ਅਤੇ ਕੁਝ ਤਾਂ ਨਿਰਾਸ਼ ਵੀ ਹੋਏ। ਕਿਸੇ ਕਾਰਣ ਉੱਥੇ ਜਰਮਨ ਦੀ ਛਾਪੇ ਵਾਲ਼ੀ ਮਸ਼ੀਨ ਵੀ ਰੱਖੀ ਹੋਈ ਸੀ। ਮੇਰੇ ਖਿਆਲ ਵਿੱਚ ਇਹ ਪ੍ਰਦਰਸ਼ਨੀ ਦੇ ਕਾਗ਼ਜ਼-ਪੱਤਰ ਛਾਪਣ ਲਈ ਲਗਾਈ ਗਈ ਸੀ। ਨੁਕੀਲੀ ਦਾੜ੍ਹੀ, ਚਮਕਦਾਰ ਪਰ ਠੰਡੀਆਂ ਲਾਲ ਅੱਖਾਂ, ਅਤੇ ਬੇਚੈਨ ਹੱਥਾਂ ਵਾਲ਼ੇ ਇੱਕ ਮਧਰੇ ਜਿਹੇ ਬੁੱਢੇ ਆਦਮੀ ਨੇ ਇਸ ਮਸ਼ੀਨ ਨੂੰ ਦੇਖ ਕੇ ਟਿੱਚਰ ਕੀਤੀ: "ਆਹ ਕੋਈ ਨਵਾਂ ਹੀ ਸ਼ੈਤਾਨ ਹੈ। ਕਾਹਦੇ ਲਈ ਹੈ ਬਈ ਇਹ ?" "ਅਖਬਾਰ ਛਾਪਣ ਲਈ," ਉਸਨੂੰ ਦੱਸਿਆ ਗਿਆ। "ਅਖਬਾਰ ?" ਉਹ ਗਰਜਿਆ। "ਕੂੜਾ-ਕਰਕਟ ! ਕੀਮਤ ਕੀ ਹੈ ਇਹਦੀ ?" ਕੀਮਤ ਸੁਣ ਕੇ ਬੁੱਢੇ ਆਦਮੀ ਨੇ ਆਪਣੀ ਨੋਕਦਾਰ ਟੋਪੀ ਸਿੱਧੀ ਕੀਤੀ, ਆਲ਼ੇ-ਦੁਆਲ਼ੇ ਝਾਕਿਆ ਅਤੇ ਸਹਿਮਤੀ ਦੀਆਂ ਮੁਸਕਰਾਹਟਾਂ ਦੇਖ ਕੇ ਕਿਹਾ: "ਅੱਛਾ, ਤਾਂ ਸਾਡੇ ਟੈਕਸਾਂ ਦਾ ਸਾਰਾ ਪੈਸਾ ਇੱਥੇ ਲੱਗਦੈ—ਅਖ਼ਬਾਰਾਂ 'ਚ ! ਖੈਰ, ਮੈਂ ਤਾਂ..." ਪੂਰੀ ਗੱਲ ਕਹਿਣ ਦੀ ਉਸਦੀ ਹਿੰਮਤ ਨਾ ਪਈ, ਉਸਨੇ ਬੁੱਲ ਚਿੱਥੇ ਅਤੇ ਆਪਣੀ ਨਵੀਂ ਜੁੱਤੀ ਜਰਕਾਉਂਦਾ ਹੋਇਆ ਅੱਗੇ ਤੁਰ ਪਿਆ ਤੇ ਉਸਦੇ ਹਮਾਇਤੀ ਉਸਦੇ ਪਿੱਛੇ-ਪਿੱਛੇ ਚੱਲ ਪਏ।

ਇਸ ਟੋਲੇ ਨੂੰ ਰੱਸੀ ਨਾਲ਼ ਬੰਨੇ ਇੱਕ ਵੱਡੇ ਗੁਬਾਰੇ ਵਿੱਚ ਚੜਨ ਦਾ ਸੱਦਾ ਦਿੱਤਾ ਗਿਆ। ਉਸੇ ਬੁੱਢੇ ਆਦਮੀ ਨੇ ਜਵਾਬ ਦਿੱਤਾ: "ਬਹੁਤ ਸ਼ੁਕਰੀਆ ਜੀ", ਅਤੇ ਫਿਰ ਪੁੱਛਿਆ: "ਬਈ ਜੇ ਇਸ ਨੂੰ ਛੱਡ ਦਈਏ ਤਾਂ ਕੀ ਇਹ ਉੱਡ ਕੇ ਰੱਬ ਤੱਕ ਪਹੁੰਚ ਸਕਦੈ ? ਨਹੀਂ ਜਾ ਸਕਦਾ ? ਤਾਂ ਫਿਰ ਬਰਫ਼ ਦੇ ਸੁਰਾਖ 'ਚ ਗੋਹੇ ਵਾਗੂੰ ਲਟਕਣ ਦਾ ਕੀ ਫਾਇਦਾ ?"

ਜਿੰਨੀ ਵਾਰ ਵੀ ਮੈਂ ਪ੍ਰਦਰਸ਼ਨੀ 'ਚ ਗਿਆ, ਮੈਨੂੰ ਇਸੇ ਤਰ੍ਹਾਂ ਦੇ ਵਿਚਾਰਾਂ ਅਤੇ ਭਾਵਨਾਵਾਂ ਵਾਲ਼ੇ "ਮਾਲਿਕ" ਉੱਥੇ ਮਿਲ਼ੇ। ਮੈਨੂੰ ਪੂਰਾ ਯਕੀਨ ਹੈ ਕਿ ਇਹੀ ਉਹ ਲੋਕ ਸਨ ਜਿਹੜੇ ਅੱਠ ਸਾਲਾਂ ਬਾਅਦ ਪ੍ਰਤੀਕਿਰਿਆਵਾਦੀ 'ਰੂਸੀ ਲੋਕਾਂ ਦੀ ਯੂਨੀਅਨ' ਦੀਆਂ ਇਲਾਕਾਈ ਸ਼ਾਖਾਵਾਂ ਦੇ ਸੰਚਾਲਕ ਬਣੇ। ਪਰ ਇਹਨਾਂ ਸਾਰੇ ਲੋਕਾਂ ਨੂੰ ਮਿਲ਼ਾ ਕੇ ਵੀ ਮੈਨੂੰ ਯਾਕੋਵ ਮਾਯਾਕਿਨ ਦੇ ਚਰਿੱਤਰ ਲਈ ਪੂਰੀ ਸਮੱਗਰੀ ਨਹੀਂ ਮਿਲ਼ੀ।

'ਬੁਗਰੋਵ' ਕਹਾਣੀ ਵਿੱਚ ਕਹਾਣੀ ਦਾ ਨਾਇਕ ਕਹਿੰਦਾ ਹੈ: "ਮਾਯਾਕਿਨ ਇੱਕ ਕਮਾਲ ਦਾ ਵਿਅਕਤੀ ਹੈ। ਮੈਂ ਆਪਣੇ ਆਲ਼ੇ-ਦੁਆਲ਼ੇ ਅਜਿਹਾ ਕੋਈ ਹੋਰ ਆਦਮੀ ਨਹੀਂ ਦੇਖਿਆ ਪਰ ਮੈਨੂੰ ਲੱਗਦਾ ਹੈ ਕਿ ਅਜਿਹਾ ਆਦਮੀ ਜ਼ਰੂਰ ਰਿਹਾ ਹੋਵੇਗਾ।"

ਇਹਨਾਂ ਸ਼ਬਦਾਂ ਦਾ ਹਵਾਲਾ ਮੈਂ ਇਸ ਲਈ ਨਹੀਂ ਦਿੱਤਾ ਕਿ ਇਹਨਾਂ ਨੂੰ ਮੇਰੀ ਪ੍ਰਸੰਸਾ ਸਮਝਿਆ ਜਾਵੇ, ਸਗੋਂ ਇਸ ਲਈ ਦਿੱਤਾ ਹੈ ਕਿ ਇਹ ਨਿਰਪੱਖ ਨਜ਼ਰ ਤੋਂ ਇਸ ਗੱਲ ਦਾ ਸਬੂਤ ਪੇਸ਼ ਕਰਦਾ ਹੈ ਕਿ ਮੈਂ ਦਰਮਿਆਨੇ ਦਰਜੇ ਦੇ "ਮਾਲਿਕ" ਦਾ ਇੱਕ ਘੱਟ ਜਾਂ ਵੱਧ ਸੰਪੂਰਨ ਅਤੇ "ਸਜੀਵ" ਚਰਿੱਤਰ ਘੜਨ ਲਈ ਉਸ ਵਰਗ ਦੇ ਲੋਕਾਂ ਨਾਲ਼ ਸਬੰਧਿਤ ਆਪਣੇ ਨਿਰੀਖਣ ਦੇ ਛੋਟੇ-ਛੋਟੇ ਤੱਥਾਂ ਦੀ ਵਰਤੋਂ ਕਰਕੇ ਸਹੀ ਢੰਗ ਅਪਣਾਇਆ ਸੀ।

ਇਹ ਸਭ ਬਹੁਤ ਹੀ ਸੌਖਾ ਸੀ: ਮੈਂ ਯਾਕੋਵ ਮਾਯਾਕਿਨ ਨੂੰ ਫਰੈਡਰਿਕ ਨੀਤਸ਼ੇ ਦੀ ਸਮਾਜਿਕ ਫਿਲਾਸਫੀ ਨਾਲ਼ ਵੀ ਥੋੜਾ-ਬਹੁਤ ਸਜਾਇਆ ਸੀ। ਇੱਕ ਆਲੋਚਕ ਨੇ ਇੱਕ ਵਾਰ ਇਹ "ਜਾਅਲਸਾਜ਼ੀ" ਫੜ ਲਈ ਅਤੇ ਇਸਨੂੰ ਉਸਨੇ ਨੀਤਸ਼ੇ ਦੀਆਂ ਸਿੱਖਿਆਵਾਂ ਵੱਲ ਮੇਰਾ ਝੁਕਾਅ ਸਮਝਿਆ ਅਤੇ ਇਸ ਲਈ ਮੇਰੀ ਝਾੜ-ਝੰਬ ਕੀਤੀ। ਇਹ ਆਲੋਚਨਾ ਸਰਾਸਰ ਬੇਬੁਨਿਆਦ ਸੀ; ਮੈਂ ਤਾਂ "ਲੋਕਾਂ" ਦਾ ਆਦਮੀ ਸਾਂ ਅਤੇ ਮੈਨੂੰ ਲਾਵਰੋਵ, ਮਿਖਾਈਲੋਵਸਕੀ ਅਤੇ ਕਾਰਲਾਇਲ ਦੇ "ਨਾਇਕ" ਬਿਲਕੁਲ ਨਹੀਂ ਜਚਦੇ ਸਨ ਅਤੇ ਨਾ ਹੀ "ਮਾਲਿਕਾਂ ਦੀ ਨੈਤਿਕਤਾ" ਜਿਸਦੀ ਸਿੱਖਿਆ ਨੀਤਸ਼ੇ ਨੇ ਆਡੰਬਰਪੂਰਨ ਢੰਗ ਨਾਲ਼ ਦਿੱਤੀ ਸੀ।

ਨੀਤਸ਼ੇ ਦੀ ਸਮਾਜਿਕ ਫਿਲਾਸਫੀ ਦਾ ਬੁਨਿਆਦੀ ਵਿਚਾਰ ਬਹੁਤ ਹੀ ਸਿੱਧਾ-ਸਾਦਾ ਹੈ: ਜੀਵਨ ਦਾ ਅਸਲ ਮਕਸਦ ਉੱਚ ਕਿਸਮ ਦੇ ਲੋਕਾਂ—"ਸੁਪਰਮੈਨ"—ਦਾ ਨਿਰਮਾਣ ਕਰਨਾ ਹੈ, ਗੁਲਾਮੀ ਜਿਸ ਨਾਲ਼ ਲਾਜ਼ਮੀ ਤੌਰ 'ਤੇ ਜੁੜੀ ਹੋਈ ਹੈ। ਪ੍ਰਾਚੀਨ ਯੂਨਾਨੀ ਜਗਤ ਲਾਸਾਨੀ ਵਿਕਾਸ ਦਾ ਟੀਚਾ ਇਸ ਲਈ ਹਾਸਿਲ ਕਰ ਸਕਿਆ ਸੀ ਕਿਉਂਕਿ ਇਹ ਗੁਲਾਮਦਾਰੀ 'ਤੇ ਟਿਕਿਆ ਹੋਇਆ ਸੀ ਪਰ ਇਸ ਤੋਂ ਮਗਰੋਂ ਇਸਾਈ ਜਮੂਹਰੀਅਤ ਦੇ ਅਸਰ ਹੇਠ ਮਨੁੱਖ ਜਾਤੀ ਦਾ ਸੱਭਿਆਚਾਰਕ ਵਿਕਾਸ ਲਗਾਤਾਰ ਗਿਰਾਵਟ ਵਿੱਚ ਰਿਹਾ ਹੈ। ਯੂਰਪ ਜਦੋਂ ਤੱਕ ਪ੍ਰਾਚੀਨ ਯੂਨਾਨੀ ਸੱਭਿਆਚਾਰ ਦੀਆਂ ਨੀਹਾਂ ਨੂੰ ਮੁੜ ਬਹਾਲ ਨਹੀਂ ਕਰ ਲੈਂਦਾ ਅਤੇ "ਗੁਲਾਮਾਂ ਦੀ ਨੈਤਿਕਤਾ", ਯਾਨੀ ਸਮਾਜਿਕ ਬਰਾਬਰੀ ਦੀ ਸਿੱਖਿਆ ਨੂੰ ਰੱਦ ਨਹੀਂ ਕਰ ਦਿੰਦਾ, ਉਦੋਂ ਤੱਕ ਕਿਰਤੀ ਲੋਕਾਂ ਦੀ ਰਾਜਨੀਤਕ ਅਤੇ ਸਮਾਜਿਕ ਸਿੱਖਿਆ ਉਸਨੂੰ ਜਹਾਲਤ ਦੀ ਸਥਿਤੀ ਵਿੱਚ ਜਾਣ ਤੋਂ ਨਹੀਂ ਰੋਕ ਸਕਦੀ। ਇਹ ਮੰਨਣਾ ਪਵੇਗਾ ਕਿ ਲੋਕ ਹਮੇਸ਼ਾ ਹੀ ਦੋ ਹਿੱਸਿਆਂ ਵਿੱਚ ਵੰਡੇ ਰਹੇ ਹਨ: ਇੱਕ ਪਾਸੇ ਘੱਟ-ਗਿਣਤੀ ਤਾਕਤਵਰ ਲੋਕ ਹਨ, ਜਿਹੜੇ ਮਨਮਰਜ਼ੀ ਕਰ ਸਕਦੇ ਹਨ ਅਤੇ ਦੂਜੇ ਪਾਸੇ ਬਹੁਗਿਣਤੀ ਕਮਜ਼ੋਰ ਲੋਕ ਹਨ, ਜਿਹੜੇ ਸਿਰਫ਼ ਇਸ ਲਈ ਹੁੰਦੇ ਹਨ ਤਾਂ ਕਿ ਚੁੱਪਚਾਪ ਪਹਿਲਿਆਂ ਦੇ ਹੁਕਮਾਂ ਦੀ ਪਾਲਣਾ ਕਰਦੇ ਰਹਿਣ।

ਇਹ ਫਿਲਾਸਫੀ, ਜਿਸਦਾ ਕਰਤਾ ਅੰਤ ਵਿੱਚ ਪਾਗਲ ਹੋ ਗਿਆ ਸੀ, ਅਸਲ ਵਿੱਚ "ਮਾਲਿਕਾਂ" ਦੀ ਅਤੇ "ਮਾਲਿਕਾਂ" ਲਈ ਸੀ, ਪਰ ਇਸ ਵਿੱਚ ਕੋਈ ਮੌਲਿਕਤਾ ਨਹੀਂ ਸੀ। ਇਸਦੀ ਨੀਹ ਅਫਲਾਤੂਨ ਨੇ ਰੱਖੀ ਸੀ, ਰੇਨਾਨ ਦੇ 'ਦਾਰਸ਼ਨਿਕ ਨਾਟਕ' ਇਸੇ 'ਤੇ ਅਧਾਰਿਤ ਸਨ ਅਤੇ ਮਾਲਥਸ ਵੀ ਇਸ ਤੋਂ ਅਣਜਾਣ ਨਹੀਂ ਸੀ। ਆਮ ਤੌਰ 'ਤੇ ਇਹ ਬਹੁਤ ਪ੍ਰਾਚੀਨ ਫਿਲਾਸਫੀ ਹੈ, ਜਿਸਦਾ ਮਕਸਦ "ਮਾਲਿਕਾਂ" ਦੀ ਸੱਤਾ ਨੂੰ ਜਾਇਜ਼ ਸਿੱਧ ਕਰਨਾ ਹੈ, ਜਿਹੜੇ ਇਸਨੂੰ ਕਦੇ ਨਹੀਂ ਭੁੱਲਦੇ। ਇਹ ਬਿਲਕੁਲ ਸੰਭਵ ਹੈ ਕਿ ਨੀਤਸ਼ੇ 'ਚ ਇਹ ਬੀਜ ਜਰਮਨੀ ਵਿੱਚ ਸਮਾਜਿਕ-ਜਮਹੂਰੀਅਤ ਦੇ ਵਿਕਾਸ ਨਾਲ਼ ਫੁੱਟਿਆ ਹੋਵੇ; ਸਾਡੇ ਸਮੇਂ ਵਿੱਚ ਇਹ ਫਾਸੀਵਾਦੀਆਂ ਦੀ ਮਨਪਸੰਦ ਰੂਹਾਨੀ ਖੁਰਾਕ ਹੈ।

ਮੈਨੂੰ ਇਸ ਫਿਲਾਸਫੀ ਬਾਰੇ ਕੁਝ ਜਾਣਕਾਰੀ 1893 ਵਿੱਚ ਉਹਨਾਂ ਵਿਦਿਆਰਥੀਆਂ ਤੋਂ ਮਿਲ਼ੀ ਜਿਹਨਾਂ ਨੂੰ ਯਾਰੋਸਲਾਵਲ ਦੇ ਹਾਈ ਸਕੂਲ ਵਿੱਚੋਂ ਕੱਢ ਦਿੱਤਾ ਗਿਆ ਸੀ ਅਤੇ

ਜਿਹੜੇ ਮੇਰੇ ਵਾਗੂੰ ਹੀ ਵਕੀਲਾਂ ਦੇ ਜੂਨੀਅਰ ਕਲਰਕਾਂ ਦਾ ਕੰਮ ਕਰਕੇ ਰੋਜ਼ੀ–ਰੋਟੀ ਕਮਾ ਰਹੇ ਸਨ। ਪਰ ਇਸਤੋਂ ਪਹਿਲਾਂ ਵੀ, 1889–90 ਦੀਆਂ ਸਰਦੀਆਂ ਦੇ ਦਿਨਾਂ ਵਿੱਚ, ਮੇਰੇ ਦੋਸਤ ਨ. ਜ਼. ਵਾਸਲੀਯੇਵ ਨੇ ਨੀਤਸ਼ੇ ਦੀ ਸਭ ਤੋਂ ਉੱਤਮ ਰਚਨਾ *Also sprach Zarathustra* ('ਜ਼ਰਤੁਸ਼ਤ ਨੇ ਇਹ ਕਿਹਾ ਸੀ') ਦਾ ਅਨੁਵਾਦ ਕੀਤਾ ਸੀ ਤੇ ਮੈਨੂੰ ਲੇਖਕ ਬਾਰੇ ਥੋੜ੍ਹਾ–ਬਹੁਤ ਦੱਸਿਆ ਸੀ, ਅਤੇ ਉਸਦੀ ਫਿਲਾਸਫੀ ਨੂੰ 'ਸ਼ਾਨਦਾਰ ਸਨਕੀਪੁਣੇ' ਦਾ ਨਾਮ ਦਿੱਤਾ ਸੀ।

ਮੇਰੇ ਕੋਲ਼ ਇਸ ਗੱਲ ਦਾ ਹਰ ਕਾਰਨ ਮੌਜੂਦ ਸੀ ਕਿ ਮੈਂ ਰੂਸੀ "ਮਾਲਿਕਾਂ" ਦੇ ਪ੍ਰਾਚੀਨ ਸਮਿਆਂ ਦੇ ਹਮ–ਰੁਤਬਾ ਲੋਕਾਂ ਦੇ ਕੁਝ ਲੱਛਣ ਇਹਨਾਂ ਨੂੰ ਪ੍ਰਦਾਨ ਕਰਾਂ। "ਜਮਾਤੀ ਨੈਤਿਕਤਾ" ਅਤੇ "ਮਾਲਿਕਾਂ ਦੀ ਨੈਤਿਕਤਾ" ਪੂਰੀ ਤਰ੍ਹਾਂ ਕੌਮਾਂਤਰੀ ਹੁੰਦੀ ਹੈ। ਨੀਤਸ਼ੇ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਤਾਕਤਵਰ ਆਦਮੀ ਨੂੰ ਚਾਹੀਦਾ ਹੈ ਕਿ ਉਹ "ਡਿੱਗਦੇ ਨੂੰ ਧੱਕਾ ਦੇਵੇ", ਅਤੇ ਇਹ "ਮਾਲਿਕਾਂ ਦੀ ਨੈਤਿਕਤਾ" ਦੇ ਮੁੱਢਲੇ ਧਰਮ–ਸਿਧਾਂਤਾਂ ਵਿੱਚੋਂ ਇੱਕ ਹੈ। ਇਸਾਈ ਧਰਮ ਨੂੰ ਉਸਨੇ "ਗੁਲਾਮਾਂ ਦੀ ਨੈਤਿਕਤਾ" ਕਿਹਾ ਅਤੇ ਉਸਨੂੰ ਇਸ ਲਈ ਹਾਨੀਕਾਰਕ ਦੱਸਿਆ ਕਿ ਉਹ ਕਮਜ਼ੋਰ ਅਤੇ "ਲੜਖੜਾਉਂਦਿਆਂ" ਨੂੰ ਸਹਾਰਾ ਦਿੰਦਾ ਹੈ ਅਤੇ ਇਸ ਨਾਲ਼ ਤਕੜਿਆਂ ਦੀ ਤਾਕਤ ਅਜਾਈਂ ਚਲੀ ਜਾਂਦੀ ਹੈ।

ਪਹਿਲੀ ਗੱਲ ਤਾਂ ਇਹ ਹੈ ਕਿ ਡਿੱਗਣ ਵਾਲ਼ਿਆਂ ਵਿੱਚ ਸਿਰਫ਼ ਕਮਜ਼ੋਰ ਹੀ ਨਹੀਂ ਤਕੜੇ ਵੀ ਸਨ, ਜਿਹਨਾਂ ਨੂੰ "ਮਾਲਿਕਾਂ" ਨੇ ਮਾਰ ਸੁੱਟਿਆ ਸੀ। ਮੈਂ ਇਸਤੋਂ ਭਲੀ–ਭਾਂਤ ਜਾਣੂ ਸੀ।

ਦੂਜੀ ਗੱਲ, "ਮਾਲਿਕ" ਕਮਜ਼ੋਰਾਂ ਦੀ ਸਹਾਇਤਾ ਸਿਰਫ ਉਦੋਂ ਹੀ ਕਰਦੇ ਸਨ ਜਦੋਂ ਉਹਨਾਂ ਨੂੰ ਕਮਜ਼ੋਰਾਂ ਤੋਂ ਕੋਈ ਖਤਰਾ ਨਹੀਂ ਸੀ ਰਹਿ ਜਾਂਦਾ—ਜਦੋਂ ਉਹ ਸਰੀਰਕ ਤੌਰ 'ਤੇ ਪੂਰੀ ਤਰ੍ਹਾਂ ਘਸ ਜਾਂਦੇ ਸਨ, ਬਿਮਾਰ ਅਤੇ ਕੌਡੀ–ਕੌਡੀ ਦੇ ਮੁਹਤਾਜ਼ ਹੋ ਜਾਂਦੇ ਸਨ। ਇਹ ਸਹਾਇਤਾ ਹਸਪਤਾਲ਼ਾਂ ਅਤੇ ਅਨਾਥ–ਆਸ਼ਰਮਾਂ ਦਾ ਰੂਪ ਲੈ ਲੈਂਦੀ ਸੀ। ਅਤੇ ਕਮਜ਼ੋਰਾਂ ਵਿੱਚੋਂ ਜਿਹੜੇ ਲੋਕ "ਕਾਨੂੰਨ ਅਤੇ ਨੈਤਿਕਤਾ" ਦਾ ਵਿਰੋਧ ਕਰਨ ਦੀ ਹਿੰਮਤ ਕਰਦੇ ਸਨ ਉਹਨਾਂ ਲਈ ਜੇਲ੍ਹਾਂ ਬਣਾ ਦਿੱਤੀਆਂ ਗਈਆਂ ਸਨ। ਮੈਂ ਬਹੁਤ ਕੁਝ ਪੜ੍ਹਿਆ ਸੀ ਕਿ ਕਿਵੇਂ ਸ਼ਹਿਰਾਂ ਦੇ ਇਸਾਈ ਮਾਲਿਕ ਤਾਕਤਵਰ ਇਸਾਈ ਜਾਗੀਰਦਾਰਾਂ ਦੇ ਖਿਲਾਫ਼ ਬੇਕਿਰਕ ਸੰਘਰਸ਼ ਚਲਾ ਰਹੇ ਸਨ। ਇਹ ਲੋਕ ਖੁਦ ਆਪਣੇ ਹੀ ਧਰਮ ਦੇ ਲੋਕਾਂ ਪ੍ਰਤੀ ਵੀ ਓਨੇ ਹੀ ਬੇਰਹਿਮ ਹੁੰਦੇ ਸਨ। ਜ਼ਿੰਮਰਮਾਨ ਦੀ ਸ਼ਾਨਦਾਰ ਰਚਨਾ *Geschichte des grossen Bauernkrieges* ('ਜਰਮਨੀ ਵਿੱਚ ਕਿਸਾਨ ਜੰਗਾਂ ਦਾ ਇਤਿਹਾਸ') ਨੇ ਬੇਹੱਦ ਸਜੀਵ ਢੰਗ ਨਾਲ਼ ਇਸ ਗੱਲ ਦਾ ਵਰਣਨ ਕੀਤਾ ਸੀ ਕਿ ਕਿਵੇਂ ਨਾਈਟਾਂ ਅਤੇ ਬਰਗਰਾਂ ਨੇ ਕਿਸਾਨਾਂ ਨੂੰ ਖਤਮ ਕਰਨ ਅਤੇ 'ਟਬੋਰਾਈਟਾਂ' ਨੂੰ ਖਦੇੜਨ ਲਈ ਆਪਸ ਵਿੱਚ ਏਕਾ ਕੀਤਾ, ਕਿਉਂਕਿ ਇਹ ਲੋਕ ਇਸ ਧਰਤੀ 'ਤੇ ਆਦਿ ਕਾਲੀਨ ਕਮਿਊਨਿਜ਼ਮ ਦੇ ਵਿਚਾਰ ਨੂੰ ਜਿਹੜਾ ਕਿ ਉਹਨਾਂ ਨੂੰ ਅੰਜੀਲ ਵਿੱਚ ਮਿਲ਼ਿਆ ਸੀ, ਅਮਲੀ ਰੂਪ ਦੇਣ ਦਾ ਯਤਨ ਕਰ ਰਹੇ ਸਨ। ਆਖਿਰਕਾਰ, ਮੇਰੀ ਮਾਰਕਸ ਦੀਆਂ ਸਿੱਖਿਆਵਾਂ ਨਾਲ਼ ਵੀ ਥੋੜੀ–ਬਹੁਤ ਜਾਣ–ਪਹਿਚਾਣ ਹੋ ਗਈ। "ਮਾਲਿਕਾਂ ਦੀ ਨੈਤਿਕਤਾ" ਮੇਰੇ ਲਈ ਓਨੀ ਹੀ ਪਰਾਈ ਸੀ ਜਿੰਨੀ ਕਿ "ਗੁਲਾਮਾਂ

ਦੀ"। ਮੇਰੇ ਅੰਦਰ ਇੱਕ ਤੀਜੀ ਕਿਸਮ ਦੀ ਨੈਤਿਕਤਾ ਦਾ ਵਿਕਾਸ ਹੋ ਰਿਹਾ ਸੀ: "ਬਗਾਵਤ ਕਰਨ ਵਾਲ਼ੇ ਦੀ ਹਮਾਇਤ ਕਰੋ।"

ਆਪਣੇ ਲੇਖ "ਫਿਲਾਸਫੀ ਦੇ ਨੁਕਸਾਨ ਦੇ ਸਬੰਧ ਵਿੱਚ" ਮੈਂ ਆਪਣੇ ਦੋਸਤ ਅਤੇ ਅਧਿਆਪਕ ਨ. ਜ਼. ਵਾਸੀਲੇਯੇਵ ਦਾ ਚਿਤਰਣ ਕੀਤਾ ਹੈ ਜਿਹਨਾਂ ਨੇ ਕਦੇ ਵੀ ਆਪਣੇ ਵਿਚਾਰ ਮੇਰੇ ਉੱਤੇ ਥੋਪਣ ਦੀ ਕੋਸ਼ਿਸ਼ ਨਹੀਂ ਕੀਤੀ, ਬਸ ਕੇਵਲ ਮੈਨੂੰ ਚੀਜ਼ਾਂ ਬਾਰੇ ਦੱਸਿਆ ਅਤੇ ਆਪਣੇ ਰੰਗ ਵਿੱਚ ਰੰਗਣ ਦਾ ਕਦੇ ਵੀ ਯਤਨ ਨਹੀਂ ਕੀਤਾ। ਮੇਰੇ ਬਾਕੀ ਸਾਰੇ ਅਧਿਆਪਕਾਂ ਨੇ ਪੂਰਾ ਜ਼ੋਰ ਲਾਇਆ ਕਿ ਜਿਹੜੇ ਵਿਚਾਰ ਉਹਨਾਂ ਨੂੰ ਪਸੰਦ ਸਨ ਅਤੇ ਜਿਹੜੇ ਉਹਨਾਂ ਦੇ "ਵਿਚਾਰਧਾਰਕ" ਮਕਸਦ ਦੇ ਅਨੁਕੂਲ ਸਨ, ਉਹਨਾਂ ਨੂੰ ਮੈਂ ਵੀ ਅਪਣਾ ਲਵਾਂ। ਇਸ ਕਿਸਮ ਦੀ ਹਿੰਸਾ ਤੋਂ ਆਪਣਾ ਬਚਾਅ ਕਰਨ ਲਈ ਮੈਨੂੰ ਮਜ਼ਬੂਰ ਹੋਣਾ ਪਿਆ, ਅਤੇ ਇਸੇ ਕਾਰਨ ਮੇਰੇ ਅਧਿਆਪਕ ਮੈਨੂੰ ਪਸੰਦ ਨਹੀਂ ਕਰਦੇ ਸਨ। ਉਹਨਾਂ ਵਿੱਚੋਂ ਜਿਹੜੇ ਅੱਜ ਜਿਉਂਦੇ ਹਨ, ਉਹ ਕਦੇ-ਕਦੇ ਤਿੱਖੇ ਅਤੇ ਗੁੱਸੇ ਭਰੇ ਲਹਿਜੇ ਵਿੱਚ ਮੈਨੂੰ ਮੇਰੀ ਹੱਠ-ਧਰਮੀ ਦੀ ਯਾਦ ਦਿਲਾਉਂਦੇ ਰਹਿੰਦੇ ਹਨ।

ਉਹਨਾਂ ਦਾ ਵਿਰੋਧ ਮੇਰੇ ਲਈ ਬਹੁਤ ਫਾਇਦੇਮੰਦ ਸਾਬਿਤ ਹੋਇਆ। ਉਹ ਮੇਰੇ ਨਾਲ਼ ਇੰਜ ਦਲੀਲਬਾਜ਼ੀ ਕਰਦੇ ਜਿਵੇਂ ਮੈਂ ਉਹਨਾਂ ਦੇ ਲਗਭਗ ਬਰਾਬਰ ਦਾ ਹੋਵਾਂ। ਮੈਂ "ਲਗਭਗ" ਕਹਿ ਰਿਹਾ ਹਾਂ ਕਿਉਂਕਿ ਉਹ ਲੋਕ "ਯੋਗਤਾ ਪ੍ਰਾਪਤ" ਸਨ, ਸੈਕੰਡਰੀ ਸਿੱਖਿਆ, ਧਰਮ ਸਕੂਲ ਅਤੇ ਯੂਨੀਵਰਸਿਟੀਆਂ ਦੀ ਸਿੱਖਿਆ ਹਾਸਿਲ ਕਰ ਚੁੱਕੇ ਸਨ, ਜਦਕਿ ਉਹਨਾਂ ਦੀ ਤੁਲਨਾ ਵਿੱਚ ਮੈਂ "ਕੱਚਾ" ਸੀ। ਮੈਨੂੰ ਆਪਣੀ "ਉੱਚ" ਸਿੱਖਿਆ ਦੀ ਘਾਟ ਹਮੇਸ਼ਾ ਰੜਕਦੀ ਰਹਿੰਦੀ ਸੀ, ਅਤੇ ਅੱਜ ਵੀ ਰੜਕਦੀ ਰਹਿੰਦੀ ਹੈ। ਮੈਂ ਮੰਨਦਾ ਹਾਂ ਕਿ ਮੇਰੇ ਚਿੰਤਨ ਦਾ "ਸਕੂਲੀ" ਅਨੁਸਾਸ਼ਨ ਨਹੀਂ ਹੋਇਆ ਅਤੇ ਇਹ ਇੱਕ ਗੰਭੀਰ ਕਮੀ ਹੈ।

ਮੇਰੇ ਨਾਲ਼ ਵਾਦ-ਵਿਵਾਦ ਵਿੱਚ ਮੇਰੇ ਕੁਝ ਅਧਿਆਪਕਾਂ ਨੇ ਵੀ ਇੱਕ ਗੰਭੀਰ ਤਰੁੱਟੀ ਉਜਾਗਰ ਕੀਤੀ: ਉਹਨਾਂ ਅੰਦਰ ਦੋ ਤਰ੍ਹਾਂ ਦੀਆਂ ਨੈਤਿਕਤਾਵਾਂ—"ਮਾਲਿਕਾਂ" ਦੀ ਅਤੇ "ਗੁਲਾਮਾਂ" ਦੀ—ਜਮ੍ਹਾਂ ਹੋ ਗਈਆਂ ਸਨ। ਪਹਿਲੀ ਉਹਨਾਂ ਦੀ ਅਤਿਅੰਤ ਵਿਕਸਤ ਬੁੱਧੀ ਅਤੇ ਦੂਜੀ ਉਹਨਾਂ ਦੀ ਦੱਬੂ ਮਾਨਸਿਕਤਾ ਅਤੇ ਜ਼ਿੰਦਗੀ ਦੀ ਅਸਲੀਅਤ ਵੱਲ ਉਹਨਾਂ ਦੀ ਆਦਰ-ਸਤਿਕਾਰ ਦੀ ਭਾਵਨਾ ਤੋਂ ਪੈਦਾ ਹੋਈ ਸੀ। ਉਹਨਾਂ ਨੇ ਇਨਕਲਾਬੀ ਢੰਗ ਨਾਲ਼ ਚੱਲਣ ਦੀ ਕੋਸ਼ਿਸ਼ ਕੀਤੀ, "ਡਿੱਗੇ", ਦੇਖਿਆ ਕਿ ਸੱਤਾ ਤੱਕ ਪਹੁੰਚਣ ਦਾ ਰਾਹ ਉਹਨਾਂ ਲਈ ਬੰਦ ਹੈ, ਜਿਸ ਨਾਲ਼ ਉਹਨਾਂ ਦੀ "ਜਿਉਣ ਦੀ ਇੱਛਾ" ਕਮਜ਼ੋਰ ਹੈ ਗਈ ਅਤੇ ਇੱਕ ਅਜਿਹੀ ਮਨੋ-ਅਵਸਥਾ ਪੈਦਾ ਹੋਈ ਜਿਸਨੂੰ ਮੈਂ "ਹਾਰੇ ਹੋਇਆਂ ਦਾ ਅਰਾਜਕਤਾਵਾਦ" ਕਹਿੰਦਾ ਹਾਂ। ਜਿਸਦਾ ਬਹੁਤ ਸ਼ਾਨਦਾਰ ਵਰਣਨ ਦੋਸਤੋਯੇਵਸਕੀ ਨੇ ਆਪਣੀ ਕਿਤਾਬ "ਰੂਪੋਸ਼ ਜੀਵਨ ਦੀਆਂ ਟਿੱਪਣੀਆਂ" ਵਿੱਚ ਕੀਤਾ ਹੈ। ਦੋਸਤੋਯੇਵਸਕੀ ਵੀ, ਜਿਹੜੇ ਕਦੇ ਸਮਾਜਵਾਦ ਦੇ ਪ੍ਰਚਾਰਕ ਬੁਤਾਸ਼ੇਵਿਨ-ਪੇਤਰਾਸ਼ੇਵਸਕੀ* ਦੁਆਰਾ ਜੱਥੇਬੰਦ ਸਟੱਡੀ ਸਰਕਲ

* ਬੁਤਾਸ਼ੇਵਿਨ-ਪੇਤਰਾਸ਼ੇਵਸਕੀ ਮ. ਵ. (1821-1866) — 19ਵੀਂ ਸਦੀ ਦੇ ਮੱਧ ਵਿੱਚ ਚੱਲੀ ਰੂਸ ਦੀ ਸੁਤੰਤਰਤਾ ਲਹਿਰ ਦੀ ਪ੍ਰਸਿੱਧ ਹਸਤੀ ਅਤੇ ਪੇਤਰਾਸ਼ੇਵਸਕੀ ਸਰਕਲ ਨਾਲ਼ ਜਾਣੇ ➧

ਦੇ ਮੈਂਬਰ ਰਹੇ ਸਨ, "ਹਾਰੇ ਹੋਇਆਂ" ਵਿੱਚੋਂ ਸਨ ਅਤੇ ਸਮਾਜਵਾਦ ਵਿੱਚ ਦਿਲਚਸਪੀ ਰੱਖਣ ਦੀ ਸਜ਼ਾ ਉਹਨਾਂ ਨੂੰ ਬਾਮੁਸ਼ੱਕਤ ਕੈਦ ਦੇ ਰੂਪ ਵਿੱਚ ਭੁਗਤਣੀ ਪਈ ਸੀ।

ਇਸ ਤੋਂ ਛੁੱਟ: ਮੈਂ ਕਿੰਨੇ ਹੀ ਅਜਿਹੇ "ਕੰਗਾਲ" ਲੋਕਾਂ ਨੂੰ ਸਰਾਂ, ਮੱਠਾਂ ਅਤੇ ਸੜਕਾਂ ਕੰਢੇ ਜ਼ਿੰਦਗੀ ਗੁਜ਼ਾਰਦਿਆਂ ਵੇਖਿਆ ਸੀ। ਇਹ ਸਾਰੇ ਅਜਿਹੇ ਲੋਕ ਸਨ ਜਿਹੜੇ "ਮਾਲਿਕਾਂ" ਖਿਲਾਫ਼ ਅਸਾਵੇਂ ਸੰਘਰਸ਼, ਖੂਹ-ਦੇ-ਡੱਡੂਆਂ ਵਾਲ਼ੇ "ਜੀਵਨ ਆਨੰਦ" ਲਈ ਆਪਣੀ ਕਮਜ਼ੋਰੀ ਜਾਂ ਆਪਣੇ ਹੱਦੋਂ ਵੱਧ ਫੈਲੇ ਹੋਏ ਸਵੈ-ਮਾਣ ਦੀ ਵਜ੍ਹਾ ਨਾਲ਼ ਹਿੰਮਤ ਹਾਰ ਗਏ ਸਨ।

ਮੇਰੀ ਆਲੋਚਨਾ ਕੀਤੀ ਗਈ ਹੈ ਕਿ ਮੈਂ "ਆਵਾਰਾਗਰਦਾਂ ਨੂੰ ਰੋਮਾਂਚਕ ਢੰਗ ਨਾਲ਼ ਪੇਸ਼ ਕੀਤਾ ਹੈ", ਲੁੰਪਨ-ਪ੍ਰੋਲੇਤਾਰੀ ਤੋਂ ਬੇਬੁਨਿਆਦ ਅਤੇ ਬੇਕਾਰ ਦੀਆਂ ਉਮੀਦਾਂ ਰੱਖੀਆਂ ਹਨ, ਅਤੇ ਇੱਥੋਂ ਤੱਕ ਕਿ ਨੀਤਸ਼ੀਆਈ ਮਨੋ-ਅਵਸਥਾ ਵੀ ਉਹਨਾਂ ਦੇ ਮੱਥੇ ਮੜ ਦਿੱਤੀ ਹੈ।

"ਰੋਮਾਂਚਕ ਢੰਗ ਨਾਲ਼ ਪੇਸ਼ ਕੀਤਾ ਹੈ?" ਅਜਿਹੀ ਗੱਲ ਤਾਂ ਬਿਲਕੁਲ ਨਹੀਂ ਹੈ। ਮੈਂ ਅਜਿਹੇ ਲੋਕਾਂ ਤੋਂ ਕੋਈ ਵੀ ਉਮੀਦਾਂ ਨਹੀਂ ਰੱਖੀਆਂ ਹਨ, ਹਾਂ ਮੈਂ ਇਸ ਗੱਲ ਤੋਂ ਇਨਕਾਰ ਨਹੀਂ ਕਰਾਂਗਾ ਕਿ ਜਿਵੇਂ ਮੈਂ ਮਾਯਾਕਿਨ ਨਾਲ਼ ਕੀਤਾ ਹੈ, ਉਹਨਾਂ ਨੂੰ ਵੀ ਨੀਤਸ਼ੇ ਦੀ ਫਿਲਾਸਫੀ ਦੇ ਕੁਝ ਲੱਛਣ ਪ੍ਰਦਾਨ ਕੀਤੇ ਹਨ। ਪਰ ਇਸ ਗੱਲ ਦੀ ਤਸਦੀਕ ਨਹੀਂ ਕਰ ਸਕਦਾ ਕਿ ਦੋਹਾਂ ਵਿੱਚੋਂ ਕਿਸੇ ਵੀ ਸੂਰਤ ਵਿੱਚ ਮੈਂ ਜਾਣ-ਬੁੱਝ ਕੇ ਇੰਜ ਕੀਤਾ, ਪਰ ਮੈਂ ਸਮਝਦਾ ਹਾਂ ਕਿ "ਹਾਰੇ ਹੋਇਆਂ" ਉੱਤੇ "ਨੀਤਸ਼ੀਆਈ" ਅਰਾਜਕਤਾਵਾਦ ਮੜ੍ਹਨ ਦਾ ਮੈਨੂੰ ਪੂਰਾ ਹੱਕ ਸੀ। ਅਜਿਹਾ ਕਿਉਂ?

ਅਜਿਹਾ ਇਸ ਲਈ ਕਿਉਂਕਿ ਇਹਨਾਂ ਲੋਕਾਂ ਵਿੱਚ, ਜਿਹਨਾਂ ਨੂੰ "ਸਧਾਰਣ" ਜੀਵਨ ਦੀਆਂ ਹੱਦਾਂ 'ਚੋਂ ਧੱਕ ਕੇ ਸਰਾਵਾਂ ਵਿੱਚ ਅਤੇ ਛੋਟੇ-ਮੋਟੇ ਗਰੋਹਾਂ ਵਿੱਚ ਪਹੁੰਚਾ ਦਿੱਤਾ ਸੀ, ਅਤੇ "ਹਾਰੇ ਹੋਏ" ਬੁੱਧੀਜੀਵੀਆਂ ਦੇ ਕੁਝ ਦਲਾਂ ਵਿੱਚ ਸਪਸ਼ਟ ਮਨੋਵਿਗਿਆਨਕ ਸਾਂਝ ਸੀ। ਇੱਥੇ ਮੈਂ ਆਪਣੀ ਸਮੱਗਰੀ ਨੂੰ "ਵਧਾਉਣ (Amplify)" ਦੇ ਇੱਕ ਲੇਖਕ ਦੇ ਹੱਕ ਦੀ ਵਰਤੋਂ ਕੀਤੀ ਹੈ ਅਤੇ ਮੇਰਾ ਖਿਆਲ ਹੈ ਕਿ ਜ਼ਿੰਦਗੀ ਨੇ "ਕਿੱਤੇ ਦੇ ਇਸ ਗੁਰ" ਨੂੰ ਪੂਰੀ ਤਰ੍ਹਾਂ ਸਹੀ ਸਿੱਧ ਕੀਤਾ ਹੈ। 1905-06 ਦੇ ਇਨਕਲਾਬ ਤੋਂ ਬਾਅਦ "ਮਾਲਿਕ" ਯਾਕੋਵ ਮਾਯਾਕਿਨ "ਅਕਤੂਬਰਵਾਦੀ" ਬਣ ਗਿਆ ਅਤੇ ਅਕਤੂਬਰ 1917 ਤੋਂ ਬਾਅਦ ਉਹ ਕਿਰਤੀ ਲੋਕਾਂ ਦੇ ਨਿਰਦਈ ਦੁਸ਼ਮਣ ਵਜੋਂ ਸਨਕੀਪੁਣੇ ਨਾਲ਼ ਅਤੇ ਖੁੱਲ ਕੇ ਸਾਹਮਣੇ ਆਇਆ। ਸਰਾਂ ਦੇ "ਕੰਗਾਲ" ਲੋਕਾਂ ਅਤੇ ਵਾਰਸਾ, ਪ੍ਰਾਗ, ਬਰਲਿਨ ਅਤੇ ਪੈਰਿਸ ਦੇ ਪਰਵਾਸੀ ਰਾਜਨੀਤਕ ਸ਼ਾਜਸ਼ੀਆਂ ਵਿੱਚ ਮੈਨੂੰ ਰਸਮੀ ਪਰਿਭਾਸ਼ਾ-ਸ਼ਬਦਾਵਲੀ ਤੋਂ ਛੁੱਟ ਹੋਰ ਕੋਈ ਫ਼ਰਕ ਦਿਖਾਈ ਨਹੀਂ ਦਿੰਦਾ। "ਠੱਗ" ਪ੍ਰੋਮਤੋਵ ਅਤੇ ਫਿਲਾਸਫੀ ਝਾੜਨ ਵਾਲ਼ਾ ਪੱਤੇਬਾਜ਼ ਸਾਤਿਨ ਅਜੇ ਵੀ ਜ਼ਿੰਦਾ ਹਨ, ਪਰ ਉਹਨਾਂ ਦੀਆਂ ਪੁਸ਼ਾਕਾਂ ਦਾ ਰੰਗ ਹੁਣ ਬਦਲ ਗਿਆ ਹੈ ਅਤੇ ਉਹ ਪ੍ਰਵਾਸੀ ਅਖ਼ਬਾਰਾਂ ਲਈ ਕੰਮ ਕਰ ਰਹੇ ਹਨ, "ਮਾਲਿਕਾਂ ਦੀ ਨੈਤਿਕਤਾ" ਦਾ ਪਾਠ ਪੜ੍ਹਾ ਰਹੇ ਹਨ

➜ ਜਾਂਦੇ ਇੱਕ ਰਾਜਨੀਤਕ ਸਰਕਲ ਦੇ ਆਗੂ। 1849 ਵਿੱਚ ਜਲਾਵਤਨ ਕਰਕੇ ਸਾਈਬੇਰੀਆ ਭੇਜ ਦਿੱਤਾ ਗਿਆ ਸੀ।

ਅਤੇ ਹਰ ਤਰ੍ਹਾਂ ਨਾਲ਼ ਉਹਨਾਂ ਦੀ ਹੋਂਦ ਨੂੰ ਜਾਇਜ਼ ਸਿੱਧ ਕਰ ਰਹੇ ਹਨ। ਇਹੀ ਉਹਨਾਂ ਦਾ ਪੇਸ਼ਾ ਹੈ ਅਤੇ ਇਹੀ ਨੌਕਰੀ ਹੈ ਅਤੇ ਉਹ ਆਪਣੇ ਝੋਲ਼ੀਚੁੱਕਾਂ ਵਾਲ਼ੇ ਇਸ ਕੰਮ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ। ਹੁਣੇ ਉੱਪਰ ਜੋ ਕੁਝ ਵੀ ਕਿਹਾ ਗਿਆ ਹੈ ਉਸਤੋਂ ਇਹ ਸਿੱਧ ਨਹੀਂ ਹੁੰਦਾ ਕਿ ਲੇਖਕ ਵਿੱਚ "ਭਵਿੱਖ ਦੇਖ ਲੈਣ" ਦੀ ਕੋਈ ਰਹੱਸਮਈ ਸ਼ਕਤੀ ਹੁੰਦੀ ਹੈ, ਪਰ ਇਹ ਜ਼ਰੂਰ ਸਿੱਧ ਹੁੰਦਾ ਹੈ ਕਿ ਉਸਨੂੰ ਆਪਣੇ ਆਲ਼ੇ-ਦੁਆਲ਼ੇ ਜੋ ਕੁਝ ਵੀ ਵਾਪਰ ਰਿਹਾ ਹੈ ਉਹ ਆਤਮਸਾਤ ਕਰਨਾ ਚਾਹੀਦਾ ਹੈ, ਜਿਸ ਮਾਹੌਲ ਵਿੱਚ ਉਹ ਰਹਿ ਰਿਹਾ ਹੈ ਉਸਨੂੰ ਅਤੇ ਉਹਨਾਂ ਸ਼ਕਤੀਆਂ ਨੂੰ ਜਿਹੜੀਆਂ ਉਸ ਜੀਵਨ ਨੂੰ ਚਲਾ ਰਹੀਆਂ ਹਨ, ਜਾਨਣਾ ਚਾਹੀਦਾ ਹੈ; ਅਤੀਤ ਅਤੇ ਵਰਤਮਾਨ ਦੀਆਂ ਸ਼ਕਤੀਆਂ ਦਾ ਗਿਆਨ—ਉਸਦੀ ਵਧਾਉਣ (Amplification) ਦੀ ਸਮਰੱਥਾ ਦੀ ਸਹਾਇਤਾ ਨਾਲ਼—ਉਸਨੂੰ ਸੰਭਾਵੀ ਭਵਿੱਖ ਦੀ ਕਲਪਨਾ ਕਰਨ ਦੀ ਯੋਗਤਾ ਪ੍ਰਦਾਨ ਕਰੇਗਾ।

ਹੁਣੇ ਪਿੱਛੇ ਜਿਹੇ ਹੀ ਇੱਕ ਉੱਭਰ ਰਹੇ ਲੇਖਕ ਨੇ ਮੈਨੂੰ ਲਿਖਿਆ:

"ਸਭ ਕੁਝ ਜਾਨਣਾ ਮੇਰੇ ਲਈ ਜ਼ਰੂਰੀ ਨਹੀਂ ਹੈ, ਅਤੇ ਫਿਰ ਅਜਿਹਾ ਕੌਣ ਹੈ ਜਿਹੜਾ ਸਭ ਕੁਝ ਜਾਣਦਾ ਹੋਵੇ।"

ਮੈਨੂੰ ਨਹੀਂ ਲੱਗਦਾ ਕਿ ਇਹ ਲੇਖਕ ਕੁਝ ਕਰ ਸਕੇਗਾ। ਦੂਜੇ ਪਾਸੇ ਵਸੇਵੋਲੋਦ ਇਵਾਨੋਵ ਨੇ, ਜਿਹੜਾ ਕਿ ਸਾਡੇ ਸਭ ਤੋਂ ਵੱਧ ਪ੍ਰਤਿਭਾਸ਼ਾਲੀ ਲੇਖਕਾਂ ਵਿੱਚੋਂ ਇੱਕ ਹੈ, ਬਹੁਤ ਵਧੀਆ ਢੰਗ ਨਾਲ਼ *Literaturnaya Gazeta* (ਸਾਹਿਤਕ ਪੱਤਰ) ਵਿੱਚ (ਜਿਹੜਾ ਕਦੇ ਵੀ ਆਪਣੇ ਨਾਮ ਦੇ ਪੱਧਰ ਤੱਕ ਨਹੀਂ ਖੜਦਾ) ਲਿਖਿਆ ਹੈ:

"ਲੇਖਕ ਦਾ ਕੰਮ ਬਹੁਤ ਔਖਾ ਅਤੇ ਬਹੁਤ ਜ਼ਿੰਮੇਵਾਰੀ ਵਾਲ਼ਾ ਹੁੰਦਾ ਹੈ। ਇਸ ਤੋਂ ਵੀ ਜ਼ਿਆਦਾ ਔਖਾ ਅਤੇ ਜ਼ਿਆਦਾ ਜ਼ਿੰਮੇਵਾਰੀ ਦਾ ਕੰਮ ਉਸਦੇ ਪਾਠਕਾਂ ਦਾ ਹੁੰਦਾ ਹੈ, ਜਿਹਨਾਂ ਦਾ ਯਥਾਰਥਵਾਦ ਜੇਤੂਆਂ ਦਾ ਯਥਾਰਥਵਾਦ ਹੈ ਅਤੇ ਰਹੇਗਾ ਵੀ।

ਕਲਾਕਾਰ ਨੂੰ ਹੌਸਲਾ-ਅਫ਼ਜਾਈ ਦੀ ਲੋੜ ਹੁੰਦੀ ਹੈ ਪਰ ਇਸ ਤੋਂ ਵੀ ਜ਼ਿਆਦਾ ਉਸਨੂੰ ਇਸ ਗੱਲ ਦੀ ਲੋੜ ਹੁੰਦੀ ਹੈ ਕਿ ਇਹ ਉਸ ਲਈ ਅੰਦਰੂਨੀ ਤੌਰ 'ਤੇ ਜ਼ਰੂਰੀ ਅਤੇ ਲਾਹੇਵੰਦ ਹੋਵੇ। ਮੇਰੇ ਖਿਆਲ ਵਿੱਚ ਮਾਸਕੋ ਦੇ ਸਾਡੇ ਛੇ ਲੇਖਕਾਂ ਦੀ ਤੁਰਕਮਾਨੀਆ ਦੀ ਯਾਤਰਾ ਬਿਲਕੁਲ ਇਸੇ ਤਰ੍ਹਾਂ ਦੀ ਹੌਸਲਾ-ਅਫ਼ਜਾਈ ਸੀ..."

ਵ. ਇਵਾਨੋਵ ਦੇ ਮਨ ਵਿੱਚ ਜਿਹੜੀ ਗੱਲ ਹੈ, ਮੈਨੂੰ ਯਕੀਨ ਹੈ ਕਿ ਇਸਦਾ ਨਵੀਂ ਜੀਵਨ ਪੱਧਤੀ ਨਾਲ਼ ਸਿੱਧਾ ਸੰਬੰਧ ਹੈ। ਅਗਿਆਨਤਾ ਦਾ ਅਰਥ ਹੁੰਦਾ ਹੈ ਵਿਕਾਸ ਦਾ ਰੁਕ ਜਾਣਾ, ਇੱਕੋ ਥਾਂ 'ਤੇ ਖੜ੍ਹੇ-ਖੜ੍ਹੇ ਪੈਰ ਹਿਲਾਈ ਜਾਣਾ। ਦੁਨੀਆ ਵਿੱਚ ਹਰ ਚੀਜ਼ ਨੂੰ ਗਤੀ ਦੀ ਸਥਿਤੀ ਵਿੱਚ ਅਤੇ ਇਸ ਗਤੀ ਦੇ ਮੁਤਾਬਿਕ ਹੀ ਸਮਝਿਆ ਜਾ ਸਕਦਾ ਹੈ; ਹਰ ਤਾਕਤ ਗਤੀ ਤੋਂ ਬਿਨਾਂ ਹੋਰ ਕੁਝ ਨਹੀਂ ਹੈ। ਮਨੁੱਖ ਇੱਕ ਜਗ੍ਹਾ 'ਤੇ ਖੜ੍ਹਾ ਨਹੀਂ ਹੈ, ਸਗੋਂ ਅੱਗੇ ਵਧ ਰਿਹਾ ਹੈ, ਆਪਣੀਆਂ ਸ਼ਕਤੀਆਂ ਅਤੇ ਗੁਣਾਂ ਦੇ ਵਿਕਾਸ ਦੇ "ਨਿਰਮਾਣ" ਦੀ ਪ੍ਰਕਿਰਿਆ ਵਿੱਚ ਜੀਅ ਰਿਹਾ ਹੈ। ਸਾਡੇ ਸਮੇਂ ਵਿੱਚ ਜੀਵਨ ਦੀ ਗਤੀ ਹੋਰ ਤੋਂ ਹੋਰ ਤੇਜ਼ ਹੁੰਦੀ ਜਾ ਰਹੀ ਹੈ, ਵਰਤਾਰੇ ਇੱਕ ਤੋਂ ਬਾਅਦ ਇੱਕ ਤੇਜ਼ੀ ਨਾਲ਼ ਵਾਪਰਦੇ ਜਾ ਰਹੇ ਹਨ। ਸੋਵੀਅਤ ਸੰਘ ਦੀ

ਮਜ਼ਦੂਰ ਜਮਾਤ ਦੀ ਸਿਰਜਣਾਤਮਕ ਊਰਜਾ ਸਾਨੂੰ ਬਹੁਤ ਕੁਝ ਸਿਖਾਉਂਦੀ ਹੈ, ਨਾਲ਼ ਹੀ ਇਸ ਗੱਲ ਦਾ ਅਕੱਟ ਪ੍ਰਮਾਣ ਪੇਸ਼ ਕਰ ਰਹੀ ਹੈ ਕਿ ਮਨੁੱਖ ਜਾਤੀ ਅੱਜ ਜਿਸ ਗੰਦਗੀ ਅਤੇ ਖ਼ੂਨ-ਖਰਾਬੇ ਦੀ ਦਲਦਲ ਵਿੱਚ ਫਸੀ ਹੋਈ ਹੈ ਉਸ ਵਿੱਚੋਂ ਨਿੱਕਲ਼ ਕੇ ਬਹੁਤ ਦੂਰ ਚਲੀ ਜਾਂਦੀ ਜੇਕਰ ਕੁਦਰਤ ਤੋਂ ਇਸਦੀ ਆਤਮ-ਰੱਖਿਆ ਅਤੇ ਜੀਵਨ ਦੀਆਂ ਬਿਹਤਰ ਹਾਲਤਾਂ ਦੇ ਇਸਦੇ ਸਾਧਨਾਂ ਦਾ ਉਸੇ ਤਰ੍ਹਾਂ ਸਮਰਪਣ ਭਾਵਨਾ ਨਾਲ਼ ਅਤੇ ਤੇਜ਼ੀ ਨਾਲ਼ ਨਿਰਮਾਣ ਕੀਤਾ ਜਾਂਦਾ ਜਿਵੇਂ ਸਾਡੀ ਮਜ਼ਦੂਰ ਜਮਾਤ ਅੱਜ ਕਰ ਰਹੀ ਹੈ।

ਜੀਵਨ ਕਦੇ ਵੀ ਐਨਾ ਸਿੱਖਿਆਦਾਇਕ ਨਹੀਂ ਰਿਹਾ ਹੈ ਅਤੇ ਨਾ ਹੀ ਮਨੁੱਖ ਕਦੇ ਐਨਾ ਦਿਲਚਸਪ ਰਿਹਾ ਹੈ ਜਿੰਨਾ ਸਾਡੇ ਸਮੇਂ ਵਿੱਚ। ਇਸ ਤੋਂ ਪਹਿਲਾਂ ਕਦੇ ਵੀ "ਅਗਾਂਹਵਧੂ" ਮਨੁੱਖ ਇਸ ਹੱਦ ਤੱਕ ਅੰਦਰੋਂ ਐਨਾ ਆਪਾ-ਵਿਰੋਧੀ ਨਹੀਂ ਰਿਹਾ। ਜਦੋਂ ਮੈਂ "ਅਗਾਂਹਵਧੂ" ਕਹਿੰਦਾ ਹਾਂ ਤਾਂ ਮੇਰੀ ਮੁਰਾਦ ਕੇਵਲ ਪਾਰਟੀ ਮੈਂਬਰ, ਕਮਿਊਨਿਸਟਾਂ ਤੋਂ ਹੀ ਨਹੀਂ ਹੁੰਦੀ, ਸਗੋਂ ਅਜਿਹੇ ਗੈਰ-ਪਾਰਟੀ ਲੋਕਾਂ ਤੋਂ ਵੀ ਹੁੰਦੀ ਹੈ, ਜਿਹੜੇ ਆਜ਼ਾਦੀ ਅਤੇ ਸਮਾਜਵਾਦੀ ਨਿਰਮਾਣ ਦੇ ਹੈਰਾਨੀਜਨਕ ਪੈਮਾਨੇ ਤੋਂ ਬਾਗੋ-ਬਾਗ ਹਨ। ਇਹ "ਪਰਸਪਰ ਵਿਰੋਧ" ਸੁਭਾਵਿਕ ਹੀ ਹੈ ਕਿਉਂਕਿ ਲੋਕ ਦੋ ਸੰਸਾਰਾਂ ਨੂੰ ਵੰਡਦੀ ਹੱਦ 'ਤੇ ਜੀਅ ਰਹੇ ਹਨ—ਇੱਕ ਬੇਹੱਦ ਭਿੰਨਤਾਵਾਂ ਵਾਲ਼ੇ ਅਤੇ ਬੇਮੇਲ਼ ਅੰਤਰ-ਵਿਰੋਧਾਂ ਦੀ ਦੁਨੀਆਂ ਹੈ, ਜਿਸਦੀ ਉਸਾਰੀ ਉਹਨਾਂ ਦੇ ਸਮਿਆਂ ਤੋਂ ਪਹਿਲਾਂ ਹੋ ਚੁੱਕੀ ਹੈ ਅਤੇ ਦੂਜੀ ਉਹ ਦੁਨੀਆਂ ਹੈ ਜਿਸਦੀ ਉਸਾਰੀ ਉਹ ਖੁਦ ਕਰ ਰਹੇ ਹਨ ਅਤੇ ਜਿਸ ਵਿੱਚ ਸਮਾਜਿਕ ਅਤੇ ਆਰਥਿਕ ਅੰਤਰ-ਵਿਰੋਧਾਂ ਦਾ, ਜਿਹੜੇ ਬਾਕੀ ਸਾਰੇ ਅੰਤਰ-ਵਿਰੋਧਾਂ ਦਾ ਆਧਾਰ ਹਨ, ਖਾਤਮਾ ਕਰ ਦਿੱਤਾ ਜਾਵੇਗਾ।

ਸਾਡੇ ਆਲੋਚਕਾਂ ਦੀ ਸ਼ਿਕਾਇਤ ਹੈ ਕਿ ਸਾਡਾ ਅੱਜ ਦਾ ਸਾਹਿਤ ਸਾਡੇ ਸਮਿਆਂ ਦੇ ਨਾਇਕਾਂ ਨੂੰ "ਸੰਪੂਰਣ" ਅਤੇ ਜਿਉਂਦੇ-ਜਾਗਦੇ ਵਿਅਕਤੀਆਂ ਵਜੋਂ ਨਹੀਂ, ਬਲਕਿ ਖੁਸ਼ਕ, ਸਖਤ ਅਤੇ ਕਾਠ ਦੇ ਆਦਮੀਆਂ ਵਜੋਂ ਪੇਸ਼ ਕਰਦਾ ਹੈ। ਕੁਝ ਆਲੋਚਕ ਤਾਂ ਇੱਥੋਂ ਤੱਕ ਦਾਅਵਾ ਕਰਦੇ ਹਨ ਕਿ "ਯਥਾਰਥਵਾਦ" ਨਾਇਕ ਦਾ ਸਜੀਵ ਅਤੇ ਸੰਪੂਰਣ ਚਿੱਤਰ ਪੇਸ਼ ਕਰਨ ਵਿੱਚ ਅਸਮਰੱਥ ਹੈ। ਆਲੋਚਕ ਦੇ ਪੇਸ਼ੇ ਦਾ ਗੁਣ ਹੀ ਉਸਨੂੰ ਥੋੜ੍ਹਾ-ਬਹੁਤ ਸ਼ੱਕੀ ਬਣਾ ਦਿੰਦਾ ਹੈ। ਉਹ ਸਦਾ ਤਰੁੱਟੀਆਂ ਦੀ ਭਾਲ਼ ਵਿੱਚ ਰਹਿੰਦਾ ਹੈ ਅਤੇ ਅਕਸਰ ਇਸ ਸ਼ੰਕਾਵਾਦ ਨੂੰ ਪੁਰੋਹਿਤਾਂ ਦੀ ਸ਼ੁੱਧ ਦਿਮਾਗੀ "ਕੱਟੜਤਾ" ਦੇ ਪਰਦੇ ਪਿੱਛੇ ਲੁਕੋ ਲੈਂਦਾ ਹੈ। ਪਾਈਕ ਮੱਛੀ ਅਤੇ ਉੱਲੂ ਦੇ ਗੁਣਾਂ ਦੇ ਇਸ ਗੈਰ-ਕੁਦਰਤੀ ਮਿਲਾਪ ਨਾਲ਼ ਸ਼ੋਰ-ਸ਼ਰਾਬਾ ਤਾਂ ਬਹੁਤ ਮੱਚਿਆ ਹੈ ਪਰ ਇਹ ਨਵੇਂ ਲੇਖਕਾਂ ਲਈ ਲਾਹੇਵੰਦ ਨਹੀਂ ਹੋ ਸਕਦਾ। ਇਸ ਤੋਂ ਇਲਾਵਾ ਲੇਖਕਾਂ ਦੇ ਸੰਬੰਧ ਵਿੱਚ ਆਲੋਚਕ ਜਿਹੜਾ ਲਹਿਜਾ ਅਪਣਾਉਂਦੇ ਹਨ ਉਸ ਵਿੱਚ ਅਕਸਰ "ਵਡੱਪਣ" ਦਾ ਅਹਿਸਾਸ ਹੁੰਦਾ ਹੈ ਜਿਹੜਾ ਕਿ ਬਿਲਕੁਲ ਬੇਜਾ ਹੈ, ਅਤੇ ਨੌਜਵਾਨ ਸਾਹਿਤਕਾਰਾਂ ਪ੍ਰਤੀ ਅਪਮਾਨਜਨਕ ਹੈ। ਇਸ ਗੱਲ ਤੋਂ ਮੈਂ ਇਹ ਸੋਚਣ ਲਈ ਮਜ਼ਬੂਰ ਹੋ ਜਾਂਦਾ ਹਾਂ ਕਿ ਕੀ ਸਾਡੇ ਆਲੋਚਕ "ਮਾਲਿਕਾਂ ਦੀ ਨੈਤਿਕਤਾ" ਤੋਂ ਮੁਕਤ ਹਨ ਜਾਂ ਨਹੀਂ, ਅਤੇ ਕਿਤੇ ਉਹਨਾਂ ਵਿੱਚ ਆਪਣੇ ਗੁਣਾਂ ਕਾਰਨ ਹੰਕਾਰ ਦੀ ਭਾਵਨਾ ਤਾਂ ਨਹੀਂ ਹੈ ?

ਨਿੱਜੀ ਤੌਰ 'ਤੇ ਮੇਰੀ ਇਹ ਰਾਏ ਹੈ ਕਿ "ਯਥਾਰਥਵਾਦ" ਆਪਣਾ ਮੁਸ਼ਕਿਲ ਕਾਰਜ

ਪੂਰਾ ਕਰ ਸਕਦਾ ਹੈ ਜੇ ਉਹ ਵਿਅਕਤੀ ਨੂੰ ਸਦੀਆਂ ਪੁਰਾਣੇ ਖੂਹ-ਦੇ-ਡੱਡੂਪੁਣੇ ਅਤੇ ਵਹਿਸ਼ੀ ਵਿਅਕਤੀਵਾਦ ਤੋਂ ਸਮਾਜਵਾਦ ਵੱਲ ਜਾਣ ਵਾਲ਼ੇ ਰਾਹ ਉੱਤੇ ਵਿਕਾਸ ਦੀ ਪ੍ਰਕਿਰਿਆ ਵਿੱਚ ਦੇਖੇ, ਮਨੁੱਖ ਦਾ ਚਿਤਰਣ ਬਿਲਕੁਲ ਉਵੇਂ ਨਾ ਕਰੇ ਜਿਵੇਂ ਉਹ ਅੱਜ ਹੈ ਸਗੋਂ ਜਿਵੇਂ ਕਿ ਉਸਨੂੰ ਹੋਣਾ ਚਾਹੀਦਾ ਹੈ ਅਤੇ ਜਿਵੇਂ ਕਿ ਉਹ ਕੱਲ੍ਹ ਨੂੰ ਹੋਵੇਗਾ।

ਇਸਦਾ ਇਹ ਮਤਲਬ ਨਹੀਂ ਹੈ ਕਿ ਮੈਂ ਮਨੁੱਖੀ ਚਰਿੱਤਰ "ਘੜਨ" ਦੀ ਸਲਾਹ ਦੇ ਰਿਹਾਂ ਹਾਂ, ਬਲਕਿ ਸਿਰਫ਼ ਇਹ ਕਿ ਮੇਰੀ ਰਾਏ ਵਿੱਚ ਲੇਖਕ ਨੂੰ ਇਹ ਹੱਕ ਹੈ ਅਤੇ ਉਸਦਾ ਫ਼ਰਜ਼ ਵੀ ਹੈ ਕਿ ਉਹ ਮਨੁੱਖ ਨੂੰ "ਵਧਾ ਕੇ" ਪੇਸ਼ ਕਰੇ। ਜਦੋਂ ਲੇਖਕ ਕਿਸੇ ਵਿਅਕਤੀ ਦਾ ਚਿਤਰਣ ਕਰਦਾ ਹੈ ਤਾਂ ਉਸਨੂੰ ਆਪਣੇ ਡਿਜ਼ਾਈਨ ਦੇ ਤਾਣੇ-ਬਾਣੇ ਵਿੱਚ ਉਸ ਵਿਅਕਤੀ ਦੀ ਜਮਾਤ ਦੀਆਂ ਚੰਗੀਆਂ ਅਤੇ ਮਾੜੀਆਂ ਲਖਣਾਇਕ ਵਿਸ਼ੇਸ਼ਤਾਵਾਂ ਨੂੰ ਬੁਣਨਾ, ਅਤੇ ਜੇ ਉਹ ਉਸਦੀ ਵਿਖੰਡਿਤ ਮਾਨਸਿਕਤਾ ਦਿਖਾਉਣੀ ਚਾਹੁੰਦਾ ਹੈ, ਤਾਂ ਦੋਹਾਂ ਨੂੰ ਮਿਲ਼ਾ ਕੇ ਪੇਸ਼ ਕਰਨਾ ਆਉਣਾ ਚਾਹੀਦਾ ਹੈ। ਮੈਂ ਦੁਹਰਾ ਦਿਆਂ ਕਿ "ਆਪਣੇ ਕੋਲ਼ੋਂ ਘੜਨ" ਦੀ ਕੋਈ ਲੋੜ ਨਹੀਂ ਹੈ ਕਿਉਂਕਿ ਇਹਨਾਂ ਵਿਸ਼ੇਸ਼ਤਾਵਾਂ ਦੀ ਅਸਲ ਵਿੱਚ ਹੋਂਦ ਹੈ, ਜਿਹਨਾਂ ਵਿੱਚੋਂ ਕੁਝ ਮਹੁਕੇ, ਫੋੜੇ ਅਤੇ ਕਿਰਮ-ਰੂਪੀ ਅਪੈਂਡਿਕਸ ਜਿਹੇ ਅਲਪ-ਵਿਕਸਤ ਅੰਗਾਂ ਵਰਗੀਆਂ ਹੁੰਦੀਆਂ ਹਨ ਅਤੇ ਤਕਲੀਫ ਦਿੰਦੀਆਂ ਹਨ ਤੇ ਜਿਹਨਾਂ ਨੂੰ ਕੱਟ ਕੇ ਅਲੱਗ ਕਰਨਾ ਪੈਂਦਾ ਹੈ ਅਤੇ ਦੂਜੀਆਂ ਹੁਣੇ ਪਿੱਛੇ ਜਿਹੇ ਹੀ ਖੋਜੀਆਂ ਗਈਆਂ ਅੰਤਰ-ਨਿਕਾਸੀ ਗ੍ਰੰਥੀਆਂ ਵਰਗੀਆਂ ਹੁੰਦੀਆਂ ਹਨ ਜਿਹੜੀਆਂ ਸ਼ਾਇਦ ਨਵੇਂ ਅੰਗਾਂ ਦੀਆਂ ਅਣਵਿਕਸਤ ਰੂਪ ਹਨ ਜਿਹਨਾਂ ਨੂੰ ਸਰੀਰ ਦੇ ਜੈਵਿਕ ਵਿਕਾਸ ਨੇ ਅੱਗੇ ਲੈ ਆਂਦਾ ਹੈ ਅਤੇ ਜਿਹਨਾਂ ਦਾ ਕੰਮ ਉਹਨਾਂ (ਨਵੇਂ ਅੰਗਾਂ) ਵਿੱਚ ਬੁਨਿਆਦੀ ਬਦਲਾਅ ਲੈ ਕੇ ਆਉਣਾ ਹੈ। ਬੇਸ਼ੱਕ ਇਹ ਕਲਪਨਾ ਦੀ ਉਡਾਣ ਹੈ ਜਿਹੜੀ ਮੈਂ ਮਜ਼ਾਕ ਲਈ ਕਹਿ ਦਿੱਤੀ ਹੈ, ਪਰ ਲਿਖਣ-ਕਲਾ ਦੇ ਸਿਖਾਂਦਰੂਆਂ ਨੂੰ ਇੱਕ ਸਿੱਧੀ-ਸਾਦੀ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ: ਵਿਚਾਰ ਹਵਾ ਚੋਂ ਪੈਦਾ ਨਹੀਂ ਕੀਤੇ ਜਾ ਸਕਦੇ, ਜਿਵੇਂ ਨਾਈਟਰੋਜਨ ਕੀਤੀ ਜਾਂਦੀ ਹੈ, ਵਿਚਾਰਾਂ ਦੀ ਸਿਰਜਣਾ ਧਰਤੀ 'ਤੇ ਹੁੰਦੀ ਹੈ, ਉਹ ਕਿਰਤ ਦੀ ਮਿੱਟੀ 'ਚੋਂ ਫੁੱਟਦੇ ਹਨ, ਅਤੇ ਉਹ ਨਿਰੀਖਣ, ਤੁਲਨਾ ਅਤੇ ਅਧਿਐਨ ਦੀ ਸਮੱਗਰੀ ਦੀ ਅਤੇ ਤੱਥਾਂ ਦੀ ਤੇ ਮੁੜ ਫਿਰ ਤੱਥਾਂ ਦੀ ਵਰਤੋਂ ਕਰਦੇ ਹਨ!

ਜਿਸਨੂੰ ਸਮਝਣ ਦੀ ਜ਼ਰੂਰਤ ਹੈ ਉਹ ਹੈ ਸੱਭਿਆਚਾਰ ਦਾ ਤੱਥਪੂਰਣ ਇਤਿਹਾਸ— ਜਮਾਤਾਂ ਦੇ ਵਿਕਾਸ ਦਾ, ਜਮਾਤੀ ਵਿਰੋਧਤਾਈਆਂ ਦਾ ਅਤੇ ਜਮਾਤੀ ਸੰਘਰਸ਼ ਦਾ ਇਤਿਹਾਸ। ਸੱਚਾਈ ਅਤੇ ਸਿਆਣਪ ਹੇਠੋਂ, ਲੋਕਾਂ ਤੋਂ ਉਪਜਦੀ ਹੈ; ਜੀਵਨ ਦੀਆਂ ਉੱਪਰਲੀਆਂ ਮੰਜ਼ਿਲਾਂ ਵਿੱਚ ਹੇਠੋਂ ਆਉਣ ਵਾਲ਼ੀ ਹਵਾ ਵਿੱਚ ਸਿਰਫ਼ ਸਾਹ ਲਿਆ ਜਾਂਦਾ ਹੈ, ਜਿਸ ਵਿੱਚ ਕੁੱਝ ਅਜਿਹੀ ਗੰਧ ਰਲ਼ੀ ਹੁੰਦੀ ਹੈ ਜਿਹੜੀ ਉਸ ਜੀਵਨ ਲਈ ਬੇਗ਼ਾਨੀ ਹੁੰਦੀ ਹੈ। ਇਸ "ਖਿਆਲੀ" ਵਿਚਾਰਧਾਰਕ ਹਵਾੜ੍ਹ ਦਾ ਮਕਸਦ ਕਿਰਤ ਵਿੱਚ ਵਿਦਮਾਨ ਕਠੋਰ ਅਤੇ ਖਰੀ ਸੱਚਾਈ ਨੂੰ ਨਰਮ ਬਣਾਉਣਾ, ਲੁਕਾਉਣਾ ਅਤੇ ਤੋੜਨਾ-ਮਰੋੜਨਾ ਹੁੰਦਾ ਹੈ।

ਕਿਰਤ-ਸੰਸਾਰ ਇਨਕਲਾਬ ਦੀ ਲੋੜ ਦੀ ਚੇਤਨਾ ਤੱਕ ਪਹੁੰਚ ਗਿਆ ਹੈ। ਇਹ ਸਾਹਿਤ ਦਾ ਫਰਜ਼ ਬਣਦਾ ਹੈ ਕਿ ਉਸਦੀ ਮੱਦਦ ਕਰੇ ਜਿਸਨੇ ਬਗ਼ਾਵਤ ਦਾ ਝੰਡਾ ਚੁੱਕਿਆ ਹੈ। ਜਿੰਨੇ

ਉਤਸ਼ਾਹ ਨਾਲ਼ ਇਹ ਸਹਾਇਤਾ ਦਿੱਤੀ ਜਾਵੇਗੀ ਉਨੀ ਹੀ ਜਲਦੀ "ਲੜਖੜਾਉਂਦੇ ਢਾਂਚੇ" ਦਾ ਹਮੇਸ਼ਾ ਲਈ ਖਾਤਮਾ ਹੋ ਜਾਵੇਗਾ।

3

ਮੈਨੂੰ ਇਸ ਵਿਸ਼ੇ 'ਤੇ ਬੋਲਣ ਲਈ ਕਿਹਾ ਗਿਆ ਹੈ ਕਿ "ਅੱਸੀਵਿਆਂ ਦੇ ਸਟੱਡੀ-ਸਰਕਲਾਂ ਵਿੱਚ ਕੀ ਅਤੇ ਕਿਵੇਂ ਪੜ੍ਹਾਇਆ ਜਾਂਦਾ ਸੀ"। ਮੈਂ ਇਸ ਵਿਸ਼ੇ ਬਾਰੇ ਜ਼ਿਆਦਾ ਕੁਝ ਤਾਂ ਨਹੀਂ ਕਹਿ ਸਕਦਾ ਕਿਉਂਕਿ ਇਹਨਾਂ ਵਿੱਚ ਲਗਾਤਾਰ ਸ਼ਾਮਿਲ ਹੋਣ ਦਾ ਸਮਾਂ ਮੈਨੂੰ ਘੱਟ ਹੀ ਮਿਲ਼ਦਾ ਸੀ। ਫਿਰ ਵੀ ਮੇਰਾ ਉਹਨਾਂ ਨਾਲ਼ ਕੁਝ ਵਾਹ-ਵਾਸਤਾ ਤਾਂ ਰਿਹਾ ਹੀ ਹੈ, ਜਿਸ ਵਿੱਚੋਂ ਕੁਝ ਕੁ ਹਿੱਸਾ ਮੇਰੀਆਂ ਯਾਦਾਂ ਵਿੱਚ ਸੁਰੱਖਿਅਤ ਬਚਿਆ ਪਿਆ ਹੈ। ਸੋ ਮੈਂ ਤੁਹਾਨੂੰ ਉਸ ਬਾਰੇ ਦੱਸਣ ਦੀ ਕੋਸ਼ਿਸ਼ ਕਰਾਂਗਾ। ਉਹਨੀ ਦਿਨੀਂ ਮੇਰੇ ਵਰਗੇ ਨੌਜਵਾਨਾਂ 'ਤੇ ਸਾਹਿਤ ਅਤੇ ਜੀਵਨ ਦੇ, ਕਿਤਾਬਾਂ ਵਿੱਚ ਦਰਸਾਏ ਮਤਾਂ ਅਤੇ ਪ੍ਰੱਤਖ ਤਜ਼ਰਬਿਆਂ ਦੇ ਫਲ਼ ਦੇ ਅੰਤਰ-ਵਿਰੋਧਾਂ ਦਾ ਖਾਸ ਅਤੇ ਗੂੜ੍ਹਾ ਅਸਰ ਪਿਆ ਹੋਵੇਗਾ।

"ਸਰਕਲ" ਵਿੱਚ ਮੈਂ ਸਭ ਤੋਂ ਪਹਿਲਾਂ ਉਦੋਂ ਗਿਆ ਜਦੋਂ ਮੈਂ ਪੰਦਰਾਂ ਕੁ ਸਾਲਾਂ ਦਾ ਸਾਂ। ਇਹ ਇਸ ਤਰ੍ਹਾਂ ਹੋਇਆ: ਨੀਜ਼ਨੀ ਨੋਵਗੋਰੋਦ ਵਿੱਚ ਸੰਤ ਪੀਟਰ ਅਤੇ ਸੰਤ ਪੌਲ ਦੀ ਕਬਰਸਤਾਨ ਤੋਂ ਪਰ੍ਹੇ ਕਿਤੇ ਚੱਲ ਰਹੀ ਰਵਾਇਤੀ ਢੰਗ ਦੀ ਮੁੱਕੇਬਾਜ਼ੀ ਦੌਰਾਨ ਮੈਂ "ਆਪਣੇ ਪੱਖ" ਦੇ ਇੱਕ ਪ੍ਰਤੀਯੋਗੀ ਨੂੰ ਟਾਲ ਦੀ ਚਾਰਦੀਵਾਰੀ ਵੱਲ ਪਨਾਹ ਲੈਣ ਲਈ ਰੀਂਘਦੇ ਹੋਏ ਦੇਖਿਆ। ਆਪਣੀਆਂ ਪੂਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਉਹ ਆਪਣੇ ਪੈਰਾਂ 'ਤੇ ਖੜਾ ਨਹੀਂ ਹੋ ਸਕਿਆ, ਇਸ ਲਈ ਮੈਂ ਉਸਦੀ ਮੱਦਦ ਕੀਤੀ। ਉਸਦਾ ਚਿਹਰਾ ਪੀੜ ਨਾਲ਼ ਵੱਟੋ-ਵੱਟ ਹੋਇਆ ਪਿਆ ਸੀ, ਕਰਾਹੁੰਦਿਆਂ ਹੋਇਆਂ ਉਸ ਨੇ ਮੈਨੂੰ ਦੱਸਿਆ ਕਿ ਉਸਦੇ ਪੈਰ 'ਤੇ ਸੱਟ ਵੱਜੀ ਹੈ ਤੇ ਲੱਗਦਾ ਹੈ ਪੈਰ ਦੀ ਹੱਡੀ ਟੁੱਟ ਗਈ ਹੈ। ਉਹ ਨੇੜੇ ਹੀ ਕਿਤੇ ਰਹਿੰਦਾ ਸੀ ਤੇ ਉਸਨੇ ਮੈਨੂੰ ਆਪਣੇ ਘਰ ਛੱਡ ਆਉਣ ਲਈ ਕਿਹਾ। ਮੈਂ ਮੰਨ ਗਿਆ ਕਿਉਂਕਿ ਉਸਦਾ ਗੋਲ਼ ਅਤੇ ਕੂਲ਼ਾ ਚਿਹਰਾ ਤੇ ਉਸਦੀਆਂ ਅੱਖਾਂ ਦਾ ਨਿਰਮਲ ਅਤੇ ਦੋਸਤਾਨਾ ਲਹਿਜਾ ਮੈਨੂੰ ਚੰਗਾ ਲੱਗਿਆ। ਉਸਨੇ ਸਾਫ਼-ਸੁਥਰੇ ਢੰਗ ਨਾਲ਼ ਕੱਪੜੇ ਦੀ ਜਾਕਟ, ਫਰ ਦੀ ਟੋਪੀ ਅਤੇ ਚਮੜੇ ਦੇ ਬੂਟ ਪਹਿਨੇ ਹੋਏ ਸਨ। ਉਸਨੇ ਆਪਣਾ ਨਾਮ ਵਲਾਦੀਸਲਾਵ ਦੱਸਿਆ ਤੇ ਉਸਦਾ ਖਾਨਦਾਨੀ ਨਾਮ ਜਿੱਥੋਂ ਤੱਕ ਮੈਨੂੰ ਯਾਦ ਹੈ ਦੋਬਰੋਵੋਲਸਕੀ ਜਾਂ ਦੋਬਰੋਕਲੋਂਸਕੀ ਸੀ। ਜਦੋਂ ਮੈਂ ਕਿਹਾ ਕਿ ਲੋਕ ਇਹਨਾਂ ਲੜਾਈਆਂ ਵਿੱਚ ਚਮੜੇ ਦੇ ਬੂਟ ਪਹਿਨ ਕੇ ਨਹੀਂ ਆਉਂਦੇ ਤਾਂ ਉਸਨੇ ਗੁੱਸੇ ਨਾਲ਼ ਕਿਹਾ:

"ਨਮਦੇ ਦੇ ਬੂਟਾਂ ਤੋਂ ਮੈਨੂੰ ਸਖ਼ਤ ਨਫ਼ਰਤ ਹੈ।"

ਉਸਦੀ ਸ਼ਕਲ ਵੇਖ ਕੇ ਲੱਗ ਰਿਹਾ ਸੀ ਕਿ ਦਰਦ ਨਾਲ਼ ਉਸਦਾ ਬੁਰਾ ਹਾਲ ਹੈ, ਉਹ ਰੋਣਹਾਕਾ ਹੋ ਗਿਆ ਸੀ ਅਤੇ ਉਸ ਤੋਂ ਤੁਰਿਆ ਵੀ ਨਹੀਂ ਸੀ ਜਾ ਰਿਹਾ, ਇਸ ਲਈ ਮੈਂ ਉਸਨੂੰ ਆਪਣੀ ਪਿੱਠ 'ਤੇ ਲੱਦ ਲਿਆ।

ਮੈਂ ਉਸਨੂੰ ਉਸਦੇ ਕਮਰੇ ਅੰਦਰ ਲੈ ਗਿਆ ਜਿਸਦੀ ਹਰ ਚੀਜ਼ ਮੇਰੇ ਲਈ ਨਵੀਂ ਅਤੇ ਅਨਜਾਣ ਸੀ। ਕਮਰਾ ਵੱਡਾ, ਰੌਸ਼ਨੀ ਨਾਲ਼ ਭਰਿਆ ਹੋਇਆ ਸੀ ਅਤੇ ਕਿਸੇ ਦੁਕਾਨ ਵਾਂਗ ਸ਼ਾਨਦਾਰ ਲੱਗ ਰਿਹਾ ਸੀ। ਹਵਾ ਵਿੱਚ ਆਸਧਾਰਣ ਨਿੱਘ ਅਤੇ ਮਹਿਕ ਸੀ। ਫਰਸ਼ 'ਤੇ ਮੋਟਾ, ਭੜਕੀਲੇ ਰੰਗ ਦਾ ਗਲੀਚਾ ਵਿਛਿਆ ਹੋਇਆ ਸੀ, ਕੰਧਾਂ 'ਤੇ ਤਸਵੀਰਾਂ ਲਟਕ ਰਹੀਆਂ ਸਨ ਅਤੇ ਇੱਕ ਕੋਨੇ ਵਿੱਚ ਅਲਮਾਰੀ ਉੱਤੇ ਪੀਲ਼ੀਆਂ ਅੱਖਾਂ ਵਾਲ਼ਾ ਘਾਹ-ਫੂਸ ਭਰਿਆ ਉੱਲੂ ਰੱਖਿਆ ਹੋਇਆ ਸੀ। ਅਲਮਾਰੀ ਵਿੱਚ ਚਾਂਦੀ ਅਤੇ ਚੀਨੀ ਦੇ ਵੱਖ-ਵੱਖ ਤਰ੍ਹਾਂ ਦੇ ਫੁੱਲਦਾਰ ਬਰਤਨ ਰੱਖੇ ਹੋਏ ਸਨ। ਇੱਕ ਹੱਟਾ-ਕੱਟਾ, ਮੁੱਛਾਂ ਵਾਲ਼ਾ ਭੱਦਰ ਪੁਰਸ਼, ਜਿਸਦੇ ਵਾਲ਼ ਖਿੰਡੇ ਹੋਏ ਸਨ, ਅੰਦਰ ਆਇਆ ਅਤੇ ਉਸਦੇ ਪਿੱਛੇ ਇੱਕ ਪਤਲੀ ਜਿਹੀ ਫੁਰਤੀਲੀ ਔਰਤ ਭੱਜੀ-ਭੱਜੀ ਆਈ, ਜਿਸਦੇ ਪੀਲ਼ੇ ਚਿਹਰੇ 'ਤੇ ਵੱਡੀਆਂ-ਵੱਡੀਆਂ ਅੱਖਾਂ ਸਨ। ਜਦੋਂ ਮੁੰਡੇ ਨੂੰ ਸੋਫੇ 'ਤੇ ਲਿਟਾ ਦਿੱਤਾ ਗਿਆ ਤਾਂ ਪਿਓ ਨੇ ਬੂਟ ਦਾ ਉੱਪਰਲਾ ਚਮੜਾ ਉਸਤਰੇ ਨਾਲ਼ ਚੀਰ ਦਿੱਤਾ ਅਤੇ ਪੂਰਾ ਬੂਟ ਉਧੇੜਨ ਤੋਂ ਬਾਅਦ ਭਾਰੀ ਆਵਾਜ਼ ਵਿੱਚ ਪੁੱਛਿਆ:

"ਹੁਣ ਠੀਕ ਹੈ?"

"ਮੈਂ ਚਾਹ ਪੀਣੀ ਹੈ!" ਮੁੰਡੇ ਨੇ ਮਨਮੌਜੀ ਢੰਗ ਨਾਲ਼ ਜਵਾਬ ਦਿੱਤਾ।

ਉਸ ਔਰਤ ਨੇ ਪੈਰ ਨੂੰ ਥੋੜਾ ਜਿਹਾ ਦਬਾਇਆ ਅਤੇ ਪੱਟੀ ਬੰਨ੍ਹਣ ਲੱਗ ਪਈ, ਉਸਦੀ ਡੂੰਘੀ ਖ਼ਾਮੋਸ਼ੀ ਨੇ ਮੈਨੂੰ ਹੈਰਾਨ ਕਰ ਦਿੱਤਾ।

"ਧਿਆਨ ਨਾਲ਼!" ਮੁੰਡੇ ਨੇ ਕਰਾਹੁੰਦਿਆਂ ਉੱਚੀ ਆਵਾਜ਼ ਵਿੱਚ ਕਿਹਾ।

ਜਿੱਥੋਂ ਤੱਕ ਮੇਰਾ ਸਵਾਲ ਹੈ ਮੈਨੂੰ ਉਸ ਚੰਗੇ-ਭਲੇ ਬੂਟ ਦਾ ਬਹੁਤ ਅਫਸੋਸ ਹੋਇਆ ਜਿਸਦਾ ਸੱਤਿਆਨਾਸ ਕਰ ਦਿੱਤਾ ਗਿਆ ਸੀ ਅਤੇ ਹੁਣ ਉਹ ਕਿਸੇ ਕੰਮ ਦਾ ਨਹੀਂ ਸੀ ਰਿਹਾ। ਫਿਰ ਮੈਨੂੰ ਬਹੁਤ ਵਧੀਆ ਚਾਹ ਅਤੇ ਗੁਲਾਬੀ ਰੰਗ ਦੇ ਆਟੇ ਦੇ ਬਨ ਦਿੱਤੇ ਗਏ ਜਿਹਨਾਂ ਦਾ ਮਸਾਲੇਦਾਰ ਸਵਾਦ ਮੈਂ ਕਈ ਦਿਨਾਂ ਤੱਕ ਨਾ ਭੁੱਲ ਸਕਿਆ। ਜਦੋਂ ਉਹਨਾਂ ਨੇ ਮੈਨੂੰ ਵਿਦਾ ਕੀਤਾ ਤਾਂ ਪਿਓ ਤੇ ਪੁੱਤਰ ਦੋਹਾਂ ਨੇ ਮੈਨੂੰ ਫਿਰ ਆਉਣ ਲਈ ਕਿਹਾ। ਸੋ ਮੈਂ ਅਗਲੇ ਐਤਵਾਰ ਚਲਾ ਗਿਆ।

ਪਤਾ ਚੱਲਿਆ ਕਿ ਵਲਾਦੀਸਲਾਵ ਦੀ ਹੱਡੀ ਨਹੀਂ ਸੀ ਟੁੱਟੀ, ਸਿਰਫ਼ ਗਿੱਟਾ ਹੀ ਜ਼ਖਮੀ ਹੋਇਆ ਸੀ। ਉਹ ਸੋਟੀ ਦੇ ਸਹਾਰੇ ਲੰਗੜਾ ਕੇ ਚੱਲਦਾ ਸੀ, ਪਰ ਪੌੜੀਆਂ ਚੜ੍ਹ ਕੇ ਆਸਾਨੀ ਨਾਲ਼ ਅਟਾਰੀ 'ਤੇ ਪਹੁੰਚ ਜਾਂਦਾ ਸੀ ਜਿੱਥੇ ਉਸਦਾ ਕਮਰਾ ਸੀ। ਉੱਥੇ ਉਸਨੇ ਬੜੇ ਘੁਮੰਡ ਨਾਲ਼ ਮੈਨੂੰ ਆਪਣੀਆਂ ਸੁੰਦਰ ਜਿਲਦਾਂ ਵਾਲ਼ੀਆਂ ਕਿਤਾਬਾਂ ਦਿਖਾਈਆਂ ਜਿਹਨਾਂ ਵਿੱਚ 'ਨੈਪੋਲੀਅਨ ਦੀ ਜੀਵਨੀ' ਸੀ, ਜਿਸ ਵਿੱਚ ਹੋਰਾਸ ਵੇਰਨੇ ਦੇ ਬਣਾਏ ਹੋਏ ਚਿੱਤਰ ਸਨ ਅਤੇ ਹੋਰ ਵੀ ਕਈ ਸਚਿੱਤਰ ਕਿਤਾਬਾਂ ਸਨ। ਉਸਨੇ ਗਾਨੋ ਦੀ ਕਿਤਾਬ 'ਭੌਤਿਕ-ਵਿਗਿਆਨ' ਅਤੇ ਕਾਰਾਜਿਨ ਦੇ ਇੱਕ ਨਾਵਲ 'ਬਾਰੂਦ ਦੇ ਧੂੰਏ ਵਿੱਚ' ਦੀ ਸਿਫ਼ਤ ਕੀਤੀ ਪਰ ਜਦੋਂ ਮੈਂ ਪੜ੍ਹਨ ਲਈ ਇਹ ਕਿਤਾਬਾਂ ਮੰਗੀਆਂ ਤਾਂ ਇਹ ਕਹਿ ਕੇ ਮਨ੍ਹਾ ਕਰ ਦਿੱਤਾ:

"ਮੈਂ ਨਹੀਂ ਦੇ ਸਕਦਾ, ਇਹ ਮਹਿੰਗੀਆਂ ਕਿਤਾਬਾਂ ਨੇ।"

ਉਹ ਮੈਨੂੰ ਇੱਕ ਬੇਰੰਗ ਤੇ ਉਕਤਾਹਟ ਭਰਿਆ ਵਿਅਕਤੀ ਜਾਪਿਆ, ਜਿਹੜਾ ਹਮੇਸ਼ਾ ਬੋਲਦਾ ਰਹਿੰਦਾ ਸੀ। ਉਸਦੀਆਂ ਗੱਲਾਂ ਐਨੀਆਂ ਬੇਤੁਕੀਆਂ ਹੁੰਦੀਆਂ ਸਨ ਕਿ ਉਸਨੇ ਕੀ ਕਿਹਾ ਮੈਨੂੰ ਜ਼ਰਾ ਵੀ ਯਾਦ ਨਹੀਂ ਹੈ। ਸਾਡੀ ਜਾਣ-ਪਛਾਣ ਦੇ ਪੂਰੇ ਸਮੇਂ ਦੌਰਾਨ ਮੈਨੂੰ ਸਿਰਫ਼ ਆਪਣੇ ਪਿਤਾ ਵਿਰੁੱਧ ਉਸਦੀ ਇਸ ਗੁੱਸੇ ਭਰੀ ਸ਼ਿਕਾਇਤ ਤੋਂ ਹੀ ਹੈਰਾਨੀ ਹੋਈ ਸੀ:

"ਮੈਨੂੰ ਇਸ ਮੂਰਖਤਾਪੂਰਨ ਮੁੱਕੇਬਾਜ਼ੀ ਤੋਂ ਨਫ਼ਰਤ ਹੈ, ਪਰ ਪਿਤਾ ਜੀ ਮੈਨੂੰ ਭੇਜਦੇ ਰਹਿੰਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਇਹ ਪ੍ਰਾਚੀਨ ਰੂਸੀ ਖੇਲ ਹੈ ਅਤੇ ਤੁਹਾਨੂੰ ਲੋਕਾਂ ਦਾ ਸਾਥ ਦੇਣਾ ਚਾਹੀਦਾ ਹੈ। ਅਗਲੀ ਵਾਰ ਪਤਾ ਨਹੀਂ ਉਹ ਕੀ ਸੋਚ ਲੈਣ ?"

ਉਹ ਚਿੜਚਿੜੇ ਢੰਗ ਨਾਲ਼ ਵਾਰ-ਵਾਰ ਦੁਹਰਾਉਂਦਾ ਰਹਿੰਦਾ: "ਮੈਨੂੰ ਇਸ ਨਾਲ਼ ਨਫ਼ਰਤ ਹੈ, ਮੈਨੂੰ ਉਸ ਨਾਲ਼ ਨਫ਼ਰਤ ਹੈ।"

ਮੈਂ ਦੇਖਿਆ ਕਿ ਉਸਦੇ ਸੁਭਾਅ ਵਿੱਚ ਚਿੜਚਿੜਾਪਣ ਬਹੁਤ ਸੀ, ਲਾਡ-ਪਿਆਰ ਦਾ ਵਿਗਾੜਿਆ ਅਤੇ ਚੰਚਲ ਸੀ। ਉਸਦਾ ਚਿਹਰਾ ਸੁੰਦਰ, ਅਤੇ ਮੁਸਕਾਨ ਆਪਣੇ ਮਿੱਠੇਪਣ ਕਾਰਨ ਅਕਾ ਦੇਣ ਵਾਲ਼ੀ ਸੀ। ਉਹ ਮੇਰੇ ਤੋਂ ਤਿੰਨ ਸਾਲ ਵੱਡਾ ਸੀ ਪਰ ਮਸਾਂ ਹੀ ਮੇਰੇ ਮੋਢਿਆਂ ਤੱਕ ਅੱਪੜਦਾ ਸੀ। ਉਸਨੇ ਜਿਮਨੇਜ਼ੀਅਮ ਸਕੂਲ ਵਿੱਚ ਛੇ ਸਾਲ ਪੜ੍ਹਾਈ ਕੀਤੀ ਸੀ, ਫਿਰ ਇੱਕ ਸਾਲ ਆਪਣੇ ਪਿਤਾ ਅਤੇ ਮਤਰੇਈ ਮਾਂ ਨਾਲ਼ ਵਿਦੇਸ਼ ਵਿੱਚ ਰਿਹਾ ਸੀ ਅਤੇ ਹੁਣ ਇੱਕ ਫ਼ੌਜੀ ਕੈਡਿਟ ਸਕੂਲ ਵਿੱਚ ਦਾਖਲਾ ਲੈਣ ਦੀ ਤਿਆਰੀ ਕਰ ਰਿਹਾ ਸੀ।

"ਜਦੋਂ ਮੈਂ ਫੌਜੀ ਅਫਸਰ ਬਣ ਜਾਵਾਂਗਾ ਤਾਂ ਜ਼ਾਰ ਖਿਲਾਫ ਇੱਕ ਸਾਜਿਸ਼ ਰਚਾਂਗਾ," ਉਸਨੇ ਸਿਗਰਟ ਦਾ ਕਸ਼ ਖਿੱਚਦਿਆਂ ਅਤੇ ਜ਼ੋਰ ਨਾਲ਼ ਆਪਣੀ ਸੋਟੀ ਫਰਸ਼ 'ਤੇ ਮਾਰਦਿਆਂ ਕਿਹਾ ਅਤੇ ਆਪਣੇ ਨਾਜ਼ੁਕ ਭਰਵੱਟਿਆਂ 'ਤੇ ਤਿਉੜੀ ਚੜ੍ਹਾ ਲਈ। ਮੈਂ ਇਹਨਾਂ ਸ਼ਬਦਾਂ ਵੱਲ ਕੋਈ ਧਿਆਨ ਨਾ ਦਿੱਤਾ, ਪਰ ਬਹੁਤ ਦਿਨਾਂ ਬਾਅਦ, ਜਦੋਂ ਮੈਂ ਕਜ਼ਾਨ ਵਿੱਚ ਰਹਿੰਦਾ ਸੀ ਤਾਂ ਇਹ ਸ਼ਬਦ ਮੈਨੂੰ ਯਾਦ ਆਏ।

ਇਹ ਸਾਡੀ ਦੂਜੀ ਭੇਂਟ ਸੀ ਤੇ ਅਤੇ ਉਹ ਮੈਨੂੰ ਐਨਾ ਬੁਰਾ ਲੱਗਿਆ ਕਿ ਮੇਰਾ ਦਿਲ ਕੀਤਾ ਉੱਥੋਂ ਚਲਾ ਜਾਵਾਂ ਅਤੇ ਮੁੜ ਕੇ ਫਿਰ ਕਦੇ ਨਾ ਆਵਾਂ। ਮੈਂ ਜਾਣ ਹੀ ਲੱਗਿਆ ਸੀ ਕਿ ਪੌੜੀਆਂ 'ਤੇ ਭਾਰੀ ਪੈਰਾਂ ਦੀ ਚਾਪ ਸੁਣਾਈ ਦਿੱਤੀ ਅਤੇ ਉਸਦੇ ਪਿਤਾ ਸਮੋਕਿੰਗ-ਜੈਕਟ ਅਤੇ ਨਮਦੇ ਦੇ ਬੂਟ ਪਾਈ ਕਮਰੇ ਵਿੱਚ ਦਾਖਿਲ ਹੋਏ। ਉਹਨਾਂ ਨੇ ਆਪਣੇ ਦੰਦਾਂ ਵਿੱਚ ਐਂਬਰ ਦਾ ਇੱਕ ਸਿਗਰਟ ਹੋਲਡਰ ਦਬਾਇਆ ਹੋਇਆ ਸੀ। ਉਹਨਾਂ ਦੇ ਪਿੱਛੇ-ਪਿੱਛੇ ਜਿਮਨੇਜ਼ੀਅਮ ਦਾ ਇੱਕ ਲੰਮਾ ਜਿਹਾ ਵਿਦਿਆਰਥੀ ਸੀ ਜਿਸਨੇ ਐਨਕਾਂ ਲਗਾਈਆਂ ਹੋਈਆਂ ਸਨ ਤੇ ਰੂਸੀ ਕੁੜਤੀ ਪਹਿਨੀ ਹੋਈ ਸੀ, ਇੱਕ ਹੋਰ ਹੱਸਮੁੱਖ ਅਤੇ ਬਾਂਕਾ ਗੱਭਰੂ ਸੀ ਤੇ ਕਾਲ਼ੇ ਵਾਲ਼ਾਂ ਵਾਲ਼ੀ ਇੱਕ ਕੁੜੀ ਸੀ ਜਿਸਦਾ ਚਿਹਰਾ ਲੰਮਾ ਅਤੇ ਸਖ਼ਤ ਸੀ। ਮੈਂ ਜਾਣ ਲਈ ਉੱਠਿਆ ਪਰ ਵਲਾਦੀਸਲਾਵ ਦੇ ਪਿਤਾ ਨੇ ਰੁੱਖੇਪਣ ਨਾਲ਼ ਕਿਹਾ:

"ਕਿੱਧਰ ਚੱਲੇ ? ਇਹਨਾਂ ਨੌਜਵਾਨਾਂ ਨੂੰ ਮਿਲੋ। ਬੈਠੋ ਤੇ ਗੱਲ ਸੁਣੋ।"

ਉਹ ਇੱਕ ਮੇਜ਼ 'ਤੇ ਬੈਠ ਗਏ, ਜੇਬ੍ਹ ਚੋਂ ਤੰਬਾਕੂ ਦੀ ਇੱਕ ਥੈਲੀ ਕੱਢੀ, ਸਿਗਰਟ ਬਣਾਈ ਅਤੇ ਗਰਜ ਕੇ ਬੋਲੇ:

"ਤੁਸੀਂ ਫਿਰ ਦੇਰ ਕਰ ਦਿੱਤੀ। ਬਹੁਤ ਮਾੜੀ ਗੱਲ ਹੈ। ਬਾਕੀ ਲੋਕ ਨਹੀਂ ਆਉਣਗੇ ? ਕਿਉਂ ਨਹੀਂ ਆਉਣਗੇ ? ਬਿਮਾਰ ਨੇ ? ਬਕਵਾਸ ! ਮੈਨੂੰ ਲੱਗਦੈ ਉਹ ਸਕੇਟਿੰਗ ਕਰਨ ਗਏ ਨੇ।"

ਉਸੇ ਤਰ੍ਹਾਂ ਜ਼ੋਰਦਾਰ ਅਤੇ ਗੜਕਵੀਂ ਆਵਾਜ਼ ਵਿੱਚ ਉਹਨਾਂ ਨੇ ਮੈਨੂੰ ਪੁੱਛਿਆ ਕਿ ਮੈਂ ਕਿਹੜੀਆਂ ਕਿਤਾਬਾਂ ਪੜ੍ਹਦਾ ਹਾਂ। ਮੈਂ ਕਈ ਕਿਤਾਬਾਂ ਦੇ ਨਾਮ ਗਿਣਾ ਦਿੱਤੇ।

"ਇਹ ਸਭ ਬੇਕਾਰ ਨੇ!" ਉਹਨਾਂ ਨੇ ਟਿੱਪਣੀ ਕੀਤੀ। "ਤੁਹਾਨੂੰ ਗੰਭੀਰ ਕਿਤਾਬਾਂ ਪੜ੍ਹਨੀਆਂ ਚਾਹੀਦੀਆਂ ਨੇ, ਮੇਰੇ ਦੋਸਤ, ਕਵਿਤਾਵਾਂ ਜਾਂ ਨਾਵਲ ਨਹੀਂ।"

ਉਹਨਾਂ ਨੇ ਕਹਿਣਾ ਜਾਰੀ ਰੱਖਿਆ ਕਿ ਇਹ ਇੱਕ ਜੁਰਮ ਹੈ ਕਿ ਐਨੇ ਸਾਰੇ ਲੋਕ ਕਿਸਾਨਾਂ ਦੇ ਮੋਢਿਆਂ 'ਤੇ ਭਾਰ ਬਣੇ ਹੋਏ ਹਨ ਅਤੇ ਇਹ ਕਿ ਕਿਸਾਨ ਦੇ ਭਾਰ ਨੂੰ ਹਲਕਾ ਕਰਨ ਲਈ ਜੋ ਕੁਝ ਵੀ ਸੰਭਵ ਹੋਵੇ ਕਰਨਾ ਚਾਹੀਦਾ ਹੈ। ਮੈਨੂੰ ਨਹੀਂ ਸੀ ਲੱਗਦਾ ਕਿ ਮੈਂ ਕਿਸਾਨਾਂ ਦੇ ਮੋਢਿਆਂ 'ਤੇ ਭਾਰ ਹਾਂ, ਬਲਕਿ ਇਸ ਤੋਂ ਉਲਟ ਮੈਨੂੰ ਲੱਗਦਾ ਸੀ ਕਿ ਮੇਰੇ ਮੋਢਿਆਂ ਨੂੰ ਅਜਿਹੇ ਲੋਕਾਂ ਦਾ ਬੋਝ ਚੁੱਕਣਾ ਪੈਂਦਾ ਹੈ ਜਿਹਨਾਂ ਨੂੰ ਮੈਂ ਪਸੰਦ ਨਹੀਂ ਕਰਦਾ ਸੀ। ਪਰ ਇਸ ਮੁੱਛੜ ਵਿਅਕਤੀ ਦੀ ਜ਼ੋਰਦਾਰ ਅਤੇ ਝਾੜ-ਝੰਬ ਕਰਦੀ ਆਵਾਜ਼ ਸੁਣਨਾ ਮੈਨੂੰ ਚੰਗਾ ਲੱਗ ਰਿਹਾ ਸੀ ਜਿਸਦਾ ਚਿਹਰਾ ਪਿਲਪਿਲਾ ਪਰ ਭਲੇਮਾਣਸੀ ਵਾਲ਼ਾ ਸੀ, ਜਿਸਦੀ ਨੱਕ ਵੱਡੀ ਅਤੇ ਭੱਦੀ ਸੀ ਅਤੇ ਉਹਨਾਂ ਦੀਆਂ ਧੁੰਦਲੀਆਂ ਅੱਖਾਂ ਪਤਾ ਨਹੀਂ ਕਿਉਂ ਮੈਨੂੰ ਇੱਕ ਸਮਝਦਾਰ ਕੁੱਤੇ ਦੀਆਂ ਉਦਾਸ ਅੱਖਾਂ ਦੀ ਯਾਦ ਦਿਲਾ ਰਹੀਆਂ ਸਨ। ਉਹ ਸਧਾਰਣ ਸ਼ਬਦਾਂ ਵਿੱਚ ਪਰ ਸਜੀਵਤਾ ਨਾਲ਼ ਗੱਲਾਂ ਕਰਦੇ ਸਨ, ਚਟਕਾਰੇ ਮਾਰਦੇ ਅਤੇ ਧੂੰਏ ਦੇ ਬੱਦਲ਼ ਛੱਡਦੇ। ਉਹਨਾਂ ਦੀਆਂ ਅੱਖਾਂ ਫੈਲਦੀਆਂ ਰਹਿੰਦੀਆਂ ਅਤੇ ਫਿਰ ਉਹਨਾਂ ਨੂੰ ਸਿਕੋੜਦਿਆਂ ਚੁਟਕੀ ਵਜਾਉਂਦੇ ਅਤੇ ਆਪਣੀ ਸੱਜੀ ਮੁੱਛ ਨੂੰ ਵਟਾ ਚਾੜ੍ਹਦਿਆਂ ਠੋਡੀ ਉਤਾਂਹ ਚੁੱਕ ਕੇ ਪੁੱਛਦੇ:

"ਆਈ ਗੱਲ ਸਮਝ, ਭਰਾਵੋ ? ਹਲ਼ ਚਲਾਉਣ ਵਾਲ਼ਾ ਹੈ ਇੱਕ ਤੇ ਖਾਣ ਵਾਲ਼ੇ ਨੇ ਸੱਤ। ਉਹ ਸਖ਼ਤ ਮਿਹਨਤ ਕਰਦਾ ਹੈ ਤੇ ਅਸੀਂ ਨਿਖੱਟੂਆਂ ਵਾਂਗੂੰ ਬੋਝ ਬਣੇ ਹੋਏ ਹਾਂ।"

ਉਹ ਇੱਕ ਘੰਟੇ ਤੋਂ ਵੀ ਵੱਧ ਸਮੇਂ ਤੱਕ ਇਸੇ ਤਰ੍ਹਾਂ ਬੋਲਦੇ ਰਹੇ, ਅਤੇ ਮੈਨੂੰ ਪਤਾ ਲੱਗ ਗਿਆ ਕਿ ਰੂਸ ਇੱਕ ਹੌਲ਼ੀ ਚੱਲਣ ਵਾਲ਼ੀ ਗੱਡੀ ਹੈ ਜਿਹੜੀ ਯੂਰਪ ਤੋਂ ਬਹੁਤ ਪਿੱਛੇ ਹੈ। ਪਰ ਇਹ ਖੁਸ਼ਕਿਸਮਤੀ ਵਾਲ਼ੀ ਗੱਲ ਵੀ ਹੈ ਕਿਉਂਕਿ ਰੂਸ ਦੇ ਲੋਕ ਯੂਰਪ ਦੇ ਲੋਕਾਂ ਨਾਲ਼ੋਂ ਰੱਬ ਦੇ ਜ਼ਿਆਦਾ ਨੇੜੇ ਹਨ। ਇਸ ਤੋਂ ਇਲਾਵਾ ਮੈਨੂੰ ਇਹ ਜਾਣਕਾਰੀ ਵੀ ਮਿਲ਼ੀ ਕਿ ਰੂਸੀ ਲੋਕ ਸਾਂਝੇ ਤੌਰ 'ਤੇ "ਕਿਸਾਨ-ਦਲ (Artel)" ਦੀ ਭਾਵਨਾ ਰੱਖਣ ਵਾਲ਼ੇ ਲੋਕ ਹਨ ਅਤੇ ਇਹ ਵੀ ਕਿ ਕਿਸਾਨੀ ਭਾਈਚਾਰੇ ਦੇ ਹੱਕਾਂ ਵਿੱਚ ਵਾਧਾ ਕਰਨਾ ਚਾਹੀਦਾ ਹੈ ਤਾਂ ਕਿ ਸਾਰੇ ਉਸ ਵਿੱਚ ਸ਼ਾਮਿਲ ਹੋ ਸਕਣ: ਜਦੋਂ ਹਰੇਕ ਕੋਲ਼ ਆਪਣੀ ਜ਼ਮੀਨ ਹੋਵੇਗੀ ਤਾਂ ਸਾਰੇ ਮਿਲ਼-ਜੁਲ ਕੇ ਅਤੇ ਸੁੱਖ-ਸ਼ਾਂਤੀ ਨਾਲ਼ ਰਹਿਣਗੇ।

"ਸਮਝੇ ਭਰਾਵੋ ? ਇਹੀ ਸਾਰੀ ਸਮੱਸਿਆ ਦੀ ਜੜ੍ਹ ਹੈ।"

ਉਹਨਾਂ ਨੇ ਜੋ ਗੱਲਾਂ ਕਹੀਆਂ ਉਹਨਾਂ ਵਿੱਚੋਂ ਕੁਝ ਮੇਰੇ ਪੱਲੇ ਵੀ ਪਈਆਂ ਅਤੇ ਮੈਨੂੰ

ਕਿਸੇ ਗੱਲ ਦੀ ਖੁਸ਼ੀ ਵੀ ਹੋਈ, ਸ਼ਾਇਦ ਇਹ ਕਿ ਮੈਂ ਅਜਿਹੇ ਸ਼ਬਦਾਂ ਦੇ ਅਰਥ ਸਮਝ ਸਕਦਾ ਸੀ। ਮੈਂ ਬਹੁਤ ਧਿਆਨ ਨਾਲ਼ ਸੁਣ ਰਿਹਾ ਸੀ, ਤਾਂ ਵੀ ਇਹ ਦੇਖ ਰਿਹਾ ਸੀ ਕਿ ਉਹ ਨੌਜਵਾਨ ਅੱਕ ਗਏ ਸਨ। ਉਹ ਇੱਕ ਦੂਜੇ ਨਾਲ਼ ਘੁਸਰ-ਮੁਸਰ ਕਰ ਰਹੇ ਸਨ, ਲਗਾਤਾਰ ਸਿਗਰਟ ਪੀ ਰਹੇ ਸਨ, ਅਤੇ ਛੇੜ-ਛਾੜ ਦੀ ਨਜ਼ਰ ਨਾਲ਼ ਉਸ ਕੁੜੀ ਨੂੰ ਤੱਕੀ ਜਾ ਰਹੇ ਸਨ। ਥੋੜੀ ਹੀ ਦੇਰ ਵਿੱਚ ਕਮਰਾ ਧੂੰਏ ਨਾਲ਼ ਐਨਾ ਭਰ ਗਿਆ ਕਿ ਸਾਰੇ ਚਿਹਰੇ ਨੀਲੇ ਗੁਬਾਰ ਵਿੱਚ ਤੈਰਦੇ ਹੋਏ ਪ੍ਰਤੀਤ ਹੋਣ ਲੱਗੇ। ਮੁਟਿਆਰ ਦਾ ਚਿਹਰਾ ਵੀ ਨੀਲੀ ਭਾਹ ਮਾਰਨ ਲੱਗ ਪਿਆ ਸੀ। ਉਸਦੀਆਂ ਅੱਖਾਂ ਇੱਕ ਟੱਕ ਬੁਲਾਰੇ ਨੂੰ ਵੇਖ ਰਹੀਆਂ ਸਨ ਤੇ ਜਾਪਦਾ ਸੀ ਕਿ ਉਹ ਸਾਡੇ ਉਸਤਾਦ ਦੀਆਂ ਮੋਟੀਆਂ ਫੁੱਲੀਆਂ ਹੋਈਆਂ ਗੱਲ੍ਹਾਂ ’ਤੇ ਉੱਗੇ ਵਾਲ਼ਾਂ ਦੇ ਚਿੱਟੇ-ਚਿੱਟੇ ਕੰਡਿਆਂ ਦਾ ਗੰਭੀਰਤਾਪੂਰਵਕ ਅਧਿਐਨ ਕਰ ਰਹੀ ਸੀ।

ਮੈਂ ਉਸ ਘਰ ਤੋਂ ਕੁਝ ਅਜਿਹੀ ਭਾਵਨਾ ਲੈ ਕੇ ਨਿੱਕਲ਼ਿਆ ਜਿਵੇਂ ਮੈਂ ਇੱਕ ਅਜੀਬ ਤਰ੍ਹਾਂ ਦਾ ਖੁਸ਼ਨੁਮਾ ਭਾਰ ਚੁੱਕ ਕੇ ਤੁਰ ਰਿਹਾ ਹੋਵਾਂ ਜਿਹੜਾ ਕਿ ਬੋਝਲ਼ ਹੋਣ ਦੀ ਬਜਾਏ ਮੈਨੂੰ ਵਧੇਰੇ ਤਾਕਤਵਰ ਹੋਣ ਦਾ ਅਹਿਸਾਸ ਕਰਵਾ ਰਿਹਾ ਹੋਵੇ। ਇਸ ਘਰ ਵਿੱਚ ਮੈਂ ਦੋ ਜਾਂ ਤਿੰਨ ਵਾਰ ਹੋਰ ਗਿਆ ਪਰ ਪਹਿਲੀ ਵਾਰ ਜੋ ਕੁਝ ਮੈਂ ਸੁਣਿਆ ਸੀ ਉਸ ਨਾਲ਼ੋਂ ਵਧੇਰੇ ਮਹੱਤਵਪੂਰਨ ਗੱਲ ਕੋਈ ਹੋਰ ਸੁਣਨ ਨੂੰ ਨਾ ਮਿਲ਼ੀ। ਜਾਂ ਇਹ ਵੀ ਹੋ ਸਕਦਾ ਹੈ ਕਿ ਅਜਿਹੀਆਂ ਗੱਲਾਂ ਹੋਈਆਂ ਹੋਣ ਪਰ ਮੈਂ ਹੀ ਨਾ ਸਮਝ ਸਕਿਆ ਹੋਵਾਂ।

ਵਲਾਦੀਸਲਾਵ ਦੇ ਪਿਤਾ ਹਮੇਸ਼ਾ ਇੱਕੋ ਗੱਲ ਹੀ ਰੱਟਦੇ ਰਹਿੰਦੇ, ਉਹ ਕਿਸਾਨਾਂ ਦੀ “ਕਿਸਾਨ-ਦਲ” ਦੀ ਭਾਵਨਾ ਅਤੇ ਉਹਨਾਂ ਦੀ ਸਹਿਜ, ਪਰ ਗੂੜ੍ਹ ਸਿਆਣਪ ਦੀ ਸਿਫ਼ਤ ਕਰਦੇ ਰਹਿੰਦੇ। ਉਹ ਸਾਨੂੰ ਨੇਕਰਾਸੋਵ ਅਤੇ ਨਿਕੀਤਿਨ ਦੀਆਂ ਕਵਿਤਾਵਾਂ ਵੀ ਸੁਣਾਉਂਦੇ ਅਤੇ ਸਾਲਤੀਕੋਵ-ਸ਼ਚੇਦ੍ਰਿਨ ਦੀ ਕਹਾਣੀ ‘ਕਿੱਸਾ ਇਹ ਕਿ ਇੱਕ ਪੇਂਡੂ ਨੇ ਦੋ ਅਫ਼ਸਰਾਂ ਦਾ ਢਿੱਡ ਕਿਵੇਂ ਭਰਿਆ’ ਵੀ ਪੜ੍ਹ ਕੇ ਸੁਣਾਈ। ਇੱਕ ਵਾਰ ਉਹ ਸ਼ਰਾਬ ਪੀ ਕੇ ਅਟਾਰੀ ਵਿੱਚ ਆਏ, ਹਿਚਕੀ ਨੇ ਉਹਨਾਂ ਦਾ ਬੁਰਾ ਹਾਲ ਕੀਤਾ ਹੋਇਆ ਸੀ। ਉਹਨਾਂ ਨੂੰ ਬੋਲਣ ਵਿੱਚ ਤਕਲੀਫ ਹੋ ਰਹੀ ਸੀ, ਉਹਨਾਂ ਨੇ ਬੀਅਰ ਦੇ ਇੱਕ ਤੋਂ ਬਾਅਦ ਇੱਕ ਕਈ ਗਲਾਸ ਡਕਾਰੇ ਅਤੇ ਆਖਿਰਕਾਰ ਨਸ਼ੇ ਵਿੱਚ ਚੂਰ ਹੋ ਕੇ ਆਪਣੇ ਪੁੱਤਰ, ਮੈਨੂੰ ਅਤੇ ਉਸ ਬਾਂਕੇ ਗੱਭਰੂ ਨੂੰ ਅੰਨ੍ਹਿਆਂ ਦਾ ਕੋਈ ਗੀਤ ਸਿਖਾਉਣ ਲੱਗ ਪਏ। ਅਚਾਨਕ ਉਹ ਫੁੱਟ-ਫੁੱਟ ਕੇ ਰੋ ਪਏ ਅਤੇ ਸਿਰ ਮਾਰਦਿਆਂ ਘਗਿਆਉਂਦੀ ਆਵਾਜ਼ ਵਿੱਚ ਉੱਚੀ-ਉੱਚੀ ਬੋਲਣ ਲੱਗ ਪਏ:

“ਕਿਹੋ ਜਿਹੀ ਜ਼ਿੰਦਗੀ ਹੈ ਸਾਡੀ ? ਕਿਹੋ ਜਿਹੀ ?”

ਉਹਨਾਂ ਦੇ ਪੁੱਤਰ ਨੂੰ ਤਾਂ ਮੈਂ ਬਿਲਕੁਲ ਵੀ ਬਰਦਾਸ਼ਤ ਨਹੀਂ ਕਰ ਸਕਦਾ ਸੀ। ਆਪਣੇ ਪਿਓ ਨਾਲ਼ ਉਸਦਾ ਅਸ਼ਿਸ਼ਟ ਢੰਗ ਨਾਲ਼ ਗੱਲ ਕਰਨਾ, ਕਦੇ-ਕਦੇ ਤਾਂ ਉਹਨਾਂ ’ਤੇ ਚੀਕਣਾ ਵੀ ਮੈਨੂੰ ਪਸੰਦ ਨਹੀਂ ਸੀ। ਆਪਣੀ ਮਤਰੇਈ ਮਾਂ ਵੱਲ ਉਸਦਾ ਵਿਵਹਾਰ ਹੋਰ ਵੀ ਅਜੀਬ ਸੀ। ਉਹ ਉਸ ਨਾਲ਼ ਚਿੜਚਿੜੇ ਅਤੇ ਫਿੱਕੇ ਜਿਹੇ ਲਹਿਜੇ ਵਿੱਚ ਗੱਲ ਕਰਦਾ ਸੀ, ਚਬਾ-ਚਬਾ ਕੇ ਸ਼ਬਦ ਕੱਢਦਾ ਅਤੇ ਮੈਂ ਦੇਖ ਸਕਦਾ ਸੀ ਕਿ ਉਹ ਜਾਣ-ਬੁੱਝ ਕੇ ਉਸਦੀ ਬੇਇੱਜ਼ਤੀ ਕਰਨ ਲਈ ਅਜਿਹਾ ਕਰਦਾ ਸੀ। ਮੈਨੂੰ ਯਾਦ ਨਹੀਂ ਕਿ ਉਸਦੀ ਮਾਂ ਨੇ ਕਦੇ ਇੱਕ ਵੀ ਸ਼ਬਦ

ਮੂੰਹੋਂ ਕੱਢਿਆ ਹੋਵੇ। ਉਸਦੀ ਤੋਰ ਵਿੱਚ ਫੁਰਤੀ ਸੀ ਪਰ ਕੋਈ ਆਵਾਜ਼ ਨਹੀਂ ਸੀ ਹੁੰਦੀ ਅਤੇ ਉਹ ਇੱਕ ਤਰ੍ਹਾਂ ਪਾਸੇ ਹਟ ਕੇ ਤੁਰਿਆ ਕਰਦੀ ਸੀ, ਆਪਣਾ ਖੱਬਾ ਹੱਥ ਅੱਗੇ ਵੱਲ ਵਧਾ ਕੇ ਜਿਵੇਂ ਉਹ ਅੰਨ੍ਹੀ ਹੋਵੇ। ਉਹ ਮੇਰੇ ਅੰਦਰ ਤਰਸ ਅਤੇ ਇੱਕ ਅਜਿਹੇ ਆਦਮੀ ਦਾ ਅਜੀਬ ਜਿਹਾ ਪ੍ਰਭਾਵ ਜਗਾ ਦਿੰਦੀ ਜਿਹੜਾ ਆਜ਼ਾਦ ਹੋਣ ਲਈ ਤੜ੍ਹਪ ਰਿਹਾ ਹੋਵੇ ਪਰ ਉਸਨੂੰ ਮੁਕਤੀ ਦਾ ਦੁਆਰ ਨਾ ਮਿਲ਼ ਰਿਹਾ ਹੋਵੇ। ਉਸ ਘਰ ਦਾ ਮਾਹੌਲ ਮੇਰੇ ਲਈ ਘੁਟਣ ਭਰਿਆ ਅਤੇ ਅਸਹਿਣਸ਼ੀਲ ਸੀ, ਅਤੇ ਇਸ ਲਈ ਮੈਂ ਉੱਥੇ ਜਾਣਾ ਛੱਡ ਦਿੱਤਾ ਅਤੇ ਜਲਦੀ ਹੀ ਕਜ਼ਾਨ ਸ਼ਹਿਰ ਲਈ ਚੱਲ ਪਿਆ।

ਇਸ ਜਾਣ-ਪਛਾਣ ਦਾ ਮੇਰੇ ਲਈ ਖਾਸ ਮਹੱਤਵ ਸੀ ਕਿਉਂਕਿ ਉਦੋਂ ਤੱਕ ਮੈਨੂੰ ਕਿਸਾਨੀ ਜੀਵਨ ਅਤੇ ਕਿਸਾਨੀ ਭਾਈਚਾਰੇ ਬਾਰੇ ਕੋਈ ਗਿਆਨ ਨਹੀਂ ਸੀ। ਮੈਂ ਇਹ ਗੱਲ ਚੰਗੀ ਤਰ੍ਹਾਂ ਮਹਿਸੂਸ ਕਰਦਾ ਸਾਂ ਕਿ ਜ਼ਿੰਦਗੀ ਬਹੁਤ ਮੁਸ਼ਕਿਲ ਹੈ ਅਤੇ ਇਹ ਜਾਣ ਕੇ ਮੈਨੂੰ ਬਹੁਤ ਖੁਸ਼ੀ ਹੁੰਦੀ ਸੀ ਕਿ ਮੈਂ ਅਜਿਹੇ ਦੇਸ਼ ਵਿੱਚ ਰਹਿੰਦਾ ਹਾਂ ਜਿੱਥੇ ਸੁਖੀ ਅਤੇ ਵਧੀਆ ਜ਼ਿੰਦਗੀ ਸੰਭਵ ਸੀ ਅਤੇ ਇਸ ਸੰਭਾਵਨਾ ਨੂੰ ਅਮਲੀ ਰੂਪ ਦੇਣਾ ਬਹੁਤ ਹੀ ਅਸਾਨ ਸੀ। ਲੋੜ ਸਿਰਫ਼ ਇਸ ਗੱਲ ਦੀ ਸੀ ਕਿ ਮੇਰੇ ਸਣੇ ਬਾਕੀ ਸਾਰੇ ਲੋਕ ਵੀ ਪੇਂਡੂ ਭਾਈਚਾਰੇ ਦੇ ਮੈਂਬਰ ਬਣ ਜਾਣ। "ਕਿਸਾਨ-ਦਲ" ਦੀ ਭਾਵਨਾ ਨਿਰਸੰਦੇਹ ਮੇਰੇ ਅੰਦਰ ਮੌਜੂਦ ਸੀ: ਲੋਕ ਮੇਰੇ ਬਾਰੇ ਅਕਸਰ ਕਿਹਾ ਕਰਦੇ: "ਹਾਂ! ਇਸ ਮੁੰਡੇ ਵਿੱਚ "ਕਿਸਾਨ-ਦਲ" ਦੀ ਭਾਵਨਾ ਹੈ।"

ਮੈਨੂੰ ਤਰਖਾਣ, ਖੁਦਾਈ-ਮਜ਼ਦੂਰ, ਇੱਟਾਂ ਜੋੜਨ ਵਾਲ਼ੇ ਅਤੇ ਉੱਨ-ਤੁੰਮਣ ਵਾਲ਼ਿਆਂ ਦੇ ਕੁਝ ਦਲਾਂ ਦੀ ਜਾਣਕਾਰੀ ਸੀ ਅਤੇ ਜਿਵੇਂ ਕਿ ਮੈ ਦੇਖਦਾ ਸਾਂ ਕਿ ਇਹਨਾਂ ਦਲਾਂ ਦਾ "ਸਮੂਹਿਕ" ਜੀਵਨ ਉਸ ਸਭ ਕਾਸੇ ਦੇ ਉਲਟ ਸੀ, ਜਿਵੇਂ ਕਿ ਵਲਾਦੀਸਲਾਵ ਦੇ ਪਿਤਾ "ਕਿਸਾਨ-ਦਲ ਦੀ ਭਾਵਨਾ" ਤੋਂ ਸਮਝਦੇ ਸਨ। ਇਹਨਾਂ ਦਲਾਂ ਵਿੱਚ ਦੋਸਤੀ ਦੀ ਕੋਈ ਕਦਰ ਨਹੀਂ ਸੀ ਅਤੇ ਇਹਨਾਂ ਦੇ ਮੈਂਬਰਾਂ ਨੂੰ ਪਰਸਪਰ ਸਹਾਇਤਾ ਦੀ ਲੋੜ ਦੀ ਉੱਕਾ ਹੀ ਸਮਝ ਨਹੀਂ ਸੀ। ਹਰ ਦਲ਼ ਵਿੱਚ ਸੱਤ੍ਹਾ ਹਾਸਿਲ ਕਰਨ ਲਈ ਲਗਾਤਾਰ ਸੰਘਰਸ਼ ਚੱਲਦਾ ਰਹਿੰਦਾ ਸੀ, ਤਾਕਤਵਰ ਅਤੇ ਮੱਕਾਰ ਲੋਕ ਕਮਜ਼ੋਰ ਅਤੇ ਬੇਵਕੂਫਾਂ ਨੂੰ ਦਬਾ ਕੇ ਰੱਖਦੇ ਸਨ— ਇਹ ਸਭ ਮੈਂ ਭਲੀ-ਭਾਂਤ ਵੇਖ ਸਕਦਾ ਸੀ। ਮੈਂ ਇਹ ਵੀ ਦੇਖਿਆ ਕਿ ਇਹਨਾਂ ਦਲਾਂ ਦੇ ਬਹੁਤ ਘੱਟ ਲੋਕਾਂ ਵਿੱਚ ਇਹ ਇੱਛਾ ਜਾਂ ਸਮਰੱਥਾ ਸੀ ਕਿ ਕੰਮ ਨੂੰ ਚੰਗੀ ਤਰ੍ਹਾਂ, ਦਿਲ ਲਗਾ ਕੇ ਜਾਂ ਆਨੰਦ ਨਾਲ਼ ਕੀਤਾ ਜਾਵੇ। ਬੇਸ਼ੱਕ ਅਜਿਹੇ ਲੋਕ ਵੀ ਹੁੰਦੇ ਸਨ: ਇਹ ਸਾਡੇ ਅੱਜ ਦੇ 'ਬਿਹਤਰੀਨ ਕਾਮਿਆਂ' ਦੇ ਪੂਰਵਗਾਮੀ ਸਨ, ਪਰ ਦਲ ਦੇ ਬਾਕੀ ਮੈਂਬਰ ਉਹਨਾਂ ਨੂੰ ਪਸੰਦ ਨਹੀਂ ਕਰਦੇ ਸਨ, ਉਹਨਾਂ ਨੂੰ ਬੁਰਾ ਭਲਾ ਕਹਿੰਦੇ ਕਿਉਂਕਿ ਉਹਨਾਂ ਨੂੰ ਲੱਗਦਾ ਸੀ ਕਿ ਅਜਿਹੇ ਲੋਕ ਬਸ ਠੇਕੇਦਾਰ ਦੀਆਂ ਨਜ਼ਰਾਂ ਵਿੱਚ ਚੰਗੇ ਬਣਨ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਫੋਰਮੈਨ ਦੀ ਨੌਕਰੀ ਚਾਹੁੰਦੇ ਸਨ। ਪਰ ਜਦੋਂ ਠੇਕੇਦਾਰ "ਵੋਦਕਾ ਲਈ ਪੈਸੇ" ਦੇਣ ਦਾ ਵਾਅਦਾ ਕਰਦੇ ਤਾਂ ਉਹ ਕੰਮ 'ਤੇ ਡਟ ਜਾਂਦੇ ਅਤੇ ਜਿਹੜੇ ਤੇਜ਼ੀ ਨਾਲ਼ ਕੰਮ ਨਾ ਕਰਦੇ ਉਹਨਾਂ ਨੂੰ ਗਾਲ਼ਾਂ ਕੱਢਦੇ।

"ਉਏ! ਖੜ੍ਹਾ ਕੀ ਕਰਦੈਂ! ਪੀਣ ਨੂੰ ਸਭ ਤੋਂ ਮੂਹਰੇ, ਕੰਮ ਦੇ ਟੈਮ ਤੂੰ ਦੀਂਹਦਾ ਨੀ!" ਉਹ

ਚੀਖ-ਚੀਖ ਕੇ ਕਹਿੰਦੇ।

ਮੈਨੂੰ ਕਹਾਵਤਾਂ ਦੇ ਸੰਗ੍ਰਿਹ ਪੜ੍ਹਨ ਦਾ ਸ਼ੌਕ ਸੀ, ਪਰ ਅਜਿਹੀਆਂ ਕਹਾਵਤਾਂ ਵੀ ਘੱਟ ਹੀ ਮਿਲ਼ੀਆਂ ਜਿਹਨਾਂ ਵਿੱਚ ਦਲ ਵਾਲ਼ੇ ਜੀਵਨ ਅਤੇ ਕਾਰਜ-ਪੱਧਤੀ ਦੀ ਸਿਫ਼ਤ ਕੀਤੀ ਗਈ ਹੋਵੇ। ਇਸਦੇ ਬਾਵਜੂਦ ਮੈਂ ਇੱਕ "ਵਿਚਾਰ" ਲੈ ਕੇ ਕਜ਼ਾਨ ਪਹੁੰਚਿਆ ਅਤੇ ਮੇਰੀ ਧਾਰਣਾ ਕਿਸਾਨ-ਦਲਾਂ, ਕਿਸਾਨੀ ਭਾਈਚਾਰੇ ਅਤੇ ਕਿਸਾਨਾਂ ਦੇ ਪੱਖ ਵਿੱਚ ਸੀ, ਜਿਸਤੋਂ ਮੈਂ ਮਨ ਦੀ ਸ਼ਾਂਤੀ ਅਤੇ ਸਿਆਣਪ ਨਾਲ਼ ਜ਼ਿੰਦਗੀ ਗੁਜ਼ਾਰਨੀ ਸਿੱਖਣੀ ਸੀ। ਮੈਂ ਇਸ "ਵਿਚਾਰ" ਤੋਂ ਜਾਣੂ ਹੋਣ ਦੀਆਂ ਡੀਂਗਾਂ ਵੀ ਮਾਰਿਆ ਕਰਦਾ ਸਾਂ ਜਿਸ ਨਾਲ਼ ਲੋਕ ਮੇਰੀ ਸਿਫ਼ਤ ਕਰਦੇ ਸਨ। ਕੁਝ ਲੋਕ ਕਹਿੰਦੇ: "ਹੈ ਤਾਂ ਮੁੰਡਾ ਜਿਹਾ ਹੀ, ਪਰ ਇਸਦੇ ਦਿਮਾਗ ਦੇ ਪੇਚ ਠੀਕ ਨੇ।" ਦਲ ਵਾਲ਼ੇ ਜੀਵਨ ਵਿੱਚ ਮੈਂ ਜੋ ਕੁਝ ਦੇਖਿਆ ਸੀ ਉਸਨੂੰ ਲੁਕਾਉਂਦਾ ਨਹੀਂ ਸਾਂ, ਅਤੇ ਉਸ ਵਿੱਚ "ਕਿਸਾਨੀ-ਦਲ ਦੀ ਭਾਵਨਾ" ਦੀ ਕਮੀ ਦਾ ਜ਼ਿਕਰ ਕਰਦਾ ਸਾਂ। ਇਸ ਕਾਰਨ ਕੁਝ ਲੋਕ ਮੇਰਾ ਮਜ਼ਾਕ ਉਡਾਉਂਦੇ ਸਨ, ਕਿ ਮੈਂ ਗਲ਼ਤੀ ਕਰ ਰਿਹਾ ਹਾਂ ਅਤੇ ਮੇਰੇ ਦਿਮਾਗ ਵਿੱਚ ਗਲ਼ਤ ਕਿਸਮ ਦੇ ਦਲਾਂ ਦੀਆਂ ਗੱਲਾਂ ਘੁਸੀਆਂ ਹੋਈਆਂ ਹਨ।

ਕਜ਼ਾਨ ਵਿੱਚ ਪਹਿਲੇ ਤਿੰਨ ਜਾਂ ਚਾਰ ਮਹੀਨਿਆਂ ਦੌਰਾਨ ਮੈਂ ਹਾਈ ਸਕੂਲ ਦੇ ਵਿਦਿਆਰਥੀਆਂ ਅਤੇ ਯੂਨੀਵਰਸਿਟੀ ਦੇ ਪਹਿਲੇ ਸਾਲ ਦੇ ਵਿਦਿਆਰਥੀਆਂ ਦੇ ਇੱਕ ਸਟੱਡੀ ਸਰਕਲ ਦਾ ਸਰਗਰਮ ਮੈਂਬਰ ਸਾਂ। ਇਹ ਸਰਕਲ ਹਰ ਸ਼ਨੀਵਾਰ ਅਤੇ ਐਤਵਾਰ ਸ਼ਾਮ ਨੂੰ ਜੁੜਿਆ ਕਰਦੇ ਸਨ ਜਿਹਨਾਂ ਵਿੱਚ ਚੇਰਨੇਸ਼ੇਵਸਕੀ ਦੀਆਂ ਟਿੱਪਣੀਆਂ ਸਹਿਤ ਜੌਹਨ ਸਟੂਅਰਟ ਮਿੱਲ ਦੀਆਂ ਰਚਨਾਵਾਂ ਦਾ ਪਾਠ ਕੀਤਾ ਜਾਂਦਾ ਸੀ। ਪਰ ਮੇਰਾ ਜ਼ਿਆਦਾ ਝੁਕਾਅ ਯੇਲੇਓਨਸਕੀ-ਮਿਲੋਵਸਕੀ ਦੇ ਸਰਕਲ ਵੱਲ ਸੀ ਜਿਸਦੇ ਮੈਂਬਰ ਆਮ ਲੋਕ ਸਨ, ਜਿਵੇਂ ਕਿ ਘਰਾਂ ਵਿੱਚ ਰੰਗ-ਰੋਗਨ ਕਰਨ ਵਾਲ਼ਾ ਅਤੇ ਸ਼ੀਸ਼ੇ ਲਗਾਉਣ ਵਾਲ਼ਾ ਅਨਾਤੋਲੀ। ਉਹ ਮੇਰਾ ਹਮਉਮਰ ਅਤੇ ਪ੍ਰਤਿਭਾਸ਼ਾਲੀ ਨੌਜਵਾਨ ਸੀ। ਦੋ ਮਿਸਤਰੀ, ਪੋਲੀਕਾਰਪੋਵ, ਇੱਕ ਭੈਂਗਾ ਨੌਜਵਾਨ ਜਿਹੜਾ ਕਿਸੇ ਘੜੀ-ਸਾਜ਼ ਦਾ ਸ਼ਗਿਰਦ ਸੀ, ਇੱਕ ਵੀਹ ਕੁ ਸਾਲਾਂ ਦਾ ਮੁੰਡਾ ਜਿਸਦਾ ਨਾਮ, ਜੇ ਮੈਂ ਗਲਤੀ ਨਹੀਂ ਕਰ ਰਿਹਾ ਤਾਂ, ਕਬਾਨੋਵ ਸੀ। ਕੁਝ ਸਮੇਂ ਬਾਅਦ ਇਸ ਸਰਕਲ ਵਿੱਚ ਜਿਮਨੇਜ਼ੀਅਮ ਦਾ ਇੱਕ ਵਿਦਿਆਰਥੀ ਸ਼ਾਮਿਲ ਹੋਇਆ। ਉਸਦਾ ਨਾਮ ਗੂਰੀ ਪਲੇਤਨਯੋਵ ਸੀ ਅਤੇ ਉਸਨੂੰ "ਤਾਲਮੇਲ ਦਾ ਕੰਮ" ਸੌਂਪਿਆ ਗਿਆ। ਰਾਜਨੀਤਕ ਅਰਥ-ਸ਼ਾਸ਼ਤਰ ਦਾ ਪਾਠ ਅਤੇ ਵਿਚਾਰ-ਵਟਾਂਦਰਾ ਸੁਣਨਾ ਬਹੁਤ ਔਖਾ ਅਤੇ ਅਕਾ ਦੇਣ ਵਾਲ਼ਾ ਕੰਮ ਸੀ। ਮੇਰੇ ਦਿਮਾਗ ਲਈ ਇਸ ਤਰ੍ਹਾਂ ਦੀ ਬੌਧਿਕ ਖੁਰਾਕ ਪਚਾ ਸਕਣੀ ਬਹੁਤ ਮੁਸ਼ਕਿਲ ਸੀ। ਕੁਝ ਦਿਨਾਂ ਬਾਅਦ ਮੈਨੂੰ ਇੱਕ ਤਰ੍ਹਾਂ ਦੀ ਪ੍ਰੀਖਿਆ ਦੇਣੀ ਪਈ ਯਾਨੀ ਜੋ ਕੁਝ ਮੈਂ ਸੁਣਿਆ ਅਤੇ ਸਮਝਿਆ ਸੀ, ਉਸਦਾ ਸਾਰ ਲਿਖਣਾ ਪਿਆ। ਇਹ ਇੱਕੋ ਇੱਕ ਸਾਰ ਸੀ ਜੋ ਮੈਂ ਆਪਣੀ ਪੜ੍ਹਾਈ ਦੌਰਾਨ ਲਿਖਿਆ। ਅਨਾਤੋਲੀ ਅਤੇ ਕਬਾਨੋਵ ਦੀ ਮੱਦਦ ਨਾਲ਼ ਮੈਂ ਬੜੀ ਮਿਹਨਤ ਨਾਲ਼ ਇਹ ਲਿਖਿਆ ਸੀ ਅਤੇ ਆਪਣੀ ਇਸ ਕੋਸ਼ਿਸ਼ ਵਿੱਚ ਅਸਫਲ ਰਿਹਾ। ਸਾਡੀ ਮੰਡਲੀ ਦੇ ਲੀਡਰ ਨੇ, ਜਿਹੜਾ ਧਰਮ-ਸ਼ਾਸ਼ਤਰ ਦੀ ਕਿਸੇ ਅਕੈਡਮੀ ਦਾ ਵਿਦਿਆਰਥੀ ਸੀ, ਮੈਨੂੰ ਮਾਯੂਸੀ ਨਾਲ਼ ਕਿਹਾ:

"ਤੁਸੀਂ ਤਾਂ ਕੱਖ ਵੀ ਨੀ ਸਮਝੇ ਤੇ ਸਾਰਾ ਊਟ-ਪਟਾਂਗ ਲਿਖ ਮਾਰਿਆ।"

ਆਪਣੇ ਕੰਮ ਬਾਰੇ ਇਹ ਰਾਏ ਸੁਣ ਕੇ ਬੁਰਾ ਤਾਂ ਲੱਗਿਆ, ਪਰ ਮੈਂ ਜਾਣਦਾ ਸਾਂ ਕਿ ਇਹ ਸੱਚ ਹੈ। ਜੋ ਕੁਝ ਵੀ ਮੈਂ ਲਿਖਿਆ ਸੀ ਉਹ ਕੋਈ ਸਾਰ ਨਹੀਂ ਸੀ ਬਲਕਿ ਇੱਕ ਫ਼ਿਕਰੇ ਬਾਰੇ ਆਲੋਚਨਾਤਮਕ ਦਲੀਲਬਾਜ਼ੀ ਸੀ ਜਿਸਨੂੰ ਮੈਂ ਹੂ-ਬ-ਹੂ ਦੁਹਰਾ ਸਕਦਾ ਹਾਂ ਕਿਉਂਕਿ ਕੁਝ ਮਹੀਨੇ ਪਹਿਲਾਂ ਮੈਨੂੰ ਉਹ ਯਾਦ ਦਿਲਾਇਆ ਗਿਆ ਸੀ:

"ਇਤਿਹਾਸਕ ਘਟਨਾਵਾਂ ਦੇ ਖੇਤਰ ਤੋਂ ਸਾਨੂੰ ਅਮੂਰਤ ਚਿੰਤਨ ਦੇ ਖੇਤਰ ਵਿੱਚ ਜਾਣਾ ਚਾਹੀਦਾ ਹੈ, ਜਿਹੜਾ ਇਤਿਹਾਸ ਦੇ ਤੱਥਾਂ ਦੀ ਬਜਾਏ, ਸ਼ੁੱਧ ਅੰਕੜਿਆਂ ਦੀ ਵਰਤੋਂ ਕਰਦਾ ਹੈ, ਜਿਹਨਾਂ ਦਾ ਅਰਥ ਰਵਾਇਤੀ ਹੁੰਦਾ ਹੈ ਅਤੇ ਜਿਹਨਾਂ ਦੀ ਸਹੂਲਤ ਲਈ ਵਰਤੋਂ ਕੀਤੀ ਜਾਂਦੀ ਹੈ।"

ਕਿਸੇ ਨੇ ਵੀ ਮੈਨੂੰ ਅਜੇ ਤੱਕ ਇਹ ਨਹੀਂ ਦੱਸਿਆ ਸੀ ਕਿ "ਅਮੂਰਤ ਚਿੰਤਨ" ਅਤੇ "ਸ਼ੁੱਧ ਅੰਕੜਿਆਂ" ਦਾ ਕੀ ਮਤਲਬ ਹੈ, ਜਾਂ ਕਿਸ ਮਕਸਦ ਜਾਂ ਕਿਸ "ਸਹੂਲੀਅਤ" ਲਈ ਉਹਨਾਂ ਦੀ "ਵਰਤੋਂ ਕਰਨੀ" ਹੈ। ਅਨਾਤੋਲੀ ਨੂੰ ਵੀ ਇਸ ਬਾਰੇ ਕੁਝ ਨਹੀਂ ਸੀ ਪਤਾ, ਅਤੇ ਕਬਾਨੋਵ ਨੇ ਕੁਝ ਦੇਰ ਸੋਚ-ਵਿਚਾਰ ਕਰਨ ਤੋਂ ਬਾਅਦ ਆਪਣਾ ਮਨਪਸੰਦ ਫ਼ਿਕਰਾ ਦੁਹਰਾਇਆ:

"ਇਹ ਸਭ ਬਕਵਾਸ ਹੈ!"

ਅਸੀਂ "ਅਮੂਰਤ ਚਿੰਤਨ" ਦਾ ਮਤਲਬ ਸਮਝਣ ਦੀ ਹਰ ਕੋਸ਼ਿਸ਼ ਕੀਤੀ ਪਰ ਕਿਸੇ ਤਰ੍ਹਾਂ ਵੀ ਖੁਦ ਨੂੰ ਉਸ ਜ਼ਿੰਦਗੀ ਤੋਂ, ਜਿਸਨੇ ਸਾਨੂੰ ਆਪਣੇ ਸ਼ਿਕੰਜੇ ਵਿੱਚ ਜਕੜ ਲਿਆ ਸੀ, "ਅਮੂਰਤ" ਨਾ ਕਰਵਾ ਸਕੇ।

ਆਪਣਾ ਮੱਥਾ ਖੁਰਕਦਿਆਂ ਤੇ ਕੰਨ 'ਤੇ ਚੂੰਢੀ ਵੱਢਦਿਆਂ ਕਬਾਨੋਵ ਕਹਿੰਦਾ ਕਿ ਕਿਤਾਬਾਂ ਆਮ ਤੌਰ 'ਤੇ ਚੀਜ਼ਾਂ ਨੂੰ ਜਿਵੇਂ ਉਹ ਅਸਲ ਜ਼ਿੰਦਗੀ ਵਿੱਚ ਹੁੰਦੀਆਂ ਹਨ, ਉਹਨਾਂ ਨਾਲ਼ੋਂ ਕਾਫ਼ੀ ਸਰਲ ਬਣਾ ਕੇ ਪੇਸ਼ ਕਰਦੀਆਂ ਹਨ। ਬੇਸ਼ੱਕ ਸਮਝਣ ਲਈ ਅਜਿਹਾ ਕਰਨਾ ਚੰਗਾ ਹੈ, ਪਰ ਠੀਕ ਨਹੀਂ ਹੈ।

"ਲੇਖਕ ਗਲ਼ੀਆਂ 'ਤੇ ਸਿੱਧੀ ਨਜ਼ਰ ਨਹੀਂ ਮਾਰਦੇ।" ਉਹ ਆਪਣਾ ਫੈਸਲਾ ਸੁਣਾਉਂਦਾ।

ਇਸ ਅਸਫਲਤਾ ਤੋਂ ਬਾਅਦ ਮੈਨੂੰ ਫਿਰ ਕਦੇ ਕੋਈ ਸਾਰ ਲਿਖਣ ਨੂੰ ਨਹੀਂ ਕਿਹਾ ਗਿਆ ਅਤੇ ਜਲਦੀ ਹੀ ਮੈਨੂੰ ਇਹ ਅਹਿਸਾਸ ਹੋ ਗਿਆ ਕਿ ਅਜਿਹੇ ਗੰਭੀਰ ਸਟੱਡੀ ਸਰਕਲ ਵਿੱਚ ਮੇਰੀ ਕੋਈ ਜ਼ਰੂਰਤ ਨਹੀਂ ਹੈ। ਯੇਲੇਓਨਸਕੀ ਦੇ ਸਟੱਡੀ ਸਰਕਲ ਵਿੱਚ ਅਜਿਹੇ ਵਿਸ਼ਿਆਂ 'ਤੇ ਲੇਖ ਪੜ੍ਹੇ ਜਾਂਦੇ ਜਿਵੇਂ ਘਰੇਲੂ ਸਨਅਤ, ਕਿਸਾਨ-ਦਲ ਅਤੇ ਭਾਈਚਾਰਾ, ਸਰਬੀਆ ਦਾ *Zadruga* (ਪਿਤਾ ਪ੍ਰਧਾਨ ਪੇਂਡੂ ਭਾਈਚਾਰਾ – ਅਨੁ.), ਜ਼ਮੀਨ ਦਾ ਪੁਸ਼ਤੈਨੀ ਠੇਕਾ ਅਤੇ ਫਿਰਕੂਪੁਣਾ। ਯਾਦਰਿੰਤਸੇਵ ਦੀ ਕਿਤਾਬ 'ਜਲਾਵਤਨੀ ਅਤੇ ਜੇਲ੍ਹ ਵਿੱਚ ਭਾਈਚਾਰਾ' ਸਾਨੂੰ ਪਸੰਦ ਆਈ ਅਤੇ ਇਸ ਸਭ ਨੂੰ ਅਸੀਂ ਦਿਮਾਗ ਲਈ ਗੰਭੀਰ ਖੁਰਾਕ ਸਮਝਦੇ ਸਾਂ। ਆਂਦਰੇਈ ਦੇਰੇਨਕੋਵ ਦੀ ਨਿੱਜੀ ਅਤੇ ਗੈਰ-ਕਾਨੂੰਨੀ ਲਾਇਬ੍ਰੇਰੀ ਵਿੱਚ ਵੱਖ-ਵੱਖ ਵਿਸ਼ਿਆਂ ਬਾਰੇ ਮੈਗਜ਼ੀਨਾਂ ਵਿੱਚ ਪ੍ਰਕਾਸ਼ਤ ਲੇਖਾਂ ਦੇ ਸਜਿਲਦ ਸੰਗ੍ਰਿਹ ਪਏ ਸਨ ਅਤੇ

ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਇੱਕ ਸੰਗ੍ਰਿਹ ਵਿੱਚ, ਜਿਸਦਾ ਸਿਰਲੇਖ 'ਔਰਤਾਂ ਦੀ ਦਸ਼ਾ' ਸੀ, ਤਕਾਚੋਵ, ਸ਼ਾਸ਼ਕੋਵ ਅਤੇ ਹੋਰਨਾਂ ਲੇਖਕਾਂ ਤੋਂ ਇਲਾਵਾ ਪ੍ਰਮੁੱਖ ਪਾਦਰੀ ਕ੍ਰਿਸਾਂਫ ਦਾ ਵੀ ਇੱਕ ਲੇਖ ਸੀ। ਨਿਰਸੰਦੇਹ ਸੱਤਵੇਂ ਅਤੇ ਅੱਠਵੇਂ ਦਹਾਕੇ ਦੇ ਗ਼ਲਪਕਾਰਾਂ ਨੂੰ ਅਸੀਂ ਸਭ ਤੋਂ ਜ਼ਿਆਦਾ ਅਤੇ ਬਹੁਤ ਉਤਸ਼ਾਹ ਨਾਲ਼ ਪੜ੍ਹਦੇ ਸਾਂ।

ਇੱਥੇ ਕਬਾਨੋਵ ਬਾਰੇ ਮੈਨੂੰ ਕੁਝ ਕਹਿਣਾ ਚਾਹੀਦਾ ਹੈ। ਉਹ ਕੋਈ ਦੋ ਕੁ ਮਹੀਨੇ, ਇਸ ਤੋਂ ਜ਼ਿਆਦਾ ਨਹੀਂ, ਮੇਰੇ ਅਤੇ ਅਨਤੋਲੀ ਦੇ ਸੰਪਰਕ ਵਿੱਚ ਰਿਹਾ। ਮੈਂ ਉਸਨੂੰ ਸੱਤ ਜਾਂ ਅੱਠ ਵਾਰ ਮਿਲ਼ਿਆ ਸੀ, ਪਰ ਹਰ ਵਾਰ ਉਸਨੂੰ ਮਿਲ਼ਣ ਤੋਂ ਬਾਅਦ ਮੈਂ ਚਾਹੁੰਦਾ ਸੀ ਕਿ ਉਸਦੀ ਹੋਂਦ ਬਾਰੇ ਭੁੱਲ ਜਾਵਾਂ।

"ਇਸ ਬੰਦੇ ਨਾਲ਼ ਆਪਣੀ ਨਹੀਂ ਨਿਭ ਸਕਦੀ।" ਅਨਾਤੋਲੀ ਉਸ ਬਾਰੇ ਕਿਹਾ ਕਰਦਾ ਸੀ।

ਦੇਖਣ ਨੂੰ ਕਬਾਨੋਵ ਬਹੁਤਾ ਸੋਹਣਾ ਨਹੀਂ ਸੀ। ਕੱਦ ਲੰਮਾ, ਧੜ ਛੋਟਾ ਅਤੇ ਲੱਤਾਂ ਲੰਮੀਆਂ ਸਨ। ਜਾਪਦਾ ਸੀ ਜਿਵੇਂ ਉਸਦੇ ਸਰੀਰ ਦੇ ਦੋ ਅਸਾਵੇਂ ਭਾਗਾਂ ਨੂੰ ਅਟਪਟੇ ਢੰਗ ਨਾਲ਼ ਜੋੜ ਦਿੱਤਾ ਗਿਆ ਹੋਵੇ। ਸੱਜਾ ਮੋਢਾ ਖੱਬੇ ਨਾਲ਼ੋਂ ਉੱਚਾ ਅਤੇ ਖੱਬੀ ਬਾਂਹ ਸੱਜੀ ਨਾਲ਼ੋਂ ਲੰਮੀ ਸੀ। ਅਤੇ ਉਸਦੇ ਪੈਰ ਵੀ ਵੱਖ-ਵੱਖ ਅਕਾਰ ਦੇ ਜਾਪਦੇ ਸਨ। ਉਹ ਆਪਣਾ ਖੱਬਾ ਹੱਥ ਹਮੇਸ਼ਾ ਪਿੱਠ ਪਿੱਛੇ ਆਪਣੀ ਫਟੀ-ਪੁਰਾਣੀ ਅਤੇ ਬਦਰੰਗ ਜੈਕਟ ਦੇ ਹੇਠਾਂ ਰੱਖਦਾ ਸੀ। ਉਸਦੇ ਬੂਟਾਂ ਦੀਆਂ ਅੱਡੀਆਂ ਇੱਕ ਪਾਸਿਉਂ—ਸੱਜੇ ਪਾਸਿਉਂ—ਘਸੀਆਂ ਹੁੰਦੀਆਂ ਸਨ। ਦੂਰੋਂ ਉਸਨੂੰ ਦੇਖ ਕੇ ਇੰਜ ਲੱਗਦਾ ਜਿਵੇਂ ਉਹ ਲੰਗੜਾ ਹੋਵੇ। ਆਮ ਤੌਰ 'ਤੇ ਉਹ ਟੇਢਾ ਤੁਰਦਾ ਅਤੇ ਟੇਢਾ ਹੀ ਖੜਾ ਹੁੰਦਾ ਸੀ ਅਤੇ ਜਦੋਂ ਕਿਤੇ ਥੋੜੀ ਦੇਰ ਲਈ ਰੁਕਣਾ ਪੈਂਦਾ, ਤਾਂ ਆਦਤਨ ਸਭ ਤੋਂ ਨੇੜੇ ਦੀ ਕੰਧ, ਵਾੜ ਜਾਂ ਦਰਖਤ ਦੇ ਤਣੇ ਨਾਲ਼ ਆਪਣਾ ਸੱਜਾ ਮੋਢਾ ਟਿਕਾ ਲੈਂਦਾ। ਉਸਦੀ ਲੰਮੀ ਗਰਦਨ 'ਤੇ ਟਿਕਿਆ ਵੱਡਾ ਸਾਰਾ ਸਿਰ ਸੋਚ ਵਿੱਚ ਡੁੱਬਿਆ ਹਿਲਦਾ ਰਹਿੰਦਾ, ਜਿਸ 'ਤੇ ਕਾਲ਼ੇ ਵਾਲ਼ਾਂ ਦੇ ਵਿਰਲੇ ਜਿਹੇ ਗੁੱਛੇ ਲਟਕੇ ਹੁੰਦੇ। ਉਸਦੇ ਚੌੜੇ ਮੱਥੇ ਅਤੇ ਗੱਲ੍ਹਾਂ ਦੀ ਚਮੜੀ ਦਾ ਰੰਗ ਪੀਲ਼ਾ ਖੁਸ਼ਕ ਜਿਹਾ ਸੀ, ਸਪਾਟ ਚਿਹਰੇ 'ਤੇ ਨੱਕ ਬਹੁਤ ਛੋਟਾ ਜਿਹਾ ਲੱਗਦਾ ਸੀ ਅਤੇ ਤਿਉੜੀ ਨਾਲ਼ ਮੁੜੇ ਹੋਏ ਭਰਵੱਟਿਆਂ ਹੇਠੋਂ ਉਸਦੀਆਂ ਠੰਡੀਆਂ ਨੀਲੀਆਂ ਅੱਖਾਂ ਆਪਣੀਆਂ ਤੰਗ ਝੀਤਾਂ ਥਾਣੀਂ ਦੁਨੀਆਂ ਨੂੰ ਦੇਖਦੀਆਂ ਸਨ। ਜਿੰਨਾ ਉਹ ਦੇਖਣ ਨੂੰ ਬੇਢਬਾ ਸੀ, ਉਸਦੀ ਭਾਸ਼ਾ ਵੀ ਉਨੀ ਹੀ ਕੁਰੱਖਤ ਸੀ, ਗਾਲ਼੍ਹਾਂ ਨਾਲ਼ ਭਰੀ ਹੋਈ, ਜਦਕਿ ਉਹ ਹੌਲ਼ੀ ਅਤੇ ਸ਼ਾਂਤ ਲਹਿਜੇ ਨਾਲ਼ ਗੱਲ ਕਰਦਾ ਸੀ ਅਤੇ ਹੱਥਾਂ ਨਾਲ਼ ਸੰਕੇਤ ਵਗੈਰਾ ਵੀ ਬਹੁਤ ਹੀ ਘੱਟ ਕਰਦਾ ਸੀ।

"ਬਿਲਕੁਲ ਪੱਤਝੜ ਦੇ ਪਰਨਾਲ਼ੇ ਵਰਗੀ," ਇਹ ਉਸਦੀ ਗੱਲਬਾਤ ਦੀ ਅਨਾਤੋਲੀ ਦੁਆਰਾ ਦਿੱਤੀ ਪ੍ਰੀਭਾਸ਼ਾ ਸੀ।

ਮੈਨੂੰ ਯਾਦ ਨਹੀਂ ਕਿ ਕਬਾਨੋਵ ਨੂੰ ਮੈਂ ਕਦੇ ਹੱਸਦਾ ਵੇਖਿਆ ਹੋਵੇ ਪਰ ਉਸਦੀ ਮੁਸਕਰਾਹਟ ਬਹੁਤ ਬੁਰੀ ਲੱਗਦੀ ਸੀ। ਉਸਦੇ ਪਤਲੇ ਬੁੱਲ ਹੋਰ ਬੁਰੀ ਤਰ੍ਹਾਂ ਮਿਚ ਜਾਂਦੇ ਸਨ ਅਤੇ ਗੱਲਾਂ ਦੀ ਰੁੱਖੀ ਚਮੜੀ ਸੁੰਗੜ ਕੇ ਅੱਖਾਂ ਕੋਲ਼ ਸਿਮਟ ਜਾਂਦੀ ਸੀ। ਉਸਦੇ ਪਿਤਾ ਜੀ ਸਾਬਕਾ ਫੌਜੀ ਸਨ

ਅਤੇ ਕਿਸੇ ਸਰਕਾਰੀ ਦਫਤਰ ਵਿੱਚ ਚੌਂਕੀਦਾਰ ਦਾ ਕੰਮ ਕਰਦੇ ਸਨ। ਪੁੱਤਰ ਉਹਨਾਂ ਨਾਲ਼ ਨਹੀਂ ਰਿਹਾ।

"ਮੈਨੂੰ ਘਰ ਛੱਡਣਾ ਪਿਆ," ਉਸਨੇ ਦੱਸਿਆ ਅਤੇ ਆਪਣੇ ਪਿਤਾ ਅਤੇ ਦੂਜੇ ਲੋਕਾਂ ਦੀ ਨਕਲ ਕਰਦਿਆਂ ਦਿਖਾਇਆ ਕਿ ਕਿਵੇਂ ਉਹ ਉਸਨੂੰ ਕੁੱਟਦੇ, ਮਾਰਦੇ ਅਤੇ ਉਸਦੀ ਖੱਲ ਉਧੇੜਦੇ ਸਨ। ਉਹ ਸ਼ਹਿਰ ਦੇ ਆਂਗਨਵਾੜੀ ਸਕੂਲ ਵਿੱਚ ਪੜ੍ਹਿਆ, ਪਰ ਤੀਜੀ ਕਲਾਸ ਵਿੱਚ ਉਸਨੂੰ ਉੱਥੋਂ ਕੱਢ ਦਿੱਤਾ ਗਿਆ। ਉਸਦੇ ਪਿਤਾ ਨੇ ਉਸਨੂੰ ਕੰਮ ਸਿੱਖਣ ਲਈ ਇੱਕ ਖੱਲ-ਵਿਕਰੇਤਾ ਕੋਲ਼ ਭੇਜ ਦਿੱਤਾ, ਇਸ ਤੋਂ ਬਾਅਦ ਉਸਨੇ ਇੱਕ ਤਤਾਰ ਦੇ ਚਮੜਾ ਰੰਗਣ ਦੇ ਕਾਰਖਾਨੇ ਵਿੱਚ ਕੰਮ ਕੀਤਾ, ਅਤੇ ਬਾਅਦ ਵਿੱਚ ਉਸਨੂੰ ਸੜਕ 'ਤੇ ਬੱਤੀਆਂ ਜਗਾਉਣ ਦਾ ਕੰਮ ਮਿਲ਼ ਗਿਆ। ਪਰ ਉਹ ਕਿਸੇ ਕੰਮ ਵਿੱਚ ਵੀ ਫਿੱਟ ਨਾ ਬੈਠਿਆ। ਬੇਕਾਰੀ ਦੇ ਦਿਨਾਂ ਵਿੱਚ ਉਹ ਅਰਸਕ ਦੇ ਇੱਕ ਛੋਟੇ ਜਿਹੇ ਖੜੋਤ ਮਾਰੇ ਸ਼ਹਿਰ ਵਿੱਚ ਚਲਿਆ ਜਾਂਦਾ, ਜਿੱਥੇ ਉਸਦਾ ਚਾਚਾ ਪੁਲਿਸ ਵਿੱਚ ਸਿਪਾਹੀ ਸੀ।

"ਮੇਰਾ ਚਾਚਾ ਸਿਆਣਾ ਬੰਦਾ ਹੈ, ਪਰ ਬਾਪ ਸੂਰ ਹੈ," ਉਸਨੇ ਪੂਰੇ ਵਿਸ਼ਵਾਸ ਨਾਲ਼ ਅਤੇ ਸ਼ਾਂਤ ਭਾਵ ਨਾਲ਼ ਕਿਹਾ। ਉਹਨੀਂ ਦਿਨੀਂ ਉਹ ਕੋਈ ਕੰਮ ਨਹੀਂ ਸੀ ਕਰਦਾ ਅਤੇ ਸਾਨੂੰ ਖੁੱਲਮ-ਖੁੱਲਾ ਦੱਸਦਾ ਹੁੰਦਾ ਸੀ ਕਿ ਉਹ ਇੱਕ ਖਿਡਾਉਣੇ ਵੇਚਣ ਵਾਲ਼ੀ ਔਰਤ ਨਾਲ਼ ਰਹਿੰਦਾ ਸੀ।

ਉਹ ਬਹੁਤ ਬੁਰੇ ਪ੍ਰਭਾਵ ਵਾਲ਼ਾ ਬੰਦਾ ਸੀ ਅਤੇ ਉਸਦੀਆਂ ਗੱਲਾਂ ਸਾਨੂੰ ਸਾਰਿਆਂ ਨੂੰ ਹੀ ਬੁਰੀਆਂ ਲੱਗਦੀਆਂ ਸਨ ਅਤੇ ਕਦੇ-ਕਦੇ ਤਾਂ ਬਹੁਤ ਗੁੱਸਾ ਆਉਂਦਾ, ਪਰ ਇਸ ਸਭ ਦੇ ਬਾਵਜੂਦ ਉਸ ਵਿੱਚ ਕੋਈ ਅਜਿਹੀ ਗੱਲ ਸੀ ਜਿਹੜੀ ਸਾਨੂੰ ਉਸ ਵੱਲ ਖਿੱਚਦੀ ਸੀ, ਇੱਕ ਕਠੋਰ ਅਤੇ ਦੁਖਦਾਈ ਸੱਚ ਦਾ ਚੁੰਬਕ।

"ਬਹੁਤ ਘਟੀਆ ਆਦਮੀ ਹੈ, ਪਰ ਸ਼ੈਤਾਨ ਜਾਣਦਾ ਬਹੁਤ ਕੁਝ ਹੈ!" ਗੂਰੀ ਪਲੇਤਨੇਓਵ ਨੇ ਤਿਉੜੀ ਚੜ੍ਹਾ ਕੇ ਕਿਹਾ।

ਕਬਾਨੋਵ ਨੇ ਸਾਡੇ ਨਾਲ਼ੋਂ ਘੱਟ ਪੜ੍ਹਿਆ ਸੀ, ਪਰ ਸਾਡੇ ਨਾਲੋਂ ਕਿਤੇ ਵੱਧ ਜਾਣਦਾ ਸੀ। ਕਿਤਾਬਾਂ ਅਤੇ ਲੇਖਾਂ ਨੂੰ ਉਹ ਸ਼ੱਕ ਦੀ ਨਜ਼ਰ ਨਾਲ਼ ਦੇਖਿਆ ਕਰਦਾ ਸੀ। ਉਹ ਕਿਹਾ ਕਰਦਾ ਸੀਃ

"ਕਿਤਾਬ ਤਾਂ ਬਸ ਕਿਤਾਬ ਹੀ ਹੁੰਦੀ ਹੈ, ਮੇਰੇ ਦੋਸਤ, ਇਸ ਨਾਲ਼ੋਂ ਤਾਂ ਚੰਗਾ ਹੈ ਕਿ ਤੁਸੀਂ ਖੁਦ ਸੁੰਘ ਕੇ ਵੇਖ ਲਵੋ ਕਿ ਗੰਧ ਕਾਹਦੀ ਹੈ। ਜਦੋਂ ਮੈਂ ਸਿਗਰਟ ਸੁਲਘਾਉਂਦਾ ਹਾਂ ਤੇ ਕੁਝ ਸੋਚਣਾ ਸ਼ੁਰੂ ਕਰਦਾ ਹਾਂ, ਤਾਂ ਪੜ੍ਹਾਈ ਕਰਨ ਨਾਲ਼ੋਂ ਗੱਲ ਕਿਤੇ ਜ਼ਿਆਦਾ ਸਾਫ਼ ਹੋ ਜਾਂਦੀ ਹੈ।"

ਉਸਨੇ ਜ਼ਗੋਸਕਿਨ, ਲਾਜ਼ੇਚਨਿਕੋਵ ਅਤੇ ਮਸਾਲਸਕੀ ਦੇ ਸਾਰੇ ਇਤਿਹਾਸਕ ਨਾਵਲ ਪੜ੍ਹੇ ਹੋਏ ਸਨ ਅਤੇ ਮਾਈਨ ਰੀਡ, ਜ.ਫ਼ੇਨੀਮੋਰ ਕੂਪਰ, ਏਮਾਰ ਅਤੇ ਜੂਲ ਵੇਰਨ ਦੀਆਂ ਸਾਰੀਆਂ ਪੜ੍ਹਨਯੋਗ ਰਚਨਾਵਾਂ ਵੀ ਪੜ੍ਹ ਮਾਰੀਆਂ ਸਨ, ਪਰ ਉਹ ਦੰਦ ਪੀਹ ਕੇ ਸਿਰਫ਼ ਇੱਕੋ ਸ਼ਬਦ ਕਹਿੰਦਾ ਅਤੇ ਇਸ ਪੂਰੇ ਸਾਹਿਤ 'ਤੇ ਪਾਣੀ ਫੇਰ ਦਿੰਦਾਃ

"ਬਕਵਾਸ!"

ਜਾਪਦਾ ਸੀ ਕਿ ਯੇਲੇਓਨਸਕੀ-ਮਿਲੋਵਸਕੀ ਕਬਾਨੋਵ ਦੀ ਬਹੁਤ ਕਦਰ ਕਰਦਾ ਸੀ, ਉਸਦੇ ਸਵਾਲਾਂ ਨੂੰ ਉਹ ਧਿਆਨ ਨਾਲ਼ ਸੁਣਦਾ ਅਤੇ ਵਿਸਤਾਰਪੂਰਬਕ ਜਵਾਬ ਦਿੰਦਾ। ਉਹ ਅਕਸਰ ਕਬਾਨੋਵ ਨਾਲ਼ ਘੁਸਰ-ਮੁਸਰ ਕਰਿਆ ਕਰਦਾ ਸੀ ਅਤੇ ਕਈ ਵਾਰ ਸਾਨੂੰ ਵਿਦਾ ਕਰਨ ਲਈ ਬਾਹਰ ਆਉਣ ਵੇਲ਼ੇ ਉਸਨੇ ਕਬਾਨੋਵ ਨੂੰ ਕਮਰੇ ਵਿੱਚ ਹੀ ਬੈਠੇ ਰਹਿਣ ਨੂੰ ਕਿਹਾ ਸੀ। ਜਿੱਥੋਂ ਤੱਕ ਕਬਾਨੋਵ ਦਾ ਸਵਾਲ ਹੈ, ਉਹ ਯੇਲੇਓਨਸਕੀ ਨੂੰ ਟੇਢੀ ਨਜ਼ਰ ਨਾਲ਼ ਦੇਖਦਾ ਸੀ, ਉਸਨੂੰ ਅੱਖੜ ਅਤੇ ਬੇਜ਼ਤੀ ਭਰੇ ਲਹਿਜੇ ਵਿੱਚ ਸੰਬੋਧਨ ਕਰਦਾ, ਉਸਦੀਆਂ ਕਿਤਾਬਾਂ ਪੜ੍ਹਨ ਤੋਂ ਇਨਕਾਰ ਕਰਦਾ ਅਤੇ ਉਹਨਾਂ ਦੀ ਬਜਾਏ ਦੂਜੀਆਂ ਕਿਤਾਬਾਂ ਮੰਗਦਾ। ਮੈਨੂੰ ਅਤੇ ਅਨਾਤੋਲੀ ਨੂੰ ਸਰਕਲ ਦਾ ਲੀਡਰ ਬਿਲਕੁਲ ਪਸੰਦ ਨਹੀਂ ਸੀ। ਉਹ ਢਿੱਲੜ ਜਿਹਾ ਬੰਦਾ ਸੀ ਅਤੇ ਉਸਦੀਆਂ ਗੱਲਾਂ ਕਿਤਾਬੀ ਅਤੇ ਬੇਸੁਆਦੀਆਂ ਜਿਹੀਆਂ ਹੁੰਦੀਆਂ।

"ਬੁਝੇ ਹੋਏ ਕੋਲੇ ਵਰਗੀਆਂ ਗੱਲਾਂ ਨੇ ਉਸਦੀਆਂ" ਅਨਾਤੋਲੀ ਦੀ ਪ੍ਰੀਭਾਸ਼ਾ ਸੀ।

ਅਸੀ ਯੇਲੇਓਨਸਕੀ ਦੇ ਕੰਮ ਦੇ ਖਤਰੇ ਨੂੰ ਨਹੀਂ ਸਮਝਦੇ ਸਾਂ, ਇਸ ਲਈ ਉਸਦੀ ਸਾਜਸ਼ੀ ਸਾਵਧਾਨੀ 'ਤੇ ਹੱਸਿਆ ਵੀ ਕਰਦੇ ਅਤੇ ਨਾਰਾਜ਼ ਵੀ ਹੁੰਦੇ। ਉਹ ਜਾਰਜੀਏਵਸਕੀ ਸੜ੍ਹਕ 'ਤੇ ਆਪਣੇ ਤਹਿਖਾਨੇ ਵਿੱਚ ਸਾਨੂੰ ਚੋਰਾਂ ਵਾਂਗੂੰ ਮਿਲ਼ਿਆ ਕਰਦਾ ਸੀ।

"ਉਹ ਢਿੱਲਾ-ਢਾਲਾ ਬੰਦਾ ਹੈ," ਕਬਾਨੋਵ ਕਹਿੰਦਾ, "ਤੁਸੀਂ ਪਤਾ ਨਹੀਂ ਕਿਉਂ ਉਸਦੀ ਹਰ ਗੱਲ 'ਤੇ ਜਾਨ ਦੇਣ ਨੂੰ ਫਿਰਦੇ ਹੋ? ਤੁਸੀਂ ਤੇ ਤੁਹਾਡੇ ਬੇਅੰਤ ਸਵਾਲ! ਉਹ ਅਤੇ ਉਸਦੀਆਂ ਅਥਾਹ ਗੱਪਾਂ! ਚੰਗਾ, ਮੰਨ ਲਓ ਆਪਾਂ ਪੜ੍ਹੀ ਜਾਈਏ, ਪੜ੍ਹੀ ਜਾਈਏ! ਫਿਰ, ਕੀ ਹੋਊਗਾ?"

ਪਰ ਮੁਸ਼ਕਿਲ ਤਾਂ ਇਹੀ ਸੀ ਕਿ ਅਸੀਂ ਬੇਅੰਤ ਸਵਾਲ ਨਹੀਂ ਪੁੱਛਦੇ ਸਾਂ, ਅਤੇ ਨਾ ਹੀ ਖੁਦ ਨੂੰ ਇਹ ਪੁੱਛਦੇ ਸੀ ਕਿ "ਫਿਰ ਕੀ ਹੋਊਗਾ?"

ਯੇਲੇਓਨਸਕੀ ਨੇ ਸਾਡੇ ਨਾਲ਼ ਵ.ਵ. ਬੇਰਵੀ-ਫ਼ਲੇਰੋਵਸਕੀ ਦੀ ਕਿਤਾਬ 'ਸਮਾਜਿਕ ਵਿਗਿਆਨਾਂ ਦਾ ਮੁੱਢਲਾ ਗਿਆਨ' 'ਤੇ ਵਿਚਾਰ-ਚਰਚਾ ਕੀਤੀ ਅਤੇ ਭਾਵੇਂ ਉਹਨਾਂ ਦੀ ਗੱਲਬਾਤ ਖੁਸ਼ਕ ਅਤੇ ਬੇਸੁਆਦ ਜਿਹੀ ਸੀ, ਫਿਰ ਵੀ ਅਸੀਂ ਇਹ ਸਮਝਣ ਲੱਗ ਪਏ ਸੀ ਕਿ ਸਿਰਫ਼ ਕਿਸਾਨ ਦੀ ਕਿਰਤ ਹੀ ਲਾਹੇਵੰਦ ਮੰਨੀ ਜਾ ਸਕਦੀ ਹੈ, ਕਿਉਂਕਿ "ਇਹੀ ਉਹ ਕਿਰਤ ਹੈ ਜਿਸਤੋਂ ਸਾਰਾ ਸਰਲ ਅਤੇ ਸਿਆਣਾ ਸੱਚ, ਆਤਮਾ ਦਾ ਸਮੁੱਚਾ ਪ੍ਰਕਾਸ਼ ਅਤੇ ਨਿੱਘ ਉਤਪਨ ਹੁੰਦਾ ਹੈ।" ਇਹ ਸ਼ਹਿਰੀਆਂ ਦਾ ਫਰਜ਼ ਬਣਦਾ ਸੀ ਕਿ ਉਹ ਕਿਸਾਨਾਂ ਦੀ ਸੇਵਾ ਕਰਨ ਅਤੇ ਆਪਣੀ ਸਾਰੇ ਵਿਚਾਰ ਅਤੇ ਪੂਰੀ ਤਾਕਤ ਇਸੇ ਕੰਮ ਵਿੱਚ ਲਗਾ ਦੇਣ। ਅਸੀਂ ਜੋ ਕੁਝ ਵੀ ਪੜ੍ਹਦੇ ਸੀ ਉਸ ਤੋਂ ਇਹੀ ਆਸ ਰੱਖੀ ਜਾਂਦੀ ਸੀ ਕਿ ਇਹ ਇਸ ਸੱਚਾਈ ਦੇ ਨਿਰਵਿਵਾਦ ਹੋਣ ਦੀ ਪੁਸ਼ਟੀ ਕਰੇ। ਅਸਲ ਵਿੱਚ ਅਸੀਂ ਸਮਝਦੇ ਸਾਂ ਕਿ ਕਿਤਾਬਾਂ ਵਿੱਚ ਇਹੀ ਅਤੇ ਸਿਰਫ ਇਹੀ ਸੱਚ ਪੇਸ਼ ਕੀਤਾ ਗਿਆ ਸੀ।

"ਝੂਠ ਦੀ ਪੰਡ", ਕਬਾਨੋਵ ਨੇ ਹੌਲ਼ੀ ਪਰ ਦ੍ਰਿੜਤਾ ਨਾਲ਼ ਉਸ ਸਮੇਂ ਇਹ ਸ਼ਬਦ ਕਹੇ, ਜਦੋਂ ਮੈਂ ਅਤੇ ਅਨਾਤੋਲੀ ਜ਼ਲਾਤੋਵਰਾਤਸਕੀ ਦਾ ਇੱਕ ਲੇਖ 'ਕਿਸਾਨ ਪੰਚਾਇਤ ਮੈਂਬਰ'

ਪੜ੍ਹਨ ਤੋਂ ਬਾਅਦ ਪਲੇਤਨਿਓਵ ਨੂੰ ਆਪਣੀ ਰਾਏ ਦੱਸ ਰਹੇ ਸਾਂ। ਫਿਰ ਉਹ ਹੌਲ਼ੀ-ਹੌਲ਼ੀ ਪਿੰਡਾਂ ਦੀ ਜ਼ਿੰਦਗੀ ਬਾਰੇ, ਧਨੀ ਕਿਸਾਨਾਂ ਬਾਰੇ, ਉਹਨਾਂ ਸਹੁਰਿਆਂ ਬਾਰੇ ਜਿਹੜੇ ਆਪਣੀਆਂ ਨੂੰਹਾਂ ਨਾਲ਼ ਜ਼ਬਰਦਸਤੀ ਸੌਂਦੇ ਸਨ, ਵਿਧਵਾ ਕਿਸਾਨ ਔਰਤਾਂ ਅਤੇ ਆਮ ਤੌਰ 'ਤੇ ਪਿੰਡਾਂ ਦੀਆਂ ਔਰਤਾਂ ਦੀ ਔਖੀ ਜ਼ਿੰਦਗੀ ਬਾਰੇ ਦੱਸਦਾ ਰਿਹਾ। ਫੌਜ 'ਚ ਨੌਕਰੀ ਕਰਨ ਵਾਲ਼ੇ ਕਿਸਾਨਾਂ ਬਾਰੇ ਉਸਨੇ ਬਹੁਤ ਬੁਰੀਆਂ ਗੱਲਾਂ ਦੱਸੀਆਂ। ਉਹ ਹੌਲ਼ੀ-ਹੌਲ਼ੀ ਅਤੇ ਕੁਚੱਜੇ ਢੰਗ ਨਾਲ਼ ਗੱਲ ਕਰਦਾ, ਜਿਸ ਵਿੱਚ ਗੰਦੀਆਂ ਗਾਲ਼ਾਂ ਦੇ ਭੰਡਾਰ ਰਲ਼ੇ ਹੁੰਦੇ, ਅਤੇ ਸ਼ਬਦ ਉਸਦੇ ਬੁੱਲਾਂ 'ਚੋਂ ਤੰਬਾਕੂ ਦੇ ਧੂੰਏ ਦੇ ਨਾਲ਼-ਨਾਲ਼ ਨਿੱਕਲ਼ਦੇ ਸਨ। ਉਸਦੇ ਚਿਹਰੇ ਦਾ ਮਰੋੜ, ਉਸਦੀ ਨਿਰੰਤਰ ਖੰਘ ਅਤੇ ਅੱਖਾਂ ਝਪਕਣ ਦੇ ਢੰਗ ਤੋਂ ਇੰਜ ਜਾਪਦਾ ਸੀ ਜਿਵੇਂ ਉਸਦੇ ਸੀਨੇ ਵਿੱਚ ਕੋਈ ਅੱਗ ਸੁਲਘ ਰਹੀ ਹੋਵੇ ਜਿਹੜੀ ਕਿਸੇ ਵੀ ਪਲ ਭੜਕ ਕੇ ਬਾਕੀਆਂ ਨੂੰ ਸੁਆਹ ਕਰ ਸਕਦੀ ਹੈ। ਪਰ ਉਸਦੇ ਅੰਦਰ ਨਾ ਤਾਂ ਕੋਈ ਅੱਗ ਹੀ ਭੜਕੀ ਅਤੇ ਨਾ ਹੀ ਉਸਨੇ ਕਿਸੇ ਨੂੰ ਸਾੜ ਕੇ ਸੁਆਹ ਕੀਤਾ ਅਤੇ ਉਹ ਹਰ ਚੀਜ਼ ਬਾਰੇ ਬਿਨਾਂ ਕਿਸੇ ਉਤੇਜਨਾ ਤੋਂ, ਸ਼ਾਂਤ ਭਾਵ ਨਾਲ਼ ਬੋਲਿਆ ਕਰਦਾ ਸੀ, ਜਿਵੇਂ ਇਹ ਕੋਈ ਸਥਾਈ ਅਤੇ ਅਟੱਲ ਸੱਚਾਈ ਹੋਵੇ। ਇਸ ਨਾਲ਼ ਸਾਨੂੰ ਬਹੁਤ ਦੁੱਖ ਹੁੰਦਾ ਪਰ ਥੋੜੀ ਦੇਰ ਲਈ ਹੀ।

"ਨਿਕੋਲਾਈ ਉਸਪੇਂਸਕੀ ਨੂੰ ਹੀ ਲੈ ਲਓ", ਉਹ ਸਾਨੂੰ ਕਿਹਾ ਕਰਦਾ "ਉਹ ਆਦਮੀ ਹੈ ਜਿਹੜਾ ਬਿਲਕੁਲ ਸੱਚ ਲਿਖਦਾ ਹੈ। ਰੇਸ਼ੇਤਨੀਕੋਵ ਵੀ, ਅਤੇ ਜਿੱਥੋਂ ਤੱਕ ਦੂਜੇ ਉਸਪੇਂਸਕੀ ਦਾ ਸਵਾਲ ਹੈ ਤਾਂ ਇਸ ਬਾਰੇ ਸਾਨੂੰ ਸੋਚਣਾ ਪਵੇਗਾ। ਜਿਵੇਂ ਕਿ ਕਹਾਵਤ ਕਹਿੰਦੀ ਹੈ, ਲੁੱਕ ਵਾਲ਼ੀ ਕੰਧ 'ਤੇ ਤੁਸੀਂ ਕਲੀ ਨਹੀਂ ਪੋਚ ਸਕਦੇ।"

ਅਸੀਂ ਉਸ ਨਾਲ਼ ਤਰਕ ਕਰਨਾ ਚਾਹੁੰਦੇ ਸਾਂ ਪਰ ਸਾਨੂੰ ਸਾਧਨਾਂ ਦੀ ਕਮੀ ਮਾਰ ਜਾਂਦੀ। ਪੇਂਡੂ ਜੀਵਨ ਬਾਰੇ ਅਸੀਂ ਸਿਰਫ਼ ਕਿਤਾਬਾਂ ਰਾਹੀਂ ਹੀ ਜਾਣਦੇ ਸਾਂ, ਜਦਕਿ ਕਬਾਨੋਵ ਨਾ ਸਿਰਫ ਕਜ਼ਾਨ ਗੁਬੇਰਨੀਆ ਸਗੋਂ ਸਿਮਬਰਸਕ ਅਤੇ ਵਿਆਤਕਾ ਗੁਬੇਰਨੀਆ ਦੀ ਪੇਂਡੂ ਜ਼ਿੰਦਗੀ ਤੋਂ ਵੀ ਭਲੀ-ਭਾਂਤ ਜਾਣੂ ਸੀ।

"ਵਿਆਤਕਾ ਗੁਬੇਰਨੀਆ ਦੇ ਲੋਕ ਜ਼ਿਆਦਾ ਗਰੀਬ ਹਨ", ਉਸਨੇ ਕਿਸੇ ਪ੍ਰਸੰਗ ਵਿੱਚ ਸਾਨੂੰ ਦੱਸਿਆ, "ਪਰ ਜ਼ਿਆਦਾ ਪੜ੍ਹੇ-ਲਿਖੇ ਹਨ।" ਅਸੀਂ ਇਸਦੀ ਜਾਂਚ ਕਰਵਾਈ ਅਤੇ ਦੇਖਿਆ ਕਿ ਇਹ ਸਹੀ ਸੀ।

ਸਾਹਿਤ ਬਾਰੇ ਉਸਦੇ ਮੁਲਾਂਕਣ ਦਾ ਖੁਲਾਸਾ ਇਹਨਾਂ ਸ਼ਬਦਾਂ ਵਿੱਚ ਕੀਤਾ ਜਾ ਸਕਦਾ ਹੈ: ਜੋ ਵੀ ਬੁਰਾ ਹੈ ਉਹ ਸੱਚ ਹੈ, ਪਰ ਜੋ ਵੀ ਸਕਾਰਾਤਮਕ ਹੈ ਉਹ ਜ਼ਰੂਰ ਹੀ "ਝੂਠ ਦੀ ਪੰਡ" ਹੈ। ਮੈਂ ਅਤੇ ਅਨਾਤੋਲੀ ਆਪਣੇ ਨਿੱਜੀ ਤਜਰਬੇ ਤੋਂ ਇਹ ਗੱਲ ਜਾਣਦੇ ਸਾਂ ਕਿ ਜ਼ਿੰਦਗੀ ਵਿੱਚ ਜਿੰਨੀ ਚੰਗਿਆਈ ਹੈ ਉਸਤੋਂ ਕਿਤੇ ਵੱਧ ਬੁਰਾਈ ਹੈ। ਅਤੇ ਫਿਰ ਸੱਚਾਈ ਤਾਂ ਅਸੀਂ ਸਿਰਫ਼ ਕਿਤਾਬਾਂ ਵਿੱਚ ਹੀ ਦੇਖੀ ਸੀ। "ਸੋਨੇ ਦੇ ਦਿਲ ਵਾਲ਼ੇ", ਜਿਹੜੇ ਸਾਨੂੰ ਕਿਤਾਬਾਂ ਵਿੱਚ ਮਿਲ਼ਿਆ ਕਰਦੇ ਸਨ, ਬਹੁਤ ਜਜ਼ਬਾਤੀ ਹੁੰਦੇ ਸਨ, ਅਤੇ ਆਮ ਤੌਰ 'ਤੇ ਰਈਸ ਤੇ ਪੂਰੀ ਤਰ੍ਹਾਂ ਤਰਾਸ਼ੇ ਹੁੰਦੇ ਸਨ—ਅਜਿਹੇ ਲੋਕ ਸਾਨੂੰ ਜ਼ਿੰਦਗੀ ਵਿੱਚ ਕਿਤੇ ਨਹੀਂ ਮਿਲ਼ੇ। ਯੇਲੇਓਨਸਕੀ ਅਤੇ ਸਾਡੇ ਹੋਰ ਸੂਝਵਾਨ ਲੋਕ ਸਾਨੂੰ ਕਿਸੇ ਤਰ੍ਹਾਂ ਵੀ ਸਵੇਤਲੋਵ, ਸਤੋਜ਼ਾਰੋਵ ਅਤੇ ਅਜਿਹੇ

ਹੋਰ ਪਾਤਰਾਂ ਨਾਲ਼ ਮਿਲ਼ਦੇ-ਜੁਲਦੇ ਨਹੀਂ ਜਾਪਦੇ ਸਨ, ਜਿਹਨਾਂ ਨੂੰ ਜ਼ਲਾਤੋਵਰਾਤਸਕੀ, ਓਮੂਲੇਵਸਕੀ, ਮੋਰਦੋਵਤਸੇਵ, ਜ਼ਸੋਦੀਮਸਕੀ, ਨੇਫੇਦੋਵ ਆਦਿ ਨੇ ਆਪਣੀਆਂ ਕਿਤਾਬਾਂ ਵਿੱਚ ਪੇਸ਼ ਕੀਤਾ ਸੀ। ਪਰ ਫਿਰ ਵੀ ਅਸੀਂ ਕਬਾਨੋਵ ਨਾਲ਼ ਸਹਿਮਤ ਹੋਣੋਂ ਝਿਜਕਦੇ ਸਾਂ, ਖੌਰੇ ਇਸ ਕਰਕੇ:

ਕਰਦਾ ਜੋ ਵਡਿਆਈਆਂ, ਸਾਨੂੰ ਝੂਠ ਪਿਆਰਾ ਲੱਗਦਾ।
ਚਿਹਰੇ ਅੱਗੇ ਸ਼ੀਸ਼ਾ ਕਰ ਦਏ, ਸੱਚ ਵਿਹੁ ਵਰਗਾ ਜਾਪੇ।

ਦੂਜਾ ਕਾਰਨ ਇਹ ਸੀ ਕਿ ਅਸੀਂ ਕੋਈ ਅਜਿਹੀ ਪਨਾਹ ਲੱਭ ਰਹੇ ਸਾਂ ਜਿਹੜੀ ਵਿਚਾਰਧਾਰਕ ਨਜ਼ਰੀਏ ਤੋਂ ਸੁਵਿਧਾਜਨਕ ਹੋਵੇ, ਅਤੇ 'ਨਰੋਦਨਿਕ' ਲਹਿਰ ਸਾਨੂੰ ਕਾਫ਼ੀ ਸੁਵਿਧਾਜਨਕ ਜਾਪੀ। ਅਸੀਂ ਜਾਣਦੇ ਸਾਂ ਕਿ ਕਬਾਨੋਵ ਦੀਆਂ ਗੱਲਾਂ ਵਿੱਚ ਬਹੁਤ ਸੱਚਾਈ ਸੀ ਅਤੇ ਇਸੇ ਗੱਲ ਕਰਕੇ ਅਸੀਂ ਉਸਨੂੰ ਹੋਰ ਵੀ ਨਾਪਸੰਦ ਕਰਨ ਲੱਗ ਪੈਂਦੇ।

"ਸਵਰਗ-ਪ੍ਰਵੇਸ਼ (ਤਿਓਹਾਰ) ਵਾਲ਼ੇ ਦਿਨ ਮੇਰੇ ਨਾਲ਼ ਅਰਸਕ ਚੱਲੋ", ਉਸਨੇ ਜ਼ੋਰ ਪਾਉਂਦਿਆਂ ਕਿਹਾ, "ਉੱਥੇ ਅਸੀਂ ਮੇਰੇ ਚਾਚੇ ਦੇ ਘਰ ਰਹਾਂਗੇ, ਅਤੇ ਉਹ ਤੁਹਾਨੂੰ ਪਿੰਡਾਂ ਦੀ ਜ਼ਿੰਦਗੀ ਬਾਰੇ ਬਹੁਤ ਕੁਝ ਦੱਸੇਗਾ!"

"ਕੌਣ, ਜਿਹੜਾ ਸਿਪਾਹੀ ਹੈ?"

"ਤਾਂ ਕੀ ਹੋਇਆ! ਉਹ ਤੁਹਾਨੂੰ ਐਨੀਆਂ ਗੱਲਾਂ ਦੱਸੇਗਾ ਜਿੰਨੀਆਂ ਕੋਈ ਪ੍ਰੋਫੈਸਰ ਵੀ ਨਹੀਂ ਦੱਸ ਸਕਦਾ। ਉਹ ਚੰਗੀ ਤਰ੍ਹਾਂ ਸਮਝਾਉਂਦਾ ਹੈ, ਪਾਦਰੀ ਵਾਂਗੂੰ ਲੀਡਰ ਨਹੀਂ ਬਣਦਾ, ਜਿਹੜਾ ਆਪਣੀ ਹਰ ਗੱਲ 'ਤੇ ਯਕੀਨ ਕਰਨ ਦਾ ਹੁਕਮ ਦਿੰਦਾ ਹੈ।"

ਪੱਤਝੜ ਵਿੱਚ ਕਬਾਨੋਵ ਲਾਪਤਾ ਹੋ ਗਿਆ ਪਰ ਸਾਨੂੰ ਇਸ ਗੱਲ ਦਾ ਕੋਈ ਦੁੱਖ ਨਾ ਹੋਇਆ ਅਤੇ ਮੇਰੇ ਖਿਆਲ ਵਿੱਚ ਕੁਝ ਦਿਨਾਂ ਤੱਕ ਤਾਂ ਉਹ ਯਾਦ ਵੀ ਨਾ ਆਇਆ। ਪਰ ਕੁਝ ਦਿਨਾਂ ਬਾਅਦ ਉਹ ਯਾਦ ਆਇਆ ਅਤੇ ਵਾਰ-ਵਾਰ ਆਇਆ। ਜਦੋਂ ਮੈਂ ਪ੍ਰੇਤਜ਼ੇਲ (ਬੀਅਰ ਨਾਲ਼ ਖਾਧਾ ਜਾਣ ਵਾਲਾ ਇੱਕ ਪ੍ਰਕਾਰ ਦਾ ਬਿਸਕੁਟ —ਅਨੁ.) ਬਣਾਉਣ ਵਾਲ਼ੀ ਬੇਕਰੀ ਵਿੱਚ ਕੰਮ ਕਰਨ ਲੱਗ ਪਿਆ ਤਾਂ ਮੈਨੂੰ ਕੋਈ ਡੇਢ ਕੁ ਸਾਲਾਂ ਲਈ ਸਟੱਡੀ ਸਰਕਲ ਤੋਂ ਗੈਰ-ਹਾਜ਼ਰ ਰਹਿਣਾ ਪਿਆ, ਅਤੇ ਬੁੱਧੀਜੀਵੀਆਂ ਨੂੰ ਮਿਲਣ ਦੇ ਮੌਕੇ ਵੀ ਘੱਟ ਹੀ ਮਿਲ਼ੇ। ਬੇਕਰੀ ਵਿੱਚ ਛੱਬੀ ਜਣੇ ਪ੍ਰੇਤਜ਼ੇਲ ਬਣਾਉਣ ਅਤੇ ਪੰਜ ਆਦਮੀ ਬਰੈੱਡ ਬਣਾਉਣ ਲਈ ਰੱਖੇ ਹੋਏ ਸਨ। ਦੋਨੋਵ ਅਤੇ ਕੁਵਸ਼ੀਨੋਵ ਬੇਕਰੀ ਦੇ ਮਾਲਿਕ ਸਨ। ਉੱਥੇ ਮੈਨੂੰ ਅਕਸਰ ਕੰਮ ਮਿਲ਼ ਜਾਂਦਾ ਸੀ ਜਿਸ ਦੌਰਾਨ ਮੈਂ ਦੇਖਿਆ ਕਿ ਜਦੋਂ ਕਦੇ ਕਿਸੇ ਬੇਕਰੀ ਵਾਲ਼ੇ ਨੂੰ ਕੋਈ ਵੱਡਾ ਜਾਂ ਮਹੱਤਵਪੂਰਨ ਆਰਡਰ ਮਿਲ਼ਦਾ ਤਾਂ ਉਹ ਹੋਰ ਬੇਕਰੀਆਂ ਤੋਂ ਨਾਨਬਾਈ "ਉਧਾਰ" ਮੰਗ ਕੇ ਲੈ ਜਾਂਦਾ। ਇਸ ਤਰ੍ਹਾਂ ਮੈਨੂੰ ਸੈਂਕੜੇ ਨਾਨਬਾਈਆਂ ਦੀ ਜ਼ਿੰਦਗੀ ਨੂੰ ਨੇੜਿਓਂ ਵੇਖਣ ਦਾ ਮੌਕਾ ਮਿਲ਼ਿਆ, ਅਤੇ ਹੌਲ਼ੀ-ਹੌਲ਼ੀ ਕਹੇ ਗਏ, ਕੌੜੇ ਸ਼ਬਦ "ਜੋ ਵੀ ਬੁਰਾ ਹੈ ਸੱਚ ਹੋਵੇਗਾ" ਅਕਸਰ ਮੈਨੂੰ ਯਾਦ ਆਉਂਦੇ।

ਇਹ ਬਿਸਕੁਟ ਬਣਾਉਣ ਵਾਲ਼ੇ ਲੋਕ ਕਜ਼ਾਨ ਗੁਬੇਰਨੀਆਂ ਦੇ ਇੱਕ ਹੀ ਇਲਾਕੇ ਦੇ ਰਹਿਣ ਵਾਲ਼ੇ ਸਨ, ਠੀਕ ਕਿਸ ਇਲਾਕੇ ਦੇ, ਮੈਂ ਭੁੱਲ ਗਿਆ, ਪਰ ਮੈਨੂੰ ਕੁਝ ਪਿੰਡਾਂ ਦੇ ਨਾਮ ਯਾਦ ਹਨ ਜਿਵੇਂ ਕਿ ਕਰਗੁਜ਼ਾ, ਸੋਬਾਕਿਨੋ ਅਤੇ ਕਲੇਤਨੀ। ਆਪਣੇ ਸਾਥੀ ਨਾਨਬਾਈਆਂ ਵਿੱਚ ਮੇਰੀ ਇੱਕ ਖਾਸ ਹੈਸੀਅਤ ਸੀ ਜਿਸ ਕਾਰਨ ਈਸਟਰ ਦੇ ਹਫ਼ਤੇ ਦੌਰਾਨ ਉਹਨਾਂ ਨੇ ਮੈਨੂੰ ਆਪਣੇ ਪਿੰਡਾਂ ਵੱਲ ਆਉਣ ਦਾ ਸੱਦਾ ਦਿੱਤਾ। ਮੈਂ ਸੱਦਾ ਸਵੀਕਾਰ ਕਰ ਲਿਆ ਅਤੇ ਦੋ ਹਫ਼ਤਿਆਂ ਤੱਕ ਇੱਕ ਪਿੰਡ ਤੋਂ ਦੂਜੇ ਪਿੰਡ ਤੱਕ ਘੁੰਮਦਾ ਰਿਹਾ। ਮੈਂ ਬਹੁਤ ਵੋਦਕਾ ਪੀਤੀ ਭਾਵੇਂ ਕਿ ਇਹ ਮੈਨੂੰ ਪਸੰਦ ਨਹੀਂ ਸੀ, ਅਤੇ ਜਦੋਂ ਕਦੇ ਲੜਾਈ ਹੋਈ ਤਾਂ ਆਪਣੇ ਮੇਜ਼ਬਾਨ ਦੇ ਪੱਖ ਵਿੱਚ ਖ਼ੂਬ ਡਟ ਕੇ ਲੜਿਆ ਅਤੇ ਬਜ਼ੁਰਗ ਬੁੱਢੇ-ਬੁੱਢੀਆਂ ਲਈ ਇਹ ਬਹੁਤ ਦਿਲਚਸਪ ਰਿਹਾ ਕਿ ਮੈਂ ਕੁੜੀਆਂ ਨੂੰ "ਛੇੜਨ" ਦੀ ਬਜਾਏ ਉਹਨਾਂ ਨੂੰ ਬਹੁਤ ਨਰਮੀ ਨਾਲ਼ ਸੰਬੋਧਨ ਕਰਦਾ ਸੀ। ਮੇਰਾ ਅਜਿਹਾ ਰਵੱਈਆ ਹੈਰਾਨੀ ਅਤੇ ਮਜ਼ਾਕ ਦਾ ਵਿਸ਼ਾ ਸੀ, ਆਖਿਰਕਾਰ ਬੁੱਢੇ ਕੂਜ਼ਿਨ ਨੇ, ਜਿਹੜਾ ਪਾਖੰਡੀ ਆਦਮੀ ਸੀ ਅਤੇ ਸਾਡੇ ਮਾਲਿਕ ਦਾ ਚਮਚਾ ਸੀ, ਜਿਸ ਲਈ ਉਸਦੇ ਸਾਥੀ ਉਸਨੂੰ ਜੁਡਾਸ ਕਹਿੰਦੇ ਹੁੰਦੇ ਸਨ, ਮੈਨੂੰ ਉਪਦੇਸ਼ ਦੇਣ ਦੇ ਲਹਿਜੇ ਵਿੱਚ ਕਿਹਾ:

"ਕੁੜੀਆਂ ਨੂੰ ਦੇਖ ਕੇ ਨੱਕ ਨਹੀਂ ਚੜਾਉਣਾ ਚਾਹੀਦਾ ਅਤੇ ਨਾ ਸੰਤ-ਮਹਾਤਮਾ ਬਣਨਾ ਚਾਹੀਦਾ ਹੈ। ਸੰਤਾਂ ਵਿੱਚ ਕੋਈ ਕਿਸਾਨ ਨਹੀਂ ਹੈ।"

ਮੈਂ ਜਵਾਬ ਦਿੱਤਾ ਕਿ ਮੈਂ ਸੰਤ ਨਹੀਂ ਬਣ ਰਿਹਾ ਪਰ ਮੈਂ ਕੋਈ ਕਿਸਾਨ ਵੀ ਨਹੀਂ ਹਾਂ।

"ਇੱਕੋ ਗੱਲ ਹੈ", ਉਸਨੇ ਕਿਹਾ, "ਇੱਕ ਡਾਰ ਦੇ ਪੰਛੀ ਇਕੱਠੇ ਹੀ ਉੱਡਦੇ ਹੁੰਦੇ ਨੇ।"

ਮੈਨੂੰ ਯਾਦ ਨਹੀਂ ਕਿ ਇਹ ਸ਼ਬਦ ਸੁਣ ਕੇ ਮੇਰੇ ਮਨ ਵਿੱਚ ਕੀ ਖਿਆਲ ਆਏ, ਪਰ ਮੈਂ ਆਪਣੇ ਆਪ ਤੋਂ ਇੰਨਾ ਤਾਂ ਜ਼ਰੂਰ ਪੁੱਛਿਆ ਹੋਵੇਗਾ ਕਿ ਕੀ ਇਹ "ਕਿਸਾਨ-ਦਲ ਭਾਵਨਾ" ਹੈ ਜਿਹੜੀ ਕੂਜ਼ਿਨ ਦੇ ਸ਼ਬਦਾਂ ਵਿੱਚ ਪ੍ਰਗਟ ਹੋਈ ਹੈ। ਕੋਈ ਵੀਹ ਕੁ ਸਾਲਾਂ ਬਾਅਦ ਲਿਓਨਿਡ ਆਂਦਰੇਯੇਵ ਦੀ ਕਿਤਾਬ 'ਹਨੇਰਾ' ਪੜ੍ਹ ਕੇ ਉਸਦੇ ਇਹ ਸ਼ਬਦ ਮੈਨੂੰ ਯਾਦ ਆਏ।

ਉਸ ਸਮੇਂ "ਰੂਸੀ ਜੀਵਨ ਦੇ ਹਨੇਰਮਈ ਪੱਖਾਂ" ਤੋਂ ਮੈਨੂੰ ਹੁਣ ਹੋਰ ਜ਼ਿਆਦਾ ਹੈਰਾਨੀ ਨਹੀਂ ਹੁੰਦੀ ਸੀ, ਪਰ ਫਿਰ ਵੀ ਲਗਭਗ ਹਰ ਪਿੰਡ ਨੇ, ਜਿੱਥੇ ਮੈਂ ਗਿਆ, ਆਪਣੇ ਬੇਹੱਦ ਮੌਲਿਕ ਦ੍ਰਿਸ਼ਾਂ ਨਾਲ ਮੇਰੇ ਹੋਸ਼ ਹੀ ਭੁਲਾ ਦਿੱਤੇ। ਮੇਰਾ ਖਿਆਲ ਹੈ ਕਿ ਇਹ ਕਲੇਤਨੀ ਪਿੰਡ ਦੀ ਘਟਨਾ ਹੈ ਜਿੱਥੇ ਕੁਝ ਸਥਾਨਕ ਮੁੰਡਿਆਂ ਨੇ ਹੇਠ ਲਿਖਿਆ ਮਜ਼ਾਕ ਖੇਡਿਆ: ਉਹ ਗਵਾਂਢੀ ਪਿੰਡ ਦੀਆਂ ਤਿੰਨ ਕੁੜੀਆਂ ਨੂੰ ਉਹਨਾਂ ਦੇ ਪਿੰਡ ਛੱਡਣ ਜਾ ਰਹੇ ਸਨ, ਕਿ ਅਚਾਨਕ ਉਹਨਾਂ 'ਤੇ ਟੁੱਟ ਪਏ, ਉਹਨਾਂ ਦੀਆਂ ਸਕਰਟਾਂ ਪੁੱਠੀਆਂ ਕਰਕੇ ਤੇ ਕਿਨਾਰੇ ਇਕੱਠੇ ਕਰਕੇ ਸਿਰ ਉੱਤੇ ਬੰਨ ਦਿੱਤੇ। ਇਸਨੂੰ "ਗੁੱਲ-ਲਾਲਾ (Tulip) ਬਣਾਉਣਾ" ਕਿਹਾ ਜਾਂਦਾ ਸੀ। ਇਸਤੋਂ ਬਾਅਦ ਉਹਨਾਂ ਨੇ ਕੁੜੀਆਂ ਦੇ ਹੱਥ ਬੰਨੇ ਅਤੇ ਉਹਨਾਂ ਨੂੰ ਉੱਥੇ ਹੀ ਛੱਡ ਦਿੱਤਾ। ਕਿਸੇ ਤਰ੍ਹਾਂ ਉਹ ਕੁੜੀਆਂ ਆਪਣੇ ਪਿੰਡ ਪਹੁੰਚੀਆਂ ਅਤੇ ਆਪਣੇ ਪਿੰਡ ਦੇ ਮਰਦਾਂ ਨੂੰ ਜਾ ਉਠਾਇਆ। ਉਹਨਾਂ ਨੇ ਆਪਣੀਆਂ ਡਾਂਗਾਂ ਸੰਭਾਲੀਆਂ ਅਤੇ ਹੋਰ ਜੋ ਵੀ ਹੱਥ ਲੱਗਿਆ ਉਸੇ ਨੂੰ ਹਥਿਆਰ ਬਣਾਕੇ ਲੜ੍ਹਨ ਲਈ ਆ ਧਮਕੇ। ਲੜਾਈ ਬਸ ਇਸੇ ਲਈ ਟਲ਼ ਗਈ

ਕਿਉਂਕਿ ਹਮਲਾ ਕਰਨ ਵਾਲ਼ਿਆਂ ਵਿੱਚੋਂ ਕੁਝ ਨੇ "ਦਾਰੂ" ਪੀਤੀ ਹੋਈ ਸੀ ਅਤੇ ਉਹ ਆਪਸ ਵਿੱਚ ਹੀ ਲੜ ਪਏ ਸਨ।

ਕਰਗੂਜ਼ਾ ਵਿੱਚ ਇੱਕ ਚਰਵਾਹਾ ਸੀ, ਜਿਸਦੀ ਵੰਝਲੀ ਦੀ ਆਵਾਜ਼ ਮੈਂ ਅਕਸਰ ਸਵੇਰੇ-ਸਵੇਰੇ ਸੁਣਿਆ ਕਰਦਾ ਸਾਂ। ਉਸਨੂੰ ਵੱਛੀ ਦਾ ਪ੍ਰੇਮੀ ਕਿਹਾ ਜਾਂਦਾ ਸੀ ਕਿਉਂਕਿ ਉਹ ਪਸ਼ੂਆਂ ਨਾਲ਼ ਵਿਭਚਾਰ ਕਰਦਾ ਹੁੰਦਾ ਸੀ। ਵੰਝਲੀ ਉਹ ਸਚਮੁੱਚ ਹੀ ਕਮਾਲ ਦੀ ਵਜਾਉਂਦਾ ਸੀ ਅਤੇ ਉਸਨੂੰ ਬਹੁਤ ਸੋਹਣੀਆਂ ਪੁਰਾਣੀਆਂ ਧੁਨਾਂ ਯਾਦ ਸਨ। ਪੰਜਾਹਾਂ ਤੋਂ ਜ਼ਿਆਦਾ ਉਮਰ ਵਿੱਚ ਵੀ ਉਹ ਸੋਹਣਾ ਅਤੇ ਪ੍ਰਭਾਵਸ਼ਾਲੀ ਵਿਅਕਤੀ ਲੱਗਦਾ ਸੀ, ਉਸਦੇ ਘੁੰਗਰਾਲ਼ੇ ਵਾਲ਼ ਸਫੈਦ ਹੋ ਚੱਲੇ ਸਨ ਅਤੇ ਉਸਦੀਆਂ ਅੱਖਾਂ ਨਿਰਮਲ ਅਤੇ ਗੰਭੀਰ ਸਨ।

ਪਹਿਲਾਂ ਮੈਂ ਉਸਦੀ ਪਸ਼ੂਆਂ ਨਾਲ਼ ਵਿਭਚਾਰ ਕਰਨ ਵਾਲ਼ੀ ਗੱਲ ਦਾ ਯਕੀਨ ਨਹੀਂ ਕੀਤਾ। ਪਰ ਇੱਕ ਸ਼ਾਮ ਮੈਂ ਉਸਨੂੰ ਪੌਣ-ਚੱਕੀ ਲਾਗੇ ਪਿੰਡ ਦੇ ਮੁੰਡਿਆਂ ਦੇ ਝੁਰਮਟ ਵਿੱਚ ਬੈਠਿਆਂ ਵੇਖਿਆ। ਉਹ ਉਹਨਾਂ ਨੂੰ ਤਰ੍ਹਾਂ-ਤਰ੍ਹਾਂ ਦੀਆਂ ਕਹਾਣੀਆਂ ਸੁਣਾ ਰਿਹਾ ਸੀ ਜਿਹੜੀਆਂ ਆਪਣੇ ਸਨਕੀਪੁਣੇ ਵਿੱਚ ਭਿਅੰਕਰ ਸਨ ਅਤੇ ਉਹਨਾਂ ਵਿੱਚੋਂ ਇੱਕ ਨੂੰ ਸੁਣ ਕੇ ਤਾਂ ਮੈਂ ਅਵਾਕ ਰਹਿ ਗਿਆ। ਉਹ ਇਸ ਤਰ੍ਹਾਂ ਸੀ। ਦੋ ਸੰਤ ਪਿੰਡ ਦੀ ਇੱਕ ਕੁਆਰੀ ਕੁੜੀ ਨਾਲ਼ ਸੌਂਦੇ ਹੁੰਦੇ ਸਨ। ਉਹਨਾਂ ਵਿੱਚੋਂ ਇੱਕ ਸੀ ਚਮਤਕਾਰੀ, ਮੱਕਾਰ ਨਿਕੋਲਾਈ ਅਤੇ ਦੂਜਾ ਸੀ ਪਿਆਕੜ ਸੰਤ ਕਸਿਆਨ। ਕੁਝ ਦਿਨਾਂ ਤੱਕ ਤਾਂ ਉਹ ਇੱਕ ਦੂਜੇ ਨੂੰ ਬੜੀ ਚਤੁਰਾਈ ਨਾਲ਼ ਧੋਖਾ ਦਿੰਦੇ ਰਹੇ। ਪਰ ਇੱਕ ਦਿਨ ਸੰਤ ਨਿਕੋਲਾਈ ਨੇ ਆਪਣੇ ਸ਼ਰੀਕ ਨੂੰ ਸੁੱਤਿਆਂ ਦਬੋਚ ਲਿਆ ਅਤੇ ਉਸਦੀ ਚੰਗੀ ਤਰ੍ਹਾਂ ਠੁਕਾਈ ਕੀਤੀ। ਰੱਬ ਨੇ ਇਸ ਦੀ ਸਜ਼ਾ ਵਜੋਂ ਸੰਤ ਨਿਕੋਲਾਈ ਨੂੰ ਉਸਦੇ ਨਾਮਕਰਣ ਦੇ ਦਿਵਸ ਤੋਂ ਵੰਚਿਤ ਕਰ ਦਿੱਤਾ। ਸਿੱਟੇ ਵਜੋਂ ਚਰਚ ਵਾਲ਼ੇ ਸੰਤ ਕਸਿਆਨ ਦਿਵਸ ਚਾਰ ਸਾਲਾਂ ਵਿੱਚ ਇੱਕ ਵਾਰ ਮਨਾਉਂਦੇ ਹਨ ਜਦਕਿ ਸੰਤ ਨਿਕੋਲਾਈ ਦੇ ਨਾਮ 'ਤੇ ਸਾਲ ਵਿੱਚ ਦੋ ਹੀ ਦਿਨ ਹਨ।

ਇਸ ਚਰਵਾਹੇ ਕੋਲੋਂ ਇਹ ਕਹਾਣੀ ਸੁਣਨ ਤੋਂ ਪਹਿਲਾਂ ਮੈਂ ਕਿਸੇ ਕਹਾਣੀ-ਸੰਗ੍ਰਿਹ ਵਿੱਚ ਅਜਿਹੀ ਹੀ ਕੋਈ ਗੱਲ ਪੜ੍ਹੀ ਸੀ ਜਿਸ ਵਿੱਚ ਇਹਨਾਂ ਦੋਹਾਂ ਪਵਿੱਤਰ ਪੁਰਸ਼ਾਂ ਦੀ ਲੜਾਈ ਕਿਸੇ ਹੋਰ ਰੰਗ ਵਿੱਚ ਪੇਸ਼ ਕੀਤੀ ਗਈ ਸੀ ਅਤੇ ਉਸਦਾ ਕਾਰਣ ਵੀ ਕੁਝ ਹੋਰ ਹੀ ਸੀ। ਪਰ ਇਹਨਾਂ ਦੋਹਾਂ ਕਹਾਣੀਆਂ ਵਿੱਚ ਮਸੀਹੀ ਯੁੱਗ ਤੋਂ ਪਹਿਲਾਂ ਦੇ ਸਮੇਂ ਦਾ ਆਭਾਸ ਸੀ। ਮੈਂ ਇਸ ਨਤੀਜੇ 'ਤੇ ਪਹੁੰਚਿਆ ਕਿ ਚਰਵਾਹੇ ਨੇ ਖੁਦ ਹੀ ਉਸ ਪੁਰਾਣੀ ਕਹਾਣੀ ਵਿੱਚ ਸੋਧ ਕਰ ਲਈ ਸੀ ਅਤੇ ਉਸਨੂੰ ਹੋਰ ਜ਼ਿਆਦਾ ਵਿਅੰਗਪੂਰਣ ਅਤੇ ਹਾਸ-ਰਸ ਭਰਪੂਰ ਬਣਾ ਦਿੱਤਾ ਸੀ ਜਿਸ ਨਾਲ਼ ਉਹ ਮੇਰੀ ਨਜ਼ਰ ਵਿੱਚ ਹੋਰ ਉੱਚਾ ਹੋ ਗਿਆ।

ਫਿਰ ਵੀ ਮੇਰੇ ਦੋਸਤ ਓਸਿਪ ਸ਼ਾਤੂਨੋਵ ਨੇ ਹਾਉਕਾ ਭਰਦਿਆਂ ਇਸ ਕਿੱਸਾਕਾਰ ਦੀ ਝਾੜ-ਝੰਬ ਕੀਤੀ:

"ਤੂੰ ਹੁਸ਼ਿਆਰ ਬੰਦਾ ਹੈਂ, ਨਿਕੀਤਾ। ਪਰ ਤੂੰ ਅਜਿਹੀਆਂ ਗੰਦੀਆਂ ਅਤੇ ਬੇਹੂਦਾ ਹਰਕਤਾਂ ਕਿਉਂ ਕਰਦਾ ਹੈਂ ?"

"ਬੇਹੂਦਾ ਤੋਂ ਤੇਰਾ ਕੀ ਮਤਲਬ ਹੈ ? ਰੰਡੀ ਤੇ ਭੇਡ ਵਿੱਚ ਕੀ ਫ਼ਰਕ ਹੈ ? ਭੇਡ ਆਪਣਾ

ਮੂੰਹ ਬੰਦ ਰੱਖਦੀ ਹੈ, ਇਸ ਲਈ ਕਿਸੇ ਨੂੰ ਕੋਈ ਨੁਕਸਾਨ ਨਹੀਂ ਹੁੰਦਾ।" ਨਿਕੀਤਾ ਕੁਝ ਦੇਰ ਤੱਕ ਸਾਰਿਆਂ ਦੇ ਠਾਹਕਿਆਂ ਵਿਚਕਾਰ ਇਸ ਤਰ੍ਹਾਂ ਦੀਆਂ ਗੱਲਾਂ ਕਰਦਾ ਰਿਹਾ, ਅਤੇ ਜਿਹੜੀਆਂ ਗੱਲਾਂ ਉਸਨੇ ਕਹੀਆਂ ਉਹ ਬੇਹੱਦ ਅਸ਼ਲੀਲ ਅਤੇ ਗੰਦੀਆਂ ਸਨ।

ਸੋਬਾਕੀਨੋ ਪਿੰਡ ਦੇ ਮੁਖੀ ਨੇ ਆਪਣੇ ਬਾਰਾਂ ਸਾਲ ਦੇ ਮਤਰੇਏ ਪੁੱਤਰ ਨੂੰ ਸ਼ਰੇਆਮ ਕੁੱਟਿਆ ਅਤੇ ਲੱਤਾਂ ਮਾਰੀਆਂ, ਫਿਰ ਉਸਨੇ ਉਸਦੀ ਮਾਂ ਨੂੰ ਜਿਹੜੀ ਕਾਫ਼ੀ ਸੋਹਣੀ ਅਤੇ ਮੂੰਹਫੱਟ ਸੀ, ਵਾਲ਼ੋਂ ਫੜ ਕੇ ਗਲ਼ੀ ਵਿੱਚ ਘਸੀਟਿਆ ਪਰ ਦਰਸ਼ਕਾਂ ਦੀ ਭੀੜ ਵਿੱਚੋਂ ਕਿਸੇ ਨੇ ਵੀ ਦਖਲਅੰਦਾਜ਼ੀ ਨਾ ਕੀਤੀ। ਮੇਰੇ ਦੋਸਤ ਆਰਤਿਓਮ ਨੇ ਇਸ ਮਾਮਲੇ ਵਿੱਚ ਦਖਲ ਦੇਣ ਦੀ ਕੋਸ਼ਿਸ਼ ਕੀਤੀ, ਪਰ ਉਸਨੂੰ ਸਖਤੀ ਨਾਲ਼ ਵਰਜ ਦਿੱਤਾ ਗਿਆ ਕਿ ਇਹ ਇੱਕ ਘਰੇਲੂ ਮਾਮਲਾ ਹੈ, ਅਤੇ ਇਸ ਵਿੱਚ ਆਪਣੀ ਲੱਤ ਨਾ ਅੜਾਈ ਜਾਵੇ।

ਈਸਟਰ ਤਿਓਹਾਰ ਤੋਂ ਦੂਜੇ ਦਿਨ ਗੁਆਂਢੀ ਪਿੰਡ ਵਿੱਚ ਇੱਕ ਕਿਸਾਨ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਰਾਤ ਨੂੰ ਉਸਦੀ ਵਿਧਵਾ ਸਥਾਨਕ ਕਬਰਸਤਾਨ ਵਿੱਚ ਉਸਦੀ ਕਬਰ 'ਤੇ ਜਾ ਕੇ ਹੰਝੂ ਵਹਾਇਆ ਕਰਦੀ ਸੀ। ਤਰਸ ਕਰਨ ਵਾਲ਼ੇ ਲੋਕ ਉਸਨੂੰ ਦੇਖਣ ਲਈ ਉੱਥੇ ਇਕੱਠੇ ਹੁੰਦੇ। ਇੱਕ ਵਾਰ ਪੰਜ ਕਿਸਾਨ, ਦੋ ਮਰਦ ਅਤੇ ਤਿੰਨ ਔਰਤਾਂ, ਸਫੈਦ ਵਿਲੋ ਦੇ ਹੇਠਾਂ ਖੜੇ ਉਸਨੂੰ ਦੇਖ ਰਹੇ ਸਨ ਅਤੇ ਉਸਦਾ ਵਿਰਲਾਪ ਸੁਣ ਰਹੇ ਸਨ। ਕਬਰਸਤਾਨ ਛੋਟਾ ਸੀ, ਸਾਰੀ ਥਾਂ ਘਾਹ-ਫੂਸ ਅਤੇ ਕਬਰਾਂ ਨਾਲ਼ ਭਰੀ ਹੋਈ ਸੀ, ਜਿਹਨਾਂ ਵਿੱਚੋਂ ਕੁਝ ਦੇਖਭਾਲ਼ ਨਾ ਹੋਣ ਕਾਰਨ ਧੱਸ ਗਈਆਂ ਸਨ ਅਤੇ ਉਹਨਾਂ ਅੰਦਰਲੀ ਮਿੱਟੀ ਦਾ ਰੰਗ ਜ਼ੰਗਾਲ ਵਰਗਾ ਹੋ ਗਿਆ ਸੀ। ਇੱਕ ਦਰਖਤ ਇੰਨਾ ਝੁਕਿਆ ਹੋਇਆ ਸੀ ਜਿਵੇਂ ਡਿੱਗਣ ਵਾਲ਼ਾ ਹੋਵੇ ਅਤੇ ਸੰਘਣੀਆਂ ਝਾੜੀਆਂ ਵਿਚਕਾਰ ਸਲੀਬਾਂ ਬਿਨਾਂ ਕਿਸੇ ਵਿਵਸਥਾ ਤੋਂ ਇੰਝ ਖੜੀਆਂ ਸਨ ਜਿਵੇਂ ਨਸ਼ੇ ਵਿੱਚ ਝੂਲਦੇ ਕਈ ਸ਼ਰਾਬੀ ਬਾਹਾਂ ਫੈਲਾਈ ਖੜੇ ਹੋਣ ਅਤੇ ਬਸ ਡਿੱਗਣ ਵਾਲ਼ੇ ਹੀ ਹੋਣ। ਉਹ ਔਰਤ ਸਿੱਲੀ ਧਰਤੀ 'ਤੇ ਸਿਰ ਝੁਕਾ ਕੇ ਬੈਠੀ ਸੀ ਜਿਵੇਂ ਲੀਰਾਂ ਦੀ ਕੋਈ ਆਕਾਰਹੀਣ ਗੱਠੜੀ ਹੋਵੇ। ਉਹ ਹੌਲ਼ੀ-ਹੌਲ਼ੀ ਵੈਣ ਪਾ ਰਹੀ ਸੀ ਜਿਸ ਨਾਲ਼ ਇੱਕ ਅਜੀਬ ਕਿਸਮ ਦੀ ਪ੍ਰੇਸ਼ਾਨੀ ਅਤੇ ਤਕਲੀਫ ਹੁੰਦੀ ਸੀ। ਔਰਤਾਂ ਵਿੱਚੋਂ ਇੱਕ ਨੇ ਬਦਲੇ ਦੀ ਭਾਵਨਾ ਨਾਲ਼ ਕਿਹਾ:

"ਹੁਣ ਇਹਦੀ ਵਾਰੀ ਹੈ ਰੋਣ ਦੀ! ਇਹਦੇ ਘਰਵਾਲ਼ੇ ਨੇ ਵੀ ਬਥੇਰਿਆਂ ਨੂੰ ਦੁਖੀ ਕੀਤਾ ਸੀ!"

ਮੇਰੇ ਕੋਲ਼ ਖੜੇ ਇੱਕ ਮਾੜਚੂ ਜਿਹੇ ਕਿਸਾਨ ਨੇ ਬੁੜਬੁੜ ਕੀਤੀ:

"ਜ਼ਨਾਨੀ ਲਈ ਤਾਂ ਸੌਖੈ, ਪਰ ਬੰਦੇ ਲਈ ਹੰਝੂ ਵਹਾਉਣਾ ਬਹੁਤ ਔਖਾ ਕੰਮ ਹੈ ਕਿਉਂਕਿ ਇਸ ਨਾਲ਼ ਜਲੋਧਰ ਹੋ ਸਕਦਾ ਹੈ।"

ਇਸ ਤਰ੍ਹਾਂ ਦੇ ਦ੍ਰਿਸ਼ਾਂ ਨੇ ਮੇਰੇ ਦਿਲੋ-ਦਿਮਾਗ 'ਤੇ ਜ਼ਿੰਦਗੀ ਭਰ ਲਈ ਛਾਪ ਛੱਡ ਦਿੱਤੀ। ਕਿੰਨੀਆਂ ਠੰਡੀਆਂ ਅਤੇ ਨੀਰਸ ਰਾਤਾਂ ਸਨ ਜਿਹੜੀਆਂ ਮੈਂ ਅਤੇ ਆਰਤਿਓਮ ਨੇ ਗੋਦਾਮ ਲਾਗੇ ਬੈਠਿਆਂ ਹੀ ਗੁਜ਼ਾਰ ਦਿੱਤੀਆਂ ਸਨ। ਹੁਣ ਵੀ ਉਸ ਸਮੇਂ ਨੂੰ ਯਾਦ ਕਰਨਾ ਇੱਕ ਅਜਿਹਾ ਭਾਰ ਢੋਣ ਦੇ ਬਰਾਬਰ ਹੈ ਜਿਹੜਾ ਮੇਰੇ ਵੱਸ ਦੀ ਗੱਲ ਨਹੀਂ ਹੈ। ਅਤੀਤ ਦੇ

ਰੰਗ-ਬਿਰੰਗੇ ਧੁੰਦਲਕੇ ਵਿੱਚੋਂ ਮੈਨੂੰ ਧੁੰਦਲੀ ਜਿਹੀ ਯਾਦ ਆਉਂਦੀ ਹੈ ਇੱਕ ਅਪ੍ਰੈਲ ਦੀ ਰਾਤ ਦੇ ਮੱਧਮ ਜਿਹੇ ਘੁਸਮੁਸੇ, ਉੱਘੜ-ਦੁੱਘੜ ਖੇਤ, ਨੰਗੀ ਜ਼ਮੀਨ ਦੇ ਟੁਕੜੇ, ਰੁੱਖਾਂ ਦੀਆਂ ਕਾਲ਼ੀਆਂ ਰੇਖਾਵਾਂ, ਕੂੜੇ ਦੇ ਢੇਰਾਂ ਵਰਗੀਆਂ ਝੌਂਪੜੀਆਂ ਅਤੇ ਸਿਰ ਉੱਪਰ ਨੀਰਸ ਜਿਹੇ ਬੇਰੰਗ ਅਸਮਾਨ ਦੀ ਜਿਸ ਵਿੱਚ ਪੌਣ-ਚੱਕੀ ਦੇ ਉੱਪਰ ਚੰਨ ਦਾ ਟੁਕੜਾ ਟੰਗਿਆ ਹੋਇਆ ਸੀ। ਆਰਤਿਓਮ ਨੂੰ ਪੇਂਡੂ ਜ਼ਿੰਦਗੀ ਨਾਲ਼ ਨਫ਼ਰਤ ਸੀ ਅਤੇ ਜਦੋਂ ਉਹ ਇਸ ਬਾਰੇ ਗੱਲ ਕਰਦਾ ਤਾਂ ਗਾਲ਼ਾਂ ਕੱਢਣ ਲੱਗ ਪੈਂਦਾ ਅਤੇ ਆਪਣੇ ਸੀਨੇ ’ਤੇ ਮੁੱਕੇ ਮਾਰਦਾ। ਉਹ ਜਲਦੀ ਜੋਸ਼ ਵਿੱਚ ਆ ਜਾਂਦਾ ਅਤੇ ਉਸਨੂੰ ਲਗਭਗ ਦੌਰਾ ਜਿਹਾ ਪੈ ਜਾਂਦਾ।

“ਚਲੇ ਜਾ ਇੱਥੋਂ,” ਮੈਂ ਉਸਨੂੰ ਸਲਾਹ ਦਿੱਤੀ।

“ਕਿੱਥੇ ਜਾਵਾਂ ?” ਉਸਨੇ ਪੁੱਛਿਆ। “ਲਫੰਗਿਆਂ ਦੀ ਭੀੜ ’ਚ ?”

ਗੱਲ ਤਾਂ ਸੱਚੀ ਸੀ। ਜਾਣ ਲਾਇਕ ਕੋਈ ਥਾਂ ਹੀ ਨਹੀਂ ਸੀ। ਅਸੀਂ ਚੁੱਪ-ਚਾਪ ਬੈਠੇ ਰਹੇ। ਅਜਿਹੇ ਪਲਾਂ ਵਿੱਚ ਮੈਂ ਉਹਨਾਂ ਕਿਤਾਬਾਂ ਨੂੰ ਭੁੱਲ ਜਾਂਦਾ ਸੀ ਜਿਹਨਾਂ ਵਿੱਚ ਕਿਸਾਨਾਂ ਦੀ ਜ਼ਿੰਦਗੀ ਦਾ ਰੱਜਵਾਂ ਅਤੇ ਖ਼ੂਬਸੂਰਤ ਵਰਣਨ ਹੁੰਦਾ ਸੀ, ਕਿਸਾਨਾਂ ਦੀ “ਨਿਸ਼ਕਪਟ ਸਿਆਣਪ” ਦੀ ਸਿਫਤ ਕੀਤੀ ਹੁੰਦੀ ਸੀ; ਉਹਨਾਂ ਸਾਰੇ ਲੇਖਾਂ ਨੂੰ ਭੁੱਲ ਜਾਂਦਾ ਜਿਹੜੇ ਕਿਸਾਨੀ ਭਾਈਚਾਰੇ ਵਿੱਚ ਵਿਦਮਾਨ ਸਮਾਜਵਾਦ ਅਤੇ “ਕਿਸਾਨ-ਦਲ ਦੀ ਭਾਵਨਾ” ਦੀਆਂ ਗੱਲਾਂ ਕਰਦੇ ਸਨ। ਮੇਰੇ ਦਿਲੋ-ਦਿਮਾਗ ’ਤੇ ਬਹੁਤ ਸਾਰੇ ਨਿਰਾਸ਼ਾਜਨਕ ਪ੍ਰਭਾਵ ਛਪੇ ਹੋਏ ਸਨ ਜਿਹੜੇ ਸਾਹਿਤ ਦੁਆਰਾ ਪੇਸ਼ ਕੀਤੇ ਸਾਰੇ ਕਥਨਾਂ ਦਾ ਸਪਸ਼ਟ ਤੌਰ ’ਤੇ ਖੰਡਨ ਕਰਦੇ ਸਨ। ਕਦੇ-ਕਦੇ ਮੈਨੂੰ ਇੰਜ ਲੱਗਦਾ ਕਿ ਇਹ ਲੇਖਕ ਜਾਣ-ਬੁੱਝ ਕੇ ਜੀਵਨ ਦੇ ਕੁਝ ਪਹਿਲੂਆਂ ਬਾਰੇ ਚੁੱਪੀ ਸਾਧ ਜਾਂਦੇ ਹਨ, ਕਿਉਂਕਿ ਇਹਨਾਂ ਵਰਤਾਰਿਆਂ ਬਾਰੇ ਲਿਖਣਾ ਤਕਲੀਫਦੇਹ ਅਤੇ ਸ਼ਰਮਨਾਕ ਹੁੰਦਾ ਹੈ।

ਬੇਕਰੀ ਦਾ ਮਾਲਿਕ ਹੁਸ਼ਿਆਰ ਆਦਮੀ ਸੀ, ਭਾਵੇਂ ਸ਼ਰਾਬ ਦਾ ਆਦੀ ਸੀ। ਉਸਨੇ ਮੈਨੂੰ “ਤੁਲਨਾਤਮਕ ਤੌਰ ’ਤੇ” ਪੜ੍ਹਿਆ-ਲਿਖਿਆ ਹੋਣ ਕਰਕੇ ਅਤੇ ਮੇਰੀ ਕਾਰਜ-ਕੁਸ਼ਲਤਾ ਨੂੰ ਧਿਆਨ ਵਿੱਚ ਰੱਖਦਿਆਂ ਬਰੈੱਡ ਬਣਾਉਣ ਦੇ ਕੰਮ ’ਤੇ ਲਗਾ ਦਿੱਤਾ ਅਤੇ ਦੋ ਰੂਬਲ ਮਹੀਨਾਵਾਰ ਤਨਖਾਹ ਵੀ ਵਧਾ ਦਿੱਤੀ, ਜਿਸ ਕਾਰਨ ਹੁਣ ਮੇਰੀ ਤਨਖਾਹ ਪੰਜ ਰੂਬਲ ਹੋ ਗਈ। ਉਹ ਕਦੇ-ਕਦੇ ਰਾਤ ਨੂੰ ਮੇਰੇ ਕੋਲ਼ ਆਉਂਦਾ ਅਤੇ ਆਪਣੀਆਂ ਅੱਡ-ਅੱਡ ਰੰਗਾਂ ਵਾਲ਼ੀਆਂ ਅੱਖਾਂ ਮੇਰੇ ’ਤੇ ਗੱਡ ਕੇ ਉਪਦੇਸ਼ ਦੇਣ ਦੇ ਲਹਿਜੇ ਨਾਲ਼ ਬੁੜਬੁੜਾਉਂਦਾ:

“ਸਾਰੇ ਲੋਕ ਸੂਰ ਨੇ! ਉੱਪਰੋਂ ਲੈ ਕੇ ਹੇਠਾਂ ਤੱਕ ਸਾਰੇ ਹੀ—ਭਾਵੇਂ ਕੁਲੀਨ ਵਰਗ ਹੋਵੇ, ਪੁਲਿਸ ਜਾਂ ਪਾਦਰੀ। ਔਰਤਾਂ ਵੀ ਕੋਈ ਬਹੁਤੀਆਂ ਚੰਗੀਆਂ ਨਹੀਂ ਹਨ। ਕਿਸਾਨ ਵੀ। ਮੈਂ ਖੁਦ ਕਿਸਾਨ ਹਾਂ, ਇਸ ਲਈ ਜਾਣਦਾ ਹਾਂ। ਜ਼ਿੰਦਗੀ ’ਚ ਆਪਣਾ ਰਾਹ ਤੈਨੂੰ ਖੁਦ ਬਣਾਉਣਾ ਪੈਣਾ ਹੈ, ਤੇ ਲੋਕਾਂ ਤੋਂ ਬਚ ਕੇ ਰਹਿਣਾ ਹੈ। ਸਮਝਿਆ ? ਜਿਹੜੀਆਂ ਗੱਲਾਂ ਤੂੰ ਕਰਦੈਂ, ਮੈਨੂੰ ਸਭ ਪਤੈ। ਮੇਰੇ ਤੋਂ ਕੋਈ ਗੱਲ ਲੁਕੀ ਨਹੀਂ ਹੋਈ। ਇਹ ਸਭ ਫਾਲਤੂ ਗੱਲਾਂ ਨੇ। ਤੈਨੂੰ ਜ਼ਿੰਦਗੀ ਵਿੱਚ ਅੱਗੇ ਵਧਣ ਦੀ ਅਤੇ ਤਰੱਕੀ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇੱਕ ਦੋ ਸਾਲ ਮੇਰੇ ਕੋਲ਼ ਕੰਮ ਕਰ, ਫਿਰ ਮੈਂ ਤੈਨੂੰ ਆਪਣਾ ਸਹਾਇਕ ਬਣਾ ਲਵਾਂਗਾ ਅਤੇ ਕਾਉਂਟਰ ’ਤੇ

ਰੋਟੀ ਵੇਚਣ ਦੇ ਕੰਮ ਕਰਨ ’ਤੇ ਲਗਾ ਦੇਵਾਂਗਾ...”

ਮੇਰਾ ਮਾਲਿਕ ਇੱਕ ਅਜੀਬ ਅਤੇ ਡਰਾਉਣਾ ਜੀਵ ਸੀ ਅਤੇ ਇਹ ਗੱਲ ਅਜੀਬ ਸੀ ਕਿ ਉਹ ਆਦਮੀ ਜਿਸ ਵਿੱਚ ਆਦਮੀਆਂ ਵਰਗਾ ਕੁਝ ਵੀ ਨਹੀਂ ਸੀ, ਤੀਹ ਤੋਂ ਵੀ ਜ਼ਿਆਦਾ ਆਦਮੀਆਂ ਦਾ ਮਾਲਿਕ ਸੀ, ਜਿਹਨਾਂ ਵਿੱਚੋਂ ਘੱਟੋ-ਘੱਟ ਦਸ ਆਦਮੀ ਉਸ ਨਾਲੋਂ ਜ਼ਿਆਦਾ ਮਨੁੱਖੀ ਸਨ। ਅਜੀਬ ਗੱਲ ਸੀ ਕਿ ਕਿਤਾਬਾਂ ਵਿੱਚ “ਮਾਲਿਕ” ਟਾਈਪ ਦਾ ਚਿਤਰਣ ਹੀ ਨਹੀਂ ਸੀ: ਜੀਵਨ ਵਿੱਚ ਜੋ ਮੈਂ ਆਪਣੇ ਆਲੇ-ਦੁਆਲੇ ਵੇਖਿਆ, ਸਾਹਿਤ ਵਿੱਚ ਮੈਨੂੰ ਅਜਿਹਾ ਬਹੁਤਾ ਕੁਝ ਨਹੀਂ ਮਿਲ਼ਿਆ। ਉਹਨੀਂ ਦਿਨੀ ਮੈਨੂੰ ਪੜ੍ਹਨ ਦਾ ਸਮਾਂ ਘੱਟ ਹੀ ਮਿਲਦਾ ਸੀ, ਕਿਉਂਕਿ ਮੇਰਾ ਕੰਮ ਦਾ ਸਮਾਂ ਚੌਦਾਂ ਘੰਟੇ ਦਾ ਹੁੰਦਾ ਸੀ ਅਤੇ ਛੁੱਟੀ ਵਾਲ਼ੇ ਦਿਨ ਜਾਂ ਤਿਓਹਾਰ ਤੋਂ ਪਹਿਲਾਂ ਤਾਂ ਸੋਲ਼ਾਂ ਘੰਟੇ ਤੱਕ ਵੀ ਚੱਲਦਾ ਸੀ।

ਜਦੋਂ ਮੈਂ ਆਪਣੀ ਨੌਕਰੀ ਬਦਲ ਲਈ ਅਤੇ ਆਂਦਰੇਈ ਦੇਰੇਨਕੋਵ ਦੀ ਬੇਕਰੀ ਵਿੱਚ ਕੰਮ ਕਰਨ ਲੱਗ ਪਿਆ ਤਾਂ ਉੱਥੋਂ ਦਾ ਮਾਹੌਲ ਮੈਨੂੰ ਕੁਝ ਸੁਖਾਵਾਂ ਜਾਪਿਆ। ਇੱਥੇ ਯੂਨੀਵਰਸਿਟੀ, ਧਾਰਮਿਕ ਅਕੈਡਮੀ ਅਤੇ ਵੈਟਰਨਰੀ ਕਾਲਜ ਦੇ ਵਿਦਿਆਰਥੀ ਕੰਮ ਕਰਦੇ ਸਨ। ਹੁਣ ਮੈਨੂੰ ਜ਼ਿਆਦਾ ਵਿਹਲ ਮਿਲ਼ ਜਾਂਦੀ ਸੀ ਅਤੇ ਮੈਂ ਕਿਤਾਬਾਂ ’ਤੇ ਇੰਜ ਟੁੱਟ ਕੇ ਪੈ ਗਿਆ ਜਿਵੇਂ ਕੋਈ ਭੁੱਖਾ ਆਦਮੀ ਰੋਟੀ ਨੂੰ ਪੈਂਦਾ ਹੈ। ਇਸ ਬਾਰੇ ਮੈਂ ਕਿਤੇ ਹੋਰ ਗੱਲ ਕਰ ਚੁੱਕਿਆ ਹਾਂ।

ਕਦੇ ਕਦਾਈਂ “ਲੋਕਾਂ ਦੇ ਆਦਮੀ” ਵਜੋਂ ਮੇਰਾ “ਪ੍ਰਦਰਸ਼ਨ” ਕਰਨ ਲਈ ਬੁੱਧੀਜੀਵੀਆਂ ਦੁਆਰਾ ਆਯੋਜਿਤ ਸ਼ਾਮਾਂ ਵਿੱਚ, ਜਿਹੜੀਆਂ ਜ਼ਿਆਦਾਤਰ ਪ੍ਰੋਫ਼ੈਸਰ ਵਾਸਲੀਏਵ ਦੇ ਘਰ ਹੁੰਦੀਆਂ ਸਨ, ਮੈਨੂੰ ਸੱਦਾ ਭੇਜਿਆ ਜਾਂਦਾ ਸੀ। ਅਜਿਹੀਆਂ ਸ਼ਾਮਾਂ ਨੂੰ “ਲੋਕਾਂ ਦੇ ਨਸੀਬ” ਬਾਰੇ ਗਰਮਾ-ਗਰਮਾ ਬਹਿਸਾਂ ਹੁੰਦੀਆਂ ਸਨ ਅਤੇ ਮੈਂ ਆਪਣੇ ਦਿਮਾਗ ’ਤੇ ਪੂਰਾ ਜ਼ੋਰ ਪਾ ਕੇ ਇਹ ਸਮਝਣ ਦੀ ਕੋਸ਼ਿਸ਼ ਕਰਦਾ ਕਿ ਇਹ ਚਲਾਕ ਲੋਕ ਉਸ “ਨਸੀਬ” ਨੂੰ ਕਿਵੇਂ ਬਦਲਣਾ ਚਾਹੁੰਦੇ ਹਨ। ਇੱਕ ਬਰੋਦੋਵ ਨਾਮਕ ਆਦਮੀ ਵਿੱਚ, ਜਾਂ ਸ਼ਾਇਦ ਉਸਦਾ ਨਾਮ ਬੋਦਰੋਵ ਸੀ, ਮੈਨੂੰ ਖਾਸ ਦਿਲਚਸਪੀ ਸੀ। ਉਹ ਮਧਰਾ ਜਿਹਾ ਬਜ਼ੁਰਗ ਆਦਮੀ ਸੀ, ਲੰਮੇ ਅਤੇ ਤਿੱਖੇ ਨੱਕ ’ਤੇ ਐਨਕ, ਪੀਲ਼ੀ ਦਾੜ੍ਹੀ ਅਤੇ ਗੋਗੜ ਜਿਸਨੂੰ ਭਾਰੀ ਚਾਂਦੀ ਦੀ ਚੇਨ ਨਾਲ਼ ਸਜਾਇਆ ਹੁੰਦਾ ਸੀ ਅਤੇ ਉਸ ਚੇਨ ਵਿੱਚ ਪੰਜਾਹ ਕੋਪੇਕ ਦੇ ਸਿੱਕੇ ਜਿੱਡਾ ਸੋਨੇ ਦਾ ਇੱਕ ਤਮਗਾ ਲਟਕਦਾ ਹੁੰਦਾ ਸੀ। ਉਸਦੀਆਂ ਛੋਟੀਆਂ, ਪਤਲੀਆਂ ਅਤੇ ਪੀਲ਼ੀਆਂ ਉਂਗਲਾਂ ਨਿਰੰਤਰ ਉਸ ਤਮਗੇ ਨਾਲ਼ ਖੇਡਦੀਆਂ ਰਹਿੰਦੀਆਂ ਸਨ ਜਿਸ ਕਾਰਨ ਪਤਾ ਨਹੀਂ ਕਿਉਂ ਮੈਨੂੰ ਇਹ ਖਿਆਲ ਆਉਂਦਾ ਹੁੰਦਾ ਸੀ ਕਿ ਇਹ ਬਜ਼ੁਰਗ ਆਦਮੀ ਬਾਕੀ ਸਾਰਿਆਂ ਨਾਲੋਂ ਜ਼ਿਆਦਾ ਸਮਝਦਾਰ ਹੈ ਅਤੇ ਉਹਨਾਂ ਨਾਲੋਂ ਜ਼ਿਆਦਾ ਚੰਗੀ ਤਰ੍ਹਾਂ ਜਾਣਦਾ ਹੈ ਕਿ ਕੀ ਕਰਨਾ ਚਾਹੀਦਾ ਹੈ। ਮੈਂ ਸੋਚਦਾ ਸੀ ਕਿ ਇਹੀ ਕਾਰਨ ਹੈ ਕਿ ਉਹ ਸਾਰੇ ਲੋਕਾਂ ਨੂੰ ਘਿਰਣਾ ਭਰੀ ਨਜ਼ਰ ਨਾਲ਼ ਦੇਖਿਆ ਕਰਦਾ ਸੀ। ਆਪਣੇ ਆਲ਼ੇ-ਦੁਆਲੇ ਦੇ ਵਿਚਾਰ-ਵਟਾਂਦਰੇ ਨੂੰ ਸੁਣ ਕੇ ਉਹ ਮੁਸਕਰਾਉਂਦਾ ਅਤੇ ਆਪਣੀ ਗਰਦਨ ਅਗਾਂਹ ਨੂੰ ਵਧਾਉਂਦਾ ਜਿਸ ਨਾਲ਼ ਇੰਜ ਜਾਪਦਾ ਜਿਵੇਂ ਉਸਦੀ ਲੰਮੀ ਨੱਕ ਅੱਗੇ ਨੂੰ ਨਿਕਲ਼ਦੀ ਜਾ ਰਹੀ ਹੋਵੇ ਅਤੇ ਉਹ ਉਸ ਦਲਦਲੀ ਪੰਛੀ

ਵਰਗਾ ਲੱਗਦਾ ਜਿਸਨੂੰ ਬਿਟਰਨ ਕਿਹਾ ਜਾਂਦਾ ਹੈ। ਉਹ ਕਿਸੇ ਵੀ ਆਦਮੀ ਨਾਲ਼ ਜਾਂ ਕਿਸੇ ਚੀਜ਼ ਨਾਲ਼ ਸਹਿਮਤ ਨਾ ਹੁੰਦਾ। ਉਸਦਾ ਕਹਿਣਾ ਸੀ ਕਿ ਖੇਤ-ਗੁਲਾਮਾਂ ਦੀ ਮੁਕਤੀ ਨੇ ਲੋਕਾਂ ਦਾ ਕੋਈ ਭਲਾ ਨਹੀਂ ਸੀ ਕੀਤਾ ਬਲਕਿ ਉਹਨਾਂ ਨੂੰ ਕੁਰਾਹੇ ਪਾ ਦਿੱਤਾ ਸੀ ਕਿਉਂਕਿ ਇਸ ਘਟਨਾ ਤੋਂ ਬਾਅਦ "ਕਿਸਾਨ ਵਪਾਰ ਕਰਨ ਲੱਗ ਪਏ ਸਨ"। ਉਹ ਅੱਗੇ ਕਹਿਣਾ ਜਾਰੀ ਰੱਖਦਾ, ਕੇਵਲ ਸਲਾਵ-ਭਗਤ ਹੀ ਵਾਸਤਵਿਕ "ਰੂਸੀ ਸੱਚ" ਨੂੰ ਸਮਝ ਸਕਦੇ ਹਨ, ਅਤੇ "ਯੂਰਪ ਦੇ ਤੰਗ ਰਾਸਤੇ ਸਾਡੇ ਲੋਕਾਂ ਦੇ ਖੁੱਲੇ ਸੁਭਾਅ ਤੇ ਦਰਿਆ ਦਿਲਾਂ ਨੂੰ ਸੂਤ ਨਹੀਂ ਬਹਿੰਦੇ।" ਇਹ ਬੁੱਢਾ ਆਦਮੀ ਦੱਬਵੀਂ ਆਵਾਜ਼ ਵਿੱਚ ਗੱਲ ਕਰਦਾ, ਪਰ ਉਸਦੇ ਸ਼ਬਦ ਸਪਸ਼ਟ ਹੁੰਦੇ ਅਤੇ ਉਸਦਾ ਮਨਪਸੰਦ ਫਿਕਰਾ ਸੀ, "ਇਹ ਸਭ ਬਕਵਾਸ ਹੈ।"

ਉਸਦੇ ਚਿਹਰੇ 'ਤੇ, ਐਨਕ ਵਿੱਚੋਂ ਉਸਦੀਆਂ ਬਲ਼ਦੀਆਂ ਅੱਖਾਂ ਚਮਕਦੀਆਂ ਰਹਿੰਦੀਆਂ ਜਿਹਨਾਂ ਦੇ ਸਫੈਦ ਭਾਗ 'ਤੇ ਟੇਢੀਆਂ-ਮੇਢੀਆਂ ਲਾਲ ਰੰਗੀਆਂ ਨਾੜਾਂ ਉੱਭਰੀਆਂ ਹੁੰਦੀਆਂ ਅਤੇ ਜਿਹਨਾਂ ਦੀਆਂ ਪੁਤਲੀਆਂ ਦਾ ਰੰਗ ਹਰਾ ਕਾਪਰ ਆਕਸਾਈਡ ਵਰਗਾ ਸੀ।

"ਜਗੀਰਦਾਰ ਕੁਲੀਨ ਵਰਗ ਕਿਸਾਨ ਦਾ ਦੁਸ਼ਮਣ ਨਹੀਂ, ਉਸਦਾ ਰਹਿਨੁਮਾ ਅਤੇ ਅਧਿਆਪਕ ਹੈ। ਅਸਲੀ ਦੁਸ਼ਮਣ ਤਾਂ ਵਪਾਰੀ ਹੈ ਜਿਸਦਾ ਮਤਲਬ ਹੈ ਦੂਸਰਾ ਕਿਸਾਨ, ਵਪਾਰੀ ਜਾਂ ਕਾਰਖਾਨੇਦਾਰ। ਇਸ ਤੋਂ ਉਲਟ ਕੋਈ ਗੱਲ ਤੁਸੀਂ ਸਿੱਧ ਕਰ ਹੀ ਨਹੀਂ ਸਕਦੇ।" ਉਹ ਕਹਿੰਦਾ।

ਮੈਂ ਇਹ ਸਾਰੀਆਂ ਗੱਲਾਂ ਆਪਣੇ ਦਿਮਾਗ ਵਿੱਚ ਰੱਖ ਲਈਆਂ, ਫਿਰ ਉਹਨਾਂ ਨੂੰ ਲਿਖ ਲਿਆ ਅਤੇ ਬਾਅਦ ਵਿੱਚ ਆਪਣੇ ਕੁਝ ਜਾਣ-ਪਛਾਣ ਵਾਲੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਮੈਨੂੰ ਸਲਾਵ-ਭਗਤੀ ਬਾਰੇ ਕੁਝ ਕਿਤਾਬਾਂ ਦੇਣ। ਉਹਨਾਂ ਨੇ ਮੇਰਾ ਮਜ਼ਾਕ ਉਡਾਇਆ।

ਇਸ ਬਜ਼ੁਰਗ ਆਦਮੀ ਦੀਆਂ ਗੱਲਾਂ 'ਤੇ ਸਭ ਤੋਂ ਜ਼ਿਆਦਾ ਅਤੇ ਧੜੱਲੇਦਾਰ ਇਤਰਾਜ਼ ਇੱਕ ਹੱਟੀ-ਕੱਟੀ ਅਤੇ ਲੰਮੀ ਜਿਹੀ ਔਰਤ ਕਰਦੀ ਹੁੰਦੀ ਸੀ, ਜਿਸਦਾ ਲਾਲ ਰੰਗ ਦਾ ਵੱਡਾ ਸਾਰਾ ਮੂੰਹ ਸੀ ਅਤੇ ਗੱਲ੍ਹਾਂ ਐਨੀਆਂ ਮੋਟੀਆਂ ਸਨ ਕਿ ਉਸਦੀਆਂ ਅੱਖਾਂ ਲਗਭਗ ਲੁਕ ਜਾਂਦੀਆਂ ਅਤੇ ਬੁੱਲ ਲਮਕ ਜਾਂਦੇ ਸਨ। ਫਿਰ ਵੀ ਜਦੋਂ ਉਸਨੂੰ ਗੁੱਸਾ ਆਉਂਦਾ ਅਤੇ ਉਹ ਜ਼ੋਰ-ਜ਼ੋਰ ਨਾਲ਼ ਬੋਲਣਾ ਸ਼ੁਰੂ ਕਰਦੀ ਤਾਂ ਪਤਾ ਲੱਗਦਾ ਕਿ ਉਸਦਾ ਮੂੰਹ ਕਾਫੀ ਵੱਡਾ ਹੈ, ਤਿੱਖੀ ਜ਼ੁਬਾਨ ਵਾਲ਼ਾ ਹੈ ਅਤੇ ਉਸਦੀ ਆਵਾਜ਼ ਚਿਮਨੀ ਵਿੱਚੋਂ ਨਿਕਲਣ ਵਾਲ਼ੀ ਹਵਾ ਵਾਂਗ ਪੂਰੇ ਜ਼ੋਰ ਨਾਲ਼ ਗੂੰਜਦੀ। ਜੇ ਬਜ਼ੁਰਗ ਆਦਮੀ ਬੋਲਣਾ ਸ਼ੁਰੂ ਕਰਦਾ, "ਤੁਹਾਡਾ ਗਲੇਬ ਉਸਪੇਂਸਕੀ ਵੀ, ਜੇ ਤੁਸੀਂ ਉਸਨੂੰ ਠੀਕ ਤਰ੍ਹਾਂ ਸਮਝੋ..." ਤਾਂ ਉਹ ਚੀਖ ਪੈਂਦੀ, "ਮੈਂ ਉਸਪੇਂਸਕੀ ਨੂੰ ਨਿੱਜੀ ਤੌਰ 'ਤੇ ਜਾਣਦੀ ਹਾਂ..."

"ਕੋਲਿਊਪਾਨੋਵ ਨੇ ਸਾਬਿਤ ਕਰ ਦਿੱਤਾ ਹੈ..."

"ਤੁਸੀਂ ਗਲਤ ਕਹਿ ਰਹੇ ਹੋ, ਮੈਂ ਕੋਲਿਊਪਾਨੋਵ ਨੂੰ ਨਿੱਜੀ ਤੌਰ 'ਤੇ ਜਾਣਦੀ ਹਾਂ..."

ਉਸਦਾ ਇਹ ਪੱਕਾ ਵਿਸ਼ਵਾਸ ਕਿ ਉਹ ਜਿਸ ਕਿਸੇ ਨੂੰ ਵੀ ਨਿੱਜੀ ਤੌਰ 'ਤੇ ਜਾਣਦੀ ਹੈ ਇਹ ਉਸ ਵਿਅਕਤੀ ਦੇ ਹਿੱਤ ਵਿੱਚ ਸੀ ਅਤੇ ਉਸਦੇ ਸਾਰੇ ਸਰੋਤਿਆਂ ਨੂੰ ਜਿਹੜੇ ਉਸਦੇ ਪੱਖ ਵਿੱਚ ਸਨ ਪ੍ਰਭਾਵਿਤ ਕਰਦਾ ਸੀ। ਮੈਂ ਵੀ ਸੋਚਦਾ ਸਾਂ ਕਿ ਜਿਹੜਾ ਵਿਅਕਤੀ ਐਨੇ ਲੋਕਾਂ ਨੂੰ

"ਨਿੱਜੀ" ਤੌਰ 'ਤੇ ਜਾਣਦਾ ਹੈ, ਉਹ ਬਹੁਤ ਹੀ ਸਮਝਦਾਰ ਹੋਵੇਗਾ, ਪਰ ਉਹ ਮੈਨੂੰ ਮੂਰਖ ਅਤੇ ਹਾਸੋਹੀਣੀ ਲੱਗਦੀ। ਪਲੇਤਨਿਓਵ ਵੀ ਇਹੀ ਸੋਚਦਾ ਸੀ। ਦਰਅਸਲ ਉਸਦੀ ਤਾਂ ਇਹ ਵੀ ਇੱਛਾ ਹੁੰਦੀ ਕਿ "ਟੋਪੀ ਨਾਲ਼ ਉਸਦਾ ਮੂੰਹ ਬੰਦ ਕਰ ਦੇਣਾ ਚਾਹੀਦਾ ਹੈ।"

"ਜਿਹਨਾਂ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ, ਤੁਸੀਂ ਉਹਨਾਂ ਵੱਲ ਧਿਆਨ ਨਹੀਂ ਦਿੰਦੇ," ਉਸ ਬੁੱਢੇ ਆਦਮੀ ਨੇ ਮੈਨੂੰ ਡਾਂਟਿਆ।

ਮੈਂ ਸਮਝਦਾ ਸਾਂ ਕਿ ਮੈਂ ਉੱਧਰ ਹੀ ਧਿਆਨ ਦਿੰਦਾ ਸੀ, ਜਿੱਧਰ ਦੇਣਾ ਚਾਹੀਦਾ ਸੀ। ਮੈਂ ਲੋਕਾਂ ਦੀ ਸਖਸ਼ੀਅਤ ਨੂੰ ਉਹਨਾਂ ਦੇ ਭਾਸ਼ਣਾਂ ਨਾਲੋਂ ਜ਼ਿਆਦਾ ਦਿਲਚਸਪ ਅਤੇ ਧਿਆਨ ਦੇਣ ਯੋਗ ਸਮਝਦਾ ਸੀ।

ਧਰਮ ਅਕਾਦਮੀ ਦੇ ਇੱਕ ਵਿਦਿਆਰਥੀ ਨੇ, ਜਿਹੜਾ ਕਿ ਕੱਟੜ ਨਰੋਦਨਿਕ ਸੀ, ਬੁੱਢੇ ਵਿਅਕਤੀ ਨੂੰ ਕਿਹਾ ਕਿ ਕਿਸਾਨ ਹੀ ਜੀਵਨ ਦਾ ਮੁੱਖ ਨਿਰਮਾਤਾ ਹੈ ਅਤੇ ਪੀਟਰ ਮਹਾਨ ਤੋਂ ਵੀ ਜ਼ਿਆਦਾ ਮਹਾਨ ਹੈ। ਇਸ 'ਤੇ ਬੁੱਢੇ ਆਦਮੀ ਨੇ ਸ਼ਾਂਤ ਭਾਵ ਨਾਲ਼ ਆਪਣੀ ਘੜੀ ਦੀ ਜੰਜ਼ੀਰ ਨਾਲ਼ ਖੇਡਦਿਆਂ ਕਿਹਾ:

"ਤੁਹਾਡਾ ਇਹ ਪੀਟਰ ਬਿਲਕੁਲ ਵੀ ਮਹਾਨ ਨਹੀਂ ਸੀ। ਉਹ ਤਾਂ ਪਾਗਲ ਸੀ। ਬੜੀ ਤਰਸ ਦੀ ਗੱਲ ਹੈ ਕਿ ਉਸਨੇ ਆਪਣੇ ਪੁੱਤਰ ਅਲੈਕਸੇਈ ਨੂੰ ਮਾਰ ਸੁੱਟਿਆ। ਹੋਣਾ ਉਲਟਾ ਚਾਹੀਦਾ ਸੀ। ਕਿਸਾਨ ਇੱਕ ਹਜ਼ਾਰ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਨਿਰਮਾਣ ਕਰ ਰਹੇ ਹਨ, ਪਰ ਨਤੀਜਾ ਕੁਝ ਨਹੀਂ ਨਿਕਲਿਆ। ਇਹੀ ਗੱਲ ਹੈ..."

ਮੈਨੂੰ ਬੁੱਢਾ ਆਦਮੀ ਪਸੰਦ ਨਹੀਂ ਆਇਆ, ਪਰ ਮੁਜ਼ੀਕਾਂਤਸਕੀ ਦੇ ਸ਼ਬਦਾਂ ਵਿੱਚ "ਉਸਨੂੰ ਆਪਣੀ ਗੱਲ ਸਮਝਾਉਣੀ ਆਉਂਦੀ ਸੀ"। ਮੁਜ਼ੀਕਾਂਤਸਕੀ ਯੂਨੀਵਰਸਿਟੀ ਵਿੱਚ ਪਹਿਲੇ ਸਾਲ ਦਾ ਵਿਦਿਆਰਥੀ ਸੀ, ਪਤਲਾ ਸਰੀਰ, ਲੰਮੇ ਵਾਲ਼ ਅਤੇ ਉਦਾਸ ਚਿਹਰਾ। ਕੁਝ ਹੀ ਦਿਨਾਂ ਬਾਅਦ ਉਹ ਮਰ ਗਿਆ ਸੀ। ਮੇਰਾ ਖਿਆਲ ਹੈ ਕਿ ਉਸਨੇ ਖੁਦ ਨੂੰ ਗੋਲ਼ੀ ਮਾਰ ਲਈ ਸੀ। ਬੁੱਢੇ ਆਦਮੀ ਦੇ ਵਿਰੋਧੀਆਂ ਦੀ ਗੱਲ ਸਮਝਣਾ ਕਿਤੇ ਜ਼ਿਆਦਾ ਔਖਾ ਸੀ। ਮੇਰੇ ਵਾਂਗ ਹੀ ਪਲੇਤਨਿਓਵ ਅਤੇ ਹੋਰ ਪਹਿਲੇ ਸਾਲ ਦੇ ਵਿਦਿਆਰਥੀ ਜਿਹਨਾਂ ਨੂੰ ਮੈਂ ਜਾਣਦਾ ਸਾਂ—ਗ੍ਰੇਈਮਨ ਅਤੇ ਕੋਮਲੇਵ—ਵੀ ਬੁੱਧੀਜੀਵੀਆਂ ਦੇ ਮਤਭੇਦਾਂ ਦੀ ਸ਼ਿਕਾਇਤ ਕਰਦੇ ਹੁੰਦੇ ਸਨ।

ਪਰ ਇਨ੍ਹਾਂ ਮੱਤਭੇਦਾਂ ਦਾ ਮੈਨੂੰ ਫਾਇਦਾ ਹੀ ਹੋਇਆ। ਇਸ ਨਾਲ਼ ਮੈਨੂੰ ਲੇਖਕਾਂ ਅਤੇ ਉਹਨਾਂ ਦੀਆਂ ਕਿਤਾਬਾਂ ਦੇ ਨਾਮ ਯਾਦ ਹੋ ਗਏ। ਮੈਨੂੰ ਇਹ ਕਿਤਾਬਾਂ ਲੱਭਣੀਆਂ ਪਈਆਂ ਅਤੇ ਪੜ੍ਹਨੀਆਂ ਪਈਆਂ ਤੇ ਜੋ ਕੁਝ ਮੈਂ ਜਾਣਦਾ ਸਾਂ ਅਤੇ ਦੇਖ ਚੁੱਕਿਆ ਸਾਂ ਉਸਨੂੰ ਕਿਤਾਬਾਂ ਵਿੱਚ ਲਿਖੀਆਂ ਗੱਲਾਂ ਨਾਲ਼ ਜੋੜਨਾ ਪਿਆ। ਪਰ ਇਹ ਗੱਲਾਂ ਰਲ਼ਗੱਡ ਨਾ ਹੋਈਆਂ, ਸ਼ਾਇਦ ਇਸ ਕਾਰਨ ਕਿ ਜੀਵਨ ਦਾ ਮੇਰਾ ਪ੍ਰਤੱਖ ਨਿਰੀਖਣ ਉਸ ਗਿਆਨ ਦੀ ਤੁਲਨਾ ਵਿੱਚ ਕਿਤੇ ਜ਼ਿਆਦਾ ਤੇਜ਼ੀ ਨਾਲ਼ ਵਧ ਰਿਹਾ ਸੀ ਜਿਹੜਾ ਮੈਂ ਕਿਤਾਬਾਂ ਤੋਂ ਹਾਸਿਲ ਕਰ ਸਕਦਾ ਸੀ ਅਤੇ ਸ਼ਾਇਦ ਇਸ ਲਈ ਵੀ ਕਿ ਸਾਹਿਤ ਦਾ ਮੌਲਿਕ ਅਤੇ ਬੁਨਿਆਦੀ ਵਿਚਾਰ ਜ਼ਿੰਦਗੀ ਦੇ ਬਹੁਤ ਸਾਰੇ ਪੱਖਾਂ 'ਤੇ ਰੌਸ਼ਨੀ ਪਾਉਣ ਵਿੱਚ ਅਸਮਰਥ ਸੀ। ਇਸ ਸਭ ਕਾਸੇ ਦਾ

ਨਤੀਜਾ ਇਹ ਹੋਇਆ ਕਿ ਜਿਵੇਂ ਜਿਵੇਂ ਮੇਰੀ ਅਤੇ ਪਲੇਤਨਿਓਵ ਦੀ ਸਾਹਿਤ ਵਿੱਚ ਦਿਲਚਸਪੀ ਵਧਦੀ ਗਈ, ਇਸ ਦੁਆਰਾ ਪੇਸ਼ ਕੀਤੀਆਂ ਜਾਣ ਵਾਲ਼ੀਆਂ ਗੱਲਾਂ ਵਿੱਚ ਸਾਡਾ ਅਵਿਸ਼ਵਾਸ ਵਧਦਾ ਗਿਆ।

"ਆਹ ਹੋਈ ਨਾ ਗੱਲ, ਇਸਨੇ ਰੂਸੀ ਚਰਿੱਤਰ ਨੂੰ ਸ਼ਾਨਦਾਰ ਢੰਗ ਨਾਲ਼ ਸਮੇਟ ਲਿਆ ਹੈ!" ਇਹ ਸੀ ਪਲੇਤਨਿਓਵ ਦੀ ਉਤਸ਼ਾਹਪੂਰਣ ਪ੍ਰਤੀਕਿਰਿਆ ਜਦੋਂ ਉਸਨੇ ਨਾਊਮੋਵ* ਦੀ ਕਿਤਾਬ "ਮੱਕੜੀ ਦਾ ਜਾਲਾ" ਪੜ੍ਹੀ, ਪਰ ਪੋਮਿਆਲੋਵਸਕੀ ਦਾ ਲਿਖਿਆ ਇੱਕ ਪੜ੍ਹਨ ਤੋਂ ਬਾਅਦ ਉਸਨੇ ਦੁਖੀ ਅਤੇ ਵਿਚਾਰਸ਼ੀਲ ਲਹਿਜੇ ਵਿੱਚ ਕਿਹਾ:

"ਇਸ ਵਿੱਚ ਵੀ "ਮੱਕੜੀ ਦਾ ਜਾਲਾ" ਵਰਗਾ ਹੀ ਜਾਂਗਲੀਪੁਣਾ ਹੈ।"

ਜ਼ਾਹਿਰ ਹੈ ਕਿ ਅਸੀਂ ਕਿਸਾਨਾਂ ਨੂੰ ਸਮਝਣਾ ਚਾਹੁੰਦੇ ਸਾਂ ਅਤੇ ਸਾਨੂੰ ਇਸੇ ਦੀ ਜ਼ਰੂਰਤ ਸੀ। ਇਹ ਇੱਕ ਅਜਿਹਾ ਵਿਸ਼ਾ ਸੀ ਜਿਸਨੂੰ ਸਾਹਿਤ ਵਿੱਚ ਰਟਿਆ ਜਾ ਰਿਹਾ ਸੀ ਅਤੇ ਜਿਸਨੂੰ ਸਾਡੇ ਅਧਿਆਪਕ ਅਤੇ ਰਹਿਨੁਮਾ ਸਾਡੇ ਮੋਢਿਆਂ 'ਤੇ, ਜਿਹੜੇ ਕੋਈ ਖਾਸ ਮਜ਼ਬੂਤ ਨਹੀਂ ਸਨ, ਲਗਾਤਾਰ ਲੱਦੀ ਜਾ ਰਹੇ ਸਨ। ਜਿਵੇਂ ਕਿ ਮੈਂ ਪਹਿਲਾਂ ਹੀ ਦੱਸ ਚੁੱਕਿਆ ਹਾਂ ਕਿ ਅਸੀਂ ਨਰੋਦਨਿਕਾਂ ਦੇ ਸਾਰੇ ਮੱਤ-ਸਿਧਾਂਤਾਂ ਨੂੰ ਸੱਚ ਮੰਨਦੇ ਸਾਂ। ਸਾਡੀ ਮੁਸ਼ਕਿਲ ਇਹ ਸੀ ਕਿ ਅਸੀਂ ਆਪਣੇ ਵਿਸ਼ਵਾਸ ਅਤੇ ਗਿਆਨ ਵਿਚਕਾਰ ਸਰਹੱਦ ਕਿੱਥੇ ਖਿੱਚੀਏ।

ਉਹਨਾਂ ਸਾਲਾਂ ਵਿੱਚ ਗਲੇਬ ਉਸਪੇਂਸਕੀ ਕਾਫੀ ਮਸ਼ਹੂਰੀ ਖੱਟ ਚੁੱਕੇ ਸਨ ਅਤੇ ਗਰਮਾ-ਗਰਮ ਵਾਦ-ਵਿਵਾਦ ਦਾ ਵਿਸ਼ਾ ਬਣੇ ਹੋਏ ਸਨ। ਕੁਝ ਲੋਕਾਂ ਦਾ ਕਹਿਣਾ ਸੀ ਕਿ ਇਹ ਦਿਖਾ ਕੇ ਕਿ "ਧਰਤੀ ਦੀ ਤਾਕਤ" ਕਿੰਨੀ ਵੱਡੀ ਹੈ, ਉਹਨਾਂ ਨੇ ਨਰੋਦਨਿਕ ਸਿਧਾਂਤ ਦੀ ਸੱਚਾਈ ਅਤੇ ਸਦਾਚਾਰ ਨਿਰਵਿਵਾਦ ਰੂਪ ਵਿੱਚ ਸਥਾਪਿਤ ਕਰ ਦਿੱਤਾ ਸੀ। ਦੂਜੇ ਲੋਕ ਚੀਖ-ਚੀਖ ਕੇ ਉਹਨਾਂ ਨੂੰ "ਗੱਦਾਰ" ਕਹਿੰਦੇ ਸਨ। ਉਹਨਾਂ ਦੀਆਂ ਕਿਸਾਨੀ ਸੰਬੰਧੀ ਕਹਾਣੀਆਂ ਵਿਚਲੇ ਸਨਕੀ ਸਰੋਦੀਪਣ (Lyricism) 'ਤੇ ਸਾਡੀ ਛੋਟੀ ਜਿਹੀ ਮੰਡਲੀ ਦੀ ਪ੍ਰਤੀਕਿਰਿਆ ਭਾਵਨਾਤਮਕ ਸੀ, ਉਸੇ ਤਰ੍ਹਾਂ ਜਿਵੇਂ ਸੰਗੀਤ ਸੁਣ ਕੇ ਹੁੰਦੀ ਹੈ। ਉਸਪੇਂਸਕੀ ਨੇ ਸਾਡੇ ਅੰਦਰ ਬੇਹੱਦ ਵਿਆਕੁਲ ਕਰ ਦੇਣ ਵਾਲੀ ਭਾਵਨਾ ਉਤਪੰਨ ਕੀਤੀ ਅਤੇ ਸਾਡੇ ਵਿਚਾਰਾਂ ਨੂੰ ਭਖਦੇ ਸਮਾਜਿਕ ਮੁੱਦਿਆਂ ਵੱਲ ਮੋੜ ਦਿੱਤਾ। ਗਰੀਮਨ ਨੇ ਇਹ ਕਹਿ ਕੇ ਇਸ ਭਾਵਨਾ ਨੂੰ ਬਹੁਤ ਸਪਸ਼ਟ ਢੰਗ ਨਾਲ਼ ਬਿਆਨ ਕੀਤਾ ਸੀ ਕਿ ਉਸਪੇਂਸਕੀ ਨੂੰ ਪੜ੍ਹਨ ਤੋਂ ਬਾਅਦ ਮਨ ਕਰਦਾ ਹੈ ਕਿ ਕੋਈ ਦ੍ਰਿੜ ਕਦਮ ਉਠਾਇਆ ਜਾਵੇ ਜਿਵੇਂ ਕਿ ਬਰੂਸੇੱਲਸ (Brussels) ਦੇ ਲੋਕਾਂ ਨੇ ਕੀਤਾ ਸੀ। ਉਹਨਾਂ ਨੇ ਮੇਈਯੇਰਬੀਰ ਦੇ ਆਪੇਰਾ *Le prophète* (ਪੈਗੰਬਰ) ਦਾ ਪਹਿਲਾ ਸ਼ੋਅ ਦੇਖਣ ਤੋਂ ਬਾਅਦ ਸੰਵਿਧਾਨ ਦੀ ਮੰਗ ਕਰਨ ਲਈ ਰਾਜੇ ਦੇ ਮਹਿਲ 'ਤੇ ਧਾਵਾ ਬੋਲ ਦਿੱਤਾ ਸੀ। ਮੁਸ਼ਕਿਲ ਇਹ ਸੀ ਕਿ ਕਜ਼ਾਨ ਵਿੱਚ ਨਾ ਤਾਂ ਆਪੇਰਾ-ਘਰ ਸੀ ਤੇ ਨਾ ਹੀ ਰਾਜਾ ਸੀ। ਠੀਕ ਹੈ ਕਿ ਸਾਡੇ ਸ਼ਹਿਰ ਵਿੱਚ ਇੱਕ ਗਵਰਨਰ ਸੀ, ਪਰ ਇੰਨਾ ਕੁ ਤਾਂ ਅਸੀਂ ਜਾਣਦੇ ਹੀ ਸਾਂ ਕਿ ਗਵਰਨਰ ਸੰਵਿਧਾਨ ਨਹੀਂ ਦੇ ਸਕਦਾ। ਅਸੀਂ ਇਹ ਵੀ ਜਾਣਦੇ ਸੀ ਕਿ

* ਨਾਊਮੋਵ ਨ. ਇ. (1838-1901)—ਰੂਸੀ ਨਰੋਦਨਿਕ ਲੇਖਕ, ਜਿਹਨਾਂ ਦੀਆਂ ਸਰਵੋਤਮ ਰਚਨਾਵਾਂ ਵਿੱਚ ਰੂਸੀ ਕਿਸਾਨੀ ਦੇ ਔਖੇ ਜੀਵਨ ਦਾ ਚਿਤਰਣ ਕੀਤਾ ਗਿਆ ਹੈ।

ਜ਼ਲਾਤੋਵਰਾਤਸਕੀ ਅਤੇ ਕਰੋਨਿਨ ਦੁਆਰਾ ਚਿਤਰੇ ਸੰਤ-ਸੁਭਾਅ ਕਿਸਾਨਾਂ ਦੇ ਨਾਲ਼-ਨਾਲ਼ ਦਾਗ਼ੀ ਕਿਸਮ ਦੇ ਬਹੁਤ ਸਾਰੇ ਕਿਸਾਨ ਵੀ ਮੌਜੂਦ ਸਨ ਜਿਹਨਾਂ ਨੂੰ ਰੇਸ਼ੇਤਨੀਕੋਵ ਅਤੇ ਨਿਕੋਲਾਈ ਉਸਪੇਂਸਕੀ ਨੇ ਬੇਨਕਾਬ ਕੀਤਾ ਸੀ; ਕਿ ਸੇਂਟ ਪੀਟਰਸਬਰਗ ਵਿੱਚ ਓਨੇ ਹੀ ਅਣ-ਆਕਰਸ਼ਕ ਕਿਰਤੀ ਅਤੇ ਕਾਰੀਗਰ ਦੇਖਣ ਨੂੰ ਮਿਲਦੇ ਸਨ; ਕਿ ਸਾਈਬੇਰੀਆ ਦੀਆਂ ਸੋਨੇ ਦੀਆਂ ਖਾਣਾਂ ਵਿੱਚ ਅਜਿਹੇ ਮਜ਼ਦੂਰ ਸਨ ਜਿਹਨਾਂ ਦੀ ਨੈਤਿਕਤਾ ਓਨੀ ਹੀ ਬੇਲਗਾਮ ਸੀ ਜਿੰਨੀ ਕਿ ਵਪਾਰੀਆਂ ਦੀ, ਅਤੇ ਕਿ ਕਜ਼ਾਨ ਦੇ ਸੁਕੋਨਾਇਆ ਸਲੋਬੋਦਾ ਨਾਮਕ ਜ਼ਿਲ੍ਹੇ ਵਿੱਚ ਬਹੁਤ ਸ਼ਰਾਬਖੋਰੀ ਅਤੇ ਹੁੱਲੜਬਾਜ਼ੀ ਦੇਖਣ ਨੂੰ ਮਿਲਦੀ ਸੀ।

"ਕੁਝ ਕਰਨਾ ਪਏਗਾ," ਪਲੇਤਨਿਓਵ ਲਗਾਤਾਰ ਕਹਿੰਦਾ ਰਿਹਾ ਅਤੇ ਉਸਦੀ ਮੱਦਦ ਨਾਲ਼ ਮੈਂ ਪੇਂਡੂ ਸਕੂਲ ਵਿੱਚ ਅਧਿਆਪਕ ਬਣਨ ਦੀ ਤਿਆਰੀ ਕਰਨ ਲੱਗ ਪਿਆ।

ਜਲਾਵਤਨੀ ਤੋਂ ਪਰਤੇ ਇੱਕ ਵਿਅਕਤੀ ਦਾ ਸਾਡੇ ਮਨ 'ਤੇ ਬਹੁਤ ਹੀ ਉਦਾਸ ਅਤੇ ਯਾਦਗਾਰ ਪ੍ਰਭਾਵ ਪਿਆ ਸੀ। ਉਸਦੇ ਵਾਲ਼ ਲਗਭਗ ਚਿੱਟੇ ਹੋ ਚੁੱਕੇ ਸਨ, ਦਾੜ੍ਹੀ ਦੇ ਵਾਲ਼ ਖਿੰਡੇ ਹੋਏ ਸਨ, ਉਸਦਾ ਚਿਹਰਾ ਲੰਮਾ ਅਤੇ ਹੱਡਲ਼ ਸੀ ਅਤੇ ਉਸਦਾ ਨੱਕ ਤੋਤੇ ਦੀ ਚੁੰਝ ਵਾਂਗ ਮੁੜਿਆ ਹੋਇਆ ਸੀ। ਉਸ ਨਾਲ਼ ਸਾਡੀ ਮੁਲਾਕਾਤ ਕਿਸੇ ਪੇਰੀਮੋਵ ਨਾਮਕ ਇੱਕ ਡਾਕਟਰ ਦੇ ਘਰ ਵਿੱਚ ਹੋਈ। ਗਰਮੀਆਂ ਦੀ ਸ਼ਾਮ ਸੀ, ਪਰ ਇਸ ਮਹਿਮਾਨ ਨੂੰ ਭਾਰੀ ਅਤੇ ਗਰਮ ਕੱਪੜੇ ਪਹਿਨੇ ਹੋਣ ਦੇ ਬਾਵਜੂਦ ਗਰਮੀ ਨਹੀਂ ਲੱਗ ਰਹੀ ਸੀ। ਘੱਟੋ-ਘੱਟ ਉਸਦੇ ਚਿਹਰੇ 'ਤੇ ਤਾਂ ਪਸੀਨਾ ਨਹੀਂ ਸੀ ਚਮਕ ਰਿਹਾ। ਆਪਣੇ ਸ਼ਿਕਾਰ ਵਾਲ਼ੇ ਬੂਟਾਂ ਵਿੱਚ ਉਹ ਕੁਝ ਇਸ ਤਰ੍ਹਾਂ ਦਿਖਾਈ ਦੇ ਰਿਹਾ ਸੀ ਜਿਵੇਂ ਤੇਜ਼ ਬਾਰਿਸ਼ ਅਤੇ ਤੂਫਾਨ ਵਿੱਚ ਦਲਦਲ ਲੰਘ ਕੇ ਆਇਆ ਹੋਵੇ ਅਤੇ ਉਸਦੇ ਕੱਪੜੇ ਉਸਦੇ ਸਰੀਰ 'ਤੇ ਹੀ ਸੁੱਕ ਗਏ ਹੋਣ। ਰੁੱਖੀ ਅਤੇ ਦ੍ਰਿੜ ਆਵਾਜ਼ ਵਿੱਚ ਉਸਨੇ ਅਤਿਅੰਤ ਪ੍ਰਭਾਵਸ਼ਾਲੀ ਢੰਗ ਨਾਲ਼ ਗਲੇਬ ਉਸਪੇਂਸਕੀ, ਲਾਵਰੋਵ ਅਤੇ ਮਿਖਾਈਲੋਵਸਕੀ ਦਾ ਗੁਣਗਾਣ ਕੀਤਾ। ਉਸਨੇ ਆਪਣੀ ਗੱਲ ਸ਼ੁਰੂ ਕਰਦਿਆਂ ਦੱਸਿਆ ਕਿ ਮਜ਼ਦੂਰਾਂ ਵਿੱਚ ਇਨਕਲਾਬੀ ਪ੍ਰਚਾਰ ਦੇ ਯਤਨ ਇਸ ਲਈ ਅਸਫਲ ਰਹੇ ਕਿਉਂਕਿ ਉਹਨਾਂ ਵਿੱਚ ਬਹੁਤ ਸਾਰੇ 'ਜਸੂਸ ਦਲਾਲ' ਸਨ। ਉਸਨੇ ਕਿਹਾ ਕਿ 'ਨਰੋਦਨਾਯਾ ਵੋਲਯਾ' ਨੂੰ ਤਬਾਹ ਕਰਨ ਵਾਲ਼ਾ ਦੇਗਯੇਵ ਨਹੀਂ ਸੀ ਬਲਕਿ ਮੇਰਕੂਲੋਵ ਨਾਮਕ ਇੱਕ ਮਜ਼ਦੂਰ ਸੀ। ਫਿਰ ਉਹ ਵਿਸਤਾਰਪੂਰਵਕ ਇਹ ਸਿੱਧ ਕਰਨ ਵਿੱਚ ਜੁੱਟ ਗਿਆ ਕਿ ਜਿਹੜੇ ਲੋਕ ਸਨਅਤੀ ਵਿਕਾਸ ਦੇ ਸਮਰਥਕ ਹਨ, ਉਹ ਅਸਲ ਵਿੱਚ ਵਪਾਰੀਆਂ ਦੇ ਚਾਕਰ ਹਨ ਅਤੇ ਉਸਨੇ ਇੱਕ ਬੇਹੱਦ ਮੰਨੀ-ਪ੍ਰਮੰਨੀ ਗੱਲ 'ਤੇ ਆਪਣੀ ਗੱਲਬਾਤ ਖਤਮ ਕੀਤੀ: ਸਾਰੇ ਇਮਾਨਦਾਰ ਵਿਅਕਤੀਆਂ ਦਾ ਫਰਜ਼ ਬਣਦਾ ਹੈ ਕਿ ਉਹ ਰੂਸੀ ਪੇਂਡੂ ਭਾਈਚਾਰੇ—ਮੀਰ—ਨੂੰ ਬਚਾਉਣ ਅਤੇ ਵਿਕਸਤ ਕਰਨ ਲਈ ਸੰਘਰਸ਼ ਕਰਨ, ਅਤੇ ਉਹਨਾਂ ਲੋਕਾਂ ਖਿਲਾਫ ਲੜਨ ਜਿਹੜੇ ਕਹਿੰਦੇ ਹਨ ਕਿ ਕਿਸਾਨ ਨੂੰ ਵੀ ਆਤਮਾ-ਰਹਿਤ ਮਸ਼ੀਨੀ ਸੱਭਿਅਤਾ ਦੇ ਪਹੀਏ ਨੂੰ ਚਲਾਉਣ ਵਿੱਚ ਮੱਦਦ ਕਰਨੀ ਚਾਹੀਦੀ ਹੈ।

ਕੋਈ ਵੀਹ ਕੁ ਭੱਦਰ ਲੋਕ ਅਤੇ ਪੰਜ ਨੌਜਵਾਨ ਉਸਦੇ ਸਰੋਤੇ ਸਨ। ਜਦੋਂ ਉਸਨੇ ਆਪਣੀ ਗੱਲ ਖਤਮ ਕੀਤੀ ਤਾਂ ਕਾਫੀ ਦੇਰ ਤੱਕ ਕੁਝ ਅਜੀਬ ਜਿਹਾ ਸੰਨਾਟਾ ਛਾ ਗਿਆ,

ਮਹਿਮਾਨ ਖੰਘਦੇ ਅਤੇ ਇੱਕ ਦੂਜੇ ਨੂੰ ਵੇਖਦੇ ਰਹੇ। ਇਸ ਤੋਂ ਬਾਅਦ ਇੱਕ ਗੰਜਾ ਆਦਮੀ, ਜਿਸਨੇ ਸੋਨੇ ਦੇ ਬਟਨਾਂ ਵਾਲ਼ੀ ਸਰਕਾਰੀ ਵਰਦੀ ਪਹਿਨੀ ਹੋਈ ਸੀ, ਉੱਠਿਆ, ਖਿੜਕੀ ਦੀ ਸਿੱਲ 'ਤੇ ਫੁੱਲਾਂ ਨੂੰ ਸੁੰਘਿਆ ਅਤੇ ਸਾਵਧਾਨੀ ਨਾਲ਼ ਕੇਕੜੇ ਵਾਂਗ ਤੁਰਦਾ ਹੋਇਆ ਨਾਲ਼ ਵਾਲ਼ੇ ਕਮਰੇ ਵਿੱਚ ਚਲਾ ਗਿਆ। ਨਾਗਵਾਰ ਖਾਮੋਸ਼ੀ ਘੱਟੋ-ਘੱਟ ਦੋ ਮਿੰਟ ਤੱਕ ਹੋਰ ਛਾਈ ਰਹੀ।

"ਕਿਹੋ ਜਿਹੇ ਸ਼ੈਤਾਨ ਲੋਕ ਨੇ ਇਹ!" ਪਲੇਤਨਿਓਵ ਨੇ ਹੌਲ਼ੀ ਜਿਹੇ ਮੇਰੇ ਕੰਨ ਵਿੱਚ ਕਿਹਾ।

ਬੁਲਾਰਾ ਮੇਜ਼ ਵੱਲ ਇੱਕ ਟੱਕ ਵੇਖ ਰਿਹਾ ਸੀ ਅਤੇ ਆਪਣੀ ਖਿੰਡੀ ਹੋਈ ਦਾਹੜੀ ਵਿੱਚ ਹੱਥ ਫੇਰ ਰਿਹਾ ਸੀ। ਫਿਰ ਉਸਨੇ ਪੁੱਛਿਆ:

"ਹਾਂ, ਤਾਂ ਆਪਾਂ ਕੀ ਗੱਲ ਕਰ ਰਹੇ ਸੀ ?"

ਮੇਜ਼ਬਾਨ ਨੇ ਦੂਜੇ ਕਮਰੇ ਵਿੱਚ ਜਾ ਕੇ ਚਾਹ ਪੀਣ ਦੀ ਸਲਾਹ ਦਿੱਤੀ।

"ਉੱਥੇ ਗੱਲ ਕਰਾਂਗੇ," ਉਸਨੇ ਕਿਹਾ।

ਮਹਿਮਾਨਾਂ ਵਿੱਚੋਂ ਪੰਜ-ਛੇ ਕੁ ਬੰਦੇ ਜਲਾਵਤਨੀ ਤੋਂ ਪਰਤੇ ਇਸ ਆਦਮੀ ਨਾਲ਼ ਦੂਜੇ ਕਮਰੇ ਵਿੱਚ ਚਲੇ ਗਏ ਅਤੇ ਬਾਕੀ ਵਿਦਾ ਹੋ ਗਏ। ਅਸੀਂ ਵੀ ਇਹੀ ਕੀਤਾ।

"ਕੀ ਬਦਤਮੀਜ਼ੀ ਹੈ," ਪਲੇਤਨਿਓਵ ਨੇ ਕਿਹਾ, "ਆਪਾਂ ਸਾਰਿਆਂ ਨੇ ਇਸ ਆਦਮੀ ਦੀ ਬੇਜ਼ਤੀ ਕੀਤੀ ਹੈ। ਜਦੋਂ ਉਹ ਮੇਜ਼ਬਾਨ ਦੇ ਪਿੱਛੇ ਗਿਆ ਤਾਂ ਕੀ ਤੂੰ ਉਸਦੀ ਤਲਖ ਮੁਸਕਰਾਹਟ ਵੱਲ ਧਿਆਨ ਦਿੱਤਾ ਸੀ ?"

ਮੈਂ ਧਿਆਨ ਨਹੀਂ ਦਿੱਤਾ ਸੀ, ਪਰ ਫਿਰ ਵੀ ਮੈਨੂੰ ਬੇਚੈਨੀ ਜਿਹੀ ਹੋ ਰਹੀ ਸੀ। ਸ਼ਾਇਦ ਮੈਂ ਸੋਚ ਰਿਹਾ ਸੀ ਕਿ ਅਸੀਂ ਸਾਰਿਆਂ ਨੇ ਚੁੱਪਚਾਪ ਸੱਚਾਈ ਤੋਂ ਮੂੰਹ ਮੋੜ ਲਿਆ ਸੀ।

ਜਦੋਂ ਕੁਝ ਦਿਨਾਂ ਬਾਅਦ ਮੈਂ ਪਲੇਤਨਿਓਵ ਨੂੰ ਮਿਲਣ ਲਈ ਸੋਬਾਚੀ ਗਲ਼ੀ ਵਿਖੇ ਉਸਦੇ ਮਤਰੇਏ ਪਿਤਾ ਦੇ ਘਰ ਗਿਆ ਤਾਂ ਮੈਂ ਦੇਖਿਆ ਕਿ ਮੇਰੇ ਮਿੱਤਰ ਦੀਆਂ ਉਂਗਲਾਂ 'ਤੇ ਜਾਮਨੀ ਰੰਗ ਲੱਗਿਆ ਹੋਇਆ ਹੈ।

"ਇਹ ਸਾਫ਼ ਹੀ ਨਹੀਂ ਹੋ ਰਿਹਾ," ਉਸਨੇ ਕਿਹਾ ਅਤੇ ਦੱਸਿਆ ਕਿ ਉਸਨੂੰ ਮਿਮਿਓਗ੍ਰਾਫ ਰਾਹੀਂ ਕੁਝ ਗੈਰ-ਕਾਨੂੰਨੀ ਘੋਸ਼ਣਾ-ਪੱਤਰਾਂ ਦੀਆਂ ਨਕਲਾਂ ਕੱਢਣ ਦਾ ਕੰਮ ਦਿੱਤਾ ਗਿਆ ਸੀ। ਮੈਨੂੰ ਉਸਤੋਂ ਬੜੀ ਈਰਖਾ ਹੋਈ। ਇਹ ਪੂਰਾ ਕਿੱਸਾ ਮੈਂ ਆਪਣੀ ਕਿਤਾਬ 'ਮੇਰੇ ਵਿਸ਼ਵ-ਵਿਦਿਆਲੇ' ਵਿੱਚ ਲਿਖਿਆ ਹੈ।

ਬੋਰਿਸੋਗਲੇਬਸਕ ਸ਼ਹਿਰ ਵਿੱਚ ਆਖ਼ਰੀ ਨਰੋਦਨਿਕਾਂ ਵਿੱਚੋਂ ਇੱਕ ਨਾਲ਼ ਮੇਰੀ ਮੁਲਾਕਾਤ ਹੋਈ ਅਤੇ ਮੈਂ ਕਿਸਾਨਾਂ ਬਾਰੇ ਇੱਕ ਮੁਲਾਂਕਣ ਸੁਣਿਆ ਜਿਹੜਾ ਮੇਰੇ ਲਈ ਬਿਲਕੁਲ ਨਵਾਂ ਸੀ। ਉਹ ਇੱਕ ਸੂਬਾਈ ਪੱਤਰਕਾਰ ਸੀ। ਉਸਦਾ ਨਾਮ ਸੀ ਮਾਨੇਨਕੋਵ-ਸਤਾਰੋਸਤਿਨ। ਜੇਕਰ ਪੁਰਾਣੇ ਨਰੋਦਨਿਕ ਕਿਸਾਨਾਂ ਦੀ ਹੱਦੋਂ ਵੱਧ ਪ੍ਰਸੰਸਾ ਕਰਦੇ ਸਨ ਤਾਂ ਇਸ ਆਦਮੀ ਦਾ ਵਤੀਰਾ ਤਾਂ ਇੱਕਦਮ ਹਾਸੋਹੀਣਾ ਸੀ। ਪੇਂਡੂ ਜੀਵਨ ਦਾ ਜ਼ਿਕਰ ਉਹ ਅਜਿਹੀ ਸੋਜ਼ ਅਤੇ ਕਰੁਣਾ ਨਾਲ, ਜਿਵੇਂ ਗੋਡੇ ਟੇਕੇ ਹੋਣ, ਕਰਦਾ ਸੀ ਕਿ ਉਸਦੀਆਂ ਗੱਲਾਂ ਸੁਣਨ ਵਾਲ਼ੇ ਹਮੇਸ਼ਾ

ਉਸ 'ਤੇ ਤਿੱਖੇ ਵਿਅੰਗ ਕਸਦੇ। ਤਿੱਖੀ ਅਤੇ ਬਰੀਕ, ਤਣਾਅਪੂਰਨ ਆਵਾਜ਼ ਵਿੱਚ ਚੀਕਦਾ ਹੋਇਆ, ਜਿਵੇਂ ਗੱਠਦਾਰ ਲੱਕੜ ਨੂੰ ਆਰੇ ਨਾਲ਼ ਚੀਰਿਆ ਜਾ ਰਿਹਾ ਹੋਵੇ, ਉਹ ਬਾਰ-ਬਾਰ "ਸੱਚਾਈ ਅਤੇ ਨਿਆਂ" ਬਾਰੇ ਉਹੀ ਪੁਰਾਣੇ ਸ਼ਬਦ ਦੁਹਰਾਉਂਦਾ ਰਹਿੰਦਾ, ਜਿਸਨੂੰ, ਉਸਦਾ ਦਾਅਵਾ ਸੀ, ਕੇਵਲ ਜ਼ਮੀਨ ਵਾਹੁਣ ਵਾਲ਼ਾ ਕੁਦਰਤ ਨਾਲ਼ ਆਪਣੇ ਨਜ਼ਦੀਕੀ ਮੇਲ-ਜੋਲ ਵਿੱਚੋਂ ਹੀ ਹਾਸਿਲ ਕਰ ਸਕਦਾ ਹੈ। ਮੈਨੂੰ ਚੰਗੀ ਤਰ੍ਹਾਂ ਯਾਦ ਨਹੀਂ ਕਿਸਨੇ ਪਰ ਮੇਰਾ ਖਿਆਲ ਹੈ ਕਿ ਵ. ਅਲਾਬਿਸ਼ੇਵ ਨੇ ਉਸਨੂੰ ਵਿਅੰਗਪੂਰਣ ਢੰਗ ਨਾਲ਼ ਪੁੱਛਿਆ ਸੀ:

"ਅਤੇ ਕੀ ਤੁਹਾਡੇ ਕੁਲਕ ਤੁਹਾਨੂੰ ਇਹ ਸਾਰੀਆਂ ਸੱਚਾਈਆਂ ਹਾਸਿਲ ਕਰਨ ਦੇ ਦੇਣਗੇ ?"

ਇਸ ਮੌਕੇ 'ਤੇ ਇੱਕ ਕੁੜੀ ਜਿਸਦਾ ਨਾਮ ਸੋਲੋਵਿਓਵਾ ਸੀ ਅਤੇ ਜਿਸਨੂੰ ਮੈਂ ਪਹਿਲਾਂ ਕਦੇ ਨਹੀਂ ਦੇਖਿਆ ਸੀ, ਗੱਲਬਾਤ ਵਿੱਚ ਸ਼ਾਮਿਲ ਹੋ ਗਈ ਅਤੇ ਬੜੇ ਜੋਸ਼ ਨਾਲ਼ ਕਹਿਣ ਲੱਗੀ ਕਿ ਲੋਕਾਂ ਲਈ ਹੁਣ ਆਪਣੇ ਭਰਮਾਂ ਤੋਂ ਛੁਟਕਾਰਾ ਪਾਉਣ ਦਾ ਸਹੀ ਸਮਾਂ ਆ ਗਿਆ ਹੈ। ਜਿਵੇਂ ਕਿ ਹਰ ਥਾਂ ਹੁੰਦਾ ਹੈ ਪਿੰਡਾਂ ਵਿੱਚ ਵੀ ਅਮੀਰ ਅਤੇ ਗਰੀਬ ਦੋਹਾਂ ਤਰ੍ਹਾਂ ਦੇ ਲੋਕ ਰਹਿੰਦੇ ਹਨ ਅਤੇ ਪਿੰਡਾਂ ਦੇ ਅਮੀਰ ਕਿਸਾਨਾਂ ਦੇ ਸੁਭਾਅ ਨੂੰ ਅਜੇ ਤੱਕ ਖੋਜ-ਪੜਤਾਲ ਦਾ ਵਿਸ਼ਾ ਨਹੀਂ ਬਣਾਇਆ ਗਿਆ। ਸ਼ਾਇਦ ਸਾਡੀਆਂ ਅੱਜ ਦੀਆਂ ਹਾਲਤਾਂ ਵਿੱਚ ਕੁਲਕ ਇੱਕ ਪ੍ਰਗਤੀਸ਼ੀਲ ਸ਼ਕਤੀ ਹੈ ਕਿਉਂਕਿ ਉਹ ਪੂੰਜੀ ਬਟੋਰਦਾ ਹੈ ਅਤੇ ਫੈਕਟਰੀਆਂ ਤੇ ਮਿੱਲਾਂ ਬਣਾਉਂਦਾ ਹੈ।

ਪਹਿਲਾਂ ਤਾਂ ਉਸਦੀਆਂ ਗੱਲਾਂ 'ਤੇ ਲੋਕ ਹੱਸੇ, ਫਿਰ ਤੂਫਾਨੀ ਵਾਦ-ਵਿਵਾਦ ਚੱਲਿਆ, ਪਰ ਉਹ ਕੁੜੀ ਬਹੁਤ ਪੜ੍ਹੀ-ਲਿਖੀ ਨਿਕਲ਼ੀ ਤੇ ਆਪਣੀ ਗੱਲ 'ਤੇ ਅੜੀ ਰਹੀ, ਅਤੇ ਭਾਵੇਂ ਮਾਨੇਨਕੋਵ ਅਤੇ ਹੋਰ ਲੋਕ ਉਸ 'ਤੇ ਬਹੁਤ ਭੜਕੇ ਤਾਂ ਵੀ ਉਹ ਕੰਧ ਨਾਲ਼ ਲੱਗ ਕੇ ਖੜੀ ਰਹੀ ਅਤੇ ਗੁੱਸੇਖੋਰ ਵਿਰੋਧੀਆਂ ਤੋਂ ਜਿਵੇਂ ਆਪਣੀ ਆਤਮ-ਰੱਖਿਆ ਕਰਨ ਲਈ ਕੁਰਸੀ ਦੀ ਪਿੱਠ ਆਪਣੇ ਹੱਥਾਂ ਵਿੱਚ ਘੁੱਟ ਕੇ ਕਦੇ ਫੱਕ ਚਿਹਰੇ ਨਾਲ਼ ਅਤੇ ਕਦੇ ਅੱਖਾਂ ਚਮਕਾਉਂਦਿਆਂ ਉਹ ਚੀਕਦੀ ਰਹੀ ਕਿ ਨਰੋਦਨਿਕਾਂ ਨੇ ਕਿਸਾਨਾਂ ਬਾਰੇ ਸਿਆਹੀ ਨਾਲ਼ ਨਹੀਂ ਬਲਕਿ ਪੂਜਾ ਵਾਲ਼ੇ ਚਿਰਾਗ਼ ਦੇ ਤੇਲ ਨਾਲ਼ ਲਿਖਿਆ ਹੈ।

"ਇਹ ਸਭ ਸਾਹਿਤ ਨਹੀਂ ਸਗੋਂ ਚਿਕਨੀਆਂ-ਚੋਪੜੀਆਂ ਗੱਲਾਂ ਤੇ ਚਾਪਲੂਸੀ ਹੈ!" ਉਸਨੇ ਲਲਕਾਰਦਿਆਂ ਕਿਹਾ।

ਵਿਰੋਧੀਆਂ ਵਿੱਚੋਂ ਜਿਹੜਾ ਸਭ ਤੋਂ ਘੱਟ ਉਮਰ ਦਾ ਸੀ, ਉਸਤੋਂ ਵੀ ਉਹ ਘੱਟੋ-ਘੱਟ ਦਸ ਸਾਲ ਛੋਟੀ ਸੀ। ਨੌਜਵਾਨਾਂ ਵਿੱਚੋਂ ਸਿਰਫ਼ ਮਾਜਿਨ ਨੇ, ਜਿਹੜਾ ਇੱਕ ਜਹਾਜ਼ੀ ਅਤੇ ਮੇਰਾ ਖਿਆਲ ਹੈ, ਅਹੁਦਾ-ਘਟਾਇਆ ਵਾਰੰਟ ਅਫਸਰ ਸੀ, ਉਸਦਾ ਪੱਖ ਲਿਆ। ਪਰ ਮੈਨੂੰ ਇਸ ਤਰ੍ਹਾਂ ਜਾਪਿਆ ਕਿ ਮਾਜਿਨ ਉਸਦਾ ਪੱਖ ਇਸ ਲਈ ਨਹੀਂ ਸੀ ਲੈ ਰਿਹਾ ਕਿ ਉਹ ਸਹੀ ਸੀ, ਬਲਕਿ ਇਸ ਲਈ ਲੈ ਰਿਹਾ ਸੀ ਕਿਉਂਕਿ ਉਹ ਦੇਖਣ ਨੂੰ ਸੋਹਣੀ ਸੀ।

ਦੂਜੇ ਦਿਨ ਉਹ ਜ਼ਾਰੀਤਸੇਨ ਚਲੇ ਗਈ, ਜਿੱਥੇ ਕੁਝ ਦਿਨਾਂ ਬਾਅਦ ਉਸਨੂੰ ਕਜ਼ਾਨ ਵਿਦਿਆਰਥੀ ਫੇਦੋਸੇਯੇਵ ਦੇ ਮੁਕੱਦਮੇ ਦੇ ਸੰਬੰਧ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ। ਪੰਜ

ਸਾਲ ਬਾਅਦ ਉਸਦੇ ਇਸ ਤਰਕ ਨੂੰ ਕਿ ਕੁਲਕ ਇੱਕ ਅਗਾਂਹਵਧੂ ਸ਼ਕਤੀ ਹੈ, ਜ਼ਿੰਮੇਰਮਾਨ-ਗਵੋਜ਼ਦੇਵ ਨੇ ਵਿਸਤਾਰਪੂਰਵਕ ਵਿਕਸਤ ਕੀਤਾ। ਉਹ ਅਜਿਹਾ ਪਹਿਲਾ ਵਿਅਕਤੀ ਸੀ ਜਿਸਨੇ ਇਸ ਮਸਲੇ ਨੂੰ ਮੁੱਦੇ ਦੇ ਰੂਪ ਵਿੱਚ ਉਠਾਇਆ ਸੀ। ਆਪਣੀ ਕਿਤਾਬ 'ਕੁਲਕ ਅਤੇ ਸੂਦਖੋਰੀ' ਵਿੱਚ ਉਸਨੇ ਇਹ ਸਾਬਿਤ ਕਰਨ ਦਾ ਯਤਨ ਕੀਤਾ ਕਿ ਪੂੰਜੀ ਇਕੱਠੀ ਕਰਕੇ, ਪਿੰਡਾਂ ਦੇ ਲੋਕਾਂ ਦਾ ਪ੍ਰੋਲੇਤਾਰੀਕਰਨ ਕਰਕੇ ਅਤੇ ਸਨਅਤ ਅਤੇ ਵਪਾਰ ਨੂੰ ਵਿਕਸਤ ਕਰਕੇ ਕੁਲਕ ਯਾਨੀ ਅਮੀਰ ਕਿਸਾਨ ਆਰਥਿਕ ਤਰੱਕੀ ਦਾ ਵਾਹਕ ਬਣ ਗਿਆ ਹੈ। ਇਸ ਦਾੜ੍ਹੀ ਵਾਲ਼ੇ ਹੱਟੇ-ਕੱਟੇ ਆਦਮੀ ਦਾ, ਜਿਹੜਾ 1870-71 ਦੇ ਪਰਸ਼ੀਅਨ ਸਿਪਾਹੀ ਵਰਗਾ ਲੱਗਦਾ ਸੀ, ਨਰੋਦਨਿਕਾਂ ਨੇ ਬਿਲਕੁਲ ਉਸੇ ਤਰ੍ਹਾਂ ਮਜ਼ਾਕ ਉਡਾਇਆ ਜਿਵੇਂ ਸੋਲੋਵਿਓਵਾ ਦਾ ਉਡਾਇਆ ਸੀ। ਜਿਵੇਂ ਕਿ ਸਾਰੇ ਜਾਣਦੇ ਹੀ ਹਨ ਕਿ ਮਾਰਕਸਵਾਦ ਦੇ ਕਾਰਨ ਨਰੋਦਨਿਕ ਲਹਿਰ ਵਿੱਚ ਨਵੀਂ ਚੁਸਤੀ-ਫੁਰਤੀ ਪੈਦਾ ਹੋ ਗਈ ਕਿਉਂਕਿ ਵਿਰੋਧ ਦਾ ਸਾਹਮਣਾ ਹੋਣ 'ਤੇ ਲੋਕ ਜ਼ਿਆਦਾ ਮੁਸਤੈਦ ਹੋ ਜਾਂਦੇ ਹਨ ਅਤੇ ਉਹਨਾਂ ਦੀ ਕੁਸ਼ਲਤਾ ਵਧ ਜਾਂਦੀ ਹੈ। 'ਇਸਕਰਾ' (ਬਾਲਸ਼ਵਿਕਾਂ ਦਾ ਅਖਬਾਰ —ਅਨੁ.) ਦਾ ਜਨਮ ਅਜੇ ਨਹੀਂ ਹੋਇਆ ਸੀ, ਪਰ ਰੂਸੀ ਜੀਵਨ ਦੇ ਮੁੱਖ ਅੰਤਰ-ਵਿਰੋਧਾਂ ਕਾਰਨ ਮਾਮਲਾ ਹੋਰ ਜ਼ਿਆਦਾ ਜ਼ੋਰਦਾਰ ਅਤੇ ਤਿੱਖਾ ਹੁੰਦਾ ਜਾ ਰਿਹਾ ਸੀ, ਅਤੇ ਭਾਵੇਂ ਕਿ ਅਜੇ ਵੀ ਇਹ ਸਾਬਿਤ ਕਰਨ ਦੇ ਯਤਨ ਕੀਤੇ ਜਾ ਰਹੇ ਸਨ ਕਿ ਜੀਵਨ ਦੇ ਰਾਸਤੇ ਨੂੰ ਮੌਲਿਕ ਰੂਪ ਵਿੱਚ ਬਦਲਣ ਦੀ ਸਮਰੱਥਾ ਰੱਖਣ ਵਾਲ਼ੀਆਂ ਬੁਨਿਆਦੀ ਤਾਕਤਾਂ ਸਿਰਫ ਕਿਸਾਨਾਂ ਵਿੱਚ ਹੀ ਪਾਈਆਂ ਜਾਂਦੀਆਂ ਹਨ, ਫਿਰ ਵੀ ਸ਼ਹਿਰਾਂ ਅਤੇ ਮਜ਼ਦੂਰ ਜਮਾਤ ਦੇ ਪੱਖ ਵਿੱਚ ਕੁਝ ਗੱਲਾਂ ਮੰਨੀਆਂ ਜਾਣ ਲੱਗ ਪਈਆਂ ਸਨ ਅਤੇ ਇਸ ਜਮਾਤ ਦੇ ਮਹੱਤਵ ਨੂੰ ਸਵੀਕਾਰ ਕੀਤਾ ਜਾ ਰਿਹਾ ਸੀ।

ਜੀਵਨ ਦੇ ਰਾਸਤੇ ਬਾਰੇ ਮੇਰੇ "ਵਿਚਾਰਾਂ" ਨੇ ਹੌਲ਼ੀ-ਹੌਲ਼ੀ ਅਤੇ ਮੁਸ਼ਕਿਲ ਨਾਲ਼ ਹੀ ਰੂਪ ਧਾਰਿਆ। ਇਸਦਾ ਕਾਰਨ ਸ਼ਾਇਦ ਮੇਰੀ ਖਾਨਾਬਦੋਸ਼ ਜ਼ਿੰਦਗੀ, ਮੇਰੇ ਮਨ 'ਤੇ ਪਏ ਪ੍ਰਭਾਵਾਂ ਦੀ ਬਹੁਲਤਾ, ਨਿਯਮਤ ਸਿੱਖਿਆ ਦੀ ਘਾਟ ਅਤੇ ਸਵੈ-ਅਧਿਐਨ ਲਈ ਸਮੇਂ ਦੀ ਕਮੀ ਰਿਹਾ ਹੋਵੇ। "ਆਰਥਿਕ ਤਰੱਕੀ" ਵਿੱਚ ਮੈਨੂੰ ਕੋਈ ਖਾਸ ਦਿਲਚਸਪੀ ਨਹੀਂ ਸੀ ਬਲਕਿ ਇਹ ਮੇਰੀ ਸਮਾਜਿਕ ਅਤੇ ਸੱਭਿਆਚਾਰਕ ਤਰੱਕੀ ਦੀ ਧਾਰਨਾ ਦੇ ਵਿਰੁੱਧ ਸੀ। ਇਹ ਜ਼ਰੂਰ ਹੀ ਮੇਰੇ ਅੰਦਰ ਨਰੋਦਨਿਕ ਲਾਗ ਦੇ ਪ੍ਰਭਾਵ ਕਾਰਨ ਸੀ।

ਮੇਰਾ ਮਾਲਿਕ ਵਾਸੀਲੀ ਸੇਮੇਓਨੋਵ ਕਿਸੇ ਤਰ੍ਹਾਂ ਵੀ ਸਮਾਜਿਕ ਅਤੇ ਸੱਭਿਆਚਾਰਕ ਤਰੱਕੀ ਦੇ ਵਿਕਾਸ ਵਿੱਚ ਸੂਤ ਨਹੀਂ ਬੈਠਦਾ ਸੀ। ਕੋਈ ਵੀ "ਮਾਲਿਕ" ਨਹੀਂ ਬੈਠਦਾ ਸੀ। ਮੈਂ ਜਿੰਨੀਆਂ ਵੀ ਸਿਆਣੀਆਂ ਗੱਲਾਂ ਸੁਣੀਆਂ ਅਤੇ ਪੜ੍ਹੀਆਂ ਸਨ, ਉਹਨਾਂ ਵਿੱਚੋਂ ਪਰੂਦੋਂ ਦੀ ਇੱਕ ਗੱਲ ਮੇਰੇ ਦਿਮਾਗ ਵਿੱਚ ਜੰਮ ਕੇ ਬੈਠ ਗਈ:

"ਜਾਇਦਾਦ ਡਕੈਤੀ ਹੁੰਦੀ ਹੈ।"

ਇਹ ਸਭ ਕੁਝ ਮੇਰੇ ਲਈ ਸਪਸ਼ਟ ਸੀ, ਅਤੇ ਭਾਵੇਂ ਕਿ ਮੈਂ ਕਈ ਪੇਸ਼ਾਵਰ ਚੋਰਾਂ ਨੂੰ ਜਾਣਦਾ ਸਾਂ, ਪਰ ਮੈਂ ਦੇਖਿਆ ਕਿ ਉਹ ਬਹੁਤ ਘੱਟ "ਜਾਇਦਾਦ ਵਾਲ਼ੇ" ਸਨ, ਅਤੇ ਮੈਂ ਇਹ ਵੀ ਦੇਖ ਰਿਹਾ ਸਾਂ ਕਿ "ਇਮਾਨਦਾਰ" ਮਾਲਿਕ ਪਰੂਦੋਂ ਨੂੰ ਸਹੀ ਸਿੱਧ ਕਰਨ ਲਈ

ਲਗਾਤਾਰ ਯਤਨ ਕਰ ਰਹੇ ਹਨ ਅਤੇ ਇਸੇ ਕੰਮ ਵਿੱਚ ਉਹਨਾਂ ਦੇ ਜੀਵਨ ਦਾ ਸਾਰਾ ਨਿਚੋੜ ਵਿਦਮਾਨ ਹੈ।

ਉਦੋਂ ਤੱਕ ਮੈਂ ਯੂਰਪੀ ਸਾਹਿਤ ਦਾ (ਅਨੁਵਾਦਾਂ ਰਾਹੀਂ) ਅਤੇ ਰੂਸੀ ਸਾਹਿਤ ਦਾ ਵੀ ਤਸੱਲੀਬਖਸ਼ ਗਿਆਨ ਹਾਸਿਲ ਕਰ ਚੁੱਕਿਆ ਸੀ, ਪਰ ਜੋ ਕੁਝ ਵੀ ਮੈਂ ਪੜ੍ਹਿਆ ਉਸ ਵਿੱਚ ਬਹੁਤ ਕੁਝ ਮੇਰੇ ਲਈ ਪਰਾਇਆ ਸੀ, ਭਾਵੇਂ ਕਿ ਇਹਨਾਂ ਵਿਚਲੀ ਖ਼ੂਬਸੂਰਤੀ ਮੈਨੂੰ ਨਿਹਾਲ ਕਰ ਦਿੰਦੀ ਸੀ। ਬਹੁਤ ਦਿਨਾਂ ਤੱਕ ਇਹ ਗੱਲ ਮੇਰੀ ਸਮਝ ਵਿੱਚ ਨਹੀਂ ਆਈ ਕਿ ਵਿਦਿਆਰਥੀ ਰਸਕੋਲਨਿਕੋਵ ਨੇ ਬਜ਼ੁਰਗ ਔਰਤ ਦਾ ਕਤਲ ਕਿਉਂ ਕੀਤਾ, ਅਤੇ ਕਿਉਂ ਇੱਕ ਫਰਾਂਸੀਸੀ, ਪੱਾਲ ਬੁਰਜੇ ਦੇ "ਪੈਰੋਕਾਰ", ਨੇ ਇਸ ਰੂਸੀ ਵਿਦਿਆਰਥੀ ਦੀ ਨਕਲ ਕੀਤੀ। ਅਤੇ ਫਿਰ ਇਸ ਤਰ੍ਹਾਂ ਕਿਉਂ ਸੀ ਕਿ ਐਡੂਅਰਡ ਰੌਡ ਦੇ ਨਾਵਲ *Le Sens de la vie* (ਜੀਵਨ ਦਾ ਅਰਥ) ਵਿੱਚ ਇੱਕ ਨੌਜਵਾਨ ਨੂੰ, ਜਿਹੜਾ ਉਸ ਅਰਥ ਨੂੰ ਖੋਜ ਲੈਣ ਦੇ ਸਮਰੱਥ ਨਹੀਂ ਸੀ, ਇੱਕ ਬਜ਼ੁਰਗ ਔਰਤ ਨੇ ਗਿਰਜਾ-ਘਰ ਵਿੱਚ ਹੀ ਸਹੀ ਰਾਸਤਾ ਦਿਖਾਇਆ ? ਜਿੰਨੀਆਂ ਕਿਤਾਬਾਂ ਮੈਂ ਪੜ੍ਹੀਆਂ ਸਨ ਉਹ ਸਾਰੀਆਂ ਇੱਕ ਅੰਤਹੀਣ ਅਤੇ ਵਿਸ਼ਾਲ ਕਿਤਾਬ ਵਿੱਚ ਵਿਲੀਨ ਹੋ ਜਾਂਦੀਆਂ ਸਨ ਜਿਸਦਾ ਮੁੱਖ ਵਿਸ਼ਾ ਸੀ ਨੌਜਵਾਨਾਂ ਦੁਆਰਾ ਜ਼ਿੰਦਗੀ ਦੇ ਅਰਥ ਨੂੰ ਸਮਝਣਾ ਜਾਂ ਕਹਿ ਲਵੋ ਕਿ ਜ਼ਿੰਦਗੀ ਵਿੱਚ ਆਪਣੇ ਸਥਾਨ ਦੀ ਤਲਾਸ਼ ਕਰਨੀ। ਕਾਫੀ ਕੁਝ ਅਜਿਹਾ ਸੀ ਜੋ ਮੇਰੇ ਪੱਲੇ ਨਹੀਂ ਸੀ ਪੈਂਦਾ, ਫਿਰ ਵੀ ਜ਼ਿੰਦਗੀ ਦਾ ਜਿਹੜਾ ਚਿਤਰਣ ਉਹਨਾਂ ਵਿੱਚ ਕੀਤਾ ਗਿਆ ਸੀ, ਉਸ ਨਾਲ਼ ਮੈਨੂੰ ਰੂਸੀ ਅਤੇ ਵਿਦੇਸ਼ੀ ਸਾਹਿਤ ਦੀਆਂ ਸਮਾਨਤਾਵਾਂ ਅਤੇ ਭਿੰਨਤਾਵਾਂ, ਦੋਹਾਂ ਦੀ ਸਮਝ ਹੋ ਗਈ। ਇਹ ਸਮਾਨਤਾਵਾਂ ਅਤੇ ਭਿੰਨਤਾਵਾਂ ਰੂਸੀ ਜੀਵਨ ਦੇ ਪੱਖ ਵਿੱਚ ਨਹੀਂ ਸਨ ਅਤੇ ਨਾ ਹੀ ਇਹਨਾਂ ਦੀ ਸਿਫ਼ਤ ਦਾ ਕੋਈ ਕਾਰਨ ਬਣਦਾ ਸੀ।

ਸਾਹਿਤ ਵਿੱਚੋਂ ਮੈਨੂੰ ਜਿਸ ਚੀਜ਼ ਦੀ ਸਭ ਤੋਂ ਵੱਧ ਤਲਾਸ਼ ਸੀ ਉਹ ਸੀ ਇੱਕ "ਨਾਇਕ", "ਬਲਵਾਨ" ਅਤੇ "ਆਲੋਚਨਾਤਮਕ ਢੰਗ ਨਾਲ਼ ਸੋਚਣ ਵਾਲ਼ੀ ਸਖਸ਼ੀਅਤ" ਦੀ। ਪਰ ਮੈਨੂੰ ਮਿਲੇ ਓਬਲੋਮੋਵ, ਰੁਦਿਨ ਅਤੇ ਉਹਨਾਂ ਵਰਗੇ ਹੀ ਹੋਰ ਲੋਕ। ਪੋਮਿਯਾਲੋਵਸਕੀ ਦੁਆਰਾ ਰਚੇ ਨਾਇਕ, ਚੇਰੇਵਾਨਿਨ ਨੇ, ਜਿਸਦਾ ਚਿਹਰਾ ਦਵੈਖਪੂਰਨ ਵਿਅੰਗ ਨਾਲ਼ ਵਿਗਾੜ ਦਿੱਤਾ ਗਿਆ ਸੀ, ਆਪਣਾ ਅਲੱਗ ਰਾਸਤਾ ਚੁਣਿਆ। ਭਾਵੇਂ ਕਿ ਉਸਦਾ ਜਨਮ ਵੀ ਉਸੇ ਸਾਲ ਹੋਇਆ ਸੀ ਜਿਹੜੇ ਸਾਲ ਬਜ਼ਾਰੋਵ ਦਾ ਹੋਇਆ ਸੀ, ਉਹ ਤੁਰਗਨੇਵ ਦੇ ਨਾਇਕ ਨਾਲੋਂ ਕਿਤੇ ਵਧੇਰੇ "ਸੰਪੂਰਨ" ਇੱਕ ਸਰਵ-ਖੰਡਨਵਾਦੀ ਸੀ।

ਇਹ ਗੱਲ ਸਮਝਣੀ ਬਹੁਤ ਮੁਸ਼ਕਿਲ ਸੀ ਕਿ ਲੇਖਕ ਸਾਰੇ ਬੁੱਧੀਜੀਵੀਆਂ ਨੂੰ ਇੱਛਾ ਸ਼ਕਤੀ ਤੋਂ ਬਿਨਾਂ ਅਤੇ ਚਰਿੱਤਰਹੀਣ ਰੂਪ ਵਿੱਚ ਕਿਉਂ ਪੇਸ਼ ਕਰਦੇ ਸਨ। ਜਦਕਿ ਸੈਂਕੜੇ ਬੁੱਧੀਜੀਵੀ "ਲੋਕਾਂ ਵਿੱਚ ਗਏ", ਅਤੇ ਇਹਨਾਂ ਵਿੱਚੋਂ ਬਹੁਤਿਆਂ ਨੂੰ ਜਾਂ ਤਾਂ ਜੇਲ੍ਹਾਂ ਵਿੱਚ ਸੁੱਟ ਦਿੱਤਾ ਗਿਆ ਜਾਂ ਜਲਾਵਤਨ ਕਰ ਦਿੱਤਾ ਗਿਆ ਸੀ। ਕੀ ਕਾਰਨ ਸੀ ਕਿ ਸਾਹਿਤ ਅਜਿਹੇ ਲੋਕਾਂ ਨੂੰ "ਪ੍ਰਤੀਬਿੰਬਤ" ਕਰਨ ਵਿੱਚ ਨਾਕਾਮ ਰਿਹਾ ਜਿਹਨਾਂ 'ਤੇ "193 ਦਾ ਮੁਕੱਦਮਾ"*

* 193 ਦਾ ਮੁਕੱਦਮਾ — 193 ਨਰੋਦਨਿਕ ਪ੍ਰਚਾਰਕਾਂ ਦਾ ਮੁਕੱਦਮਾ ਅਕਤੂਬਰ 1877 ਤੋਂ ਲੈ ➡

ਚਲਾਇਆ ਗਿਆ ਸੀ, ਜਿਹੜੇ ਫੈਕਟਰੀਆਂ ਵਿੱਚ ਪ੍ਰਚਾਰ ਕਰਦੇ ਹੁੰਦੇ ਸਨ, ਅਤੇ 'ਨਰੋਦਨਾਯਾ ਵੋਲਯਾ' ਲਹਿਰ ਦਾ ਹਿੱਸਾ ਸਨ ? ਪ੍ਰਭਾਵ ਇਹ ਪੈਂਦਾ ਸੀ ਕਿ ਸਾਹਿਤ ਜੀਵਨ ਨਾਲ਼ ਬੇਇਨਸਾਫੀ ਕਰ ਰਿਹਾ ਹੈ ਅਤੇ ਇਸਨੂੰ ਬਦਰੰਗ ਬਣਾ ਕੇ ਪੇਸ਼ ਕਰ ਰਿਹਾ ਹੈ। ਮੈਨੂੰ ਅਜੇ ਵੀ ਉਸ ਸਮੇਂ ਦੀਆਂ ਕਈ ਕਹਾਣੀਆਂ ਯਾਦ ਹਨ, ਬੇਰੌਣਕ ਗੱਲਾਂ ਜਿਹਨਾਂ ਵਿੱਚ ਵਿਅੰਗਾਤਮਕ ਪਸ਼ੇਮਾਨੀ ਦੀ ਬਹੁਲਤਾ ਸੀ। ਉਹਨਾਂ ਵਿੱਚੋਂ ਕੁਝ ਇਹ ਹਨ: 'ਹੈਮਲਟ–ਇੱਕ ਟਕੇ ਵਿੱਚ ਦੋ' (ਲੇਖਕ ਦਾ ਨਾਮ ਮੈਂ ਭੁੱਲ ਗਿਆ), ਜਿਹੜੀ ਲ. ਓਬਲੇਂਸਕੀ ਦੇ ਕਿਸੇ ਮੈਗਜ਼ੀਨ ਵਿੱਚ ਛਪੀ ਸੀ; 'ਸ਼ਚਿਗਰੋਵਸਕੀ ਜ਼ਿਲੇ ਦਾ ਹੈਮਲਟ ਅਤੇ 'ਨਾ ਚਿੜੀ ਨਾ ਮੋਰ ਦੀਆਂ ਕਹਾਣੀਆਂ'। ਪਿਓਤਰ ਬੋਬੋਰੀਕਿਨ ਨੇ ਇੱਕ ਕਹਾਣੀ ਪ੍ਰਕਾਸ਼ਿਤ ਕਰਵਾਈ ਜਿਸਦਾ ਨਾਮ ਸੀ 'ਅੱਖਾਂ ਖੋਲ੍ਹ ਦੇਣ ਵਾਲ਼ੀ ਘਟਨਾ', ਪਰ ਉਹਨੀ ਦਿਨੀਂ ਬੋਬੋਰੀਕਿਨ ਨੂੰ ਮਾਨਤਾ ਦੇਣਾ ਚੰਗਾ ਨਹੀਂ ਸਮਝਿਆ ਜਾਂਦਾ ਸੀ। ਜਿੱਥੋਂ ਤੱਕ ਮੇਰਾ ਸਵਾਲ ਹੈ, ਮੈਂ ਉਸਨੂੰ ਮੰਨਦਾ ਸਾਂ, ਉਸਦੀਆਂ ਕਿਤਾਬਾਂ ਵਿੱਚ ਰੋਜ਼ਮੱਰਾ ਦੀ ਜ਼ਿੰਦਗੀ ਬਾਰੇ ਸਮੱਗਰੀ ਦੇ ਢੇਰ ਹੁੰਦੇ ਸਨ। ਮੈਨੂੰ ਵ.ਵ. ਬੇਰਵੀ–ਫਲੇਰੋਵਸਕੀ ਦੀਆਂ ਦੋ ਕਹਾਣੀਆਂ ਵੀ ਯਾਦ ਹਨ: 'ਗਲਾਤੋਵ' ਅਤੇ 'ਸਤੇਸ਼ਾ ਦੀ ਫਿਲਾਸਫੀ'। ਮੈ ਲੇਖਕ ਨੂੰ ਨਿੱਜੀ ਤੌਰ 'ਤੇ ਜਾਣਦਾ ਸਾਂ ਤੇ ਇਹ ਸੋਚ ਕੇ ਦੁੱਖ ਹੁੰਦਾ ਸੀ ਕਿ ਅਜਿਹੀਆਂ ਬੇਜਾਨ ਅਤੇ ਬਨਾਉਟੀ ਲਿਖਤਾਂ ਲੰਮੇ, ਸਖ਼ਤ, ਅਸਹਿਣਸ਼ੀਲ ਅਤੇ ਹਰ ਇੱਕ ਨਾਲ਼ ਮੱਤਭੇਦ ਰੱਖਣ ਵਾਲ਼ੇ ਉਸ ਬਜ਼ੁਰਗ ਦੀ ਕਲਮ 'ਚੋਂ ਨਿਕਲੀਆਂ ਹਨ, ਜਿਸਨੇ 'ਸਮਾਜਿਕ ਵਿਗਿਆਨਾਂ ਦਾ ਮੁੱਢਲਾ ਗਿਆਨ' ਅਤੇ 'ਮਜ਼ਦੂਰ ਜਮਾਤ ਦੀ ਹਾਲਤ' 'ਤੇ ਪਹਿਲੀ ਰੂਸੀ ਕਿਤਾਬ ਲਿਖੀ ਸੀ। ਆਪਣੇ ਆਲ਼ੇ–ਦੁਆਲ਼ੇ ਦੇ ਜੀਵਨ ਵਿੱਚ ਮੈਂ ਦਰਜਨਾਂ ਸਜੀਵ ਅਤੇ ਬੇਹੱਦ ਪ੍ਰਭਾਵਸ਼ਾਲੀ ਵਿਅਕਤੀਆਂ ਨੂੰ ਵੇਖਿਆ, ਪਰ ਇਹ ਲੋਕ ਸਾਹਿਤ ਵਿੱਚ—ਇਸ "ਜੀਵਨ ਦੇ ਸ਼ੀਸ਼ੇ" ਵਿੱਚ—ਪ੍ਰਤੀਬਿੰਬਤ ਨਹੀਂ ਕੀਤੇ ਗਏ ਸਨ, ਜੇ ਕੀਤੇ ਵੀ ਸਨ ਤਾਂ ਇੰਨੇ ਧੁੰਦਲੇ ਕਿ ਮੈਥੋਂ ਪਛਾਣੇ ਹੀ ਨਹੀਂ ਸੀ ਜਾਂਦੇ। ਮੌਲਿਕ ਪਾਤਰਾਂ ਦੇ ਅਣਥੱਕ ਖੋਜੀ, ਲੇਸਕੋਵ ਦੀਆਂ ਲਿਖਤਾਂ ਵਿੱਚ ਅਜਿਹੇ ਲੋਕ ਮਿਲਦੇ ਸਨ, ਭਾਵੇਂ ਕਿ ਮੇਰੀ ਰਾਏ ਮੁਤਾਬਿਕ ਉਹਨਾਂ ਦੇ ਰੰਗ–ਢੰਗ ਉਹੋ ਜਿਹੇ ਨਹੀਂ ਸਨ ਜਿਹੋ ਜਿਹੇ ਹੋਣੇ ਚਾਹੀਦੇ ਸੀ। ਬਿੰਬ ਅਤੇ ਸ਼ੈਲੀ ਦੀ ਸੁੰਦਰਤਾ ਦੀ ਸਰਾਹਨਾ ਦੇ ਨਾਲ਼–ਨਾਲ਼ ਮੈਂ ਸਾਹਿਤ ਪ੍ਰਤੀ ਇੱਕ ਧੁੰਦਲੀ ਬੇਯਕੀਨੀ ਕਾਰਨ ਹੋਰ ਵਧੇਰੇ ਪ੍ਰੇਸ਼ਾਨ ਹੁੰਦਾ ਜਾ ਰਿਹਾ ਸੀ।

ਸੱਤਵੇਂ ਅਤੇ ਅੱਠਵੇਂ ਦਹਾਕੇ ਦੇ ਸਾਹਿਤ ਨੂੰ ਮੈਂ ਇੱਕ ਵਾਰ ਫਿਰ ਬਹੁਤ ਧਿਆਨ ਨਾਲ਼ ਪੜ੍ਹਿਆ। ਮੇਰੇ ਹਿਸਾਬ ਨਾਲ਼ ਉਹ ਦੋ ਸ਼੍ਰੇਣੀਆਂ ਵਿੱਚ ਵੰਡਿਆ ਹੋਇਆ ਸੀ। ਪਹਿਲੀ ਸ਼੍ਰੇਣੀ ਵਿੱਚ ਸਨ ਤਲਖ ਅਤੇ ਕੱਟੜ "ਪ੍ਰਕਿਰਤੀਵਾਦੀ" ਨਿਕੋਲਾਈ ਉਸਪੇਂਸਕੀ, ਉਦਾਸੀ ਵਿੱਚ ਡੁੱਬੇ ਹੋਏ ਰੇਸ਼ੇਤਨਿਕੋਵ ਜਿਹਨਾਂ ਦੀਆਂ ਕਿਤਾਬਾਂ ਨੂੰ "ਮੈਂ ਬਸ ਬਰਦਾਸ਼ਤ ਨਹੀਂ ਕਰ ਸਕਦਾ ਸੀ", ਲੇਵੀਤੋਵ ਦੀ 'ਮਾਸਕੋ ਦੀਆਂ ਗਲ਼ੀਆਂ ਦੀ ਨੈਤਿਕਤਾ' ਅਤੇ ਉਹਨਾਂ ਦੀਆਂ ਉਹ ਕਹਾਣੀਆਂ ਜਿਹਨਾਂ ਵਿੱਚ ਸ਼ਰਾਬੀ ਅਤੇ ਸ਼ਬਦ–ਆਡੰਬਰਪੂਰਣ ਸਰੋਦੀਪਣ ਦਾ ਰੰਗ ਬਹੁਤਾ

➡ ਕੇ ਜਨਵਰੀ 1878 ਤੱਕ ਚੱਲਿਆ। ਇਸ ਵਿੱਚ ਜ਼ਿਆਦਾਤਰ ਮੁਲਜ਼ਮਾਂ ਨੂੰ ਸਾਈਬੇਰੀਆ ਵਿੱਚ ਬਾਮੁਸ਼ੱਕਤ ਕੈਦ ਦੀ ਸਜ਼ਾ ਸੁਣਾਈ ਗਈ ਸੀ।

ਗਹਿਰਾ ਨਹੀਂ ਹੈ; ਵੋਰੋਨੋਵ, ਨਾਉਮੋਵ, ਨੇਫੇਦੋਵ ਅਤੇ ਸਾਵਧਾਨ ਤੇ ਨਿਮਰ ਸੰਦੇਹਵਾਦੀ ਸਲੇਪਤਸੋਵ। ਇਸ ਗਰੁੱਪ ਦੇ ਨੇਤਾ ਪ੍ਰਤਿਭਾਸ਼ਾਲੀ ਅਤੇ ਕਠੋਰ ਯਥਾਰਥਵਾਦੀ ਪੋਮਿਆਲੋਵਸਕੀ ਸਨ, ਜਿਹਨਾਂ ਨੇ ਧਾਰਮਿਕ-ਵਿਦਿਆਲੇ ਦੇ ਜੀਵਨ 'ਤੇ, ਜਿਸਦੇ ਮਾਹੌਲ ਨੇ ਕਿੰਨੇ ਹੀ ਵਿਗਿਆਨੀ ਅਤੇ ਸਾਹਿਤਕਾਰਾਂ ਨੂੰ ਜਨਮ ਦਿੱਤਾ ਸੀ, ਇੱਕ ਕਿਤਾਬ ਲਿਖੀ ਸੀ। ਦਰਅਸਲ ਧਾਰਮਿਕ-ਵਿਦਿਆਲੇ 'ਚੋਂ ਬਾਹਰ ਆਉਣ ਤੋਂ ਬਾਅਦ ਹੀ ਪੋਮਿਆਲੋਵਸਕੀ ਨੇ 'ਖੂਹ-ਦੇ-ਡੱਡੂ ਦਾ ਸੁੱਖ' ਨਾਮਕ ਆਪਣੀ ਕਿਤਾਬ ਦੀ ਰਚਨਾ ਕੀਤੀ ਸੀ, ਜਿਸਦਾ ਮਹੱਤਵ ਲੋਕ ਅੱਜ ਤੱਕ ਸਹੀ ਤਰ੍ਹਾਂ ਸਮਝ ਨਹੀਂ ਸਕੇ।

ਦੂਜੇ ਗਰੁੱਪ ਵਿੱਚ ਇਹ ਲੋਕ ਸਨ: ਜ਼ਲਾਤੋਵਰਾਤਸਕੀ ਜਿਸਨੂੰ ਓਰਲੋਵ, ਜਿਹੜਾ ਨੇਚਾਯੇਵ ਦੇ ਭਗਤਾਂ ਵਿੱਚੋਂ ਇੱਕ ਸੀ, "ਮਧੁਰ ਧੋਖੇਬਾਜ਼" ਕਿਹਾ ਕਰਦਾ ਸੀ; ਸ਼ੁਰੂਆਤੀ ਦੌਰ ਦੇ ਕਰੇਨਿਨ-ਪੇਤਰੋਪਾਵਲੋਵਸਕੀ; ਉਦਾਸ ਤੇ ਦਿਲਗੀਰ ਜ਼ਸੋਦੀਮਸਕੀ; ਬਾਜ਼ਿਨ, ਮਿਖਾਈਲ ਮਿਖਾਈਲੋਵ, ਮਾਮਿਨ-ਸਿਬਰਿਯਾਕ, ਅਤੇ ਗ. ਦਾਨਿਲੇਵਸਕੀ ਵੀ ਜਿਹਨਾਂ ਨੇ ਕਈ ਘਟੀਆ ਨਾਵਲ ਲਿਖੇ ਸਨ, ਅਤੇ ਬਾਕੀ ਹੋਰ ਲੇਖਕਾਂ ਦਾ ਤਾਂ ਕਹਿਣਾ ਹੀ ਕੀ ਹੈ ਜਿਹਨਾਂ ਨੂੰ ਮੇਰੇ ਤੋਂ ਸਿਵਾ ਹੋਰ ਵੀ ਕਈ ਲੋਕ ਭੁੱਲ ਗਏ ਹਨ।

ਘੱਟੋ-ਘੱਟ ਮੇਰੇ ਹਿਸਾਬ ਨਾਲ਼ ਤਾਂ ਇਸ ਗਰੁੱਪ ਦੇ ਨੇਤਾ ਗਲੇਬ ਉਸਪੇਂਸਕੀ ਸਨ, ਜਿਹੜੇ ਇਹਨਾਂ ਲੋਕਾਂ ਵਿੱਚੋਂ ਸਭ ਤੋਂ ਪਹਿਲਾਂ ਸਾਹਿਤ ਦੇ ਖੇਤਰ ਵਿੱਚ ਦਾਖਿਲ ਹੋਏ ਸਨ। ਐਨਾ ਹੀ ਨਹੀਂ ਮੈਨੂੰ ਇਹ ਵੀ ਲੱਗਦਾ ਸੀ ਕਿ ਬਾਕੀ ਸਾਰੇ ਲੋਕ ਜਾਂ ਤਾਂ ਉਹਨਾਂ ਤੋਂ ਪ੍ਰੇਰਿਤ ਸਨ ਜਾਂ ਫਿਰ ਉਹਨਾਂ ਦੇ ਪਿੱਛੇ ਚਲ ਰਹੇ ਸਨ, ਉਸਪੇਂਸਕੀ ਦੇ ਸ਼ਬਦਾਂ ਵਿੱਚ ਬੋਲਦੇ ਸਨ, ਸਿਰਫ ਉਹਨਾਂ ਦੇ ਲਹਿਜੇ ਵਿੱਚ ਉਸਪੇਂਸਕੀ ਵਾਲਾ ਉਤਸ਼ਾਹ ਅਤੇ ਜੋਸ਼ ਨਹੀਂ ਸੀ ਅਤੇ ਸੁਰ ਹਲਕਾ ਸੀ। ਜੋ ਵੀ ਹੋਵੇ, ਉਹ ਸਾਰੇ ਉਸੇ "ਸਰਵਉੱਚ ਸੱਚਾਈ" ਦੀ ਗੱਲ ਕਰਦੇ ਸਨ ਜਿਸਨੇ ਉਸਪੇਂਸਕੀ ਨੂੰ ਪਾਗਲਪਣ ਦੀ ਹੱਦ ਤੱਕ ਪਹੁੰਚਾ ਦਿੱਤਾ ਸੀ।

ਉਹ ਇੱਕ ਅਜਿਹੇ ਲੇਖਕ ਸਨ ਜਿਹਨਾਂ ਨੂੰ ਮੈਂ ਉਸ ਢੰਗ ਨਾਲ਼ ਪੜ੍ਹਿਆ ਕਰਦਾ ਸਾਂ ਜਿਵੇਂ ਹੋਰ ਲੋਕਾਂ ਦੇ ਕਹਿਣ ਅਨੁਸਾਰ ਉਹ ਦੋਸਤੋਯੇਵਸਕੀ ਨੂੰ ਪੜ੍ਹਦੇ ਹੁੰਦੇ ਸਨ, ਹੈਰਾਨੀ ਅਤੇ ਚਿੜ੍ਹ ਨਾਲ਼, ਇੱਕੋ ਸਮੇਂ ਖਿੱਚ ਅਤੇ ਪ੍ਰਤੀਉਤੇਜਨਾ ਦੀ ਭਾਵਨਾ ਨਾਲ਼। ਮੈਨੂੰ "ਸਰਵਉੱਚ ਸੱਚਾਈ" ਵਿੱਚ ਯਕੀਨ ਨਹੀਂ ਸੀ ਜਿਸਦੀ ਸਿੱਖਿਆ ਉਸਪੇਂਸਕੀ ਦਿੰਦੇ ਸਨ ਪਰ ਉਹਨਾਂ ਦੇ ਪ੍ਰਚੰਡ ਕ੍ਰੋਧ ਅਤੇ "ਵਿਆਪਕ ਬੁਰਾਈ" ਪ੍ਰਤੀ ਉਹਨਾਂ ਦੀ ਘ੍ਰਿਣਾ ਨੇ ਮੈਨੂੰ ਉਸੇ ਤਰ੍ਹਾਂ ਪ੍ਰਭਾਵਿਤ ਕੀਤਾ ਜਿਸ ਤਰ੍ਹਾਂ ਦੋਸਤੋਯੇਵਸਕੀ ਨੂੰ ਪੜ੍ਹਨ ਤੋਂ ਬਾਅਦ ਬੰਦਾ ਆਪਣੀ "ਆਤਮਾ" ਦੀਆਂ ਹਨੇਰੀਆਂ ਡੂੰਘਾਈਆਂ ਦੇ ਕੰਬਾ ਦੇਣ ਵਾਲੇ ਡਰ ਨੂੰ ਮਹਿਸੂਸ ਕਰਨ ਲੱਗਦਾ ਹੈ। ਗਲੇਬ ਉਸਪੇਂਸਕੀ ਦੀਆਂ ਕੁਝ ਗੱਲਾਂ ਨਾਲ਼ ਮੈਂ ਸਹਿਮਤ ਸਾਂ, ਪਰ ਕੁਝ ਗੱਲਾਂ ਅਜਿਹੀਆਂ ਸਨ ਜਿਹਨਾਂ ਨਾਲ਼ ਮੈਂ ਸਹਿਮਤ ਨਹੀਂ ਹੋ ਸਕਦਾ ਸੀ: ਇਹਨਾਂ ਦਾ ਪ੍ਰਗਟਾਵਾ "ਕਿਸਾਨਾਂ ਦੇ ਜੀਵਨ ਦੀਆਂ ਹਾਲਤਾਂ ਵਿੱਚ ਡੁੱਬ ਜਾਣ" ਅਤੇ ਉਹਨਾਂ ਵਿੱਚ ਜਗ੍ਹਾ ਹਾਸਿਲ ਕਰਨ ਦੀ ਜ਼ਰੂਰਤ ਬਾਰੇ ਉਹਨਾਂ ਦੇ ਸਨਕੀ ਵਹਿਣ ਵਿੱਚ ਹੁੰਦਾ ਸੀ। ਮੈਨੂੰ ਉਸ ਖਤਰੇ ਦਾ ਭੋਰਾ ਵੀ ਡਰ ਨਹੀਂ ਸੀ ਜਿਸਨੂੰ ਉਹਨਾਂ ਨੇ ਇਹਨਾਂ ਸ਼ਬਦਾਂ ਵਿੱਚ ਬਿਆਨ ਕੀਤਾ ਸੀ: "ਜੇਕਰ ਛੇ ਕਰੋੜ

ਲੋਕ ਇੱਕ ਝਟਕੇ ਨਾਲ਼ ਉੱਠ ਖੜੇ ਹੋ ਜਾਣ ਅਤੇ ਆਪਣੇ ਢੰਗ ਨਾਲ਼ ਆਪਣੇ ਮਾਮਲਿਆਂ ਦਾ ਪ੍ਰਬੰਧ ਕਰਨ ਲੱਗ ਪੈਣ, ਤਾਂ ਬੁੱਧੀਜੀਵੀਆਂ ਦਾ ਬੁਰਾ ਹਾਲ ਹੋ ਜਾਵੇਗਾ।"

ਇਹ ਤਾਂ ਸਪਸ਼ਟ ਹੀ ਸੀ ਕਿ ਇਹ ਗੈਰ-ਯਥਾਰਥਕ ਸੋਚ ਸੀ। ਮੈਂ ਜਾਣਦਾ ਸਾਂ ਕਿ ਪੇਂਡੂ ਇਲਾਕਿਆਂ ਦਾ ਪਤਨ ਹੋ ਰਿਹਾ ਹੈ, ਜਿਹਨਾਂ ਵਿੱਚ ਅਮੀਰ ਕਿਸਾਨ ਸੁੱਖ-ਚੈਨ ਨਾਲ਼ ਜੀ ਰਹੇ ਸਨ ਅਤੇ ਉਹਨਾਂ ਦੀ ਤਾਕਤ ਵਧ ਰਹੀ ਸੀ, ਬੁਰਾਈ ਸਿਖਰਾਂ 'ਤੇ ਸੀ ਅਤੇ ਉਜੱਡ ਤੇ ਉੱਖਲ਼ਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਸੀ। ਮੈਂ "ਕਿਸਾਨਾਂ ਦੇ ਜੀਵਨ ਵਿੱਚ" ਆਪਣੀ ਕੋਈ ਥਾਂ ਨਹੀਂ ਬਣਾ ਸਕਿਆ, ਅਤੇ ਸਕੂਲ ਇੰਸਪੈਕਟਰ ਮਾਲਿਨੋਵਸਕੀ ਨੇ ਮੈਨੂੰ ਸਾਫ਼-ਸਾਫ਼ ਕਹਿ ਦਿੱਤਾ ਸੀ ਕਿ "ਕੁਝ ਕਾਰਨਾਂ ਦੀ ਵਜ੍ਹਾ ਨਾਲ ਜੋ ਉਸਦੀ ਪਹੁੰਚ ਤੋਂ ਬਾਹਰ ਹਨ" ਮੈਨੂੰ ਪ੍ਰੀਖਿਆ ਵਿੱਚ ਬੈਠਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ।

ਲੇਖਕ ਵਜੋਂ ਮੇਰਾ ਸਥਾਨ ਨਿਸ਼ਚਤ ਕਰਨ ਦੇ ਯਤਨਾਂ ਵਿੱਚ ਆਲੋਚਕਾਂ ਨੇ 'ਡਿਕੈਮੇਰੋਂ' ਅਤੇ ਨੀਤਸ਼ੇ ਤੋਂ ਲੈ ਕੇ ਪਤਾ ਨਹੀਂ ਕਿਹੜੇ-ਕਿਹੜੇ ਲੇਖਕਾਂ ਦੇ ਮੇਰੇ 'ਤੇ ਪਏ ਅਨੇਕਾਂ ਪ੍ਰਭਾਵਾਂ ਦਾ ਜ਼ਿਕਰ ਕੀਤਾ ਹੈ। ਮੈਂ ਸਿਰਫ਼ ਇੰਨਾ ਕਹਿਣ ਦੀ ਇਜਾਜ਼ਤ ਚਾਹੁੰਦਾ ਹਾਂ ਕਿ ਨੀਤਸ਼ੇ ਨੇ ਅਜੇ ਦਰਸ਼ਨ-ਸ਼ਾਸ਼ਤਰ ਦੇ ਖੇਤਰ ਵਿੱਚ ਪੈਰ ਵੀ ਨਹੀਂ ਧਰਿਆ ਸੀ ਜਦੋਂ ਪੋਮਿਆਲੋਵਸਕੀ ਅਤੇ ਉਸਦੇ ਚੇਰੇਵਾਨਿਨ ਦਾ ਦੇਹਾਂਤ ਹੋ ਚੁੱਕਿਆ ਸੀ। ਮੇਰੀ ਖ਼ਿਆਲ ਹੈ ਕਿ ਜ਼ਿੰਦਗੀ ਪ੍ਰਤੀ ਮੇਰੇ ਰਵੱਈਏ ਨੂੰ ਜਿਹਨਾਂ ਤਿੰਨ ਲੇਖਕਾਂ ਨੇ ਆਪਣੇ-ਆਪਣੇ ਢੰਗ ਨਾਲ਼ ਪ੍ਰਭਾਵਿਤ ਕੀਤਾ ਹੈ, ਉਹ ਹਨ ਪੋਮਿਆਲੋਵਸਕੀ, ਗਲੇਬ ਉਸਪੇਂਸਕੀ ਅਤੇ ਲੇਸਕੋਵ।

ਇਹ ਹੋ ਸਕਦਾ ਹੈ ਕਿ ਪੋਮਿਆਲੋਵਸਕੀ ਦਾ "ਪ੍ਰਭਾਵ" ਬਾਕੀ ਦੋਨਾਂ ਨਾਲ਼ੋਂ ਜ਼ਿਆਦਾ ਰਿਹਾ ਹੋਵੇ। ਉਹ ਪਹਿਲਾ ਵਿਅਕਤੀ ਸੀ ਜਿਸਨੇ ਸਾਹਿਤ ਦੇ ਖੇਤਰ ਵਿੱਚ ਪੁਰਾਣੀਆਂ, ਸ਼ਾਹੀ ਰਵਾਇਤਾਂ ਅਤੇ ਮਨੌਤਾਂ ਖਿਲਾਫ ਬਗਾਵਤ ਕੀਤੀ ਸੀ, ਜਿਸਨੇ ਸਭ ਤੋਂ ਪਹਿਲਾਂ ਦੋ ਟੁੱਕ ਸ਼ਬਦਾਂ ਵਿੱਚ ਲੇਖਕਾਂ ਨੂੰ "ਜੀਵਨ ਦੇ ਸਾਰੇ ਹਿੱਸੇਦਾਰਾਂ"—ਭਿਖਾਰੀ, ਫਾਇਰਮੈਨ, ਦੁਕਾਨਦਾਰ ਅਤੇ ਅਵਾਰਾ ਲੋਕਾਂ—"ਦਾ ਅਧਿਐਨ" ਕਰਨ ਦੀ ਲੋੜ ਬਾਰੇ ਦੱਸਿਆ ਸੀ।

ਖੂਹ-ਦੇ-ਡੱਡੂ ਦੀ ਜੀਵਨ ਦੀ ਛਾਣਨੀ ਓਨਾ ਬੂਰਾ ਅਲੱਗ ਨਹੀਂ ਸੀ ਕਰਦੀ ਜਿੰਨਾ ਹੋਣਹਾਰ ਲੋਕਾਂ ਨੂੰ ਛਾਣ ਮਾਰਦੀ ਸੀ। ਲੋੜ ਇਸ ਗੱਲ ਦੀ ਸੀ ਕਿ "ਜਮਾਤ-ਹੀਣ ਕਰਨ" (declassing) ਦੀ ਪ੍ਰਕਿਰਿਆ ਦਾ ਡਟ ਕੇ ਅਧਿਐਨ ਕੀਤਾ ਜਾਵੇ, ਕਿਉਂਕਿ ਹੋਰ ਕਿਸੇ ਵੀ ਚੀਜ਼ ਨਾਲ਼ੋਂ ਇਹ ਕਾਰਨ ਖੂਹ-ਦੇ-ਡੱਡੂ ਸਮਾਜ ਦੇ ਅਸੁਭਾਵਿਕ ਖੂਨ-ਸੰਚਾਰ ਅਤੇ ਪੁਰਾਣੇ ਰੋਗ ਦਾ ਕਿਤੇ ਵਧੇਰੇ ਸਪਸ਼ਟ ਢੰਗ ਨਾਲ਼ ਸਬੂਤ ਪੇਸ਼ ਕਰਦਾ ਸੀ। ਮੈਂ ਸਮਝਦਾ ਹਾਂ ਕਿ ਇਹਨਾਂ ਤਿੰਨ ਲੇਖਕਾਂ ਦਾ ਹੀ ਪ੍ਰਭਾਵ ਸੀ ਜਿਸ ਕਾਰਨ ਮੈਂ ਇਹ ਪ੍ਰਤੱਖ ਅਧਿਐਨ ਕਰਨ ਦਾ ਮਨ ਬਣਾਇਆ ਕਿ "ਲੋਕ" ਰਹਿੰਦੇ ਕਿਵੇਂ ਹਨ।

ਜੋ ਮੈਂ ਦੇਖਿਆ ਉਹ ਬੇਲਗਾਮ ਘੜਮੱਸ ਸੀ, ਅਣਗਿਣਤ ਅਤੇ ਸਰਾਸਰ ਬੇਮੇਲ, ਛੋਟੀਆਂ-ਵੱਡੀਆਂ ਵਿਰੋਧਤਾਈਆਂ ਦਾ ਉਬਾਲ਼, ਜਿਹਨਾਂ ਦੇ ਮਿਸ਼ਰਣ ਨਾਲ਼ ਇੱਕ ਭਿਆਨਕ ਤਰਾਸ-ਕਾਮੇਡੀ (tragicomedy) ਦੀ ਰਚਨਾ ਹੋ ਰਹੀ ਸੀ, ਜਿਸ ਵਿੱਚ ਜਾਇਦਾਦ ਦੇ ਮਾਲਿਕ ਦਾ ਲਾਲਚ ਮੁੱਖ ਭੂਮਿਕਾ ਅਦਾ ਕਰ ਰਿਹਾ ਸੀ।

ਮੇਰਾ ਮਤਲਬ ਉਹੀ ਹੈ ਜੋ ਮੈਂ ਕਿਹਾ ਹੈ: ਇਸ ਸ਼ਬਦ ਨੂੰ ਅਸਲ ਵਿੱਚ "ਤਰਾਸ-ਕਾਮੇਡੀ" ਹੀ ਪੜ੍ਹਨਾ ਚਾਹੀਦਾ ਹੈ। ਅਜਿਹੀ ਦੁਨੀਆ ਲਈ, ਜਿੱਥੇ ਸਾਰੇ "ਕਲੇਸ਼" ਮਨੁੱਖ ਅਤੇ ਚੀਜ਼ਾਂ ਦੀ ਮਾਲਕੀ ਦੇ ਸੰਘਰਸ਼ ਵਿੱਚੋਂ ਉਤਪੰਨ ਹੁੰਦੇ ਹਨ, ਅਤੇ ਜਿੱਥੇ "ਅਜ਼ਾਦੀ ਲਈ ਸੰਘਰਸ਼" ਦੇ ਨਾਅਰੇ ਥੱਲੇ ਅਕਸਰ ਦੂਜਿਆਂ ਦੀ ਕਿਰਤ ਦਾ ਸ਼ੋਸ਼ਣ ਕਰਨ ਦੇ "ਹੱਕ" ਵਿੱਚ ਵਿਸਤਾਰ ਕਰਨ ਲਈ ਸੰਘਰਸ਼ ਕੀਤਾ ਜਾਂਦਾ ਹੈ, ਤਰਾਸਦੀ ਬਹੁਤ ਗੌਰਵਮਈ ਸ਼ਬਦ ਹੈ। ਖੂਹ-ਦਾ-ਡੱਡੂ ਭਾਵੇਂ "ਲਾਲਚੀਆਂ ਦਾ ਸਰਦਾਰ" ਹੋਵੇ ਤਾਂ ਵੀ ਉਹ ਤਰਾਸਦੀ ਦਾ ਪਾਤਰ ਨਹੀਂ ਹੁੰਦਾ, ਕਿਉਂਕਿ ਧਨ ਅਤੇ ਸੋਨੇ ਦੀ ਲਾਲਸਾ ਇੱਕ ਹਾਸੋਹੀਣਾ ਅਤੇ ਕਰੂਪ ਗੁਣ ਹੈ। ਆਮ ਤੌਰ 'ਤੇ ਖੂਹ-ਦਾ-ਡੱਡੂ ਸੰਸਾਰ ਜਿੰਨਾ ਹਾਸੋਹੀਣਾ ਹੈ ਉਨਾ ਹੀ ਦੁਖੀ ਵੀ ਹੈ। ਗੋਗੋਲ ਦਾ 'ਪਲਿਊਸ਼ਕਿਨ' ਅਤੇ ਬਾਲਜ਼ਾਕ ਦਾ 'ਗ੍ਰਾਂਦੇ' ਕਿਸੇ ਤਰ੍ਹਾਂ ਵੀ ਦੁਖਾਂਤਕ ਨਹੀਂ ਹਨ, ਬਲਕਿ ਘਿਣਾਉਣੇ ਹਨ। ਮੈਨੂੰ ਸਮਝ ਨਹੀਂ ਆਉਂਦਾ ਕਿ ਪਲਿਊਸ਼ਕਿਨ ਪੈਸੇ ਪਿੱਛੇ ਪਾਗਲ ਕਰੋੜਪਤੀਆਂ ਤੋਂ ਕਿਸ ਲਿਹਾਜ ਨਾਲ਼ ਭਿੰਨ ਹੈ, ਸਿਵਾ ਇਸਤੋਂ ਕਿ ਕਰੋੜਪਤੀਆਂ ਦੇ ਦੁਰਕਰਮ ਕਿਤੇ ਜ਼ਿਆਦਾ ਹੁੰਦੇ ਹਨ। ਤਰਾਸਦੀ ਵਿੱਚ ਉਹ ਲੱਚਰਤਾ ਨਹੀਂ ਹੁੰਦੀ ਜਿਹੜੀ ਤੁੱਛ ਜੀਵਨ ਨੂੰ ਦਾਗ਼ੀ ਕਰਨ ਵਾਲੇ ਅਤੇ ਦੂਸ਼ਿਤ ਕਰਨ ਵਾਲ਼ੇ ਖੂਹ-ਦੇ-ਡੱਡੂਆਂ ਦੇ ਡਰਾਮਿਆਂ ਵਿੱਚ ਲਾਜ਼ਮੀ ਤੌਰ 'ਤੇ ਵਿਦਮਾਨ ਹੁੰਦੀ ਹੈ। ਕਿਸੇ ਚਿੜੀਆ ਘਰ ਵਿੱਚ ਬਾਂਦਰਾਂ ਦੀ ਆਪਸੀ ਖਿੱਚ-ਧੂਹ ਤਰਾਸਦੀ ਨਹੀਂ ਹੋ ਸਕਦੀ। ਕੇਵਲ ਹੁਣ ਅਸੀਂ ਖਰੀਆਂ, ਭਰਪੂਰ ਅਤੇ ਬੇਮਿਸਾਲ ਤਰਾਸਦੀਆਂ ਦੇ ਯੁੱਗ ਵਿੱਚ ਪ੍ਰਵੇਸ਼ ਕਰ ਰਹੇ ਹਾਂ ਜਿਹਨਾਂ ਦੀ ਰਚਨਾ ਏਸਕੀਲਸ, ਸੋਫੋਕਲ, ਯੂਰੀਪੀਦ, ਅਤੇ ਸ਼ੇਕਸਪੀਅਰਾਂ ਨੇ ਨਹੀਂ, ਬਲਕਿ ਇਤਿਹਾਸ ਦੇ ਨਵੇਂ ਨਾਇਕਾਂ—ਸਾਰੀ ਦੁਨੀਆਂ ਦੇ ਮਜ਼ਦੂਰਾਂ ਨੇ ਆਪਣੇ ਹਰਾਵਲ, ਸੋਵੀਅਤ ਸੰਘ ਦੀ ਮਜ਼ਦੂਰ ਜਮਾਤ ਦੇ ਰੂਪ ਵਿੱਚ—ਪ੍ਰੋਲੇਤਾਰੀ ਨੇ ਕੀਤੀ ਹੈ। ਜਿਹੜਾ ਵਿਕਸਤ ਹੋ ਕੇ ਚੇਤਨਾ ਦੇ ਇਸ ਪੱਧਰ ਤੱਕ ਪਹੁੰਚ ਗਿਆ ਹੈ ਕਿ ਜੀਵਨ ਦੀਆਂ ਸਾਰੀਆਂ ਬੁਰਾਈਆਂ ਅਤੇ ਦੁੱਖਾਂ ਦੀ ਜੜ੍ਹ—ਨਿੱਜੀ ਜਾਇਦਾਦ—ਨੂੰ ਨਸ਼ਟ ਕਰਨਾ ਅਤੇ ਪੂੰਜੀਵਾਦ ਦੀਆਂ ਬੋਝਲ ਤੇ ਸ਼ਰਮਨਾਕ ਜੰਜ਼ੀਰਾਂ ਨੂੰ ਤੋੜ ਸੁੱਟਣਾ ਚਾਹੀਦਾ ਹੈ।

ਜ਼ਰੂਰ ਹੀ ਮੈਂ ਅਸਲ ਘਟਨਾਕ੍ਰਮ ਤੋਂ ਕੁਝ "ਅੱਗੇ ਨਿੱਕਲ" ਗਿਆ ਹਾਂ। ਭਾਵੇਂ ਕਿ ਆਪਣੀ ਅੱਲੜ੍ਹ ਉਮਰ ਤੋਂ ਹੀ ਮੇਰੇ ਅੰਦਰ ਖੂਹ-ਦੇ-ਡੱਡੂ ਸੰਸਾਰ ਦੇ ਡਰਾਮੇ ਅਤੇ ਤਕਲੀਫਾਂ ਪ੍ਰਤੀ ਘ੍ਰਿਣਾ ਪੈਦਾ ਹੋ ਗਈ ਸੀ, ਪਰ ਇਸਨੇ ਬਹੁਤ ਦੇਰ ਬਾਅਦ ਅਤੇ ਸ਼ਬਦਾਂ 'ਤੇ ਮੇਰੀ ਬੇਯਕੀਨੀ ਕਾਰਨ ਬਹੁਤ ਹੌਲ਼ੀ-ਹੌਲ਼ੀ ਨਿਸ਼ਚਤ ਆਕਾਰ ਧਾਰਿਆ। ਮੈਂ ਬਹੁਤ ਵੱਡੀ ਗਿਣਤੀ ਵਿੱਚ ਅਜਿਹੇ ਲੋਕ ਦੇਖੇ ਸਨ ਜਿਹਨਾਂ ਦੀ ਕਹਿਣੀ ਅਤੇ ਕਰਨੀ ਵਿੱਚ ਬਹੁਤ ਫਰਕ ਸੀ। ਇਹ ਉਸ ਸਮੇਂ ਦੀ ਗੱਲ ਹੈ ਜਦੋਂ "ਜ਼ਿੰਦਗੀ ਬਾਰੇ ਮੇਰੇ ਪ੍ਰਭਾਵ" ਅਸਤ-ਵਿਅਸਤ ਹਾਲਤ ਵਿੱਚ ਸਨ ਜਿਸ ਨਾਲ਼ ਮੈਨੂੰ ਬਹੁਤ ਤਕਲੀਫ ਸਹਿਣੀ ਪੈਂਦੀ ਸੀ, ਪਰ ਉਹਨਾਂ ਨੂੰ ਕਿਸੇ ਨਾ ਕਿਸੇ ਸਿਧਾਂਤ ਜਾਂ ਮੱਤ ਦੇ ਪੁਰਾਣੇ ਝੋਲ਼ੇ ਵਿੱਚ ਪਾਉਣ ਦੀ ਵੀ ਮੈਨੂੰ ਕੋਈ ਕਾਹਲ਼ੀ ਨਹੀਂ ਸੀ। ਜੀਵਨ ਦੀਆਂ ਵਿਰੋਧਤਾਈਆਂ ਨੂੰ ਉਹਨਾਂ ਦੇ ਤਰਕਪੂਰਨ ਸਿੱਟੇ ਤੱਕ ਵਿਕਸਤ ਕਰਨ ਦੀ ਗੱਲ ਉਹਨੀਂ ਦਿਨੀ ਬਹੁਤ ਧੁੰਦਲੇ ਜਿਹੇ ਢੰਗ ਨਾਲ਼ ਕੀਤੀ ਜਾਂਦੀ ਸੀ। ਲੈਨਿਨ ਦੇ ਸ਼ਬਦ

ਉਦੋਂ ਮੈਨੂੰ ਖਿੱਚਦੇ ਨਹੀਂ ਸਨ, ਜਾਂ ਆਪਣਾ ਅੰਦਰੂਨੀ ਨਜ਼ਰੀਆ ਭਾਲਣ ਵਿੱਚ ਮੇਰੀ ਮੱਦਦ ਨਹੀਂ ਕਰਦੇ ਸਨ। ਲੈਨਿਨ ਨੂੰ ਸਮਝਣਾ ਮੈਂ ਉਦੋਂ ਸ਼ੁਰੂ ਕੀਤਾ ਜਦੋਂ ਲੰਦਨ ਕਾਂਗਰਸ* ਵਿੱਚ ਮੇਰੀ ਉਹਨਾਂ ਨਾਲ਼ ਜਾਣ-ਪਛਾਣ ਹੋਈ ਅਤੇ ਮੈਂ ਉਹਨਾਂ ਨੂੰ ਬੋਲਦਿਆਂ ਸੁਣਿਆ। ਉਸਤੋਂ ਪਹਿਲਾਂ ਦੇ ਦਹਾਕੇ ਦੌਰਾਨ ਮੈਂ "ਖੁਦ ਹੀ ਗਿਆਨ ਹਾਸਿਲ ਕਰਨ" ਦੇ ਕੰਮ ਵਿੱਚ ਰੁੱਝਿਆ ਰਿਹਾ, ਜੋ ਕਿ ਮੈਂ ਕਹਿਣਾ ਚਾਹਾਂਗਾ, ਇੱਕ *déclassé* (ਜਮਾਤ-ਵਿਹੂਣੇ) ਵਿਅਕਤੀ ਲਈ, ਜੋ ਮੈਂ ਉਦੋਂ ਹੁੰਦਾ ਸੀ, ਇੱਕ ਮੁਸ਼ਕਿਲ ਕੰਮ ਸੀ।

ਉਸ ਸਮੇਂ "ਜੀਵਨ ਦੇ ਅਧਿਆਪਕ" "ਪੂੰਜੀਵਾਦ ਤੋਂ ਸਿੱਖਣ" ਦੀ ਵਕਾਲਤ ਕਰਦੇ ਸਨ, ਪਰ ਮੈਂ ਸਮਝਦਾ ਸੀ ਕਿ ਮੈਂ ਬਹੁਤ ਕੁਝ "ਸਿੱਖ" ਲਿਆ ਹੈ। ਉਸ ਸਮੇਂ ਸੱਚਾਈ ਨੂੰ ਇਸ ਢੰਗ ਨਾਲ਼ ਤੋੜ-ਮਰੋੜ ਦਿੱਤਾ ਗਿਆ ਸੀ, ਜਿਵੇਂ ਕਿ ਉਦਾਹਰਣ ਲਈ, ਅਜਿਹਾ ਕਿਹਾ ਜਾਂਦਾ ਸੀ ਕਿ ਸੂਦਖੋਰ-ਕੁਲਕ ਆਰਥਿਕ ਤੌਰ 'ਤੇ ਅਗਾਂਹਵਧੂ ਸਨ। ਖੇਰੂੰ-ਖੇਰੂੰ ਅਤੇ ਤਬਾਹ ਹੋਈ ਦਹਿਸ਼ਤਗਰਦ ਪਾਰਟੀ ਦੀ ਕਾਰਜਕਾਰਨੀ ਕਮੇਟੀ ਦੇ ਸਾਬਕਾ ਮੈਂਬਰ ਲੇਵ ਤਿਖੋਮੀਰੋਵ ਦੁਆਰਾ ਲਿਖੇ ਇੱਕ ਕਿਤਾਬਚੇ ਵਿੱਚ ਲੇਖਕ ਪਾਠਕ ਨੂੰ ਦੱਸਦਾ ਹੈ ਕਿ ਉਹ ਕਿਉਂ "ਹੁਣ ਇਨਕਲਾਬੀ ਨਹੀਂ ਸੀ ਰਿਹਾ"।

ਮੈਂ ਅਜਿਹੇ ਕਈ ਲੋਕ ਦੇਖੇ ਸਨ ਜਿਹੜੇ ਹੁਣ "ਇਨਕਲਾਬੀ ਨਹੀਂ ਰਹੇ ਸਨ", ਉਹਨਾਂ ਨੂੰ ਦੇਖਣ ਦਾ ਦਿਲ ਨਹੀਂ ਕਰਦਾ ਸੀ ਅਤੇ ਉਹਨਾਂ ਦਾ ਵੱਖ-ਵੱਖ ਜਮਾਤਾਂ ਅਤੇ ਕਿੱਤਿਆਂ 'ਚੋਂ ਛੇਕੇ ਹੋਏ ਲੋਕਾਂ ਨਾਲ਼ ਕਾਫੀ ਕੁਝ ਮਿਲ਼ਦਾ ਸੀ।

ਪਿਛਲੇ ਤਿੰਨ-ਚਾਰ ਸਾਲਾਂ ਤੋਂ ਅਖਬਾਰਾਂ ਵਿੱਚ ਮੇਰੀਆਂ ਕਈ ਕਹਾਣੀਆਂ ਛਪ ਚੁੱਕੀਆਂ ਸਨ, ਅਤੇ ਮੇਰੀ ਕਾਫੀ ਪ੍ਰਸੰਸਾ ਵੀ ਹੋਈ ਸੀ। ਪਰ ਇਸਦਾ ਮੇਰੇ 'ਤੇ ਕੋਈ ਖਾਸ ਅਸਰ ਨਹੀਂ ਹੋਇਆ। ਮੈਂ ਖੁਦ ਨੂੰ ਪੇਸ਼ੇਵਰ ਲੇਖਕ ਨਹੀਂ ਮੰਨਦਾ ਸਾਂ।

ਮੈਂ ਇੱਕ ਮਿਹਨਤੀ ਅਤੇ ਸੁਚੇਤ ਪਾਠਕ ਸੀ, ਜਿਹਨਾਂ ਕਿਤਾਬ-ਪਾਠਕਾਂ ਦਰਮਿਆਨ ਰਹਿੰਦਾ ਸਾਂ ਉਹਨਾਂ ਦੀਆਂ ਗੱਲਾਂ ਬੜੇ ਧਿਆਨ ਨਾਲ਼ ਸੁਣਦਾ ਅਤੇ ਇਹ ਪਤਾ ਕਰਨ ਦੀ ਕੋਸ਼ਿਸ਼ ਵਿੱਚ ਕਿ ਕਿਤਾਬਾਂ ਵਿੱਚੋਂ ਉਹ ਕੀ ਭਾਲ਼ਦੇ ਹਨ ਅਤੇ ਸਭ ਤੋਂ ਪਹਿਲਾਂ ਉਹਨਾਂ ਵਿੱਚ ਕੀ ਲੱਭ ਲੈਣ ਦੀ ਉਮੀਦ ਰੱਖਦੇ ਹਨ, ਉਹਨਾਂ ਦਾ ਨਿਰੀਖਣ ਕਰਦਾ ਰਹਿੰਦਾ ਸਾਂ। ਇਹ ਕੋਈ ਸੌਖਾ ਕੰਮ ਨਹੀਂ ਸੀ, ਕਿਉਂਕਿ "ਸਵਾਦ" ਬੜੀ ਤੇਜ਼ੀ ਨਾਲ਼ ਬਦਲਦੇ ਰਹਿੰਦੇ ਸਨ ਅਤੇ ਹਰ ਕਿਤਾਬ ਬਾਰੇ ਪਾਠਕਾਂ ਦਾ ਆਪਣਾ-ਆਪਣਾ ਮੁਲਾਂਕਣ ਹੁੰਦਾ ਸੀ। ਕੁਝ ਦਿਨ ਪਹਿਲਾਂ ਇੱਕ ਘਟਨਾ ਘਟੀ ਜਿਸਤੋਂ ਮੈਨੂੰ ਪਤਾ ਲੱਗਿਆ ਕਿ ਕਜ਼ਾਨ ਵਿਖੇ ਆਪਣੀ ਅੱਲੜ ਉਮਰ ਵਿੱਚ ਹੀ ਮੈਂ ਪਾਠਕਾਂ ਦੇ ਸਵਾਦਾਂ ਦਾ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ ਸੀ। ਇੱਕ ਨੋਟਬੁੱਕ ਜਿਸ ਵਿੱਚ ਚਾਲ਼ੀ ਸਾਲ ਪਹਿਲਾਂ ਦੇ ਹਵਾਲੇ ਅਤੇ ਟਿੱਪਣੀਆਂ ਲਿਖੀਆਂ ਹੋਈਆਂ ਸਨ, ਮੇਰੇ ਇੱਕ ਜਾਣੂ ਨੇ ਜਿਹੜਾ ਕਦੇ ਧਾਰਮਿਕ ਵਿਦਿਆਲੇ ਦਾ ਵਿਦਿਆਰਥੀ ਹੁੰਦਾ ਸੀ, ਪਿੱਛੇ ਜਿਹੇ ਹੀ ਮੈਨੂੰ ਭੇਜੀ। ਉਸਦਾ ਨੇਕ ਇਰਾਦਾ ਉਹਨਾਂ ਦਿਨਾਂ ਦੇ ਮੇਰੇ ਤੁੱਛ ਗਿਆਨ ਦਾ ਖੁਲਾਸਾ ਕਰਨਾ ਸੀ। ਉਸਦਾ ਮਕਸਦ ਪੂਰਾ ਹੋ ਗਿਆ ਕਿਉਂਕਿ ਮੇਰੀ ਲਿਖਾਵਟ ਨਾਲ਼ ਭਰੇ

* ਰ.ਸ.ਡ.ਲ.ਪ. ਦੀ ਪੰਜਵੀਂ ਕਾਂਗਰਸ।

ਤੇਈ ਫਟੇ-ਪੁਰਾਣੇ ਸਫ਼ੇ, ਜਿਹਨਾਂ ਵਿੱਚ ਮੇਰੇ ਖਿਲਾਫ ਅਤੇ ਨਾਲ਼ ਹੀ ਬਿਨਾਂ ਪ੍ਰਸੰਗ ਦੇ ਕੁਝ ਨੌਜਵਾਨ ਸੋਵੀਅਤ ਲੇਖਕਾਂ ਵਿਰੁੱਧ "ਆਲੋਚਨਾਤਮਕ" ਟਿੱਪਣੀਆਂ ਲਿਖੀਆਂ ਹੋਈਆਂ ਸਨ। ਇਹਨਾਂ ਨੂੰ ਦੇਖ ਕੇ ਹੀ ਪਤਾ ਲੱਗਦਾ ਸੀ ਕਿ ਅਠਾਰਾਂ ਜਾਂ ਵੀਹ ਕੁ ਸਾਲ ਦੀ ਉਮਰ ਵਿੱਚ ਮੈਂ ਕਲਮ ਨਾਲੋਂ ਕੁਹਾੜਾ ਜ਼ਿਆਦਾ ਕੁਸ਼ਲਤਾ ਨਾਲ਼ ਚਲਾਉਂਦਾ ਹੁੰਦਾ ਸੀ। ਨੋਟਬੁੱਕ ਵਿੱਚ ਕੋਈ ਖਾਸ ਦਿਲਚਸਪ ਗੱਲ ਨਹੀਂ ਸੀ, ਕਿਉਂਕਿ ਉਸ ਵਿੱਚ ਵੱਖ-ਵੱਖ ਕਿਤਾਬਾਂ 'ਚੋਂ ਲਈਆਂ ਟੂਕਾਂ ਦੇ ਢੇਰ ਸਨ, ਕਵਿਤਾ ਲਿਖਣ ਦੀਆਂ ਫੂਹੜ ਕੋਸ਼ਿਸ਼ਾਂ ਸਨ ਅਤੇ ਕਜ਼ਾਨਕਾ ਨਦੀ ਅਤੇ ਵੋਲਗਾ ਦੇ ਸੰਗਮ 'ਤੇ ਪਹੁ ਫੁੱਟਣ ਦੇ ਦ੍ਰਿਸ਼ ਦਾ ਵਾਰਤਕ ਚਿਤਰਣ ਕੀਤਾ ਹੋਇਆ ਸੀ। ਪਰ ਇਹਨਾਂ ਫਜ਼ੂਲ ਗੱਲਾਂ ਵਿੱਚ ਹੀ ਕਿਸੇ ਅਨਾਤੋਲੀ ਕ੍ਰੇਮਲਿਓਵ ਦੇ ਭਾਸ਼ਣ ਜਾਂ ਗੱਲਬਾਤ ਦਾ ਵਰਣਨ ਹੈ। ਇਹ ਆਦਮੀ ਸ਼ੇਕਸਪੀਅਰ ਦਾ ਅਧਿਐਨ ਕਰਦਾ, ਸ਼ੇਕਸਪੀਅਰ 'ਤੇ ਟੀਕਾ-ਟਿੱਪਣੀਆਂ ਕਰਦਾ, ਸਟੇਜ 'ਤੇ ਸ਼ੇਕਸਪੀਅਰ ਦੀ ਅਦਾਕਾਰੀ ਕਰਦਾ, ਅਤੇ ਸ਼ੇਕਸਪੀਅਰ ਤੇ ਆਮ ਤੌਰ 'ਤੇ ਕਲਾ ਬਾਰੇ ਭਾਸ਼ਣ ਦਿੰਦਾ ਹੁੰਦਾ ਸੀ। ਇਹ ਕ੍ਰੇਮਲਿਓਵ, ਜਿਵੇਂ ਕਿ ਮੈਂ ਆਪਣੀ ਨੋਟਬੁੱਕ ਵਿੱਚ ਪਹਿਲਾਂ ਪੈਨਸਲ ਨਾਲ਼ ਲਿਖੇ ਉੱਤੇ ਦੁਬਾਰਾ ਸਿਆਹੀ ਨਾਲ਼ ਲਿਖਿਆ ਸੀ, "ਫੁਰਤੀਲਾ, ਮਧਰਾ ਆਦਮੀ ਸੀ, ਛੈਲ-ਛਬੀਲਾ ਸੀ, ਆਵਾਜ਼ ਘੰਟੀ ਵਾਂਗ ਸਾਫ ਸੀ ਅਤੇ ਬਿਨਾਂ ਕਾਰਨ ਹੀ ਆਪਣੇ ਹੱਥ ਹਿਲਾਉਂਦਾ ਰਹਿੰਦਾ ਸੀ।" ਇਸ ਤੋਂ ਅੱਗੇ ਮੈਂ ਲਿਖਿਆ ਸੀ, "ਚੇਰਨੇਸ਼ੇਵਸਕੀ, ਤਾਲਸਤਾਏ ਅਤੇ ਉਸਪੇਂਸਕੀ ਨੂੰ ਪਸੰਦ ਨਹੀਂ ਕਰਦਾ। ਸਮਝਦਾ ਹੈ ਕਿ ਬੁੱਧੀਜੀਵੀ ਕਿਸੇ ਤਰ੍ਹਾਂ ਵੀ ਲੋਕਾਂ ਦੇ ਰਿਣੀ ਨਹੀਂ ਹਨ, ਦਿਮਾਗ ਹੱਥਾਂ ਦਾ ਰਿਣੀ ਨਹੀਂ ਹੈ, ਹੱਥਾਂ ਤੇ ਪੈਰਾਂ ਦਾ ਕੰਮ ਦਿਮਾਗ ਦੀ ਸੇਵਾ ਕਰਨਾ ਹੈ—ਇਹੀ ਕੁਦਰਤ ਦਾ ਨਿਯਮ ਹੈ। ਸਾਹਿਤ ਦਾ ਕੰਮ ਤਾਂ ਰੂਹ ਨੂੰ ਸਕੂਨ ਦੇਣਾ ਹੈ, ਇਹੀ ਕੰਮ ਸੰਗੀਤ ਅਤੇ ਕਲਾ ਦਾ ਵੀ ਹੈ। ਕਰੂਪਤਾ ਵਿੱਚ ਵੀ ਖੂਬਸੂਰਤੀ ਹੁੰਦੀ ਹੈ—ਸਭ ਬਕਵਾਸ ਹੈ। ਲੇਖਕ ਪਾਪੀਆਂ ਅਤੇ ਧਰਮਾਤਮਾ ਲੋਕਾਂ ਵਿੱਚ ਭੇਦ ਨਹੀਂ ਕਰਦਾ। ਗਰੀਬ ਅਮੀਰ ਹਨ, ਅਤੇ ਅਮੀਰ ਗਰੀਬ ਹਨ। ਗਰੀਬਾਂ ਵਿੱਚ ਅਲੈਕਸੇਈ, ਰੱਬ ਦਾ ਦੂਤ, ਸੰਤ ਅਤੇ ਭੋਲ਼ਾ ਇਵਾਨ। ਅਮੀਰ 'ਮੁਰਦਾ ਰੂਹਾਂ' ਹਨ। ਸਾਹਿਤ ਦਾ ਖੁਦ ਆਪਣਾ ਜੀਵਨ ਹੁੰਦਾ ਹੈ, ਜਿਹੜਾ ਹਰ ਚੀਜ਼ ਨੂੰ ਉਸੇ ਤਰ੍ਹਾਂ ਦਿਖਾਉਂਦਾ ਹੈ ਜਿਵੇਂ ਉਹ ਅਸਲ ਵਿੱਚ ਹੈ, ਨਾ ਕਿ ਉਵੇਂ ਜਿਵੇਂ ਚੇਰਨੇਸ਼ੇਵਸਕੀ ਆਪਣੇ 'ਸੁਹਜਾਤਮਕ ਸੰਬੰਧ' ਵਿੱਚ ਦਿਖਾਉਂਦਾ ਹੈ। ਮੈਨੂੰ ਨਹੀਂ ਪਤਾ ਇਹ ਕਿਵੇਂ ਕਰਨਾ ਚਾਹੀਦਾ ਹੈ। ਲੋਕਾਂ ਨੇ ਚੁੱਪ-ਚਾਪ ਸੁਣਿਆ, ਜਿਵੇਂ ਉਹ ਕੋਈ ਸਤਿਸੰਗ ਕਰ ਰਿਹਾ ਹੋਵੇ।"

ਇਸ ਪੂਰੇ ਬੇਢਬੇ ਵੇਰਵੇ ਵਿੱਚ ਬਸ ਇੱਕੋ ਸ਼ਬਦ ਕੰਮ ਦਾ ਹੈ: "ਚੁੱਪ-ਚਾਪ ਸੁਣਿਆ"। ਅੱਸੀਵਿਆਂ ਦੇ ਅੰਤ ਤੋਂ ਲੈ ਕੇ ਨਵੀਂ ਸਦੀ ਦੇ ਸ਼ੁਰੂਆਤੀ ਸਾਲਾਂ ਦੌਰਾਨ ਮੈਂ ਵੀ ਸਾਹਿਤ ਸੰਬੰਧੀ ਸਾਰੇ ਵਾਦ-ਵਿਵਾਦ "ਚੁੱਪ-ਚਾਪ" ਸੁਣਦਾ ਹੁੰਦਾ ਸੀ। ਇਸਦਾ ਮਤਲਬ ਇਹ ਨਹੀਂ ਹੈ ਕਿ ਮੈਂ ਉਤੇਜਿਤ ਨਹੀਂ ਹੁੰਦਾ ਸੀ, ਕਿਉਂਕਿ ਕੋਈ ਵੀ ਲੇਖਕ ਅਜਿਹੇ ਸਵਾਲਾਂ ਤੋਂ ਪ੍ਰੇਸ਼ਾਨ ਹੋਏ ਬਿਨਾਂ ਰਹਿ ਹੀ ਨਹੀਂ ਸਕਦਾ ਜਿਵੇਂ ਕਿ: ਸਾਹਿਤ ਕੀ ਹੈ ?, ਇਹ ਕਿਸ ਲਈ ਹੈ ?, ਕੀ ਇਸਦੀ ਹੋਂਦ ਸਿਰਫ ਆਪਣੇ ਆਪ ਅਤੇ ਖੁਦ ਲਈ ਹੀ ਹੈ ? ਪਰ ਮੈਂ ਉਦੋਂ ਤੱਕ ਇਹ ਦੇਖ

ਚੁੱਕਿਆ ਸੀ ਕਿ ਦੁਨੀਆਂ ਵਿੱਚ ਕੋਈ ਵੀ ਚੀਜ਼ ਆਪਣੇ-ਆਪ ਅਤੇ ਖੁਦ ਲਈ ਨਹੀਂ ਹੁੰਦੀ, ਕਿ ਹਰ ਚੀਜ਼ ਦੀ ਹੋਂਦ ਦਾ ਕੋਈ ਨਾ ਕੋਈ ਮਕਸਦ ਹੁੰਦਾ ਹੈ ਅਤੇ ਉਹ ਕਿਸੇ ਨਾ ਕਿਸੇ ਢੰਗ ਨਾਲ਼ ਕਿਸੇ ਹੋਰ ਚੀਜ਼ 'ਤੇ ਨਿਰਭਰ ਕਰਦੀ ਹੈ ਜਾਂ ਉਸ ਨਾਲ਼ ਜੁੜੀ ਹੁੰਦੀ ਹੈ ਜਾਂ ਸੰਬੰਧਿਤ ਹੁੰਦੀ ਹੈ।

"ਰੂਹ ਨੂੰ ਸਕੂਨ ਦੇਣਾ ?" ਕਿਸੇ ਅਜਿਹੇ ਜੀਵ ਦੀ ਕਲਪਨਾ ਕਰਨੀ ਮੁਸ਼ਕਿਲ ਹੋਵੇਗੀ ਜਿਸਦੀ "ਆਤਮਾ" 'ਪ੍ਰੋਮੇਥਿਅਸ', 'ਹੈਮਲਟ', 'ਡਾਨ ਕਿਉਗਜ਼ੋਟ', 'ਫਾਉਸਟ' ਅਤੇ ਬਾਲਜ਼ਾਕ ਤੇ ਡਿਕਨਜ਼, ਤਾਲਸਤਾਏ ਤੇ ਸਤੇਂਦਾਲ, ਦੋਸਤੋਯੇਵਸਕੀ, ਉਸਪੇਂਸਕੀ ਅਤੇ ਚੈਖ਼ਵ ਦੀਆਂ ਲਿਖਤਾਂ—ਅਤੇ ਆਮ ਤੌਰ 'ਤੇ ਅਜਿਹੀਆਂ ਕਿਤਾਬਾਂ ਨੂੰ ਜਿਹਨਾਂ ਵਿੱਚ ਵਿਚਾਰਾਂ, ਭਾਵਨਾਵਾਂ ਅਤੇ ਲਹੂ ਨੂੰ ਗਾੜ੍ਹਾ ਕੀਤਾ ਗਿਆ ਹੋਵੇ, ਇਸ ਸੰਸਾਰ ਦੇ ਕੌੜੇ ਅਤੇ ਦਹਿਕਦੇ ਹੰਝੂਆਂ ਨੂੰ ਪ੍ਰਦਰਸ਼ਿਤ ਕੀਤਾ ਗਿਆ ਹੋਵੇ ਤੇ ਇਸ ਸਭ ਕਾਸੇ ਦਾ ਨਿਚੋੜ ਬੇਹੱਦ ਸ਼ਿਲਪਕਾਰੀ ਨਾਲ਼ ਸ਼ਬਦਾਂ ਅਤੇ ਪਾਤਰਾਂ ਵਿੱਚ ਢਾਲ਼ ਦਿੱਤਾ ਗਿਆ ਹੋਵੇ—ਪੜ੍ਹ ਕੇ ਸਕੂਨ ਮਹਿਸੂਸ ਕਰਦੀ ਹੋਵੇਗੀ। "ਜੀਵਨ-ਦਰਪਣ ?", ਦਰਪਣ ਘਰਾਂ 'ਚ ਰੱਖੇ ਜਾਂਦੇ ਹਨ ਤਾਂ ਕਿ ਲੋਕ ਆਪਣੇ ਚਿਹਰੇ ਦੇ ਹਿਸਾਬ ਨਾਲ਼ ਆਪਣੇ ਵਾਲ਼ ਵਾਹ ਸਕਣ, ਨੱਕ ਜਾਂ ਗੱਲ੍ਹਾਂ 'ਤੇ ਹੋਈਆਂ ਫਿਨਸੀਆਂ ਜਾਂ ਝੁਰੜੀਆਂ ਦਾ ਮੁਆਇਨਾ ਕਰ ਸਕਣ ਜਾਂ ਖੁਦ ਨੂੰ ਸੰਵਾਰ ਸਕਣ। ਜਿਵੇਂ ਕਿ ਮੈਂ ਦੇਖਿਆ, ਸਾਹਿਤ ਦੀ ਕੋਈ ਵੀ ਉਦਾਸੀਨ ਭੂਮਿਕਾ ਕੰਮ ਦੀ ਨਹੀਂ ਹੋ ਸਕਦੀ। ਮੈਨੂੰ ਪਤਾ ਸੀ ਕਿ ਇੱਕ ਰੂਸੀ ਅਖਾਣ ਦੇ ਮੁਤਾਬਿਕ "ਜੇ ਸ਼ਕਲ ਹੀ ਭੈੜੀ ਹੋਵੇ ਤਾਂ ਸ਼ੀਸ਼ੇ ਨੂੰ ਦੋਸ਼ ਦੇਣ ਦਾ ਕੀ ਫਾਇਦਾ" ਪਰ ਮੈਂ ਇਹ ਵੀ ਸਮਝਣ ਲੱਗ ਪਿਆ ਸਾਂ ਕਿ "ਸ਼ਕਲ" ਇਸ ਲਈ "ਭੈੜੀ" ਨਹੀਂ ਸੀ, ਕਿ ਉਹ ਅਜਿਹਾ ਹੋਣਾ ਚਾਹੁੰਦੀ ਸੀ, ਬਲਕਿ ਇਸ ਲਈ ਸੀ ਕਿਉਂਕਿ ਜੀਵਨ ਵਿੱਚ ਇੱਕ ਅਜਿਹੀ ਸ਼ਕਤੀ ਸਰਗਰਮ ਸੀ ਜਿਹੜੀ ਹਰ ਕਿਸੇ ਦੀ ਅਤੇ ਹਰ ਚੀਜ਼ ਦੀ ਸ਼ਕਲ ਵਿਗਾੜ ਰਹੀ ਸੀ, ਅਤੇ ਇਹੀ ਸ਼ਕਤੀ "ਪ੍ਰਤੀਬਿੰਬਤ" ਹੋਣੀ ਚਾਹੀਦੀ ਸੀ, ਨਾ ਕਿ ਵਿਗੜੀ ਹੋਈ ਸ਼ਕਲ। ਪਰ ਕਰੂਪਤਾ ਅਤੇ ਖ਼ੂਬਸੂਰਤੀ ਦਿਖਾਏ ਬਿਨਾਂ ਇਹ ਕਿਵੇਂ ਕੀਤਾ ਜਾ ਸਕਦਾ ਸੀ ?

ਮੈਂ ਵੱਖ-ਵੱਖ ਤਰ੍ਹਾਂ ਦੀਆਂ ਕਈ ਗਰਮ ਕਹਾਣੀਆਂ ਲਿਖੀਆਂ ਹਨ ਜਿਵੇਂ ਕਿ, 'ਪਾਠਕ', 'ਇੱਕ ਲੇਖਕ ਜਿਹੜਾ ਹਵਾ 'ਚ ਆ ਗਿਆ', 'ਗੱਪੀ ਫਿੰਚ' ਅਤੇ 'ਸ਼ੈਤਾਨ ਬਾਰੇ'। ਮੈਂ ਬਹੁਤ ਲਿਖਿਆ ਪਰ ਉਸ ਤੋਂ ਕਿਤੇ ਜ਼ਿਆਦਾ ਪਾੜ ਕੇ ਅੱਗ ਵਿੱਚ ਵੀ ਸੁੱਟਿਆ। ਆਖ਼ਿਰਕਾਰ, ਜਿਵੇਂ ਕਿ ਪਤਾ ਹੀ ਹੈ, ਮੈਂ ਆਪਣਾ ਰਾਹ ਲੱਭ ਲਿਆ।

ਨੌਜਵਾਨ ਲੋਕ ਜਿਹਨਾਂ ਨੇ ਅਜੇ ਲਿਖਣਾ ਸ਼ੁਰੂ ਕੀਤਾ ਹੈ, ਅਕਸਰ ਮੈਨੂੰ ਆਪਣੀਆਂ ਚਿੱਠੀਆਂ ਵਿੱਚ ਸ਼ਿਕਾਇਤ ਕਰਦੇ ਹਨ ਕਿ "ਸਿਰਜਣਾਤਮਕ ਕੰਮਾਂ ਲਈ ਸਮਾਂ ਨਹੀਂ ਹੈ" ਅਤੇ "ਜੀਵਨ ਕਠਿਨ ਹੈ"।

ਮੈਂ ਮੰਨਦਾ ਹਾਂ ਕਿ ਇਸ ਤਰ੍ਹਾਂ ਦੀਆਂ ਸ਼ਿਕਾਇਤਾਂ ਮੇਰੇ ਦਿਲ ਵਿੱਚ ਭੋਰਾ ਵੀ ਹਮਦਰਦੀ ਨਹੀਂ ਜਗਾਉਂਦੀਆਂ, ਬਲਕਿ "ਸਿਰਜਣਾਤਮਕ ਕੰਮ" ਜਿਹੇ ਸ਼ਬਦਾਂ 'ਤੇ ਮੈਂ ਮੁਸਕਰਾ ਦਿੰਦਾ ਹਾਂ। ਇਹ ਸ਼ਬਦ ਆਡੰਬਰਪੂਰਣ ਹਨ ਅਤੇ ਸਾਡੇ ਕਠਿਨ ਅਤੇ ਹੱਡ ਭੰਨਵੀਂ ਮਿਹਨਤ ਕਰਨ

ਵਾਲ਼ੇ ਸਮਿਆਂ ਵਿੱਚ ਇਹ ਕੁਝ ਅਜੀਬ ਜਿਹੇ ਲੱਗਦੇ ਹਨ, ਖਾਸ ਕਰ ਉਸ ਮਜ਼ਦੂਰ ਜਮਾਤ ਦੀ ਹਾਜ਼ਰੀ ਵਿੱਚ ਜਿਹੜੀ ਆਪਣਾ ਪੂਰਾ ਜ਼ੋਰ ਲਗਾ ਰਹੀ ਹੈ ਅਤੇ ਕਿਸੇ ਤਰ੍ਹਾਂ ਦੀ ਸ਼ਿਕਾਇਤ ਕਰੇ ਬਿਨਾਂ ਅਜਿਹੀ ਸਿਰਜਣਾ ਕਰ ਰਹੀ ਹੈ ਜੋ ਕਿਸੇ ਵੀ ਕਵਿਤਾ ਜਾਂ ਕਹਾਣੀ ਨਾਲ਼ੋਂ, ਚਾਹੇ ਉਸ ਵਿੱਚ ਕਿੰਨੀ ਵੀ ਪ੍ਰਤਿਭਾ ਕਿਉਂ ਨਾ ਪ੍ਰਦਰਸ਼ਿਤ ਹੋਈ ਹੋਵੇ, ਕਿਤੇ ਜ਼ਿਆਦਾ ਮਹਾਨ ਅਤੇ ਮਨੁੱਖਤਾ ਲਈ ਮਹੱਤਵਪੂਰਨ ਹੈ।

ਨਿਰਸੰਦੇਹ "ਨਿਰਮਾਣ ਦੇ ਕੰਮ" ਵਿੱਚ ਜੀਵਨ ਕਠਿਨ ਹੁੰਦਾ ਹੈ: ਢਾਹੁਣ ਅਤੇ ਉਸਾਰਨ ਦਾ ਕੰਮ ਨਾਲ਼ੋ-ਨਾਲ਼ ਚੱਲਦਾ ਹੈ। ਹਰ ਪਾਸੇ ਰੌਲ਼ਾ-ਰੱਪਾ ਹੁੰਦਾ ਹੈ, ਘਸੇ-ਪਿਟੇ ਅਤੀਤ ਦਾ ਮਲਬਾ ਅਤੇ ਕੂੜਾ-ਕਰਕਟ ਪੈਰਾਂ ਥੱਲੇ ਹੁੰਦਾ ਹੈ ਅਤੇ ਉਸਦੀ ਮਾਰੂ ਗਰਦ ਹਵਾ ਵਿੱਚ ਭਰੀ ਹੁੰਦੀ ਹੈ। ਚਾਰੇ ਪਾਸੇ ਹਰ ਚੀਜ਼ ਬੇਹੱਦ ਤੇਜ਼ੀ ਨਾਲ਼ ਬਦਲ ਰਹੀ ਹੁੰਦੀ ਹੈ, ਇਸ ਲਈ ਇੰਨਾ ਸਮਾਂ ਨਹੀਂ ਹੁੰਦਾ ਕਿ ਢੁੱਕਵਾਂ ਟੁਣਕਦਾ ਸ਼ਬਦ ਜਾਂ ਸਟੀਕ ਅਤੇ ਸਜੀਵ ਬਿੰਬ ਲੱਭੇ ਜਾਣ, ਸਿਰ ਖੁਰਕਣ, ਮੱਥੇ ਤੋਂ ਪਸੀਨਾ ਪੂੰਝਣ ਜਾਂ ਨੱਕ ਸਾਫ਼ ਕਰਨ ਦੀ ਫੁਰਸਤ ਨਹੀਂ ਹੁੰਦੀ ਜਿਸ ਵਿੱਚ ਕੋਈ ਸੁਰੀਲੇ ਜਾਂ ਮਧੁਰ ਗੀਤ ਦੀ ਧੁਨ ਤਲਾਸ਼ ਕੀਤੀ ਜਾਵੇ।

ਇਹ ਸਭ ਠੀਕ ਹੈ ਪਰ ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਮਸਾਂ ਤੇਰਾਂ ਕੁ ਸਾਲ ਪਹਿਲਾਂ ਨੌਜਵਾਨਾਂ ਲਈ ਜੀਵਨ ਕਿਤੇ ਜ਼ਿਆਦਾ ਕਠਿਨ ਸੀ, ਅਤੇ ਤੀਹ-ਚਾਲ਼ੀ ਸਾਲ ਪਹਿਲਾਂ ਤਾਂ ਬਿਲਕੁਲ ਬਰਦਾਸ਼ਤ ਤੋਂ ਬਾਹਰ ਸੀ।

ਬੇਸ਼ੱਕ ਇਹ ਕੋਈ ਦਿਲਾਸਾ ਦੇਣ ਵਾਲ਼ੀ ਗੱਲ ਨਹੀਂ ਹੈ, ਅਤੇ ਉਹਨਾਂ ਲੋਕਾਂ ਨੂੰ ਦਿਲਾਸਾ ਦੇਣ ਦਾ ਮੇਰਾ ਕੋਈ ਇਰਾਦਾ ਵੀ ਨਹੀਂ ਹੈ ਜਿਹੜੇ ਸਮਾਜਵਾਦੀ ਨਿਰਮਾਣ ਦੀ "ਬੇਆਰਾਮੀ" ਅਤੇ ਭੱਜ-ਨੱਠ ਤੋਂ ਪ੍ਰੇਸ਼ਾਨ ਹਨ। ਮੈਥੋਂ ਪੁੱਛਿਆ ਗਿਆ ਹੈ ਕਿ ਅਤੀਤ ਵਿੱਚ ਨੌਜਵਾਨ ਕਿਵੇਂ ਰਹਿੰਦੇ ਸਨ ਤੇ ਮੈਂ ਜਵਾਬ ਦਿੰਦਾ ਹਾਂ; ਜੋ ਮੈਨੂੰ ਪਤਾ ਹੈ ਮੈਂ ਸਭ ਦੱਸ ਦਿਆਂਗਾ ਕਿਉਂਕਿ ਮੈਨੂੰ ਵਿਸ਼ਵਾਸ ਹੈ ਕਿ ਅਤੀਤ ਦੀ ਜਾਣਕਾਰੀ ਅੱਜ ਦੇ ਨੌਜਵਾਨਾਂ ਲਈ ਬੜੀ ਲਾਹੇਵੰਦ ਸਾਬਿਤ ਹੋਵੇਗੀ।

ਮੈਂ ਜੀਵਨ ਉਸ ਸਮੇਂ ਸ਼ੁਰੂ ਕੀਤਾ ਜਦੋਂ ਖੂਹ-ਦਾ-ਡੱਡੂ ਸੰਸਾਰ ਰਿਸ਼ਟ-ਪੁਸ਼ਟ ਅਤੇ ਸਿਹਤਮੰਦ ਸੀ, "ਮੁਕਤ" ਕਿਸਾਨਾਂ ਦਾ ਖ਼ੂਨ ਪੀ ਕੇ ਹੋਰ ਮੋਟਾ ਹੋ ਰਿਹਾ ਸੀ, ਜਿਹੜੇ ਖੁਦ ਖੂਹ-ਦੇ-ਡੱਡੂਆਂ ਦੀ ਕਤਾਰਾਂ ਵਿੱਚ ਵਾਧਾ ਕਰਨ ਵਿੱਚ ਸਹਾਇਕ ਸਿੱਧ ਹੋ ਰਹੇ ਸਨ। ਘਮੰਡੀ ਖੂਹ-ਦੇ-ਡੱਡੂ ਆਪਣੇ ਨੌਜਵਾਨਾਂ ਨੂੰ "ਰਵਾਇਤਾਂ", ਸਦੀਆਂ ਪੁਰਾਣੇ ਅੰਧ-ਵਿਸ਼ਵਾਸਾਂ, ਪੂਰਵ-ਮੱਤਾਂ, ਮਿੱਥਾਂ ਅਤੇ ਧਾਰਨਾਵਾਂ ਵਿੱਚ ਫਸਾ ਕੇ ਰੱਖਦੇ ਸਨ। ਦੋ ਸਿਰਾਂ ਵਾਲ਼ਾ ਬਾਜ਼ ਨਿਰੰਕੁਸ਼ ਰਾਜ ਦਾ ਸਿਰਫ਼ ਰਾਜ-ਚਿੰਨ ਹੀ ਨਹੀਂ ਸੀ, ਬਲਕਿ ਇਸਦੇ ਨਾਲ਼-ਨਾਲ਼ ਉਹ ਇੱਕ ਅਤਿਅੰਤ ਜਿਉਂਦਾ-ਜਾਗਦਾ ਅਤੇ ਜ਼ਹਿਰੀਲਾ ਪੰਛੀ ਵੀ ਸੀ। ਰੱਬ ਵੀ ਪਾਦਰੀਆਂ ਅਤੇ ਪ੍ਰੋਹਿਤਾਂ ਦੇ ਪ੍ਰਭਾਵਸ਼ਾਲੀ ਸਮੂਹ ਦੇ ਰੂਪ ਵਿੱਚ ਜੀਵਤ ਸੀ। ਕਈ ਅਜਿਹੇ ਵੀ ਸ਼ਹਿਰ ਸਨ ਜਿਸਦੇ ਵਾਸੀ ਦਰਜਨਾਂ ਗਿਰਜਾਘਰ ਅਤੇ ਦੋ ਮੱਠਾਂ ਦਾ ਖਰਚ ਉਠਾਉਂਦੇ ਸਨ, ਪਰ ਸਕੂਲ ਸਿਰਫ ਦੋ ਚਲਾਉਂਦੇ ਸਨ। ਸਕੂਲਾਂ ਦਾ ਚਰਚ ਨਾਲ਼ ਗੂੜ੍ਹਾ ਸਬੰਧ ਸੀ ਜਿਸ ਕਾਰਨ ਰਾਜ ਤੋਂ ਤਨਖਾਹ ਲੈਣ ਵਾਲ਼ਾ ਅਧਿਆਪਕ ਵੀ ਖੂਹ-ਦੇ-ਡੱਡੂਆਂ ਲਈ ਉਸੇ ਤਰ੍ਹਾਂ

“ਪ੍ਰੰਪਰਾ ਦਾ ਰਾਖਾ” ਸੀ ਜਿਵੇਂ ਪਾਦਰੀ ਹੁੰਦਾ ਸੀ। ਇਸ ਗੱਲ ’ਤੇ ਕੜੀ ਨਜ਼ਰ ਰੱਖੀ ਜਾਂਦੀ ਸੀ ਕਿ ਭੌਤਿਕ ਸ਼ਾਸ਼ਤਰ, ਰਸਾਇਣ ਸ਼ਾਸ਼ਤਰ ਅਤੇ ਪ੍ਰਕਿਰਤੀ ਵਿਗਿਆਨ ਦਾ ਧਾਰਮਿਕ ਸਿੱਖਿਆ ਅਤੇ ਬਾਈਬਲ ਨਾਲ਼ ਟਕਰਾ ਨਾ ਹੋਣ ਦਿੱਤਾ ਜਾਵੇ ਅਤੇ ਤਰਕ ਨੂੰ ਸ਼ਰਧਾ ਦਾ, “ਜਿਹੜੀ ਰੱਬ ਦੇ ਡਰ” ’ਤੇ ਟਿਕੀ ਹੋਈ ਸੀ, ਵਿਰੋਧ ਕਰਨ ਤੋਂ ਰੋਕਿਆ ਜਾਵੇ। ਲੋਕਾਂ ਦੇ ਦਿਮਾਗ ਚਰਚ ਦੀ ਪੂਜਾ-ਪਾਠ ਅਤੇ ਸਰਗਰਮੀਆਂ ਰਾਹੀਂ ਧੁੰਦਲੇ ਅਤੇ ਕਮਜ਼ੋਰ ਬਣਾਏ ਜਾ ਰਹੇ ਸਨ। ਇਸਦੇ ਤਿਓਹਾਰ ਅਤੇ ਜਲੂਸ, ਇਸਦੀਆਂ “ਚਮਤਕਾਰੀ” ਮੂਰਤੀਆਂ, ਬਪਤਿਸਮਾ, ਵਿਆਹ ਅਤੇ ਜਨਾਜੇ, ਹਰ ਕੰਮ ਚਰਚ ਦੁਆਰਾ ਲੋਕਾਂ ਦੀ ਕਲਪਨਾ-ਸ਼ਕਤੀ ਨੂੰ ਪ੍ਰਭਾਵਿਤ ਕਰਨ ਅਤੇ ਉਹਨਾਂ ਦੀ ਬੁੱਧੀ ਨੂੰ ਧਰਮ ਦੇ ਨਸ਼ੇ ਵਿੱਚ ਠੁੱਸ ਕਰਨ ਲਈ ਕੀਤਾ ਜਾਂਦਾ ਸੀ—ਇਹ ਸਭ ਕੁਝ ਤਰਕ-ਸ਼ਕਤੀ ਨੂੰ ਮੱਠਾ ਕਰਨ ਅਤੇ ਆਲੋਚਨਾਤਮਕ ਵਿਚਾਰਾਂ ’ਤੇ ਹਮਲਾ ਕਰਨ ਵਿੱਚ ਜਿੰਨੀ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਸਨ, ਉਸਦਾ ਲੋਕਾਂ ਨੂੰ ਅੱਜ ਅੰਦਾਜ਼ਾ ਨਹੀਂ ਹੈ। ਬੰਦਾ ਚਾਹੇ ਧੁਰ ਅੰਦਰ ਤੱਕ ਖੂਹ-ਦਾ-ਡੱਡੂ ਹੋਵੇ ਤਾਂ ਵੀ ਉਹ ਖ਼ੂਬਸੂਰਤੀ ਤੋਂ ਪ੍ਰਭਾਵਿਤ ਹੁੰਦਾ ਹੈ। ਖ਼ੂਬਸੂਰਤੀ ਦੀ ਪਿਆਸ ਇੱਕ ਸਿਹਤਮੰਦ ਭਾਵਨਾ ਹੈ ਜਿਸਦੀ ਤਹਿ ਅੰਦਰ ਰੂਪ ਦੀ ਸੰਪੂਰਨਤਾ ਦੀ ਦਿਸ਼ਾ ਵਿੱਚ ਅੱਗੇ ਵਧਣ ਦੀ ਜੈਵਿਕੀ ਪ੍ਰੇਰਣਾ ਵਿਦਮਾਨ ਹੁੰਦੀ ਹੈ। ਜਿਵੇਂ ਕਿ ਅੱਜ ਹੈ, ਚਰਚ ਅਤੀਤ ਵਿੱਚ ਵੀ ਖ਼ੂਬਸੂਰਤੀ ਮੁਹੱਈਆ ਕਰਵਾਉਂਦੀ ਹੁੰਦੀ ਸੀ, ਜਿਸਦੇ ਜ਼ਹਿਰੀਲੇਪਣ ’ਤੇ ਚਲਾਕੀ ਨਾਲ਼ ਸ਼ਾਨਦਾਰ ਸੰਗੀਤ, ਚਿੱਤਰਕਾਰੀ ਅਤੇ ਸੋਨੇ ਦੀ ਚਮਕ-ਦਮਕ ਦਾ ਪਰਦਾ ਪਾ ਦਿੱਤਾ ਜਾਂਦਾ ਸੀ—ਖੂਹ-ਦੇ-ਡੱਡੂ ਆਪਣੇ ਰੱਬ ਨੂੰ ਧਨ-ਦੌਲਤ ਦੀ ਪਿੱਠਭੂਮੀ ਵਿੱਚ ਦੇਖਣਾ ਪਸੰਦ ਕਰਦੇ ਸਨ। ਸਾਹਿਤ ਚਰਚ ਦੇ ਹਾਨੀਕਾਰਕ ਅਤੇ ਰੂੜੀਵਾਦੀ ਪ੍ਰਭਾਵ ਨੂੰ ਸਰਗਰਮ ਅਤੇ ਆਲੋਚਨਾਤਮਕ ਢੰਗ ਨਾਲ਼ ਪ੍ਰਤੀਬਿੰਬਤ ਕਰਨ ਵਿੱਚ ਸਿਰਫ ਅਸਮਰੱਥ ਹੀ ਨਹੀਂ ਸੀ, ਬਲਕਿ ਉਹ ਅਜਿਹਾ ਕਰਨਾ ਵੀ ਨਹੀਂ ਚਾਹੁੰਦਾ ਸੀ। ਕੁਝ ਲੇਖਕ ਚਰਚ ਦੇ ਕੰਮਾਂ ਨੂੰ ਆਕਰਸ਼ਕ ਰੰਗਾਂ ਵਿੱਚ ਪੇਸ਼ ਕਰਦੇ ਸਨ। ਸਾਹਿਤ ਮੁੱਖ ਤੌਰ ’ਤੇ ਸੇਂਟ ਪੀਟਰਸਬਰਗ ਅਤੇ ਮਾਸਕੋ ਦੇ ਰਈਸਾਂ ਦੀਆਂ ਜਾਗੀਰਾਂ ਅਤੇ ਪਿੰਡਾਂ ਦੇ ਜੀਵਨ ਦਾ ਵਰਣਨ ਕਰਨ ਵਿੱਚ ਰੁੱਝਿਆ ਰਿਹਾ, ਉਸਨੇ ਸ਼ਹਿਰ ਦੇ ਨਿੱਕ-ਬੁਰਜੂਆ ਯਾਨੀ ਸੂਬਾਈ ਖੇਤਰਾਂ ਦੀ ਬਹੁਮਤ ਵੱਲ ਧਿਆਨ ਨਹੀਂ ਦਿੱਤਾ ਅਤੇ ਅਸਲ ਵਿੱਚ ਸੂਬੇ ਅਤੇ ਦੂਰ-ਦੁਰਾਡੀਆਂ ਥਾਵਾਂ ਵਿੱਚ ਹੀ “ਪਿਓ ਅਤੇ ਪੁੱਤਰਾਂ” ਦਰਮਿਆਨ ਭਿਆਨਕ ਡਰਾਮੇ ਖੇਡੇ ਜਾ ਰਹੇ ਸਨ।

ਘੱਟੋ-ਘੱਟ ਵੀਹ ਸਾਲ ਮੈਂ “ਪਿਓ” ਅਤੇ “ਪੁੱਤਰਾਂ” ਦਰਮਿਆਨ ਦੁਸ਼ਮਣੀ ਦੇ ਬਰਬਰ ਡਰਾਮੇ ਵੇਖੇ, ਉਸ ਤਰ੍ਹਾਂ ਦੀ “ਵਿਚਾਰਧਾਰਕ” ਦੁਸ਼ਮਣੀ ਨਹੀਂ, ਜਿਸਦਾ ਵਰਣਨ ਤੁਰਗਨੇਵ ਨੇ ਬਹੁਤ ਖ਼ੂਬਸੂਰਤੀ ਨਾਲ਼ ਕੀਤਾ ਸੀ, ਬਲਕਿ ਨਿੱਤ ਦਿਹਾੜੀ ਦੀ ਅਜਿਹੀ ਵਹਿਸ਼ੀ ਦੁਸ਼ਮਣੀ ਜਿਹੜੀ ਨਿੱਜੀ ਜਾਇਦਾਦ ਰੱਖਣ ਵਾਲਾ ਪਿਓ ਆਪਣੇ ਹੀ ਪੁੱਤਰ ਪ੍ਰਤੀ ਮਹਿਸੂਸ ਕਰਦਾ ਹੈ। ਜਿਵੇਂ ਹੀ ਉਸ ਯੁੱਗ ਦਾ ਨੌਜਵਾਨ ਜੀਵਨ ਦੀਆਂ ਸਮੱਸਿਆਵਾਂ ਵਿੱਚ ਡੂੰਘੀ ਦਿਲਚਸਪੀ ਲੈਣ ਦੀ ਜਾਂ ਆਪਣੇ ਆਲ਼ੇ-ਦੁਆਲ਼ੇ ਦੇ ਦਮਨਕਾਰੀ ਅਤੇ ਅਸੱਭਿਆ ਮਾਹੌਲ ਪ੍ਰਤੀ ਆਲੋਚਨਾਤਮਕ ਹੋਣ ਦੀ ਸੁਭਾਵਕ ਪ੍ਰਵਿਰਤੀ ਪ੍ਰਗਟ ਕਰਦਾ ਤਾਂ ਜਾਗਰੂਕ ਪਿਓ “ਆਲੋਚਨਾਤਮਕ ਪ੍ਰਵਿਰਤੀ ਵਾਲ਼ੀ ਸਖਸ਼ੀਅਤ” ਦੇ ਚਾਰੇ ਪਾਸੇ ਦੁਸ਼ਮਣੀ ਦਾ ਮਾਹੌਲ

ਖੜਾ ਕਰ ਦਿੰਦੇ, "ਯੁੱਗਾਂ ਤੋਂ ਚੱਲੀ ਆ ਰਹੀ ਰਿਵਾਇਤ ਨਾਲ਼ ਵਿਸ਼ਵਾਸਘਾਤ" ਦਾ ਸ਼ੱਕ ਪੈਦਾ ਹੋ ਜਾਂਦਾ ਅਤੇ ਇਸ ਸਭ ਕਾਸੇ ਦੇ ਨਾਲ਼ "ਸੱਚਾਈ ਦਾ ਉਪਦੇਸ਼" ਲਾਜ਼ਮੀ ਸੀ ਜਿਹੜਾ ਮੁੱਕੇ, ਡਾਂਗਾਂ, ਕੋੜੇ ਅਤੇ ਡੰਡਿਆਂ ਦੀ ਮੱਦਦ ਨਾਲ਼ ਦਿੱਤਾ ਜਾਂਦਾ ਸੀ। ਇਸ "ਉਪਦੇਸ਼" ਦਾ ਅੰਤ ਆਮ ਤੌਰ 'ਤੇ ਇਸ ਤਰ੍ਹਾਂ ਹੁੰਦਾ ਕਿ ਵਿਚਾਰੇ ਪੀੜਤ ਵਿਅਕਤੀ ਨੂੰ "ਸ਼ੁਰੂਆਤੀ ਨੁਕਤੇ ਤੇ ਮੁੜ ਪਹੁੰਚਾ ਦਿੱਤਾ ਜਾਂਦਾ", ਯਾਨੀ ਕਿ ਪਿਓ ਖੁਦ ਆਪਣੇ ਪੁੱਤਰਾਂ ਨੂੰ ਆਪਣਾ ਖੂਹ-ਦਾ-ਡੱਡੂਪੁਣਾ ਪ੍ਰਦਾਨ ਕਰਦੇ ਸਨ। ਜੇ ਨੌਜਵਾਨ ਆਲੋਚਕ ਫਿਰ ਵੀ ਜ਼ਿੱਦ ਨਾ ਛੱਡਦਾ, ਤਾਂ ਉਸ ਨੂੰ ਘਰੋਂ ਕੱਢ ਦਿੱਤਾ ਜਾਂਦਾ, ਜਿਸ ਨਾਲ਼ ਉਸਨੂੰ ਕਿਤੇ ਵੀ ਆਪਣੇ ਮਾਹੌਲ ਦੀ ਆਲੋਚਨਾ ਨੂੰ ਵਿਕਸਤ ਕਰਨ ਦਾ ਸਮਾਂ ਤੇ ਸਥਾਨ ਨਾ ਮਿਲ਼ਦਾ, ਅਤੇ ਅੱਜ ਵਾਂਗ ਮਜ਼ਦੂਰ ਜਮਾਤ ਦੇ ਰੂਪ ਵਿੱਚ ਉਸਦਾ ਪੱਖ ਪੂਰਨ ਵਾਲ਼ਾ ਵੀ ਕੋਈ ਨਹੀਂ ਸੀ ਹੁੰਦਾ।

ਬਹੁਤ ਘੱਟ ਅਤੇ ਇੱਕਾ-ਦੁੱਕਾ ਹੀ ਅਜਿਹੇ ਵਿਅਕਤੀ ਸਨ ਜਿਹੜੇ ਆਲੋਚਨਾ ਦੇ ਰਾਹ 'ਤੇ ਦ੍ਰਿੜਤਾਪੂਰਵਕ ਚੱਲਦੇ ਰਹੇ। ਸਾਰੇ ਜਾਣਦੇ ਹੀ ਹਨ ਕਿ ਸੂਬਾਈ ਖੂਹ-ਦੇ-ਡੱਡੂ ਪਰਿਵਾਰਾਂ ਦੇ ਭਗੌੜੇ ਸ਼ਾਇਦ ਹੀ ਕਿਸੇ ਇਨਕਲਾਬੀ ਲਹਿਰ ਵਿੱਚ ਸ਼ਾਮਿਲ ਹੋਏ ਹੋਣ। ਉਹਨਾਂ ਵਿੱਚੋਂ ਜ਼ਿਆਦਾਤਰ ਚੋਰ ਅਤੇ ਆਵਾਰਾਗਰਦ ਬਣ ਗਏ, ਅਤੇ ਉਹਨਾਂ ਸਾਰਿਆਂ ਵਿੱਚ ਖੂਹ-ਦੇ-ਡੱਡੂ ਵਾਲ਼ਾ ਵਿਅਕਤੀਵਾਦ, ਜਿਹੜਾ ਕੁੱਟ-ਮਾਰ ਅਤੇ ਕੋੜੇ ਪੈਣ ਕਾਰਨ ਹੋਰ ਸਖ਼ਤ ਹੋ ਜਾਂਦਾ ਸੀ, ਭਿਅੰਕਰ ਰੂਪ ਧਾਰਣ ਕਰ ਲੈਂਦਾ ਸੀ। ਅਤੇ ਜਿਹੜੇ ਉਹਨਾਂ ਵਿੱਚ ਸਭ ਤੋਂ ਜ਼ਿਆਦਾ ਪ੍ਰਤਿਭਾਸ਼ਾਲੀ ਹੁੰਦੇ, ਉਹ ਨਿਰੰਕੁਸ਼ਤਾ ਵੱਲ, ਆਪਣੇ ਤੋਂ ਕਮਜ਼ੋਰਾਂ ਨਾਲ਼ ਮਨੁੱਖਦੋਖੀ ਤੇ ਸਨਕੀ ਵਰਤਾਓ ਕਰਨ ਦੀ ਦਿਸ਼ਾ ਵਿੱਚ ਬੇਲਗਾਮ ਅਤੇ ਬਿਮਾਰ ਕੋਸ਼ਿਸ਼ਾਂ ਕਰਦੇ ਰਹਿੰਦੇ ਸਨ।

ਮੈਂ ਇਸਦੀ ਇੱਕ ਮਿਸਾਲ ਦਿਆਂਗਾ: 1893 ਵਿੱਚ ਦਿਓਮਕਾ ਮਿਓਰੋਵ ਨਾਮਕ ਇੱਕ ਆਦਮੀ ਨੇ ਨੀਜ਼ਨੀ ਨੋਵਗੋਰੋਦ ਦੇ ਪੇਚੇਰਸਕੀ ਮੁਹੱਲੇ ਵਿੱਚ ਆਤੰਕ ਫੈਲਾ ਰੱਖਿਆ ਸੀ, ਉਸਦੀ ਮੰਦਭਾਵੀ, ਸਨਕੀ ਅਤੇ ਜੁਗਾੜੀ ਬਦਮਾਸ਼ੀ ਨੇ ਮੁਹੱਲੇ ਦੀਆਂ ਔਰਤਾਂ ਵਿੱਚ ਡਰ ਅਤੇ ਨੌਜਵਾਨਾਂ ਵਿੱਚ ਸਨਮਾਨਜਨਕ ਈਰਖਾ ਦੀ ਭਾਵਨਾ ਪੈਦਾ ਕਰ ਦਿੱਤੀ ਸੀ। ਉਹ ਤੀਹ ਕੁ ਸਾਲਾਂ ਦਾ ਤਕੜਾ ਅਤੇ ਸੁਨੱਖਾ ਜਿਹਾ ਬੰਦਾ ਸੀ, ਉਸਦੀ ਦਾੜ੍ਹੀ ਲਾਲ ਅਤੇ ਵਾਲ਼ ਘੁੰਗਰਾਲ਼ੇ ਸਨ। ਲੰਮਾ ਤਾਂ ਨਹੀਂ ਸੀ ਪਰ ਸਰੀਰ ਗੱਠਿਆ ਹੋਇਆ ਤੇ ਬਲਵਾਨ ਸੀ। ਉਹ ਮਦਮਸਤ ਨਜ਼ਰਾਂ ਨਾਲ਼ ਸੰਸਾਰ ਨੂੰ ਦੇਖਦਾ ਸੀ, ਨੱਕ ਜਿਹੜਾ ਟੁੱਟਿਆ ਹੋਇਆ ਹੋਣ ਕਾਰਨ ਉੱਪਰੋਂ ਮੁੜਿਆ ਹੋਇਆ ਸੀ, ਫੁੰਕਾਰੇ ਛੱਡਦਾ ਰਹਿੰਦਾ ਅਤੇ ਉਸਦੀਆਂ ਨਾਸਾਂ ਕਿਸੇ ਗੁਸੈਲ ਕੁੱਤੇ ਵਾਂਗੂੰ ਹਮੇਸ਼ਾ ਫੁੱਲੀਆਂ ਰਹਿੰਦੀਆਂ ਸਨ। ਉਹ ਨੱਕ ਵਿੱਚੋਂ ਬੋਲਦਾ ਸੀ ਪਰ ਜਦੋਂ ਉਸਨੂੰ ਗੁੱਸਾ ਆਉਂਦਾ ਤਾਂ ਉਸਦੀ ਆਵਾਜ਼ ਸਾਫ਼ ਅਤੇ ਉੱਚੀ ਹੋ ਜਾਂਦੀ ਸੀ। ਜਦੋਂ ਉਹ ਜ਼ਿਮਨੇਜ਼ੀਅਮ ਦੀ ਪੰਜਵੀ ਜਮਾਤ ਵਿੱਚ ਪੜ੍ਹਦਾ ਸੀ ਤਾਂ ਉਸਨੇ ਧਰਮ ਦੀ ਸਿੱਖਿਆ ਦੇਣ ਵਾਲ਼ੇ ਪਾਦਰੀ ਨੂੰ ਕੁਝ "ਪੁੱਠੇ-ਸਿੱਧੇ" ਸਵਾਲ ਪੁੱਛੇ ਜਿਸ ਕਾਰਨ ਉਸਨੂੰ ਸਕੂਲੋਂ ਕੱਢ ਦਿੱਤਾ ਗਿਆ। ਉਸਦਾ ਪਿਓ ਇੱਕ ਤਰਖਾਣ ਸੀ। ਉਸਨੇ ਆਪਣੇ ਸਾਰੇ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਆਪਣੀ ਵਰਕਸ਼ਾਪ ਵਿੱਚ ਬੁਲਾਇਆ ਜਿੱਥੇ ਉਸਨੇ ਉਹਨਾਂ ਦੇ ਸਾਹਮਣੇ ਆਪਣੇ ਪੁੱਤਰ ਨੂੰ ਇੱਕ ਬੈਂਚ

ਨਾਲ਼ ਬੰਨ ਦਿੱਤਾ ਅਤੇ ਕੋਰੜਿਆਂ ਨਾਲ਼ ਉਸਨੂੰ ਉਦੋਂ ਤੱਕ ਕੁੱਟਿਆ ਜਦੋਂ ਤੱਕ ਉਹ ਬੇਹੋਸ਼ ਨਾ ਹੋ ਗਿਆ। ਮਾਰ-ਕੁਟਾਈ ਦੌਰਾਨ ਉਸਨੂੰ ਨਿਮੋਨੀਆ ਹੋ ਗਿਆ ਤੇ ਜਿਵੇਂ ਹੀ ਉਹ ਠੀਕ ਹੋਇਆ ਹਸਪਤਾਲੋਂ ਭੱਜ ਗਿਆ, ਦਰਿਆਈ ਸਟੀਮਰ ’ਤੇ ਲੁਕਦਾ-ਲੁਕਾਉਂਦਾ ਕੋਸਤਰੋਮਾ ਸ਼ਹਿਰ ਪਹੁੰਚ ਗਿਆ ਅਤੇ ਰੋਟੀ ਚੋਰੀ ਕਰਦਿਆਂ ਫੜੇ ਜਾਣ ’ਤੇ ਪੁਲਿਸ ਨੇ ਵਾਪਸ ਘਰ ਭੇਜ ਦਿੱਤਾ। ਜਿੱਥੇ ਉਸਦੇ ਪਿਓ ਨੇ ਉਸਦਾ ਨੱਕ ਅਤੇ ਦੋ ਪਸਲੀਆਂ ਤੋੜ ਦਿੱਤੀਆਂ ਜਿਸ ਤੋਂ ਬਾਅਦ ਉਹ ਫਿਰ ਘਰੋਂ ਭੱਜ ਗਿਆ। ਸਾਰੀਆਂ ਗਰਮੀਆਂ ਉਹ ਸਟੀਮਰ ’ਤੇ ਤੇਲ ਪਾਉਣ ਦਾ ਕੰਮ ਕਰਦਾ, ਸਾਰੀਆਂ ਸਰਦੀਆਂ ਚੋਰੀ ਕਰਦਿਆਂ ਅਤੇ ਤਾਸ਼ ਵਿੱਚ ਧੋਖਾਧੜੀ ਕਰਦਿਆਂ ਗੁਜ਼ਾਰਦਾ ਅਤੇ ਜੇਲ੍ਹ ਵਿੱਚ ਆਰਾਮ ਕਰਦਾ। ਇਸੇ ਤਰ੍ਹਾਂ ਉਸਨੇ ਆਪਣੀ ਜ਼ਿੰਦਗੀ ਦੇ ਦਸ ਸਾਲ ਗੁਜ਼ਾਰ ਦਿੱਤੇ।

“ਤੂੰ ਪਾਦਰੀ ਨੂੰ ਪੁੱਛਿਆ ਕੀ ਸੀ ?” ਮੈਂ ਉਸਨੂੰ ਪੁੱਛਿਆ।

“ਯਾਦ ਨਹੀਂ ਯਾਰ, ਮੈਂ ਬੜਾ ਚੰਟ ਹੁੰਦਾ ਸੀ ਤੇ ਸਾਰੇ ਅਧਿਆਪਕ ਮੈਨੂੰ ਪਸੰਦ ਕਰਦੇ ਸਨ। ਇਸ ਲਈ ਮੈਂ ਥੋੜਾ ਹਵਾ ’ਚ ਆ ਗਿਆ। ਮੇਰਾ ਇੱਕ ਦੋਸਤ ਧਾਰਮਿਕ ਸਕੂਲ ਵਿੱਚ ਪੜ੍ਹਦਾ ਸੀ। ਉਹ ਰੱਬ ਨੂੰ ਨਹੀਂ ਸੀ ਮੰਨਦਾ, ਮੈਨੂੰ ਲੱਗਦੈ ਮੈਂ ਉਸ ਤੋਂ ਕੋਈ ਗੱਲ ਸੁਣੀ ਹੋਵੇਗੀ ਅਤੇ ਉਹੀ ਪਾਦਰੀ ਤੋਂ ਪੁੱਛੀ ਹੋਵੇਗੀ। ਮੈਂ ਸਕੂਲ ਵਿੱਚ ਜੋ ਕੁਝ ਵੀ ਪੜ੍ਹਿਆ ਸੀ ਸਭ ਭੁੱਲ ਗਿਆ ਹਾਂ—ਕੁਝ ਵੀ ਯਾਦ ਨਹੀਂ ਹੈ।”

ਦੋਨੇ ਗੱਲਾਂ ਸਹੀ ਸਨ—ਉਹ ਸਕੂਲ ਵਿੱਚ ਪੜ੍ਹਦਾ ਰਿਹਾ ਸੀ ਤੇ ਉੱਥੇ ਜੋ ਕੁਝ ਵੀ ਪੜ੍ਹਿਆ ਸੀ ਸਭ ਭੁੱਲ ਗਿਆ ਸੀ। ਪਰ ਕੋਰੜਿਆਂ ਦੀ ਮਾਰ ਉਸਨੂੰ ਪੂਰੀ ਤਰ੍ਹਾਂ ਯਾਦ ਸੀ।

“ਉਸ ਦਿਨ ਐਤਵਾਰ ਸੀ ਤੇ ਕੋਰਾ ਪੈ ਰਿਹਾ ਸੀ। ਮੈਂ ਦੰਦ ਕਚੀਚ ਕੇ ਪਿਆ ਰਿਹਾ ਮਤੇ ਚੀਕ ਹੀ ਨਿੱਕਲ ਜਾਵੇ ਅਤੇ ਹੇਠਾਂ ਬਰਫ਼ ’ਤੇ ਲਹੂ ਡਿੱਗਦਾ ਵੇਖਦਾ ਰਿਹਾ ਜਿਹੜਾ ਬਰਫ਼ ਨੂੰ ਲਾਲ ਕਰ ਰਿਹਾ ਸੀ। ਹਾਂ, ਉਸ ਦਿਨ ਮੇਰੀ ਖ਼ੂਬ ਮੁਰੰਮਤ ਹੋਈ...”

ਮੈਂ ਦਿਓਮਕਾ ਮਿਓਰੋਵ ਵਰਗੇ ਦਰਜਨਾਂ ਲੋਕਾਂ ਨੂੰ ਮਿਲ਼ਿਆ ਹਾਂ, ਪਰ ਉਹਨਾਂ ਦੀ ਗਿਣਤੀ ਹਜ਼ਾਰਾਂ ਵਿੱਚ ਹੋਵੇਗੀ—ਜੇਲ੍ਹਾਂ ਮੁੱਖ ਤੌਰ ’ਤੇ ਨਿੱਕ-ਬੁਰਜੂਆਂ ਲੋਕਾਂ ਦੀਆਂ “ਗੁੰਮਰਾਹ ਔਲਾਦਾਂ” ਨਾਲ਼ ਭਰੀਆਂ ਪਈਆਂ ਸਨ। ਇਹਨਾਂ ਲੋਕਾਂ ਦਾ ਤਿੱਖਾ ਵਿਅਕਤੀਵਾਦ, ਜਿਹੜਾ ਉਹਨਾਂ ਦੇ ਬਾਪੂਆਂ ਦੇ ਦੁਰਵਿਵਹਾਰ ਨੇ ਉਹਨਾਂ ਵਿੱਚ ਕੁੱਟ-ਕੁੱਟ ਕੇ ਭਰ ਦਿੱਤਾ ਸੀ, ਉਹਨਾਂ ਬੇਹੱਦ ਘਿਣਾਉਣੀਆਂ ਹਾਲਤਾਂ ਨੂੰ ਵੇਖਦਿਆਂ, ਜਿਹਨਾਂ ਵਿੱਚ ਉਹ ਚੂਹਿਆਂ ਵਾਂਗ ਪਲ਼ ਰਹੇ ਸਨ, ਪੂਰੀ ਤਰ੍ਹਾਂ ਜਾਇਜ਼ ਸੀ। ਮੈਨੂੰ ਪੱਕਾ ਯਕੀਨ ਹੈ ਕਿ ਇਹਨਾਂ ਨੌਜਵਾਨਾਂ ਦੇ ਰੂਪ ਵਿੱਚ ਸਮਾਜਿਕ ਨਜ਼ਰੀਏ ਤੋਂ ਅਣਮੋਲ ਸ਼ਕਤੀਆਂ ਬੇਕਾਰ ਨਸ਼ਟ ਹੋ ਰਹੀਆਂ ਸਨ।

ਦਿਓਮਕਾ ਤੋਂ ਕਿਤੇ ਜ਼ਿਆਦਾ ਕੀਮਤੀ ਜ਼ਿੰਦਗੀਆਂ ਤਬਾਹ ਅਤੇ ਬਰਬਾਦ ਹੋ ਗਈਆਂ ਸਨ। ਪੋਮਿਆਲੋਵਸਕੀ, ਕੁਸ਼ਚੇਵਸਕੀ, ਲੇਵੀਤੋਵ, ਵੋਰੋਨੋਵ, ਅਤੇ ਹੋਰ ਕਈ ਲੋਕ ਅਜਿਹੀਆਂ ਜ਼ਿੰਦਗੀਆਂ ਦੇ ਉਦਾਹਰਣ ਸਨ ਜਿਹਨਾਂ ਦੀਆਂ ਆਸਾਂ ’ਤੇ ਪਾਣੀ ਫਿਰ ਗਿਆ ਸੀ।

ਅਖੌਤੀ ‘ਰਾਜ਼ਨੋਚੀਨੇਤਸ’ ਲੇਖਕ ਵੀ “ਘਰੋਂ ਕੱਢੇ” ਅਤੇ “ਵਿਗੜੀਆਂ ਔਲਾਦਾਂ” ਹੀ ਸਨ ਜਿਹਨਾਂ ਦੀ ਜੀਵਨ-ਕਥਾ ਇੱਕ ਤਰ੍ਹਾਂ ਨਾਲ਼ ਸ਼ਹੀਦਾਂ ਦੀ ਗਾਥਾ ਹੈ। ਸੇਮਿਨਰੀ ਦੇ

ਸਕੂਲੀ ਦਿਨਾਂ ਦੌਰਾਨ ਪੋਮਿਆਲੋਵਸਕੀ ਨੂੰ ਚਾਰ ਸੌ ਤੋਂ ਵੀ ਕਿਤੇ ਜ਼ਿਆਦਾ ਵਾਰ ਕੋਰੜਿਆਂ ਨਾਲ਼ ਕੁੱਟਿਆ ਗਿਆ ਸੀ। ਲੇਵੀਤੋਵ ਨੂੰ ਉਸਦੇ ਸਾਰੇ ਸਹਿਪਾਠੀਆਂ ਦੀ ਹਾਜ਼ਰੀ ਵਿੱਚ ਬੈਂਤਾਂ ਨਾਲ਼ ਕੁੱਟਿਆ ਗਿਆ ਸੀ। ਉਸਨੇ ਕਰੇਨਿਨ ਨੂੰ ਦੱਸਿਆ ਕਿ "ਐਨੀ ਕੁੱਟ ਪਈ, ਆਤਮਾ ਸਰੀਰ ਚੋਂ ਬਾਹਰ ਨਿਕਲ ਗਈ" ਅਤੇ ਉਸਨੂੰ ਮਹਿਸੂਸ ਹੋਇਆ ਕਿ ਉਸਦੇ ਅੰਦਰ ਜੋ ਕੁਝ ਵੀ ਰਹਿ ਗਿਆ ਸੀ ਉਹ ਕਿਸੇ ਹੋਰ ਦੀ "ਮੁਰਝਾਈ ਹੋਈ ਆਤਮਾ" ਸੀ। ਕੁਸ਼ਚੇਵਸਕੀ ਨੇ ਇੱਕ ਅਜਿਹੇ ਲੇਖਕ ਬਾਰੇ ਕਹਾਣੀ ਲਿਖੀ ਜਿਸ ਵਿੱਚ ਉਸਦਾ ਪਿਓ ਉਸਨੂੰ "ਪੈਸੇ ਕਮਾਉਣ" ਲਈ ਉਵੇਂ ਹੀ ਰਾਜਧਾਨੀ ਭੇਜ ਦਿੰਦਾ ਹੈ ਜਿਵੇਂ ਜਗੀਰਦਾਰ ਆਪਣੇ ਖੇਤ ਗੁਲਾਮਾਂ ਨੂੰ ਭੇਜਦੇ ਹੁੰਦੇ ਸਨ। ਜੇ ਪੁੱਤਰ ਪੈਸੇ ਭੇਜਣ ਵਿੱਚ ਅਸਫਲ ਰਹਿੰਦਾ ਤਾਂ ਪਿਓ ਉਸਨੂੰ ਕੋੜੇ ਮਾਰਨ ਲਈ ਵਾਪਸ ਬੁਲਾ ਲੈਂਦਾ। ਕੁਸ਼ਚੇਵਸਕੀ ਨੂੰ ਖੁਦ ਵੀ ਇੱਕ ਜਹਾਜ਼ 'ਤੇ ਮਾਲ਼ ਢੋਣ ਵਾਲ਼ੇ ਮਜ਼ਦੂਰ ਵਜੋਂ ਕੰਮ ਕਰਨਾ ਪਿਆ ਸੀ। ਇੱਕ ਵਾਰ ਉਹ ਨਦੀ ਵਿੱਚ ਡਿੱਗ ਪਿਆ ਅਤੇ ਉਸਨੂੰ ਠੰਡ ਲੱਗ ਗਈ ਜਿਸ ਕਾਰਨ ਉਸਨੂੰ ਹਸਪਤਾਲ਼ ਲਿਜਾਣਾ ਪਿਆ। ਉੱਥੇ ਉਸਨੇ ਆਪਣਾ ਨਾਵਲ 'ਨਿਕੋਲਾਈ ਨੇਗੋਰੇਵ ਜਾਂ ਖੁਸ਼ਹਾਲ ਰੂਸੀ' ਲਿਖਿਆ। ਸਾਰੀ ਰਾਤ ਉਹ ਮੋਮਬੱਤੀਆਂ ਦੀ ਰੌਸ਼ਨੀ ਵਿੱਚ ਕੰਮ ਕਰਦਾ ਰਹਿੰਦਾ ਸੀ ਜਿਹੜੀਆਂ ਉਸਨੇ ਆਪਣਾ ਭੋਜਨ ਦੇ ਕੇ ਹਾਸਿਲ ਕੀਤੀਆਂ ਹੁੰਦੀਆਂ ਸਨ। ਉਸ ਤੋਂ ਬਾਅਦ ਉਹ ਸ਼ਰਾਬ ਪੀਣ ਲੱਗ ਪਿਆ ਅਤੇ ਤੀਹ ਸਾਲਾਂ ਦੀ ਉਮਰ ਤੋਂ ਪਹਿਲਾਂ ਹੀ ਚਲ ਵਸਿਆ। ਰੇਸ਼ੇਤਨਿਕੋਵ ਨੂੰ ਚੌਦਾਂ ਸਾਲ ਦੀ ਉਮਰ ਵਿੱਚ ਜੇਲ੍ਹ ਭੇਜ ਦਿੱਤਾ ਗਿਆ ਸੀ। ਉਸਨੇ ਦੋ ਸਾਲ ਜੇਲ੍ਹ ਵਿੱਚ ਕੱਟੇ ਅਤੇ ਫਿਰ ਉਸਨੂੰ ਤਿੰਨ ਮਹੀਨੇ ਲਈ ਸੋਲੀਕਾਮਸਕੀ ਮੱਠ ਵਿੱਚ ਭੇਜ ਦਿੱਤਾ ਗਿਆ। ਉਹ ਉਨੱਤੀ ਸਾਲਾਂ ਦਾ ਸੀ ਜਦੋਂ ਉਸਦੀ ਮੌਤ ਹੋਈ।

ਚਾਲ਼ੀ ਸਾਲ ਦੀ ਉਮਰ ਤੱਕ ਪਹੁੰਚਣਾ 'ਰਾਜ਼ਨੋਚੀਨੇਤਸ' ਲੇਖਕਾਂ ਲਈ ਇੱਕ ਅਸਾਧਾਰਣ ਗੱਲ ਸੀ। ਉਹਨਾਂ ਵਿੱਚੋਂ ਲਗਭਗ ਸਾਰਿਆਂ ਨੇ ਹੀ ਭੁੱਖ ਅਤੇ ਕੰਗਾਲੀ ਦੀ ਜ਼ਿੰਦਗੀ ਗੁਜ਼ਾਰੀ ਸੀ। ਉਹਨਾਂ ਦੇ ਪਾਠਕਾਂ ਦੀ ਗਿਣਤੀ ਬਹੁਤ ਘੱਟ ਸੀ ਤੇ ਇਹਨਾਂ ਵਿੱਚੋਂ ਵੀ ਜ਼ਿਆਦਾਤਰ ਲੇਖਕਾਂ ਲਈ ਬੇਗਾਨੇ ਸਨ।

ਦੋਬਰੋਲਿਉਬੋਵ ਨੇ ਦੁਖੀ ਹੋ ਕੇ ਪਰ ਸੱਚੀ ਗੱਲ ਕਹੀ*: "ਆਮ ਲੋਕਾਂ ਨੂੰ ਸਾਡੇ ਹਿੱਤ ਬੇਗਾਨੇ ਲੱਗਦੇ ਹਨ, ਸਾਡੀਆਂ ਦੁੱਖ-ਤਕਲੀਫਾਂ ਸਮਝ ਤੋਂ ਪਰੇ ਅਤੇ ਸਾਡੇ ਵਿਸਮਾਦ ਹਾਸੋਹੀਣੇ ਲੱਗਦੇ ਹਨ। ਆਪਾਂ ਇੱਕ ਖਾਸ ਘੇਰੇ ਦੇ ਹਿੱਤਾਂ ਲਈ ਲਿਖਦੇ ਅਤੇ ਕੰਮ ਕਰਦੇ ਹਾਂ, ਇਹ ਘੇਰਾ ਛੋਟਾ ਜਾਂ ਵੱਡਾ ਹੋ ਸਕਦਾ ਹੈ।" ਇਹਨਾਂ ਸ਼ਬਦਾਂ ਦੀ ਕੌੜੀ ਸੱਚਾਈ ਥੋੜ੍ਹੀ ਬਹੁਤ ਸਾਰੇ 'ਰਾਜ਼ਨੋਚੀਨੇਤਸ' ਲੇਖਕਾਂ ਨੇ ਮਹਿਸੂਸ ਕੀਤੀ ਹੈ।

ਅੱਜ ਜਿਹੜੇ ਲੋਕ ਲਿਖਣ ਦੇ ਕੰਮ ਵਿੱਚ ਲੱਗੇ ਹੋਏ ਹਨ, ਉਹ ਇਹ ਸ਼ਿਕਾਇਤ ਨਹੀਂ ਕਰ ਸਕਦੇ ਕਿ ਉਹ ਬੇਗਾਨਿਆਂ ਲਈ ਲਿਖ ਰਹੇ ਹਨ। ਉਹ ਕਹਿ ਸਕਦੇ ਹਨ ਕਿ "ਸਾਡੇ ਹਿੱਤ ਆਮ ਲੋਕਾਂ ਨੂੰ ਬੇਗਾਨੇ ਲੱਗਦੇ ਹਨ", ਬਸ਼ਰਤੇ ਕਿ ਉਹ—ਇਹ ਲੇਖਕ—ਲੋਕਾਂ ਦੇ ਇਨਕਲਾਬੀ ਟੀਚਿਆਂ ਅਤੇ ਕੰਮਾਂ ਨੂੰ ਨਾ ਤਾਂ ਸਮਝਦੇ ਹੋਣ ਅਤੇ ਨਾ ਹੀ ਉਹਨਾਂ ਨਾਲ਼ ਚੱਲਦੇ ਹੋਣ। ਇਹਨਾਂ ਟੀਚਿਆਂ ਅਤੇ ਮਕਸਦਾਂ ਨੇ ਮਜ਼ਦੂਰ ਜਮਾਤ ਦੀ ਸਾਹਸਿਕ ਕਿਰਤ

ਰਾਹੀਂ ਅਸਲੀਅਤ ਵਿੱਚ ਅਨੁਵਾਦਿਤ ਹੋ ਕੇ ਜੀਵਨ ਨੂੰ ਜੋਸ਼ੀਲੀ ਅਤੇ ਨਿਰੰਤਰ ਸਿਰਜਣਾਤਮਕਤਾ ਦਾ ਚਰਿਤਰ ਪ੍ਰਦਾਨ ਕੀਤਾ ਹੈ ਅਤੇ ਅਣਗਿਣਤ ਨਵੇਂ ਤੱਥ ਅਤੇ ਨਵੇਂ ਵਿਸ਼ਿਆਂ ਨੂੰ ਜਨਮ ਦਿੱਤਾ ਹੈ ਅਤੇ ਹਾਲੇ ਵੀ ਦੇ ਰਹੇ ਹਨ।

ਨਵੇਂ ਲੋਕ ਆਏ ਆਖਿਰਕਾਰ
ਨਵੇਂ ਵਿਚਾਰ
ਨਵੀਆਂ ਭਾਵਨਾਵਾਂ ਲੈ ਕੇ,
ਖੜੋਤ ਮਾਰੀ ਇਸ ਧਰਤੀ ਨੂੰ
ਹਰਕਤ ਵਿੱਚ ਲਿਆਉਣ ਲਈ।

ਚਾਲ਼ੀ ਸਾਲ ਪਹਿਲਾਂ ਨੌਜਵਾਨ "ਰੱਬ ਦੁਆਰਾ ਸਥਾਪਿਤ" ਸਦੀਆਂ ਪੁਰਾਣੀ ਨਿੱਤ-ਦਿਹਾੜੀ ਦੀਆਂ ਤੰਗ ਹੱਦਾਂ ਅੰਦਰ ਆਪਣਾ ਜੀਵਨ ਬਿਤਾਉਂਦੇ ਸਨ। ਇਹਨਾਂ ਹੱਦਾਂ ਦੀ ਰੱਖਿਆ ਉਹਨਾਂ ਦੇ ਪਿਓ ਬੜੀ ਚੌਕਸੀ ਅਤੇ ਉਤਸ਼ਾਹ ਨਾਲ ਕਰਿਆ ਕਰਦੇ ਸਨ। ਇਹਨਾਂ ਬਾਪੂਆਂ ਦੀਆਂ ਅਕਾਂਖਿਆਵਾਂ, ਪੰਘੂੜੇ ਤੋਂ ਲੈ ਕੇ ਕਬਰਾਂ ਤੱਕ, ਸਰੀਰ ਦੀ ਵਾਸਨਾ ਤੋਂ ਪ੍ਰੇਰਿਤ ਹੁੰਦੀਆਂ ਸਨ। ਇਹਨਾਂ ਲਾਲਸਾਵਾਂ ਦੀ ਪੂਰਨ ਤ੍ਰਿਪਤੀ, ਇੱਥੋਂ ਤੱਕ ਕਿ ਅਤਿ-ਤ੍ਰਿਪਤੀ, ਲਾਜ਼ਮੀ ਸੀ। ਹੋਰ ਤਾਂ ਹੋਰ ਉਹ ਮੌਤ ਤੋਂ ਬਾਅਦ "ਅਗਲੇ ਜਨਮ" ਦੀ ਵੀ ਜ਼ਾਮਨੀ ਚਾਹੁੰਦੇ ਸਨ। ਖੁਦ ਆਪਣੇ ਹਿੱਤਾਂ ਦੀ ਸੌੜੀ ਚਾਰਦੀਵਾਰੀ ਦੇ ਅੰਦਰ, ਖੂਹ-ਦੇ-ਡੱਡੂ ਨੂੰ ਆਪਣੀਆਂ ਸਾਵਧਾਨ ਰੌਣਕਾਂ ਵਿੱਚ ਵੀ ਇਹ ਗੱਲ ਸੋਚ ਕੇ ਕਿ ਅੰਤ ਵਿੱਚ ਉਸਦਾ ਸਰੀਰ ਕੀੜਿਆਂ ਦੀ ਖੁਰਾਕ ਬਣ ਜਾਵੇਗਾ, ਤੁੱਛ ਅਤੇ ਹਨੇਰਾ ਭੈਅ ਡੰਗਣ ਲੱਗ ਪੈਂਦਾ ਸੀ।

ਇਹ ਘਟੀਆ ਅਤੇ ਵਹਿਸ਼ੀ ਭੈਅ ਭਾਵੇਂ ਕਿ ਉਸਦੀ ਜ਼ਿੰਦਗੀ ਵਿੱਚ ਕੋਈ ਵਿਘਨ ਨਹੀਂ ਪਾਉਂਦਾ ਸੀ, ਫਿਰ ਵੀ ਇਹ ਖੂਹ-ਦੇ-ਡੱਡੂ ਨੂੰ ਹੋਰਾਂ ਨਾਲ਼ ਆਪਣੀ ਕਾਲਪਨਿਕ ਅਲਹਿਦਗੀ ਦਾ ਵਿਸ਼ਵਾਸ ਦਿਲਾਉਣ ਵਿੱਚ ਸਹਾਇਕ ਸਿੱਧ ਹੁੰਦਾ ਸੀ ਅਤੇ ਫਲਸਰੂਪ ਉਹ ਬਾਕੀਆਂ ਵੱਲ ਕੋਈ ਜ਼ਿੰਮੇਵਾਰੀ ਮਹਿਸੂਸ ਨਹੀਂ ਕਰਦਾ ਸੀ, ਕਿਉਂਕਿ "ਮੌਤ ਮੂਹਰੇ ਸਾਰੇ ਬਰਾਬਰ ਹੁੰਦੇ ਹਨ, ਹਰੇਕ ਮਨੁੱਖ ਆਪਣੇ ਵਿਧਾਤਾ ਦੇ ਸਨਮੁੱਖ ਸਿਰਫ ਖੁਦ ਲਈ ਜ਼ਿੰਮੇਵਾਰ ਹੁੰਦਾ ਹੈ"। ਇਸ ਤੋਂ ਇਲਾਵਾ "ਮਨੁੱਖ ਜੀਵਨ ਦਾ ਆਦਿ ਅਤੇ ਅੰਤ ਹੈ" ਵਗੈਰਾ-ਵਗੈਰਾ। ਖੂਹ-ਦੇ-ਡੱਡੂ ਵਿਅਕਤੀਵਾਦ ਦੀ ਫਿਲਾਸਫੀ ਦਾ ਅਰਥ ਇਸੇ ਤਰ੍ਹਾਂ ਦੇ ਫ਼ਿਕਰਿਆਂ ਤੱਕ ਸੀਮਤ ਰਹਿੰਦਾ ਹੈ, ਚਾਹੇ ਉਹ ਕਿੰਨੀ ਵੀ ਪੇਚੀਦਾ ਸ਼ਬਦਾਵਲੀ ਵਿੱਚ ਉਹਨਾਂ ਨੂੰ ਲੁਕਾਉਣ ਦਾ ਯਤਨ ਕਿਉਂ ਨਾ ਕਰੇ।

"ਵਿਅਕਤੀ ਖੁਦ ਨੂੰ ਸਮਾਜ ਦੇ ਸ਼ਿਕੰਜੇ ਚੋਂ ਛੁਡਾਉਣ ਦਾ ਯਤਨ ਕਰਦਾ ਹੈ," ਨ. ਮਿਖਾਈਲੋਵਸਕੀ ਨੇ ਕਿਹਾ ਜਿਹਨਾਂ ਨੇ ਨਰੋਦਨਿਕਾਂ ਦੇ ਵਿਚਾਰਾਂ ਅਤੇ ਭਾਵਾਂ ਨੂੰ ਨੈਤਿਕ ਦਰਸ਼ਨ-ਸ਼ਾਸਤਰ ਦੇ ਰੂਪ ਵਿੱਚ ਕ੍ਰਮਬੱਧ ਕੀਤਾ ਸੀ। ਉਹਨਾਂ ਦੀਆਂ ਲਿਖਤਾਂ ਵਿੱਚ—ਮੇਰਾ ਖਿਆਲ ਹੈ ਕਿ 'ਨਿੱਜ ਲਈ ਸੰਘਰਸ਼' ਨਾਮਕ ਲੇਖ ਵਿੱਚ—ਇਹ ਹੇਠ ਲਿਖੀਆਂ ਸਤਰਾਂ

ਦਰਜ ਸਨ: “ਜੇਕਰ ਮੈਂ ਆਪਣੇ ਆਲ਼ੇ-ਦੁਆਲ਼ੇ ਦੇ ਸੰਸਾਰ ਦਾ ਵਿਰੋਧ ਕਰਦਾ ਹਾਂ ਤਾਂ ਮੈਂ ਉਹਨਾਂ ਦੁਸ਼ਮਣ ਤਾਕਤਾਂ ਦੇ ਵੀ ਵਿਰੁੱਧ ਖੜਾ ਹੁੰਦਾ ਹਾਂ ਜਿਹੜੀਆਂ ਇਸ ਦੁਨੀਆਂ ਵਿੱਚ ਘਾਤ ਲਗਾ ਕੇ ਬੈਠੀਆਂ ਹਨ। ਮੈਂ ਇਹਨਾਂ ਤਾਕਤਾਂ ਵਿਰੁੱਧ ਯੁੱਧ ਦੀ ਘੋਸ਼ਣਾ ਕਰਦਾ ਹਾਂ ਅਤੇ ਉਹਨਾਂ ਨੂੰ ਮਜ਼ਬੂਰ ਕਰਨਾ ਚਾਹੁੰਦਾ ਹਾਂ ਕਿ ਉਹ ਮੇਰੀ (ਵਿਅਕਤੀ ਦੀ) ਸੇਵਾ ਕਰਨ।”

ਹੁਣ ਕਿਉਂਕਿ ਜਾਇਦਾਦ ਵਾਲ਼ਾ, ਪੂੰਜੀਪਤੀ ਅਤੇ ਜੀਵਨ ਦਾ ਮਾਲਿਕ ਹੀ “ਸੰਸਾਰ ਦੀ ਮੁੱਖ ਦੁਸ਼ਮਣ ਤਾਕਤ” ਹੈ, ਇਸ ਲਈ ਸਿਰਫ਼ ਉਸੇ ਵਿੱਚ ਐਨੀ ਤਾਕਤ ਹੈ ਕਿ ਉਹ ਹਰ ਚੀਜ਼ ਅਤੇ ਹਰ ਵਿਅਕਤੀ ਨੂੰ ਆਪਣੀ ਸੇਵਾ ਕਰਨ ਅਤੇ ਆਪਣਾ ਮਕਸਦ ਪੂਰਾ ਕਰਨ ਲਈ ਮਜ਼ਬੂਰ ਕਰ ਸਕਦਾ ਹੈ। ਅਤੇ ਇਹ ਬਿਲਕੁਲ ਸੁਭਾਵਿਕ ਹੈ ਕਿ ਅੰਤ ਵਿੱਚ ਆਤਮ ਨਿਰਭਰ ਵਿਅਕਤੀ “ਸੰਸਾਰ ਦੀ ਦੁਸ਼ਮਣ ਤਾਕਤ” ਅੱਗੇ ਗੋਡੇ ਟੇਕ ਦਿੰਦਾ ਹੈ, ਜਾਂ ਜਿਵੇਂ ਕਿ ਆਰਤਸੀਬਾਸ਼ੇਵ ਅਤੇ ਲਿਓਨਿਦ ਐਂਦਰੇਯੇਵ ਦੀਆਂ ਲਿਖਤਾਂ ਵਿੱਚ ਹੁੰਦਾ ਹੈ, ਨਿਰਾਸ਼ਾਵਾਦ ਅਤੇ ਆਤਮ-ਨਿਖੇਧ ਦਾ ਸ਼ਿਕਾਰ ਹੋ ਜਾਂਦਾ ਹੈ। “ਜੀਵਨ ਕਿਸੇ ਕੰਮ ਦਾ ਨਹੀਂ” ਉਹ ਕੂਕ ਉੱਠਦਾ ਹੈ, “ਮਨੁੱਖਜਾਤੀ ਮੰਦ-ਬੁੱਧੀ ਵਾਲ਼ੀ ਹੈ ਅਤੇ ਮਨੁੱਖ ਘਿਰਣਾਯੋਗ ਹੈ।” ਇਹ ਕੂਕ ਹਰ ਵਾਰ ਹੋਰ ਤਿੱਖੀ ਹੋ ਕੇ ਦੁਹਰਾਈ ਜਾਂਦੀ ਹੈ ਜਦੋਂ ਖੂਹ-ਦਾ-ਡੱਡੂ, ਕਿਤਾਬਾਂ ਤੋਂ ਹੌਸਲਾ ਲੈ ਕੇ, ਨਿੱਜੀ ਸਫਲਤਾ ਅਤੇ “ਜੀਵਨ ਵਿੱਚ (ਚੰਗੀ —ਅਨੁ.) ਥਾਂ” ਹਾਸਿਲ ਕਰ ਲੈਣ ਦੀ ਉਮੀਦ ਨਾਲ਼, ਨਾ ਚਾਹੁੰਦਿਆਂ ਵੀ ਇਨਕਲਾਬ ਵਿੱਚ ਟੰਗ ਅੜਾ ਲੈਂਦਾ ਹੈ। ਪੂੰਜੀਵਾਦ ਦੁਆਰਾ, ਜਿਸ ਕੋਲ਼ ਅਧਿਕਾਰਪੂਰਨ ਪਦਾਂ ਦੀ ਇਜ਼ਾਰੇਦਾਰੀ ਹੁੰਦੀ ਹੈ, ਠੁਕਰਾਏ ਜਾਣ ਤੋਂ ਬਾਅਦ, ਖੂਹ-ਦਾ-ਡੱਡੂ ਘੋਰ ਨਿਰਾਸ਼ਾ ਅਤੇ ਕੜਵਾਹਟ ਦੀ ਦਲਦਲ ਵਿੱਚ ਧਸ ਜਾਂਦਾ ਹੈ ਅਤੇ ਆਪਣੇ ਭਰਮ, ਗਲਤੀਆਂ ਅਤੇ ਦੁੱਖ-ਤਕਲੀਫਾਂ ਦਾ ਰੋਣਾ ਰੋਣ ਲੱਗ ਪੈਂਦਾ ਹੈ। ‘ਜ਼ੇਮਲਯਾ ਈ ਵੋਲਯਾ’ (ਜ਼ਮੀਨ ਅਤੇ ਆਜ਼ਾਦੀ) ਪਾਰਟੀ ਦੇ ਟੁੱਟਣ ਤੋਂ ਬਾਅਦ ਇਹੀ ਹੋਇਆ। 1905-06 ਤੋਂ ਬਾਅਦ ਵੀ ਇਸੇ ਤਰ੍ਹਾਂ ਦਾ ਪਿੱਟ-ਸਿਆਪਾ ਅਤੇ ਕੜਵਾਹਟ ਸੁਣਾਈ ਦਿੱਤੀ ਅਤੇ ਇਸੇ ਕਿਸਮ ਦਾ ਖੂਹ-ਦੇ-ਡੱਡੂ ਦਾ ਵਿਰਲਾਪ ਅੱਜ ਵੀ ਦੁਹਰਾਇਆ ਜਾ ਰਿਹਾ ਹੈ ਜਦੋਂਕਿ ਸੋਵੀਅਤ ਸੰਘ ਵਿੱਚ ਪੂੰਜੀਵਾਦ ਦੀ ਮੁੜ-ਬਹਾਲੀ ਦੀਆਂ ਖੂਹ-ਦੇ-ਡੱਡੂਆਂ ਦੀਆਂ ਆਸਾਂ ’ਤੇ ਪਾਣੀ ਫਿਰ ਗਿਆ ਹੈ।

ਅੱਸੀਵਿਆਂ ਦੇ ਨੇਜ਼ਲੋਬਿਨਾਂ, ਸੁਵੋਰਿਨਾਂ, ਬੁਰੇਨਿਨਾਂ, ਦੇਦਲੋਵਾਂ, ਮੇਨਸ਼ੀਕੋਵਾਂ ਅਤੇ ਹੋਰ ਬੌਣੇ ਤੇ ਠਿਗਣੇ ਆਦਮੀਆਂ ਦੀ ਕਲਮ ’ਚੋਂ ਜੋ ਕੁਝ ਵੀ ਨਿਕਲ਼ਿਆ, ਉਸੇ ਨੂੰ ਫਿਲਾਸਫੀ ਦੀ ਨਵੀਂ ਡੂੰਘਾਈ ਦੇ ਕੇ ਸਤਰੂਵਾਂ ਅਤੇ ਬੇਰਦਿਆਯੇਵਾਂ ਨੇ 1908 ਵਿੱਚ ਦੁਹਰਾਇਆ; ਉਹੀ ਵਿਰਲਾਪ ਅੱਜ ਦਾਨ, ਕੇਰੇਨਸਕੀ ਅਤੇ ਇਨਕਲਾਬ ਦੇ ਦੂਜੇ ਸੋਲੋ ਗਾਇਕਾਂ ਦੁਆਰਾ ਦੁਹਰਾਇਆ ਜਾ ਰਿਹਾ ਹੈ, ਜਿਹਨਾਂ ਨਾਲ਼ ਖੁਦ ਆਪਣੀ ਇੱਛਾ ਨਾਲ ਦੇਸ਼ ਤਿਆਗਣ ਵਾਲ਼ਿਆਂ ਦੀ ਛੋਟੀ ਮੰਡਲੀ ਦਾ ਸਮੂਹ-ਗਾਣ ਵੀ ਸ਼ਾਮਿਲ ਹੈ, ਜਿਹਨਾਂ ਨਾਲ਼ ਕਈ “ਭ੍ਰਿਸ਼ਟ ਸਿਆਸਤਦਾਨ” ਵੀ ਰਲ਼ੇ ਹੋਏ ਹਨ। ਇਹ ਸਮੂਹ-ਗਾਣ ਇਨਕਲਾਬ ਦੇ ਅਜਿਹੇ ਪਾਲਤੂ ਕੁੱਤਿਆਂ ਦਾ ਹੈ ਜਿਹੜੇ ਅਜੇ ਕੱਲ ਤੱਕ ਮਜ਼ਦੂਰ ਜਮਾਤ ਦੇ ਸਾਹਮਣੇ ਪੂੰਛ ਹਿਲਾਉਂਦੇ ਫਿਰਦੇ ਹੁੰਦੇ ਸਨ।

ਮੇਰੇ ਖਿਆਲ ਵਿੱਚ ਨਿੱਕ-ਬੁਰਜੂਆ ਫਿਲਾਸਫੀ ਦੇ ਮਾਹਿਰਾਂ, "ਸੱਚਾਈ" ਦੇ ਇਹਨਾਂ ਨਿਪੁੰਸਕ ਆਸ਼ਕਾਂ ਦੇ ਖੁਸ਼ਾਮਦੀ ਭਰੇ, ਕਠੋਰ ਜਾਂ ਲੱਛੇਦਾਰ ਕਥਨ ਓਨੇ ਦਿਲਚਸਪੀ ਨਹੀਂ ਹੁੰਦੇ ਜਿੰਨੇ ਆਮ ਖੂਹ-ਦੇ-ਡੱਡੂ ਦੇ ਖਰਵ੍ਹੇ ਸ਼ਬਦ ਅਤੇ ਵਿਰਲਾਪ ਹੁੰਦੇ ਹਨ ਜਿਹਨਾਂ ਵਿੱਚ ਜ਼ਿੰਦਗੀ ਪ੍ਰਤੀ ਵਧੇਰੇ ਸੱਚਾਈ ਹੁੰਦੀ ਹੈ ਅਤੇ ਜਿਹੜੇ ਇਹਨਾਂ ਸਾਬਕਾ ਜੀਵਨ-ਨਾਇਕਾਂ ਦੀ ਮਨੋਬਿਰਤੀ ਨੂੰ ਜ਼ਿਆਦਾ ਸਾਦੇ ਅਤੇ ਸੱਚੇ ਢੰਗ ਨਾਲ਼ ਪ੍ਰਤੀਬਿੰਬਤ ਕਰਦੇ ਹਨ। ਉਦਾਹਰਣ ਲਈ ਇੱਥੇ ਇੱਕ ਕਿਤਾਬ 'ਉਸ ਆਦਮੀ ਦਾ ਇਕਬਾਲ ਜਿਹੜਾ ਜਿਉਣਾ ਨਹੀਂ ਜਾਣਦਾ' ਵਿੱਚੋਂ ਇੱਕ ਟੂਕ ਪੇਸ਼ ਹੈ। ਕਿਸੇ ਫ. ਵਿਤਬੇਰਗ ਦੀ ਲਿਖੀ ਇਹ ਕਿਤਾਬ 1911 ਵਿੱਚ ਛਪੀ ਸੀ।

> *"ਮੈਂ ਹਰ ਚੀਜ਼ ਨੂੰ ਨਿਖੇਧ ਦੀ ਨਜ਼ਰ ਨਾਲ਼ ਦੇਖਦਾ ਹਾਂ। ਪਰ ਮੈਂ ਆਦਰਸ਼ਾਂ ਨੂੰ ਨਹੀਂ, ਬਲਕਿ ਜ਼ਿੰਦਗੀ ਦੇ ਰੂਪਾਂ ਨੂੰ ਅਸਵੀਕਾਰ ਕਰਦਾ ਹਾਂ, ਕਿਉਂਕਿ ਇਹ ਸਭ ਮੈਨੂੰ ਝੂਠੇ ਲੱਗਦੇ ਹਨ। ਮੈਨੂੰ ਜ਼ਿੰਦਗੀ ਨਾਲ਼ ਨਫ਼ਰਤ ਹੈ। ਮੈਂ ਬਚੇ ਹੋਏ ਰੂਪਾਂ ਨਾਲ਼, ਜਿਹੜੇ ਅਰਥਹੀਣ ਹਨ, ਖੁਦ ਨੂੰ ਧੋਖਾ ਨਹੀਂ ਦੇ ਸਕਦਾ। ਪਰ ਮੇਰੇ ਵਿੱਚ ਉਹ ਸਾਹਸ ਅਤੇ ਆਤਮਵਿਸ਼ਵਾਸ ਨਹੀਂ ਹੈ ਜਿਹੜਾ ਇਹਨਾਂ ਰੂਪਾਂ ਨੂੰ ਰੱਦ ਕਰਨ ਅਤੇ ਜਨਤਕ ਤੌਰ 'ਤੇ ਉਹਨਾਂ ਦਾ ਖੰਡਨ ਕਰਨ ਲਈ ਲਾਜ਼ਮੀ ਹੈ। ਮੇਰੇ ਅੰਦਰ ਇਹਨਾਂ ਗੁਣਾਂ ਦੀ ਘਾਟ ਹੈ, ਕਿਉਂਕਿ ਮੇਰਾ ਪੱਕਾ ਯਕੀਨ ਹੈ ਕਿ ਮੂਲ-ਤੱਤ ਕਿਸੇ ਤਰ੍ਹਾਂ ਦੇ ਰੂਪ ਵਿੱਚ ਬੰਨਿਆ ਨਹੀਂ ਜਾ ਸਕਦਾ ਚਾਹੇ ਉਹ ਧਰਮ ਹੋਵੇ ਜਾਂ ਕਵਿਤਾ, ਵਿਗਿਆਨ ਹੋਵੇ ਜਾਂ ਅਮਲ, ਕਿਉਂਕਿ ਕਿਸੇ ਵੀ ਰੂਪ ਦਾ ਮਤਲਬ ਹੈ ਬੰਦਿਸ਼, ਜਦਕਿ ਮੂਲ-ਤੱਤ ਆਪਣੇ ਸੁਭਾਅ ਤੋਂ ਹੀ ਅਸੀਮ ਹੁੰਦਾ ਹੈ। ਇਸ ਲਈ ਇਸ ਗੱਲ ਨਾਲ਼ ਕੀ ਫਰਕ ਪੈਂਦਾ ਹੈ ਕਿ ਕਿਸ ਪ੍ਰਕਾਰ ਦਾ ਰੂਪ ਹੋਵੇਗਾ?"*

ਇਹ ਸਭ, ਜਿਵੇਂ ਕਿ ਤੁਸੀਂ ਦੇਖ ਹੀ ਸਕਦੇ ਹੋ, ਕੋਈ ਖਾਸ ਸਮਝਦਾਰੀ ਦੀਆਂ ਗੱਲਾਂ ਨਹੀਂ ਹਨ, ਅਸਪਸ਼ਟ ਅਤੇ ਘਟੀਆ ਗੱਲਾਂ ਹਨ। ਤਾਂ ਇਹ ਟੂਕ ਕਿਉਂ ਦਿੱਤੀ ਗਈ? ਇਸ ਕਿਤਾਬ ਨੂੰ ਛਪਿਆਂ ਵੀਹ ਸਾਲ ਹੋ ਗਏ ਹਨ, ਅਤੇ ਉਹ ਵੀ ਕਿਹੋ ਜਿਹੇ ਵੀਹ ਸਾਲ! ਪਰ ਖੂਹ-ਦੇ-ਡੱਡੂਆਂ ਦੀ ਔਲਾਦ ਸਾਡੇ ਨੌਜਵਾਨਾਂ ਵਿੱਚ ਵੀ ਮੌਜੂਦ ਹੈ, ਜਿਵੇਂ ਕਿ ਇਸ ਚਿੱਠੀ ਤੋਂ ਪਤਾ ਲੱਗੇਗਾ ਜਿਹੜੀ ਉਹਨਾਂ ਵਿੱਚੋਂ ਇੱਕ ਨੇ 1930 ਵਿੱਚ ਮੈਨੂੰ ਲਿਖੀ ਸੀ:

> *"ਭਾਵੇਂ ਕਿ ਇਹ ਹਰ ਰੋਜ਼ ਸੂਰਜ ਚੜ੍ਹਨ ਵਰਗੀ ਹੀ ਇੱਕ ਆਮ ਜਿਹੀ ਗੱਲ ਹੈ, ਫਿਰ ਵੀ ਮੈਂ ਤੁਹਾਡੇ ਤੋਂ ਪੁੱਛਣਾ ਚਾਹੁੰਦਾ ਹਾਂ: ਜੀਵਨ ਦਾ ਅਰਥ ਕੀ ਹੈ? ਕੀ ਇਹ ਇਸ ਗੱਲ ਵਿੱਚ ਵਿਦਮਾਨ ਹੈ ਕਿ "ਸਾਰਿਆਂ" ਦੇ ਕੰਮ ਆਇਆ ਜਾਵੇ, ਪੂਰੀ ਤਰ੍ਹਾਂ ਸਮੂਹਿਕ ਜੀਵਨ ਵਿੱਚ, ਆਪਣੇ ਹਿੱਤਾਂ ਨੂੰ ਸਮਾਜ ਕਲਿਆਣ ਲਈ ਕੁਰਬਾਨ ਕਰ ਦੇਣ ਵਿੱਚ? ਕੀ ਇਹ ਗੱਲ ਜ਼ਰਾ "ਅਫਲਾਤੂਨੀ" ਨਹੀਂ ਲੱਗਦੀ? ਸਾਫ਼-ਸਾਫ਼*

ਕਹੀਏ ਤਾਂ, ਕੀ ਆਮ ਤੌਰ 'ਤੇ ਅਜਿਹੇ ਲੋਕ ਹੁੰਦੇ ਹਨ ? ਕੀ ਇਹ ਸੰਭਵ ਹੈ ? ਹਾਂ, ਇਹ ਥੋੜੀ ਫਿਲਾਸਫੀ ਤਾਂ ਹੈ ! ਕੀ ਇਸ ਸੂਰਤ ਵਿੱਚ ਜ਼ਿੰਦਗੀ ਕਿਸੇ ਕੰਮ ਦੀ ਹੈ ? ਮੈਂ ਸਮਝਦਾ ਹਾਂ ਕਿ ਨਹੀਂ ਹੈ। ਪਰ ਫਿਰ ਸਮੇਂ ਤੋਂ ਪਹਿਲਾਂ ਮਰ ਜਾਣ ਦੀ ਹਿੰਮਤ ਵੀ ਤਾਂ ਨਹੀਂ ਹੁੰਦੀ। ਬੰਦਾ ਮਰ ਵੀ ਨਹੀਂ ਸਕਦਾ ! ਕੈਸੀ ਹਨੇਰੀ ਗਲ਼ੀ ਹੈ !"

ਲੇਖਕ ਅੱਗੇ ਕਹਿੰਦਾ ਹੈ:

"ਮੈਨੂੰ ਹੋਰਾਂ ਦੀ ਆਲੋਚਨਾ ਕਰਨਾ ਅਤੇ ਉਹਨਾਂ ਦਾ ਮਜ਼ਾਕ ਉਡਾਉਣਾ ਪਸੰਦ ਹੈ, ਪਰ ਮੇਰੇ 'ਤੇ ਜਦੋਂ ਚੋਟ ਕੀਤੀ ਜਾਂਦੀ ਹੈ ਤਾਂ ਉਸਦੀ ਕਸਕ ਕਈ ਦਿਨਾਂ ਤੱਕ ਦਿਲ 'ਚ ਰਹਿੰਦੀ ਹੈ।"

ਵੀਤਬੇਰਗ ਅਤੇ ਇਹ ਮੁੰਡਾ ਇੱਕੋ ਬੋਲੀ ਬੋਲ ਰਹੇ ਹਨ। ਜੇ ਇਹ ਮੁੰਡਾ ਕੋਈ ਅਪਵਾਦ ਹੁੰਦਾ, ਤਾਂ ਉਸ 'ਤੇ ਬਿਲਕੁਲ ਵੀ ਧਿਆਨ ਦੇਣ ਦੀ ਲੋੜ ਨਹੀਂ ਸੀ। ਮੁਸ਼ਕਿਲ ਤਾਂ ਇਹ ਹੈ ਕਿ ਸਾਡੇ ਦੇਸ਼ ਵਿੱਚ ਇਸ ਤਰ੍ਹਾਂ ਦੀ "ਆਜ਼ਾਦ ਸੋਚ" ਵਾਲ਼ੇ ਅਨੇਕਾਂ ਕਤੂਰੇ ਹਨ। ਇਹ ਕੇਵਲ "ਜਮਾਤੀ ਨਜ਼ਰੀਏ ਤੋਂ ਮੰਦਬੁੱਧੀ" ਨਹੀਂ ਹਨ, ਜਿਵੇਂ ਕਿ ਮੇਰੇ ਇੱਕ ਜਾਣੂ ਭਲੇ ਮਜ਼ਦੂਰ ਨੇ ਇਹਨਾਂ ਬਾਰੇ ਕਿਹਾ ਹੈ। ਨਹੀਂ, ਇਹਨਾਂ ਦਾ ਆਲ਼ੇ-ਦੁਆਲ਼ੇ ਦੇ ਸੰਸਾਰ ਦਾ ਪ੍ਰਭਾਵ ਕਬੂਲਣ ਵਾਲਾ ਕੋਈ ਪੁਰਜਾ ਹਿੱਲ ਗਿਆ ਹੈ। ਉਹ ਸਾਰੇ ਵੱਖ-ਵੱਖ ਢੰਗਾਂ ਨਾਲ਼ ਇੱਕੋ ਗੱਲ ਦੀ ਸ਼ਿਕਾਇਤ ਕਰਦੇ ਹਨ, "ਕਿਸੇ ਖਾਸ ਹਾਲਤਾਂ ਵਿੱਚ ਮਨੁੱਖ ਲਈ ਇੱਕਸੁਰ ਸਖਸ਼ੀਅਤ (harmonious personality) ਵਜੋਂ ਵਿਕਾਸ ਕਰਨ ਦੀ ਅਸੰਭਵਤਾ"।

"ਇੱਕਸੁਰ ਸਖਸ਼ੀਅਤ" ਸਦੀਆਂ ਤੋਂ ਲੇਖਕਾਂ ਅਤੇ ਦਾਰਸ਼ਨਿਕਾਂ ਦਾ ਸੁਪਨਾ ਰਹੀ ਹੈ, ਪਰ ਡਾਨ ਕਿਉਗਜ਼ੋਟ, ਹੁਣ ਤੱਕ ਦਾ ਰਚਿਆ ਸਭ ਤੋਂ ਇਮਾਨਦਾਰ ਅਤੇ ਭੱਦਰ-ਪੁਰਸ਼ ਚਰਿੱਤਰ, ਹਾਸੋਹੀਣਾ ਸਿੱਧ ਹੋਇਆ ਹੈ।

ਡਾਨ ਕਿਉਗਜ਼ੋਟ ਲੱਖਾਂ-ਕਰੋੜਾਂ ਲੋਕਾਂ ਨੂੰ ਨਿੱਜੀ ਮਾਲਕੀ 'ਤੇ ਅਧਾਰਿਤ ਸੰਬੰਧਾਂ ਦੇ ਸ਼ਿਕੰਜੇ ਅਤੇ ਪੂੰਜੀਵਾਦ ਦੇ ਜੂਲ਼ੇ ਤੋਂ ਆਜ਼ਾਦ ਕਰਵਾਉਣ ਲਈ ਕੀ ਕਰ ਸਕਦਾ ਹੈ ?

ਅਸੀਂ ਇੱਕ ਅਜਿਹੇ ਯੁੱਗ ਵਿੱਚ ਜੀ ਰਹੇ ਹਾਂ ਜਿੱਥੇ ਪ੍ਰੋਲੇਤਾਰੀ ਇੱਕਸੁਰ ਸਖਸ਼ੀਅਤ ਦਾ ਰੂਪ ਧਾਰ ਰਿਹਾ ਹੈ, ਅਜਿਹੀ ਕਿਸਮ ਦੀ ਸਖਸ਼ੀਅਤ ਜਿਹੜੀ ਚਿੰਤਨ ਦੀ ਵਾਸਤਵਿਕ, ਫੈਸਲਾਕੁੰਨ ਅਤੇ ਸੰਪੂਰਨ ਆਜ਼ਾਦੀ ਦਾ ਆਨੰਦ ਮਾਣਦੀ ਹੈ। ਕੇਵਲ ਪ੍ਰੋਲੇਤਾਰੀ ਹੀ "ਸੰਸਾਰ ਦੀਆਂ ਦੁਸ਼ਮਣ ਤਾਕਤਾਂ" ਨੂੰ ਜਿੱਤਣ ਦੀ ਸਮਰੱਥਾ ਰੱਖਦਾ ਹੈ ਅਤੇ ਪ੍ਰੋਲੇਤਾਰੀ ਹੀ ਜਿੱਤ ਹਾਸਿਲ ਕਰਨ ਤੋਂ ਬਾਅਦ, ਇੱਕਸੁਰ ਸਖਸ਼ੀਅਤ ਦੇ ਸੁਤੰਤਰ ਵਿਕਾਸ ਲਈ ਲੋੜੀਂਦੀਆਂ ਸਾਰੀਆਂ ਹਾਲਤਾਂ ਦਾ ਨਿਰਮਾਣ ਕਰੇਗਾ।

1930-31

ਵਿਸ਼ਿਆਂ ਬਾਰੇ

ਬੱਚਿਆਂ ਦੀਆਂ ਕਿਤਾਬਾਂ ਦੇ ਵਿਸ਼ਿਆਂ ਦੀ ਸਮੱਸਿਆ, ਨਿਰਸੰਦੇਹ ਬੱਚਿਆਂ ਪ੍ਰਤੀ ਅਪਣਾਈ ਜਾਣ ਵਾਲ਼ੀ ਸਮਾਜਿਕ ਸਿੱਖਿਆ ਦੀ ਪ੍ਰਣਾਲੀ ਦੀ ਸਮੱਸਿਆ ਹੈ।

ਸਾਡੇ ਦੇਸ਼ ਵਿੱਚ ਸਿੱਖਿਆ ਪ੍ਰਦਾਨ ਕਰਨਾ ਇਨਕਲਾਬ ਕਰਨ ਦੇ ਤੁੱਲ ਹੈ।ਮਤਲਬ ਕਿ ਬੱਚਿਆਂ ਦੇ ਮਨਾਂ ਨੂੰ ਉਹਨਾਂ ਦੇ ਪਿਓ-ਦਾਦਿਆਂ ਦੁਆਰਾ ਸਥਾਪਿਤ ਕੀਤੇ ਸੋਚਣ ਢੰਗਾਂ ਤੋਂ ਮੁਕਤ ਕਰਵਾਉਣਾ, ਸਦੀਆਂ ਤੋਂ ਜੜ੍ਹਾਂ ਜਮਾਈ ਬੈਠੇ ਰੂੜੀਵਾਦੀ ਜੀਵਨ ਪੱਧਤੀ ਦੇ ਭਰਮਾਂ ਤੋਂ ਛੁਟਕਾਰਾ ਦਿਲਾਉਣਾ। ਅਜਿਹੀ ਜੀਵਨ ਪੱਧਤੀ ਜਿਹੜੀ ਜਮਾਤੀ ਸੰਘਰਸ਼ ਅਤੇ ਵਿਅਕਤੀ ਦੁਆਰਾ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਅਤੇ ਵਿਅਕਤੀਵਾਦ ਤੇ ਰਾਸ਼ਟਰਵਾਦ ਨੂੰ ਸਮਾਜਿਕ ਵਤੀਰੇ ਦੇ "ਸਦੀਵੀ" ਰੂਪਾਂ ਅਤੇ ਸਿਧਾਂਤਾਂ ਵਜੋਂ ਥੋਪਣ ਦੀਆਂ ਕੋਸ਼ਿਸ਼ਾਂ 'ਤੇ ਟਿਕੀ ਹੋਈ ਹੈ।

ਬੱਚਿਆਂ ਦਾ ਪਾਲਣ-ਪੋਸ਼ਣ, ਅਤੇ ਉਹਨਾਂ ਦੀਆਂ ਖੇਡਾਂ ਵੀ, ਅਜਿਹੇ ਢੰਗ ਨਾਲ ਹੋਣਾ ਚਾਹੀਦਾ ਹੈ ਜਿਸ ਵਿੱਚ ਅਤੀਤ ਵੱਲ ਕਿਸੇ ਤਰ੍ਹਾਂ ਦੀ ਵੀ ਸੁਚੇਤ ਜਾਂ ਅਚੇਤ ਖਿੱਚ ਨਹੀਂ ਹੋਣੀ ਚਾਹੀਦੀ।ਇਸ ਲਈ ਅਤੀਤ ਵਿੱਚ ਹੋਣ ਵਾਲ਼ੇ ਸਾਰੇ ਅਮਲ ਅਤੇ ਪ੍ਰਕਿਰਿਆਵਾਂ ਬਾਰੇ ਬੱਚਿਆਂ ਨੂੰ ਖੋਲ੍ਹ ਕੇ ਦੱਸਣਾ ਜਰੂਰੀ ਹੈ। ਇਹ ਸਭ ਕੁਝ ਕੇਵਲ ਤੱਥਾਂ, ਵਿਚਾਰਾਂ ਅਤੇ ਸਿਧਾਂਤਾਂ ਨਾਲ਼ ਜਾਣ-ਪਛਾਣ ਕਰਵਾ ਕੇ ਹੀ ਨਹੀਂ ਕੀਤਾ ਜਾ ਸਕਦਾ, ਸਗੋਂ ਇਹਨਾਂ ਦੀ ਬਜਾਏ ਉਹਨਾਂ ਨੂੰ ਕਿਰਤ ਪ੍ਰਕਿਰਿਆ ਬਾਰੇ ਕਹਾਣੀਆਂ ਮੁਹੱਈਆ ਕਰਵਾਉਣੀਆਂ ਪੈਣਗੀਆਂ ਜਿਹਨਾਂ ਵਿੱਚ ਇਹ ਵੀ ਦੱਸਿਆ ਜਾਵੇ ਕਿ ਕਿਵੇਂ ਇਹਨਾਂ ਪ੍ਰਕਿਰਿਆਵਾਂ ਨੇ ਤੱਥਾਂ ਨੂੰ ਜਨਮ ਦਿੱਤਾ ਜਿਹਨਾਂ ਨੇ ਅੱਗੋਂ ਜਾ ਕੇ ਧਾਰਨਾਵਾਂ, ਵਿਚਾਰਾਂ ਅਤੇ ਸਿਧਾਂਤਾਂ ਦੀ ਰਚਨਾ ਕੀਤੀ। ਇਹ ਦੱਸਿਆ ਜਾਣਾ ਚਾਹੀਦਾ ਹੈ ਕਿ ਚਿੰਤਨ ਦੀ ਆਜ਼ਾਦੀ ਸਿਰਫ਼ ਉੱਥੇ ਹੀ ਸੰਭਵ ਹੋ ਸਕਦੀ ਹੈ ਜਿੱਥੇ ਕਿਰਤ ਜੀਵਨ-ਸਰਗਰਮੀ ਲਈ ਸੰਪੂਰਨ ਆਜ਼ਾਦੀ ਹੋਵੇ, ਜਿਹੜੀ ਕਿ ਪੂੰਜੀਵਾਦੀ ਢਾਂਚੇ ਦੀਆਂ ਹਾਲਤਾਂ ਵਿੱਚ ਕਦੇ ਵੀ ਹਾਸਿਲ ਨਹੀਂ ਹੋਈ, ਪਰ ਸਮਾਜਵਾਦੀ ਢਾਂਚੇ ਅੰਦਰ ਇਹ ਪੂਰੀ ਤਰ੍ਹਾਂ ਸੰਭਵ ਹੈ।

ਉਹਨਾਂ ਵੱਖ-ਵੱਖ ਢੰਗਾਂ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ ਜਿਹਨਾਂ ਰਾਹੀਂ ਤੱਥ ਅਤੇ ਅਮਲ ਚਿੰਤਨ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਦੇ ਹਨ। ਇਹ ਵੰਨਸੁਵੰਨਤਾ ਸਿਰਫ਼ ਰੋਜ਼ਾਨਾ ਜੀਵਨ ਵਿੱਚ ਹੀ ਨਹੀਂ, ਵਿਗਿਆਨ ਵਿੱਚ ਵੀ ਦੇਖੀ ਜਾਣੀ ਚਾਹੀਦੀ ਹੈ, ਜਿੱਥੇ

ਅਖੌਤੀ "ਜੜ੍ਹ ਸਥਾਪਿਤ ਤੱਥ" ਆਮ ਤੌਰ 'ਤੇ ਪਿਛਾਂਹਖਿੱਚੂ ਭੂਮਿਕਾ ਅਦਾ ਕਰਦੇ ਹਨ, ਵਿਚਾਰਾਂ ਨੂੰ "ਪ੍ਰਤੱਖ" ਦੇ ਅਧੀਨ ਰੱਖਦੇ ਹਨ ਅਤੇ ਇਸ ਤਰ੍ਹਾਂ ਵਿਵੇਕ (cognition) ਦੇ ਅਮਲ ਦੀ ਆਜ਼ਾਦੀ ਅਤੇ ਵੇਗ ਵਿੱਚ ਰੁਕਾਵਟ ਬਣਦੇ ਹਨ। "ਸੱਚਾਈ"—ਬੁੱਧੀ ਦਾ ਔਜ਼ਾਰ ਅਤੇ ਇਸਦੀ ਵਿਦਾਇਗੀ ਦਾ ਆਰਜ਼ੀ ਬਿੰਦੂ—ਅਕਸਰ ਉਸ ਸੱਚਾਈ ਦੇ "ਨਿਰਮਾਤਾ" ਦੀ ਹੋਰਨਾਂ ਮਨਾਂ 'ਤੇ ਸ਼ਾਂਤੀ ਅਤੇ ਤਾਕਤ ਹਾਸਿਲ ਕਰਨ ਦੀ ਨਿੱਜੀ ਚੇਤਨਾ ਜਾਂ ਸੁਭਾਵਿਕ ਬਿਰਤੀ ਦਾ ਹੀ ਪ੍ਰਗਟਾਵਾ ਹੁੰਦੀ ਹੈ। ਇਹੀ ਕਾਰਨ ਹੈ ਕਿ ਆਲੋਚਨਾ ਦੇ ਬਾਵਜੂਦ ਵੀ, ਸੱਚਾਈ ਨੂੰ ਬਾਰ-ਬਾਰ "ਸ਼ਰਧਾ" ਵਾਂਗ ਇੱਕ ਨਾ-ਬਦਲਣਯੋਗ ਅਤੇ "ਸਦੀਵੀ" ਸਿਧਾਂਤ ਵਜੋਂ ਪੇਸ਼ ਕੀਤਾ ਜਾਂਦਾ ਹੈ।

ਇਹ ਪੂਰੀ ਤਰ੍ਹਾਂ ਸੰਭਵ ਹੈ ਕਿ "ਐਂਟਰੌਪੀ" — ਊਰਜਾ ਦੁਆਰਾ ਸਹਿਜ ਅਵਸਥਾ ਧਾਰਣ ਕਰਨ ਦੀ ਪ੍ਰਵਿਰਤੀ — ਦੀ ਪਰਿਕਲਪਨਾ (Hypothesis) ਮਹਿਜ਼ ਇੱਕ ਥੱਕੇ ਹੋਏ ਬੰਦੇ ਦੀ ਆਰਾਮ ਕਰਨ ਦੀ ਇੱਛਾ ਦਾ ਪ੍ਰਗਟਾਵਾ ਹੋਵੇ। ਇਸੇ ਤਰ੍ਹਾਂ "ਨੁਕਸਾਨ-ਪੂਰਤੀ" ਦਾ ਸਿਧਾਂਤ, ਜਿਸਦਾ ਇਹ ਦਾਅਵਾ ਹੈ ਕਿ ਸਰੀਰ ਦੇ ਨੁਕਸ ਦਿਮਾਗੀ ਤਾਕਤ ਵਿੱਚ ਵਾਧੇ ਨਾਲ਼ ਸੰਤੁਲਿਤ ਕੀਤੇ ਜਾਂਦੇ ਹਨ, ਇੱਕ ਅਜਿਹੀ ਸਿੱਖਿਆ ਹੈ, ਜਿਸਦਾ ਕੇਂਦਰੀ ਵਿਚਾਰ ਜੇਕਰ ਸਮਾਜ ਵਿਗਿਆਨ ਦੇ ਖੇਤਰ 'ਤੇ ਲਾਗੂ ਕੀਤਾ ਜਾਵੇ, ਤਾਂ ਸਮਾਜਿਕ ਸੰਬੰਧਾਂ ਵਿੱਚਲੀਆਂ ਸ਼ਰਮਨਾਕ ਗੜਬੜੀਆਂ ਨੂੰ ਸਹੀ ਠਹਿਰਾਏਗਾ, ਜਿਵੇਂ ਕਿ ਮਾਲਥਸ ਅਤੇ ਹੋਰ ਬੁਰਜੂਆ ਚਿੰਤਕਾਂ ਨੇ ਕੀਤਾ ਹੈ। ਇਹਨਾਂ ਲੋਕਾਂ ਨੇ ਤੱਥਾਂ ਨੂੰ ਆਧਾਰ ਬਣਾ ਕੇ ਆਪਣਾ ਕੰਮ ਕੀਤਾ, ਪਰ ਇਹ ਕੇਵਲ ਮਾਰਕਸ ਦੀ ਪ੍ਰਤਿਭਾ ਹੀ ਸੀ ਜਿਸਨੇ ਉਹਨਾਂ ਅਮਲਾਂ ਨੂੰ ਸਾਹਮਣੇ ਲਿਆਂਦਾ ਜਿਹਨਾਂ ਨੇ ਇਹਨਾਂ ਤੱਥਾਂ ਨੂੰ ਜਨਮ ਦਿੱਤਾ ਸੀ; ਮਾਰਕਸ ਇੱਕੋ ਇੱਕ ਅਜਿਹੇ ਚਿੰਤਕ ਸਨ ਜਿਹਨਾਂ ਇਹ ਸਿੱਧ ਕੀਤਾ ਕਿ ਮਨੁੱਖਜਾਤੀ ਦੇ ਦੁਖਾਂਤਕ ਜੀਵਨ ਅਤੇ ਦੁੱਖਾਂ-ਤਕਲੀਫਾਂ ਦਾ ਮੁੱਖ ਕਾਰਨ ਤੇਜ਼ ਹੱਥਾਂ ਅਤੇ ਤੇਜ਼ ਦਿਮਾਗਾਂ ਵਿਚਲਾ ਪਾੜਾ ਹੈ।

ਆਪਣੀਆਂ ਸ਼ੁਰੂਆਤੀ ਕਿਤਾਬਾਂ ਵਿੱਚੋਂ ਇੱਕ ਵਿੱਚ ਜੀਵ ਵਿਗਿਆਨੀ ਓਲੀਵਰ ਲੌਜ ਨੇ, ਜਿਹੜਾ ਆਪਣੀ ਜਵਾਨੀ ਵਿੱਚ ਪਦਾਰਥਵਾਦੀ ਸੀ ਅਤੇ ਬੁਢਾਪੇ ਵਿੱਚ ਰਹੱਸਵਾਦੀ ਹੋ ਗਿਆ ਸੀ, ਦਾਅਵਾ ਕੀਤਾ ਹੈ ਕਿ ਸੋਚ, ਦਰਦ ਦੇ ਅਹਿਸਾਸ ਵਿੱਚੋਂ ਅਤੇ ਤੰਤੂਆਂ ਉੱਤੇ ਬਾਹਰਲੀ ਦੁਨੀਆਂ ਦੇ ਮੁੱਕਿਆਂ ਅਤੇ ਧੱਫਿਆਂ ਦੀ ਰਸਾਇਣਕ ਪ੍ਰਤੀਕਿਰਿਆ ਵਜੋਂ ਉਤਪੰਨ ਹੁੰਦੀ ਹੈ। ਕਿਸੇ ਪੁਰਾਤਨ ਜੀਵ ਅਤੇ ਇਸਦੇ ਆਲ਼ੇ-ਦੁਆਲ਼ੇ ਦੇ ਮਾਹੌਲ ਵਿਚਕਾਰ ਚੱਲੇ ਲੰਮੇ ਅਤੇ ਨਿਰੰਤਰ ਟਕਰਾਓ ਦੀ ਵਜ੍ਹਾ ਨਾਲ ਹੀ ਸੰਵੇਦਨਾ ਦੀ ਗਿਆਨ-ਇੰਦਰੀ ਦਾ ਜਨਮ ਹੋਇਆ, ਜਿਹੜੀ ਬਾਅਦ ਵਿੱਚ ਵਿਕਸਤ ਹੋ ਕੇ ਛੋਹ, ਨਜ਼ਰ, ਆਵਾਜ਼, ਸਵਾਦ ਅਤੇ ਸੁਗੰਧ ਨੂੰ ਗ੍ਰਹਿਣ ਕਰਨ ਲੱਗ ਪਈ। ਇਸ ਇੰਦਰੀ ਨੇ ਆਖਿਰਕਾਰ ਮਨੁੱਖ ਦੇ ਪੂਰਵ-ਇਤਿਹਾਸਕ ਪੂਰਵਜਾਂ ਵਿੱਚ ਸਵੈ-ਰੱਖਿਆ ਦੀ ਪ੍ਰਵਿਰਤੀ ਨੂੰ ਜਨਮ ਦਿੱਤਾ, ਅਤੇ ਉਹਨਾਂ ਨੂੰ ਉਹਨਾਂ ਵਰਤਾਰਿਆਂ ਵਿਰੱਧ ਸੰਘਰਸ਼ ਕਰਨ ਲਈ ਹਥਿਆਰਬੰਦ ਹੋ ਜਾਣ ਲਈ ਉਕਸਾਇਆ ਜਿਹੜੇ ਉਹਨਾਂ ਦੀ ਸਿਹਤ ਅਤੇ ਜ਼ਿੰਦਗੀ ਲਈ ਖਤਰਾ ਖੜ੍ਹਾ ਕਰਦੇ ਸਨ। ਆਪਣੇ ਵਿਕਾਸ ਦੇ ਇੱਕ ਖਾਸ ਪੁਰਾਤਨ ਪੜਾਅ 'ਤੇ ਮਨੁੱਖ ਅੱਜ ਦੇ ਬਘਿਆੜਾਂ ਨਾਲ਼ੋਂ ਕੋਈ ਜ਼ਿਆਦਾ

"ਸਮਾਜਿਕ" ਨਹੀਂ ਹੁੰਦੇ ਸਨ। ਫਿਰ ਵੀ ਬਣਮਾਨਸ ਦਾ ਰਿਸ਼ਤੇਦਾਰ, ਇਹ ਮਨੁੱਖ ਆਪਣੀਆਂ ਅਗਲੀਆਂ ਲੱਤਾਂ ਨੂੰ ਕਿਤੇ ਜ਼ਿਆਦਾ ਤੇਜ਼ੀ ਨਾਲ਼ ਵਿਕਸਤ ਕਰਨ ਦੇ ਯੋਗ ਸੀ, ਜਿਸ ਕਾਰਨ ਉਸਦੇ ਹੱਥ, ਉਸਦੇ ਤੇਜ਼ ਹੱਥ, ਉਹ ਤਾਕਤ ਬਣ ਗਏ ਜਿਹਨਾਂ ਨੇ ਉਸਨੂੰ ਉਸਦੇ ਜੰਗਲ਼ੀ ਚੌਗਿਰਦੇ ਨਾਲ਼ੋਂ ਨਿਖੇੜ ਦਿੱਤਾ, ਉਸਦੇ ਦਿਮਾਗ ਦੇ ਤੇਜ਼ ਵਾਧੇ ਨੂੰ ਉਤਸ਼ਾਹਿਤ ਕੀਤਾ ਅਤੇ ਆਖਿਰਕਾਰ ਉਸਨੂੰ ਜੱਥੇਬੰਦ ਕਰ ਦਿੱਤਾ ਜਿਵੇਂ ਕਿ ਅੱਜ ਅਸੀਂ ਹਾਂ। ਮਤਲਬ ਉਸਨੂੰ ਧਾਤਾਂ, ਔਜ਼ਾਰਾਂ, ਸੰਦ ਅਤੇ ਮਸ਼ੀਨਾਂ ਦਾ ਹੁਨਰਮੰਦ ਨਿਰਮਾਤਾ, ਪ੍ਰਤਿਭਾਸ਼ਾਲੀ ਸੰਗੀਤਕਾਰ, ਸਰਜਨ ਜਿਹੜਾ ਕਿ ਬਸ ਚਮਤਕਾਰ ਹੀ ਕਰ ਦਿੰਦਾ ਹੈ ਅਤੇ ਹੋਰ ਬਹੁਤ ਕੁਝ ਬਣਾ ਦਿੱਤਾ।

ਉੱਪਰ ਜੋ ਕੁਝ ਵੀ ਕਿਹਾ ਗਿਆ ਹੈ ਉਸਦਾ ਮਤਲਬ ਕਿਸੇ ਤਰ੍ਹਾਂ ਵੀ ਸਮਾਜਿਕ ਸਬੰਧਾਂ ਦੁਆਰਾ ਚਿੰਤਨ ਦੇ ਵਿਕਾਸ ਅਤੇ ਉੱਨਤੀ 'ਤੇ ਪਾਏ ਅਸਰ ਨੂੰ ਘਟਾ ਕੇ ਵੇਖਣਾ ਨਹੀਂ ਹੈ। ਪਰ ਇਹ ਅਸਰ ਬਹੁਤ ਦੇਰ ਬਾਅਦ ਹੋਇਆ। ਸਾਨੂੰ ਬੱਚਿਆਂ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਕਿਵੇਂ ਇਤਿਹਾਸਕ ਮਨੁੱਖ "ਹਨੇਰੇ ਯੁੱਗਾਂ" 'ਚੋਂ ਬਾਹਰ ਨਿਕਲ਼ਿਆ, ਅਤੇ ਅਰਧ-ਚੇਤੰਨ ਕਿਰਤ ਪ੍ਰਕਿਰਿਆ ਦੇ ਪਹੁ-ਫੁਟਾਲ਼ੇ 'ਤੇ ਪੁੱਜਿਆ। ਬੱਚਿਆਂ ਨੂੰ ਇਸ ਗੱਲ ਦਾ ਵੀ ਥੋੜ੍ਹਾ-ਬਹੁਤ ਗਿਆਨ ਹੋਣਾ ਚਾਹੀਦਾ ਹੈ ਕਿ ਮਨੁੱਖ ਨੇ ਪੱਥਰ ਦੇ ਕੁਹਾੜੇ ਤੋਂ ਲੈ ਕੇ ਸਟੀਫਨਸਨ ਅਤੇ ਡੀਜ਼ਲ ਤੱਕ, ਕਿੱਸੇ-ਕਹਾਣੀਆਂ ਦੀ ਰਚਨਾ ਤੋਂ ਲੈ ਕੇ ਮਾਰਕਸ ਦੀਆਂ ਉਹਨਾਂ ਮਹਾਨ ਸਿੱਖਿਆਵਾਂ, ਜਿਹਨਾਂ ਨੇ ਸਾਨੂੰ ਕਿਰਤੀ ਲੋਕਾਂ ਦੇ ਉਜਵਲ ਭਵਿੱਖ ਦਾ ਰਾਜ-ਮਾਰਗ ਦਿਖਾਇਆ, ਤੱਕ ਦਾ ਪੈਂਡਾ ਕਿਵੇਂ ਤੈਅ ਕੀਤਾ। ਜਦੋਂ ਉਹ ਨਵੀਂ ਦੁਨੀਆਂ, ਤਕਨਾਲੋਜੀ ਦੀ ਮੱਦਦ ਨਾਲ਼ ਚੱਲ ਰਹੀ ਸੁਤੰਤਰ ਕਿਰਤ ਅਤੇ ਜਮਾਤ-ਰਹਿਤ ਸਮਾਜ ਦੀ ਦੁਨੀਆਂ, ਵਿੱਚ ਪੈਰ ਧਰਨ ਤਾਂ ਉਹਨਾਂ ਨੂੰ ਸਰੀਰਕ ਕਿਰਤ ਦੇ ਸ਼ਾਨਦਾਰ ਮਹੱਤਵ ਦਾ ਅਹਿਸਾਸ ਹੋਣਾ ਚਾਹੀਦਾ ਹੈ ਅਤੇ ਨਾਲ਼ ਹੀ ਇਸ ਗੱਲ ਦੇ ਮਹੱਤਵ ਦਾ ਵੀ ਅਹਿਸਾਸ ਹੋਣਾ ਚਾਹੀਦਾ ਹੈ ਕਿ ਕਿਵੇਂ ਸਰੀਰਕ ਕਿਰਤ ਪਦਾਰਥ ਦਾ ਨਾ ਸਿਰਫ ਰੂਪ ਹੀ ਬਦਲਦੀ ਹੈ ਸਗੋਂ ਉਸਦੇ ਗੁਣਾਂ ਨੂੰ ਵੀ ਪ੍ਰਭਾਵਿਤ ਕਰਦੀ ਹੈ ਅਤੇ ਇਸਦੀਆਂ ਮੂਲਭੂਤ ਤਾਕਤਾਂ ਨੂੰ ਵੱਸ ਵਿੱਚ ਕਰਕੇ ਇਸਨੂੰ "ਦੂਜੀ ਕੁਦਰਤ" ਦਾ ਰੂਪ ਦਿੰਦੀ ਹੈ।

ਇਹ ਗੱਲ ਪੂਰੀ ਤਰ੍ਹਾਂ ਨਿਰਵਿਵਾਦ ਹੈ ਕਿ ਸੋਚ ਵਾਸਤਵਿਕ ਅਤੇ ਬਾਹਰਮੁਖੀ ਪਦਾਰਥਕ ਸੰਸਾਰ ਦੇ ਮਨੁੱਖੀ ਦਿਮਾਗ ਵਿਚ ਬਣਦੇ ਪ੍ਰਤੀਬਿੰਬ ਤੋਂ ਬਿਨਾਂ ਹੋਰ ਕੁਝ ਨਹੀਂ ਹੈ। ਤੇ ਇਸ ਦਿਮਾਗ ਦੀ ਸਭ ਤੋਂ ਜ਼ਿਆਦਾ ਗੁੰਝਲਦਾਰ ਅਤੇ ਸ਼ਾਨਦਾਰ ਉਪਜ ਨਰਵ-ਸੈਰੀਬਰਲ ਟਿਸ਼ੂ (Nervo-cerebral tissue) ਹਨ। ਕੁਝ ਵੀ ਹੋਵੇ, ਬੱਚਿਆਂ ਨੂੰ ਇਸ ਗੱਲ ਦਾ ਪੂਰਨ ਗਿਆਨ ਹੋਣਾ ਚਾਹੀਦਾ ਹੈ ਕਿ ਜੇਕਰ ਅਤੀਤ ਵਿੱਚ ਕਿਰਤ ਸਰਗਰਮੀ ਦੀ ਸੁਤੰਤਰਤਾ ਨੂੰ ਮਾਲਿਕ ਜਮਾਤਾਂ ਦੇ ਸਵੈ-ਹਿੱਤ ਅਤੇ ਲਾਲਚ ਨੇ ਰੋਕਿਆ ਅਤੇ ਸੀਮਤ ਨਾ ਕੀਤਾ ਹੁੰਦਾ ਤਾਂ ਕਿਰਤੀ ਮਨੁੱਖਜਾਤੀ ਅਜੋਕੇ ਦੌਰ ਦੇ ਕਿਰਤੀ ਲੋਕਾਂ ਦੇ ਹੱਡ-ਮਾਸ ਨਾਲ ਉਸਾਰੇ "ਸੰਸਾਰ ਸੱਭਿਆਚਾਰ" ਤੋਂ ਕਿਤੇ ਉੱਪਰ ਉੱਠ ਚੁੱਕੀ ਹੁੰਦੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਹਰ ਚੀਜ਼ ਆਪਣੇ ਆਲ਼ੇ-ਦੁਆਲ਼ੇ ਦੇ ਹਿਸਾਬ ਨਾਲ਼ ਹੀ ਚਲਦੀ ਹੈ ਪਰ ਸਾਡੇ ਮਾਮਲੇ ਵਿੱਚ ਇਤਿਹਾਸ

ਹੁਣ ਕੋਈ ਪੂਜਣਯੋਗ ਚੀਜ਼ ਨਹੀਂ ਰਹਿ ਗਿਆ, ਅਸੀਂ ਆਪਣੀਆਂ ਵਿਉਂਤਾਂ ਮੁਤਾਬਿਕ ਇਸਨੂੰ ਢਾਲ਼ ਰਹੇ ਹਾਂ। ਸਾਨੂੰ ਲਾਜ਼ਮੀ ਹੀ ਕੁਝ ਵਿਸ਼ੇਸ਼ ਤਾਕਤਾਂ ਜ਼ਰੀਏ ਕਿਰਤ ਦੀ ਆਜ਼ਾਦੀ ਦੇ ਫੈਸਲਾਕੁੰਨ ਮਹੱਤਵ 'ਤੇ ਜ਼ੋਰ ਦੇਣਾ ਚਾਹੀਦਾ ਹੈ। ਬੁਰਜੂਆ ਸੰਸਾਰ ਦੀ ਉਦਾਹਰਣ ਤੋਂ ਅਸੀਂ ਵੇਖ ਸਕਦੇ ਹਾਂ ਕਿ ਪੂੰਜੀਵਾਦ ਵਧੇਰੇ ਅਤੇ ਹੋਰ ਵਧੇਰੇ ਦ੍ਰਿੜਤਾ ਨਾਲ਼ ਆਪਣੇ ਹੀ "ਸੱਭਿਆਚਾਰ" ਨੂੰ ਰੱਦ ਕਰ ਰਿਹਾ ਹੈ, ਕਿਉਂਕਿ ਸੱਭਿਆਚਾਰ ਨੇ ਹੁਣ ਇਸ ਵੱਲ ਦੁਸ਼ਮਣਾਨਾ ਰੁੱਖ ਅਖਤਿਆਰ ਕਰ ਲਿਆ ਹੈ। ਦੂਜੇ ਪਾਸੇ, ਸੋਵੀਅਤ ਸੰਘ ਵਿੱਚ ਕਿਰਤ ਊਰਜਾ ਦੀ ਸੁਤੰਤਰ ਉਡਾਣ ਦੀ ਉਦਾਹਰਣ ਨੇ ਸਾਨੂੰ ਇਹ ਦਿਖਾਉਣ ਦਾ ਨਿਰਵਿਵਾਦ ਹੱਕ ਦਿੱਤਾ ਹੈ ਕਿ ਸਮੂਹਿਕ ਕਿਰਤ ਨੇ ਕਿੰਨੀ ਤੇਜ਼ੀ, ਕਿੰਨੇ ਪੱਖਾਂ ਤੋਂ ਅਤੇ ਕਿੰਨੇ ਹੰਢਣਸਾਰ ਢੰਗ ਨਾਲ਼ ਸਾਡੇ ਇਸ ਵਿਸ਼ਾਲ ਦੇਸ਼ ਨੂੰ ਖੁਸ਼ਹਾਲ ਬਣਾਇਆ ਹੈ ਅਤੇ ਕਿਵੇਂ ਮਹਿਜ਼ ਪੰਦਰਾਂ ਸਾਲਾਂ ਵਿੱਚ ਹੀ ਨਵੇਂ ਸੱਭਿਆਚਾਰ ਦੀਆਂ ਇੰਨੀਆਂ ਠੋਸ ਨੀਹਾਂ ਰੱਖੀਆਂ ਹਨ। ਉਹਨਾਂ ਢੰਗਾਂ ਦੀਆਂ ਅਨੇਕਾਂ ਉਦਾਹਰਣਾਂ ਵਰਤਦਿਆਂ ਜਿਹਨਾਂ ਵਿੱਚ ਬਾਹਰੀ ਸੰਸਾਰ ਦੇ ਵਰਤਾਰੇ ਟੁੱਟੇ-ਭੱਜੇ ਰੂਪ ਵਿੱਚ ਬੁਰਜੂਆ ਮਨਾਂ ਵਿੱਚ ਪ੍ਰਤੀਬਿੰਬਤ ਹੋਏ ਹਨ, ਸਾਨੂੰ ਬੱਚਿਆਂ ਨੂੰ ਇਹ ਦਿਖਾਉਣਾ ਚਾਹੀਦਾ ਹੈ ਕਿ ਕਿਵੇਂ ਅਤੇ ਕਿਉਂ ਸੰਸਾਰ ਦਾ ਸਹੀ ਅਤੇ ਸੰਤੁਲਿਤ ਸੰਕਲਪ ਤੋੜਿਆ ਮਰੋੜਿਆ ਗਿਆ। ਅਤੇ ਮੁੜ ਫਿਰ, ਸਾਨੂੰ ਇੱਕ ਅਜਿਹੀ ਊਰਜਾ ਦੇ ਭੰਡਾਰ ਵਜੋਂ ਇਤਿਹਾਸਕ ਕਿਰਤੀ ਮਨੁੱਖ ਦੇ ਸੰਕਲਪ ਨੂੰ ਸਹੀ ਪੱਧਰ ਤੱਕ ਉੱਚਾ ਚੁੱਕਣਾ ਚਾਹੀਦਾ ਹੈ, ਜਿਹੜੀ ਸੰਸਾਰ ਨੂੰ ਬਦਲਦੀ ਅਤੇ ਜੱਥੇਬੰਦ ਕਰਦੀ ਹੈ, ਅਤੇ "ਦੂਜੀ ਕੁਦਰਤ" — ਸਮਾਜਵਾਦ ਦੇ ਸੱਭਿਆਚਾਰ — ਦਾ ਨਿਰਮਾਣ ਕਰਦੀ ਹੈ।

ਸੰਸਾਰ ਨੂੰ ਜੱਥੇਬੰਦ ਕਰਨ ਵਾਲ਼ੀ ਊਰਜਾ ਦਾ ਵਾਹਕ, ਮਨੁੱਖ "ਦੂਜੀ ਕੁਦਰਤ"—ਸੱਭਿਆਚਾਰ—ਦਾ ਨਿਰਮਾਣ ਕਰ ਰਿਹਾ ਹੈ। ਮਨੁੱਖ ਕੁਦਰਤ ਦਾ ਉਹ ਅੰਗ ਹੈ ਜਿਸਨੂੰ ਕੁਦਰਤ ਨੇ ਸ਼ਾਇਦ ਇਸ ਲਈ ਰਚਿਆ ਹੈ ਤਾਂ ਕਿ ਉਹ ਖੁਦ ਨੂੰ ਜਾਣ ਸਕੇ ਅਤੇ ਆਪਣੀ ਕਾਇਆਪਲਟ ਸਕੇ। ਇਹ ਗੱਲ ਬੱਚਿਆਂ ਨੂੰ ਚੰਗੀ ਤਰ੍ਹਾਂ ਸਮਝਾਉਣੀ ਚਾਹੀਦੀ ਹੈ। ਛੇ ਜਾਂ ਸੱਤ ਸਾਲ ਦੀ ਉਮਰ ਤੋਂ ਹੀ ਉਹਨਾਂ ਨੂੰ ਚਿੰਤਨ ਦੁਆਰਾ ਕੀਤੇ ਅਦਭੁੱਤ ਕੰਮਾਂ ਦਾ ਅਤੇ ਸਮਾਜਿਕ ਵਰਤਾਰਿਆਂ ਦੀ ਸਾਰਥਿਕਤਾ ਦਾ ਅਹਿਸਾਸ ਹੋ ਜਾਣਾ ਚਾਹੀਦਾ ਹੈ, ਅਤੇ ਖੁਦ ਉਹਨਾਂ ਦੀਆਂ ਯੋਗਤਾਵਾਂ ਬਾਰੇ ਵੀ ਉਹਨਾਂ ਨੂੰ ਕੁਝ ਜਾਣਕਾਰੀ ਦੇਣੀ ਚਾਹੀਦੀ ਹੈ। ਇਸ ਲਈ ਬੱਚਿਆਂ ਨੂੰ ਜ਼ਿੰਦਗੀ ਨਾਲ਼ ਅਤੇ ਦੁਰੇਡੇ ਅਤੀਤ ਦੀਆਂ ਕਹਾਣੀਆਂ ਨਾਲ਼ ਜਾਣ-ਪਛਾਣ ਕਰਨ ਦੀ, ਅਤੇ ਕਿਰਤ ਪ੍ਰਕਿਰਿਆ ਤੇ ਚਿੰਤਨ ਦੇ ਜੱਥੇਬੰਦਕ ਕਾਰਜਾਂ ਦੀ ਸ਼ੁਰੂਆਤ ਕਰ ਦੇਣੀ ਚਾਹੀਦੀ ਹੈ।

ਇਹ ਯਾਦ ਰੱਖਣਾ ਚਾਹੀਦਾ ਹੈ ਕਿ ਜਿਹਨਾਂ ਲੋਕਾਂ ਨੇ ਸੱਭਿਆਚਾਰ ਦੇ ਨਿਰਮਾਣ ਦੇ ਇਤਿਹਾਸ ਦਾ ਮੁੱਢ ਬੰਨਿਆ ਸੀ ਉਹ ਬੇਹੱਦ ਲਾਚਾਰ, ਅਨਪੜ੍ਹ ਅਤੇ ਜਿਉਂਦੇ ਰਹਿਣ ਦੇ ਸੰਘਰਸ਼ ਅਤੇ ਜੰਗਲੀ ਜਾਨਵਰਾਂ ਤੇ ਕੁਦਰਤ ਦੀਆਂ ਦੁਸ਼ਮਣ ਤਾਕਤਾਂ ਖਿਲਾਫ਼ ਸੰਘਰਸ਼ ਵਿੱਚ ਗਲ਼-ਗਲ਼ ਤੱਕ ਖੁੱਭੇ ਹੋਏ ਸਨ। ਸੱਭਿਆਚਾਰ ਦੇ ਬੁਰਜੂਆ ਇਤਿਹਾਸਕਾਰ ਸਮੂਹਿਕ ਕਬੀਲੇ ਦੇ ਮੈਂਬਰ, ਆਦਿ-ਕਾਲੀਨ ਮਨੁੱਖ ਨੂੰ ਇੱਕ ਅਜਿਹੇ ਚਿੰਤਕ ਵਜੋਂ ਪੇਸ਼ ਕਰਦੇ ਹਨ

ਜਿਹੜਾ ਹਮੇਸ਼ਾ ਇਸ ਪ੍ਰਕਾਰ ਦੀਆਂ ਸਮੱਸਿਆਵਾਂ ਨਾਲ਼ ਹੀ ਵਿਆਕੁਲ ਰਹਿੰਦਾ ਸੀ ਜਿਵੇਂ ਕਿ: ਨੀਂਦ ਅਤੇ ਮੌਤ ਕੀ ਹੈ ?, ਧਰਤੀ ਕਿਸ ਚੀਜ਼ ਦੀ ਬਣੀ ਹੋਈ ਹੈ ?, ਮਨੁੱਖ ਨੂੰ ਕਿਉਂ ਪੈਦਾ ਕੀਤਾ ਗਿਆ ? ਪਰ ਉਹਨਾਂ ਸਮਿਆਂ ਦਾ ਮਨੁੱਖ ਤਾਂ ਅਥਾਹ ਸਰੀਰਕ ਮਿਹਨਤ ਅਤੇ ਆਤਮ-ਰੱਖਿਆ ਵਿੱਚ ਰੁੱਝਿਆ ਹੋਇਆ ਸੀ। ਸਭ ਤੋਂ ਪਹਿਲਾਂ ਤਾਂ ਉਹ ਅਸਲ ਤੱਥਾਂ ਦਾ ਨਿਰਮਾਤਾ ਸੀ ਅਤੇ ਉਸ ਕੋਲ਼ ਅਮੂਰਤ ਚਿੰਤਨ ਲਈ ਐਨਾ ਸਮਾਂ ਨਹੀਂ ਹੁੰਦਾ ਸੀ। ਜਿਵੇਂ ਕਿ ਮਾਰਕਸ ਦੇ ਸਰਵ-ਪ੍ਰੇਮੀ ਮਨ ਨੇ ਸਮਝਿਆ ਸੀ, ਇਹ ਕਿਰਤ ਪ੍ਰਕਿਰਿਆ ਦਾ ਹੀ ਪ੍ਰਭਾਵ ਸੀ ਜਿਸ ਕਾਰਨ "ਯਥਾਰਥ ਵਿਚਾਰਾਂ ਵਿੱਚ ਬਦਲਿਆ" ਸੀ। ਆਦਿ-ਕਾਲੀਨ ਮਨੁੱਖ ਦੇ ਸਵੈ-ਸਿੱਖਿਆ ਦੇ ਢੰਗ-ਤਰੀਕੇ ਬੇਹੱਦ ਸਾਦਗੀ ਭਰੇ ਸਨ: ਉਹ ਜੰਗਲ਼ੀ ਜਾਨਵਰਾਂ ਨਾਲ਼ੋਂ ਤਾਕਤਵਰ ਬਣਨ ਦੀ ਸਖ਼ਤ ਲੋੜ ਨੂੰ ਸਮਝਦਾ ਸੀ; ਇਹਨਾਂ ਜਾਨਵਰਾਂ ਨੂੰ ਜਿੱਤਣਾ ਸਿੱਖਣ ਤੋਂ ਪਹਿਲਾਂ ਉਹ ਇਸ ਸੰਭਾਵਨਾ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਸੀ, ਜਿਸਦਾ ਪ੍ਰਗਟਾਵਾ ਸੈਮਸਨ ਅਤੇ ਹਰਕਿਊਲਸ ਜਿਹੇ ਸ਼ੇਰ-ਮਾਰਾਂ ਦੀਆਂ ਦੰਦ-ਕਥਾਵਾਂ ਤੋਂ ਹੁੰਦਾ ਹੈ। ਦੇਵਤਿਆਂ ਦੀ ਰਚਨਾ ਕਰਨ ਲਈ ਉਸਨੂੰ ਹੋਰ ਕਿਸੇ ਚੀਜ਼ ਦੀ ਜ਼ਰੂਰਤ ਮਹਿਸੂਸ ਨਹੀਂ ਹੁੰਦੀ ਸੀ ਸਿਵਾਏ ਇਸ ਪੂਰਵ-ਧਾਰਨਾ ਤੋਂ ਕਿ ਉਸਦੀ ਤਾਕਤ ਅਤੇ ਯੋਗਤਾਵਾਂ ਸ਼ਾਨਦਾਰ ਹੱਦਾਂ ਤੱਕ ਪਹੁੰਚ ਸਕਦੀਆਂ ਸਨ। ਇਹ ਗੱਲ ਮੰਨ ਕੇ ਉਸਨੇ ਕੋਈ ਗਲਤੀ ਨਹੀਂ ਕੀਤੀ ਸੀ: ਸਭ ਤੋਂ ਵਧੀਆ ਪੁਰਾਤਨ ਸ਼ਿਲਪਕਾਰ ਉਹਨਾਂ ਹੀ ਲੋਕਾਂ ਨੂੰ ਮੰਨਿਆ ਗਿਆ ਹੈ ਜਿਹਨਾਂ ਨੇ ਕੁਦਰਤ ਅਤੇ ਪਦਾਰਥ ਦੇ ਭਿਆਨਕ ਵਿਰੋਧ 'ਤੇ ਜਿੱਤ ਹਾਸਿਲ ਕਰ ਲਈ ਸੀ। ਸਭ ਤੋਂ ਪੁਰਾਤਨ ਮਿੱਥਾਂ ਵਿੱਚ ਕੇਵਲ ਉਹੀ ਦੇਵਤਿਆਂ ਦਾ ਵਰਣਨ ਮਿਲਦਾ ਹੈ ਜਿਹੜੇ ਕਿਸੇ ਨਾ ਕਿਸੇ ਹੁਨਰ ਵਿੱਚ ਮਾਹਿਰ ਸਨ: ਉਹ ਮਾਹਿਰ ਲੁਹਾਰ, ਸ਼ਿਕਾਰੀ, ਆਜੜੀ, ਜਹਾਜ਼ੀ, ਸੰਗੀਤਕਾਰ ਅਤੇ ਤਰਖਾਣ ਸਨ। ਦੇਵੀਆਂ ਵੀ ਕਿਸੇ ਨਾ ਕਿਸੇ ਹੁਨਰ ਦੀਆਂ ਮਾਲਿਕ ਸਨ, ਜਿਵੇਂ ਕਿ ਕੱਤਣਾ, ਖਾਣਾ ਬਣਾਉਣਾ ਅਤੇ ਦਵਾ-ਦਾਰੂ ਕਰਨਾ। ਜਿਸ ਨੂੰ "ਆਦਿ-ਕਾਲੀਨ ਮਨੁੱਖ ਦੀ ਧਾਰਮਿਕ ਰਚਨਾਤਮਕਤਾ" ਕਿਹਾ ਜਾਂਦਾ ਹੈ ਅਸਲ ਵਿੱਚ ਉਸਦੀ ਕਲਾਤਮਕ ਰਚਨਾਤਮਕਤਾ ਸੀ ਜਿਸ ਵਿੱਚ ਰਹੱਸਵਾਦ ਦਾ ਕੋਈ ਅੰਸ਼ ਨਹੀਂ ਸੀ। ਰਹੱਸਵਾਦ ਉਦੋਂ ਹੋਂਦ ਵਿੱਚ ਆਇਆ ਜਦੋਂ ਕਿਸੇ ਕਾਰਨ ਕਬੀਲੇ ਤੋਂ ਅਲੱਗ ਹੋਏ ਵਿਅਕਤੀ ਨੂੰ ਆਪਣੀ ਹੋਂਦ ਵਿੱਚ ਕੋਈ ਘਾਟ ਰੜਕਣ ਲੱਗੀ, ਅਤੇ ਜਦੋਂ ਉਸਨੂੰ ਕੁਦਰਤ ਅਤੇ ਸਮੂਹ ਦੀ ਤਾਕਤ ਦੇ ਸਨਮੁੱਖ ਆਪਣੀ ਲਾਚਾਰੀ ਦਾ ਅਹਿਸਾਸ ਹੋਇਆ। ਸਮੂਹ ਬਹੁਤ ਸਖ਼ਤੀ ਨਾਲ਼ ਇਸ ਗੱਲ ਦੀ ਮੰਗ ਕਰਦਾ ਸੀ ਕਿ ਵਿਅਕਤੀ ਬਾਕੀ ਸਾਰਿਆਂ ਨਾਲ਼ ਮਿਲ ਕੇ ਕਿਰਤ ਵਿੱਚ ਹਿੱਸਾ ਪਾਵੇ। ਇਹ ਗੱਲ ਹਜ਼ਮ ਕਰਨਾ ਔਖਾ ਹੈ ਕਿ ਪੁਰਾਤਨ ਪਰਿਵਾਰ ਅਤੇ ਕਬੀਲੇ ਆਪਣੇ ਨਾਲ਼ ਅਜਿਹੇ ਲੋਕਾਂ ਨੂੰ ਰੱਖਦੇ ਹੋਣਗੇ ਜਿਹੜੇ ਵਿਹਲੇ, ਲੋਫ਼ਰ ਅਤੇ ਭੋਜਨ ਦੀ ਤਲਾਸ਼ ਤੇ ਜ਼ਿੰਦਗੀ ਦੀ ਰੱਖਿਆ ਕਰਨ ਦੀ ਸਮੂਹਿਕ ਕਿਰਤ ਤੋਂ ਜੀਅ ਚੁਰਾਉਂਦੇ ਹੋਣ। ਅਜਿਹੇ ਲੋਕਾਂ ਨੂੰ ਜ਼ਰੂਰ ਹੀ ਕੱਢ ਦਿੱਤਾ ਜਾਂਦਾ ਹੋਵੇਗਾ।

ਮਨੁੱਖ ਨੇ ਅਮੂਰਤ ਅਤੇ ਰਹੱਸਮਈ ਸ਼ਬਦਾਂ ਵਿੱਚ ਸੋਚਣਾ ਕੁਝ ਉਦੋਂ ਵੀ ਸ਼ੁਰੂ ਕੀਤਾ ਹੋਵੇਗਾ ਜਦੋਂ ਉਹ ਬੁੱਢਾ ਅਤੇ ਕਮਜ਼ੋਰ ਹੋ ਗਿਆ ਹੋਵੇਗਾ ਅਤੇ ਆਉਣ ਵਾਲ਼ੀ ਮੌਤ ਦਾ ਭੈਅ

ਉਸਨੂੰ ਸਤਾ ਰਿਹਾ ਹੋਵੇਗਾ। ਡਰ ਕਿਸੇ ਸਮੂਹ ਵਿੱਚ ਦਹਿਸ਼ਤ ਫੈਲਾ ਸਕਦਾ ਹੈ ਪਰ ਦਹਿਸ਼ਤ ਕਦੇ ਵੀ ਸਮੂਹ ਦੀ ਜੈਵਿਕ ਊਰਜਾ ਨੂੰ ਬਹੁਤੀ ਦੇਰ ਤੱਕ ਦਬਾ ਕੇ ਨਹੀਂ ਰੱਖ ਸਕਦੀ। ਜਵਾਲਾਮੁਖੀ ਦਾ ਫਟਣਾ, ਭੁਚਾਲ਼ ਅਤੇ ਸਮੇਂ ਸਮੇਂ 'ਤੇ ਆਉਣ ਵਾਲ਼ੇ ਹੜ੍ਹਾਂ ਜਿਹੇ ਕਰੋਪ ਕਦੇ ਵੀ ਲੋਕਾਂ ਦੇ ਪਰਵਾਸ ਦੇ ਕਾਰਨ ਨਹੀਂ ਬਣੇ। ਵੇਦ-ਮੱਤ ਅਤੇ ਬੁੱਧ-ਮੱਤ ਸਭ ਤੋਂ ਜ਼ਿਆਦਾ ਨਿਰਾਸ਼ਾਵਾਦੀ ਮੱਤ ਹਨ ਪਰ ਇਹਨਾਂ ਨੇ ਵੀ ਹਿੰਦੂਆਂ ਨੂੰ ਜਿਉਣੋਂ ਅਤੇ ਆਪਣੀ ਆਬਾਦੀ ਵਧਾਉਣੋਂ ਨਹੀਂ ਰੋਕਿਆ। ਸ਼ਾਪਨਹਾਵਰ ਅਤੇ ਹਾਰਟਮਨ ਦੀ ਹਿੰਦ-ਜਰਮਨ ਫਿਲਾਸਫੀ ਨੇ ਬੁਰਜੂਆ ਸਮਾਜਾਂ ਵਿੱਚ ਐਨੇ ਵੱਡੇ ਪੱਧਰ 'ਤੇ ਵਿਖੰਡਨ ਅਤੇ ਤ੍ਰੇੜਾਂ ਦੇ ਹੁੰਦਿਆਂ ਵੀ ਆਤਮ-ਹੱਤਿਆਵਾਂ ਦੀ ਗਿਣਤੀ ਵਿੱਚ ਵਾਧਾ ਨਹੀਂ ਕੀਤਾ।

ਜਿਵੇਂ ਕਿ ਪਹਿਲਾਂ ਵੀ ਗੱਲ ਕੀਤੀ ਜਾ ਚੁੱਕੀ ਹੈ, ਮਨੁੱਖ ਦਾ ਜ਼ਿੰਦਗੀ ਪ੍ਰਤੀ ਡਰ, ਉਸ ਸਭ ਕਾਸੇ ਪ੍ਰਤੀ ਡਰ ਜਿਹੜਾ "ਸਮਝੋਂ ਪਰੇ" —ਵਿਅਕਤੀਵਾਦੀ ਦਾ ਖਾਸ ਲੱਛਣ— ਸੀ, ਉਸਦੀ ਆਪਣੀ ਮਹੱਤਵਹੀਣਤਾ ਦੀ ਭਾਵਨਾ ਵਿੱਚੋਂ ਪੈਦਾ ਹੋਇਆ ਸੀ। ਵਿਅਕਤੀਵਾਦੀਆਂ ਨੇ ਆਪਣੇ ਇਸ ਡਰ ਦੀ ਸਹੀ ਵਰਤੋਂ ਕਰਨੀ ਸਿੱਖ ਲਈ। ਉਹਨਾਂ ਨੇ ਕਿਰਤੀ ਲੋਕਾਂ ਨੂੰ ਇਸ ਗੱਲ ਲਈ ਰਾਜ਼ੀ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਕਿ ਉਹ ਇਸ ਡਰ ਨੂੰ ਇੱਕ ਉੱਤਮ ਸਿਆਣਪ ਵਜੋਂ ਅਤੇ ਤਰਕ ਦੀ ਪਹੁੰਚ ਤੋਂ ਪਰੇ ਭੇਦਾਂ ਦੇ ਜਾਣੂ ਵਜੋਂ ਪ੍ਰਵਾਨ ਕਰ ਲੈਣ। ਇਹ ਪੂਰੀ ਤਰ੍ਹਾਂ ਸੰਭਵ ਹੈ ਕਿ ਭੈਅ-ਭੀਤ ਵਿਹਲੜਾਂ ਅਤੇ ਕਮਜ਼ੋਰ ਬੁੱਢਿਆਂ ਨੇ ਹੀ ਰਹੱਸਵਾਦੀ ਮੱਤਾਂ ਦੀ ਨੀਂਹ ਰੱਖੀ ਅਤੇ ਫਿਰਕੇ ਜੱਥੇਬੰਦ ਕੀਤੇ, ਤੇ ਇਹੀ ਲੋਕ ਇਹਨਾਂ ਦੇ ਪਹਿਲੇ ਪੁਜਾਰੀ ਬਣੇ।

ਬੁਰਜੂਆ ਇਤਿਹਾਸ ਦਾ ਸਮੁੱਚਾ ਦੌਰ, ਵਿਚਾਰਾਂ ਦੇ ਸਮੇਂ ਤੋਂ ਪਹਿਲਾਂ ਹੀ ਮੁਰਝਾ ਜਾਣ ਅਤੇ ਆਪੇ ਕੱਢੇ ਸਿੱਟਿਆਂ ਤੋਂ ਉਪਜੇ ਉਹਨਾਂ ਦੇ ਡਰ ਦੀਆਂ ਅਨੇਕਾਂ ਉਦਾਹਰਣਾਂ ਨਾਲ਼ ਭਰਿਆ ਪਿਆ ਹੈ। ਜਿਵੇਂ ਜਿਵੇਂ ਅਸੀਂ ਆਪਣੇ ਸਮਿਆਂ ਦੇ ਨੇੜੇ ਆਉਂਦੇ ਹਾਂ, ਇਹਨਾਂ ਉਦਾਹਰਣਾਂ ਦੀ ਗਿਣਤੀ ਵਧਦੀ ਜਾਂਦੀ ਹੈ। ਉੱਨੀਵੀਂ ਅਤੇ ਵੀਹਵੀਂ ਸਦੀ ਅਜਿਹੇ ਮਾਮਲਿਆਂ ਨਾਲ਼ ਨੱਕੋ-ਨੱਕ ਭਰੀਆਂ ਪਈਆਂ ਹਨ ਜਿਸ ਵਿੱਚ ਪਦਾਰਥਵਾਦੀ ਅਤੇ ਵਿਗਿਆਨਕ-ਇਨਕਲਾਬੀ ਚਿੰਤਕ ਪਿਛਾਂਹ-ਖਿੱਚੂ ਅਤੇ ਰਹੱਸਵਾਦੀ ਬਣ ਗਏ ਹੋਣ। ਓਲੀਵਰ ਲੌਂਜ, ਵਿਰਚੋਅ, ਮੈਂਦੇਲੇਯੇਵ, ਕਰੂਕਸ, ਗਿਸ਼ੇ ਅਤੇ ਹੋਰ "ਵਿਗਿਆਨੀਆਂ" ਦੁਆਰਾ ਅਮਲ ਵਿੱਚ ਦਿਖਾਈ ਵਿਚਾਰਾਂ ਦੀ ਥਕਾਵਟ ਨਾਲ਼ ਬੁਰਜੂਆ ਸਮਾਜ ਦਾ ਬੁਢਾਪਾ ਸਿੱਧ ਹੋ ਜਾਂਦਾ ਹੈ।

ਬੱਚਿਆਂ ਲਈ ਗਲਪ ਅਤੇ ਸਿੱਖਿਆਦਾਇਕ ਸਾਹਿਤ ਸਫਲਤਾਪੂਰਵਕ ਤਿਆਰ ਕਰਨ ਲਈ ਸਾਨੂੰ ਹੇਠ ਲਿਖੀਆਂ ਚੀਜ਼ਾਂ ਦੀ ਲੋੜ ਹੈ: ਸਭ ਤੋਂ ਪਹਿਲਾਂ, ਪ੍ਰਤਿਭਾਸ਼ਾਲੀ ਲੇਖਕ ਜਿਹੜੇ ਸਾਦਗੀ, ਦਿਲਚਸਪੀ ਅਤੇ ਅਰਥ-ਭਰਪੂਰ ਢੰਗ ਨਾਲ਼ ਲਿਖਣ ਦੇ ਯੋਗ ਹੋਣ; ਫਿਰ ਅਜਿਹੇ ਸੰਪਾਦਕ ਜਿਹਨਾਂ ਦੀ ਤਸੱਲੀਬਖਸ਼ ਰਾਜਨੀਤਕ ਅਤੇ ਸਾਹਿਤਕ ਟਰੇਨਿੰਗ ਹੋਈ ਹੋਵੇ, ਅਤੇ ਅੰਤ ਵਿੱਚ ਤਕਨੀਕੀ ਸਹੂਲਤਾਂ, ਤਾਂ ਕਿ ਬੱਚਿਆਂ ਦੀਆਂ ਕਿਤਾਬਾਂ ਦੀ ਚੰਗੀ ਕੁਆਲਟੀ ਅਤੇ ਸਮੇਂ ਸਿਰ ਛਪਾਈ ਦੀ ਗਾਰੰਟੀ ਰਹੇ। ਇਹ ਕੰਮ ਰਾਤੋ-ਰਾਤ ਨਹੀਂ ਹੋ

ਸਕਦੇ।

ਇਸ ਤੋਂ ਅੱਗੇ ਜਿਹੜੀ ਜ਼ਰੂਰੀ ਗੱਲ ਹੈ ਉਹ ਇਹ ਹੈ ਕਿ ਇਹਨਾਂ ਸਾਰੇ ਕੰਮਾਂ ਵਿੱਚ ਕੋਈ ਦੇਰ ਨਹੀਂ ਹੋਣੀ ਚਾਹੀਦੀ। ਅਜਿਹੀਆਂ ਕਿਤਾਬਾਂ ਦੇ ਸੰਭਵ ਵਿਸ਼ਿਆਂ ਬਾਰੇ ਕੁਝ ਸੁਝਾਅ ਹੇਠਾਂ ਦਿੱਤੇ ਗਏ ਹਨ। ਬੱਚਿਆਂ ਲਈ ਇੱਕ ਨਵੀਂ ਕਿਸਮ ਦਾ ਸਾਹਿਤ ਸਿਰਜਣ ਦੇ ਅਮਲ ਵਿੱਚ ਇਹ ਸੁਝਾਅ ਕੁਝ ਕੰਮ ਆ ਸਕਦੇ ਹਨ:

ਧਰਤੀ

ਧਰਤੀ ਦਾ ਭੂ-ਰਸਾਇਣਕ ਅਤੇ ਭੂ-ਭੌਤਿਕੀ ਗਿਆਨ; ਇਸਦੀ ਬਣਤਰ — ਧਾਤਾਂ, ਖਣਿਜ ਅਤੇ ਉਪਜਾਊ ਜ਼ਮੀਨ ਦੀ ਉਤਪਤੀ — ਦਾ ਇਤਿਹਾਸ। ਉੱਚ ਤਾਪਮਾਨ ਦੁਆਰਾ ਨਿਭਾਈ ਭੂਮਿਕਾ, ਜਿਸਦੇ ਸਦਕੇ ਵਿਗਿਆਨ ਨੇ ਲੋਹੇ ਅਤੇ ਮੂਲ ਸਮੱਗਰੀ—ਕੱਚੇ ਲੋਹੇ— ਵਿੱਚੋਂ ਸਟੀਲ ਤਿਆਰ ਕੀਤਾ, ਅਤੇ ਫਿਰ ਸਟੀਲ ਅਤੇ ਹੋਰ ਧਾਤਾਂ ਨੂੰ ਮਿਲ਼ਾ ਕੇ ਮਿਸ਼ਰਤ-ਧਾਤਾਂ ਤਿਆਰ ਕਰਕੇ ਵਧੇਰੇ ਸਖ਼ਤ ਅਤੇ ਹੰਢਣਸਾਰ ਧਾਤਾਂ ਬਣਾਈਆਂ। ਅਮਲੀ ਸਿੱਟੇ।

ਹਵਾ

ਇਸਦਾ ਰਸਾਇਣ ਵਿਗਿਆਨ; ਗੈਸਾਂ, ਖਾਸ ਕਰਕੇ ਆਕਸੀਜਨ ਅਤੇ ਹਾਈਡਰੋਜਨ; ਹਵਾ ਦੇ ਵਹਾਅ ਦੀ ਭੌਤਿਕ ਕਿਰਿਆ। ਤੇਜ਼ਾਬ, ਸਾਲਟ (Salts) ਅਤੇ ਖਾਰਾਂ ਦਾ ਬਣਨਾ। ਦਹਿਨ (Combustion) ਅਤੇ ਵਿਯੋਜਨ (Decomposition)। ਸਾਰੇ ਭੌਤਿਕ ਅਤੇ ਰਸਾਇਣਕ ਵਰਤਾਰਿਆਂ ਦੇ ਆਧਾਰ ਵਜੋਂ ਗਤੀ। ਹਵਾ ਦੇ ਵਹਾਓ ਨੂੰ ਵਰਤਣ ਦੇ ਯਤਨ।

ਪਾਣੀ

ਇਸਦੀਆਂ ਭੌਤਿਕੀ ਅਤੇ ਰਸਾਇਣਕ ਕਿਰਿਆਵਾਂ। ਡਿੱਗਦਾ ਪਾਣੀ ਬਿਜਲਈ ਊਰਜਾ ਦੇ ਸਰੋਤ ਵਜੋਂ।

ਇਹਨਾਂ ਤਿੰਨਾਂ ਵਿਸ਼ਿਆਂ ’ਤੇ ਇਸ ਢੰਗ ਨਾਲ਼ ਰੌਸ਼ਨੀ ਪਾਉਣੀ ਚਾਹੀਦੀ ਹੈ ਕਿ ਬੱਚਿਆਂ ਨੂੰ ਪਦਾਰਥ ਦੇ ਅੰਦਰ ਵਾਪਰ ਰਹੀਆਂ ਤਬਦੀਲੀਆਂ ਦੇ ਵੱਖ-ਵੱਖ ਅਮਲਾਂ ਦੀ, ਅਤੇ ਕੁਦਰਤ ਦੀਆਂ ਮੂਲਭੂਤ ਤਾਕਤਾਂ ਉੱਤੇ ਵਿਗਿਆਨ ਦੀ ਜਿੱਤ ਦੇ ਸਿਲਸਿਲੇਵਾਰ ਚਰਿੱਤਰ ਦੀ ਚੰਗੀ ਤਰ੍ਹਾਂ ਜਾਣਕਾਰੀ ਹੋ ਜਾਵੇ।

ਹੇਠ ਲਿਖੇ ਵਿਸ਼ੇ ਫਿਰ ਅੱਗੇ ਵਿਕਸਤ ਕੀਤੇ ਜਾ ਸਕਦੇ ਹਨ:

ਬਨਸਪਤੀ

ਬਨਸਪਤੀ ਦੇ ਵਿਕਾਸ ਦਾ, ਅਤੇ ਮਨੁੱਖ ਦੁਆਰਾ ਉਸਦੀ ਵਰਤੋਂ ਦਾ ਇਤਿਹਾਸ।

ਜੀਵ-ਜੰਤੂ

ਬਨਸਪਤੀ ਸੈੱਲ (Vegetable Cell) ਤੋਂ ਲੈ ਕੇ ਮਨੁੱਖ ਤੱਕ ਦੇ ਜੈਵਿਕ ਜੀਵਨ ਦੇ ਵਿਕਾਸ ਦਾ ਇਤਿਹਾਸ।

ਮਨੁੱਖ ਧਰਤੀ 'ਤੇ ਕਿਵੇਂ ਪ੍ਰਗਟ ਹੋਇਆ

ਮਿਥਿਹਾਸਕ ਵਿਆਖਿਆਵਾਂ: ਮਨੁੱਖ ਪਾਣੀ ਤੋਂ, ਜੰਗਲ਼ ਤੋਂ, ਜਾਨਵਰਾਂ ਤੋਂ ਉਪਜਿਆ, ਜਾਂ ਆਮ ਤੌਰ 'ਤੇ ਕੁਦਰਤ ਦੀਆਂ ਤਾਕਤਾਂ ਨੇ ਇਸਦੀ ਰਚਨਾ ਕੀਤੀ। ਪਾਦਰੀਆਂ ਅਤੇ ਚਰਚ ਦੁਆਰਾ ਦਿੱਤੀਆਂ ਵਿਆਖਿਆਵਾਂ: ਮਨੁੱਖ ਨੂੰ ਰੱਬ ਨੇ ਸਿਰਜਿਆ।

ਜੈਵਿਕ ਕ੍ਰਮ-ਵਿਕਾਸ (Evolution) ਦਾ ਸਿਧਾਂਤ।

ਮਨੁੱਖ ਨੇ ਸੋਚਣਾ ਕਿਵੇਂ ਸਿੱਖਿਆ

ਤੰਤੂ (Nerve Cell) ਦੀ ਬਣਤਰ ਦਾ ਸਿਧਾਂਤ। ਚਮੜੀ ਦੀ ਸੰਵੇਦਨਸ਼ੀਲਤਾ ਅਤੇ ਪੰਜ ਇੰਦਰੀਆਂ ਦਾ ਵਿਕਾਸ। ਕੁਦਰਤੀ ਵਰਤਾਰਿਆਂ ਅਤੇ ਬਦਲ ਰਹੇ ਯਥਾਰਥ ਵਿਚਲੀਆਂ ਸਮਾਨਤਾਵਾਂ ਅਤੇ ਭਿੰਨਤਾਵਾਂ ਦੀ ਭੂਮਿਕਾ। ਸੁਖਾਵੀਆਂ ਅਤੇ ਅਸੁਖਾਵੀਆਂ ਸੰਵੇਦਨਾਵਾਂ। ਆਤਮ-ਰੱਖਿਆ ਦੀ ਪ੍ਰਵਿਰਤੀ। ਸਮਾਨਤਾਵਾਂ ਅਤੇ ਭਿੰਨਤਾਵਾਂ ਦੇ ਨਿਰੀਖਣ ਤੋਂ ਧਾਰਣਾਵਾਂ ਦੀ ਬਣਤਰ। ਭੋਜਨ ਪ੍ਰਾਪਤੀ ਦੇ ਅਮਲ ਵਿੱਚ ਰੌਸ਼ਨੀ ਅਤੇ ਹਨੇਰੇ ਦੀ ਭੂਮਿਕਾ। ਬੋਲੀ ਦੇ ਸੰਭਾਵੀ ਉਤੇਜਕ ਵਜੋਂ ਆਵਾਜ਼ਾਂ ਦੀ ਨਕਲ ਕਰਨ ਬਾਰੇ। ਚੀਕਣਾ, ਕਰੀਚਣਾ, ਦਹਾੜਨਾ, ਗਰਜਣਾ, ਕੂਕਣਾ, ਖੜਖੜਾਹਟ ਅਤੇ ਇਸੇ ਤਰ੍ਹਾਂ ਹੋਰ ਕਈ ਕੁਝ।

ਮਨੁੱਖ ਨੇ ਅੱਗ ਬਾਲਣੀ ਕਿਵੇਂ ਸਿੱਖੀ

ਪੱਥਰ ਅਤੇ ਚਕਮਕ ਨਾਲ਼ ਕੰਮ ਕਰਦੇ ਸਮੇਂ ਚੰਗਿਆੜਿਆਂ ਦਾ ਪੈਦਾ ਹੋਣਾ। ਸੁੱਕੀ ਲੱਕੜ ਰਗੜ ਕਾਰਨ ਅੱਗ ਫੜਦੀ ਹੈ। (ਜੰਗਲ਼ੀ ਆਦਿਵਾਸੀ ਇਸ ਗੱਲ ਦੀ ਕਿਵੇਂ ਵਿਆਖਿਆ ਕਰਦਾ ਹੈ: "ਜੇ ਤੁਸੀਂ ਲੱਕੜ ਨੂੰ ਕਾਫੀ ਦੇਰ ਤੱਕ ਰਗੜਦੇ ਰਹੋ ਤਾਂ ਇਹ ਗੁੱਸੇ ਹੋ ਜਾਂਦੀ ਹੈ, ਧੂੰਆਂ ਛੱਡਣ ਲੱਗਦੀ ਹੈ, ਅਤੇ ਲਾਟਾਂ ਕੱਢਦੀ ਹੈ।")। ਸਲਾਵ ਸ਼ਬਦਾਂ ਦਾ ਮੇਲ਼ ਦੇਖੋ: *ogon* (ਅੱਗ), *gnew* (ਗੁੱਸਾ), *gnevatsia* (ਗੁੱਸੇ ਹੋਣਾ)। ਅਸਮਾਨੀ ਬਿਜਲੀ ਦਾ ਚਮਕਣਾ। ਪ੍ਰੋਮੇਥੀਅਸ ਬਾਰੇ ਮਿੱਥ।

ਮਨੁੱਖ ਨੇ ਆਪਣੀ ਕਿਰਤ ਅਤੇ ਆਪਣੀ ਜ਼ਿੰਦਗੀ ਅਸਾਨ ਬਣਾਉਣੀ ਕਿਵੇਂ ਸਿੱਖੀ

ਪੁਰਾਤਨ ਔਜ਼ਾਰਾਂ ਦੀ ਕਾਢ ਅਤੇ ਵਰਤੋਂ। ਪੰਛੀਆਂ ਦੇ ਆਲ੍ਹਣਿਆਂ ਨੂੰ ਬੈਂਤ ਦੇ ਕੰਮਾਂ ਲਈ ਮਾਡਲ ਵਜੋਂ ਵਰਤਣਾ। ਆਲ੍ਹਣਿਆਂ 'ਤੇ ਕੰਮ ਕਰਦੇ ਪੰਛੀਆਂ ਨੂੰ ਦੇਖ ਕੇ ਸੂਈ ਦਾ

ਖਿਆਲ ਆਉਣਾ; ਆਂਡਿਆਂ ਦਾ ਛਿਲਕਾ ਕਿਸ਼ਤੀ ਦਾ ਅਤੇ ਮੱਕੜੀ ਦਾ ਜਾਲ਼ਾ ਕੱਪੜਿਆਂ ਅਤੇ ਧਾਗਿਆਂ ਦਾ ਆਦਿ-ਰੂਪ (prototype) ਹੋ ਸਕਦਾ ਹੈ। ਛਛੂੰਦਰ, ਚੂਹਿਆਂ ਅਤੇ ਬੀਜ ਖਾਣ ਵਾਲੇ ਪੰਛੀਆਂ ਦੇ ਨਿਰੀਖਣ ਤੋਂ ਅਨਾਜ ਨੂੰ ਭੋਜਨ ਵਜੋਂ ਵਰਤਣਾ।

ਮਨੁੱਖ ਲਈ ਲੋਹੇ ਅਤੇ ਹੋਰ ਧਾਤਾਂ ਦੀ ਖੋਜ ਅਤੇ ਵਰਤੋਂ ਦਾ ਮਹੱਤਵ। ਮਿਠਾਸ, ਕੁੜੱਤਣ, ਖਟਾਸ ਅਤੇ ਖਟਾਸ-ਹੀਣਤਾ

ਗਲੂਕੋਜ਼, ਤੇਜ਼ਾਬ, ਸਾਲਟ, ਅਤੇ ਖਾਰ। ਮਨੁੱਖੀ ਸਰੀਰਕ ਸੰਰਚਨਾ ਵਿੱਚ ਇਹਨਾਂ ਦੀ ਭੂਮਿਕਾ ਅਤੇ ਸਨਅਤ ਵਿੱਚ ਇਹਨਾਂ ਦੀ ਅਹਿਮੀਅਤ, ਵਗੈਰਾ-ਵਗੈਰਾ।

ਵਿਗਿਆਨ ਦੇ ਚਮਤਕਾਰਾਂ ਬਾਰੇ

ਮੁੱਖ ਤੌਰ 'ਤੇ ਰਸਾਇਣ ਵਿਗਿਆਨ ਵਿੱਚ। ਕੱਚ ਦਾ ਨਿਰਮਾਣ: ਧੁੰਦਲ਼ੇ ਪਦਾਰਥ ਨੂੰ ਹਵਾ ਵਾਂਗ ਪਾਰਦਰਸ਼ੀ ਬਣਾ ਦੇਣਾ। ਉੱਚ ਤਾਪ ਸਹਿਣ ਵਾਲ਼ਾ ਅਤੇ ਲਚਕਦਾਰ ਕੱਚ, ਆਦਿ।

ਆਲੂਆਂ ਤੋਂ ਰਬੜ ਬਣਾਉਣ ਦੇ ਅਤੇ ਅਨੇਕਾਂ ਹੋਰ ਅਜਿਹੇ ਅਮਲਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਜਾ ਸਕਦੀ ਹੈ। ਜਿਹੜੀ ਕਿ ਸੰਭਵਤਾ ਦੀਆਂ ਹੱਦਾਂ ਨੂੰ ਫੈਲਾਉਣ ਦੇ ਸਮਰੱਥ ਇੱਕ ਤਾਕਤ ਵਜੋਂ, ਕਲਪਨਾ ਨੂੰ ਟੁੰਬਦੀ ਹੋਵੇ।

ਵਿਚਾਰ ਅਤੇ ਕਰਮ

ਉਹਨਾਂ ਦੇ ਆਪਸੀ ਸਬੰਧ ਅਤੇ ਵਿਰੋਧਤਾਈਆਂ; ਕਿਰਤ-ਤਜ਼ਰਬਿਆਂ ਦੇ ਅਭਿਆਸ ਵਿੱਚ ਵਿਰੋਧਤਾਈਆਂ ਨੂੰ ਹੱਲ ਕਰਨਾ।

ਭਵਿੱਖ ਦੀਆਂ ਤਕਨੀਕਾਂ ਨਾਲ਼ ਸਬੰਧਿਤ

ਰੇਡਿਓ ਇੰਜੀਨੀਅਰਿੰਗ; ਸੂਰਜੀ ਊਰਜਾ, ਹਵਾ ਦੀ ਤਾਕਤ, ਤਾਪਮਾਨ ਦੀਆਂ ਭਿੰਨਤਾਵਾਂ ਆਦਿ ਨੂੰ ਵਰਤੋਂ ਵਿੱਚ ਲਿਆਉਣਾ।

ਲੋਕਾਂ ਨੇ ਕਿੱਸਿਆਂ ਤੇ ਦੰਦ-ਕਥਾਵਾਂ ਦੀ ਰਚਨਾ ਕਿਉਂ ਅਤੇ ਕਿਵੇਂ ਕੀਤੀ

ਕਲਪਨਾ ਦਾ ਕੋਈ ਵੀ ਉਤਪਾਦ ਅਜਿਹਾ ਨਹੀਂ ਹੈ ਜਿਸਦੀਆਂ ਜੜ੍ਹਾਂ ਯਥਾਰਥ ਵਿੱਚ ਨਾ ਹੋਣ। ਵਾਸਤਵਿਕ ਅਤੇ ਮਨ-ਚਾਹਿਆ: ਜਾਨਵਰ ਮਨੁੱਖ ਨਾਲ਼ੋਂ ਜ਼ਿਆਦਾ ਤਾਕਤਵਰ ਹਨ। ਮਨੁੱਖ ਨੂੰ ਲਾਜ਼ਮੀ ਤੌਰ 'ਤੇ ਜਾਨਵਰਾਂ ਤੋਂ ਤਕੜਾ ਬਣਨਾ ਚਾਹੀਦਾ ਹੈ। ਵੱਡੇ ਜੰਗਲ਼ੀ ਜਾਨਵਰ ਹਵਾ 'ਚ ਉੱਡਦੇ ਪੰਛੀਆਂ ਨੂੰ ਫੜਨ ਦੇ ਸਮਰੱਥ ਨਹੀਂ ਹੁੰਦੇ, ਇਸ ਲਈ ਉੱਡਣ ਦੀ ਅਤੇ ਜ਼ਮੀਨ 'ਤੇ ਹੀ ਤੇਜ਼ ਗਤੀ ਪ੍ਰਾਪਤ ਕਰਨ ਦੀ ਇੱਛਾ ਨੇ ਜਨਮ ਲਿਆ। "ਸੱਤ-ਲੀਗ

ਬੂਟ" ਅਤੇ "ਉੱਡਣ ਵਾਲ਼ਾ ਗਲੀਚਾ" ਅਤੇ ਅਜਿਹੀਆਂ ਹੀ ਹੋਰ ਕਈ ਕਲਪਨਾਵਾਂ। ਪੁਰਾਤਨ ਮਨੁੱਖ ਦੀਆਂ ਇੱਛਾਵਾਂ ਦੇ ਪ੍ਰਗਟਾਵੇ ਵਜੋਂ ਅਤੇ ਜੋ ਵੀ ਉਸ ਲਈ ਸੰਭਵ ਹੋ ਸਕਦਾ ਸੀ, ਉਸਦੀ ਧਾਰਣਾ ਵਜੋਂ, ਕਿੱਸੇ ਅਤੇ ਦੰਦ-ਕਥਾਵਾਂ ਦੀ ਰਚਨਾ। ਉੱਡਣੇ ਕਿਰਲਿਆਂ ਦੇ ਪਿੰਜਰ ਅਤੇ ਉੱਡਣ ਵਾਲ਼ੀਆਂ ਕਿਰਲੀਆਂ (*Draco volans*) ਰੂਸੀ ਜ਼ਮੇਈ ਗੋਰੇਨੇਚ ਵਰਗੇ ਲੋਕ-ਧਾਰਾ ਦੇ ਡਰੈਗਨਾਂ ਦੇ ਆਦਿ-ਰੂਪ ਵਜੋਂ। ਕਿੱਸੇ ਪਰਿਕਲਪਨਾਵਾਂ ਦੇ ਆਦਿ-ਰੂਪ ਵਜੋਂ।

ਧਰਮ ਕੀ ਹੈ ਅਤੇ ਇਸਦੀ ਕਾਢ ਕਿਉਂ ਕੱਢੀ ਗਈ

ਧਰਮ ਦੀ ਰਚਨਾ ਕਿਸਨੇ ਕੀਤੀ ? ਪਾਦਰੀਆਂ ਦੇ ਰਹੱਸਮਈ ਦੇਵਤਿਆਂ ਦੀ ਰਚਨਾ ਸ਼ਿਲਪਕਾਰਾਂ ਦੇ ਦੇਵਤਿਆਂ ਦੇ ਨਮੂਨੇ 'ਤੇ ਕੀਤੀ ਗਈ ਸੀ: ਵਲਕੈਨ, ਥੋਰ, ਬਾਲਡਰ, ਵੀਨੇਮੇਨਨ, ਅਪੋਲੋ, ਯਾਰੀਲੋ, ਅਦਿ। ਸੰਤਾਂ ਦੀਆਂ ਕਥਾਵਾਂ ਲੋਕ ਕਿੱਸਿਆਂ 'ਤੇ ਅਧਾਰਿਤ ਸਨ। ਪਾਦਰੀ ਦੇਵਤਿਆਂ ਦੇ ਨਿਰਮਾਤਾ ਵਜੋਂ ਅਤੇ ਲੋਕ ਦੈਵ-ਵਿਰੋਧੀਆਂ ਵਜੋਂ। ਦੈਵ-ਵਿਰੋਧ ਦੇ ਸਭ ਤੋਂ ਪੁਰਾਣੇ ਸਬੂਤ: ਪ੍ਰੋਮੇਥੀਅਸ, ਐਸਟੋਨੀਅਨ ਦੰਦ-ਕਥਾ ਦਾ ਨਾਇਕ, ਕਾਲੇਵੀ; ਲੋਕੀ, ਦੇਵਤਿਆਂ ਦਾ ਦੁਸ਼ਮਣ, ਆਦਿ। ਦੈਵ-ਵਿਰੋਧੀਆਂ ਨੂੰ ਚਰਚ ਨੇ ਸ਼ੈਤਾਨ ਦੇ ਸੰਕਲਪ ਵਿੱਚ ਢਾਲ਼ ਦਿੱਤਾ। ਪਦਾਰਥਵਾਦ ਅਤੇ ਗੈਰ-ਇਸਾਈ ਸੰਦੇਹਵਾਦ। ਇਸਾਈ ਚਰਚ ਦਾ ਰਹੱਸਵਾਦ ਅਤੇ ਇਸਦੀ ਕਰੂਰਤਾ। ਪੁੱਛ-ਪੜਤਾਲ (Inquisition) ਅਤੇ ਧਰਮ-ਵਿਰੋਧੀਆਂ ਖਿਲਾਫ ਇਸਦੀ ਨਿਰੰਤਰ ਲੜਾਈ, ਅਤੇ, *Notre Dame de Paris* ਦੇ ਮੀਨਾਰ 'ਤੇ ਪਸ਼ੂ-ਰੂਪੀ ਪਰਨਾਲ਼ੇ ਅਤੇ ਸ਼ੈਤਾਨ, ਫਰੀਬਰਗ ਕੈਥੇਡਰਲ ਉੱਤੇ ਚੂਲ਼ੇ ਵਰਗੇ ਪਾਣੀ ਦੇ ਚੱਠੇ, ਅਤੇ ਹੋਰ ਮਿਸਾਲਾਂ।

ਚਰਚ ਦਾ ਵਿਰੋਧ ਕਰਨ ਵਾਲ਼ੇ ਕਿੱਸੇ ਅਤੇ ਦੰਦ-ਕਥਾਵਾਂ। ਧਰਮ ਨੇ ਲੋਕਾਂ ਨੂੰ ਕੀ ਦਿੱਤਾ ?

ਵਿਗਿਆਨ ਨੇ ਮਨੁੱਖਾਂ ਨੂੰ ਦਿਓ ਕਿਵੇਂ ਬਣਾਇਆ

ਦੂਰਬੀਨ ਅਤੇ ਟੈਲੀਵਿਜ਼ਨ ਨੇ ਮਨੁੱਖੀ ਨਜ਼ਰ ਦਾ ਵਿਸਥਾਰ ਕੀਤਾ, ਜਦਕਿ ਮਾਈਕਰੋਸਕੋਪ ਨੇ ਇਸਨੂੰ ਹੋਰ ਡੂੰਘਾ ਕਰ ਦਿੱਤਾ। ਟੈਲੀਫੋਨ ਅਤੇ ਰੇਡੀਓ ਨੇ ਸੁਣਨ ਦੀ ਤਾਕਤ ਵਧਾਈ। ਸੜਕ, ਪਾਣੀ ਅਤੇ ਹਵਾ ਰਾਹੀਂ ਸਫ਼ਰ ਕਰਨ ਦੇ ਅਜੋਕੇ ਢੰਗ-ਤਰੀਕਿਆਂ ਨੇ ਮਨੁੱਖ ਦੀਆਂ ਲੱਤਾਂ ਦਾ ਵਿਸਥਾਰ ਕੀਤਾ। ਰਿਮੋਟ ਕੰਟਰੋਲ ਨੇ ਉਸਦੀਆਂ ਬਾਹਾਂ ਵਧਾਈਆਂ।

ਇੰਜਣ ਦਾ ਇਤਿਹਾਸ,
ਭਾਫ-ਇੰਜਣ ਤੋਂ ਲੈ ਕੇ ਡੀਜ਼ਲ ਇੰਜਣ ਤੱਕ

ਤਕਨਾਲੋਜੀ ਵਿੱਚ ਖਲਾਅ (Vacuum) ਦਾ ਮਹੱਤਵ। ਭਾਰ ਅਤੇ ਮਾਪ। ਥਾਂ, ਸਮਾਂ ਅਤੇ ਭਾਰ ਨੂੰ ਮਾਪਣ ਵਿੱਚ ਅਚੂਕਤਾ ਦਾ ਮਹੱਤਵ। ਅਚੂਕਤਾ ਦੀ ਉਲੰਘਣਾ ਕਰਨ ਦੇ

ਸਿੱਟੇ: ਰੇਲ ਦੁਰਘਟਨਾਵਾਂ; ਮਸ਼ੀਨਾਂ ਦੇ ਘਸੇ ਹੋਏ ਪੁਰਜ਼ੇ ਬਦਲਣ ਵੇਲੇ ਅਚੂਕਤਾ ਦੀ ਜ਼ਰੂਰਤ; ਦਵਾਈਆਂ ਬਣਾਉਣ ਵੇਲ਼ੇ ਅਣਗਹਿਲੀ ਵਰਤਣ ਦੀ ਵਜ੍ਹਾ ਨਾਲ਼ ਜ਼ਹਿਰੀਲਾ ਅਸਰ, ਆਦਿ।

ਦੋ ਕੁਦਰਤਾਂ

ਭਾਗ ਪਹਿਲਾ

ਕੁਦਰਤ ਦੀ ਮਨੁੱਖ ਉੱਤੇ ਸੱਤ੍ਹਾ। ਮਨੁੱਖ ਦੇ ਦੁਸ਼ਮਣ: ਹਵਾ, ਤੂਫਾਨ, ਦਲਦਲ, ਠੰਢ, ਤਿੱਖੀ ਗਰਮੀ, ਦਰਿਆਵਾਂ ਦੀ ਢਾਲ਼, ਮਾਰੂਥਲ, ਸ਼ਿਕਾਰੀ ਜੰਗਲ਼ੀ ਜਾਨਵਰ, ਜ਼ਹਿਰੀਲੀ ਬਨਸਪਤੀ, ਆਦਿ।

ਭਾਗ ਦੂਜਾ

ਮਨੁੱਖ ਦੀ ਦੁਸ਼ਮਣ ਕੁਦਰਤ ਖਿਲਾਫ ਜੰਗ ਅਤੇ ਇੱਕ ਨਵੀਂ ਕੁਦਰਤ ਦੀ ਰਚਨਾ। ਹਵਾ ਤੇ ਪਾਣੀ, ਬਿਜਲੀ ਨੂੰ ਵੱਸ ਵਿੱਚ ਕਰਨਾ। ਦਲਦਲੀ ਥਾਵਾਂ ਤੋਂ ਕੱਚਾ ਕੋਲਾ ਅਤੇ ਖਾਦ ਪ੍ਰਾਪਤ ਕਰਨਾ। ਪਸ਼ੂ ਅਤੇ ਬਨਸਪਤੀ ਮਨੁੱਖ ਦੀ ਸੇਵਾ ਵਿੱਚ, ਆਦਿ।

ਭਾਗ ਤੀਜਾ

ਮਨੁੱਖ ਦੀ ਕੁਦਰਤ 'ਤੇ ਸੱਤ੍ਹਾ। ਸਮਾਜਵਾਦੀ ਸਮਾਜ ਵਿੱਚ ਯੋਜਨਾਬੱਧ ਅਤੇ ਜੱਥੇਬੰਦ ਕਿਰਤ। ਕੁਦਰਤੀ ਤਾਕਤਾਂ, ਬਿਮਾਰੀ ਅਤੇ ਮੌਤ 'ਤੇ ਜਿੱਤ।

ਇਸ ਕੰਮ ਦੀ ਖਾਸ ਅਹਿਮੀਅਤ ਬਣਦੀ ਹੈ ਕਿ *ਬੱਚਿਆਂ ਨੂੰ ਅਜਿਹੀਆਂ ਕਿਤਾਬਾਂ ਮੁਹੱਈਆ ਕਰਵਾਈਆਂ ਜਾਣ ਜਿਹੜੀਆਂ ਉਹਨਾਂ ਨੂੰ ਨਿੱਜੀ ਜਾਇਦਾਦ ਦੀ ਉਤਪਤੀ ਬਾਰੇ ਅਤੇ ਅੱਜ ਇਸ ਜਾਇਦਾਦ ਦੁਆਰਾ ਮਨੁੱਖ ਦੀ ਤਰੱਕੀ ਵਿੱਚ ਡਾਹੇ ਜਾਂਦੇ ਅੜਿੱਕਿਆਂ ਬਾਰੇ ਦੱਸਦੀਆਂ ਹੋਣ।* ਇਹ ਕੰਮ ਬੱਚਿਆਂ ਅਤੇ ਵੱਡਿਆਂ ਲਈ ਕਿਤਾਬਾਂ ਦੀ ਇੱਕ ਲੜੀ ਛਾਪ ਕੇ ਪੂਰਾ ਕੀਤਾ ਜਾ ਸਕਦਾ ਹੈ। ਇਸ ਲੜੀ ਵਿੱਚ ਇਤਿਹਾਸ ਬਾਰੇ ਕਿਤਾਬਾਂ, ਤਿੱਖੇ ਰਾਜਨੀਤਕ ਪੈਂਫਲਿਟ ਅਤੇ ਸੋਵੀਅਤ ਦੇਸ਼ ਦੀਆਂ ਹਾਲਤਾਂ ਵਿੱਚ ਬਚੇ ਹੋਏ ਮਾਲਕਾਂ 'ਤੇ ਵਿਅੰਗ-ਲੇਖ ਹੋਣੇ ਚਾਹੀਦੇ ਹਨ।

ਇਨਕਲਾਬ ਤੋਂ ਪਹਿਲਾਂ ਪੱਛਮੀ ਦੇਸ਼ਾਂ ਬਾਰੇ ਕਈ ਕਿਤਾਬਾਂ ਛਪੀਆਂ ਸਨ, ਜਿਵੇਂ ਕਿ ਵੋਦੋਵੋਜ਼ੋਵਾ ਦੁਆਰਾ ਲਿਖੀਆਂ ਕਿਤਾਬਾਂ। ਇਹਨਾਂ ਵਿੱਚੋਂ ਜ਼ਿਆਦਾਤਰ ਕਿਤਾਬਾਂ ਵਿੱਚ ਇਸ ਵਿਸ਼ੇ ਨੂੰ ਸਤਹੀ ਢੰਗ ਨਾਲ਼ ਪੇਸ਼ ਕੀਤਾ ਗਿਆ ਸੀ, ਵੱਖ-ਵੱਖ ਦੇਸ਼ਾਂ ਦਾ ਜੀਵਨ ਬਾਹਰੀ ਦਿੱਖ ਦੇ ਹਿਸਾਬ ਨਾਲ਼ ਚਿਤਰਿਆ ਗਿਆ ਸੀ, ਅਤੇ ਉਹਨਾਂ ਲੋਕਾਂ ਨਾਲ਼ ਕੁਝ ਖਾਸ ਅਬਦਲ ਲੱਛਣ ਜੋੜ ਦਿੱਤੇ ਗਏ ਸਨ। ਜਿਵੇਂ ਕਿ ਹਾਸਾ ਫਰਾਂਸੀਸੀ ਲੋਕਾਂ ਦੇ ਖਾਸ ਲੱਛਣ ਵਜੋਂ ਦਰਸਾਇਆ ਗਿਆ ਸੀ, ਅਤੇ ਸ਼ਾਂਤੀ ਬ੍ਰਿਟਿਸ਼ ਲੋਕਾਂ ਦੇ, ਜਦਕਿ ਸਾਰੀਆਂ ਡੱਚ ਔਰਤਾਂ ਹਰ ਅਵਸਰ 'ਤੇ ਆਪਣੀ ਕੌਮੀ ਟੋਪੀ ਪਹਿਨਦੀਆਂ ਦਰਸਾਈਆਂ ਗਈਆਂ ਸਨ। ਨਿਰਸੰਦੇਹ ਇਹਨਾਂ ਵਿੱਚੋਂ ਕਿਸੇ ਵੀ ਕਿਤਾਬ ਨੇ ਕਦੇ ਵੀ ਜਮਾਤੀ ਸੰਘਰਸ਼ ਦਾ ਜ਼ਿਕਰ ਨਹੀਂ

ਕੀਤਾ।

ਫਿਰ ਵੀ ਇਹਨਾਂ ਕਿਤਾਬਾਂ ਨੇ ਬੱਚਿਆਂ ਅੰਦਰ ਪੱਛਮੀ ਦੇਸ਼ਾਂ ਦੇ ਸੱਭਿਆਚਾਰ ਅਤੇ ਜੀਵਨ ਪ੍ਰਤੀ ਦਿਲਚਸਪੀ ਜਗਾਈ ਅਤੇ ਉਹਨਾਂ ਨੂੰ ਵਿਦੇਸ਼ੀ ਬੋਲੀਆਂ ਦਾ ਅਧਿਐਨ ਕਰਨ ਲਈ ਪ੍ਰੇਰਿਆ।

ਸਾਨੂੰ ਆਪਣੇ ਪ੍ਰਮੁੱਖ ਲੇਖਕਾਂ ਅਤੇ ਕਲਾਕਾਰਾਂ ਤੋਂ ਸੰਸਾਰ ਦੇ ਲੋਕਾਂ ਬਾਰੇ ਕਿਤਾਬਾਂ ਅਤੇ ਐਲਬਮਾਂ ਤਿਆਰ ਕਰਵਾਉਣੀਆਂ ਚਾਹੀਦੀਆਂ ਹਨ, ਜਦਕਿ ਸੋਵੀਅਤ ਸੰਘ ਦੇ ਲੋਕਾਂ ਦਾ ਸਭ ਤੋਂ ਵਧੀਆ ਚਿਤਰਣ ਸਥਾਨਕ ਕਥਾ-ਕਹਾਣੀਆਂ ਅਤੇ ਅਧਿਐਨ ਦੇ ਮਾਹਿਰ ਅਤੇ ਸੰਘ ਵਿੱਚ ਦੂਰ-ਦੂਰ ਤੱਕ ਫੈਲੀਆਂ ਵੱਖ-ਵੱਖ ਖੋਜ-ਯਾਤਰਾਵਾਂ ਦੇ ਮੈਂਬਰ ਕਰ ਸਕਦੇ ਹਨ। ਇਹ ਕਿਤਾਬਾਂ ਅਤੇ ਐਲਬਮਾਂ ਤਬਦੀਲੀ ਅਤੇ ਵਿਕਾਸ ਦੇ ਅਮਲ ਵਿੱਚੋਂ ਲੰਘ ਰਹੀਆਂ ਵੱਖ-ਵੱਖ ਕੌਮਾਂ ਦੇ ਰੀਤੀ-ਰਿਵਾਜ ਤੇ ਜੀਵਨ ਦਾ ਵਰਣਨ ਕਰਨ ਦੇ ਯੋਗ ਹੋਣਗੀਆਂ, ਅਤੇ ਬੱਚਿਆਂ ਦੇ ਦਿਲਾਂ ਵਿੱਚ ਕੌਮਾਂਤਰੀਵਾਦ ਦੀ ਭਾਵਨਾ ਜਗਾਉਣਗੀਆਂ।

ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਅਜਿਹੀਆਂ ਕਿਤਾਬਾਂ ਦੀ ਤਿਆਰੀ ਵਿੱਚ ਕੌਮੀ ਘੱਟ ਗਿਣਤੀ ਦੇ ਪ੍ਰਤੀਨਿਧਾਂ ਨੂੰ ਵੀ ਸ਼ਾਮਿਲ ਕੀਤਾ ਜਾਵੇ, ਖਾਸ ਕਰ ਉੱਚ-ਸਕੂਲਾਂ ਦੇ ਅਤੇ ਸਾਡੇ ਦੇਸ਼ ਦੇ ਉੱਤਰੀ ਤੇ ਪੂਰਬੀ ਭਾਗਾਂ ਦੇ ਲੋਕਾਂ ਦੀ ਸੇਵਾ ਕਰ ਰਹੀਆਂ ਸੰਸਥਾਵਾਂ ਦੇ ਵਿਦਿਆਰਥੀਆਂ ਨੂੰ।

ਮੁੱਕਦੀ ਗੱਲ ਇਹ ਹੈ ਕਿ, ਸਾਨੂੰ ਸਾਰਾ ਬਾਲ-ਸਾਹਿਤ ਇੱਕ ਬਿਲਕੁਲ ਨਵੇਂ ਸਿਧਾਂਤ ਦੇ ਅਨੁਸਾਰ ਵਿਕਸਤ ਕਰਨਾ ਚਾਹੀਦਾ ਹੈ। ਜਿਹੜਾ ਕਿ ਵਿਗਿਆਨਕ ਅਤੇ ਕਲਾਤਮਕ ਵਿਚਾਰਾਂ ਨੂੰ ਬਿੰਬਾਂ ਦੇ ਰੂਪ ਵਿੱਚ ਪ੍ਰਗਟਾਵੇ। ਇਸ ਸਿਧਾਂਤ ਦਾ ਹੇਠ ਲਿਖੇ ਢੰਗ ਨਾਲ਼ ਸੂਤਰੀਕਰਨ ਕੀਤਾ ਜਾ ਸਕਦਾ ਹੈ: ਮਨੁੱਖੀ ਸਮਾਜ ਵਿੱਚ ਪੂੰਜੀਪਤੀਆਂ ਦੀ ਸੱਤ੍ਹਾ ਅਤੇ ਮਾਲਕੀ ਦੇ ਜੂਲ਼ੇ ਤੋਂ ਕਿਰਤੀ ਲੋਕਾਂ ਦੀ ਕਿਰਤ ਊਰਜਾ ਨੂੰ ਮੁਕਤ ਕਰਵਾਉਣ ਲਈ ਇੱਕ ਸੰਘਰਸ਼ ਚੱਲ ਰਿਹਾ ਹੈ, ਮਨੁੱਖ ਦੀ ਸਰੀਰਕ ਊਰਜਾ ਨੂੰ ਬੌਧਿਕ ਊਰਜਾ ਵਿੱਚ ਬਦਲਣ ਦਾ ਸੰਘਰਸ਼, ਕੁਦਰਤ ਦੀਆਂ ਤਾਕਤਾਂ ਨੂੰ ਕਾਬੂ ਕਰਨ ਲਈ, ਲੰਮੀ ਜ਼ਿੰਦਗੀ ਲਈ ਅਤੇ ਕਿਰਤੀ ਮਨੁੱਖਜਾਤੀ ਦੀ ਚੰਗੀ ਸਿਹਤ ਲਈ ਸੰਘਰਸ਼, ਇਸਦੀ ਸੰਸਾਰ ਪੱਧਰ 'ਤੇ ਏਕਤਾ ਲਈ, ਅਤੇ ਮਨੁੱਖ ਦੀਆਂ ਯੋਗਤਾਵਾਂ ਅਤੇ ਪ੍ਰਤਿਭਾਵਾਂ ਦੇ ਸੁਤੰਤਰ, ਸਰਵਪੱਖੀ ਅਤੇ ਅਸੀਮ ਵਿਕਾਸ ਲਈ ਸੰਘਰਸ਼। ਇਹ ਉਹ ਸਿਧਾਂਤ ਹੈ ਜਿਹੜਾ ਸਾਰੇ ਬਾਲ-ਸਾਹਿਤ ਦੀ, ਨੰਨ੍ਹਿਆਂ-ਮੁੰਨ੍ਹਿਆਂ ਲਈ ਲਿਖੀਆਂ ਕਿਤਾਬਾਂ ਤੋਂ ਲੈ ਕੇ, ਇਸ ਨਾਲ਼ ਸਬੰਧਿਤ ਹਰ ਇੱਕ ਕਿਤਾਬ ਦੀ ਨੀਂਹ ਬਣਨਾ ਚਾਹੀਦਾ ਹੈ। ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਹੁਣ ਅਜਿਹੇ ਕੋਈ ਵੀ ਕਿੱਸੇ ਅਤੇ ਕਹਾਣੀਆਂ ਨਹੀਂ ਹਨ ਜਿਹਨਾਂ ਦੀਆਂ ਜੜ੍ਹਾਂ ਕਿਰਤ ਅਤੇ ਵਿਗਿਆਨ ਵਿੱਚ ਨਾ ਹੋਣ, ਇਸ ਲਈ ਬੱਚਿਆਂ ਨੂੰ ਅਜਿਹੀਆਂ ਕਹਾਣੀਆਂ ਅਤੇ ਕਿੱਸੇ ਮੁਹੱਈਆ ਕਰਵਾਉਣੇ ਚਾਹੀਦੇ ਹਨ ਜਿਹੜੇ ਅਜੋਕੇ ਦੌਰ ਦੇ ਵਿਗਿਆਨਕ ਚਿੰਤਨ ਦੀਆਂ ਲੱਭਤਾਂ ਅਤੇ ਪਰਿਕਲਪਨਾਵਾਂ 'ਤੇ ਅਧਾਰਿਤ ਹੋਣ। ਬੱਚਿਆਂ ਨੂੰ ਮਹਿਜ ਗਿਣਨਾ ਅਤੇ ਮਾਪਣਾ ਹੀ ਨਹੀਂ ਆਉਣਾ ਚਾਹੀਦਾ, ਬਲਕਿ ਇਸਦੇ ਨਾਲ਼-ਨਾਲ਼ ਕਲਪਨਾ ਕਰਨ ਅਤੇ ਆਉਣ ਵਾਲ਼ੇ

ਕੱਲ ਨੂੰ ਭਾਂਪ ਲੈਣ ਦੀ ਜਾਚ ਵੀ ਹੋਣੀ ਚਾਹੀਦੀ ਹੈ।

ਇਹ ਯਾਦ ਰੱਖਣਾ ਚਾਹੀਦਾ ਹੈ ਕਿ ਆਦਿ-ਕਾਲੀਨ ਮਨੁੱਖ ਦੀ ਨੰਗੀ ਕਲਪਨਾ ਨੇ ਪਹਿਲਾਂ ਹੀ ਇਹ ਭਾਂਪ ਲਿਆ ਸੀ ਕਿ ਇੱਕ ਦਿਨ ਉਹ ਹਵਾ ਵਿੱਚ ਉੱਡਣ ਦੇ, ਪਾਣੀ ਵਿੱਚ ਰਹਿਣ ਦੇ, ਬੇਹੱਦ ਤੇਜ਼ ਰਫਤਾਰ ਨਾਲ਼ ਸਫਰ ਕਰਨ ਦੇ ਅਤੇ ਪਦਾਰਥ ਵਿੱਚ ਬਦਲਾਅ ਕਰਨ ਦੇ ਯੋਗ ਹੋ ਜਾਵੇਗਾ। ਅੱਜ ਕਲਪਨਾ ਵਿਗਿਆਨਕ ਤਜ਼ਰਬਿਆਂ ਦੇ ਤੱਥਾਂ ਦੀ ਵਰਤੋਂ ਕਰ ਸਕਦੀ ਹੈ ਅਤੇ ਤਰਕ ਦੀ ਸਿਰਜਣਾਤਮਕਤਾ ਨੂੰ ਅਸੀਮ ਹੱਦਾਂ ਤੱਕ ਫੈਲਾ ਸਕਦੀ ਹੈ। ਆਪਣੇ ਇਜਾਦਕਾਰਾਂ ਵਿੱਚ ਅਸੀਂ ਉਹਨਾਂ ਲੋਕਾਂ ਨੂੰ ਵੀ ਦੇਖ ਸਕਦੇ ਹਾਂ ਜਿਹਨਾਂ ਨੇ ਨਵੇਂ ਮਸ਼ੀਨੀ-ਸੰਦ, ਮਸ਼ੀਨਾਂ ਅਤੇ ਔਜ਼ਾਰਾਂ ਬਾਰੇ ਸਹੀ ਜਾਣਕਾਰੀ ਸਾਹਮਣੇ ਲਿਆਂਦੀ ਹੈ, ਜਦਕਿ ਮਕੈਨਿਕਸ ਬਾਰੇ ਉਹਨਾਂ ਦਾ ਗਿਆਨ ਅਜੇ ਅਧੂਰਾ ਹੈ। ਇਹ ਜਰੂਰੀ ਹੈ ਕਿ ਅਸੀਂ ਵਿਗਿਆਨ ਨੂੰ ਬੱਚਿਆਂ ਦੀ ਕਲਪਨਾ ਵਿੱਚ ਸਹਾਇਕ ਬਣਾਈਏ ਅਤੇ ਉਹਨਾਂ ਨੂੰ ਭਵਿੱਖ ਬਾਰੇ ਸੋਚਣਾ ਸਿਖਾਈਏ।

ਵਲਾਦੀਮੀਰ ਲੈਨਿਨ ਅਤੇ ਉਸਦੇ ਸਾਥੀਆਂ ਦੀ ਤਾਕਤ ਭਵਿੱਖ ਬਾਰੇ ਪਹਿਲਾਂ ਤੋਂ ਹੀ ਜਾਣ ਲੈਣ ਦੀ ਉਹਨਾਂ ਦੀ ਅਸਾਧਾਰਨ ਯੋਗਤਾ ਵਿੱਚ ਵਿਦਮਾਨ ਹੈ। ਸਾਡੇ ਸਾਹਿਤ ਵਿੱਚ ਸ਼ੁੱਧ ਅਤੇ ਵਿਗਿਆਨਕ ਗਲਪ ਵਿੱਚਕਾਰ ਨਿਖੇੜ ਕਰਨ ਵਾਲ਼ੀ ਕੋਈ ਡੂੰਘੀ ਲਕੀਰ ਨਹੀਂ ਹੋਣੀ ਚਾਹੀਦੀ। ਇਹ ਸਭ ਕਿਵੇਂ ਕੀਤਾ ਜਾਵੇ ? ਵਿੱਦਿਅਕ ਕਿਤਾਬਾਂ ਨੂੰ ਅਸਰਦਾਰ ਅਤੇ ਜਜ਼ਬਾਤੀ ਕਿਵੇਂ ਬਣਾਇਆ ਜਾਵੇ ?

ਪਹਿਲੀ ਗੱਲ ਤਾਂ ਇਹ ਹੈ—ਅਤੇ ਮੈਂ ਇਸ ਗੱਲ ’ਤੇ ਜ਼ੋਰ ਦੇਵਾਂਗਾ—ਕਿ ਵਿਗਿਆਨ ਅਤੇ ਤਕਨਾਲੋਜੀ ’ਤੇ ਅਧਾਰਿਤ ਸਾਡੀਆਂ ਕਿਤਾਬਾਂ ਨੂੰ ਮਨੁੱਖੀ ਵਿਚਾਰ ਅਤੇ ਅਨੁਭਵ ਦੇ ਮਹਿਜ਼ ਅੰਤਿਮ ਸਿੱਟੇ ਹੀ ਨਹੀਂ ਦਰਸਾਉਣੇ ਚਾਹੀਦੇ ਸਗੋਂ ਪਾਠਕ ਦੀ ਜਾਣ-ਪਛਾਣ ਪੂਰੀ ਖੋਜ ਪ੍ਰਕਿਰਿਆ ਨਾਲ ਕਰਵਾਉਣੀ ਚਾਹੀਦੀ ਹੈ, ਇਹ ਦਰਸਾਉਂਦਿਆਂ ਕਿ ਸਹੀ ਢੰਗ ਦੀ ਖੋਜ ਕਿਵੇਂ ਕੀਤੀ ਗਈ ਅਤੇ ਇਸ ਦੌਰਾਨ ਪੇਸ਼ ਆਉਣ ਵਾਲੀਆਂ ਔਕੜਾਂ ਨਾਲ਼ ਕਿਵੇਂ ਨਜਿੱਠਿਆ ਗਿਆ।

ਵਿਗਿਆਨ ਅਤੇ ਤਕਨਾਲੋਜੀ ਦਾ ਚਿਤਰਣ ਕੇਵਲ ਘੜੀਆਂ-ਘੜਾਈਆਂ ਖੋਜਾਂ ਅਤੇ ਕਾਢਾਂ ਦੇ ਕਿਸੇ ਗੁਦਾਮ ਵਜੋਂ ਨਹੀਂ ਕੀਤਾ ਜਾਣਾ ਚਾਹੀਦਾ, ਬਲਕਿ ਸੰਘਰਸ਼ ਦੇ ਇੱਕ ਅਜਿਹੇ ਖੇਤਰ ਵਜੋਂ ਕੀਤਾ ਜਾਣਾ ਚਾਹੀਦਾ ਹੈ, ਜਿੱਥੇ ਸਥੂਲ ਅਤੇ ਜਿਉਂਦਾ-ਜਾਗਦਾ ਮਨੁੱਖ ਪਦਾਰਥ ਅਤੇ ਰੀਤੀ-ਰਿਵਾਜਾਂ ਦੁਆਰਾ ਖੜੀਆਂ ਕੀਤੀਆਂ ਰੁਕਾਵਟਾਂ ਨੂੰ ਜਿੱਤਣ ਲਈ ਸੰਘਰਸ਼ ਕਰਦਾ ਹੈ।

ਅਜਿਹੀਆਂ ਕਿਤਾਬਾਂ ਪ੍ਰਸਿੱਧ ਵਿਗਿਆਨੀ ਲਿਖ ਸਕਦੇ ਹਨ ਅਤੇ ਉਹਨਾਂ ਨੂੰ ਲਿਖਣੀਆਂ ਵੀ ਚਾਹੀਦੀਆਂ ਹਨ। ਇਹ ਅਜਿਹੇ ਵਿਅਕਤੀਤਵ-ਹੀਣ ਅਤੇ ਵਿੱਚ-ਵਿਚਾਲ਼ੇ ਦੇ ਸੰਗ੍ਰਹਿਕਾਂ ਤੋਂ ਨਹੀਂ ਲਿਖਵਾਉਣੀਆਂ ਚਾਹੀਦੀਆਂ ਜਿਹੜੇ ਹਰ ਵੇਲ਼ੇ ਕੋਈ ਕਹਾਣੀ, ਲੇਖ ਜਾਂ ਕਿਸੇ ਵੀ ਵਿਸ਼ੇ ’ਤੇ ਕਿਸੇ ਪ੍ਰਕਾਸ਼ਕ ਦੇ ਹੁਕਮ ’ਤੇ ਕੋਈ ਵੀ ਪ੍ਰਸਤਾਵ ਲਿਖ ਮਾਰਨ ਨੂੰ ਤਿਆਰ ਰਹਿੰਦੇ ਹਨ। ਸੋਵੀਅਤ ਜੀਵਨ ਦੀਆਂ ਹਾਲਤਾਂ ਨੂੰ, ਜਿਹਨਾਂ ਨੇ ਸਨਅਤ ਵਿੱਚੋਂ

ਵਿਚੋਲਿਆਂ ਨੂੰ ਕੱਢ ਕੇ ਪਰ੍ਹਾਂ ਸੁੱਟ ਦਿੱਤਾ ਹੈ, ਚਾਹੀਦਾ ਹੈ ਕਿ ਉਹ ਸਾਹਿਤ ਵਿੱਚੋਂ ਵੀ ਇਹਨਾਂ ਨੂੰ ਕੱਢ ਸੁੱਟਣ।

ਕੇਵਲ਼ ਅਸਲੀ ਵਿਗਿਆਨੀਆਂ ਅਤੇ ਸਾਹਿਤਕਾਰਾਂ ਦੀ ਫੌਰੀ ਮੱਦਦ ਨਾਲ਼ ਹੀ ਅਸੀਂ ਅਜਿਹੀਆਂ ਕਿਤਾਬਾਂ ਪ੍ਰਕਾਸ਼ਿਤ ਕਰਨ ਦੇ ਯੋਗ ਹੋ ਸਕਦੇ ਹਾਂ ਜਿਹੜੀਆਂ ਵਿਗਿਆਨਕ ਗਿਆਨ ਨੂੰ ਕਲਾਤਮਕ ਢੰਗ ਨਾਲ਼ ਹਰ ਪਾਸੇ ਫੈਲਾ ਸਕਣ।

ਕਈ ਲੇਖਕਾਂ, ਜਿਵੇਂ ਕਿ ਇਲੀਅਨ ('ਮਹਾਂ-ਵਿਉਂਤ ਦੀ ਕਹਾਣੀ') ਅਤੇ ਪੋਸਤੋਵਸਕੀ ('ਕਾਰਾ-ਬੁਗਾਜ਼') ਜਿਹਨਾਂ ਨੇ ਸਾਡੇ ਉਸਾਰੂ ਕੰਮ ਦੇ ਭਵਿੱਖ ਬਾਰੇ ਅਤੇ ਨੌਜਵਾਨ ਪਾਠਕਾਂ ਲਈ ਕਿਤਾਬਾਂ ਲਿਖੀਆਂ ਹਨ, ਦੇ ਦਲੇਰ ਅਤੇ ਸਫਲ ਤਜ਼ਰਬਿਆਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਬੱਚਿਆਂ ਨੂੰ, ਕਿਸੇ ਵੀ ਗੰਭੀਰ ਵਿਸ਼ੇ ਬਾਰੇ ਅਤੇ ਸਿੱਖਿਆਵਾਦ ਦੀ ਜ਼ਰਾ ਵੀ ਵਰਤੋਂ ਕਰੇ ਬਿਨਾਂ, ਸਰਲ ਅਤੇ ਆਕਰਸ਼ਕ ਬੋਲੀ ਵਿੱਚ ਸੰਬੋਧਨ ਕੀਤਾ ਜਾ ਸਕਦਾ ਹੈ।

ਸਰਲ ਅਤੇ ਸਪੱਸ਼ਟ ਸ਼ੈਲੀ ਵਿੱਚ ਲਿਖਣ ਲਈ ਸਾਹਿਤਕ ਪੱਧਰ ਨੀਵਾਂ ਕਰਨ ਦੀ ਨਹੀਂ ਬਲਕਿ ਕਮਾਲ ਦੀ ਕਾਰੀਗਰੀ ਦੀ ਲੋੜ ਪੈਂਦੀ ਹੈ। ਜਿਹੜਾ ਲੇਖਕ ਨੌਜਵਾਨ ਪਾਠਕਾਂ ਲਈ ਲਿਖੇਗਾ ਉਸ ਲਈ ਲਾਜ਼ਮੀ ਹੈ ਕਿ ਉਹ ਆਪਣੇ ਸਮੇਂ ਦੀਆਂ ਮੰਗਾਂ ਨੂੰ ਧਿਆਨ ਵਿੱਚ ਰੱਖੇ, ਨਹੀਂ ਤਾਂ ਉਸਦੀ ਕਿਤਾਬ ਕਿਸੇ ਕੰਮ ਦੀ ਨਹੀਂ ਹੋਵੇਗੀ, ਨਾ ਬੱਚਿਆਂ ਦੇ ਅਤੇ ਨਾ ਹੀ ਵੱਡਿਆਂ ਦੇ।

ਬਾਲ-ਸਾਹਿਤ ਨੂੰ ਪੇਸ਼ੇਵਰ ਲੇਖਕਾਂ ਤੋਂ ਇਲਾਵਾ "ਪੁਰਾਣੇ" ਅਤੇ "ਹੰਢੇ ਹੋਏ" ਲੋਕਾਂ ਦੇ, ਜਿਵੇਂ ਕਿ ਸ਼ਿਕਾਰੀਆਂ, ਜਹਾਜ਼ੀਆਂ, ਇੰਜੀਨੀਅਰਾਂ, ਹਵਾਈ ਸੈਨਿਕ, ਖੇਤੀਬਾੜੀ-ਅਰਥਸਾਸ਼ਤਰੀ ਅਤੇ ਮਸ਼ੀਨਾਂ ਤੇ ਟਰੈਕਟਰਾਂ 'ਤੇ ਕੰਮ ਕਰਨ ਵਾਲ਼ੇ ਲੋਕਾਂ ਦੇ ਅਮੀਰ ਅਨੁਭਵ ਤੋਂ ਵੀ ਫਾਇਦਾ ਲੈਣਾ ਚਾਹੀਦਾ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮੈਂ ਕੀਤੇ ਜਾਣ ਵਾਲ਼ੇ ਕੰਮ ਦਾ ਹਾਲੇ ਸਿਰਫ਼ ਇੱਕ ਮੋਟਾ ਜਿਹਾ ਖਾਕਾ ਹੀ ਤਿਆਰ ਕੀਤਾ ਹੈ, ਅਤੇ ਇਹ ਸਭ ਕੁਝ ਬਹੁਤ ਹੀ ਧਿਆਨਪੂਰਵਕ ਅਤੇ ਵਿਸਥਾਰਪੂਰਵਕ ਅਧਿਐਨ ਦੀ ਮੰਗ ਕਰਦਾ ਹੈ। ਇਸ ਮਕਸਦ ਨੂੰ ਸਾਹਮਣੇ ਰੱਖਦਿਆਂ ਬਿਨਾਂ ਕਿਸੇ ਦੇਰੀ ਤੋਂ ਨੌਜਵਾਨ ਵਿਗਿਆਨੀਆਂ ਅਤੇ ਲੇਖਕਾਂ ਦਾ ਇੱਕ ਗਰੁੱਪ ਜੱਥੇਬੰਦ ਕਰ ਲੈਣਾ ਚਾਹੀਦਾ ਹੈ।

1933

ਸੋਵੀਅਤ ਸਾਹਿਤ

17 ਅਗਸਤ 1934 ਨੂੰ ਸੋਵੀਅਤ ਲੇਖਕਾਂ ਦੀ ਪਹਿਲੀ ਕੁੱਲ-ਯੂਨੀਅਨ ਕਾਂਗਰਸ ਦੌਰਾਨ ਦਿੱਤਾ ਭਾਸ਼ਣ

ਨਿਰੇ ਪਸ਼ੂ ਤੋਂ ਮਨੁੱਖ ਤੱਕ ਦੀ ਤਬਦੀਲੀ ਅਤੇ ਸੱਭਿਅਤਾ ਦੀਆਂ ਨੀਹਾਂ ਧਰਨ ਵਿੱਚ ਕਿਰਤ ਪ੍ਰਕਿਰਿਆ ਦੁਆਰਾ ਨਿਭਾਈ ਭੂਮਿਕਾ ਦਾ ਕਦੇ ਵੀ ਐਨੇ ਵਿਸਥਾਰ ਸਹਿਤ ਅਤੇ ਡੂੰਘਾਈ ਨਾਲ਼ ਅਧਿਐਨ ਨਹੀਂ ਕੀਤਾ ਗਿਆ ਜਿੰਨੇ ਦਾ ਇਹ ਵਿਸ਼ਾ ਹੱਕਦਾਰ ਸੀ। ਇਹ ਗੱਲ ਬਿਲਕੁਲ ਕੁਦਰਤੀ ਹੈ, ਕਿਉਂਕਿ ਅਜਿਹੀ ਖੋਜ ਕਿਰਤ ਦੇ ਲੋਟੂਆਂ ਦੇ ਹੱਕ ਵਿੱਚ ਨਹੀਂ ਖੜ੍ਹਦੀ, ਭਾਵੇਂ ਕਿ ਇਹਨਾਂ ਨੇ ਸਮੂਹਿਕ ਸ਼ਕਤੀ ਨਾਂ ਦੇ ਇਸ ਕੱਚੇ ਮਾਲ਼ ਨੂੰ ਧਨ-ਦੌਲਤ ਵਿੱਚ ਤਾਂ ਬਦਲ ਲਿਆ ਹੈ ਪਰ ਇਸ ਕੱਚੇ ਮਾਲ ਦੀ ਕਦਰ ਵਧਾਉਣ ਵਿੱਚ ਇਹਨਾਂ ਨੂੰ ਕੋਈ ਦਿਲਚਸਪੀ ਨਹੀਂ ਹੈ। ਪੁਰਾਤਨ ਸਮਿਆਂ ਤੋਂ, ਉਹਨਾਂ ਸਮਿਆਂ ਤੋਂ ਜਦੋਂ ਤੋਂ ਲੋਕ ਮਾਲਿਕ ਅਤੇ ਗੁਲਾਮਾਂ ਵਿੱਚ ਵੰਡੇ ਗਏ ਸਨ, ਦੱਬੇ-ਕੁਚਲੇ ਲੋਕਾਂ ਦੇ ਪੱਠੇ ਵਰਤੇ ਜਾਂਦੇ ਰਹੇ ਹਨ, ਅਤੇ ਅਜੇ ਵੀ ਵਰਤੇ ਜਾ ਰਹੇ ਹਨ, ਬਿਲਕੁਲ ਉਸੇ ਤਰ੍ਹਾਂ ਜਿਵੇਂ ਅਸੀਂ ਅੱਜ ਦਰਿਆਵਾਂ ਦੀ ਮਕੈਨਿਕੀ ਤਾਕਤ ਵਰਤਦੇ ਹਾਂ। ਸੱਭਿਆਚਾਰ ਦੇ ਇਤਿਹਾਸਕਾਰਾਂ ਨੇ ਆਦਿ-ਕਾਲੀਨ ਮਨੁੱਖ ਨੂੰ ਫਿਲਾਸਫੀ ਘੋਟਦੇ ਆਦਰਸ਼ਵਾਦੀ ਅਤੇ ਰਹੱਸਵਾਦੀ, ਦੇਵਤਿਆਂ ਦੇ ਸਿਰਜਕ ਅਤੇ "ਜੀਵਨ ਕੀ ਹੈ ?" ਦੇ ਖੋਜੀ ਵਜੋਂ ਦਰਸਾਇਆ ਹੈ। ਆਦਿ-ਕਾਲੀਨ ਮਨੁੱਖ ਨੂੰ ਮੋਚੀ ਜੈਕਬ ਬੋਹੇਮ ਦਾ ਰੌਂਅ ਬਖਸ਼ਿਆ ਗਿਆ ਹੈ, ਜਿਹੜਾ ਸੋਲ਼ਵੀ ਸਦੀ ਦੇ ਅੰਤ ਅਤੇ ਸਤਾਰਵੀਂ ਸਦੀ ਦੀ ਸ਼ੁਰੂਆਤ ਵਿੱਚ ਹੋਇਆ ਸੀ ਅਤੇ ਹੋਰਾਂ ਗੱਲਾਂ ਦੇ ਨਾਲ਼-ਨਾਲ਼ ਅਜਿਹੀ ਫਿਲਾਸਫੀ ਵਿੱਚ ਰੁੱਝਿਆ ਰਹਿੰਦਾ ਸੀ ਜਿਹੜੀ ਕਿ ਬੁਰਜੂਆ ਰਹੱਸਵਾਦੀਆਂ ਨੂੰ ਬਹੁਤ ਪਿਆਰੀ ਸੀ। ਇਸ ਬੰਦੇ ਨੇ ਇਹ ਸਿਖਾਇਆ ਕਿ "ਮਨੁੱਖ ਨੂੰ ਸਵਰਗ, ਤਾਰੇ, ਤੱਤ ਅਤੇ ਉਹਨਾਂ ਵਿੱਚੋਂ ਪੈਦਾ ਹੋਏ ਜੀਵ-ਜੰਤੂ ਅਤੇ ਨਾਲ਼ ਹੀ ਪਵਿੱਤਰ ਦੇਵਤਿਆਂ, ਸ਼ੈਤਾਨ, ਸਵਰਗ ਅਤੇ ਨਰਕ ਨੂੰ ਪੂਜਣਾ ਚਾਹੀਦਾ ਹੈ।"

ਤੁਸੀਂ ਇਸ ਗੱਲ ਤੋਂ ਭਲੀ-ਭਾਂਤ ਜਾਣੂ ਹੋ ਕਿ ਪੁਰਾਤਨ ਸੱਭਿਆਚਾਰ ਦੇ ਇਤਿਹਾਸ ਨੇ ਪੁਰਾਤੱਤਵ-ਵਿਗਿਆਨ ਦੁਆਰਾ ਮੁਹੱਈਆ ਕਰਵਾਏ ਅੰਕੜਿਆਂ ਅਤੇ ਪ੍ਰਾਚੀਨ ਧਰਮਾਂ ਦੀ ਛਾਪ ਤੋਂ ਲਾਭ ਉਠਾਇਆ ਹੈ। ਪ੍ਰਾਚੀਨ ਧਰਮਾਂ ਨੂੰ ਇਸਾਈ ਦਾਰਸ਼ਨਿਕ ਸਿਧਾਂਤਵਾਦ ਦੀ ਰੌਸ਼ਨੀ ਵਿੱਚ ਅਤੇ ਅਸਰ ਹੇਠ ਸਮਝਿਆ ਗਿਆ, ਜਿਹੜਾ ਕਿ ਨਾਸਤਿਕ ਇਤਿਹਾਸਕਾਰਾਂ

ਤੋਂ ਵੀ ਲੁਕਿਆ ਹੋਇਆ ਨਹੀਂ ਸੀ। ਇਹ ਅਸਰ ਸਪੈਂਸਰ ਦੇ ਪਰਾ–ਜੈਵਿਕ ਵਿਕਾਸ ਦੇ ਸਿਧਾਂਤ ਵਿੱਚ ਸਾਫ ਤੌਰ ’ਤੇ ਪ੍ਰਗਟ ਹੁੰਦਾ ਹੈ, ਅਤੇ ਸਿਰਫ਼ ਇੱਥੇ ਹੀ ਨਹੀਂ, ਇਸਨੇ ਫਰੇਜ਼ਰ ਅਤੇ ਹੋਰਨਾਂ ਇਤਿਹਾਸਕਾਰਾਂ ’ਤੇ ਵੀ ਬੁਰਾ ਅਸਰ ਪਾਇਆ ਹੈ। ਕੁਝ ਵੀ ਹੋਵੇ ਆਦਿ–ਕਾਲੀਨ ਅਤੇ ਪੁਰਾਤਨ ਸੱਭਿਆਚਾਰ ਦੇ ਕਿਸੇ ਵੀ ਇਤਿਹਾਸਕਾਰ ਨੇ ਲੋਕ–ਧਾਰਾ ਅਤੇ ਲੋਕਾਂ ਦੀ ਜ਼ੁਬਾਨੀ ਕਲਾ ਦੇ ਅੰਕੜਿਆਂ ਦੀ ਜਾਂ ਮਿਥਿਹਾਸਕ ਪ੍ਰਮਾਣਾਂ ਦੀ ਵਰਤੋਂ ਨਹੀਂ ਕੀਤੀ, ਜਿਹੜੀ ਕਿ ਸਮੁੱਚੇ ਤੌਰ ’ਤੇ ਕੁਦਰਤੀ ਵਰਤਾਰਿਆਂ ਦਾ, ਕੁਦਰਤ ਖਿਲਾਫ ਸੰਘਰਸ਼ ਦਾ ਪ੍ਰਤੀਬਿੰਬ ਹੈ, ਅਤੇ ਪੂਰੀ ਤਰ੍ਹਾਂ, ਕਲਾਤਮਕ ਸਧਾਰਣੀਕਰਨ ਵਿੱਚ, ਸਮਾਜਿਕ ਜੀਵਨ ਦਾ ਅਕਸ ਹੈ।

ਕਿਸੇ ਅਜਿਹੇ ਦੋ–ਪੈਰੇ ਜੀਵ ਦੀ ਕਲਪਨਾ ਕਰਨਾ ਬਹੁਤ ਮੁਸ਼ਕਿਲ ਹੋਵੇਗਾ, ਜਿਹੜਾ ਹਮੇਸ਼ਾ ਆਪਣੀ ਹੋਂਦ ਬਣਾਈ ਰੱਖਣ ਲਈ ਸੰਘਰਸ਼ ਕਰਦਾ ਰਿਹਾ ਹੋਵੇ ਅਤੇ ਕਿਸੇ ਅਜਿਹੀ ਸੋਚ–ਵਿਚਾਰ ਵਿੱਚ ਡੁੱਬਿਆ ਰਹਿੰਦਾ ਹੋਵੇ ਜਿਹੜੀ ਕਿਰਤ ਪ੍ਰਕਿਰਿਆ ਤੇ ਟੱਬਰ–ਕਬੀਲੇ ਦੀਆਂ ਸਮੱਸਿਆਵਾਂ ਤੋਂ ਪੂਰੀ ਤਰ੍ਹਾਂ ਟੁੱਟੀ ਹੋਵੇ। ਕਿਸੇ ਇਮੈਨੁਅਲ ਕਾਂਟ ਦੀ ਕਲਪਨਾ ਕਰਨਾ ਵੀ ਬਹੁਤ ਮੁਸ਼ਕਿਲ ਹੋਵੇਗਾ ਜਿਹੜਾ ਨੰਗੇ ਪੈਰੀਂ ਤੇ ਪਸ਼ੂਆਂ ਦੀ ਖੱਲ ਪਹਿਨ ਕੇ ਰੱਖਦਾ ਹੋਵੇ ਅਤੇ “ਆਪਣੇ ਆਪ ਵਿੱਚ ਚੀਜ਼” (a thing-in-itself) ਦੀਆਂ ਸੋਚਾਂ ਵਿੱਚ ਘਿਰਿਆ ਰਹਿੰਦਾ ਹੋਵੇ। ਅਮੂਰਤ ਵਿਚਾਰ ਤਾਂ ਬਹੁਤ ਸਮੇਂ ਬਾਅਦ ਦੇ ਮਨੁੱਖ ਦੇ ਦਿਮਾਗ ਵਿੱਚ ਆਏ, ਉਸ ਕੱਲੇ–ਕਾਰੇ ਇਨਸਾਨ ਦੇ ਦਿਮਾਗ ਵਿੱਚ ਜਿਸ ਬਾਰੇ ਅਰਸਤੂ ਨੇ ਆਪਣੀ ਕਿਤਾਬ *Politica* ਵਿੱਚ ਕਿਹਾ ਹੈ: “ਸਮਾਜ ਦੇ ਬੰਧਨਾਂ ਤੋਂ ਮੁਕਤ ਇਨਸਾਨ ਲਾਜ਼ਮੀ ਤੌਰ ’ਤੇ ਜਾਂ ਤਾਂ ਰੱਬ ਹੈ ਜਾਂ ਜੰਗਲ਼ੀ।” ਜੰਗਲ਼ੀ ਹੋਣ ਨਾਤੇ ਉਸਨੇ ਕਦੇ–ਕਦੇ ਹੋਰਨਾਂ ਲੋਕਾਂ ਨੂੰ ਇਸ ਗੱਲ ਲਈ ਵੀ ਮਜ਼ਬੂਰ ਕੀਤਾ ਕਿ ਉਹ ਉਸਨੂੰ ਦੇਵਤਾ ਮੰਨਣ, ਪਰ ਨਾਲ਼ ਹੀ ਉਹ ਕਈ ਨਰ–ਪਸ਼ੂ ਦੀਆਂ ਦੰਦ–ਕਥਾਵਾਂ ਦੀ ਸਮੱਗਰੀ ਵੀ ਬਣਿਆ, ਬਿਲਕੁਲ ਉਸੇ ਤਰ੍ਹਾਂ ਜਿਵੇਂ ਸਭ ਤੋਂ ਪਹਿਲਾਂ ਘੋੜੇ ਨੂੰ ਸਿਧਾਉਣ ਵਾਲ਼ੇ ਅਤੇ ਉਸ ’ਤੇ ਸਵਾਰੀ ਕਰਨ ਵਾਲ਼ੇ ਮਨੁੱਖਾਂ ਨੇ ਨਰ–ਘੋੜੇ ਦੀਆਂ ਮਿੱਥਾਂ ਨੂੰ ਆਧਾਰ ਮੁਹੱਈਆ ਕਰਵਾਇਆ।

ਆਦਿ–ਕਾਲੀਨ ਸੱਭਿਅਤਾ ਦੇ ਇਤਿਹਾਸਕਾਰ ਚਿੰਤਨ ਦੇ ਉਸ ਪਦਾਰਥਵਾਦੀ ਢੰਗ ਦੇ ਸਾਫ਼ ਦਿਸਦੇ ਚਿੰਨ੍ਹਾਂ ਬਾਰੇ ਪੂਰੀ ਤਰ੍ਹਾਂ ਚੁੱਪ ਰਹੇ ਹਨ, ਜਿਹੜੇ ਕਿਰਤ ਪ੍ਰਕਿਰਿਆ ਅਤੇ ਪੁਰਾਤਨ ਮਨੁੱਖ ਦੇ ਸਮਾਜਿਕ ਜੀਵਨ ਦੇ ਕੁੱਲ ਤੱਥਾਂ ਦੁਆਰਾ ਅਟੱਲ ਤੌਰ ’ਤੇ ਨਿਖੇੜੇ ਗਏ ਸਨ। ਇਹ ਚਿੰਨ ਸਾਡੇ ਤੱਕ ਪਰੀ–ਕਹਾਣੀਆਂ ਅਤੇ ਮਿੱਥਾਂ ਦੇ ਰੂਪ ਵਿੱਚ ਪਹੁੰਚੇ ਹਨ, ਜਿਹਨਾਂ ਵਿੱਚ ਜੰਗਲ਼ੀ ਜਾਨਵਰਾਂ ਨੂੰ ਸਿਧਾਉਣ, ਜੜੀਆਂ–ਬੂਟੀਆਂ ਲੱਭਣ ਅਤੇ ਸੰਦਾਂ ਦੀਆਂ ਕਾਢਾਂ ਕੱਢਣ ਦੀਆਂ ਯਾਦਾਂ ਦਰਜ ਹਨ। ਹੋਰ ਤਾਂ ਹੋਰ ਪ੍ਰਾਚੀਨ ਸਮਿਆਂ ਵਿੱਚ ਮਨੁੱਖ ਹਵਾਈ ਉਡਾਣਾਂ ਦੇ ਵੀ ਸੁਪਨੇ ਲਿਆ ਕਰਦਾ ਸੀ, ਜਿਹੜੇ ਕਿ ਫੇਥਨ, ਦੇਦਾਲਸ ਅਤੇ ਉਸਦੇ ਪੁੱਤਰ ਇਕਾਰਸ ਦੀਆਂ ਦੰਦ ਕਥਾਵਾਂ ਅਤੇ “ਉੱਡਣ–ਦਰੀ” ਦੀਆਂ ਪਰੀ ਕਹਾਣੀਆਂ ਵਿੱਚ ਦੇਖੇ ਜਾ ਸਕਦੇ ਹਨ। ਮਨੁੱਖ ਤੇਜ਼ ਗਤੀ ਨਾਲ਼ ਯਾਤਰਾ ਕਰਨ ਦੇ ਵੀ ਸੁਪਨੇ ਲੈਂਦੇ ਸਨ, ਇਸੇ ਦਾ ਨਤੀਜਾ ਹੈ ਕਿ “ਸੱਤ ਲੀਗ ਬੂਟ” ਵਰਗੀਆਂ ਪਰੀ ਕਹਾਣੀਆਂ ਦਾ ਜਨਮ

ਹੋਇਆ ਅਤੇ ਘੋੜੇ ਨੂੰ ਪਾਲਤੂ ਬਣਾਇਆ ਗਿਆ। ਦਰਿਆਵਾਂ ਵਿੱਚ ਉਹਨਾਂ ਦੇ ਵਹਿਣਾਂ ਨਾਲ਼ੋਂ ਤੇਜ਼ ਗਤੀ ਨਾਲ਼ ਸਫ਼ਰ ਕਰਨ ਦੀ ਇੱਛਾ ਨੇ ਚੱਪੂ ਅਤੇ ਬਾਦਬਾਨ ਦੀ ਕਾਢ ਕਢਾਈ, ਜਦਕਿ ਦੁਸ਼ਮਣਾਂ ਅਤੇ ਜੰਗਲ਼ੀ ਜਾਨਵਰਾਂ ’ਤੇ ਦੂਰੋਂ ਵਾਰ ਕਰਨ ਦੀ ਇੱਛਾ ਕਾਰਨ ਗੁਲੇਲਾਂ ਅਤੇ ਤੀਰ ਕਮਾਨਾਂ ਦਾ ਜਨਮ ਹੋਇਆ। ਲੋਕ ਇੱਕ ਰਾਤ ਵਿੱਚ ਹੀ ਬੇਹੱਦ ਮਾਤਰਾ ਵਿੱਚ ਕੱਤਣ ਅਤੇ ਕੱਪੜਾ ਬੁਣਨ ਦੇ ਅਤੇ ਰਾਤੋ-ਰਾਤ “ਮਹਿਲ” ਉਸਾਰਨ ਦੇ ਅਤੇ ਉਸਨੂੰ ਦੁਸ਼ਮਣ ਖਿਲਾਫ ਕਿਲੇ ਵਜੋਂ ਵਰਤਣ ਦੇ ਸੁਪਨੇ ਵੀ ਦੇਖਦੇ ਸਨ। ਪੁਰਾਤਨ ਸੰਦਾਂ ਵਿੱਚੋਂ ਇੱਕ ਸੰਦ ਤੱਕਲ਼ਾ ਅਤੇ ਆਦਿ-ਕਾਲੀਨ ਹੱਥ-ਖੱਡੀ ਵੀ ਉਸੇ ਤਰ੍ਹਾਂ ਹੋਂਦ ਵਿੱਚ ਆਈ ਜਿਵੇਂ ਵਾਸੀਲਿਸਾ ਸਿਆਣੇ ਦੀ ਰੂਸੀ ਕਹਾਣੀ। ਇਸ ਤਰ੍ਹਾਂ ਦੇ ਹੋਰ ਵੀ ਦਰਜਨਾਂ ਸਬੂਤ ਦਿੱਤੇ ਜਾ ਸਕਦੇ ਹਨ ਕਿ ਕਿਵੇਂ ਪ੍ਰਾਚੀਨ ਪਰੀ ਕਹਾਣੀਆਂ ਅਤੇ ਮਿੱਥਾਂ ਜੀਵਨ ਦੀਆਂ ਘਟਨਾਵਾਂ ਵਿੱਚੋਂ ਪੈਦਾ ਹੋਈਆਂ, ਆਦਿ-ਕਾਲੀਨ ਮਨੁੱਖ ਦੇ ਬਿੰਬਾਂ ਵਿੱਚ ਕੀਤੇ ਚਿੰਤਨ ਦੀ ਦੂਰ-ਅੰਦੇਸ਼ੀ ਦੇ ਅਤੇ ਉਸਦੀਆਂ ਪਰਿਕਲਪਨਾਵਾਂ ਦੇ ਵੀ ਦਰਜਨਾਂ ਸਬੂਤ ਦਿੱਤੇ ਜਾ ਸਕਦੇ ਹਨ। ਇਹ ਰੁਚੀ ਪਹਿਲਾਂ ਹੀ ਤਕਨੀਕੀ ਪੱਧਰ ’ਤੇ ਵਿਕਸਤ ਹੋ ਚੁੱਕੀ ਸੀ ਪਰ ਇਹ ਇਹੋ ਜਿਹੀ ਸੋਚ ਸੀ ਜਿਸਨੇ ਸਾਨੂੰ ਅਜੋਕੇ ਸਮੇਂ ਦੀਆਂ ਪਰਿਕਲਪਨਾਵਾਂ ਦਿੱਤੀਆਂ ਜਿਵੇਂ ਕਿ ਧਰਤੀ ਦੇ ਆਪਣੇ ਧੁਰੀ ਦੁਆਲੇ ਘੁੰਮਣ ਦੀ ਅਤੇ ਧਰੁਵਾਂ ’ਤੇ ਬਰਫ਼ ਪਿਘਲਣ ਦੀ ਸ਼ਕਤੀ ਨੂੰ ਇਸਤੇਮਾਲ ਕਰਨਾ। ਪ੍ਰਾਚੀਨ ਕਹਾਣੀਆਂ ਅਤੇ ਮਿੱਥਾਂ ਦੇ ਸਿਰ ਦਾ ਤਾਜ, ਤਾਂਤਾਲਸ ਦੀ ਮਿੱਥ ਜਾਪਦੀ ਹੈ, ਜਿਹੜਾ ਗਲ਼-ਗਲ਼ ਤੱਕ ਪਾਣੀ ਵਿੱਚ ਡੁੱਬਿਆ ਹੋਇਆ ਵੀ ਨਾ ਬੁੱਝਣ ਵਾਲ਼ੀ ਪਿਆਸ ਨਾਲ਼ ਤੜਫਦਾ ਰਹਿੰਦਾ ਸੀ। ਇਹ ਬਾਹਰੀ ਸੰਸਾਰ ਦੇ ਵਰਤਾਰਿਆਂ ਵਿੱਚ ਘਿਰੇ ਉਸ ਆਦਿ-ਕਾਲੀਨ ਮਨੁੱਖ ਦਾ ਅਕਸ ਹੈ ਜਿਹੜਾ ਇਹਨਾਂ ਵਰਤਾਰਿਆਂ ਨੂੰ ਅਜੇ ਸਮਝ ਨਹੀਂ ਸੀ ਸਕਿਆ।

ਮੈਨੂੰ ਇਸ ਬਾਰੇ ਕੋਈ ਸ਼ੱਕ ਨਹੀਂ ਹੈ ਕਿ ਤੁਸੀਂ ਇਹਨਾਂ ਕਹਾਣੀਆਂ, ਮਿੱਥਾਂ ਅਤੇ ਦੰਦ-ਕਥਾਵਾਂ ਤੋਂ ਪੂਰੀ ਤਰ੍ਹਾਂ ਵਾਕਿਫ਼ ਹੋ, ਪਰ ਮੈਂ ਚਾਹੁੰਦਾ ਹਾਂ ਕਿ ਤੁਸੀਂ ਇਹਨਾਂ ਦੇ ਮੂਲ-ਭਾਵ ਨੂੰ ਹੋਰ ਚੰਗੀ ਤਰ੍ਹਾਂ ਸਮਝੋ। ਮੇਰੇ ਸਾਹਮਣੇ ਪ੍ਰਾਚੀਨ ਕਾਲ ਦੇ ਮਨੁੱਖ ਦੀ ਆਪਣੀ ਕਿਰਤ ਨੂੰ ਸੌਖਾ ਬਣਾਉਣ ਦੀ, ਪੈਦਾਵਾਰ ਵਧਾਉਣ ਦੀ ਅਤੇ ਆਪਣੇ ਦੁਸ਼ਮਣਾਂ (ਚਾਰ-ਪੈਰਾਂ ਵਾਲ਼ੇ ਅਤੇ ਦੋ ਪੈਰਾਂ ਵਾਲ਼ੇ ਦੋਨੋ ਹੀ) ਖਿਲਾਫ਼ ਖੁਦ ਨੂੰ ਹਥਿਆਰਬੰਦ ਕਰਨ ਦੀ ਤਾਂਘ ਹੈ, ਅਤੇ ਆਪਣੇ ਦੁਸ਼ਮਣ ਕੁਦਰਤੀ ਤੱਤਾਂ ’ਤੇ ਆਪਣੇ ਬੋਲਾਂ ਦੁਆਰਾ, “ਮੰਤਰਾਂ” ਅਤੇ “ਅਰਦਾਸ” ਦੁਆਰਾ, ਅਸਰ ਪਾਉਣ ਦੀ ਇੱਛਾ ਵੀ। ਇਸ ਗੱਲ ਦੀ ਖਾਸ ਮਹੱਤਤਾ ਹੈ, ਕਿਉਂਕਿ ਇਸ ਤੋਂ ਪਤਾ ਚੱਲਦਾ ਹੈ ਕਿ ਮਨੁੱਖ ਨੂੰ ਆਪਣੇ ਬੋਲਾਂ ’ਤੇ ਕਿੰਨਾ ਡੂੰਘਾ ਵਿਸ਼ਵਾਸ ਸੀ, ਇਹ ਵਿਸ਼ਵਾਸ ਮਨੁੱਖੀ ਬੋਲੀ ਤੋਂ ਹਾਸਿਲ ਹੋਏ ਸਪਸ਼ਟ ਅਤੇ ਪ੍ਰਤੱਖ ਲਾਭਾਂ ਤੋਂ ਬੱਝਿਆ ਸੀ, ਜਿਸਨੇ ਮਨੁੱਖ ਦੇ ਸਮਾਜਿਕ ਜੀਵਨ ਅਤੇ ਕਿਰਤ ਪ੍ਰਕਿਰਿਆ ਨੂੰ ਜੱਥੇਬੰਦ ਕੀਤਾ ਸੀ। ਉਹਨਾਂ ਨੇ ਤਾਂ “ਅਰਦਾਸਾਂ” ਰਾਹੀਂ ਦੇਵਤਿਆਂ ਨੂੰ ਵੀ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ। ਇਹ ਬਿਲਕੁਲ ਸੁਭਾਵਿਕ ਸੀ, ਕਿਉਂਕਿ ਪ੍ਰਾਚੀਨ ਕਾਲ ਦੇ ਦੇਵਤੇ ਧਰਤੀ ਉੱਤੇ ਹੀ ਰਹਿੰਦੇ ਸਨ, ਮਨੁੱਖਾਂ ਵਰਗੇ ਹੁੰਦੇ ਸਨ ਅਤੇ ਉਹਨਾਂ ਵਾਂਗ ਹੀ ਵਰਤਾਓ ਕਰਦੇ ਸਨ। ਉਹ ਆਗਿਆਕਾਰਾਂ ਦੀ

ਮੱਦਦ ਕਰਦੇ ਸਨ ਅਤੇ ਉਲੰਘਣਾ ਕਰਨ ਵਾਲਿਆਂ ਨਾਲ਼ ਨਾਰਾਜ਼ ਹੁੰਦੇ ਸਨ, ਅਤੇ ਬਿਲਕੁਲ ਮਨੁੱਖਾਂ ਵਾਂਗ ਹੀ ਈਰਖਾਲੂ, ਬਦਲੇਖੋਰ ਅਤੇ ਅਭਿਲਾਸ਼ੀ ਹੁੰਦੇ ਸਨ। ਇਹ ਤੱਥ ਕਿ ਦੇਵਤੇ ਮਨੁੱਖ-ਰੂਪੀ (Anthropomorphous) ਹੁੰਦੇ ਸਨ ਇਹ ਸਿੱਧ ਕਰਦਾ ਹੈ ਕਿ ਧਾਰਮਿਕ ਸੋਚ ਕੁਦਰਤ ਦੇ ਵਰਤਾਰਿਆਂ ਦੇ ਚਿੰਤਨ ਚੋਂ ਨਹੀਂ ਬਲਕਿ ਸਮਾਜਿਕ ਸੰਘਰਸ਼ਾਂ ਵਿੱਚੋਂ ਉਪਜੀ ਹੈ। ਇਹ ਕਾਫੀ ਹੱਦ ਤੱਕ ਸੰਭਵ ਹੈ ਕਿ ਪ੍ਰਾਚੀਨ ਕਾਲ ਦੇ "ਪ੍ਰਸਿੱਧ" ਵਿਅਕਤੀਆਂ ਨੇ ਦੇਵਤਿਆਂ ਦੀ ਕਾਢ ਲਈ ਕੱਚਾ ਮਾਲ ਮੁਹੱਈਆ ਕਰਵਾਇਆ ਹੋਵੇ: "ਕਿਰਤ ਦੇ ਨਾਇਕ" ਅਤੇ "ਹਰਫਨਮੌਲੇ" ਹਰਕਿਉਲਸ ਨੂੰ ਦੇਵਤਿਆਂ ਵਿੱਚ ਬਿਠਾਉਣ ਲਈ ਉਲੰਪਿਸ ਦੀਆਂ ਸਿਖ਼ਰਾਂ 'ਤੇ ਚੜ੍ਹਾਇਆ ਗਿਆ। ਆਦਿ-ਕਾਲੀਨ ਮਨੁੱਖ ਦੀ ਕਲਪਨਾ ਵਿੱਚ ਦੇਵਤਾ ਕੋਈ ਅਮੂਰਤ ਧਾਰਣਾ ਜਾਂ ਕੋਈ ਕਾਲਪਨਿਕ ਚੀਜ਼ ਨਹੀਂ ਸੀ, ਬਲਕਿ ਪੂਰੀ ਤਰ੍ਹਾਂ ਅਸਲੀ ਮਨੁੱਖ ਸੀ ਜਿਸ ਕੋਲ਼ ਕਿਰਤ ਦਾ ਕੋਈ ਸੰਦ ਹੁੰਦਾ ਸੀ, ਕਿਸੇ ਨਾ ਕਿਸੇ ਕੰਮ ਵਿੱਚ ਮਾਹਿਰ ਹੁੰਦਾ ਸੀ ਅਤੇ ਮਨੁੱਖ ਦਾ ਅਧਿਆਪਕ ਤੇ ਸਾਥੀ ਹੁੰਦਾ ਸੀ। ਕੋਈ ਦੇਵਤਾ ਕਿਰਤ ਵਿਚਲੀ ਕਾਮਯਾਬੀ ਦਾ ਕਲਾਤਮਕ ਪ੍ਰਤੀਰੂਪ ਸੀ, ਇਸ ਲਈ ਦੱਬੇ-ਕੁਚਲੇ ਲੋਕਾਂ ਦਰਮਿਆਨ "ਧਾਰਮਿਕ" ਚਿੰਤਨ ਇੱਕ ਅਜਿਹੀ ਚੀਜ਼ ਹੈ ਜਿਸਨੂੰ ਲਾਜ਼ਮੀ ਤੌਰ 'ਤੇ ਪੁੱਠੇ ਕੌਮਿਆਂ ਵਿੱਚ ਰੱਖਣਾ ਚਾਹੀਦਾ ਹੈ, ਕਿਉਂਕਿ ਇਹ ਸ਼ੁੱਧ ਕਲਾਤਮਕ ਸਿਰਜਣਾ ਸੀ। ਭਾਵੇਂ ਮਿੱਥਾਂ ਨੇ ਮਨੁੱਖ ਦੀਆਂ ਯੋਗਤਾਵਾਂ ਦਾ ਆਦਰਸ਼ੀਕਰਨ ਕੀਤਾ ਅਤੇ ਉਹਨਾਂ ਦੇ ਸ਼ਕਤੀਸ਼ਾਲੀ ਵਿਕਾਸ ਦੀਆਂ ਸੰਦੇਸ਼-ਵਾਹਕ ਰਹੀਆਂ, ਪਰ ਇਹਨਾਂ ਦੀ ਰਚਨਾ ਮੂਲ ਤੌਰ 'ਤੇ ਯਥਾਰਥਵਾਦੀ ਸੀ। ਇਹ ਉਤਸ਼ਾਹ ਹਰੇਕ ਪ੍ਰਾਚੀਨ ਕਲਪਨਾ ਦੀ ਉਡਾਣ ਵਿੱਚ ਦੇਖਿਆ ਜਾ ਸਕਦਾ ਹੈ, ਅਤੇ ਇਹ ਸਦਾ ਹੀ ਲੋਕਾਂ ਦਾ ਆਪਣੇ ਕੰਮ ਨੂੰ ਹੌਲ਼ਾ ਕਰਨ ਦਾ ਇੱਕ ਯਤਨ ਹੁੰਦਾ ਸੀ। ਇਹ ਗੱਲ ਪੂਰੀ ਤਰ੍ਹਾਂ ਸਾਫ ਹੈ ਕਿ ਇਹ ਉਪਰਾਲੇ ਉਹਨਾਂ ਹੀ ਲੋਕਾਂ ਨੇ ਕੀਤੇ ਜਿਹੜੇ ਸਰੀਰਕ ਕਿਰਤ ਵਿੱਚ ਲੱਗੇ ਹੋਏ ਸਨ, ਅਤੇ ਇਹ ਵੀ ਕਿ ਕਿਰਤੀਆਂ ਦੀ ਰੋਜ਼ਾਨਾ ਜ਼ਿੰਦਗੀਆਂ ਵਿੱਚ ਕੋਈ ਵੀ ਦੇਵਤਾ ਉਨਾ ਚਿਰ ਨਾ ਤਾਂ ਪ੍ਰਗਟ ਹੋ ਸਕਦਾ ਸੀ ਅਤੇ ਨਾ ਹੀ ਟਿਕ ਸਕਦਾ ਸੀ ਜਿੰਨਾ ਚਿਰ ਉਹ ਧਰਤੀ ਦੇ ਮਾਲਕਾਂ ਯਾਨੀ ਕਿਰਤ ਦੀ ਲੁੱਟ ਕਰਨ ਵਾਲ਼ਿਆਂ ਲਈ ਲਾਹੇਵੰਦ ਨਾ ਹੁੰਦਾ। ਸਾਡੇ ਦੇਸ਼ ਵਿੱਚ, ਰੱਬ ਐਨੀ ਜਲਦੀ ਅਤੇ ਸੌਖੀ ਤਰ੍ਹਾਂ ਵਿਅਰਥ ਹੁੰਦਾ ਜਾ ਰਿਹਾ ਹੈ, ਸਿਰਫ਼ ਇਸ ਕਰਕੇ ਕਿ ਇਸਦੀ ਹੋਂਦ ਲਈ ਆਧਾਰ, ਭਾਵ ਮਨੁੱਖ ਦੀ ਮਨੁੱਖ ਉੱਤੇ ਸੱਤ੍ਹਾ ਨੂੰ ਜਾਇਜ਼ ਠਹਿਰਾਉਣ ਦੀ ਜ਼ਰੂਰਤ, ਅਲੋਪ ਹੋ ਚੁੱਕਿਆ ਹੈ, ਕਿਉਂਕਿ ਸਾਡੇ ਦੇਸ਼ ਵਿੱਚ ਹਰ ਇਨਸਾਨ ਆਪਣੇ ਨਾਲ਼ ਦਿਆਂ ਦਾ ਸਹਿਯੋਗੀ ਹੈ, ਉਹਨਾਂ ਦਾ ਦੋਸਤ ਅਤੇ ਸਾਥੀ ਹੈ, ਉਹਨਾਂ ਦਾ ਅਧਿਆਪਕ ਹੈ, ਪਰ ਉਹਨਾਂ ਦੇ ਦਿਲ-ਦਿਮਾਗਾਂ ਦਾ ਮਾਲਕ ਨਹੀਂ ਹੈ।

ਗੁਲਾਮ-ਮਾਲਿਕ ਜਿੰਨੇ ਜ਼ਿਆਦਾ ਤਾਕਤਵਰ ਅਤੇ ਤਾਕਤ ਦੇ ਭੁੱਖੇ ਹੁੰਦੇ ਗਏ, ਦੇਵਤੇ ਓਨੇ ਹੀ ਸਵਰਗ ਵੱਲ ਨੂੰ ਚੜ੍ਹਦੇ ਗਏ ਅਤੇ ਸਮੂਹਾਂ ਵਿਚਕਾਰ ਦੇਵ-ਦੰਗਲ਼ ਸ਼ੁਰੂ ਹੋ ਗਏ। ਇਹਨਾਂ ਦੰਗਲ਼ਾਂ ਦਾ ਸਖਸ਼ੀ ਰੂਪ ਪ੍ਰੋਮੇਥੀਅਸ, ਅਸਟੋਨੀਅਨ ਕਾਲੇਵੀ ਅਤੇ ਹੋਰ ਨਾਇਕ ਸਨ, ਜਿਹੜੇ ਕਿਸੇ ਵੀ ਅਜਿਹੇ ਦੇਵਤੇ ਨੂੰ ਮਾਲਕਾਂ ਦਾ ਮਾਲਕ ਮੰਨਦੇ ਸਨ ਜਿਹੜਾ ਉਹਨਾਂ ਦੀ ਵਿਰੋਧਤਾ ਕਰਦਾ ਸੀ।

ਇਸਾਈ ਮੱਤ ਤੋਂ ਪਹਿਲਾਂ ਦੀ ਗੈਰ-ਇਸਾਈ ਲੋਕ-ਧਾਰਾ ਵਿੱਚ ਕਿਸੇ "ਮੂਲ-ਤੱਤ", "ਕਿਸੇ ਵਰਤਾਰੇ ਦੇ ਮੁੱਢਲੇ ਕਾਰਨ", ਕਿਸੇ "ਆਪਣੇ ਆਪ ਵਿੱਚ ਚੀਜ਼" ਅਤੇ ਕੁੱਲ ਮਿਲ਼ਾ ਕੇ ਚੌਥੀ ਸਦੀ ਈਸਾ ਪੂਰਬ "ਐਟੀਕਾ ਦੇ ਪੈਗੰਬਰ" ਅਫਲਾਤੂਨ ਦੁਆਰਾ ਵਿਕਸਤ ਕੀਤੀ ਚਿੰਤਨ-ਪ੍ਰਣਾਲੀ ਦੇ ਸਪਸ਼ਟ ਚਿੰਨਾਂ ਨੂੰ ਸੰਭਾਲ ਕੇ ਨਹੀਂ ਰੱਖਿਆ ਗਿਆ। *ਅਫਲਾਤੂਨ ਨੇ ਅਜਿਹੀ ਸੰਸਾਰ-ਸੂਝ ਦੀ ਨੀਂਹ ਰੱਖੀ ਸੀ ਜਿਹੜੀ ਕਿ ਕਿਰਤ ਪ੍ਰਕਿਰਿਆ ਅਤੇ ਨਿੱਤ-ਦਿਹਾੜੀ ਦੇ ਜੀਵਨ ਦੀਆਂ ਹਾਲਤਾਂ ਤੇ ਵਰਤਾਰਿਆਂ ਨਾਲ਼ੋ ਪੂਰੀ ਤਰ੍ਹਾਂ ਟੁੱਟੀ ਹੋਈ ਸੀ।* ਚਰਚ ਨੇ, ਜਿਵੇਂ ਕਿ ਤੁਸੀਂ ਜਾਣਦੇ ਹੀ ਹੋ, ਅਫਲਾਤੂਨ ਨੂੰ ਇਸਾਈ ਮੱਤ ਦਾ ਆਗੂ ਮੰਨਿਆ ਹੈ, ਅਤੇ ਇਹ ਆਪਣੀ ਸਥਾਪਨਾ ਦੇ ਸਮੇਂ ਤੋਂ ਹੀ ਹੱਠਧਰਮੀ ਨਾਲ਼ "ਕਾਫਰਪੁਣੇ ਦੀ ਰਹਿੰਦ-ਖੂੰਹਦ" ਖਿਲਾਫ ਲੜਦਾ ਰਿਹਾ ਹੈ, ਜਿਹੜੀ ਇੱਕ ਅਜਿਹੀ ਪਦਾਰਥਵਾਦੀ ਸੰਸਾਰ-ਸੂਝ ਦੀ ਮਹਿਜ਼ ਅਕਸ ਮਾਤਰ ਸੀ ਜਿਸ ਦੀਆਂ ਜੜ੍ਹਾਂ ਕਿਰਤ ਵਿੱਚ ਸਨ। ਇਹ ਗੱਲ ਤਾਂ ਸਾਰੇ ਜਾਣਦੇ ਹੀ ਹਨ ਕਿ ਜਿਵੇਂ ਹੀ ਜਗੀਰਦਾਰਾਂ ਨੂੰ ਬੁਰਜੂਆਜ਼ੀ ਦੀ ਤਾਕਤ ਦਾ ਅਨੁਭਵ ਹੋਣਾ ਸ਼ੁਰੂ ਹੋਇਆ, ਉਦੋਂ ਹੀ ਮੁੱਖ ਪਾਦਰੀ ਬਰਕਲੇ ਦਾ ਆਦਰਸ਼ਵਾਦੀ ਦਰਸ਼ਨ ਪ੍ਰਗਟ ਹੋਇਆ, ਜਿਸਦੇ ਰੂੜੀਵਾਦੀ ਮਹੱਤਵ ਦਾ ਪਰਦਾਫਾਸ਼ ਲੈਨਿਨ ਨੇ ਆਦਰਸ਼ਵਾਦ ਖਿਲਾਫ ਆਪਣੀ ਜੁਝਾਰੂ ਕਿਤਾਬ ਵਿੱਚ ਕੀਤਾ। ਅਠਾਰਵੀਂ ਸਦੀ ਦੇ ਅੰਤ ਵਿੱਚ, ਫਰਾਂਸੀਸੀ ਇਨਕਲਾਬ ਤੋਂ ਐਨ ਪਹਿਲਾਂ, ਬੁਰਜੂਆਜ਼ੀ ਨੇ ਜਗੀਰਦਾਰੀ ਅਤੇ ਧਰਮ, ਜਿਹੜਾ ਕਿ ਜਗੀਰਦਾਰੀ ਦਾ ਪ੍ਰੇਰਕ ਸੀ, ਖਿਲਾਫ ਆਪਣੇ ਸੰਘਰਸ਼ ਵਿੱਚ ਪਦਾਰਥਵਾਦੀ ਵਿਚਾਰਧਾਰਾ ਦੀ ਵਰਤੋਂ ਕੀਤੀ; ਆਪਣੇ ਪਹਿਲੇ ਦੁਸ਼ਮਣ 'ਤੇ ਜਿੱਤ ਹਾਸਿਲ ਕਰ ਲੈਣ ਤੋਂ ਬਾਅਦ ਬੁਰਜੂਆਜ਼ੀ ਆਪਣੇ ਨਵੇਂ ਦੁਸ਼ਮਣ, ਪ੍ਰੋਲੇਤਾਰੀ, ਤੋਂ ਭੈਅ-ਭੀਤ ਹੋ ਕੇ ਇੱਕਦਮ ਆਦਰਸ਼ਵਾਦੀ ਫਿਲਾਸਫੀ ਵੱਲ ਪਿਛਾਂਹ ਪਰਤ ਗਈ ਅਤੇ ਜਾ ਕੇ ਚਰਚ ਦੇ ਸੀਨੇ ਨਾਲ਼ ਲਿਪਟ ਗਈ। ਦੱਬੇ ਕੁਚਲੇ ਲੋਕਾਂ 'ਤੇ ਆਪਣੀ ਸੱਤ੍ਹਾ ਦੇ ਗੈਰਕਾਨੂੰਨੀ ਅਤੇ ਨਿਰਮੂਲ ਸੁਭਾਅ ਤੋਂ ਜਾਣੂ ਅਤੇ ਬੇਚੈਨ ਬੁਰਜੂਆਜ਼ੀ ਉੱਨੀਵੀਂ ਸਦੀ ਦੇ ਪੂਰੇ ਸਮੇਂ ਦੌਰਾਨ ਆਲੋਚਨਾਵਾਦ, ਪ੍ਰਤੱਖਵਾਦ, ਤਰਕਵਾਦ, ਪਰਿਣਾਮਵਾਦ ਅਤੇ ਕਿਰਤ ਪ੍ਰਕਿਰਿਆ ਵਿੱਚ ਵਿਦਮਾਨ ਸ਼ੁੱਧ ਪਦਾਰਥਵਾਦੀ ਚਿੰਤਨ ਦੀ ਭੰਨ-ਤੋੜ ਕਰਨ ਦੇ ਹੋਰ ਯਤਨਾਂ ਸਦਕਾ ਆਪਣੀ ਹੋਂਦ ਨੂੰ ਜਾਇਜ਼ ਸਿੱਧ ਕਰਨ ਦੀਆਂ ਕੋਸ਼ਿਸ਼ਾਂ ਕਰਦੀ ਰਹੀ। ਇਹਨਾਂ ਸਾਰੇ ਯਤਨਾਂ ਨੇ ਵਾਰੀ ਵਾਰੀ ਸੰਸਾਰ ਦੀ "ਵਿਆਖਿਆ" ਕਰਨ ਵਿੱਚ ਪੂਰੀ ਤਰ੍ਹਾਂ ਅਯੋਗਤਾ ਦਾ ਮੁਜ਼ਾਹਰਾ ਕੀਤਾ। ਅਤੇ ਵੀਹਵੀਂ ਸਦੀ ਵਿੱਚ ਬਰਗਸਨ ਨਾਮਕ ਇੱਕ ਆਦਰਸ਼ਵਾਦੀ ਨੂੰ ਦੁਬਾਰਾ ਫਿਰ ਦਾਰਸ਼ਨਿਕ ਚਿੰਤਨ ਦਾ ਆਗੂ ਮੰਨ ਲਿਆ ਗਿਆ, ਉਸਦੀਆਂ ਸਿੱਖਿਆਵਾਂ ਸਬੱਬੀਂ ਤੌਰ 'ਤੇ "ਕੈਥੋਲਿਕ ਧਰਮ ਦਾ ਪੱਖ ਪੂਰਦੀਆਂ ਸਨ"। ਜੇਕਰ ਪਿੱਛਲਮੋੜੇ ਦੀ ਲੋੜ ਦੇ ਇਸ ਫਰਾਖ਼ਦਿਲ ਇਕਬਾਲ 'ਤੇ ਅਤੇ ਤਕਨਾਲੋਜੀ ਦੀ ਤੀਬਰ ਉੱਨਤੀ—ਜਿਸਨੇ ਪੂੰਜੀਪਤੀਆਂ ਨੂੰ ਅਥਾਹ ਦੌਲਤ ਦਿੱਤੀ ਹੈ—ਦੇ ਤਬਾਹਕੁਨ ਇਸ਼ਾਰਿਆਂ ਬਾਰੇ ਬੁਰਜੂਆਜ਼ੀ ਦੀਆਂ ਅਜੋਕੀਆਂ ਸ਼ਿਕਾਇਤਾਂ ਨੂੰ ਨਾਲ਼-ਨਾਲ਼ ਰੱਖ ਕੇ ਵਿਚਾਰਿਆ ਜਾਵੇ, ਤਾਂ ਸਾਨੂੰ ਬੁਰਜੂਆਜ਼ੀ ਦੀ ਬੌਧਿਕ ਕੰਗਾਲੀ ਦੀ ਮਾਤਰਾ ਦਾ ਅਤੇ ਉਹਨਾਂ ਨੂੰ ਇਤਿਹਾਸਕ ਰਹਿੰਦ-ਖੂੰਹਦ ਵਜੋਂ ਤਬਾਹ ਕਰਨ ਦੀ ਲੋੜ ਦਾ ਸਾਫ-ਸਪੱਸ਼ਟ

ਪ੍ਰਮਾਣ ਮਿਲ਼ ਜਾਵੇਗਾ, ਜਿਸਦੀ ਪੀਕ 'ਚੋਂ ਨਿੱਕਲ਼ ਰਹੀ ਹਵਾੜ ਸੰਸਾਰ ਨੂੰ ਜ਼ਹਿਰੀਲਾ ਕਰ ਰਹੀ ਹੈ।

ਬੌਧਿਕ ਕੰਗਾਲੀ ਹਮੇਸ਼ਾ ਹੀ ਜੀਵਨ ਦੇ ਮੁੱਢਲੇ ਵਰਤਾਰਿਆਂ ਦੀ ਸਮਝ ਤੋਂ ਦੂਰ ਹਟ ਜਾਣ ਦਾ ਸਿੱਟਾ ਹੁੰਦੀ ਹੈ। ਇਹ ਮੁੱਢਲੇ ਵਰਤਾਰੇ ਜੀਵਨ ਦੇ ਭੈਅ ਜਾਂ ਆਰਾਮ ਕਰਨ ਦੀ ਸਵਾਰਥੀ ਉਤੇਜਨਾ 'ਚੋਂ ਪੈਦਾ ਹੋਇਆ ਭਾਂਜਵਾਦ ਹੈ, ਜਾਂ ਪੂੰਜੀਵਾਦੀ ਰਾਜ ਦੇ ਲੱਚਰ ਅਤੇ ਘ੍ਰਿਣਤ ਅਰਾਜਕਤਾਵਾਦ 'ਚੋਂ ਜਨਮੀ ਸਮਾਜਿਕ ਨਾਬਰਾਬਰੀ।

ਇਹ ਆਸ ਰੱਖੀ ਜਾ ਸਕਦੀ ਹੈ ਕਿ, ਮਾਰਕਸਵਾਦੀਆਂ ਨੇ ਜਦ ਵੀ ਕਦੇ ਸੱਭਿਆਚਾਰ ਦਾ ਇਤਿਹਾਸ ਲਿਖਿਆ, ਤਾਂ ਅਸੀਂ ਵੇਖਾਂਗੇ ਕਿ *ਸੱਭਿਆਚਾਰਕ ਸਿਰਜਣਾਤਮਕਤਾ ਦੀ ਪ੍ਰਕਿਰਿਆ ਵਿੱਚ ਬੁਰਜੂਆਜ਼ੀ ਦੀ ਭੂਮਿਕਾ ਬਹੁਤ ਵਧਾ ਚੜ੍ਹਾ ਕੇ ਦੱਸੀ ਗਈ ਹੈ*, ਖਾਸ ਕਰਕੇ ਸਾਹਿਤ ਵਿੱਚ, ਅਤੇ ਇਸ ਤੋਂ ਵੀ ਜ਼ਿਆਦਾ ਚਿੱਤਰਕਾਰੀ ਵਿੱਚ, ਜਿੱਥੇ ਬੁਰਜੂਆਜ਼ੀ ਹਮੇਸ਼ਾ ਹੀ ਮਾਲਿਕ ਰਹੀ ਹੈ ਅਤੇ ਸਿੱਟੇ ਵਜੋਂ ਵਿਧਾਨ-ਕਰਤਾ ਵੀ। ਜੇਕਰ ਸੱਭਿਆਚਾਰਕ ਸਿਰਜਣਾਤਮਕਤਾ ਨੂੰ ਮਹਿਜ਼ ਬਾਹਰੀ ਤੇ ਪਦਾਰਥਕ ਸੁੱਖ-ਸਾਧਨਾਂ ਅਤੇ ਐਸ਼-ਪ੍ਰਸਤੀ ਦੇ ਸੁਭਾਵਿਕ ਵਿਕਾਸ ਨਾਲ਼ੋਂ ਕੋਈ ਵਡੇਰੀ ਚੀਜ਼ ਮੰਨਿਆ ਜਾਵੇ, ਤਾਂ ਇਹ ਕਹਿਣਾ ਪਵੇਗਾ ਕਿ ਬੁਰਜੂਆਜ਼ੀ ਨੇ ਕਦੇ ਵੀ ਇਸ ਪ੍ਰਤੀ ਕੋਈ ਵੀ ਇੱਛਾ ਨਹੀਂ ਦਿਖਾਈ। ਪੂੰਜੀਵਾਦ ਦਾ ਸੱਭਿਆਚਾਰ ਪੂਰੇ ਸੰਸਾਰ, ਔਰਤਾਂ-ਮਰਦ, ਧਰਤੀ ਵਿਚਲੇ ਖਜ਼ਾਨੇ ਅਤੇ ਕੁਦਰਤ ਦੀਆਂ ਤਾਕਤਾਂ ਉੱਤੇ ਬੁਰਜੂਆਜ਼ੀ ਦੇ ਸਰੀਰਕ ਤੇ ਨੈਤਿਕ ਰਾਜ ਦੇ ਫੈਲਾਅ ਅਤੇ ਮਜ਼ਬੂਤੀ ਵੱਲ ਸੇਧਿਤ ਢੰਗ-ਤਰੀਕਿਆਂ ਦੀ ਪ੍ਰਣਾਲੀ ਤੋਂ ਛੁੱਟ ਹੋਰ ਕੁਝ ਵੀ ਨਹੀਂ ਹੈ। *ਬੁਰਜੂਆਜ਼ੀ ਨੇ ਸੱਭਿਆਚਾਰਕ ਵਿਕਾਸ ਨੂੰ ਕਦੇ ਵੀ ਸਮੁੱਚੀ ਮਨੁੱਖਤਾ ਦੀ ਉੱਨਤੀ ਦੀ ਲੋੜ ਵਜੋਂ ਨਹੀਂ ਸਮਝਿਆ।* ਇਹ ਇੱਕ ਜਾਣੀ ਪਛਾਣੀ ਗੱਲ ਹੈ ਕਿ ਬੁਰਜੂਆ ਆਰਥਿਕ ਨੀਤੀ ਦੇ ਨਤੀਜੇ ਵਜੋਂ, ਰਾਜ ਦੇ ਰੂਪ ਵਿੱਚ ਜੱਥੇਬੰਦ ਕੋਈ ਵੀ ਗੁਆਂਢੀ ਦੇਸ਼ ਦੁਸ਼ਮਣ ਮੰਨਿਆ ਜਾਂਦਾ ਹੈ, ਅਤੇ ਬਹੁਤ ਮਾੜੇ ਢੰਗ ਨਾਲ਼ ਜੱਥੇਬੰਦ ਹੋਏ ਕਬੀਲਿਆਂ ਨੇ, ਖਾਸ ਕਰਕੇ ਹਬਸ਼ੀ ਕਬੀਲਿਆਂ ਨੇ ਬੁਰਜੂਆਜ਼ੀ ਦੀ ਗੁਲਾਮਾਂ ਵਾਂਗ ਸੇਵਾ ਕੀਤੀ ਹੈ, ਅਤੇ ਉਹ ਉਹਨਾਂ ਦੇ ਆਪਣੇ ਗੋਰੇ ਗੁਲਾਮਾਂ ਨਾਲ਼ੋਂ ਕਿਤੇ ਜ਼ਿਆਦਾ ਦੱਬੇ ਕੁਚਲੇ ਹਨ।

ਕਿਸਾਨ ਅਤੇ ਮਜ਼ਦੂਰ ਸਿੱਖਿਆ ਹਾਸਿਲ ਕਰਨ ਦੇ ਹੱਕ ਤੋਂ, ਜ਼ਿੰਦਗੀ ਨੂੰ ਸਮਝਣ ਲਈ, ਇਸਨੂੰ ਨਵਾਂ ਰੂਪ ਦੇਣ ਲਈ ਅਤੇ ਕੰਮ ਦੀਆਂ ਹਾਲਤਾਂ ਦਾ ਪੱਧਰ ਉੱਚਾ ਚੁੱਕਣ ਲਈ ਆਪਣੇ ਦਿਲੋ-ਦਿਮਾਗ ਵਿਕਸਤ ਕਰਨ ਦੇ ਹੱਕ ਤੋਂ ਵਾਂਝੇ ਸਨ। ਸਕੂਲੀ ਸਿੱਖਿਆ ਪੂੰਜੀਵਾਦ ਦੇ ਅਜਿਹੇ ਆਗਿਆਕਾਰੀ ਨੌਕਰ ਤਿਆਰ ਕਰਨ ਦੇ ਧੰਦੇ ਵੱਲ ਸੇਧਿਤ ਸੀ ਜਿਹਨਾਂ ਨੂੰ ਇਸ ਢਾਂਚੇ ਦੇ ਪੂਰੀ ਤਰ੍ਹਾਂ ਜਾਇਜ਼ ਅਤੇ ਸਦੀਵੀ ਹੋਣ 'ਤੇ ਪੂਰਾ ਯਕੀਨ ਹੋਵੇ। "ਲੋਕਾਂ ਦੀ ਸਿੱਖਿਆ" ਬਾਰੇ ਬਹੁਤ ਕੁਝ ਕਿਹਾ ਅਤੇ ਲਿਖਿਆ ਗਿਆ ਹੈ, ਅਤੇ ਸਾਖਰਤਾ ਬਾਰੇ ਬਹੁਤ ਫੜ੍ਹਾਂ ਮਾਰੀਆਂ ਗਈਆਂ ਹਨ, ਪਰ ਅਸਲੀਅਤ ਇਹ ਹੈ ਕਿ ਕਿਰਤੀ ਲੋਕਾਂ ਨੂੰ ਨਸਲਾਂ, ਕੌਮਾਂ ਅਤੇ ਧਰਮਾਂ ਦੇ ਸਮਝੌਤਾ-ਰਹਿਤ ਵਿਤਕਰਿਆਂ ਵਿੱਚ ਵੰਡਿਆ ਗਿਆ ਅਤੇ

ਇਹੀ ਗੱਲਾਂ ਉਹਨਾਂ ਦੇ ਦਿਮਾਗਾਂ ਵਿੱਚ ਭਰੀਆਂ ਗਈਆਂ। ਪ੍ਰਚਾਰ ਦੇ ਇਹ ਯਤਨ ਬਸਤੀਵਾਦੀ ਨੀਤੀ ਨੂੰ ਜਾਇਜ਼ ਸਿੱਧ ਕਰਨ ਲਈ ਕੀਤੇ ਗਏ, ਜਿਹਨਾਂ ਨੇ ਦੌਲਤ ਇਕੱਠੀ ਕਰਨ ਦੀ ਕਰੂਰ ਉਤਸਕਤਾ ਅਤੇ ਦੁਕਾਨਦਾਰਾਂ ਦੇ ਮੂਰਖਤਾਪੂਰਣ ਲਾਲਚ ਨੂੰ ਹੋਰ ਵੀ ਖੁੱਲੇ ਮੌਕੇ ਮੁਹੱਈਆ ਕਰਵਾਏ। ਬੁਰਜੂਆ ਵਿਗਿਆਨ ਨੇ ਇਸ ਉਪਦੇਸ਼ਾਤਮਕ ਪ੍ਰਚਾਰ ਦੀ ਸੇਵਾ ਕੀਤੀ ਹੈ, ਅਤੇ ਉਸਨੂੰ ਇਹ ਦਾਅਵਾ ਕਰਨ ਲਈ ਝੁਕਣ ਵਿੱਚ ਜ਼ਰਾ ਵੀ ਝਿਜਕ ਮਹਿਸੂਸ ਨਹੀਂ ਹੋਈ ਕਿ ਆਰੀਆ ਲੋਕਾਂ ਦਾ ਬਾਕੀ ਨਸਲਾਂ ਪ੍ਰਤੀ ਨਾਂਹ-ਪੱਖੀ ਰਵੱਈਆ "ਸਮੁੱਚੀ ਲੋਕਾਈ ਦੀਆਂ ਪਰਾ-ਭੌਤਿਕ ਸਰਗਰਮੀਆਂ ਤੋਂ ਸੰਗਠਿਤ ਰੂਪ ਵਿੱਚ ਵਿਕਸਤ ਹੋਇਆ ਹੈ।" ਜੋ ਵੀ ਹੈ, ਇਹ ਗੱਲ ਤਾਂ ਪੂਰੀ ਤਰ੍ਹਾਂ ਸਪਸ਼ਟ ਹੈ ਕਿ ਜੇਕਰ "ਸਮੁੱਚੀ ਲੋਕਾਈ" ਸਾਰੀਆਂ ਸਿਆਹ ਨਸਲਾਂ ਅਤੇ ਸੈਮੇਟਿਕ ਕੌਮਾਂ ਪ੍ਰਤੀ ਸ਼ਰਮਨਾਕ ਅਤੇ ਵਹਿਸ਼ੀ ਨਫਰਤ ਨਾਲ਼ ਰੋਗ-ਗ੍ਰਸਤ ਹੈ ਤਾਂ ਇਹ ਲਾਗ ਵੀ ਉਹਨਾਂ ਵਿੱਚ ਬੁਰਜੂਆਜ਼ੀ ਦੇ ਸੱਚੇ ਸਰੀਰਕ ਅਤੇ ਬੇਹੱਦ ਘਟੀਆ "ਅੱਗ ਅਤੇ ਤਲਵਾਰ" ਦੇ ਅਮਲਾਂ ਨੇ ਹੀ ਫੈਲਾਈ ਹੈ। ਜਦੋਂ ਕੋਈ ਇਹ ਗੱਲ ਯਾਦ ਕਰਦਾ ਹੈ ਕਿ ਇਸਾਈ ਚਰਚ ਨੇ ਇਸ ਅਮਲ ਨੂੰ ਪ੍ਰਮੇਸ਼ਵਰ ਦੇ ਪਿਆਰੇ ਪੁੱਤਰ ਦੇ ਪੈਸ਼ਨ (the Passion—ਈਸਾ ਦੀਆਂ ਦੁੱਖ-ਤਕਲੀਫ਼ਾਂ ਤੇ ਮੌਤ —ਅਨੁ.) ਦਾ ਚਿੰਨ ਬਣਾ ਕੇ ਰੱਖ ਦਿੱਤਾ ਹੈ ਤਾਂ ਇਸ ਵਿਚਲੀ ਮਨਹੂਸ ਮਸਖ਼ਰੀ ਆਪਣੇ ਪੂਰੇ ਘਟੀਆਪਣ ਅਤੇ ਨੰਗੇਜ਼ ਦੇ ਰੂਪ ਵਿੱਚ ਪ੍ਰਗਟ ਹੋ ਜਾਂਦੀ ਹੈ। ਇਤਫਾਕ ਨਾਲ਼, ਈਸਾ, "ਪ੍ਰਮੇਸ਼ਵਰ ਦਾ ਪੁੱਤਰ" ਚਰਚ ਸਾਹਿਤ ਦੁਆਰਾ ਰਚਿਆ ਗਿਆ ਇੱਕਲੌਤਾ "ਹਾਂ-ਪੱਖੀ" ਪਾਤਰ ਹੈ। ਚਰਚ ਸਾਹਿਤ ਦੀ ਰਚਨਾਤਮਕ ਨਿਪੁੰਸਕਤਾ ਜ਼ਿੰਦਗੀ ਦੀਆਂ ਸਾਰੀਆਂ ਵਿਰੋਧਤਾਈਆਂ ਨੂੰ ਹੱਲ ਕਰਨ ਦੀ ਉਸਦੀ ਲਾਚਾਰੀ ਵਿੱਚੋਂ ਪੂਰੀ ਤਰ੍ਹਾਂ ਉਜਾਗਰ ਹੁੰਦੀ ਹੈ।

ਤਕਨੀਕੀ ਅਤੇ ਵਿਗਿਆਨਕ ਖੋਜਾਂ ਦਾ ਇਤਿਹਾਸ ਅਜਿਹੇ ਤੱਥਾਂ ਨਾਲ਼ ਭਰਿਆ ਪਿਆ ਹੈ ਜਿਹੜੇ ਤਕਨੀਕਾਂ ਦੇ ਵਿਕਾਸ ਵਿੱਚ ਬੁਰਜੂਆਜ਼ੀ ਦੁਆਰਾ ਡਾਹੇ ਜਾਂਦੇ ਅੜਿੱਕਿਆਂ ਦਾ ਖੁਲਾਸਾ ਕਰਦੇ ਹਨ। ਇਹ ਤੱਥ ਸਧਾਰਣ ਗਿਆਨ ਦੀਆਂ ਗੱਲਾਂ ਹਨ, ਅਤੇ ਇਹਨਾਂ ਦਾ ਕਾਰਨ ਜੀਵਤ ਕਿਰਤ ਸ਼ਕਤੀ ਦਾ ਸਸਤਾ ਹੋਣਾ ਵੀ ਹੈ। ਇਹ ਗੱਲ ਕਹਿਣੀ ਪਵੇਗੀ ਕਿ ਇਸ ਦੇ ਬਾਵਜੂਦ ਵੀ ਤਕਨੀਕ ਨੇ ਚੋਖਾ ਵਿਕਾਸ ਕੀਤਾ ਹੈ ਅਤੇ ਤਰੱਕੀ ਕੀਤੀ ਹੈ। ਇਸ ਗੱਲ 'ਤੇ ਕੋਈ ਵਿਵਾਦ ਨਹੀਂ ਹੋ ਸਕਦਾ, ਪਰ ਇਸਦਾ ਮੁੱਖ ਕਾਰਨ ਇਹ ਹੈ ਕਿ ਤਕਨੀਕ ਆਪਣੇ ਆਪ ਹੀ ਮਨੁੱਖ ਨੂੰ ਆਪਣੇ ਅੰਦਰ ਵਿਦਮਾਨ ਅਵਸਰ ਅਤੇ ਅਗਾਂਹ ਤਰੱਕੀ ਕਰਨ ਦੀ ਲੋੜ ਦਾ ਅਨੁਭਵ ਕਰਾਉਂਦੀ ਰਹਿੰਦੀ ਹੈ।

ਮੈਂ ਇਸ ਗੱਲ ਤੋਂ ਮੁਨਕਰ ਨਹੀਂ ਹੋਵਾਂਗਾ ਕਿ ਬੁਰਜੂਆਜ਼ੀ ਆਪਣੇ ਸਮਿਆਂ ਵਿੱਚ ਇੱਕ ਇਨਕਲਾਬੀ ਤਾਕਤ ਸੀ, ਜਿਵੇਂ ਕਿ ਜਗੀਰਦਾਰੀ ਦੇ ਸੰਬੰਧ ਵਿੱਚ, ਅਤੇ ਕਿ ਇਹਨਾਂ ਨੇ ਪਦਾਰਥਕ ਸੱਭਿਆਚਾਰ ਦਾ ਪਾਲਣ-ਪੋਸ਼ਣ ਕੀਤਾ ਹੈ, ਅਤੇ ਇਸ ਉੱਨਤੀ ਲਈ ਕਿਰਤੀ ਲੋਕਾਂ ਦੀ ਤਾਕਤ ਅਤੇ ਹਿੱਤਾਂ ਦੀ ਬਲੀ ਦਿੱਤੀ ਹੈ। ਪਰ ਫਲਟੋਨ ਦੀ ਉਦਾਹਰਣ ਦਰਸਾਉਂਦੀ ਹੈ ਕਿ, ਜਿੱਤ ਹਾਸਿਲ ਕਰ ਲੈਣ ਤੋਂ ਬਾਅਦ ਵੀ ਫਰਾਂਸੀਸੀ ਬੁਰਜੂਆਜ਼ੀ ਵਣਜ-ਵਪਾਰ ਅਤੇ ਸਵੈ-ਰੱਖਿਆ ਦੇ ਵਿਕਾਸ ਲਈ ਭਾਫ਼ ਵਾਲ਼ੇ ਸਮੁੰਦਰੀ ਜਹਾਜ਼ਾਂ ਦੀ ਮਹੱਤਤਾ ਨੂੰ ਨਹੀਂ

ਮੰਨਦੀ ਸੀ। ਖੂਹ-ਦੇ-ਡੱਡੂਆਂ ਦੇ ਰੂੜੀਵਾਦ ਦੀ ਇਹ ਕੋਈ ਇਕਲੌਤੀ ਉਦਾਹਰਣ ਨਹੀਂ ਹੈ। ਸਾਡੇ ਲਈ ਇਹ ਗੱਲ ਸਮਝ ਲੈਣੀ ਬਹੁਤ ਜ਼ਰੂਰੀ ਹੈ ਕਿ ਇਸ ਰੂੜੀਵਾਦ ਨੇ, ਜਿਸ ਵਿੱਚ ਬੁਰਜੂਆਜ਼ੀ ਦੇ ਪੂਰੀ ਦੁਨੀਆ ਉੱਤੇ ਆਪਣੀ ਸੱਤਾ ਦੀ ਰੱਖਿਆ ਅਤੇ ਮਜ਼ਬੂਤੀ ਦੇ ਸਾਰੋਕਾਰ ਛੁਪੇ ਹੋਏ ਹਨ, ਹਰ ਤਰ੍ਹਾਂ ਨਾਲ਼ ਦੱਬੇ-ਕੁਚਲੇ ਲੋਕਾਂ ਦੇ ਬੌਧਿਕ ਤੌਰ 'ਤੇ ਵਿਕਸਤ ਹੋਣ ਦੇ ਅਵਸਰ ਸੀਮਤ ਕਰ ਦਿੱਤੇ ਹਨ, ਪਰ ਆਖਿਰਕਾਰ ਇਸ ਸਭ ਕਾਸੇ ਨੇ ਇਸ ਸੰਸਾਰ ਵਿੱਚ ਇੱਕ ਨਵੀਂ ਤਾਕਤ—ਪ੍ਰੋਲੇਤਾਰੀ—ਖੜੀ ਕਰ ਦਿੱਤੀ ਹੈ, ਜਿਹੜੀ ਪਹਿਲਾਂ ਹੀ ਇੱਕ ਅਜਿਹਾ ਰਾਜ ਬਣਾ ਚੁੱਕੀ ਹੈ ਜਿਸ ਵਿੱਚ ਲੋਕਾਂ ਦੀ ਬੌਧਿਕ ਉੱਨਤੀ 'ਤੇ ਕੋਈ ਰੋਕ ਨਹੀਂ ਹੈ। ਕੇਵਲ ਇੱਕੋ-ਇੱਕ ਅਜਿਹਾ ਖੇਤਰ ਬਚਿਆ ਹੋਇਆ ਹੈ ਜਿੱਥੇ ਬੁਰਜੂਆਜ਼ੀ ਨੇ ਤਕਨੀਕੀ ਕਾਢਾਂ ਬਿਨਾਂ ਕਿਸੇ ਦੇਰੀ ਤੋਂ ਪ੍ਰਵਾਨ ਕੀਤੀਆਂ ਹਨ—ਉਹ ਹੈ ਲੋਕਾਂ ਦੇ ਵਿਨਾਸ਼ ਲਈ ਹਥਿਆਰਾਂ ਦਾ ਉਤਪਾਦਨ। ਮੇਰਾ ਖਿਆਲ ਹੈ ਕਿ ਕਿਸੇ ਨੇ ਵੀ ਅਜੇ ਤੱਕ ਬੁਰਜੂਆਜ਼ੀ ਦੀ ਸਵੈ-ਰੱਖਿਆ ਲਈ ਹਥਿਆਰਾਂ ਦੇ ਉਤਪਾਦਨ ਦੁਆਰਾ ਧਾਤ-ਸਨਅਤ ਦੀ ਤਕਨੀਕ ਦੀ ਆਮ ਉੱਨਤੀ 'ਤੇ ਪਾਏ ਬੁਰੇ ਅਸਰਾਂ ਵੱਲ ਧਿਆਨ ਨਹੀਂ ਦਿੱਤਾ।

ਲੋਕਾਂ ਦਾ ਸਮਾਜਿਕ ਅਤੇ ਸੱਭਿਆਚਾਰਕ ਵਿਕਾਸ ਆਮ ਤੌਰ 'ਤੇ ਉਦੋਂ ਹੀ ਅੱਗੇ ਤੁਰਦਾ ਹੈ ਜਦੋਂ ਉਹਨਾਂ ਦੇ ਹੱਥ ਉਹਨਾਂ ਦੇ ਦਿਮਾਗਾਂ ਨੂੰ ਸਿੱਖਿਆ ਦਿੰਦੇ ਹਨ, ਜਿਸ ਤੋਂ ਬਾਅਦ ਦਿਮਾਗ ਆਪਣਾ ਇਹ ਨਵਾਂ ਗਿਆਨ ਅੱਗੇ ਹੱਥਾਂ ਨੂੰ ਸੌਂਪ ਦਿੰਦੇ ਹਨ, ਜਿਹੜੇ ਫਿਰ ਆਪਣੀ ਵਾਰੀ ਦਿਮਾਗ ਦੇ ਹੋਰ ਵਡੇਰੇ ਵਿਕਾਸ ਵਿੱਚ ਯੋਗਦਾਨ ਪਾਉਂਦੇ ਹਨ। ਕਿਰਤੀ ਲੋਕਾਂ ਦੇ ਸੱਭਿਆਚਾਰਕ ਵਿਕਾਸ ਦੀ ਇਸ ਆਮ ਪ੍ਰਕਿਰਿਆ ਵਿੱਚ ਪ੍ਰਾਚੀਨ ਸਮਿਆਂ ਵਿੱਚ ਰੁਕਾਵਟਾਂ ਪੈਂਦੀਆਂ ਰਹੀਆਂ ਸਨ। ਰੁਕਾਵਟਾਂ ਦੇ ਕਾਰਨਾਂ ਤੋਂ ਤੁਸੀਂ ਚੰਗੀ ਤਰ੍ਹਾਂ ਜਾਣੂ ਹੋ। ਬੌਧਿਕ ਅਤੇ ਸਰੀਰਕ ਕੰਮਾਂ ਵਿਚਕਾਰ ਇੱਕ ਦਰਾੜ ਪੈ ਗਈ, ਅਤੇ ਮਨੁੱਖੀ ਚਿੰਤਨ ਆਪਣੀ ਜ਼ਮੀਨ ਨਾਲ਼ੋਂ ਟੁੱਟ ਗਿਆ। ਵਿਹਾਰਕ ਕੰਮਾਂ ਵਿੱਚ ਰੁੱਝੇ ਹੋਏ ਲੋਕਾਂ ਵਿੱਚੋਂ ਹੀ ਅਜਿਹੇ ਚਿੰਤਕ ਪ੍ਰਗਟ ਹੋਏ ਜਿਹਨਾਂ ਨੇ ਸੰਸਾਰ ਦੀ ਅਤੇ ਅਮੂਰਤ ਚਿੰਤਨ ਦੇ ਵਿਕਾਸ ਦੀ ਵਿਆਖਿਆ ਕੀਤੀ। ਪਰ ਉਹਨਾਂ ਨੇ ਮਨੁੱਖ-ਜਾਤੀ ਦੇ ਉੱਦੇਸ਼ ਅਤੇ ਹਿੱਤਾਂ ਲਈ ਇਸ ਸੰਸਾਰ ਨੂੰ ਬਦਲਣ ਵਾਲ਼ੀ ਕਿਰਤ ਪ੍ਰਕਿਰਿਆ ਨਾਲ਼ ਇਸ ਚਿੰਤਨ ਦਾ ਕੋਈ ਨਾਤਾ ਨਾ ਜੋੜਿਆ। ਪਹਿਲਾਂ-ਪਹਿਲ ਇਹ ਸ਼ਾਇਦ ਕਿਰਤ-ਅਮਲਾਂ ਦੇ ਜੱਥੇਬੰਦਕ ਹੀ ਸਨ, ਅਤੇ ਇੱਕ ਤਰ੍ਹਾਂ ਨਾਲ਼ ਕਿਰਤ ਦੇ ਨਾਇਕਾਂ ਵਰਗੇ ਹੀ ਸਨ, ਜਿਹਨਾਂ ਨੂੰ ਅੱਜ ਅਸੀਂ ਆਪਣੇ ਦੇਸ਼ ਵਿੱਚ ਦੇਖਦੇ ਹਾਂ। ਬਾਅਦ ਵਿੱਚ ਇਹਨਾਂ ਲੋਕਾਂ ਵਿੱਚ ਹੋਰਨਾਂ ਲੋਕਾਂ 'ਤੇ ਸੱਤਾ ਹਾਸਿਲ ਕਰ ਲੈਣ ਦਾ ਲਾਲਚ—ਸਾਰੀਆਂ ਸਮਾਜਿਕ ਬੁਰਾਈਆਂ ਦੀ ਜੜ—ਪੈਦਾ ਹੋ ਗਿਆ, ਅਤੇ ਇਸਦੇ ਨਾਲ਼ ਹੀ ਦੂਜਿਆਂ ਦੇ ਸਿਰ 'ਤੇ ਆਰਾਮਦਾਇਕ ਜ਼ਿੰਦਗੀ ਜਿਉਣ ਦੀ ਇੱਛਾ ਵੀ ਪੈਦਾ ਹੋ ਗਈ। ਅਤੇ ਇਹਨਾਂ ਨੂੰ ਆਪਣੀ ਵਿਅਕਤੀਗਤ ਤਾਕਤ ਦਾ ਬਹੁਤ ਗਲ਼ਤ ਜਿਹਾ ਅਨੁਮਾਨ ਹੋ ਗਿਆ। ਇਸ ਵਿਚਾਰ ਨੂੰ ਸਭ ਤੋਂ ਪਹਿਲਾਂ ਠੁੰਮਣਾ ਕਿਸੇ ਵਿਅਕਤੀ ਵਿਸ਼ੇਸ਼ ਵਿੱਚ ਕੁਝ ਅਸਾਧਾਰਣ ਯੋਗਤਾਵਾਂ ਦੀ ਪਛਾਣ ਨਾਲ਼ ਮਿਲਿਆ, ਭਾਵੇਂ ਕਿ ਇਹ ਯੋਗਤਾਵਾਂ ਵੀ ਕਿਰਤ ਸਮੂਹਾਂ—

ਜਿਵੇਂ ਕਿ ਟੱਬਰ ਜਾਂ ਕਬੀਲੇ— ਦੀਆਂ ਕਿਰਤ ਪ੍ਰਾਪਤੀਆਂ ਦਾ ਹੀ ਇਕੱਤਰੀਕਰਨ ਅਤੇ ਅਕਸ ਮਾਤਰ ਸੀ। ਕਿਰਤ ਅਤੇ ਚਿੰਤਨ ਵਿਚਲੀ ਇਸ ਖਾਈ ਨੂੰ ਸੱਭਿਆਚਾਰ ਦੇ ਇਤਿਹਾਸਕਾਰ ਸਮੁੱਚੀ ਆਦਿ-ਕਾਲੀਨ ਲੋਕਾਈ ਨਾਲ਼ ਜੋੜ ਕੇ ਵੇਖਦੇ ਹਨ, ਇਹ ਇਤਿਹਾਸਕਾਰ ਵਿਅਕਤੀਵਾਦੀਆਂ ਦੀ ਸਿੱਖਿਆ ਦਾ ਸਿਹਰਾ ਵੀ ਲੋਕ-ਸਮੂਹਾਂ ਦੇ ਸਿਰ ਹੀ ਬੱਝਦੇ ਹਨ। ਵਿਅਕਤੀਵਾਦ ਦਾ ਇਤਿਹਾਸ ਪੂਰੀ ਤਰ੍ਹਾਂ ਅਤੇ ਸਪਸ਼ਟ ਤੌਰ ’ਤੇ ਸਾਹਿਤ ਦੇ ਇਤਿਹਾਸ ਨੇ ਮੁਹੱਈਆ ਕਰਵਾਇਆ ਹੈ। ਸਾਥੀਓ! ਮੈਂ ਇੱਕ ਵਾਰ ਫਿਰ ਇਸ ਗੱਲ ਵੱਲ ਤੁਹਾਡਾ ਧਿਆਨ ਦਿਵਾਉਣਾ ਚਾਹਾਂਗਾ ਕਿ ਸਭ ਤੋਂ ਵੱਧ ਨਿੱਗਰ, ਉੱਭਰਵੇਂ ਅਤੇ ਕਲਾਤਮਕ ਪੱਖ ਤੋਂ ਸੰਪੂਰਨ ਨਾਇਕ ਲੋਕ-ਧਾਰਾ, ਕਿਰਤੀ ਲੋਕਾਂ ਦੀ ਜ਼ੁਬਾਨੀ ਰਚਨਾ, ਦੁਆਰਾ ਸਿਰਜੇ ਗਏ ਹਨ। ਹਰਕਿਊਲਸ, ਪ੍ਰੋਮੇਥਿਅਸ, ਮਿਕੂਲਾ ਸੇਲੀਆਨਿਨੋਵਿਚ, ਸਵਿਆਤੋਗੋਰ, ਡਾਕਟਰ ਫਾਊਸਟ, ਸਿਆਣਾ ਵਾਸੀਲਿਸਾ, ਵਿਅੰਗਾਤਮਕ ਅਤੇ ਚੰਗੇ ਭਾਗਾਂ ਵਾਲ਼ਾ ਇਵਾਨ, ਅਤੇ ਅਖੀਰ ਵਿੱਚ ਪੇਤਰੁਸ਼ਕਾ, ਜਿਹੜਾ ਡਾਕਟਰ, ਪਾਦਰੀ, ਸਿਪਾਹੀ, ਸ਼ੈਤਾਨ ਅਤੇ ਇੱਥੋਂ ਤੱਕ ਕਿ ਮੌਤ ਦੇ ਵੀ ਪੈਰ ਨਹੀਂ ਲੱਗਣ ਦਿੰਦਾ, ਪੂਰੀ ਤਰ੍ਹਾਂ ਸੰਪੂਰਨ ਪਾਤਰ ਹਨ। ਇਹਨਾਂ ਸਾਰੀਆਂ ਟਾਈਪਾਂ ਦੀ ਰਚਨਾ ਵਿੱਚ ਤਰਕ ਅਤੇ ਅੰਤਰ-ਦ੍ਰਿਸ਼ਟੀ, ਚਿੰਤਨ ਅਤੇ ਭਾਵਨਾਵਾਂ ਦਾ ਇੱਕਸੁਰ ਤਾਲ-ਮੇਲ ਹੈ। ਇਹ ਤਾਲ-ਮੇਲ ਤਾਂ ਹੀ ਸੰਭਵ ਹੈ ਜੇਕਰ ਇਸਦੇ ਸਿਰਜਕ ਜੀਵਨ ਦੇ ਰਚਨਾਤਮਕ ਕੰਮਾਂ, ਜ਼ਿੰਦਗੀ ਨੂੰ ਨਵੇਂ ਸਿਰਿਓਂ ਉਸਾਰਨ ਦੇ ਸੰਘਰਸ਼ ਵਿੱਚ ਸਿੱਧੀ ਭੂਮਿਕਾ ਨਿਭਾਉਂਦੇ ਹੋਣ।

ਇਸ ਗੱਲ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਲੋਕ-ਧਾਰਾ ਦੇ ਸਾਹਿਤ ਦਾ ਨਿਰਾਸ਼ਾਵਾਦ ਨਾਲ਼ ਕੋਈ ਵੀ ਵਾਸਤਾ ਨਹੀਂ ਹੈ, ਭਾਵੇਂ ਕਿ ਲੋਕ-ਧਾਰਾ ਦੇ ਸਿਰਜਕ ਔਖੀ ਅਤੇ ਦੁੱਖਾਂ ਭਰੀ ਜ਼ਿੰਦਗੀ ਜਿਉਂਦੇ ਰਹੇ ਹਨ, ਕਿਉਂਕਿ ਲੋਟੂ ਉਹਨਾਂ ਦੀ ਗੁਲਾਮ ਕਿਰਤ ਨੂੰ ਵਿਅਰਥ ਕਰ ਦਿੰਦੇ ਸਨ, ਅਤੇ ਉਹਨਾਂ ਦੀਆਂ ਜ਼ਿੰਦਗੀਆਂ ਬਿਨਾਂ ਕਿਸੇ ਖਾਸ ਸੁਰੱਖਿਆ ਦੇ ਅਤੇ ਆਪਹੁਦਰੇਪਣ ਦੇ ਰਹਿਮੋ-ਕਰਮ ’ਤੇ ਹੁੰਦੀਆਂ ਸਨ। ਇਸ ਦੇ ਬਾਵਜੂਦ ਵੀ ਜਾਪਦਾ ਹੈ ਕਿ ਲੋਕ-ਸਮੂਹ ਆਪਣੀ ਸਦੀਵਤਾ ਬਾਰੇ ਚੇਤੰਨ ਸੀ ਅਤੇ ਉਸਨੂੰ ਸਾਰੀਆਂ ਦੁਸ਼ਮਣ ਸ਼ਕਤੀਆਂ ’ਤੇ ਆਪਣੀ ਫੈਸਲਾਕੁਨ ਜਿੱਤ ਦਾ ਪੂਰਾ ਵਿਸ਼ਵਾਸ ਸੀ। ਲੋਕ-ਸਾਹਿਤ ਦਾ “ਬੁੱਧੂ” ਜਾਂ ਸਿੱਧਰਾ, ਜਿਸਨੂੰ ਉਸਦਾ ਪਿਓ ਅਤੇ ਸਕੇ ਭੈਣ-ਭਾਈ ਵੀ ਪਸੰਦ ਨਹੀਂ ਕਰਦੇ ਸਨ, ਹਮੇਸ਼ਾ ਉਹਨਾਂ ਨਾਲ਼ੋਂ ਜ਼ਿਆਦਾ ਸਮਝਦਾਰ ਸਿੱਧ ਹੁੰਦਾ ਸੀ, ਅਤੇ ਵਾਸੀਲਿਸਾ ਸਿਆਣੇ ਵਾਂਗ ਹਮੇਸ਼ਾ ਰੋਜ਼ਾਨਾ ਜ਼ਿੰਦਗੀ ਦੀਆਂ ਸਾਰੀਆਂ ਔਕੜਾਂ ’ਤੇ ਜਿੱਤ ਹਾਸਿਲ ਕਰ ਲੈਂਦਾ ਸੀ।

ਜੇ ਕਿਤੇ ਲੋਕ-ਸਾਹਿਤ ਵਿੱਚ ਜੀਵਨ ਦੇ ਅਰਥਾਂ ਸੰਬੰਧੀ ਕੁਝ ਸੰਸੇ ਅਤੇ ਨਿਰਾਸ਼ਾ ਮਿਲਦੀ ਵੀ ਹੈ ਤਾਂ ਇਸਨੂੰ ਜ਼ਰੂਰ ਹੀ ਪਰਜੀਵੀ ਨਿੱਕ-ਬੁਰਜੂਆਜ਼ੀ ਦਰਮਿਆਨ, ਜਿਹੜੀ ਪੂੰਜੀ ਦੇ ਹਥੌੜੇ ਅਤੇ ਦੱਬੇ-ਕੁਚਲੇ ਲੋਕਾਂ ਦੇ ਅਹਿਰਣ ਵਿਚਾਲੇ ਪਿਸਦੀ ਰਹਿੰਦੀ ਹੈ, ਇਸਾਈ ਚਰਚ ਦੁਆਰਾ ਕੀਤੇ ਦੋ ਹਜ਼ਾਰ ਸਾਲਾਂ ਦੇ ਅਗਿਆਨਤਾ ਦੇ ਸੰਸਾਵਾਦ ਅਤੇ ਨਿਰਾਸ਼ਾਵਾਦ ਦੇ ਪ੍ਰਚਾਰ ਦਾ ਨਤੀਜਾ ਸਮਝਣਾ ਚਾਹੀਦਾ ਹੈ। ਲੋਕ-ਸਾਹਿਤ ਦੀ ਅਹਿਮੀਅਤ ਕਿਰਤ-ਪ੍ਰਾਪਤੀਆਂ ਵਿੱਚੋਂ ਨਿਕਲ਼ੀਆਂ ਮਨਮੌਜੀ ਕਲਪਨਾ-ਉਡਾਣਾਂ ਅਤੇ “ਸੰਤਾਂ ਦੀਆਂ

ਜੀਵਨੀਆਂ" ਬਾਰੇ ਕੁਢੱਬੇ ਅਤੇ ਰੁੱਖੇ ਜਿਹੇ ਗਿਰਜਾ ਸਾਹਿਤ ਅਤੇ ਨਾਈਟਾਂ ਦੇ ਰੋਮਾਂਸ ਦੇ ਮਨਘੜਤ ਕਿੱਸਿਆਂ ਦੇ ਤੁਲਨਾਤਮਕ ਅਧਿਐਨ ਵਿੱਚੋਂ ਪ੍ਰਭਾਵਸ਼ਾਲੀ ਢੰਗ ਨਾਲ਼ ਉੱਘੜ ਕੇ ਸਾਹਮਣੇ ਆਉਂਦੀ ਹੈ।

ਮਹਾਂ-ਕਾਵਿ ਅਤੇ ਮੱਧ-ਕਾਲੀਨ ਰੋਮਾਂਟਿਕ ਕਿੱਸਿਆਂ ਵਿੱਚ, ਜਿਹੜੇ ਜਗੀਰੂ ਕੁਲੀਨ ਵਰਗ ਦੀ ਰਚਨਾ ਸਨ, ਜਿੱਤਣ ਵਾਲ਼ਾ ਹੀ ਨਾਇਕ ਹੁੰਦਾ ਸੀ। ਇਹ ਆਮ ਜਾਣਕਾਰੀ ਵਾਲ਼ੀ ਗੱਲ ਹੈ ਕਿ ਜਗੀਰੂ ਸਾਹਿਤ ਦਾ ਅਸਰ ਕਦੇ ਵੀ ਖਾਸ ਮਹੱਤਤਾ ਵਾਲ਼ਾ ਨਹੀਂ ਰਿਹਾ।

ਬੁਰਜੂਆ ਸਾਹਿਤ ਦੀ ਸ਼ੁਰੂਆਤ ਪ੍ਰਾਚੀਨ ਸਮਿਆਂ ਵਿੱਚ ਮਿਸਰ ਦੀ ਕਹਾਣੀ "ਚੋਰ ਦਾ ਕਿੱਸਾ" ਨਾਲ਼ ਹੋਈ, ਜਿਸਨੂੰ ਅੱਗੇ ਯੂਨਾਨੀਆਂ ਅਤੇ ਰੋਮਨਾਂ ਨੇ ਅਪਣਾ ਲਿਆ, ਅਤੇ ਫਿਰ ਸੂਰਮਗਤੀ ਦੇ ਪਤਨ ਸਮੇਂ ਰੋਮਾਂਟਿਕ ਕਿੱਸਿਆਂ ਦੀ ਥਾਂ ਲੈਣ ਲਈ ਇਹ ਦੁਬਾਰਾ ਪ੍ਰਗਟ ਹੋਇਆ। ਇਹ ਅਸਲ ਵਿੱਚ ਬੁਰਜੂਆ ਸਾਹਿਤ ਹੈ ਅਤੇ ਇਸਦਾ ਮੁੱਖ ਨਾਇਕ ਇੱਕ ਧੋਖੇਬਾਜ਼ ਅਤੇ ਚੋਰ ਹੈ, ਜਿਹੜਾ ਬਾਅਦ ਵਿੱਚ ਜਾਸੂਸ ਬਣਿਆ ਅਤੇ ਫਿਰ ਚੋਰ, ਪਰ ਇਸ ਵਾਰ "ਸ਼ਰੀਫ ਚੋਰ"।

ਪੰਦਰਵੀਂ ਸਦੀ ਦੇ 'ਤੀਲ ਯੂਲੈਂਸਪੀਗਲ', ਸਤਾਰਵੀਂ ਸਦੀ ਦੇ 'ਸਿੰਪਲੀਸਿੱਸੀਮਸ', ਸਮੌਲੈੱਟ ਅਤੇ ਫੀਲਡਿੰਗ ਦੇ ਨਾਇਕ 'ਤੋਰਮੇਜ਼ ਦੇ ਲਾਜ਼ਾਰਿਲੋ' ਅਤੇ 'ਗਿਲ ਬਲਾਸ' ਤੋਂ ਲੈ ਕੇ ਅੱਜ ਮੋਪਾਸਾਂ ਦੇ 'ਚੰਗੇ ਮਿੱਤਰ', ਆਰਸੀਨ ਲੁਪਿਨ ਅਤੇ ਅਜੋਕੇ ਯੂਰਪ ਦੇ "ਜਾਸੂਸੀ" ਸਾਹਿਤ ਦੇ ਨਾਇਕਾਂ ਤੱਕ ਅਸੀਂ ਹਜ਼ਾਰਾਂ ਅਜਿਹੀਆਂ ਕਿਤਾਬਾਂ ਦੀਆਂ ਉਦਾਹਰਣਾਂ ਦੇ ਸਕਦੇ ਹਾਂ ਜਿਹਨਾਂ ਦੇ ਨਾਇਕ ਠੱਗ, ਚੋਰ, ਕਾਤਲ ਅਤੇ ਜਾਸੂਸ ਹਨ। ਇਹ ਹੈ ਸੱਚਾ ਬੁਰਜੂਆ ਸਾਹਿਤ, ਜਿਹੜਾ ਆਪਣੇ ਪਾਠਕ ਦੀਆਂ ਅਸਲ ਰੁਚੀਆਂ, ਦਿਲਚਸਪੀਆਂ ਅਤੇ ਅਮਲੀ "ਨੈਤਿਕਤਾ" ਨੂੰ ਪ੍ਰਭਾਵਸ਼ਾਲੀ ਢੰਗ ਨਾਲ਼ ਪ੍ਰਤੀਬਿੰਬਤ ਕਰਦਾ ਹੈ। ਤਾਂ ਵੀ ਇਸ ਵਿੱਚੋਂ ਕੁਝ ਤਾਂ ਚੰਗਾ ਨਿੱਕਲ਼ਿਆ ਹੀ ਹੈ। ਕਿਉਂਕਿ ਇਹੀ ਉਹ ਸਾਹਿਤ ਹੈ ਜਿਸਦੀ ਹਰ ਤਰ੍ਹਾਂ ਦੀ ਲੱਚਰਤਾ ਦੇ ਲੋੜੋਂ ਵੱਧ ਸ਼ਿੰਗਾਰ ਅਤੇ ਖੂਹ-ਦੇ-ਡੱਡੂ ਦੇ "ਆਮ ਗਿਆਨ" ਦੇ ਮਾਮੂਲੀਪੁਣੇ ਦੇ ਬਾਵਜੂਦ ਵੀ ਸਾਂਚੋ ਪਾਂਜਾ, ਡੀ ਕੋਸਟਰ ਦਾ ਯੂਲੈਂਸਪੀਗਲ ਅਤੇ ਅਜਿਹੇ ਹੀ ਕਈ ਹੋਰ ਸ਼ਾਨਦਾਰ ਕਲਾਤਮਕ ਪਾਤਰ ਪੈਦਾ ਹੋਏ। ਪੋਨਸੋਨ ਡੂ ਤੇਰਾਇਲ ਨਾਲ਼ ਸਬੰਧਤ ਇੱਕ ਪ੍ਰਸਿੱਧ ਘਟਨਾ ਜੁਰਮ ਦੇ ਚਿਤਰਣ ਵਿੱਚ ਬੁਰਜੂਆਜ਼ੀ ਦੇ ਡੂੰਘੇ ਜਮਾਤੀ ਹਿੱਤਾਂ ਦਾ ਇੱਕ ਜਾਨਦਾਰ ਸਬੂਤ ਹੈ।

ਜਦੋਂ ਇਸ ਲੇਖਕ ਨੇ ਰੋਕਾਮਬੋਲ ਬਾਰੇ ਆਪਣਾ ਬਹੁ-ਜਿਲਦੀ ਨਾਵਲ ਨਾਇਕ ਦੀ ਮੌਤ ਨਾਲ਼ ਸਮਾਪਤ ਕਰ ਦਿੱਤਾ ਤਾਂ ਉਸਦੇ ਪਾਠਕਾਂ ਨੇ ਉਸਦੇ ਘਰ ਅੱਗੇ ਮੁਜ਼ਾਹਰਾ ਕੀਤਾ ਤੇ ਮੰਗ ਕੀਤੀ ਕਿ ਲੇਖਕ ਨੂੰ ਆਪਣਾ ਨਾਵਲ ਜਾਰੀ ਰੱਖਣਾ ਚਾਹੀਦਾ ਹੈ। ਇਹ ਇੱਕ ਅਜਿਹੀ ਕਾਮਯਾਬੀ ਸੀ ਜਿਹੜੀ ਇਸ ਤੋਂ ਪਹਿਲਾਂ ਯੂਰਪ ਦੇ ਕਿਸੇ ਵੀ ਲੇਖਕ ਨੂੰ ਨਹੀਂ ਮਿਲ਼ੀ ਸੀ। ਪਾਠਕਾਂ ਨੂੰ ਰੋਕਾਮਬੋਲ ਦੇ ਨਾਵਲ ਦੀਆਂ ਕਈ ਹੋਰ ਜਿਲਦਾਂ ਪੜ੍ਹਨ ਨੂੰ ਮਿਲ਼ੀਆਂ ਜਿਹਨਾਂ ਵਿੱਚ ਨਾਇਕ ਨੂੰ ਸਰੀਰਕ ਹੀ ਨਹੀਂ ਨੈਤਿਕ ਤੌਰ 'ਤੇ ਵੀ ਸੁਰਜੀਤ ਕੀਤਾ ਗਿਆ ਸੀ। ਇੱਕ ਕਾਤਿਲ ਅਤੇ ਸੰਨਮਾਰ ਨੂੰ ਚੰਗੇ ਬੁਰਜੂਆ ਦਾ ਰੂਪ ਦੇਣ ਦੀ ਇਹ ਕੋਝੀ ਮਿਸਾਲ

ਬੁਰਜੂਆ ਸਾਹਿਤ ਵਿੱਚ ਆਮ ਮਿਲ਼ਦੀ ਹੈ। ਬੁਰਜੂਆਜ਼ੀ ਨੇ ਚੋਰ ਦੀ ਹੁਨਰਮੰਦੀ ਅਤੇ ਕਾਤਿਲ ਦੀ ਮੱਕਾਰੀ ਨੂੰ ਵੀ ਉਸੇ ਤਰ੍ਹਾਂ ਸਲਾਹਿਆ ਹੈ ਜਿਵੇਂ ਉਹ ਜਾਸੂਸ ਦੀ ਚਤੁਰਾਈ ਨੂੰ ਸਲਾਹੁੰਦੇ ਹਨ। ਯੂਰਪ ਵਿੱਚ ਜਾਸੂਸੀ ਨਾਵਲ ਅੱਜ ਵੀ ਰੱਜੇ-ਪੁੱਜੇ ਲੋਕਾਂ ਦੀ ਪਸੰਦੀਦਾ ਰੂਹਾਨੀ ਖੁਰਾਕ ਹਨ। ਇਸ ਸਾਹਿਤ ਨੇ ਅੱਧ-ਭੁੱਖੇ ਕਿਰਤੀ ਲੋਕਾਂ ਵਿੱਚ ਵੀ ਆਪਣੀ ਜਗ੍ਹਾ ਬਣਾ ਲਈ ਹੈ, ਅਤੇ ਉਹਨਾਂ ਦੀ ਜਮਾਤੀ ਚੇਤਨਾ ਦੇ ਵਿਕਸਤ ਹੋਣ ਦੀ ਸੁਸਤ ਰਫਤਾਰ ਦਾ ਇੱਕ ਕਾਰਨ ਇਹ ਵੀ ਹੈ। ਇਹ ਹੁਨਰਮੰਦ ਬਦਮਾਸ਼ਾਂ ਪ੍ਰਤੀ ਪਸੰਦਗੀ ਦੀ ਭਾਵਨਾ ਅਤੇ ਚੋਰੀ ਕਰਨ—ਬੁਰਜੂਆ ਜਾਇਦਾਦ ਖਿਲਾਫ ਕੁਝ ਵਿਅਕਤੀਆਂ ਵੱਲੋਂ ਵਿੱਢੀ ਪੱਖਪਾਤੀ ਜੰਗ—ਦੀ ਤਾਂਘ ਨੂੰ ਉਤਸ਼ਾਹਿਤ ਕਰਦਾ ਹੈ। ਇਸ ਸਾਹਿਤ ਵਿੱਚ ਉਸ ਕਿਰਤੀ ਜੀਵਨ ਦਾ ਚਿਤਰਨ ਮਿਲ਼ਦਾ ਹੈ ਜਿਸਦਾ ਬੁਰਜੂਆਜ਼ੀ ਨੇ ਬਹੁਤ ਘੱਟ ਮੁੱਲ ਪਾਇਆ ਹੈ ਅਤੇ ਇਹ ਸਾਹਿਤ ਕਤਲ ਅਤੇ ਹੋਰ ਅਪਰਾਧ ਫੈਲਾਉਣ ਵਿੱਚ ਆਪਣਾ ਯੋਗਦਾਨ ਪਾਉਂਦਾ ਹੈ। ਯੂਰਪੀ ਖੂਹ-ਦੇ-ਡੱਡੂਆਂ ਦਾ ਜਾਸੂਸੀ ਨਾਵਲਾਂ ਪ੍ਰਤੀ ਤੀਬਰ ਪਿਆਰ ਲੇਖਕਾਂ ਤੇ ਕਿਤਾਬਾਂ ਦੀ ਬਹੁਤ ਵੱਡੀ ਗਿਣਤੀ ਅਤੇ ਅਜਿਹੀਆਂ ਕਿਤਾਬਾਂ ਦੀ ਵਿਕਰੀ ਤੋਂ ਸਾਫ ਜ਼ਾਹਿਰ ਹੋ ਜਾਂਦਾ ਹੈ।

ਇਹ ਤੱਥ ਵੀ ਬੜਾ ਦਿਲਚਸਪ ਹੈ ਕਿ ਉੱਨੀਵੀਂ ਸਦੀ ਵਿੱਚ, ਜਦੋਂ ਪਾਰਲੀਮੈਂਟ, ਪੱਤਰਕਾਰੀ ਅਤੇ ਸਟਾਕ ਐਕਸਚੇਂਜ ਵਿੱਚ ਤੁੱਛ ਹੇਰਾ-ਫੇਰੀ ਵੀ ਸੂਰਮਗਤੀ ਅਤੇ ਪ੍ਰਭਾਵਸ਼ਾਲੀ ਰੂਪ ਧਾਰ ਗਈ ਤਾਂ ਠੱਗਾਂ ਨੇ ਸਾਹਿਤ ਦਾ ਸਾਰਾ ਮਾਣ ਜਾਸੂਸ ਨੂੰ ਦੇ ਦਿੱਤਾ, ਜਿਸਨੇ ਬੜੀ ਚਲਾਕੀ ਨਾਲ਼ ਇੱਕ ਅਜਿਹੀ ਦੁਨੀਆ ਵਿੱਚ, ਜਿੱਥੇ ਕਿਰਤੀ ਲੋਕਾਂ ’ਤੇ ਹਰ ਤਰ੍ਹਾਂ ਦੇ ਅੱਤਿਆਚਾਰ ਕੀਤੇ ਜਾਂਦੇ ਹਨ, ਕੁਝ ਰਹੱਸਮਈ ਅਪਰਾਧਾਂ ਦਾ ਹੱਲ ਲੱਭ ਲਿਆ, ਜਿਹੜੇ ਕਿ ਸਿਰਫ ਕਲਪਨਾ ਵਿੱਚ ਹੀ ਹੁੰਦੇ ਹਨ। ਸ਼ੈਰਲੌਕ ਹੋਮਜ਼ ਦਾ ਇੰਗਲੈਂਡ ਵਿੱਚ ਪ੍ਰਗਟ ਹੋਣਾ ਕੋਈ ਐਵੇਂ ਹੀ ਇਤਫਾਕੀਆ ਜਿਹੀ ਗੱਲ ਨਹੀਂ ਹੈ, ਅਤੇ ਇਸਦੇ ਨਾਲ਼ ਹੀ ਵੱਡੇ ਤੋਂ ਵੱਡੇ ਜਾਸੂਸ ਨੂੰ ਮਾਤ ਪਾ ਦੇਣ ਵਾਲੇ “ਸ਼ਰੀਫ ਚੋਰਾਂ” ਦਾ ਉਦੈ ਵੀ ਕੋਈ ਸੰਜੋਗ ਨਹੀਂ ਹੈ। ਨਾਇਕਾਂ ਦੇ ਇਸ ਬਦਲਾਓ ਨੂੰ “ਕਲਪਨਾ ਦੀ ਖੇਡ” ਮੰਨਣ ਵਾਲ਼ੇ ਲੋਕ ਗਲਤੀ ਕਰ ਰਹੇ ਹਨ। ਕਲਪਨਾ ਵੀ ਉਸੇ ਚੀਜ਼ ਦੀ ਸਿਰਜਣਾ ਕਰਦੀ ਹੈ ਜਿਸਦੀ ਪ੍ਰੇਰਨਾ ਯਥਾਰਥ ਤੋਂ ਮਿਲਦੀ ਹੋਵੇ; ਇਸ ਉੱਤੇ ਮਨਘੜਤ ਗੱਲਾਂ ਨਹੀਂ ਬਲਕਿ ਅਸਲ ਕਾਰਨ ਆਪਣਾ ਅਸਰ ਪਾਉਂਦੇ ਹਨ, ਮਿਸਾਲ ਵਜੋਂ ਅਜਿਹੇ ਕਾਰਨ ਜਿਹਨਾਂ ਨੇ “ਸੱਜੇ” ਅਤੇ “ਖੱਬੇ” ਧੜੇ ਦੇ ਫਰਾਂਸੀਸੀ ਰਾਜਨੀਤਕ ਲੀਡਰਾਂ ਨੂੰ ਸ਼ਰੀਫ ਚੋਰ ਸਤਾਵਿਸਕੀ ਦੀ ਲਾਸ਼ ਨਾਲ ਬੈਡਮਿੰਟਨ ਖੇਡਣ ਲਈ ਮਜ਼ਬੂਰ ਕੀਤਾ ਤਾਂ ਕਿ ਖੇਡ ਅੰਤ ਵਿੱਚ ਬਰਾਬਰੀ ’ਤੇ ਰਹੇ।

ਸਾਹਿਤਕ ਰਚਨਾਵਾਂ ਦੇ ਸਾਰੇ ਰੂਪਾਂ ਵਿੱਚੋਂ ਡਰਾਮਾ ਅਤੇ ਕਾਮੇਡੀ, ਜਿਹੜੇ ਆਪਣੇ ਪਾਤਰਾਂ ਦੀਆਂ ਭਾਵਨਾਵਾਂ ਅਤੇ ਵਿਚਾਰਾਂ ਨੂੰ ਸਟੇਜੀ ਕਿਰਿਆਵਾਂ ਦੇ ਰੂਪ ਵਿੱਚ ਪ੍ਰਦਰਸ਼ਿਤ ਕਰਦੇ ਹਨ, ਅਜਿਹੇ ਰੂਪ ਮੰਨੇ ਜਾਂਦੇ ਹਨ ਜਿਹੜੇ ਲੋਕਾਂ ’ਤੇ ਸਭ ਤੋਂ ਜ਼ਿਆਦਾ ਅਸਰ ਪਾਉਂਦੇ ਹਨ। ਜੇਕਰ ਅਸੀਂ ਯੂਰਪੀ ਨਾਟਕ ਦੀ ਉੱਨਤੀ ਨੂੰ ਸ਼ੇਕਸਪੀਅਰ ਤੋਂ ਲੈ ਕੇ ਹੁਣ ਤੱਕ ਵਿਚਾਰੀਏ ਤਾਂ ਅਸੀਂ ਦੇਖਦੇ ਹਾਂ ਕਿ ਇਹ ਕੋਤਜ਼ੇਬੂ, ਨੇਸਤਰ ਕੁਕੋਲਨਿਕ*, ਸਾਰਦਾਓ ਅਤੇ ਉਸ ਤੋਂ ਵੀ

* ਕੁਕੋਲਨਿਕ, ਨੇਸਤਰ (1809–1868) — ਰੂਸੀ ਲੇਖਕ ਤੇ ਨਾਟਕਕਾਰ, ਜਿਸਦੀ ਪਿਛਾਂਹਖਿੱਚੂ ਤੇ ਨਕਲੀ ਦੇਸ਼-ਭਗਤੀ ਵਾਲ਼ੀ ਲੇਖਣੀ ਰੂਸੀ ਇਤਿਹਾਸ ਦੇ ਵਿਸ਼ਿਆਂ ਨਾਲ ਸਬੰਧਤ ਸੀ।

ਹੇਠਲੇ ਪੱਧਰ 'ਤੇ ਆ ਗਿਆ ਹੈ। ਜਦਕਿ ਮੋਲੀਏਰ ਦੀ ਕਾਮੇਡੀ ਨਿੱਘਰਦੇ ਨਿੱਘੇਰਦੇ ਸਕਰਾਈਬ ਅਤੇ ਪੋਲੀਏਰਾਂ, ਅਤੇ ਸਾਡੇ ਦੇਸ਼ ਵਿੱਚ ਗਰੀਬੋਏਦੋਵ ਅਤੇ ਗੋਗੋਲ ਤੋਂ ਬਾਅਦ ਲਗਭਗ ਅਲੋਪ ਹੀ ਹੋ ਗਈ ਹੈ। ਕਲਾ ਕਿਉਂਕਿ ਲੋਕਾਂ ਦਾ ਹੀ ਚਿਤਰਣ ਕਰਦੀ ਹੈ, ਇਸ ਤਰ੍ਹਾਂ ਜਾਪਦਾ ਹੈ ਕਿ ਨਾਟਕ ਦਾ ਪਤਨ ਚੰਗੇ ਤਕੜੇ ਅਤੇ ਸਪਸ਼ਟ ਪਾਤਰਾਂ ਦੇ ਵਿਖੰਡਨ ਦੀ ਅਤੇ "ਮਹਾਨ ਹਸਤੀਆਂ" ਦੇ ਅਲੋਪ ਹੋ ਜਾਣ ਦੀ ਗਵਾਹੀ ਭਰਦਾ ਹੈ।

ਵੈਸੇ ਤਾਂ ਅੱਜ ਵੀ ਅਜਿਹੇ ਟਾਈਪ ਮੌਜੂਦ ਹਨ ਅਤੇ ਵਧ-ਫੁੱਲ ਰਹੇ ਹਨ। ਜਿਵੇਂ ਕਿ ਬੁਰਜੂਆ ਪੱਤਰਕਾਰੀ ਵਿੱਚ ਘ੍ਰਿਣਤ ਥੇਰਸਾਈਟ, ਸਾਹਿਤ ਵਿੱਚ ਮਨੁੱਖ-ਦੋਖੀ ਏਥਨਜ਼ ਦ ਟਿਮੋਨ ਅਤੇ ਰਾਜਨੀਤੀ ਵਿੱਚ ਸੂਦਖੋਰ ਸ਼ਾਈਲਾਕ। ਇਸਦੇ ਨਾਲ਼ ਹੀ ਮਜ਼ਦੂਰ ਜਮਾਤ ਦਾ ਗੱਦਾਰ ਜੂਡਾਸ ਅਤੇ ਵਧੀਆ ਢੰਗ ਨਾਲ਼ ਚਿਤਰੇ ਗਏ ਅਤੀਤ ਦੇ ਕਈ ਹੋਰ ਪਾਤਰ। ਸਤਾਰਵੀਂ ਸਦੀ ਤੋਂ ਲੈ ਕੇ ਅਜਿਹੇ ਪਾਤਰਾਂ ਦੀ ਗਿਣਤੀ ਲਗਾਤਾਰ ਵਧਦੀ ਰਹੀ ਹੈ ਅਤੇ ਕੁਆਲਟੀ ਦੇ ਹਿਸਾਬ ਨਾਲ਼ ਇਹ ਹੋਰ ਵੀ ਘਿਣਾਉਣੇ ਹੋ ਗਏ ਹਨ। ਉਸਤਰੀਕ ਸਤਾਵਿਸਕੀ, ਇਵਾਰ ਕਰੂਗਰ ਅਤੇ ਵੀਹਵੀਂ ਸਦੀ ਦੇ ਅਜਿਹੇ ਹੀ ਕਈ ਹੋਰ ਜਾਂਬਾਜਾਂ ਦੇ ਮੁਕਾਬਲੇ ਜੌਹਨ ਲੋ ਤਾਂ ਇੱਕ ਨੌਸਿੱਖੀਆ ਅਤੇ ਬੱਚਾ ਹੀ ਹੈ। ਬਸਤੀਵਾਦੀ ਲੁੱਟਮਾਰ ਦੇ ਖੇਤਰ ਵਿੱਚ ਸੇਸਿਲ ਰੋਡਜ਼ ਅਤੇ ਹੋਰ ਕਈ ਪਾਤਰ ਕਿਸੇ ਤਰ੍ਹਾਂ ਵੀ ਕੋਰਟੇਜ਼ ਅਤੇ ਪਿਜ਼ਾਰੋ ਤੋਂ ਘੱਟ ਨਹੀਂ ਹਨ। ਤੇਲ, ਸਟੀਲ ਅਤੇ ਹੋਰ ਚੀਜ਼ਾਂ ਦੇ ਇਜ਼ਾਰੇਦਾਰ ਲੂਈ ਗਿਆਰਵੇਂ ਅਤੇ ਭਿਆਨਕ ਇਵਾਨ ਨਾਲ਼ੋਂ ਕਿਤੇ ਵਧੇਰੇ ਮਨਹੂਸ ਅਤੇ ਅਪਰਾਧੀ ਹਨ। ਦੱਖਣੀ ਅਮਰੀਕਾ ਦੇ ਕਈ ਛੋਟੇ-ਛੋਟੇ ਗਣਰਾਜਾਂ ਵਿੱਚ ਕੁਝ ਅਜਿਹੇ ਬੰਦੇ ਸਰਗਰਮ ਹਨ ਜਿਹੜੇ ਚੌਦਵੀਂ ਅਤੇ ਪੰਦਰਵੀਂ ਸਦੀ ਦੇ ਇਤਾਲਵੀ ਪੇਸ਼ੇਵਰ ਸਿਪਾਹੀਆਂ ਨਾਲ਼ੋਂ ਕਿਸੇ ਤਰ੍ਹਾਂ ਵੀ ਘੱਟ ਧੜੱਲੇਦਾਰ ਨਹੀਂ ਹਨ। ਰੌਬਰਟ ਓਵਨ ਦਾ ਫੋਰਡ ਕੋਈ ਇਕਲੌਤਾ ਵਿਅੰਗ-ਚਿੱਤਰ ਨਹੀਂ ਹੈ। ਪਿਛਲੇ ਸਮਿਆਂ ਵਿੱਚ ਪੀਅਰਪੌਂਟ ਮੌਰਗਨ ਜਿਹੇ ਭਿਆਨਕ ਪਾਤਰ ਦੇ ਹਾਣ ਦਾ ਕੋਈ ਸਖਸ਼ ਨਹੀਂ ਹੋਇਆ, ਸਿਵਾਏ ਪੁਰਾਣੇ ਸਮਿਆਂ ਦੇ ਕਿਸੇ ਉਸ ਰਾਜੇ ਦੇ ਜਿਸਨੇ ਗਲ਼ੇ ਰਾਹੀਂ ਪਿਘਲ਼ਿਆ ਹੋਇਆ ਸੋਨਾ ਨਿਗਲ਼ ਲਿਆ ਸੀ।

ਬੇਸ਼ੱਕ ਅਜਿਹੇ ਟਾਈਪ 19ਵੀਂ ਅਤੇ 20ਵੀਂ ਸਦੀ ਵਿੱਚ ਬੁਰਜੂਆਜ਼ੀ ਦੀਆਂ ਅਮਲੀ ਸਰਗਰਮੀਆਂ ਦੁਆਰਾ ਰਚੇ "ਮਹਾਨ" ਲੋਕਾਂ ਦੀ ਵੰਨ-ਸੁਵੰਨਤਾ ਨੂੰ ਖਤਮ ਨਹੀਂ ਕਰ ਦਿੰਦੇ। ਅਜਿਹੇ ਲੋਕਾਂ ਦੇ ਚਰਿੱਤਰ ਦੀ ਦ੍ਰਿੜਤਾ ਤੋਂ ਅਤੇ ਪੈਸਾ ਇਕੱਠਾ ਕਰਨ ਦੀ, ਦੁਨੀਆਂ ਨੂੰ ਲੁੱਟਣ ਦੀ ਅਤੇ ਆਪਣੀ ਨਿੱਜੀ ਖੁਸ਼ਹਾਲੀ ਲਈ ਕੌਮਾਂਤਰੀ ਪੱਧਰ 'ਤੇ ਕਤਲੇਆਮ ਕਰਨ ਦੀ ਉਸਤਾਦਾਨਾ ਪ੍ਰਤਿਭਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਕੋਈ ਉਹਨਾਂ ਦੀਆਂ ਘ੍ਰਿਣਤ ਸਰਗਰਮੀਆਂ ਵਿਚਲੀ ਹੈਰਾਨ ਕਰ ਦੇਣ ਵਾਲ਼ੀ ਬੇਸ਼ਰਮੀ ਅਤੇ ਨਿਰਦਈਪੁਣੇ ਤੋਂ ਮੁਨਕਰ ਹੋ ਸਕਦਾ ਹੈ। ਆਲੋਚਨਾਤਮਕ ਨਜ਼ਰ ਤੋਂ ਯਥਾਰਥਵਾਦੀ ਅਤੇ ਕਲਾਤਮਕ ਯੂਰਪੀ ਸਾਹਿਤ ਨੇ ਅਜਿਹੇ ਲੋਕਾਂ ਨੂੰ ਇੰਜ ਅੱਖੋਂ ਓਹਲੇ ਕਰ ਛੱਡਿਆ ਹੈ ਜਿਵੇਂ ਕਿ ਇਹਨਾਂ ਦੀ ਹੋਂਦ ਤੋਂ ਹੀ ਅਨਜਾਣ ਹੋਵੇ।

ਨਾ ਤਾਂ ਨਾਟਕ ਵਿੱਚ ਅਤੇ ਨਾ ਹੀ ਨਾਵਲ ਵਿੱਚ ਸਾਨੂੰ ਬੈਂਕਰਾਂ, ਸਨਅਤਕਾਰਾਂ ਅਤੇ

ਸਿਆਸਤਦਾਨਾਂ ਦੀ ਐਸੀ ਟਾਈਪ ਮਿਲ਼ਦੀ ਜਿਸਨੂੰ ਕਲਾ ਦੀ ਉਸ ਤਾਕਤ ਨਾਲ਼ ਚਿਤਰਿਆ ਗਿਆ ਹੋਵੇ, ਜਿਸ ਨਾਲ਼ ਸਾਹਿਤ ਨੇ ਸਮਾਜਕ ਤੌਰ ’ਤੇ “ਵਾਧੂ” ਲੋਕਾਂ ਨੂੰ ਚਿਤਰਿਆ ਹੈ। ਸਾਹਿਤ ਨੇ ਬੁਰਜੂਆ ਸੱਭਿਆਚਾਰ ਦੇ ਆਗੂ ਅਤੇ ਸਿਰਜਕ—ਵਿਗਿਆਨੀ, ਕਲਾਕਾਰ ਅਤੇ ਤਕਨੀਕ ਦੇ ਕਾਢੀਆਂ—ਦੀ ਦੁਖਾਂਤਕ ਅਤੇ ਆਮ ਹੋਣੀ ਨੂੰ ਪ੍ਰਤੀਬਿੰਬਤ ਨਹੀਂ ਕੀਤਾ ਹੈ। ਅਤੇ ਨਾ ਹੀ ਕੌਮਾਂ ਨੂੰ ਵਿਦੇਸ਼ੀ ਸੱਤਾ ਤੋਂ ਮੁਕਤ ਕਰਵਾਉਣ ਲਈ ਲੜਨ ਵਾਲ਼ੇ ਅਤੇ ਥੌਮਸ ਮੋਰ, ਕੈਂਪਾਨੈਲਾ ਅਤੇ ਸੰਤ ਸਿਮੋਨ ਵਰਗੇ ਕੁੱਲ ਲੋਕਾਈ ਦੇ ਭਾਈਚਾਰੇ ਦਾ ਸੁਪਨਾ ਲੈਣ ਵਾਲ਼ੇ ਨਾਇਕਾਂ ਦਾ ਹੀ ਕੋਈ ਚਿਤਰਣ ਕੀਤਾ ਹੈ। ਇਹ ਸਭ ਕੁਝ ਹੇਠੀ ਕਰਨ ਲਈ ਨਹੀਂ ਕਿਹਾ ਜਾ ਰਿਹਾ। ਅਤੀਤ ਬੇਦਾਗ ਨਹੀਂ ਹੁੰਦਾ ਪਰ ਇਸਦੀ ਨਿੰਦਾ ਕਰਨਾ ਕੋਈ ਬਹੁਤ ਸਿਆਣਪ ਵਾਲ਼ੀ ਗੱਲ ਵੀ ਨਹੀਂ ਹੈ। ਬੀਤੇ ਸਮੇਂ ਦਾ ਅਧਿਐਨ ਕਰਨਾ ਜ਼ਿਆਦਾ ਜ਼ਰੂਰੀ ਹੈ।

20ਵੀਂ ਸਦੀ ਦੇ ਯੂਰਪੀ ਸਾਹਿਤ ਦੀ ਇਸ ਨਿਪੁੰਸਕਤਾ ਦਾ ਕਾਰਨ ਕੀ ਹੈ? ਕਲਾ ਦੀ ਆਜ਼ਾਦੀ ਅਤੇ ਰਚਨਾਤਮਕ ਚਿੰਤਨ ਦੀ ਮਨ-ਮਰਜ਼ੀ ਦੇ ਹੱਕ ਵਿੱਚ ਬੜਾ ਜੋਸ਼ ਅਤੇ ਸ਼ਬਦ-ਆਡੰਬਰਪੁਣਾ ਦਿਖਾਇਆ ਗਿਆ ਸੀ, ਜਮਾਤਾਂ ਤੋਂ ਪਰ੍ਹੇ ਸਾਹਿਤ ਦੀ ਹੋਂਦ ਤੇ ਵਿਕਾਸ ਦੀ ਸੰਭਾਵਨਾ ਅਤੇ ਸਮਾਜਿਕ ਰਾਜਨੀਤੀ ਤੋਂ ਇਸਦੀ ਸੁਤੰਤਰਤਾ ’ਤੇ ਕਾਫੀ ਜ਼ੋਰ ਦਿੱਤਾ ਗਿਆ ਸੀ। ਇਹ ਦਾਅਵਾ ਇੱਕ ਘਟੀਆ ਰਾਜਨੀਤੀ ਸੀ, ਕਿਉਂਕਿ ਇਸਦੀ ਵਜ੍ਹਾ ਨਾਲ਼ ਕਈ ਲੇਖਕਾਂ ਦੀ ਅਸਲ ਜ਼ਿੰਦਗੀ ਦਾ ਨਿਰੀਖਣ ਕਰਨ ਦੀ ਉਮੀਦ ਹੌਲ਼ੀ-ਹੌਲ਼ੀ ਬਹੁਤ ਘੱਟ ਹੋ ਗਈ, ਉਹ ਇਸ ਜੀਵਨ ਦੇ ਵਿਸ਼ਾਲ ਅਤੇ ਬਹੁ-ਪੱਖੀ ਅਧਿਐਨ ਤੋਂ ਮੁਨਕਰ ਹੋ ਗਏ, ਆਪਣੇ ਆਪ ਨੂੰ “ਆਤਮਾ ਦੇ ਇਕਲਾਪੇ” ਵਿੱਚ ਕੈਦ ਕਰ ਲਿਆ ਅਤੇ ਜੀਵਨ ਤੋਂ ਟੁੱਟੇ ਹੋਏ ਆਪ-ਹੁਦਰੇ ਚਿੰਤਨ ਤੇ ਅੰਤਰ-ਧਿਆਨ ਰਾਹੀਂ “ਸਵੈ-ਸੋਝੀ” ਦੇ ਉਜਾੜੇ ਵਿੱਚ ਜਾ ਬਿਰਾਜੇ। ਯਥਾਰਥਕ ਜੀਵਨ, ਜਿਸ ਵਿੱਚ ਰਾਜਨੀਤੀ ਧੁਰ ਅੰਦਰ ਤੱਕ ਰਮੀ ਹੋਈ ਹੈ, ਦੇ ਬੰਧਨਾਂ ਤੋਂ ਬਾਹਰ ਮਨੁੱਖ ਅਬੋਧ ਸਿੱਧ ਹੋਇਆ। ਆਪਣੇ ਆਪ ਲਈ ਉਸਨੇ ਚਾਹੇ ਕਿੰਨੀ ਵੀ ਗੁੰਝਲਦਾਰ ਵਿਆਖਿਆ ਬਣਾ ਲਈ ਹੋਵੇ ਪਰ ਉਹ ਫਿਰ ਵੀ ਇੱਕ ਸਮਾਜਕ ਇਕਾਈ ਹੀ ਰਿਹਾ, ਗ੍ਰਹਿ-ਨਛੱਤਰਾਂ ਵਾਂਗ ਬ੍ਰਹਿਮੰਡੀ ਇਕਾਈ ਨਹੀਂ ਬਣ ਸਕਿਆ। ਇਸ ਤਰ੍ਹਾਂ ਜਾਪਦਾ ਹੈ ਕਿ ਵਿਅਕਤੀਵਾਦ ਦੇ ਹਾਉਮੈਵਾਦ ਵਿੱਚ ਵਿਕਾਸ ਦੌਰਾਨ ਇਹ “ਵਾਧੂ ਲੋਕ” ਪ੍ਰਗਟ ਹੋਏ ਹਨ। ਇਹ ਗੱਲ ਕਈ ਵਾਰ ਵੇਖੀ ਗਈ ਹੈ ਕਿ “ਵਾਧੂ ਲੋਕ” ਇੱਕ ਅਜਿਹੀ ਟਾਈਪ ਸਨ ਜਿਹਨਾਂ ਨੂੰ 19ਵੀਂ ਸਦੀ ਦੇ ਯੂਰਪੀ ਸਾਹਿਤ ਨੇ ਕਮਾਲ ਦੀ ਮੁਹਾਰਤ ਅਤੇ ਦ੍ਰਿੜ ਵਿਸ਼ਵਾਸ ਨਾਲ਼ ਚਿਤਰਿਆ ਹੈ। ਆਪਣੇ ਵਿਕਾਸ ਦੌਰਾਨ ਸਾਹਿਤ ਕਈ ਪੜਾਵਾਂ ਚੋਂ ਹੋ ਕੇ ਇਸ ਪੜਾਅ ਤੱਕ ਅੱਪੜ ਗਿਆ ਹੈ: ਕਿਰਤ ਦੇ ਨਾਇਕ ਤੋਂ ਲੈ ਕੇ, ਜਿਹੜਾ ਕਿ ਤਕਨੀਕੀ ਤੌਰ ’ਤੇ ਨਿਹੱਥਾ ਹੋਣ ਦੇ ਬਾਵਜੂਦ ਵੀ ਆਪਣੇ ਅੰਦਰਲੀ ਜੇਤੂ ਤਾਕਤ ਬਾਰੇ ਚੇਤੰਨ ਸੀ; ਜਗੀਰੂ ਯੋਧੇ ਤੋਂ, ਜਿਹੜਾ ਉਸਾਰਨ ਨਾਲ਼ੋਂ ਲੁੱਟ-ਖੋਹ ਕਰਨ ਨੂੰ ਜ਼ਿਆਦਾ ਸੌਖਾ ਮੰਨਦਾ ਸੀ; ਠੱਗ ਤੋਂ, ਬੁਰਜੂਆਜ਼ੀ ਜਿਸਦੀ ਬਹੁਤ ਸ਼ੌਕੀਨ ਹੈ ਅਤੇ ਜਿਹੜਾ ਬੁਰਜੂਆਜ਼ੀ ਦਾ “ਜ਼ਿੰਦਗੀ ਦਾ ਅਧਿਆਪਕ” ਵੀ ਹੈ — ਉਹ ਠੱਗ ਜਿਹੜਾ ਇਹ ਸਮਝਦਾ ਹੈ ਕਿ ਕੰਮ ਕਰਨ ਨਾਲ਼ੋਂ ਧੋਖਾਧੜੀ ਕਰਨਾ ਅਤੇ ਚੋਰੀ ਕਰਨਾ ਜ਼ਿਆਦਾ ਸੌਖਾ ਹੈ। ਸਾਹਿਤ ਉਹਨਾਂ ਪ੍ਰਭਾਵਸ਼ਾਲੀ

ਪਾਤਰਾਂ ਨੂੰ ਨਜ਼ਰਅੰਦਾਜ਼ ਕਰਕੇ ਇਸ ਪੜਾਅ 'ਤੇ ਪਹੁੰਚਿਆ ਹੈ ਜਿਹਨਾਂ ਨੇ ਪੂੰਜੀਵਾਦ ਦੀ ਨੀਂਹ ਰੱਖੀ ਅਤੇ ਮਨੁੱਖ ਜਾਤੀ ਦਾ ਸ਼ੋਸ਼ਣ ਕੀਤਾ, ਜਿਹੜੇ ਜਗੀਰਦਾਰਾਂ, ਪਾਦਰੀਆਂ, ਰਾਜਿਆਂ ਅਤੇ ਜ਼ਾਰਾਂ ਨਾਲ਼ੋਂ ਵੀ ਕਿਤੇ ਵਧੇਰੇ ਨਿਰਦਈ ਸਨ।

ਪੱਛਮ ਦੇ ਬੁਰਜੂਆ ਸਾਹਿਤ ਵਿੱਚ ਲੇਖਕਾਂ ਨੂੰ ਦੋ ਧੜਿਆਂ ਵਿੱਚ ਵੰਡ ਕੇ ਦੇਖਣਾ ਚਾਹੀਦਾ ਹੈ; ਇੱਕ ਧੜੇ ਨੇ ਆਪਣੀ ਜਮਾਤ ਦੀ ਉਸਤਤ ਕੀਤੀ ਹੈ ਅਤੇ ਇਸਦਾ ਮਨੋਰੰਜਨ ਕੀਤਾ ਹੈ, ਜਿਸ ਵਿੱਚ ਟਰੌਲਪ, ਵਿਲਕੀ ਕਾਲਿਨਜ਼, ਬ੍ਰੈਡਨ, ਮਾਰੀਅਟ, ਜੈਰੋਮ, ਪਾਲ ਡੀ ਕਾਕ, ਪਾਲ ਫੇਵਲ, ਅਕਟੇਵ ਫਿਊਲੈਟ, ਓਹਨੈੱਟ, ਗ੍ਰੀਗਰ ਸਾਮਾਰੋ, ਜੂਲੀਅਸ ਸਟਿੰਡੇ ਅਤੇ ਅਜਿਹੇ ਹੀ ਸੈਂਕੜੇ ਹੋਰ ਲੇਖਕ ਹਨ। ਇਹ ਸਾਰੇ ਐਨ "ਚੰਗੇ ਬੁਰਜੂਆ" ਅਤੇ ਪ੍ਰਤਿਭਾਹੀਣ ਸਨ, ਪਰ ਆਪਣੇ ਪਾਠਕਾਂ ਜਿੰਨੇ ਹੀ ਚਤੁਰ ਅਤੇ ਲੱਚਰ ਸਨ। ਦੂਸਰੇ ਧੜੇ ਵਿੱਚ ਕੁਝ ਦਰਜਨ ਨਾਮ ਹਨ ਜਿਹਨਾਂ ਵਿੱਚ ਆਲੋਚਨਾਤਮਕ ਯਥਾਰਥਵਾਦ ਅਤੇ ਇਨਕਲਾਬੀ ਰੋਮਾਂਸਵਾਦ ਦੇ ਸਿਰਕੱਢ ਅਤੇ ਪ੍ਰਬੀਨ ਸਿਰਜਕ ਹਨ। ਇਹ ਸਾਰੇ ਉਹ ਬੇਮੁੱਖ ਲੋਕ ਹਨ, ਜਿਹੜੇ ਭਟਕਦੇ ਹੋਏ ਆਪਣੀ ਜਮਾਤ ਤੋਂ ਦੂਰ ਨਿੱਕਲ਼ ਆਏ ਹਨ, ਉਹ ਕੁਲੀਨ ਲੋਕ ਸਨ ਜਿਹਨਾਂ ਨੂੰ ਬੁਰਜੂਆਜ਼ੀ ਨੇ ਤਬਾਹ ਕਰ ਦਿੱਤਾ ਸੀ, ਜਾਂ ਫਿਰ ਨਿੱਕ-ਬੁਰਜੂਆਜ਼ੀ ਦੇ ਉਹ ਬੱਚੇ ਹਨ ਜਿਹੜੇ ਆਪਣੀ ਜਮਾਤ ਦੇ ਸਾਹ-ਘੋਟੂ ਮਹੌਲ 'ਚੋਂ ਬਾਹਰ ਆ ਗਏ ਹਨ। ਯੂਰਪੀ ਲੇਖਕਾਂ ਦੇ ਇਸ ਧੜੇ ਦੇ ਮੈਂਬਰਾਂ ਦੁਆਰਾ ਲਿਖੀਆਂ ਕਿਤਾਬਾਂ ਸਾਡੇ ਲਈ ਨਿਰਵਿਵਾਦ ਅਤੇ ਦੁੱਗਣੀ ਅਹਿਮੀਅਤ ਰੱਖਦੀਆਂ ਹਨ। ਪਹਿਲਾਂ ਤਾਂ ਸਾਹਿਤਕ ਕ੍ਰਿਤਾਂ ਦੇ ਤਕਨੀਕੀ ਮਾਡਲ ਵਜੋਂ, ਅਤੇ ਦੂਜਾ ਅਜਿਹੇ ਦਸਤਾਵੇਜ਼ਾਂ ਵਜੋਂ ਜਿਹੜੇ ਬੁਰਜੂਆਜ਼ੀ ਦੀ ਚੜ੍ਹਤ ਅਤੇ ਪਤਨ ਦੀ ਵਿਆਖਿਆ ਕਰਦੇ ਹਨ, ਇਸ ਜਮਾਤ ਦੇ ਧਰਮ-ਤਿਆਗੀਆਂ ਵੱਲੋਂ ਰਚੇ ਦਸਤਾਵੇਜ਼ਾਂ ਵਜੋਂ ਜਿਹੜੇ ਇਸਦੇ ਜੀਵਨ ਦੇ ਢੰਗ-ਤਰੀਕੇ, ਰੀਤੀ-ਰਿਵਾਜ ਅਤੇ ਸਰਗਰਮੀਆਂ ਨੂੰ ਆਲੋਚਨਾਤਮਕ ਨਜ਼ਰ ਤੋਂ ਚਿਤਰਦੇ ਹਨ।

ਆਲੋਚਨਾਤਮਕ ਯਥਾਰਥਵਾਦ ਵੱਲੋਂ 19ਵੀਂ ਸਦੀ ਦੇ ਯੂਰਪੀ ਸਾਹਿਤ ਵਿੱਚ ਨਿਭਾਈ ਭੂਮਿਕਾ ਦਾ ਵਿਸਤਾਰਪੂਰਵਕ ਵਿਸ਼ਲੇਸ਼ਣ ਮੇਰੀ ਇਸ ਰਿਪੋਰਟ ਦੇ ਦਾਇਰੇ ਅੰਦਰ ਨਹੀਂ ਆਉਂਦਾ। ਇਸ ਯਥਾਰਥਵਾਦ ਦਾ ਮੂਲ ਮੰਤਵ ਜੱਥੇਬੰਦ ਹੋ ਰਹੀ ਜਮਹੂਰੀਅਤ ਦੁਆਰਾ ਜਗੀਰੂ ਰੂੜੀਵਾਦ ਵਿਰੁੱਧ ਸੰਘਰਸ਼ ਕਰਨਾ ਸੀ, ਜਿਹੜਾ ਕਿ ਵੱਡੇ ਵਪਾਰੀਆਂ ਨੇ ਮੁੜ-ਸੁਰਜੀਤ ਕਰ ਦਿੱਤਾ ਸੀ, ਇਸਨੂੰ ਨਿੱਕ-ਬੁਰਜੂਆ ਜਮਾਤ ਦਾ ਸੰਘਰਸ਼ ਵੀ ਕਿਹਾ ਜਾ ਸਕਦਾ ਹੈ, ਜਿਹੜਾ ਇਸ ਜਮਾਤ ਨੇ ਉਦਾਰ ਅਤੇ ਮਨੁੱਖਤਾਵਾਦੀ ਵਿਚਾਰਾਂ ਦੇ ਆਧਾਰ 'ਤੇ ਲੜਿਆ। ਇਸ ਜਮਾਤ ਦੇ ਕਈ ਲੇਖਕ ਅਤੇ ਬਹੁਤੇ ਪਾਠਕ ਜਮਹੂਰੀਅਤ ਦੀ ਵਿਵਸਥਾ ਨੂੰ ਪ੍ਰੋਲੇਤਾਰੀ ਦੇ ਵਧਦੇ ਜਾਂਦੇ ਦਬਾਅ ਅਤੇ ਵੱਡੀ ਬੁਰਜੂਆਜ਼ੀ ਤੋਂ ਆਪਣੀ ਰੱਖਿਆ ਦੀ ਲੋੜ ਹੀ ਸਮਝਦੇ ਸਨ।

ਤੁਸੀਂ ਸਾਰੇ ਜਾਣਦੇ ਹੋ ਕਿ 19ਵੀਂ ਸਦੀ ਦੇ ਰੂਸੀ ਸਾਹਿਤ ਨੇ ਪੱਛਮੀ ਸਾਹਿਤ ਦੀਆਂ ਸਾਰੀਆਂ ਰੁਚੀਆਂ ਅਤੇ ਝੁਕਾਅ ਇੱਕ ਨਿਯਮਤ ਅੰਤਰਾਲ ਨਾਲ਼ ਦੁਹਰਾਏ ਹਨ, ਅਤੇ

ਆਪਣੇ ਵੱਲੋਂ ਵੀ ਪੱਛਮੀ ਸਾਹਿਤ ’ਤੇ ਅਸਰ ਪਾਇਆ ਹੈ। ਇਹ ਰੂਸੀ ਬੁਰਜੂਆ ਸਾਹਿਤ ਦੀ ਇੱਕ ਵਿਸ਼ੇਸ਼ਤਾ ਹੀ ਮੰਨੀ ਜਾ ਸਕਦੀ ਹੈ ਕਿ ਇਸਨੇ “ਵਾਧੂ ਲੋਕਾਂ” ਦੀ ਟਾਈਪ ਦੀ ਬਹੁਗਿਣਤੀ ਵਿੱਚ ਰਚਨਾ ਕੀਤੀ ਹੈ ਜਿਸ ਵਿੱਚ ਬੇਹੱਦ ਮੌਲਿਕ “ਸ਼ਰਾਰਤੀ” ਟਾਈਪ ਵੀ ਹੈ, ਜਿਹੜੇ ਯੂਰਪ ਲਈ ਬਿਲਕੁਲ ਹੀ ਨਵੇਂ ਹਨ। ਲੋਕ–ਸਾਹਿਤ ਵਿੱਚ ਇਹਨਾਂ ਨੂੰ ਵਾਸੀਲੀ ਬੁਸਲਾਯੇਵ ਅਤੇ ਇਤਿਹਾਸ ਵਿੱਚ ਫਿਓਦੋਰ ਤਾਲਸਤਾਏ, ਮਿਖਾਈਲ ਬਾਕੂਨਿਨ ਅਤੇ ਉਹਨਾਂ ਜਿਹੇ ਹੀ ਹੋਰ ਕਈ ਲੋਕਾਂ ਨੇ ਪੇਸ਼ ਕੀਤਾ ਹੈ। ਇਸਦੇ ਨਾਲ਼ ਹੀ ਅਜਿਹੇ ਟਾਈਪ ਵੀ ਮਿਲਦੇ ਹਨ ਜਿਹੜੇ ਜੀਵਨ ਵਿੱਚ ਖਬਤੀ ਅਤੇ ਤੁੱਛ ਜਰਵਾਣੇ ਹਨ ਅਤੇ ਸਾਹਿਤ ਵਿੱਚ “ਪਛਤਾਵੇ ਦੇ ਮਾਰੇ ਕੁਲੀਨ” ਹਨ।

ਬਿਲਕੁਲ ਪੱਛਮੀ ਸਾਹਿਤ ਵਾਂਗ ਸਾਡਾ ਸਾਹਿਤ ਵੀ ਦੋ ਧਾਰਾਂਵਾਂ ਵਿੱਚ ਵਿਕਸਤ ਹੋਇਆ ਹੈ। ਇੱਕ ਧਾਰਾ ਆਲੋਚਨਾਤਮਕ ਯਥਾਰਥਵਾਦ ਦੀ ਹੈ ਜਿਸਦੀ ਪ੍ਰਤੀਨਿਧਤਾ ਫੋਨਵਿਜ਼ਿਨ, ਗਰੀਬੋਯੇਦੋਵ, ਗੋਗੋਲ, ਆਦਿ ਤੋਂ ਲੈ ਕੇ ਚੈਖ਼ਵ ਅਤੇ ਬੂਨਿਨ ਨੇ ਕੀਤੀ ਹੈ। ਦੂਜੀ ਧਾਰਾ ਸ਼ੁੱਧ ਨਿੱਕ–ਬੁਰਜੂਆ ਸਾਹਿਤ ਦੀ ਹੈ ਜਿਸਦੇ ਪ੍ਰਤੀਨਿਧੀ ਬੁਲਗਾਰਿਨ, ਮਾਸਾਲਸਕੀ, ਜ਼ੋਤੋਵ, ਗੋਲਿਤਸੇਨਸਕੀ, ਵੋਨਲੀਆਰਲੀਆਰਸਕੀ, ਸੇਵੋਲੋਦ ਕਰੇਸਤੋਵਸਕੀ, ਸੇਵੋਲੋਦ ਸੋਲੋਵਿਓਵ ਤੋਂ ਲੈ ਕੇ ਲੇਯਕਿਨ ਅਤੇ ਅਵੇਰਚੇਂਕੋ ਅਤੇ ਅਜਿਹੇ ਹੀ ਕਈ ਹੋਰ ਲੇਖਕ ਹਨ।

ਜਦੋਂ ਜਗੀਰੂ ਯੋਧੇ ਦੇ ਨਾਲ਼–ਨਾਲ਼ ਸਫਲ ਅਤੇ ਅਮੀਰ ਠੱਗ ਵੀ ਆ ਖੜਾ ਹੋਇਆ ਤਾਂ ਸਾਡੇ ਲੋਕ–ਸਾਹਿਤ ਨੇ ਅਮੀਰ ਆਦਮੀ ਦੇ ਸਾਥੀ ਵਜੋਂ ਇਵਾਨ ਸਿੱਧਰੇ ਦੀ ਰਚਨਾ ਕਰ ਲਈ। ਇਵਾਨ ਸਿੱਧਰਾ ਇੱਕ ਵਿਅੰਗਾਤਮਕ ਟਾਈਪ ਹੈ ਜਿਹੜਾ ਕੁੱਬੇ ਘੋੜੇ ਦੀ ਮੱਦਦ ਨਾਲ਼ ਕਾਫੀ ਦੌਲਤ ਇਕੱਠੀ ਕਰ ਲੈਂਦਾ ਹੈ ਅਤੇ ਇੱਥੋਂ ਤੱਕ ਕਿ ਜ਼ਾਰ ਵੀ ਬਣ ਜਾਂਦਾ ਹੈ, ਅਤੇ ਜਿਸਨੇ ਸੂਰਮਗਤੀ ਦੀਆਂ ਜਾਦੂਈ ਕਹਾਣੀਆਂ ਵਿੱਚ ਇੱਕ ਚੰਗਾ ਸਥਾਨ ਹਾਸਿਲ ਕਰ ਲਿਆ ਹੈ। ਅਮੀਰ ਆਦਮੀ ਨੇ ਗਰੀਬ ਗੁਲਾਮਾਂ ਵਿੱਚ ਖ਼ੈਰਾਤ ਵੰਡ ਕੇ ਕਾਫੀ ਜੱਸ ਖੱਟਿਆ ਅਤੇ ਇਸੇ ਜਸ ਦੀ ਬਦੌਲਤ ਉਹ ਅਮੀਰ ਆਦਮੀ ਅਤੇ ਯੋਧਾ ਲੋਕਾਂ ਨੂੰ ਲੁੱਟਣ ਦੇ ਯੋਗ ਬਣੇ।

ਗੁਲਾਮਾਂ ਨੂੰ ਭਾਣਾ ਮੰਨਣ ਦੀ ਸਿੱਖਿਆ ਦੇਣ ਲਈ ਅਤੇ ਉਹਨਾਂ ਦੇ ਮਨਾਂ ’ਤੇ ਆਪਣੀ ਸੱਤਾ ਮਜ਼ਬੂਤ ਕਰਨ ਦੇ ਯਤਨਾਂ ਵਿੱਚ ਚਰਚ ਨੇ ਸਬਰ–ਸੰਤੋਖ ਅਤੇ ਹਲੀਮੀ ਦੇ ਮਾਡਲ ਰਚ ਕੇ ਅਤੇ “ਈਸਾ ਦੀ ਸ਼ਾਨ” ਲਈ ਸ਼ਹੀਦ ਹੋਣ ਵਾਲੇ ਪਾਤਰਾਂ ਦੀ ਰਚਨਾ ਕਰਕੇ ਗੁਲਾਮਾਂ ਨੂੰ ਦਿਲਾਸਾ ਦਿੱਤਾ। ਇਸਨੇ ਇਸਾਈ–ਸੰਨਿਆਸੀ ਵੀ ਪੈਦਾ ਕੀਤੇ, ਅਤੇ ਇਸ ਤਰ੍ਹਾਂ ਜਿਹੜੇ ਲੋਕ ਚਰਚ ਦੇ ਕੰਮ ਦੇ ਨਹੀਂ ਸਨ ਉਹਨਾਂ ਨੂੰ ਮਾਰੂਥਲਾਂ, ਜੰਗਲ਼ਾਂ ਅਤੇ ਇਕਾਂਤ–ਮੱਠਾਂ ਵਿੱਚ ਭੇਜ ਦਿੱਤਾ।

ਜਿਵੇਂ–ਜਿਵੇਂ ਹਾਕਮ ਜਮਾਤ ਛੋਟੀਆਂ–ਛੋਟੀਆਂ ਇਕਾਈਆਂ ਵਿੱਚ ਟੁੱਟਦੀ ਗਈ ਉਵੇਂ ਹੀ ਇਸਦੇ ਨਾਇਕ ਵੀ ਤੁੱਛ ਬਣਦੇ ਗਏ। ਇੱਕ ਸਮਾਂ ਉਹ ਵੀ ਆਇਆ ਜਦੋਂ ਲੋਕ–ਸਾਹਿਤ ਦੇ “ਬੁੱਧੂਆਂ” ਨੇ ਸਾਂਚੋਂ ਪਾਂਜ਼ਿਆਂ, ਸਿੰਪਲੀਸਿੱਸੀਮਿਉਸਾਂ ਅਤੇ ਯੂਲੈਂਸਪੀਗਲ ਦਾ

ਰੂਪ ਧਾਰ ਕੇ ਚਤੁਰਾਈ ਦੇ ਮਾਮਲੇ ਵਿੱਚ ਜਗੀਰਦਾਰਾਂ ਨੂੰ ਵੀ ਮਾਤ ਪਾ ਦਿੱਤੀ ਅਤੇ ਐਨੇ ਦਲੇਰ ਹੋ ਗਏ ਕਿ ਆਪਣੇ ਮਾਲਕਾਂ ਦਾ ਮਜ਼ਾਕ ਉਡਾਉਣ ਲੱਗ ਪਏ। ਇਸ ਵਿੱਚ ਕੋਈ ਸ਼ੱਕ ਵਾਲ਼ੀ ਗੱਲ ਨਹੀਂ ਹੈ ਕਿ ਇਹਨਾਂ ਹੀ ਪਾਤਰਾਂ ਨੇ ਉਹਨਾਂ ਰੁਚੀਆਂ ਅਤੇ ਝੁਕਾਵਾਂ ਦਾ ਪਾਲਣ-ਪੋਸ਼ਣ ਕੀਤਾ ਜਿਹੜੇ 16ਵੀਂ ਸਦੀ ਦੇ ਪਹਿਲੇ ਅੱਧ ਦੌਰਾਨ ਟੈਬੋਰਾਈਟ ਦੇ ਵਿਚਾਰਾਂ ਅਤੇ ਨਾਈਟਾਂ (Knights) ਖ਼ਿਲਾਫ਼ ਕਿਸਾਨ-ਜੰਗਾਂ ਦੇ ਰੂਪ ਵਿੱਚ ਪ੍ਰਗਟ ਹੋਏ।

ਲੋਕ-ਸਾਹਿਤ ਦੀ ਜਾਣਕਾਰੀ ਤੋਂ ਬਿਨਾਂ ਦੱਬੇ-ਕੁਚਲੇ ਲੋਕਾਂ ਦਾ ਸਹੀ ਇਤਿਹਾਸ ਕਦੇ ਵੀ ਨਹੀਂ ਜਾਣਿਆ ਜਾ ਸਕਦਾ। ਲੋਕ-ਸਾਹਿਤ ਨੇ ਖਾਸ ਤੌਰ 'ਤੇ ਅਤੇ ਲਗਾਤਾਰ ਸਿਰਕੱਢ ਸਾਹਿਤਕ ਕ੍ਰਿਤਾਂ 'ਤੇ ਆਪਣਾ ਅਸਰ ਪਾਇਆ ਹੈ, ਜਿਵੇਂ ਕਿ 'ਫਾਊਸਟ', 'ਬੈਰਨ ਮੁਨਚਾਉਸੇਨ ਦੇ ਕਾਰਨਾਮੇ', 'ਗਾਰਗੰਤੂਆ ਅਤੇ ਪੈਂਤਾਗਰੂਅਲ', ਡੀ ਕੋਸਟਰ ਦਾ 'ਤੀਲ ਯੂਲੈਂਸਪੀਗਲ' ਅਤੇ ਸ਼ੈਲੇ ਦਾ 'ਪ੍ਰੋਮੇਥੀਅਸ' ਆਦਿ। ਪ੍ਰਾਚੀਨ ਸਮਿਆਂ ਤੋਂ ਹੀ ਲੋਕ-ਸਾਹਿਤ ਨੇ ਇਤਿਹਾਸ ਦਾ ਡੱਟ ਕੇ ਅਤੇ ਆਪਣੇ ਹੀ ਅੰਦਾਜ਼ ਵਿੱਚ ਸਾਥ ਦਿੱਤਾ ਹੈ। ਲੋਕ-ਸਾਹਿਤ ਨੇ ਲੂਈ ਗਿਆਰਵੇਂ ਅਤੇ ਭਿਆਨਕ ਇਵਾਨ ਦੇ ਕੰਮਾਂ ਬਾਰੇ ਆਪਣੀ ਹੀ ਇੱਕ ਖਾਸ ਰਾਏ ਕਾਇਮ ਕੀਤੀ। ਇਹ ਰਾਏ ਇਤਿਹਾਸ ਦੇ ਉਹਨਾਂ ਮਾਹਿਰਾਂ ਵੱਲੋਂ ਕੀਤੇ ਮੁਲਾਂਕਣ ਤੋਂ ਪੂਰੀ ਤਰ੍ਹਾਂ ਅਲੱਗ ਸੀ ਜਿਹਨਾਂ ਦਾ ਉਸ ਅਸਰ ਨਾਲ਼ ਕੋਈ ਸਾਰੋਕਾਰ ਨਹੀਂ ਸੀ ਜਿਹੜਾ ਰਾਜਿਆਂ ਅਤੇ ਜਗੀਰਦਾਰਾਂ ਦੇ ਆਪਸੀ ਸੰਘਰਸ਼ ਨੇ ਦੱਬੇ-ਕੁਚਲੇ ਲੋਕਾਂ 'ਤੇ ਪਾਇਆ ਸੀ। ਸਾਡੇ ਦੇਸ਼ ਵਿੱਚ ਆਲੂ ਦੀ ਫਸਲ ਜਬਰਦਸਤੀ ਲਿਆਉਣ ਨਾਲ਼ ਕਈ ਦੰਦ-ਕਥਾਵਾਂ ਅਤੇ ਵਹਿਮ ਪ੍ਰਚਲਿਤ ਹੋ ਗਏ। ਜਿਹਨਾਂ ਵਿੱਚ ਆਲੂ ਨੂੰ ਸ਼ੈਤਾਨ ਅਤੇ ਕੰਜਰੀ ਦੇ ਆਪਸੀ ਮੇਲ ਤੋਂ ਪੈਦਾ ਹੋਇਆ ਅੰਡਾ ਦੱਸਿਆ ਗਿਆ ਸੀ। ਇਹ ਪ੍ਰਾਚੀਨ ਜਾਂਗਲੀਪੁਣੇ ਵੱਲ ਇੱਕ ਪਲਟਾ ਸੀ ਜਿਸਨੂੰ ਚਰਚ ਦੇ ਵਿਚਾਰਾਂ ਦੀ ਮੂਰਖਤਾ ਨੇ ਪਵਿੱਤਰ ਕਰ ਦਿੱਤਾ। ਇਹ ਦਾਅਵਾ ਕੀਤਾ ਗਿਆ ਕਿ "ਈਸਾ ਅਤੇ ਸੰਤ ਆਲੂ ਨਹੀਂ ਖਾਂਦੇ ਸਨ"। ਪਰ ਅੱਜ ਉਸੇ ਲੋਕ-ਸਾਹਿਤ ਨੇ ਵਲਾਦੀਮੀਰ ਲੈਨਿਨ ਨੂੰ ਪ੍ਰਾਚੀਨ ਕਾਲ ਦੇ ਇੱਕ ਨਾਇਕ ਪ੍ਰੋਮੇਥੀਅਸ ਦੇ ਬਰਾਬਰ ਉੱਚਾ ਚੁੱਕ ਦਿੱਤਾ ਹੈ।

ਹਰ ਮਿੱਥ ਕਲਪਨਾ ਦਾ ਹੀ ਇੱਕ ਅੰਗ ਹੁੰਦੀ ਹੈ। ਕਲਪਨਾ ਦਾ ਅਰਥ ਹੁੰਦਾ ਹੈ ਕਿਸੇ ਯਥਾਰਥ ਵਿੱਚ ਵਿਦਮਾਨ ਉਸਦੇ ਮੂਲ ਤੱਤ ਨੂੰ ਨਿਖੇੜ ਕੇ ਅਲੱਗ ਕਰ ਲੈਣਾ ਅਤੇ ਉਸਨੂੰ ਕਿਸੇ ਖਿਆਲ ਜਾਂ ਧਾਰਨਾ ਨਾਲ਼ ਮਿਲ਼ਾ ਦੇਣਾ। ਇਹ ਖਿਆਲ ਜਾਂ ਧਾਰਨਾ ਵੀ ਸਾਨੂੰ ਯਥਾਰਥ ਹੀ ਮੁਹੱਈਆ ਕਰਵਾਉਂਦਾ ਹੈ। ਪਰ ਜੇਕਰ ਯਥਾਰਥ 'ਚੋਂ ਨਿਖੇੜੇ ਤੱਤ ਦੇ ਅਰਥ ਨੂੰ ਇੱਛਾ ਜਾਂ ਸੰਭਾਵਨਾ ਜੋੜ ਕੇ ਵਧਾ (Amplify) ਦਿੱਤਾ ਜਾਵੇ — ਜੇ ਅਸੀਂ ਪਰਿਕਲਪਨਾ ਦੇ ਤਰਕ ਰਾਹੀਂ ਇਸਨੂੰ ਪੂਰਾ ਕਰ ਲਈਏ — ਤਾਂ ਅਸੀਂ ਇੱਕ ਅਜਿਹੇ ਕਿਸਮ ਦਾ ਰੋਮਾਂਸਵਾਦ ਹਾਸਿਲ ਕਰ ਲਵਾਂਗੇ ਜਿਸ ਵਿੱਚੋਂ ਮਿੱਥਾਂ ਦਾ ਜਨਮ ਹੁੰਦਾ ਹੈ। ਯਥਾਰਥ ਪ੍ਰਤੀ ਇੱਕ ਇਨਕਲਾਬੀ ਰਵੱਈਆ ਅਖਤਿਆਰ ਕਰਨ ਲਈ ਪ੍ਰੇਰਨ ਵਾਸਤੇ ਇਹ ਰੋਮਾਂਸਵਾਦ ਬੜਾ ਲਾਹੇਵੰਦ ਸਿੱਧ ਹੁੰਦਾ ਹੈ — ਅਜਿਹਾ ਰਵੱਈਆ ਜਿਹੜਾ ਅਭਿਆਸ ਵਿੱਚ ਦੁਨੀਆਂ ਨੂੰ ਨਵਾਂ ਰੂਪ ਦਿੰਦਾ ਹੈ।

ਜਿਵੇਂ ਕਿ ਅਸੀਂ ਦੇਖਿਆ ਹੈ, ਬੁਰਜੂਆਜ਼ੀ ਨੇ ਕਲਪਨਾ ਕਰਨ ਦੀ ਯੋਗਤਾ ਪੂਰੀ ਤਰ੍ਹਾਂ

ਗੁਆ ਦਿੱਤੀ ਹੈ। ਪਰਿਕਲਪਨਾ ਦਾ ਤਰਕ ਕੇਵਲ ਉਸੇ ਵਿਗਿਆਨ ਵਿੱਚ ਬਚਿਆ ਹੈ ਅਤੇ ਉਤਸ਼ਾਹਪੂਰਵਕ ਕੰਮ ਕਰ ਰਿਹਾ ਹੈ ਜਿਸਦੀਆਂ ਜੜ੍ਹਾਂ ਪ੍ਰਯੋਗ ਵਿੱਚ ਹਨ। ਰਹੱਸਵਾਦ ਅਤੇ ਅਦਭੁੱਤਵਾਦ ਵੱਲ ਝੁਕਾਅ ਰੱਖਣ ਵਾਲ਼ਾ ਬੁਰਜੂਆ ਵਿਅਕਤੀਵਾਦੀ ਰੋਮਾਂਸਵਾਦ ਕਲਪਨਾ ਜਾਂ ਵਿਚਾਰਾਂ ਨੂੰ ਉੱਚਾ ਚੁੱਕਣ ਲਈ ਪ੍ਰੇਰਿਤ ਨਹੀਂ ਕਰਦਾ। ਯਥਾਰਥ ਤੋਂ ਪੂਰੀ ਤਰ੍ਹਾਂ ਕੱਟਿਆ ਹੋਇਆ ਹੋਣ ਕਰਕੇ, ਇਹ ਧਾਰਣਾ ਦੇ ਦ੍ਰਿੜ ਵਿਸ਼ਵਾਸ 'ਤੇ ਨਹੀਂ ਬਲਕਿ ਪੂਰੀ ਤਰ੍ਹਾਂ "ਸ਼ਬਦਾਂ ਦੇ ਜਾਦੂ" 'ਤੇ ਟਿਕਿਆ ਹੁੰਦਾ ਹੈ। ਜਿਵੇਂ ਕਿ ਮਾਰਸਲ ਪਰਾਊਸਟ ਅਤੇ ਉਸਦੇ ਪੈਰੋਕਾਰਾਂ ਦੀਆਂ ਲਿਖਤਾਂ ਵਿੱਚ ਦੇਖਣ ਨੂੰ ਮਿਲ਼ਦਾ ਹੈ। ਨੋਵਾਲਿਸ ਤੋਂ ਲੈ ਕੇ ਸਾਰੇ ਬੁਰਜੂਆ ਰੋਮਾਂਸਵਾਦੀ "ਆਪਣਾ ਪਰਛਾਵਾਂ ਗੁਆ ਦੇਣ ਵਾਲ਼ੇ" ਪੀਟਰ ਸ਼ਲੇਮਿਹਲ ਦੀ ਟਾਈਪ ਦੇ ਲੋਕ ਹਨ। ਇਸ ਪਾਤਰ ਦੀ ਰਚਨਾ ਫਰਾਂਸੀਸੀ ਪਰਵਾਸੀ ਚੈਮਿਸੋ ਨੇ ਜਰਮਨ ਵਿਖੇ ਰਹਿੰਦਿਆਂ ਅਤੇ ਜਰਮਨ ਭਾਸ਼ਾ ਵਿੱਚ ਕੀਤੀ ਸੀ। ਪੱਛਮ ਦੇ ਸਮਕਾਲੀ ਲੇਖਕ ਵੀ ਆਪਣੀ ਪਰਛਾਵਾਂ ਗੁਆ ਚੁੱਕੇ ਹਨ, ਅਤੇ ਯਥਾਰਥ ਤੋਂ ਨਿਰਾਸ਼ਾ ਦੇ ਸਰਵਖੰਡਨਵਾਦ ਵਿੱਚ ਪਰਵਾਸ ਕਰ ਗਏ ਹਨ, ਜਿਵੇਂ ਕਿ ਲੂਈਸ ਸੇਲੀਨੇ ਦੀ ਕਿਤਾਬ 'ਰਾਤ ਦੇ ਅੰਤ ਸਮੇਂ' ਵਿੱਚ ਦੇਖਿਆ ਜਾ ਸਕਦਾ ਹੈ। ਕਿਤਾਬ ਦੇ ਨਾਇਕ ਬਾਰਦਾਮੂ ਨੂੰ ਆਪਣੀ ਮਾਤ-ਭੂਮੀ ਤੋਂ ਜਲਾਵਤਨ ਕੀਤਾ ਹੁੰਦਾ ਹੈ। ਉਹ ਲੋਕਾਂ ਨੂੰ ਘਿਰਣਾ ਕਰਦਾ ਹੈ, ਆਪਣੀ ਮਾਂ ਨੂੰ "ਕੁੱਤੀ" ਕਹਿੰਦਾ ਹੈ ਅਤੇ ਆਪਣੀਆਂ ਪ੍ਰੇਮਿਕਾਵਾਂ ਨੂੰ "ਕੰਜਰੀਆਂ" ਦੱਸਦਾ ਹੈ; ਜੁਰਮ ਕਰਨ ਦੇ ਮਾਮਲੇ ਵਿੱਚ ਬੇਕਿਰਕ ਹੈ ਅਤੇ ਅਤੇ ਉਸ ਵਿੱਚ ਅਜਿਹਾ ਕੋਈ ਵੀ ਗੁਣ ਨਹੀਂ ਹੈ ਜਿਹੜਾ ਇਨਕਲਾਬੀ ਪ੍ਰੋਲੇਤਾਰੀ ਨਾਲ਼ "ਜੁੜਨ" ਲਈ ਲੋੜੀਂਦਾ ਹੈ, ਫਾਸੀਵਾਦ ਵੱਲੋਂ ਸਵੀਕਾਰੇ ਜਾਣ ਲਈ ਉਹ ਪੂਰੀ ਤਰ੍ਹਾਂ ਬਣ ਕੇ ਤਿਆਰ ਹੈ।

ਸਕੈਂਡੀਨੇਵੀਅਨ ਲੇਖਕਾਂ ਉੱਤੇ ਤੁਰਗਨੇਵ ਦਾ ਪ੍ਰਭਾਵ ਇੱਕ ਸਥਾਪਿਤ ਹੋ ਚੁੱਕਿਆ ਤੱਥ ਹੈ, ਬਿਲਕੁਲ ਉਵੇਂ ਜਿਵੇਂ ਤਾਲਸਤਾਏ ਦਾ ਕਾਉਂਟ ਪੋਲੇਂਜ਼, ਰੇਨੇ ਬਾਜ਼ਿਨ, ਥੌਮਸ ਹਾਰਡੀ ('ਟੈੱਸ ਆਫ਼ ਦਾ ਉਰਬਰਵਾਇਲਜ਼' ਵਿੱਚ) ਅਤੇ ਕਈ ਹੋਰ ਯੂਰਪੀ ਲੇਖਕਾਂ 'ਤੇ ਹੈ। ਦੋਸਤੋਯੇਵਸਕੀ ਦਾ ਪ੍ਰਭਾਵ ਖਾਸ ਤੌਰ 'ਤੇ ਅਸਰਦਾਇਕ ਹੈ, ਜਿਵੇਂ ਕਿ ਨੀਤਸ਼ੇ ਵੀ ਮੰਨ ਚੁੱਕਿਆ ਹੈ ਜਿਸਦੇ (ਨੀਤਸ਼ੇ ਦੇ) ਵਿਚਾਰਾਂ ਨੇ ਫਾਸੀਵਾਦ ਦੀਆਂ ਅਣਮਨੁੱਖੀ ਸਿੱਖਿਆਵਾਂ ਅਤੇ ਅਮਲਾਂ ਲਈ ਆਧਾਰ ਮੁਹੱਈਆ ਕਰਵਾਇਆ ਹੈ। 'ਰੂਪੋਸ਼ ਜੀਵਨ ਦੀਆਂ ਟਿੱਪਣੀਆਂ' ਦੇ ਨਾਇਕ ਦੇ ਰੂਪ ਵਿੱਚ ਇੱਕ ਸਵਾਰਥੀ ਅਤੇ ਸਮਾਜਿਕ ਤੌਰ 'ਤੇ ਨਿੱਘਰੇ ਹੋਏ ਬੰਦੇ ਦੀ ਬੇਹੱਦ ਸ਼ਾਨਦਾਰ ਸਾਹਿਤਕ ਤਸਵੀਰ ਖਿੱਚਣ ਦਾ "ਸਿਹਰਾ" ਦੋਸਤੋਯੇਵਸਕੀ ਨੂੰ ਜਾਂਦਾ ਹੈ। ਆਪਣੀ ਜਵਾਨੀ ਦੀਆਂ ਬਦਕਿਸਮਤੀਆਂ, ਦੁੱਖ-ਤਕਲੀਫਾਂ ਅਤੇ ਕੁਚਲੀਆਂ ਉਮੀਦਾਂ ਦਾ ਬਦਲਾ ਲੈਣ ਦੀ ਤਿੱਖੀ ਤਾਂਘ ਵਿੱਚ ਦੋਸਤੋਯੇਵਸਕੀ ਨੇ ਆਪਣੇ ਨਾਇਕ ਰਾਹੀਂ 19ਵੀਂ ਅਤੇ 20ਵੀਂ ਸਦੀ ਦੇ ਜੀਵਨ ਤੋਂ ਪੂਰੀ ਤਰ੍ਹਾਂ ਨਿੱਖੜੇ ਹੋਏ ਨੌਜਵਾਨਾਂ ਦੇ ਵਿਅਕਤੀਵਾਦੀ ਪ੍ਰਤੀਨਿਧੀ ਦੀਆਂ ਨਹਿਸ਼ ਚਾਂਗਰਾਂ ਦਾ ਪ੍ਰਗਟਾਵਾ ਕੀਤਾ ਹੈ। ਦੋਸਤੋਯੇਵਸਕੀ ਦੁਆਰਾ ਰਚੇ ਇਸ ਬੰਦੇ ਦੀ ਸਖਸ਼ੀਅਤ ਵਿੱਚ ਫਰੈਡਰਿਕ ਨੀਤਸ਼ੇ, ਹੁਈਸਮੈਨ ਦੀ ਕਿਤਾਬ 'ਪਿੱਛਲ ਪੈਰੀਂ' ਦੇ ਨਾਇਕ ਮਾਰਕੁਇਸ ਡੇਸ ਏਸਿੰਨਤੇਸ, ਬੁਰਗੇ ਦੇ 'ਚੇਲੇ', ਆਪਣੀਆਂ ਕਿਰਤਾਂ ਦੇ ਖੁਦ ਹੀ

ਨਾਇਕ ਬੋਰਿਸ ਸਾਵਿਨਕੋਵ*, ਆਸਕਰ ਵਾਈਲਡ ਅਤੇ ਆਰਸੀਬਾਸ਼ੇਵ ਦੇ 'ਸਾਨਿਨ', ਅਤੇ ਪੂੰਜੀਵਾਦੀ ਰਾਜ ਦੀਆਂ ਅਣਮਨੁੱਖੀ ਹਾਲਤਾਂ ਦੇ ਅਰਾਜਕਤਾਵਾਦੀ ਪ੍ਰਭਾਵ ਕਾਰਨ ਪੈਦਾ ਹੋਏ ਤੇ ਸਮਾਜਿਕ ਤੌਰ 'ਤੇ ਨਿੱਘਰੇ ਹੋਰ ਕਈ ਲੋਕਾਂ ਦੇ ਵਿਸ਼ੇਸ਼ ਲੱਛਣ ਮਿਲ਼ਦੇ ਹਨ।

ਵੇਰਾ ਫਿਗਨਰ** ਦੇ ਕਹਿਣ ਮੁਤਾਬਿਕ ਸਾਵਿਨਕੋਵ ਪਤਨਸ਼ੀਲ ਲੋਕਾਂ ਵਰਗੀਆਂ ਦਲੀਲਾਂ ਦਿੰਦਾ ਹੁੰਦਾ ਸੀ:

"ਕਿਤੇ ਕੋਈ ਨੈਤਿਕਤਾ ਨਹੀਂ ਹੁੰਦੀ, ਕੇਵਲ ਖ਼ੂਬਸੂਰਤੀ ਹੁੰਦੀ ਹੈ। ਖ਼ੂਬਸੂਰਤੀ ਸਖਸ਼ੀਅਤ ਦਾ ਸੁਤੰਤਰ ਵਿਕਾਸ ਹੁੰਦੀ ਹੈ, ਆਤਮਾ ਵਿਚਲੀ ਹਰ ਚੀਜ਼ ਦਾ ਬੇਰੋਕ ਚੱਲਦਾ ਨਾਟਕ ਹੁੰਦੀ ਹੈ।"

ਬੁਰਜੂਆ ਸਖਸ਼ੀਅਤ ਦੀ ਆਤਮਾ ਵਿਚਲੀ ਸੜ੍ਹਿਆਂਦ ਬਾਰੇ ਆਪਾਂ ਸਾਰੇ ਚੰਗੀ ਤਰ੍ਹਾਂ ਵਾਕਿਫ ਹਾਂ।

ਬਹੁਗਿਣਤੀ ਲੋਕਾਂ ਦੀਆਂ ਬੇਸਮਝ ਅਤੇ ਅਪਮਾਨਜਨਕ ਪੀੜਾਂ 'ਤੇ ਉੱਸਰੇ ਢਾਂਚੇ ਵਿੱਚ, ਵਿਅਕਤੀ ਦੀ ਕਹਿਣੀ ਅਤੇ ਕਰਨੀ ਦੀ ਗੈਰਜ਼ਿੰਮੇਵਾਰਾਨਾ ਮਨਮਰਜ਼ੀ ਦਾ ਸਿਧਾਂਤ ਰਾਹ-ਦਰਸਾਵਾ ਸਿਧਾਂਤ ਬਣਨ 'ਤੇ ਤੁਲਿਆ ਹੋਇਆ ਸੀ। ਅਜਿਹੇ ਦੋਸਤੋਯੇਵਸਕੀਆਈ ਵਿਚਾਰ ਜਿਵੇਂ ਕਿ "ਮਨੁੱਖ ਆਪਣੇ ਸੁਭਾਅ ਤੋਂ ਹੀ ਨਿਰੰਕੁਸ਼ ਹੈ"; "ਮਨੁੱਖ ਤਸੀਹੇ ਦੇਣਾ ਪਸੰਦ ਕਰਦਾ ਹੈ"; "ਮਨੁੱਖ ਨੂੰ ਦੁੱਖਾਂ-ਤਕਲੀਫਾਂ ਨਾਲ਼ ਜਨੂੰਨ ਦੀ ਹੱਦ ਤੱਕ ਪਿਆਰ ਹੈ" ਕਿ ਉਹ ਜੀਵਨ ਦਾ ਅਰਥ ਅਤੇ ਆਪਣੀ ਖੁਸ਼ੀ ਮਨਮਰਜ਼ੀ ਵਿੱਚ, ਅਮਲਾਂ ਦੀ ਬੇਰੋਕ ਆਜ਼ਾਦੀ ਵਿੱਚ ਭਾਲ਼ਦਾ ਹੈ; ਮਨਮਰਜ਼ੀ ਕਰਨਾ ਉਸ ਲਈ "ਸਭ ਤੋਂ ਵਧੇਰੇ ਲਾਭਕਾਰੀ ਹੈ" ਅਤੇ "ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ਼ ਪਤਾਸੇ ਪੀਵੇ" — ਪੂੰਜੀਵਾਦ ਦੁਆਰਾ ਹੀ ਉਤਸ਼ਾਹਿਤ ਕੀਤੇ ਗਏ ਅਤੇ ਜਾਇਜ਼ ਸਿੱਧ ਕੀਤੇ ਗਏ ਸਨ।

ਦੋਸਤੋਯੇਵਸਕੀ ਨੂੰ ਸੱਚ ਦੇ ਖੋਜੀ ਦੀ ਭੂਮਿਕਾ ਬਖਸ਼ੀ ਗਈ ਹੈ। ਜੇ ਉਹ ਇਸਨੂੰ ਲੱਭ ਵੀ ਲੈਂਦਾ ਤਾਂ ਵੀ ਇਹ ਉਸਨੂੰ ਮਨੁੱਖ ਦੀਆਂ ਪਾਸ਼ਵਿਕ ਪ੍ਰਵਿਰਤੀਆਂ ਵਿੱਚੋਂ ਹੀ ਲੱਭਣਾ ਸੀ ਅਤੇ ਉਹ ਵੀ ਨਿੰਦਣ ਲਈ ਨਹੀਂ ਸਗੋਂ ਇਸਨੂੰ ਸਥਾਪਿਤ ਕਰਨ ਲਈ। ਜਦੋਂ ਤੱਕ ਬੁਰਜੂਆ ਸਮਾਜ ਵਿੱਚ ਅਜਿਹੇ ਕਿੰਨੇ ਹੀ ਪ੍ਰਭਾਵ ਮੌਜੂਦ ਹਨ ਜਿਹੜੇ ਮਨੁੱਖ ਅੰਦਰਲੇ ਜਾਨਵਰ ਨੂੰ ਜਗਾਉਂਦੇ ਹਨ ਉਦੋਂ ਤੱਕ ਉਸ ਅੰਦਰਲੇ ਪਸ਼ੂਪੁਣੇ ਦੇ ਅਵਸ਼ੇਸ਼ ਮਿਟਾਉਣੇ ਅਸੰਭਵ ਹਨ। ਪਾਲਤੂ ਬਿੱਲੀ ਆਪਣੇ ਫੜੇ ਹੋਏ ਸ਼ਿਕਾਰ ਚੂਹੇ ਨਾਲ਼ ਖੇਡਦੀ ਹੈ ਕਿਉਂਕਿ ਇਹ ਛੋਟੇ ਅਤੇ ਫੁਰਤੀਲੇ ਜਾਨਵਰਾਂ ਦਾ ਸ਼ਿਕਾਰ ਕਰਨ ਵਾਲ਼ੇ ਸ਼ਿਕਾਰੀ ਦੇ ਪੱਠਿਆਂ ਲਈ ਜ਼ਰੂਰੀ ਹੈ—ਇਸ ਨਾਲ਼ ਸ਼ਿਕਾਰੀ ਦਾ ਲੋੜੀਂਦਾ ਅਭਿਆਸ ਹੁੰਦਾ ਹੈ। ਕਿਸੇ ਕਾਮੇ ਦੀ ਠੋਡੀ 'ਤੇ ਲੱਤ ਮਾਰ ਕੇ ਉਸਦੀ ਗਰਦਨ ਦੀ ਹੱਡੀ ਤੋੜਨ ਵਾਲ਼ਾ ਫਾਸਿਸਟ ਕੋਈ ਜੰਗਲ਼ੀ ਜਾਨਵਰ ਨਹੀਂ ਹੁੰਦਾ, ਬਲਕਿ ਉਸਤੋਂ ਵੀ ਕਿਤੇ ਗਿਆ ਗੁਜ਼ਰਿਆ ਹੁੰਦਾ ਹੈ। ਉਹ ਇੱਕ ਅਜਿਹਾ ਜੰਗਲ਼ੀ ਤੇ

---

* ਸਾਵਿਨਕੋਵ, ਬੋਰਿਸ (1876-1925), ਦੇ ਪਿਛਾਂਹਖਿੱਚੂ ਨਾਵਲ 'ਉਹ ਜੋ ਨਹੀਂ ਸੀ' ਵੱਲ ਇਸ਼ਾਰਾ ਹੈ।

** ਫ਼ਿਗਨਰ, ਵੇਰਾ (1852-1942) — ਰੂਸੀ ਨਰੋਦਨਿਕ ਇਨਕਲਾਬੀ।

ਵਹਿਸ਼ੀ ਹੈ ਜਿਸਨੂੰ ਹਰ ਹਾਲ ਵਿੱਚ ਖਤਮ ਕਰ ਦੇਣਾ ਚਾਹੀਦਾ ਹੈ, ਉਸ ਗੋਰੇ ਅਫਸਰ ਜਿੰਨੀ ਹੀ ਘਿਰਣਾ ਦਾ ਹੱਕਦਾਰ ਹੈ ਜਿਸਨੇ ਲਾਲ ਫੌਜ ਦੇ ਇੱਕ ਸਿਪਾਹੀ ਨੂੰ ਕੋਰੜੇ ਮਾਰ-ਮਾਰ ਕੇ ਜਿਉਂਦਿਆਂ ਮਾਰ ਦਿੱਤਾ ਸੀ।

ਇਹ ਸਮਝਣਾ ਤਾਂ ਬੜਾ ਮੁਸ਼ਕਿਲ ਹੈ ਕਿ ਦੋਸਤੋਏਵਸਕੀ ਆਖਿਰ ਖੋਜ ਕੀ ਰਿਹਾ ਸੀ, ਪਰ ਆਪਣੀ ਜ਼ਿੰਦਗੀ ਦੇ ਆਖਿਰੀ ਦਿਨਾਂ ਵਿੱਚ ਉਸਨੇ ਸਭ ਤੋਂ ਜ਼ਿਆਦਾ ਪ੍ਰਤਿਭਾਸ਼ਾਲੀ ਅਤੇ ਇਮਾਨਦਾਰ ਰੂਸੀ, ਵਿਸਾਰੀਅਨ ਬੇਲਿੰਸਕੀ ਨੂੰ, "ਰੂਸੀ ਜੀਵਨ ਦਾ ਸਭ ਤੋਂ ਜ਼ਿਆਦਾ ਬਦਬੂਦਾਰ, ਰੁੱਖਾ ਅਤੇ ਸ਼ਰਮਨਾਕ ਵਰਤਾਰਾ" ਦੱਸਿਆ ਸੀ; ਉਸਦਾ ਕਹਿਣਾ ਸੀ ਕਿ ਤੁਰਕਾਂ ਕੋਲ਼ੋਂ ਇਸਤੰਮਬੁਲ ਲੈ ਲੈਣਾ ਚਾਹੀਦਾ ਹੈ ਅਤੇ ਇਹ ਵੀ ਕਿ ਖੇਤ-ਗੁਲਾਮ "ਜ਼ਿਮੀਦਾਰਾਂ ਅਤੇ ਕਿਸਾਨਾਂ ਵਿੱਚ ਆਦਰਸ਼ਕ ਨੈਤਿਕ ਸਬੰਧ" ਬਣਾਉਣ ਵਿੱਚ ਸਹਾਈ ਹੁੰਦੇ ਹਨ। ਆਖਿਰਕਾਰ ਉਸਨੇ 19ਵੀਂ ਸਦੀ ਦੇ ਰੂਸੀ ਜੀਵਨ ਦੇ ਸਭ ਤੋਂ ਜ਼ਿਆਦਾ ਨਿਰਾਸ਼ ਆਦਮੀ, ਕੋਨਸਤਾਨਤਿਨ ਪੋਬੇਦੋਨੋਸਤਸੇਵ ਨੂੰ ਆਪਣਾ "ਗੁਰੂ" ਮੰਨ ਲਿਆ। ਦੋਸਤੋਏਵਸਕੀ ਦੀ ਪ੍ਰਤਿਭਾ 'ਤੇ ਉਂਗਲ ਨਹੀਂ ਉਠਾਈ ਜਾ ਸਕਦੀ; ਉਸਦੀ ਚਿਤਰਣ ਕਰਨ ਦੀ ਪ੍ਰਤਿਭਾ ਦਾ ਜੇ ਕਿਸੇ ਨਾਲ਼ ਮੁਕਾਬਲਾ ਕਰਨਾ ਹੋਵੇ ਤਾਂ ਸਿਰਫ ਸ਼ੇਕਸਪੀਅਰ ਨਾਲ਼ ਹੀ ਕੀਤਾ ਜਾ ਸਕਦਾ ਹੈ। ਪਰ ਇੱਕ ਵਿਅਕਤੀ ਵਜੋਂ ਅਤੇ "ਸੰਸਾਰ ਤੇ ਲੋਕਾਂ ਦਾ ਫੈਸਲਾ ਕਰਨ ਲਈ ਬਿਠਾਏ ਵਿਅਕਤੀ" ਵਜੋਂ ਉਸਦੀ ਭੂਮਿਕਾ ਮੱਧ-ਯੁੱਗੀ ਧਾਰਮਿਕ ਅਦਾਲਤ ਦੇ ਅਧਿਕਾਰੀ ਵਾਲ਼ੀ ਹੀ ਰਹੀ ਹੈ।

ਮੈਂ ਦੋਸਤੋਏਵਸਕੀ ਨੂੰ ਐਨਾ ਸਮਾਂ ਇਸ ਲਈ ਦਿੱਤਾ ਹੈ ਕਿ ਕਿਉਂਕਿ ਉਸਦੇ ਵਿਚਾਰਾਂ ਦੇ ਪ੍ਰਭਾਵ ਦਾ ਸਮੁੱਚੇ ਤੌਰ 'ਤੇ ਅਧਿਐਨ ਕਰੇ ਬਿਨਾਂ 1905-06 ਤੋਂ ਬਾਅਦ ਰੂਸੀ ਸਾਹਿਤ ਅਤੇ ਬੁੱਧੀਜੀਵੀ ਵਰਗ ਦੀ ਬਹੁਗਿਣਤੀ ਵਿੱਚ ਇੱਕਦਮ ਆਈ ਤਬਦੀਲੀ ਨੂੰ ਸਮਝਣਾ ਲਗਭਗ ਅਸੰਭਵ ਹੈ, ਜਿਹੜੇ ਗਰਮ-ਖਿਆਲੀ ਅਤੇ ਜਮਹੂਰੀਅਤ ਨੂੰ ਛੱਡ ਕੇ ਬੁਰਜੂਆ "ਢਾਂਚੇ" ਦੀ ਸੰਭਾਲ ਅਤੇ ਰੱਖਿਆ ਕਰਨ ਲੱਗ ਪਏ।

ਦੋਸਤੋਏਵਸਕੀ ਦੇ ਵਿਚਾਰ, ਪੁਸ਼ਕਿਨ ਬਾਰੇ ਉਸਦੇ ਭਾਸ਼ਣ ਅਤੇ 'ਨਰੋਦਨਾਇਆ ਵੋਲਯਾ ਪਾਰਟੀ', ਜਿਸਨੇ ਰਾਜਤੰਤਰ ਨੂੰ ਉਖਾੜ ਸੁੱਟਣ ਦੇ ਯਤਨ ਕੀਤੇ ਸਨ, ਦੇ ਤਬਾਹ ਹੋਣ ਤੋਂ ਤੁਰੰਤ ਪਿੱਛੋਂ ਪ੍ਰਚੱਲਿਤ ਹੋਏ। ਲੈਨਿਨ ਦੀ ਮਹਾਨ ਅਤੇ ਸਾਦਾ ਸੱਚਾਈ ਦਾ ਗਿਆਨ ਹਾਸਿਲ ਕਰ ਲੈਣ ਤੋਂ ਬਾਅਦ ਪ੍ਰੋਲੇਤਾਰੀ ਦੇ 1905 ਦੇ ਹੰਭਲ਼ੇ ਤੋਂ ਵੀ ਪਹਿਲਾਂ ਹੀ ਚੇਤੰਨ ਪਿਓਤਰ ਸਟਰੂਵ ਨੇ ਬੁੱਧੀਜੀਵੀ ਵਰਗ ਨੂੰ ਭਰਮਾਉਣ ਦੇ ਯਤਨ ਆਰੰਭ ਦਿੱਤੇ ਸਨ, ਜਿਵੇਂ ਕੋਈ ਅਚਨਚੇਤ ਹੀ ਆਪਣਾ ਕੁਆਰ ਖੋ ਬੈਠੀ ਕੁੜੀ ਨੂੰ ਕਿਸੇ ਬੁੱਢੇ ਪੂੰਜੀਪਤੀ ਨਾਲ਼ ਕਾਨੂੰਨੀ ਵਿਆਹ ਕਰਵਾ ਲੈਣ ਦੀ ਸਲਾਹ ਦਿੰਦਾ ਹੈ। ਪੇਸ਼ੇ ਤੋਂ ਵਿਚੋਲੇ ਅਤੇ ਵਿਚਾਰਾਂ ਦੀ ਮੌਲਿਕਤਾ ਤੋਂ ਪੂਰੀ ਤਰ੍ਹਾਂ ਸੱਖਣੇ ਇਸ ਕਿਤਾਬੀ-ਕੀੜੇ ਨੇ 1901 ਵਿੱਚ "ਫੀਸ਼ਤੇ ਵੱਲ ਵਾਪਸੀ" ਦਾ, ਆਪਣੇ ਆਪ ਨੂੰ ਦੁਕਾਨਦਾਰਾਂ ਅਤੇ ਜ਼ਿਮੀਦਾਰਾਂ ਦੀ ਕੌਮ ਦੇ ਹਵਾਲੇ ਕਰ ਦੇਣ ਦਾ ਨਾਅਰਾ ਦਿੱਤਾ। 1907 ਵਿੱਚ 'ਵੇਖੀ' (ਮੀਲ-ਪੱਥਰ) ਨਾਮਕ ਇੱਕ ਪੱਤਰੀ ਨਿਕਲ਼ਦੀ ਹੁੰਦੀ ਸੀ, ਜਿਸ ਵਿੱਚ ਉਹ ਲਿਖਿਆ ਵੀ ਕਰਦਾ ਸੀ ਅਤੇ ਉਸਦਾ ਸੰਪਾਦਕ ਵੀ ਸੀ। ਇਸਦੇ ਇੱਕ

ਅੰਕ ਵਿੱਚ ਹੇਠ ਲਿਖੀ ਸਤਰ ਛਪੀ ਹੋਈ ਸੀ:

"ਸਾਨੂੰ ਹਾਕਮਾਂ ਦਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਕਿ ਉਹਨਾਂ ਨੇ ਲੋਕਾਂ ਦੇ ਕਹਿਰ ਤੋਂ ਸਾਡੀ ਰੱਖਿਆ ਕਰਨ ਲਈ ਸੰਗੀਨਾਂ ਦੀ ਵਰਤੋਂ ਕੀਤੀ ਹੈ।"

ਅਜਿਹੇ ਘਿਨਾਉਣੇ ਸ਼ਬਦ ਜਮਹੂਰੀ ਬੁੱਧੀਜੀਵੀ ਵਰਗ ਵੱਲੋਂ ਉਸ ਸਮੇਂ ਆਏ ਜਦੋਂ ਜ਼ਿਮੀਦਾਰਾਂ ਦਾ ਨੌਕਰ, ਮੰਤਰੀ ਸਤੋਲੇਪਿਨ, ਹਰ ਰੋਜ਼ ਦਰਜਨਾਂ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਫਾਹੇ ਲਾਉਂਦਾ ਹੁੰਦਾ ਸੀ। 'ਵੇਖੀ' ਦਾ ਮੂਲ ਵਿਚਾਰ ਸੱਤਰਵਿਆਂ ਵਿੱਚ ਕੱਟੜ ਰੂੜੀਵਾਦੀ ਕੋਨਸਤਾਨਤਿਨ ਲਿਓਨਤੇਯੇਵ ਦੇ ਉਸ ਸਨਕੀ ਬਿਆਨ ਦਾ ਹੀ ਦੁਹਰਾਓ ਸੀ ਜਿਸ ਵਿੱਚ ਉਸਨੇ ਕਿਹਾ ਸੀ ਕਿ "ਰੂਸ ਨੂੰ ਠੰਢਾ ਕਰਨ ਦੀ ਲੋੜ ਹੈ", ਯਾਨੀ ਕਿ ਸਮਾਜਿਕ ਇਨਕਲਾਬ ਦੀਆਂ ਸਾਰੀਆਂ ਚੰਗਿਆੜੀਆਂ ਕੁਚਲ ਦੇਣੀਆਂ ਚਾਹੀਦੀਆਂ ਹਨ। "ਸੰਵਿਧਾਨਿਕ-ਲੋਕਰਾਜੀਆਂ" ਦੀ ਗੱਦਾਰੀ ਦੇ ਉਤਪਾਦ, 'ਵੇਖੀ' ਨੂੰ ਪੁਰਾਣੇ ਗੱਦਾਰ ਲਿਓ ਤਿਖੋਮੀਰੋਵ ਦੀ ਪ੍ਰਵਾਨਗੀ ਵੀ ਹਾਸਿਲ ਸੀ। ਜਿਸਨੇ ਇਸਨੂੰ "ਰੂਸੀ ਭਾਵਨਾ ਦਾ ਮੱਠਾ ਪੈਣਾ ਅਤੇ ਜ਼ਮੀਰ ਦੀ ਜਾਗ" ਦੱਸਿਆ ਸੀ।

1907 ਤੋਂ ਲੈ ਕੇ 1917 ਤੱਕ ਦਾ ਸਮਾਂ ਗੈਰ-ਜਿੰਮੇਵਾਰਾਨਾ ਵਿਚਾਰਾਂ ਦੇ ਬੇਲਗਾਮ ਉਭਾਰ ਦਾ ਸਮਾਂ ਸੀ, ਰੂਸੀ ਲੇਖਕਾਂ ਲਈ ਪੂਰੀ ਤਰ੍ਹਾਂ "ਰਚਨਾਤਮਕ ਸੁਤੰਤਰਤਾ" ਦਾ ਸਮਾਂ। ਇਸ ਆਜ਼ਾਦੀ ਕਾਰਨ ਸਾਰੀ ਪੱਛਮੀ ਬੁਰਜੂਆਜ਼ੀ ਨੂੰ ਰੂੜੀਵਾਦੀ ਵਿਚਾਰਾਂ ਦਾ ਪ੍ਰਚਾਰ ਕਰਨ ਦੀ ਖੁੱਲ ਮਿਲ਼ ਗਈ, ਜਿਹੜੇ 18ਵੀਂ ਸਦੀ ਦੇ ਅੰਤ ਵਿੱਚ (ਫਰਾਂਸੀਸੀ ਇਨਕਲਾਬ ਤੋਂ ਬਾਅਦ) ਪ੍ਰਚੱਲਤ ਕੀਤੇ ਗਏ ਸਨ ਅਤੇ 1848 ਤੇ 1871 ਤੋਂ ਬਾਅਦ ਲਗਾਤਾਰ ਭੜਕਾਏ ਗਏ ਸਨ। ਇਹ ਦਾਅਵਾ ਕੀਤਾ ਗਿਆ ਕਿ "ਬਰਗਸਨ ਦੀ ਫਿਲਾਸਫੀ ਨੇ ਮਨੁੱਖੀ ਚਿੰਤਨ ਦੇ ਇਤਿਹਾਸ ਵਿੱਚ ਸ਼ਾਨਦਾਰ ਤਰੱਕੀ ਕੀਤੀ ਹੈ"; ਕਿ ਬਰਗਸਨ ਨੇ "ਬਰਕਲੇ ਦੇ ਸਿਧਾਂਤ ਦਾ ਹੀ ਵਿਸਥਾਰ ਕੀਤਾ ਹੈ ਅਤੇ ਇਸਨੂੰ ਹੋਰ ਡੂੰਘਾ ਕੀਤਾ ਹੈ"; ਕਿ "ਕਾਂਟ, ਲੇਬਨਿਤਜ਼, ਡੀਕਾਰਟੇ ਅਤੇ ਹੀਗਲ ਦੇ ਸਿਧਾਂਤ ਹੁਣ ਮੁਰਦਾ ਸਿਧਾਂਤ ਹਨ ਅਤੇ ਉਹਨਾਂ ਦੇ ਸਿਰ 'ਤੇ ਅਫਲਾਤੂਨ ਦੀਆਂ ਕ੍ਰਿਤਾਂ ਸੂਰਜ ਵਾਂਗ ਸਦੀਵੀ ਸੁਹੱਪਣ ਨਾਲ਼ ਚਮਕ ਰਹੀਆਂ ਹਨ"। ਇਹ ਉਹੀ ਅਫਲਾਤੂਨ ਹੈ ਜਿਸਨੇ ਯਥਾਰਥ ਤੋਂ ਟੁੱਟੀ ਹੋਈ ਚਿੰਤਨ-ਪ੍ਰਣਾਲੀ ਦੀ ਕਰਤੂਤ, ਇੱਕ ਬੇਹੱਦ ਘਾਤਕ ਭੁਲੇਖੇ ਦੀ ਨੀਂਹ ਰੱਖੀ ਸੀ। ਉਸ ਯਥਾਰਥ ਤੋਂ ਜਿਹੜਾ ਕਿਰਤ ਅਤੇ ਰਚਨਾਤਮਕਤਾ ਦੇ ਅਮਲਾਂ ਵਿੱਚ ਹੀ ਲਗਾਤਾਰ ਅਤੇ ਸਰਵ-ਵਿਆਪਕ ਤੌਰ 'ਤੇ ਵਿਕਾਸ ਕਰਦਾ ਹੈ।

ਉਸ ਸਮੇਂ ਦੇ ਪ੍ਰਭਾਵਸ਼ਾਲੀ ਲੇਖਕ ਦਮਿੱਤਰੀ ਮੇਰੇਜ਼ਕੋਵਸਕੀ ਦਾ ਰੋਣਾ ਸੁਣੋ:

ਖੋਖਲ਼ਾ ਹੈ ਸਭ ਇਸ ਧਰਤੀ 'ਤੇ
ਪਿਆਰ ਤੇ ਨਫਰਤ, ਜੰਮਣਾ ਮਰਨਾ
ਜੋ ਕੁਝ ਵੀ ਹੈ, ਕੁਝ ਵੀ ਨਹੀਂ ਹੈ

ਮਿੱਟੀ ਹੀ ਸੀ, ਮਿੱਟੀ ਬਣਨਾ।

ਬੋਦਲੇਅਰ ਅਤੇ ਅਖੌਤੀ "ਦੋਜ਼ਕੀ" ਸੋਲੋਗੂਬ ਦੇ ਸਪਸ਼ਟ ਪ੍ਰਭਾਵ ਹੇਠਾਂ ਅਤੇ ਸ਼ੋਪਨਹਾਵਰ ਦੇ ਪਦ-ਚਿੰਨਾਂ 'ਤੇ ਚਲਦਿਆਂ ਉਸਨੇ "ਸਖਸ਼ੀਅਤ ਦੀ ਹੋਂਦ ਦੇ ਅਥਾਹ ਬੇਤੁਕੇਪਣ" ਨੂੰ ਸ਼ਾਨਦਾਰ ਢੰਗ ਨਾਲ਼ ਚਿਤਰਿਆ ਹੈ। ਭਾਵੇਂ ਕਿ ਉਸਦੀ ਕਵਿਤਾ ਇਸ ਸਭ ਕਾਸੇ ਬਾਰੇ ਵੈਣ ਪਾਉਂਦੀ ਹੈ, ਪਰ ਖੁਦ ਉਸਨੇ ਇੱਕ ਖੁਸ਼ਹਾਲ ਖੂਹ-ਦੇ-ਡੱਡੂ ਦਾ ਜੀਵਨ ਬਸਰ ਕੀਤਾ ਹੈ। 1914 ਵਿੱਚ ਇਸ ਆਦਮੀ ਨੇ ਜਰਮਨਾਂ ਨੂੰ ਧਮਕੀ ਦਿੱਤੀ ਕਿ "ਜਿਵੇਂ ਹੀ ਵਾਦੀਆਂ ਵਿੱਚ ਬਰਫ ਪਿਘਲੇਗੀ" ਬਰਲਨ ਤਬਾਹ ਕਰ ਦਿੱਤਾ ਜਾਵੇਗਾ। "ਰਾਜਨੀਤੀ ਵਿੱਚ ਇਸ਼ਕ-ਮਜਾਜੀ" ਅਤੇ "ਰਹੱਸਮਈ ਅਰਾਜਕਤਾਵਾਦ" ਜਿਹੇ ਵਿਚਾਰਾਂ ਦਾ ਪ੍ਰਚਾਰ ਕੀਤਾ ਗਿਆ; ਸਿਰੇ ਦੇ ਮੱਕਾਰ ਵਾਸਿਲੀ ਰੋਜ਼ਾਨੋਵ ਨੇ ਕਾਮੁਕਤਾ ਦਾ ਪ੍ਰਚਾਰ ਕੀਤਾ; ਲਿਓਨਿਦ ਐਂਦਰੇਯੇਵ ਨੇ ਆਪਣੀਆਂ ਨਹਿਸ਼ ਕਹਾਣੀਆਂ ਅਤੇ ਨਾਟਕ ਲਿਖੇ ਅਤੇ ਆਰਤਸੀਬਾਸ਼ੇਵ ਨੇ ਆਧੁਨਿਕ ਲਿਬਾਸ ਵਿੱਚ ਇੱਕ ਕਾਮੀ ਜੰਗਲ਼ੀ ਨੂੰ ਆਪਣੇ ਨਾਵਲ ਦੇ ਨਾਇਕ ਵਜੋਂ ਚੁਣਿਆ। ਕੁੱਲ ਮਿਲ਼ਾ ਕੇ, 1907 ਤੋਂ ਲੈ ਕੇ 1917 ਤੱਕ ਦੇ ਸਾਲਾਂ ਨੂੰ ਰੂਸੀ ਬੁੱਧੀਜੀਵੀ ਵਰਗ ਦੇ ਇਤਿਹਾਸ ਵਿੱਚ ਸਭ ਤੋਂ ਜ਼ਿਆਦਾ ਸ਼ਰਮਨਾਕ ਦਹਾਕੇ ਦਾ ਨਾਮ ਦਿੱਤਾ ਜਾਣਾ ਚਾਹੀਦਾ ਹੈ।

ਕਿਉਂਕਿ ਸਾਡੇ ਜਮਹੂਰੀ ਬੁੱਧੀਜੀਵੀ ਵਰਗ ਦੀ ਇਤਿਹਾਸਕ ਸਿਖਲਾਈ ਉਹਨਾਂ ਦੇ ਪੱਛਮੀ ਹਮਰੁਤਬਾ ਨਾਲ਼ੋਂ ਘੱਟ ਹੋਈ ਹੈ ਇਸ ਲਈ ਉਹਨਾਂ ਵਿੱਚ "ਨੈਤਿਕ" ਨਿਘਾਰ ਅਤੇ ਬੌਧਿਕ ਕੰਗਾਲੀ ਜ਼ਿਆਦਾ ਤੇਜੀ ਨਾਲ਼ ਫੈਲੀ ਹੈ। ਸਾਰੀ ਦੁਨੀਆ ਦੀ ਨਿੱਕ-ਬੁਰਜੂਆਜ਼ੀ ਆਮ ਕਰਕੇ ਅਤੇ ਉਹ ਬੁੱਧੀਜੀਵੀ ਖਾਸ ਕਰਕੇ ਇਸੇ ਪ੍ਰਕਿਰਿਆ ਵਿੱਚੋਂ ਲੰਘਦੇ ਹਨ ਜਿਹਨਾਂ ਵਿੱਚ ਪ੍ਰੋਲੇਤਾਰੀ ਨਾਲ਼ ਫੈਸਲਾਕੁਨ ਢੰਗ ਨਾਲ਼ ਜੁੜਨ ਦੀ ਆਚਰਣਕ ਦ੍ਰਿੜਤਾ ਦੀ ਕਮੀ ਹੁੰਦੀ ਹੈ। ਉਸ ਪ੍ਰੋਲੇਤਾਰੀ ਨਾਲ਼ ਜਿਸਨੂੰ ਇਤਿਹਾਸ ਨੇ ਸਾਰੇ ਇਮਾਨਦਾਰ ਕਿਰਤੀਆਂ ਦੀ ਭਲਾਈ ਲਈ ਦੁਨੀਆਂ ਦੀ ਨਵੀਂ ਉਸਾਰੀ ਕਰਨ ਦਾ ਜਿੰਮਾ ਸੌਂਪਿਆ ਹੈ।

ਇਹ ਵੀ ਕਿਹਾ ਜਾਣਾ ਚਾਹੀਦਾ ਹੈ ਕਿ ਰੂਸੀ ਸਾਹਿਤ ਨੇ, ਪੱਛਮੀ ਸਾਹਿਤ ਵਾਂਗ, ਇਨਕਲਾਬ ਤੋਂ ਪਹਿਲਾਂ ਦੇ ਸਮੇਂ ਦੇ ਜ਼ਿਮੀਦਾਰਾਂ, ਸਨਅਤਕਾਰਾਂ ਅਤੇ ਸ਼ਾਹੂਕਾਰਾਂ ਦਾ ਜ਼ਿਕਰ ਨਹੀਂ ਕੀਤਾ, ਜਦਕਿ ਸਾਡੇ ਦੇਸ਼ ਵਿੱਚ ਅਜਿਹੇ ਲੋਕ ਆਪਣੇ ਪੱਛਮੀ ਹਮਰੁਤਬਾ ਨਾਲ਼ੋਂ ਕਿਤੇ ਜ਼ਿਆਦਾ ਮੌਲਿਕ ਅਤੇ ਜੀਵੰਤ ਸਨ। ਬਦਨਾਮ ਸਾਲਤਯੇਚਿਖਾ*, ਜਨਰਲ ਇਜ਼ਮਾਈਲੋਵ ਅਤੇ ਅਜਿਹੇ ਹੀ ਸੈਂਕੜੇ ਹੋਰ ਭਿਆਨਕ ਜ਼ਿਮੀਦਾਰਾਂ ਦੀ ਟਾਈਪ ਦਾ ਚਿਤਰਣ ਰੂਸੀ ਸਾਹਿਤ ਵਿੱਚ ਨਹੀਂ ਮਿਲ਼ਦਾ। ਗੋਗਲ ਦੀ ਕਿਤਾਬ 'ਮੁਰਦਾ-ਰੂਹਾਂ' ਦੇ ਬਹਿਰੂਪੀਏ ਅਤੇ ਵਿਕ੍ਰਿਤ ਪਾਤਰਾਂ ਵਿੱਚ ਵੀ ਜਗੀਰੂ ਰੂਸ ਦਾ ਕੋਈ ਲੱਛਣ ਨਹੀਂ ਮਿਲ਼ਦਾ; ਗੋਗੋਲ ਦੇ ਪਾਤਰ ਕੋਰੋਬੋਚਕਾਸ,

---

* ਸਾਲਤਯੇਚਿਖਾ — 18ਵੀਂ ਸਦੀ ਦੀ ਬਦਨਾਮ ਜਿਮੀਂਦਾਰ ਔਰਤ ਦਾ ਉੱਪ-ਨਾਮ, 6 ਸਾਲਾਂ ਦੇ ਵਕਫੇ ਅੰਦਰ ਇਸਦੇ 139 ਖੇਤ-ਗੁਲਾਮਾਂ ਦੀ ਮੌਤ ਹੋ ਜਾਣ ਕਾਰਨ ਇਸਦੀ ਕਾਫ਼ੀ ਬਦਨਾਮੀ ਹੋਈ ਸੀ। ਇਸਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਸੀ।

ਮਾਨੀਲੋਵਸ, ਪੇਤੂਖਾਸ, ਸੋਬਾਕੇਵਿਚੇਸ ਅਤੇ ਨੋਜ਼ਦਰਿਓਵ ਜ਼ਾਰਸ਼ਾਹੀ ਨੀਤੀਆਂ ਨੂੰ ਆਪਣੀ ਹੋਂਦ ਦੇ ਉਦਾਸੀਨ ਪਹਿਲੂ ਨਾਲ਼ ਹੀ ਪ੍ਰਭਾਵਿਤ ਕਰਦੇ ਸਨ ਅਤੇ ਕਿਸਾਨੀ ਦੀਆਂ ਲਹੂ ਚੂਸਣੀਆਂ ਜੋਕਾਂ ਦੇ ਵਿਸ਼ੇਸ਼ ਲੱਛਣ ਪ੍ਰਗਟ ਨਹੀਂ ਕਰਦੇ ਸਨ। ਲੋਕਾਂ ਦਾ ਖ਼ੂਨ ਚੂਸਣ ਦੀ ਕਲਾ ਵਿੱਚ ਮਾਹਿਰ ਅਤੇ ਪ੍ਰਬੀਨ ਕੁਝ ਹੋਰ ਉਸਤਾਦ ਵੀ ਸਨ, ਹੋਛੀ ਨੈਤਿਕਤਾ ਦੇ ਮਾਲਿਕ ਜਿਹਨਾਂ ਨੂੰ ਜ਼ੁਲਮ ਕਰਨ ਵਿੱਚ ਮਨੋਹਰ ਖੁਸ਼ੀ ਦਾ ਅਹਿਸਾਸ ਹੁੰਦਾ ਸੀ। ਲੇਖਕਾਂ ਨੇ ਇਹਨਾਂ ਦੀ ਦੁਸ਼ਟਤਾ ਦਾ ਚਿਤਰਣ ਨਹੀਂ ਕੀਤਾ, ਮਹਾਨ ਲੇਖਕਾਂ ਨੇ ਵੀ ਨਹੀਂ ਅਤੇ ਨਾ ਹੀ ਉਹਨਾਂ ਨੇ ਜਿਹੜੇ ਕਿਸਾਨਾਂ ਦੇ ਮੁਰੀਦ ਸਨ। ਸਾਡੀ ਵੱਡੀ ਬੁਰਜੂਆਜ਼ੀ ਨੂੰ ਪੱਛਮ ਦੀ ਬੁਰਜੂਆਜ਼ੀ ਨਾਲ਼ੋਂ ਨਿਖੇੜਨ ਵਾਲ਼ੇ ਲੱਛਣ ਬੜੇ ਸਾਫ-ਸਪੱਸ਼ਟ ਅਤੇ ਬਹੁਤ ਜ਼ਿਆਦਾ ਸਨ ਅਤੇ ਇਸ ਤੱਥ ਵਿੱਚੋਂ ਪੈਦਾ ਹੁੰਦੇ ਸਨ ਕਿ ਸਾਡੀ ਇਤਿਹਾਸਕ ਤੌਰ ’ਤੇ ਜਵਾਨ ਬੁਰਜੂਆਜ਼ੀ, ਜਿਹੜੀ ਕਿ ਬਹੁਤ ਦੇਰ ਬਾਅਦ ਪ੍ਰਗਟ ਹੋਈ ਸੀ, ਮੁੱਖ ਤੌਰ ’ਤੇ ਕਿਸਾਨੀ ਵਿੱਚੋਂ ਉਪਜੀ ਸੀ ਅਤੇ ਜਿਸਨੇ ਆਪਣੇ ਪੱਛਮ ਦੇ ਸੀਨੀਅਰ ਰਿਸ਼ਤੇਦਾਰਾਂ ਨਾਲ਼ੋਂ ਵਧੇਰੇ ਤੇਜ਼ੀ ਨਾਲ਼ ਅਤੇ ਵਧੇਰੇ ਸੌਖ ਨਾਲ਼ ਦੌਲਤ ਇਕੱਠੀ ਕੀਤੀ ਸੀ। ਸਾਡੇ ਸਨਅਤਕਾਰ, ਜਿਹਨਾਂ ਨੂੰ ਪੱਛਮ ਵਿੱਚ ਪ੍ਰਚੱਲਿਤ ਗਲ਼ਾ-ਵੱਢ ਮੁਕਾਬਲੇ ਦੀ ਸਿੱਖਿਆ ਨਹੀਂ ਸੀ ਮਿਲ਼ੀ, ਹੁਣ 20ਵੀਂ ਸਦੀ ਵਿੱਚ ਵੀ ਕਲੋਲਾਂ ਕਰਨ ਅਤੇ ਮੌਜਾਂ ਕਰਨ ਵਿੱਚ ਗਲਤਾਨ ਰਹੇ, ਇਸਦਾ ਕਾਰਨ ਸ਼ਾਇਦ ਉਹ ਹੈਰਾਨੀ ਹੋ ਸਕਦੀ ਹੈ ਜਿਹੜੀ ਉਹਨਾਂ ਨੂੰ ਹਾਸੋਹੀਣੀ ਅਤੇ ਬੇਤੁਕੀ ਸੌਖ ਨਾਲ਼ ਦੌਲਤਾਂ ਦੇ ਅੰਬਾਰ ਲਗਾ ਲੈਣ ਕਾਰਨ ਹੁੰਦੀ ਹੈ। 1917 ਵਿੱਚ “ਰੂਸੀ ਲੋਕਾਂ ਦੀ ਸਿਆਣਪ” ਸਿਰਲੇਖ ਹੇਠ ਛਪੇ ਇੱਕ ਕਿਤਾਬਚੇ ਵਿੱਚ, ਤਿੱਬਤੀ ਚਿਕਤਸਾ ਦੇ ਪ੍ਰਸਿੱਧ ਪ੍ਰਸਾਤਵਕ ਪ. ਅ. ਬਾਦਮਾਯੇਵ ਨੇ ਅਜਿਹੇ ਹੀ ਇੱਕ ਅਮੀਰ ਕਾਰਖਾਨੇਦਾਰ ਪਿਓਤਰ ਗੁਬੋਨਿਨ ਦਾ ਚਿਤਰਣ ਕੀਤਾ ਸੀ। ਇਹ ਮਨੋਰੰਜਕ ਪੈਂਫਲਿਟ ਨੌਜਵਾਨਾਂ ਨੂੰ ਅਜਿਹੀਆਂ “ਸ਼ੈਤਾਨੀ ਲਿਖਤਾਂ ਤੋਂ ਬਚਣ” ਦੀ ਸਲਾਹ ਦਿੰਦਾ ਸੀ ਜਿਹੜੀਆਂ ਉਹਨਾਂ ਨੂੰ “ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਜਿਹੇ ਖਾਲੀ ਸ਼ਬਦਾਂ” ਨਾਲ ਭਰਮਾਉਂਦੀਆਂ ਸਨ। ਇਸ ਪੈਂਫਲਿਟ ਵਿੱਚ ਰੇਲਵੇ ਦੇ ਇੱਕ ਧਨਾਢ ਦਾ ਚਿੱਤਰ ਪੇਸ਼ ਕੀਤਾ ਗਿਆ ਸੀ ਜਿਹੜਾ ਇਮਾਰਤਾਂ ਬਣਾਉਣ ਵਾਲ਼ੇ ਠੇਕੇਦਾਰ ਦਾ ਪੁੱਤਰ ਸੀ ਅਤੇ ਖੁਦ ਵੀ ਇਹੀ ਕੰਮ ਕਰਦਾ ਸੀ:

> *“ਖੇਤ-ਗੁਲਾਮੀ ਦੇ ਖਾਤਮੇ ਵੇਲ਼ੇ ਦੇ ਮਾਣਯੋਗ ਅਧਿਕਾਰੀ ਜਿਹਨਾਂ ਨੂੰ ਅਜੇ ਵੀ ਗੁਬੋਨਿਨ ਦਾ ਚੇਤਾ ਹੈ, ਉਸ ਬਾਰੇ ਹੇਠ ਲਿਖੀ ਕਹਾਣੀ ਸੁਣਾਉਂਦੇ ਹਨ। ਚਾਂਦੀ ਦੇ ਸਿੱਕਿਆਂ ਦਾ ਥੈਲਾ ਚੁੱਕੀ, ਭਾਰੇ ਟਾਪ-ਬੂਟਾਂ ਸਣੇ ਅਤੇ ਕਿਸਾਨਾਂ ਵਾਲ਼ਾ ਕੋਟ ਪਹਿਨੀ ਉਹ ਮੰਤਰਾਲੇ ਦੇ ਦਫਤਰ ਜਾ ਵੜਦਾ, ਦਰਬਾਨ ਅਤੇ ਚਪੜਾਸੀਆਂ ਨੂੰ ਦੁਆ-ਸਲਾਮ ਕਰਦਾ ਤੇ ਆਪਣੇ ਥੈਲੇ ਚੋਂ ਚਾਂਦੀ ਦੇ ਕੁਝ ਸਿੱਕੇ ਭੇਂਟ ਕਰਦਾ, ਹਰ ਇੱਕ ਨੂੰ ਖੁੱਲੇ ਦਿਲ ਨਾਲ਼ ਬਖਸ਼ੀਸ਼ ਦਿੰਦਾ ਅਤੇ ਸਾਰਿਆਂ ਨਾਲ਼ ਹਲੀਮੀ ਨਾਲ਼ ਪੇਸ਼ ਆਉਂਦਾ, ਤਾਂ ਕਿ ਉਹ ਸਭ ਆਪਣੇ ਪਿਓਤਰ ਆਇਓਨੋਵਿਚ (ਗੁਬੋਨਿਨ-ਸੰਪਾ.) ਨੂੰ ਯਾਦ ਰੱਖਣ। ਫਿਰ ਉਹ ਵੱਖੋ-ਵੱਖ ਮਹਿਕਮਿਆਂ ਅਤੇ ਦਫਤਰਾਂ ਵਿੱਚ ਜਾਂਦਾ, ਜਿੱਥੇ ਹਰ*

ਇੱਕ ਅਧਿਕਾਰੀ ਲਈ ਉਸਦੀ ਪਦਵੀ ਮੁਤਾਬਿਕ ਇੱਕ ਸੀਲਬੰਦ ਲਿਫਾਫਾ ਰੱਖਦਾ ਅਤੇ ਹਰੇਕ ਨੂੰ ਝੁਕ ਕੇ ਉਹਨਾਂ ਦੇ ਨਾਮ ਨਾਲ਼ ਬੁਲਾਉਂਦਾ। ਵੱਡੇ ਅਧਿਕਾਰੀਆਂ ਨਾਲ਼ ਦੁਆ-ਸਲਾਮ ਕਰਦੇ ਸਮੇਂ ਉਹ ਉਹਨਾਂ ਨੂੰ ਚੁੰਮਣ ਤੱਕ ਜਾਂਦਾ ਅਤੇ ਉਹਨਾਂ ਨੂੰ ਲੋਕਾਂ ਦੇ ਪਰਉਪਕਾਰੀ ਕਹਿ ਕੇ ਬੁਲਾਉਂਦਾ। ਇਸ ਢੰਗ ਨਾਲ਼ ਉਹ ਸਰਵ-ਉੱਚ ਅਧਿਕਾਰੀ ਤੱਕ ਆਪਣੀ ਪਹੁੰਚ ਸਥਾਪਿਤ ਕਰ ਲੈਂਦਾ। ਜਦੋਂ ਪਿਓਤਰ ਆਇਓਨੋਵਿਚ ਉੱਥੋਂ ਵਿਦਾ ਲੈਂਦਾ ਤਾਂ ਹਰ ਕੋਈ ਪੂਰੀ ਤਰ੍ਹਾਂ ਖੁਸ਼ ਹੁੰਦਾ ਕਿਉਂਕਿ ਇਹ ਦਿਨ ਉਹਨਾਂ ਲਈ ਈਸਟਰ ਅਤੇ ਕ੍ਰਿਸਮਸ ਵਾਂਗੂੰ ਛੁੱਟੀ ਵਰਗਾ ਹੁੰਦਾ। ਹਰ ਕੋਈ ਆਪਣੀ ਤਨਖਾਹ ਦਾ ਹਿਸਾਬ-ਕਿਤਾਬ ਲਗਾਉਂਦਾ, ਮੁਸਕਰਾਉਂਦਾ ਅਤੇ ਬਾਕੀ ਦਾ ਦਿਨ ਅਤੇ ਅਗਲੀ ਸਵੇਰ ਤੱਕ ਸਾਰੀ ਰਾਤ ਮੌਜ-ਮਸਤੀਆਂ ਕਰਨ ਦੀਆਂ ਵਿਉਂਤਾਂ ਘੜ੍ਹਦਾ। ਕੁੱਲੀਆਂ ਦੀ ਬਸਤੀ ਵਿੱਚ ਲੋਕ ਉਸ 'ਤੇ ਬੜਾ ਮਾਣ ਕਰਦੇ ਸਨ ਕਿਉਂਕਿ ਉਹ ਉਹਨਾਂ ਵਿੱਚੋਂ ਹੀ ਉੱਠਿਆ ਸੀ। ਉਹ ਉਸਨੂੰ ਦਿਆਲੂ ਅਤੇ ਹੁਸ਼ਿਆਰ ਦੱਸਦੇ, ਅਤੇ ਇੱਕ ਦੂਜੇ ਨੂੰ ਪ੍ਰਾਪਤ ਹੋਈ ਰਕਮ ਬਾਰੇ ਪੁੱਛਦੇ, ਪਰ ਹਰ ਕੋਈ ਇਸ ਗੱਲ ਦਾ ਓਹਲਾ ਰੱਖਦਾ ਅਤੇ ਆਪਣੇ ਦਾਤੇ ਦੇ ਮਾਮਲੇ ਵਿੱਚ ਕੋਈ ਸਮਝੌਤਾ ਨਾ ਕਰਦਾ। ਛੋਟੇ-ਮੋਟੇ ਅਧਿਕਾਰੀ ਇੱਕ ਦੂਜੇ ਦੇ ਕੰਨਾਂ ਵਿੱਚ ਘੁਸਰ-ਮੁਸਰ ਕਰਦੇ ਅਤੇ ਇਸ ਗੱਲ ਲਈ ਸ਼ੁਕਰ ਮਨਾਉਂਦੇ ਕਿ ਭਲਾ-ਆਦਮੀ ਪਿਓਤਰ ਆਇਓਨੋਵਿਚ ਉਹਨਾਂ ਨੂੰ ਵੀ ਭੁੱਲਦਾ ਨਹੀਂ ਸੀ ਅਤੇ ਉਹ ਕਿੰਨਾ ਹੁਸ਼ਿਆਰ, ਦਿਆਲੂ ਅਤੇ ਇਮਾਨਦਾਰ ਸੀ। ਵੱਡੇ ਅਧਿਕਾਰੀਆਂ ਤੋਂ ਲੈ ਕੇ ਸਰਵਉੱਚ ਅਧਿਕਾਰੀ ਤੱਕ ਸਾਰੇ ਉਸਦੀ ਰਾਜਸੀ ਸੂਝ-ਬੂਝ ਦੀ ਪ੍ਰਸੰਸਾ ਕਰਦੇ, ਇਹ ਦਾਅਵਾ ਕਰਦੇ ਕਿ ਉਹ ਆਪਣੇ ਦੇਸ਼ ਅਤੇ ਲੋਕਾਂ ਲਈ ਬੜਾ ਫਾਇਦੇਮੰਦ ਸਿੱਧ ਹੋਵੇਗਾ ਤੇ ਉਸਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ ਅਤੇ ਰੇਲਵੇ ਨਾਲ਼ ਸਬੰਧਤ ਉਸਾਰੀ ਦੇ ਕੰਮਾਂ ਦੀਆਂ ਕਾਨਫਰੰਸਾਂ ਵਿੱਚ ਉਸਨੂੰ ਸੱਦਿਆ ਜਾਣਾ ਚਾਹੀਦਾ ਹੈ, ਕਿਉਂਕਿ ਇਸ ਧੰਦੇ ਵਿੱਚ ਇੱਕ ਉਹ ਹੀ ਸਿਆਣਾ ਬੰਦਾ ਹੈ। ਅਤੇ ਸਚਮੁੱਚ ਹੀ ਉਸਨੂੰ ਸਾਰੀਆਂ ਮਹੱਤਵਪੂਰਨ ਕਾਨਫਰੰਸਾਂ ਵਿੱਚ ਸੱਦਿਆ ਜਾਂਦਾ ਸੀ ਜਿਹਨਾਂ ਵਿੱਚ ਸਿਰਫ ਵੱਡੇ ਅਧਿਕਾਰੀ ਅਤੇ ਇੰਜੀਨੀਅਰ ਹੀ ਸ਼ਿਰਕਤ ਕਰਦੇ ਸਨ। ਅਜਿਹੀਆਂ ਕਾਨਫਰੰਸਾਂ ਵਿੱਚ ਗੁਬੋਨਿਨ ਜੋ ਕਹਿੰਦਾ ਸੀ ਫਿਰ ਉਹੀ ਹੁੰਦਾ ਸੀ।"

ਇਸ ਕਹਾਣੀ ਵਿੱਚੋਂ ਵਿਅੰਗ ਦੀ ਬੋਅ ਆਉਂਦੀ ਹੈ, ਪਰ ਇਹ ਉਸ ਢਾਂਚੇ ਦਾ ਸਭ ਤੋਂ ਜ਼ਿਆਦਾ ਸੰਜੀਦਾ ਚਿੱਤਰ ਹੈ, ਜਿਸ ਵਿੱਚ ਬੁਰਜੂਆਜ਼ੀ ਦੇ "ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ" ਦੇ ਵੱਡੇ-ਵੱਡੇ ਨਾਅਰੇ ਖੋਖਲ਼ੇ ਸਿੱਧ ਹੁੰਦੇ ਹਨ। ਬੁਰਜੂਆਜ਼ੀ ਦੀ ਰਚਨਾਤਮਕ ਨਿਪੁੰਸਕਤਾ, ਜਿਵੇਂ ਕਿ ਉਹਨਾਂ ਦੇ ਸਾਹਿਤ ਚੋਂ ਦਿਸਦੀ ਹੈ, ਬਾਰੇ ਜੋ ਕੁਝ ਵੀ ਕਿਹਾ ਗਿਆ ਹੈ ਕੁਝ ਵਧੇਰੇ ਹੀ ਹਨੇਰਮਈ ਜਾਪ ਸਕਦਾ ਹੈ ਅਤੇ ਰੋਸ ਦੀ ਭਾਵਨਾ ਭੜਕਾ ਸਕਦਾ ਹੈ ਕਿ ਮੈਂ ਜਾਣ-ਬੁੱਝ ਕੇ ਗੱਲ ਵਧਾ-ਚੜ੍ਹਾ ਕੇ ਕਹੀ ਹੈ। ਪਰ ਤੱਥ ਤਾਂ ਤੱਥ ਹਨ ਅਤੇ ਮੈਂ ਉਹਨਾਂ ਨੂੰ ਬਿਲਕੁਲ ਉਵੇਂ ਹੀ ਲੈ ਰਿਹਾ ਹਾਂ ਜਿਵੇਂ ਉਹ ਹਨ।

ਦੁਸ਼ਮਣ ਨੂੰ ਕਮਜ਼ੋਰ ਸਮਝਣਾ ਬੇਵਕੂਫੀ ਹੈ, ਸਗੋਂ ਜੁਰਮ ਵੀ ਹੈ। ਅਸੀਂ ਉਸਦੀਆਂ ਸਨਅਤੀ ਤਕਨੀਕਾਂ ਦੇ ਉੱਚ ਪੱਧਰ ਤੋਂ ਪੂਰੀ ਤਰ੍ਹਾਂ ਵਾਕਿਫ ਹਾਂ, ਖਾਸ ਕਰਕੇ ਉਸਦੀ ਯੁੱਧ ਨਾਲ਼ ਸਬੰਧਤ ਸਨਅਤ ਤੋਂ, ਜਿਸਦੇ ਉਤਪਾਦ ਅੱਜ ਜਾਂ ਕੱਲ ਆਪਣੇ ਵੱਲ ਨੂੰ ਹੀ ਸੇਧਿਤ ਹੋਣਗੇ। ਇਸਦੇ ਸਿੱਟੇ ਵਜੋਂ ਸੰਸਾਰ ਵਿੱਚ ਸਮਾਜਿਕ ਇਨਕਲਾਬ ਹੋਣਗੇ ਅਤੇ ਪੂੰਜੀਵਾਦ ਦੀ ਤਬਾਹੀ ਹੋਵੇਗੀ। ਪੱਛਮ ਦੇ ਫੌਜੀ ਮਾਹਿਰ ਉੱਚੀ ਉੱਚੀ ਚੀਖ ਕੇ ਚਿਤਾਵਨੀਆਂ ਦੇ ਰਹੇ ਹਨ ਕਿ ਜੰਗ, ਲੜਨ ਵਾਲ਼ੇ ਦੇਸ਼ਾਂ ਦੀ ਸਾਰੀ ਵਸੋਂ ਨੂੰ ਚਪੇਟ ਵਿੱਚ ਲੈ ਲਵੇਗੀ। ਇਹ ਮੰਨਿਆ ਜਾ ਸਕਦਾ ਹੈ ਕਿ ਯੂਰਪ ਦੇ ਕਈ ਨਿੱਕ-ਬੁਰਜੂਆ, ਜਿਹਨਾਂ ਨੂੰ 1914-1918 ਦੇ ਖ਼ੂਨ-ਖਰਾਬੇ ਦਾ ਡਰ ਅਜੇ ਪੂਰੀ ਤਰ੍ਹਾਂ ਭੁੱਲਿਆ ਨਹੀਂ ਹੈ ਅਤੇ ਅੱਗੇ ਆਉਣ ਵਾਲ਼ੀ ਹੋਰ ਵੀ ਭਿਆਨਕ ਜੰਗ ਤੋਂ ਡਰੇ ਹੋਏ ਹਨ, ਆਖਿਰਕਾਰ ਇਹ ਗੱਲ ਸਮਝ ਜਾਣਗੇ ਕਿ ਸਿਰ 'ਤੇ ਖੜਾ ਵਿਨਾਸ਼ ਕਿਸਦੇ ਫਾਇਦੇ ਲਈ ਹੋਵੇਗਾ ਅਤੇ ਉਹ ਅਪਰਾਧੀ ਕੌਣ ਹੈ, ਜਿਹੜਾ ਆਪਣੇ ਘਿਨਾਉਣੇ ਫਾਇਦਿਆਂ ਲਈ ਵਾਰ-ਵਾਰ ਲੱਖਾਂ ਲੋਕਾਂ ਦਾ ਸਫਾਇਆ ਕਰ ਦਿੰਦਾ ਹੈ; ਉਹਨਾਂ ਨੂੰ ਅਸਲੀਅਤ ਦਾ ਅਹਿਸਾਸ ਹੋ ਜਾਵੇਗਾ ਅਤੇ ਉਹ ਪੂੰਜੀਵਾਦ ਦਾ ਲੱਕ ਤੋੜਨ ਲਈ ਪ੍ਰੋਲੇਤਾਰੀ ਦਾ ਸਾਥ ਦੇਣਗੇ। ਇਹ ਗੱਲ ਫਰਜ਼ ਕੀਤੀ ਜਾ ਸਕਦੀ ਹੈ, ਪਰ ਇਸ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਕਿਉਂਕਿ ਨਿੱਕ-ਬੁਰਜੂਆਜ਼ੀ ਦਾ ਡਰਪੋਕ ਆਗੂ, ਮੱਕਾਰ ਸਮਾਜਿਕ-ਲੋਕਰਾਜੀਆ ਅਜੇ ਜਿਉਂਦਾ ਹੈ। ਸਾਨੂੰ ਪ੍ਰੋਲੇਤਾਰੀ ਦੀ ਇਨਕਲਾਬੀ ਚੇਤਨਾ ਦੀ ਉੱਨਤੀ 'ਤੇ ਟੇਕ ਰੱਖਣੀ ਚਾਹੀਦੀ ਹੈ, ਪਰ ਹਾਲੇ ਸਾਡੇ ਲਈ ਇਹੀ ਬਿਹਤਰ ਹੋਵੇਗਾ ਕਿ ਅਸੀਂ ਆਪਣੀ ਨਿੱਜੀ ਤਾਕਤ 'ਤੇ ਭਰੋਸਾ ਰੱਖੀਏ ਅਤੇ ਇਸਨੂੰ ਹੋਰ ਵਿਕਸਤ ਕਰਦੇ ਰਹੀਏ। ਪ੍ਰੋਲੇਤਾਰੀ ਦੀ ਇਨਕਲਾਬੀ ਚੇਤਨਾ ਅਤੇ ਉਸਦੀ ਉਸਾਰੀ ਹੋਈ ਮਾਤ-ਭੂਮੀ ਪ੍ਰਤੀ ਉਸਦੇ ਪਿਆਰ ਦਾ ਪਾਲਣ-ਪੋਸ਼ਣ ਕਰਨਾ ਅਤੇ ਉਸ ਮਾਤ-ਭੂਮੀ ਦੀ ਰੱਖਿਆ ਕਰਨਾ—ਇਹ ਸਾਡੇ ਸਾਹਿਤ ਦਾ ਪ੍ਰਮੁੱਖ ਫਰਜ਼ ਬਣਦਾ ਹੈ।

ਪੁਰਾਤਨ ਕਾਲ ਵਿੱਚ ਇੱਕ ਅਜਿਹਾ ਵੀ ਸਮਾਂ ਸੀ ਜਦੋਂ ਦੱਬੇ-ਕੁਚਲ਼ਿਆਂ ਦਾ ਜ਼ੁਬਾਨੀ ਸਾਹਿਤ ਉਹਨਾਂ ਦੇ ਤਜ਼ਰਬਿਆਂ ਦਾ ਇਕਲੌਤਾ ਜੱਥੇਬੰਦਕ ਹੁੰਦਾ ਸੀ, ਵਿਚਾਰਾਂ ਨੂੰ ਬਿੰਬਾਂ ਦਾ ਰੂਪ ਦੇਣ ਵਾਲ਼ਾ ਅਨੁਵਾਦਕ ਹੁੰਦਾ ਸੀ, ਅਤੇ ਸਮੂਹ ਦੀ ਕਿਰਤ ਸ਼ਕਤੀ ਨੂੰ ਟੁੰਬਦਾ ਅਤੇ ਉਤੇਜਿਤ ਕਰਦਾ ਸੀ। ਸਾਨੂੰ ਇਸ ਗੱਲ ਦਾ ਅਹਿਸਾਸ ਹੋਣਾ ਚਾਹੀਦਾ ਹੈ। ਸਾਡੇ ਦੇਸ਼ ਵਿੱਚ ਸਾਰਿਆਂ ਨੂੰ ਸਿੱਖਿਆ ਦੇ ਬਰਾਬਰ ਮੌਕੇ ਮੁਹੱਈਆ ਕਰਵਾਉਣ ਦਾ ਟੀਚਾ ਮਿੱਥਿਆ ਗਿਆ ਹੈ। ਮਨੁੱਖੀ ਕਿਰਤ ਨੂੰ ਕੁਦਰਤੀ ਸ਼ਕਤੀਆਂ 'ਤੇ ਕਾਬੂ ਪਾਉਣ ਦੀ ਕਲਾ ਵਿੱਚ ਤਬਦੀਲ ਕਰਨ ਲਈ ਸਾਡੇ ਸਮਾਜ ਦੇ ਸਾਰੇ ਮੈਂਬਰਾਂ ਨੂੰ ਕਿਰਤ ਦੀਆਂ ਸਾਰੀਆਂ ਕਾਮਯਾਬੀਆਂ ਅਤੇ ਪ੍ਰਾਪਤੀਆਂ ਬਾਰੇ ਇੱਕਸਾਰ ਜਾਣਕਾਰੀ ਦਿੱਤੀ ਜਾਵੇਗੀ। ਸਾਡੇ ਕੋਲ਼ ਲੋਕਾਂ ਦੀ ਆਰਥਕ—ਇਸੇ ਲਈ ਰਾਜਨੀਤਕ—ਵੰਡ ਦੀ ਪ੍ਰਕਿਰਿਆ ਦਾ ਕੁਝ ਹੱਦ ਤੱਕ ਪੱਕਾ ਗਿਆਨ ਹੈ, ਅਤੇ ਇਸਦੇ ਨਾਲ਼ ਹੀ ਕਿਰਤੀ ਲੋਕਾਂ ਦਾ ਆਪਣੀ ਮਾਨਸਿਕ ਤਰੱਕੀ ਕਰਨ ਦਾ ਹੱਕ ਖੋਹ ਲੈਣ ਦੀ ਪ੍ਰਕਿਰਿਆ ਦਾ ਵੀ ਪੱਕਾ ਗਿਆਨ ਹੈ। ਜਦੋਂ ਪਾਦਰੀਆਂ ਨੇ ਸੰਸਾਰ-ਸੂਝ ਨੂੰ ਆਪਣਾ

ਕਿੱਤਾ ਬਣਾ ਲਿਆ, ਤਾਂ ਕਿਰਤੀ ਲੋਕਾਂ ਦੀ ਊਰਜਾ ਅਤੇ ਮਨੋਰਥਾਂ ਦੇ ਰਾਹ ਵਿੱਚ ਕੁਦਰਤ ਦੀਆਂ ਮੂਲ ਸ਼ਕਤੀਆਂ ਦੁਆਰਾ ਖੜੀਆਂ ਕੀਤੀਆਂ ਰੁਕਾਵਟਾਂ ਅਤੇ ਵਰਤਾਰਿਆਂ ਦੀਆਂ ਪਰਾ–ਭੌਤਿਕ ਵਿਆਖਿਆਵਾਂ ਕਰਕੇ ਹੀ ਉਹ ਇਸ ’ਤੇ ਆਪਣੀ ਇਜਾਰੇਦਾਰੀ ਬਣਾ ਸਕੇ। ਪ੍ਰਾਚੀਨ ਸਮਿਆਂ ਤੋਂ ਸ਼ੁਰੂ ਹੋਏ ਅਤੇ ਅੱਜ ਵੀ ਚੱਲ ਰਹੇ ਸੰਸਾਰ–ਸੂਝ ਦੇ ਇਸ ਕਿੱਤੇ ਵਿੱਚੋਂ ਲੱਖਾਂ ਹੀ ਲੋਕਾਂ ਦੇ ਕੱਢੇ ਜਾਣ ਅਤੇ ਅਪਰਾਧਿਕ ਅਲਿਹਦਗੀ ਨੇ ਨਸਲ, ਕੌਮਾਂ ਅਤੇ ਧਰਮਾਂ ਦੇ ਵਿਤਕਰਿਆਂ ਵਿੱਚ ਵੰਡੇ ਲੱਖਾਂ–ਕਰੋੜਾਂ ਲੋਕਾਂ ਨੂੰ ਡੂੰਘੀ ਅਗਿਆਨਤਾ ਅਤੇ ਖਤਰਨਾਕ ਬੌਧਿਕ ਅੰਨੇਪਣ, ਹਰ ਤਰ੍ਹਾਂ ਦੀਆਂ ਪੂਰਵ–ਧਾਰਨਾਵਾਂ ਅਤੇ ਅੰਧ–ਵਿਸ਼ਵਾਸਾਂ ਦੇ ਹਨੇਰੇ ਵਿੱਚ ਹੀ ਡੱਕੀ ਰੱਖਿਆ। ਸਮੁੱਚੇ ਜ਼ਾਰਸ਼ਾਹੀ ਰੂਸ ਵਿੱਚੋਂ ਪੂੰਜੀਵਾਦ ਨੂੰ ਤਬਾਹ ਕਰਨ ਤੋਂ ਬਾਅਦ ਅਤੇ ਮਜ਼ਦੂਰਾਂ ਤੇ ਕਿਸਾਨਾਂ ਦੇ ਹੱਥਾਂ ਵਿੱਚ ਰਾਜਨੀਤਕ ਸੱਤ੍ਹਾ ਸੌਂਪਣ ਤੋਂ ਬਾਅਦ, ਲੈਨਿਨਵਾਦੀ ਕਮਿਊਨਿਸਟ ਪਾਰਟੀ ਨੇ, ਅਤੇ ਸੋਵੀਅਤ ਸਮਾਜਵਾਦੀ ਗਣਰਾਜ ਸੰਘ ਦੀ ਮਜ਼ਦੂਰਾਂ ਅਤੇ ਕਿਸਾਨਾਂ ਦੀ ਸਰਕਾਰ ਨੇ, ਜਿਹੜੇ ਇੱਕ ਆਜ਼ਾਦ ਅਤੇ ਜਮਾਤ–ਰਹਿਤ ਸਮਾਜ ਜੱਥੇਬੰਦ ਕਰਨ ਵਿੱਚ ਜੁੱਟੇ ਹੋਏ ਹਨ, ਆਪਣੇ ਦਲੇਰ, ਸਿਆਣੇ ਅਤੇ ਅਣਥੱਕ ਯਤਨਾਂ ਦੁਆਰਾ ਕਿਰਤੀ ਲੋਕਾਂ ਨੂੰ ਸੱਭਿਆਚਾਰ ਦੇ ਬੁੱਢੇ ਅਤੇ ਇਤਿਹਾਸਕ ਤੌਰ ’ਤੇ ਆਪਣੀ ਉਮਰ ਹੰਢਾ ਚੁੱਕੇ ਪੂੰਜੀਵਾਦੀ ਵਿਕਾਸ ਦੇ ਜੂਲ਼ੇ ’ਚੋਂ ਮੁਕਤ ਕਰਵਾਉਣ ਦਾ ਨਿਸ਼ਾਨਾ ਮਿੱਥ ਲਿਆ ਹੈ, ਜਿਸਦੀਆਂ ਸਾਰੀਆਂ ਕਾਲ਼ੀਆਂ ਕਰਤੂਤਾਂ ਅਤੇ ਰਚਨਾਤਮਕ ਨਿਪੁੰਸਕਤਾ ਹੁਣ ਸ਼ਰੇਆਮ ਜਾਹਿਰ ਹੋ ਰਹੀਆਂ ਹਨ। ਸਾਡਾ, ਸੋਵੀਅਤ ਸੰਘ ਦੇ ਇਮਾਨਦਾਰ ਲੇਖਕਾਂ ਦਾ, ਇਹ ਫਰਜ਼ ਬਣਦਾ ਹੈ ਕਿ ਅਸੀਂ ਆਪਣੀਆਂ ਸਾਰੀਆਂ ਸਰਗਰਮੀਆਂ ਨੂੰ ਇਸ ਮਹਾਨ ਨਿਸ਼ਾਨੇ ਦੀ ਉਚਾਈ ਤੋਂ ਵਿਚਾਰੀਏ, ਮੁਲਾਂਕਣ ਕਰੀਏ ਅਤੇ ਜੱਥੇਬੰਦ ਕਰੀਏ।

ਸਾਨੂੰ ਇਸ ਗੱਲ ਦਾ ਪੂਰਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਇਹ ਲੋਕਾਂ ਦੀ ਕਿਰਤ ਹੀ ਹੈ ਜਿਹੜੀ ਸੱਭਿਆਚਾਰ ਦੀ ਪ੍ਰਮੁੱਖ ਜੱਥੇਬੰਦਕ ਹੈ ਅਤੇ ਸਾਰੇ ਵਿਚਾਰਾਂ ਦੀ ਸਿਰਜਕ ਹੈ। ਅਜਿਹੇ ਵਿਚਾਰਾਂ ਦੀ ਜਿਹੜੇ ਯੁੱਗਾਂ–ਯੁਗਾਂਤਰਾਂ ਤੋਂ ਕਿਰਤ ਦੀ ਫੈਸਲਾਕੁਨ ਸਾਰਥਕਤਾ ਨੂੰ ਘਟਾਉਂਦੇ ਆਏ ਹਨ—ਜਿਹੜੇ ਸਾਡੇ ਸਾਰੇ ਗਿਆਨ ਦਾ ਸਰੋਤ ਹਨ ਅਤੇ ਅਜਿਹੇ ਵਿਚਾਰਾਂ ਦੀ ਵੀ ਜਿਹੜੇ ਮਾਰਕਸ, ਲੈਨਿਨ ਅਤੇ ਸਤਾਲਿਨ ਨੇ ਪੇਸ਼ ਕੀਤੇ ਹਨ, ਜਿਹੜੇ ਦੁਨੀਆਂ ਭਰ ਦੇ ਪ੍ਰੋਲੇਤਾਰੀਆਂ ਨੂੰ ਉਹਨਾਂ ਦੇ ਹੱਕਾਂ ਬਾਰੇ ਇਨਕਲਾਬੀ ਚੇਤਨਾ ਨਾਲ਼ ਲੈੱਸ ਕਰ ਰਹੇ ਹਨ, ਅਤੇ ਸਾਡੇ ਆਪਣੇ ਦੇਸ਼ ਵਿੱਚ ਕਿਰਤ ਨੂੰ ਇੱਕ ਅਜਿਹੀ ਤਾਕਤ ਦੇ ਰੂਪ ਵਿੱਚ ਉੱਚਾ ਚੁੱਕ ਰਹੇ ਹਨ ਜਿਹੜੀ ਵਿਗਿਆਨ ਅਤੇ ਕਲਾ ਵਿਚਲੀ ਸਿਰਜਣਾਤਮਕਤਾ ਦਾ ਆਧਾਰ ਹੈ। ਜੇਕਰ ਅਸੀਂ ਆਪਣੇ ਕੰਮਾਂ ਵਿੱਚ ਸਫਲਤਾ ਹਾਸਿਲ ਕਰਨੀ ਹੈ ਤਾਂ ਸਾਨੂੰ ਇਸ ਗੱਲ ਦਾ ਅਹਿਸਾਸ ਹੋਣਾ ਲਾਜ਼ਮੀ ਹੈ ਕਿ ਸਾਡੇ ਦੇਸ਼ ਵਿੱਚ ਅਰਧ–ਸਿੱਖਿਅਤ ਮਜ਼ਦੂਰਾਂ ਅਤੇ ਪਿਛੜੀ ਕਿਸਾਨੀ ਨੇ, ਜਿਹੜੀ ਹੁਣ ਸਮਾਜਵਾਦੀ ਸਿਧਾਂਤਾਂ ’ਤੇ ਜੱਥੇਬੰਦ ਕੀਤੀ ਜਾ ਰਹੀ ਹੈ, 16 ਸਾਲਾਂ ਦੇ ਇਸ ਛੋਟੇ ਜਿਹੇ ਅਰਸੇ ਦੌਰਾਨ ਕਮਾਲ ਦੇ ਚਮਤਕਾਰ ਵਿਖਾਏ ਹਨ ਅਤੇ ਸਾਡੇ ਦੇਸ਼ ਨੂੰ ਦੁਸ਼ਮਣ ਦੇ ਵਿਰੁੱਧ ਹਮਲੇ ਤੋਂ ਰੱਖਿਆ ਕਰਨ ਲਈ ਸ਼ਾਨਦਾਰ ਢੰਗ ਨਾਲ਼ ਹਥਿਆਰਬੰਦ ਕੀਤਾ ਹੈ। ਇਸ ਤੱਥ ਦਾ ਸਹੀ ਸਟੀਕ ਅਧਿਐਨ ਕਰਨ ਨਾਲ਼ ਹੀ ਅਸੀਂ ਸਾਰੇ ਸੰਸਾਰ ਦੇ

ਪ੍ਰੋਲੇਤਾਰੀ ਨੂੰ ਇੱਕਜੁੱਟ ਕਰਨ ਵਾਲ਼ੀ ਸਿੱਖਿਆ ਦੀ ਸੱਭਿਆਚਾਰਕ ਅਤੇ ਇਨਕਲਾਬੀ ਤਾਕਤ ਬਾਰੇ ਜਾਣ ਸਕਦੇ ਹਾਂ।

ਆਪਾਂ ਸਾਰੇ—ਭਾਵੇਂ ਅਸੀਂ ਲੇਖਕ ਹਾਂ, ਫੈਕਟਰੀ ਮਜ਼ਦੂਰ ਹਾਂ ਜਾਂ ਸਮੂਹਿਕ ਖੇਤੀ ਕਰਨ ਵਾਲ਼ੇ ਕਿਸਾਨ ਹਾਂ—ਅਜੇ ਬਹੁਤ ਨਿਕੰਮੇ ਢੰਗ ਨਾਲ਼ ਕੰਮ ਕਰ ਰਹੇ ਹਾਂ ਅਤੇ ਜੋ ਕੁਝ ਵੀ ਅਸੀਂ ਖੁਦ ਆਪਣੇ ਲਈ ਕੀਤਾ ਹੈ ਉਸਦਾ ਸਹੀ ਅਨੁਮਾਨ ਨਹੀਂ ਲਗਾ ਸਕਦੇ। ਸਾਡੇ ਕਿਰਤੀ ਲੋਕ ਅਜੇ ਵੀ ਇਹ ਗੱਲ ਨਹੀਂ ਸਮਝੇ ਹਨ ਕਿ ਉਹ ਖੁਦ ਆਪਣੇ ਲਈ ਕੰਮ ਕਰ ਰਹੇ ਹਨ। ਚੇਤਨਾ ਭਾਵੇਂ ਹਰ ਥਾਂ ਵਿਦਮਾਨ ਹੈ ਪਰ ਅਜੇ ਇਹ ਰੌਸ਼ਨ ਅਤੇ ਖੁਸ਼ੀਆਂ ਭਰਪੂਰ ਲਪਟਾਂ ਬਣ ਕੇ ਨਹੀਂ ਉੱਭਰੀ ਹੈ। ਉਂਜ ਤਾਂ ਕੋਈ ਵੀ ਚੀਜ਼ ਓਨੀ ਦੇਰ ਤੱਕ ਲਪਟਾਂ ਬਣ ਕੇ ਭੜਕ ਨਹੀਂ ਸਕਦੀ ਜਿੰਨੀ ਦੇਰ ਤੱਕ ਉਹ ਇੱਕ ਖਾਸ ਤਾਪਮਾਨ ’ਤੇ ਨਾ ਪਹੁੰਚ ਜਾਵੇ, ਅਤੇ ਅਜੇ ਤੱਕ ਕੋਈ ਵੀ ਕਿਰਤ ਦੀ ਊਰਜਾ ਦਾ ਤਾਪਮਾਨ ਵਧਾਉਣ ਵਿੱਚ ਓਨਾ ਸਫਲ ਨਹੀਂ ਹੋਇਆ ਹੈ ਜਿੰਨਾ ਕਿ ਵਲਾਦੀਮੀਰ ਲੈਨਿਨ ਦੁਆਰਾ ਜੱਥੇਬੰਦ ਕੀਤੀ ਪਾਰਟੀ, ਜਿਸ ਦੀ ਉਹ ਅੱਜ ਅਗਵਾਈ ਕਰ ਰਹੇ ਹਨ, ਸਫਲ ਰਹੀ ਹੈ।

ਸਾਨੂੰ ਆਪਣੀਆਂ ਕਿਤਾਬਾਂ ਵਿੱਚ ਕਿਰਤ ਨੂੰ ਮੁੱਖ ਨਾਇਕ ਵਜੋਂ ਪੇਸ਼ ਕਰਨਾ ਚਾਹੀਦਾ ਹੈ, ਭਾਵ ਇੱਕ ਅਜਿਹੇ ਇਨਸਾਨ ਵਜੋਂ ਜਿਸਨੂੰ ਕਿਰਤ ਨੇ ਜੱਥੇਬੰਦ ਕੀਤਾ ਹੋਵੇ। ਸਾਡੇ ਦੇਸ਼ ਦਾ ਇੱਕ ਅਜਿਹਾ ਕਿਰਤੀ ਜਿਹੜਾ ਕਿ ਆਧੁਨਿਕ ਤਕਨੀਕਾਂ ਨਾਲ਼ ਲੈੱਸ ਹੈ ਅਤੇ ਆਪਣੀ ਵਾਰੀ ਉਹ ਕਿਰਤ ਨੂੰ ਹੋਰ ਵਧੇਰੇ ਸੌਖਾ ਅਤੇ ਉਪਜਾਊ ਬਣਾ ਰਿਹਾ ਹੈ, ਅਤੇ ਇਸਨੂੰ ਕਲਾ ਦੇ ਪੱਧਰ ਤੱਕ ਉੱਚਾ ਚੁੱਕ ਰਿਹਾ ਹੈ। ਸਾਨੂੰ ਕਿਰਤ ਨੂੰ ਰਚਨਾਤਮਕ ਸਰਗਰਮੀ ਵਜੋਂ ਸਮਝਣ ਦੀ ਜਾਚ ਸਿੱਖਣੀ ਚਾਹੀਦੀ ਹੈ। ਰਚਨਾਤਮਕਤਾ ਇੱਕ ਅਜਿਹਾ ਸੰਕਲਪ ਹੈ ਜਿਸਨੂੰ ਅਸੀਂ ਲੇਖਕ ਬਹੁਤ ਜ਼ਿਆਦਾ ਵਰਤਦੇ ਹਾਂ ਅਤੇ ਜਿਸਨੂੰ ਇਸ ਤਰ੍ਹਾਂ ਵਰਤਣ ਦਾ ਸਾਨੂੰ ਕੋਈ ਖਾਸ ਹੱਕ ਵੀ ਨਹੀਂ ਹੈ। ਰਚਨਾਤਮਕਤਾ ਯਾਦ ਸ਼ਕਤੀ ਦੇ ਕੰਮਾਂ ਦੀ ਤੀਬਰਤਾ ਦਾ ਉਹ ਦਰਜਾ ਹੈ ਜਿੱਥੇ ਯਾਦ ਸ਼ਕਤੀ ਆਪਣੇ ਗਿਆਨ ਅਤੇ ਅਨੁਭਵ ਦੇ ਭੰਡਾਰ ਵਿੱਚੋਂ ਬੜੀ ਤੇਜ਼ੀ ਨਾਲ਼ ਬਹੁਤ ਹੀ ਅਸਾਧਾਰਣ ਅਤੇ ਪ੍ਰਤੀਨਿਧ ਘਟਨਾਵਾਂ, ਤਸਵੀਰਾਂ ਅਤੇ ਵੇਰਵੇ ਪੈਦਾ ਕਰਦੀ ਹੈ ਅਤੇ ਅੱਗੋਂ ਉਹਨਾਂ ਨੂੰ ਬਹੁਤ ਹੀ ਸੰਖੇਪ ਅਤੇ ਠੋਸ ਸ਼ਬਦਾਂ ਵਿੱਚ ਪਰੋ ਦਿੰਦੀ ਹੈ ਜਿਸਨੂੰ ਹਰ ਕੋਈ ਸਮਝ ਸਕਦਾ ਹੈ। ਸਾਡਾ ਨਵੀਨ ਸਾਹਿਤ ਅਜੇ ਇਹਨਾਂ ਗੁਣਾਂ ਦੀ ਫੜ੍ਹ ਨਹੀਂ ਮਾਰ ਸਕਦਾ। ਸਾਡੇ ਲੇਖਕਾਂ ਦਾ ਗਿਆਨ ਭੰਡਾਰ ਅਤੇ ਅਨੁਭਵ ਅਜੇ ਐਨਾ ਵਿਸ਼ਾਲ ਨਹੀਂ ਹੈ, ਅਤੇ ਨਾ ਹੀ ਕਿਸੇ ਨੇ ਅਜੇ ਇਸ ਭੰਡਾਰ ਨੂੰ ਉਸਾਰਨ, ਫੈਲਾਉਣ ਅਤੇ ਡੂੰਘਾ ਕਰਨ ਦੀ ਇੱਛਾ ਹੀ ਪ੍ਰਗਟਾਈ ਹੈ।

19ਵੀਂ ਸਦੀ ਦੇ ਯੂਰਪੀ ਅਤੇ ਰੂਸੀ ਸਾਹਿਤ ਦਾ ਮੁੱਖ ਵਿਸ਼ਾ ਸਮਾਜ, ਰਾਜ ਅਤੇ ਕੁਦਰਤ ਦੇ ਖਿਲਾਫ ਵਿਅਕਤੀ ਦਾ ਘੋਲ਼ ਸੀ। ਵਿਅਕਤੀ ਵੱਲੋਂ ਬੁਰਜੂਆ ਸਮਾਜ ਦੀ ਵਿਰੋਧਤਾ ਦਾ ਪ੍ਰਮੁੱਖ ਕਾਰਨ ਅਜਿਹੇ ਨਾਹਪੱਖੀ ਪ੍ਰਭਾਵਾਂ ਦੀ ਬਹੁਲਤਾ ਹਾਸਿਲ ਕਰਨ ਦੀ ਤਾਂਘ ਸੀ ਜਿਹੜੇ ਕਿ ਉਸਦੇ ਜਮਾਤੀ ਵਿਚਾਰਾਂ ਅਤੇ ਜੀਵਨ ਦੇ ਰੀਤੀ-ਰਿਵਾਜਾਂ ਦੇ ਵਿਰੁੱਧ ਸਨ। ਵਿਅਕਤੀ ਇਸ ਗੱਲ ਨੂੰ ਬਹੁਤ ਚੰਗੀ ਤਰ੍ਹਾਂ ਅਨੁਭਵ ਕਰਦਾ ਸੀ ਕਿ ਇਹ ਵਿਚਾਰ ਉਸਦੀ

ਤਰੱਕੀ ਦੀ ਪ੍ਰਕਿਰਿਆ ਵਿੱਚ ਰੁਕਾਵਟ ਬਣ ਰਹੇ ਹਨ ਅਤੇ ਉਸਨੂੰ ਕੁਚਲ ਰਹੇ ਹਨ। ਪਰ ਉਸਨੂੰ ਬੁਰਜੂਆ ਸਮਾਜ ਦੀਆਂ ਨੀਹਾਂ ਵਿਚਲੇ ਘਟੀਆਪਣ, ਕਮੀਨਗੀ ਅਤੇ ਜੁਰਮ ਲਈ ਆਪਣੀ ਜ਼ਿੰਮੇਵਾਰੀ ਦੀ ਸਮਝ ਬਹੁਤ ਘੱਟ ਸੀ। ਜੋਨਾਥਨ ਸਵਿਫਟ ਨੇ ਸਾਰੇ ਯੂਰਪ ਦੀ ਝਾੜ-ਝੰਬ ਕੀਤੀ, ਪਰ ਯੂਰਪ ਦੀ ਬੁਰਜੂਆਜ਼ੀ ਇਹ ਮੰਨਦੀ ਸੀ ਕਿ ਉਸਦਾ ਵਿਅੰਗ ਕੇਵਲ ਬਰਤਾਨੀਆ ਖਿਲਾਫ ਹੀ ਸੇਧਿਤ ਸੀ। ਸਮੁੱਚੇ ਤੌਰ 'ਤੇ ਬਾਗੀ ਵਿਅਕਤੀ ਨੂੰ, ਜਿਹੜਾ ਆਪਣੇ ਸਮਾਜ ਦੇ ਜੀਵਨ ਦੀ ਆਲੋਚਨਾ ਕਰਦਾ ਹੈ, ਬਹੁਤ ਘੱਟ ਅਤੇ ਕਦੇ ਕਦਾਈਂ ਹੀ ਸਮਾਜ ਦੇ ਸ਼ਰਮਨਾਕ ਅਮਲਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਹੁੰਦਾ ਸੀ। ਸਮਾਜਿਕ ਅਤੇ ਆਰਥਿਕ ਕਾਰਨਾਂ ਦੀ ਡੂੰਘੀ ਅਤੇ ਸਟੀਕ ਸਮਝ ਕਦੇ ਵੀ ਸਥਾਪਿਤ ਢਾਂਚੇ ਦੀ ਉਸਦੀ ਆਲੋਚਨਾ ਦਾ ਮੁੱਖ ਮੰਤਵ ਨਹੀਂ ਰਹੀ। ਉਸਦੀ ਆਲੋਚਨਾ ਆਮ ਤੌਰ 'ਤੇ ਜਾਂ ਤਾਂ ਪੂੰਜੀਵਾਦ ਦੇ ਇਸਪਾਤੀ ਪਿੰਜਰੇ ਵਿੱਚ ਉਸਦੀ ਹੋਂਦ ਦੀ ਲਾਚਾਰੀ ਦੀ ਭਾਵਨਾ 'ਚੋਂ ਜਾਂ ਫਿਰ ਜ਼ਿੰਦਗੀ ਵਿੱਚ ਹਾਸਿਲ ਹੋਈਆਂ ਹਾਰਾਂ, ਅਤੇ ਇਸ ਕਾਰਨ ਹੋਈ ਉਸਦੀ ਬੇਇੱਜ਼ਤੀ ਦਾ ਬਦਲਾ ਲੈਣ ਦੀ ਚਾਹ ਵਿੱਚੋਂ ਉਪਜਦੀ ਸੀ। ਇਹ ਕਿਹਾ ਜਾ ਸਕਦਾ ਹੈ ਕਿ ਜਦੋਂ ਕੋਈ ਵਿਅਕਤੀ ਕਦੇ ਕਿਰਤੀ ਲੋਕਾਂ ਵੱਲ ਧਿਆਨ ਦਿੰਦਾ ਵੀ ਸੀ, ਤਾਂ ਇਹ ਉਹ ਕਿਰਤੀ ਲੋਕਾਂ ਦੇ ਹਿੱਤਾਂ ਲਈ ਨਹੀਂ ਕਰਦਾ ਸੀ, ਬਲਕਿ ਇਸ ਉਮੀਦ ਵਿੱਚ ਕਰਦਾ ਸੀ ਕਿ ਬੁਰਜੂਆਜ਼ੀ ਨੂੰ ਤਬਾਹ ਕਰਨ ਤੋਂ ਬਾਅਦ ਮਜ਼ਦੂਰ ਜਮਾਤ ਉਸਦੀ ਵਿਚਾਰਾਂ ਦੀ ਆਜ਼ਾਦੀ ਅਤੇ ਅਮਲਾਂ ਦੀ ਖੁੱਲ ਨੂੰ ਯਕੀਨੀ ਬਣਾਏਗੀ। ਮੈਂ ਫਿਰ ਦੁਹਰਾਉਂਦਾ ਹਾਂ: ਪੂਰਵ-ਇਨਕਲਾਬੀ ਸਾਹਿਤ ਦਾ ਮੁੱਢਲਾ ਅਤੇ ਪ੍ਰਮੁੱਖ ਵਿਸ਼ਾ ਵਿਅਕਤੀ ਦਾ ਡਰਾਮਾ ਸੀ, ਜਿਸਦਾ ਪੂਰਾ ਜੀਵਨ ਸ਼ਿਕੰਜੇ ਵਿੱਚ ਜਕੜਿਆ ਹੋਇਆ ਜਾਪਦਾ ਸੀ, ਜਿਹੜਾ ਖੁਦ ਨੂੰ ਸਮਾਜ ਵਿੱਚ ਵਾਧੂ ਸਮਝਦਾ ਸੀ ਅਤੇ ਆਪਣੇ ਲਈ ਕਿਸੇ ਢੁਕਵੇਂ ਸਥਾਨ ਦੀ ਭਾਲ਼ ਵਿੱਚ ਸੀ। ਕਿਉਂਕਿ ਉਸ ਨੂੰ ਅਜਿਹਾ ਕੋਈ ਸਥਾਨ ਨਹੀਂ ਮਿਲ਼ਿਆ, ਇਸ ਲਈ ਉਸਨੇ ਬਹੁਤ ਦੁੱਖ ਸਹੇ ਅਤੇ ਪੂਰੀ ਤਰ੍ਹਾਂ ਤਬਾਹ ਹੋ ਗਿਆ, ਜਾਂ ਤਾਂ ਆਪਣੇ ਵਿਰੋਧੀ ਸਮਾਜ ਨਾਲ਼ ਸਮਝੌਤਾ ਕਰ ਲਿਆ ਜਾਂ ਫਿਰ ਸ਼ਰਾਬੀ ਬਣ ਗਿਆ ਅਤੇ ਆਤਮ-ਹੱਤਿਆ ਕਰ ਲਈ।

ਸਾਡੇ ਦੇਸ਼, ਸੋਵੀਅਤ ਸੰਘ ਵਿੱਚ ਕਿਸੇ ਤਰ੍ਹਾਂ ਦੇ ਵਾਧੂ ਲੋਕ ਨਾ ਤਾਂ ਹੋਣੇ ਚਾਹੀਦੇ ਹਨ ਅਤੇ ਨਾ ਹੀ ਹੋ ਸਕਦੇ ਹਨ। ਹਰ ਨਾਗਰਿਕ ਨੂੰ ਆਪਣੀਆਂ ਯੋਗਤਾਵਾਂ, ਪ੍ਰਤਿਭਾਵਾਂ ਅਤੇ ਗੁਣ ਵਿਕਸਤ ਕਰਨ ਦੀ ਪੂਰੀ ਆਜ਼ਾਦੀ ਹੈ। ਵਿਅਕਤੀ ਕੋਲ਼ੋਂ ਬਸ ਇੱਕੋ ਮੰਗ ਕੀਤੀ ਜਾਂਦੀ ਹੈ ਕਿ ਉਹ ਜਮਾਤ-ਰਹਿਤ ਸਮਾਜ ਸਿਰਜਣ ਦੇ ਇਸ ਮਹਾਨ ਕਾਰਜ ਪ੍ਰਤੀ ਆਪਣੇ ਵਤੀਰੇ ਵਿੱਚ ਇਮਾਨਦਾਰ ਬਣੇ।

ਮਜ਼ਦੂਰਾਂ ਅਤੇ ਕਿਸਾਨਾਂ ਦੀ ਸਰਕਾਰ ਨੇ ਸੋਵੀਅਤ ਸੰਘ ਦੀ ਸਮੁੱਚੀ ਵਸੋਂ ਨੂੰ ਇੱਕ ਨਵੇਂ ਸੱਭਿਆਚਾਰ ਦੀ ਉਸਾਰੀ ਵਿੱਚ ਆਪਣਾ ਯੋਗਦਾਨ ਪਾਉਣ ਦਾ ਸੱਦਾ ਦਿੱਤਾ ਹੈ। ਇਸ ਲਈ ਸਾਡੇ ਵਿੱਚੋਂ ਹਰ ਕੋਈ ਗਲਤੀਆਂ, ਤਰੁੱਟੀਆਂ, ਪੈਦਾਵਾਰ ਵਿੱਚ ਖਰਾਬੀ, ਅਤੇ ਖੂਹ-ਦੇ-ਡੱਡੂਆਂ ਵਾਲ਼ੀ ਨੀਚਤਾ, ਸਵਾਰਥ, ਦੁਰੰਗਾਪਣ ਅਤੇ ਅਨੈਤਿਕਤਾ ਦੇ ਪ੍ਰਗਟਾਵੇ ਦਾ ਬਰਾਬਰ ਦਾ ਜ਼ਿੰਮੇਵਾਰ ਹੈ। ਇਸਦਾ ਅਰਥ ਇਹ ਹੈ ਕਿ ਸਾਡੀ ਆਲੋਚਨਾ ਸ਼ੁੱਧ ਆਤਮ-

ਆਲੋਚਨਾ ਹੋਣੀ ਚਾਹੀਦੀ ਹੈ, ਅਤੇ ਸਾਨੂੰ ਆਪਣੇ ਕੰਮਾਂ ਅਤੇ ਪਰਸਪਰ ਸੰਬੰਧਾਂ ਨੂੰ ਨਿਯੰਤਰਣ ਵਿੱਚ ਰੱਖਣ ਲਈ ਇੱਕ ਸਮਾਜਵਾਦੀ ਸਦਾਚਾਰ-ਨੀਤੀ ਅਪਣਾਉਣੀ ਚਾਹੀਦੀ ਹੈ।

ਉਹਨਾਂ ਤੱਥਾਂ ਨੂੰ ਬਿਆਨ ਕਰਦਿਆਂ ਜਿਹੜੇ ਮਜ਼ਦੂਰਾਂ ਦੇ ਬੌਧਿਕ ਵਿਕਾਸ ਨੂੰ ਦਰਸਾਉਂਦੇ ਹਨ ਅਤੇ ਇਹ ਦਿਖਾਉਂਦੇ ਹਨ ਕਿ ਕਿਵੇਂ ਇੱਕ ਬੁੱਢਾ ਛੋਟਾ ਮਾਲਿਕ ਸਮੂਹਿਕ ਖੇਤੀ ਕਰਨ ਵਾਲ਼ੇ ਕਿਸਾਨ ਦਾ ਰੂਪ ਧਾਰ ਰਿਹਾ ਹੈ, ਅਸੀਂ, ਲੇਖਕ, ਆਪਣੇ ਆਪ ਨੂੰ ਮਹਿਜ਼ ਰਿਪੋਰਟ ਕਰਨ ਤੱਕ ਹੀ ਸੀਮਤ ਰੱਖਦੇ ਹਾਂ, ਇਹਨਾਂ ਤਬਦੀਲੀਆਂ ਦੀ ਤਹਿ ਹੇਠਾਂ ਚੱਲ ਰਹੀਆਂ ਭਾਵਨਾਤਮਕ ਪ੍ਰਕਿਰਿਆਵਾਂ ਨੂੰ ਬਹੁਤ ਹੀ ਅਧੂਰੇ ਜਿਹੇ ਢੰਗ ਨਾਲ਼ ਪੇਸ਼ ਕਰਦੇ ਹਾਂ।

ਯਥਾਰਥ ਦੇ ਤੱਥਾਂ ਨੂੰ ਦੇਖਣ ਵਾਲ਼ੀ ਸਾਡੀ ਨਜ਼ਰ ਅਜੇ ਵੀ ਕਮਜ਼ੋਰ ਹੈ। ਦੇਸ਼ ਦਾ ਬਾਹਰੀ ਚਿਹਰਾ ਮੋਹਰਾ ਵੀ ਕਾਫੀ ਹੱਦ ਤੱਕ ਬਦਲ ਗਿਆ ਹੈ ਅਤੇ ਇਸ ਜ਼ਮੀਨ ਦੀ ਗਰੀਬੀ ਮਾਰੀ ਗੰਢ-ਤੁੱਪ ਵੀ ਖਤਮ ਹੋ ਗਈ ਹੈ। ਹੁਣ ਸਾਨੂੰ ਅਜਿਹੇ ਦ੍ਰਿਸ਼ ਨਹੀਂ ਦਿਸਦੇ ਜਿੱਥੇ ਹਲਕੇ-ਨੀਲੇ ਰੰਗ ਦੇ ਭੋਂ ਦੇ ਟੁਕੜੇ ਵਿੱਚ ਜਵੀ, ਇਸ ਤੋਂ ਅੱਗੇ ਰਾਈ ਦੀ ਸੁਨਹਿਰੀ ਪੱਟੀ, ਕਣਕ ਦੀ ਹਰਿਆਲੀ ਟੁਕੜੀ, ਘਾਹ-ਫੂਸ ਨਾਲ਼ ਭਰੇ ਭੂਮੀ ਦੇ ਟੋਟੇ ਅਤੇ ਕੁੱਲ ਮਿਲ਼ਾ ਕੇ ਡੱਬ-ਖੜੱਬੀ ਧਰਤੀ ਦਾ ਮਾਤਮੀ ਨਜ਼ਾਰਾ ਦਿਸਦਾ ਹੋਵੇ। ਅੱਜ ਸਾਡੀ ਭੋਂ ਦੇ ਵਿਸ਼ਾਲ ਫੈਲਾਅ ਇੱਕ ਹੀ ਨਮੂਨਾ ਅਤੇ ਰੰਗ ਪੇਸ਼ ਕਰਦੇ ਹਨ। ਪਿੰਡਾਂ ਅਤੇ ਸ਼ਹਿਰਾਂ ਵਿੱਚ ਹੁਣ ਚਰਚ ਨਹੀਂ ਬਲਕਿ ਵੱਡੀਆਂ ਜਨਤਕ ਇਮਾਰਤਾਂ ਹਾਵੀ ਹਨ। ਦਿਓ-ਕੱਦ ਫੈਕਟਰੀਆਂ ਆਪਣੇ ਸ਼ੀਸ਼ੇ ਦੇ ਵਿਸ਼ਾਲ ਪਸਾਰੇ ਵਿੱਚੋਂ ਧੁੱਪ ਨੂੰ ਪ੍ਰਤੀਬਿੰਬਤ ਕਰਦੀਆਂ ਹਨ, ਜਦਕਿ ਪ੍ਰਾਚੀਨ ਚਰਚ ਦੇਖਣ ਨੂੰ ਖਿਡਾਉਣੇ ਜਿਹੇ ਅਤੇ ਡੱਬ-ਖੜੱਬੇ ਨਮੂਨਿਆਂ ਕਾਰਨ ਕਾਫਰ ਜਿਹੇ ਜਾਪਦੇ ਹਨ। ਇਹ ਸਭ ਸਾਡੇ ਲੋਕਾਂ ਦੀ ਪ੍ਰਤਿਭਾ ਦਾ ਸਬੂਤ ਹੈ ਜਿਹੜੀ ਪਹਿਲਾਂ ਆਮ ਤੌਰ ’ਤੇ ਚਰਚ ਦੀ ਇਮਾਰਤਸਾਜ਼ੀ ਵਿੱਚ ਆਪਣਾ ਪ੍ਰਗਟਾਵਾ ਭਾਲ਼ਦੀ ਸੀ। ਜੋ ਵੀ ਹੈ, ਸਾਡੀ ਧਰਤੀ ਦਾ ਨਵਾਂ ਚਿਹਰਾ ਅਤੇ ਇਸ ਵਿੱਚ ਵਾਪਰੀਆਂ ਪ੍ਰਭਾਵਸ਼ਾਲੀ ਤਬਦੀਲੀਆਂ ਸਾਡੇ ਸਾਹਿਤ ਵਿੱਚ ਪ੍ਰਤੀਬਿੰਬਤ ਨਹੀਂ ਹੋਈਆਂ ਹਨ।

ਅਸੀਂ ਇੱਕ ਅਜਿਹੇ ਦੌਰ ਵਿੱਚ ਵਿਚਰ ਰਹੇ ਹਾਂ ਜਦੋਂ ਜ਼ਿੰਦਗੀ ਦੇ ਪੁਰਾਣੇ ਢੰਗ-ਤਰੀਕਿਆਂ ਦੀ ਨਵੇਂ ਸਿਰਿਓਂ ਮੁੜ ਉਸਾਰੀ ਕੀਤੀ ਜਾ ਰਹੀ ਹੈ, ਅਤੇ ਮਨੁੱਖ ਵਿੱਚ ਸਵੈ-ਮਾਣ ਦੀ ਭਾਵਨਾ ਪੈਦਾ ਹੋ ਰਹੀ ਹੈ, ਜਿਸਨੂੰ ਇਹ ਅਹਿਸਾਸ ਹੋ ਰਿਹਾ ਹੈ ਕਿ ਉਹੀ ਉਹ ਤਾਕਤ ਹੈ ਜਿਹੜੀ ਅਸਲ ਵਿੱਚ ਦੁਨੀਆਂ ਨੂੰ ਬਦਲ ਰਹੀ ਹੈ। ਕਈ ਲੋਕ ਇਹ ਪੜ੍ਹ ਕੇ ਹੱਸਦੇ ਹਨ ਕਿ ਲੋਕ ਆਪਣੇ ਨਾਮ ਬਦਲ ਰਹੇ ਹਨ, ਜਿਵੇਂ ਕਿ ਸਵਿਨੂਖਿਨ, ਸੋਬਾਕਿਨ, ਕੁਤੇਇਨੀਕੋਵ, ਪੋਪੋਵ, ਸਵਿਸ਼ਕੋਵ ਆਦਿ ਤੋਂ ਬਦਲ ਕੇ ਉਹਨਾਂ ਨੇ ਲੇਨਸਕੀ, ਨੋਵੀ, ਪਾਰਤੀਜ਼ਾਨੋਵ, ਦੇਦੋਵ, ਸਤੋਲਿਆਰੋਵ, ਆਦਿ ਨਾਮ ਰੱਖਣੇ ਸ਼ੁਰੂ ਕਰ ਦਿੱਤੇ ਹਨ। ਇਸ ਵਿੱਚ ਹਾਸੇ ਵਾਲ਼ੀ ਕੋਈ ਗੱਲ ਨਹੀਂ ਹੈ, ਇਹ ਤਾਂ ਵਧ ਰਹੇ ਸਵੈ-ਮਾਣ ਨੂੰ ਦਰਸਾਉਂਦਾ ਹੈ, ਕਿਉਂਕਿ ਲੋਕ ਅਜਿਹੇ ਨਾਮ ਰੱਖਣ ਤੋਂ ਇਨਕਾਰੀ ਹੋ ਰਹੇ ਹਨ ਜਿਹੜੇ ਉਹਨਾਂ ਦੇ ਪਿਓ-ਦਾਦਿਆਂ ਦੇ ਗੁਲਾਮ ਅਤੀਤ ਦੀ ਯਾਦ ਦਿਲਾਉਂਦੇ ਹੋਣ ਅਤੇ ਉਹਨਾਂ ਨੂੰ ਹੀਣ ਭਾਵਨਾ ਦਾ ਅਹਿਸਾਸ ਕਰਵਾਉਂਦੇ ਹੋਣ।

ਸਾਡਾ ਸਾਹਿਤ ਲੋਕਾਂ ਵਿੱਚ ਵਧ ਰਹੇ ਸਵੈ-ਮਾਣ ਦੇ ਲੱਛਣਾਂ ਵੱਲ ਜਾਂ ਸੋਵੀਅਤ ਦੇ ਨਵੇਂ ਨਾਗਰਿਕ ਦੇ ਵਿਕਾਸ ਦੀਆਂ ਪ੍ਰਕਿਰਿਆਵਾਂ ਵੱਲ, ਜਿਹੜੇ ਕਿ ਤੁੱਛ ਜਾਪ ਸਕਦੇ ਹਨ ਪਰ ਅਸਲ ਵਿੱਚ ਬਹੁਤ ਕੀਮਤੀ ਹਨ, ਜ਼ਿਆਦਾ ਧਿਆਨ ਨਹੀਂ ਦੇ ਰਿਹਾ। ਸਵਿਨੂਖਿਨ (ਰੂਸੀ ਦੇ ਸ਼ਬਦ 'ਸਵੀਨਿਆ' ਤੋਂ ਬਣਿਆ, ਜਿਸਦਾ ਅਰਥ ਸੂਰ ਹੈ—ਅਨੁ.) ਨੇ ਲੇਨਸਕੀ ਉੱਪਨਾਮ ਪੁਸ਼ਕਿਨ ਤੋਂ ਨਹੀਂ ਬਲਕਿ 1912 ਵਿੱਚ ਲੇਨਾ ਗੋਲ਼ਡਫੀਲਡਜ਼ ਵਿੱਚ ਹੋਏ ਮਜ਼ਦੂਰਾਂ ਦੇ ਕਤਲੇਆਮ ਤੋਂ ਲਿਆ ਹੋਵੇਗਾ। ਕੁਤੇਇਨੀਕੋਵ ਹੋ ਸਕਦਾ ਹੈ ਕਿ ਸੱਚਮੁੱਚ ਹੀ ਧੜੇਬਾਜ਼ ਰਿਹਾ ਹੋਵੇ, ਅਤੇ ਸੋਬਾਕਿਨ ('ਸੋਬਾਕਾ' ਤੋਂ ਬਣਿਆ ਜਿਸਦਾ ਅਰਥ ਹੈ ਕੁੱਤਾ), ਜਿਸਦਾ ਖੇਤ-ਗੁਲਾਮ ਦਾਦਾ ਸ਼ਾਇਦ ਕੁੱਤੇ ਦੇ ਬਦਲੇ ਖਰੀਦਿਆ ਗਿਆ ਹੋਵੇ, ਹੁਣ ਖੁਦ ਨੂੰ 'ਨੋਵੀ' (ਨਵਾਂ) ਮਹਿਸੂਸ ਕਰਦਾ ਹੈ। ਇਨਕਲਾਬ ਤੋਂ ਪਹਿਲਾਂ ਆਪਣਾ ਨਾਮ ਬਦਲਣ ਲਈ ਜ਼ਾਰ ਅੱਗੇ ਨਿਮਰਤਾ ਸਹਿਤ ਇੱਕ ਅਰਜ਼ੀ ਦੇਣੀ ਪੈਂਦੀ ਸੀ, ਅਤੇ ਜਦੋਂ ਕਿਸੇ ਪੇਵਤਸੋਵ ਨੇ ਅਪੀਲ ਦਾਇਰ ਕੀਤੀ ਕਿ ਉਸਦਾ ਉੱਪਨਾਮ ਬਦਲ ਕੇ ਅਵਦੋਤਿਨ (ਉਸਦੀ ਮਾਂ ਅਤੇ ਨਾਨੀ ਦਾ ਉੱਪਨਾਮ ਅਵਦੋਤਿਆਸ ਸੀ) ਕਰ ਦਿੱਤਾ ਜਾਵੇ, ਤਾਂ ਜੋ ਸ਼ਾਹੀ ਫੁਰਮਾਨ ਜਾਰੀ ਹੋਇਆ ਉਸ ਵਿੱਚ ਲਿਖਿਆ ਸੀ ਕਿ "ਇਹ ਆਦਮੀ ਬੇਵਕੂਫ ਹੈ"।

ਮੈਂ ਪਿੱਛੇ ਜਿਹੇ ਹੀ ਕਿਸੇ ਵੋਲਕੋਨਸਕੀ ਦੇ ਨਾਜ਼ੀ ਬਣਨ ਦੀ ਕਹਾਣੀ ਸੁਣੀ, ਜਿਹੜਾ ਇੱਕ ਇਤਿਹਾਸਿਕ ਨਾਮ ਵਾਲ਼ਾ ਬੰਦਾ ਸੀ, ਜਰਮਨ ਜਲ-ਸੈਨਾ ਵਿੱਚ ਜਹਾਜ਼ੀ ਸੀ ਅਤੇ ਦਿਸੰਬਰਵਾਦੀ ਦੀ ਔਲਾਦ ਸੀ।

ਜਦੋਂ ਉਸਨੂੰ ਪੁੱਛਿਆ ਗਿਆ ਕਿ ਉਸਨੇ ਇੰਝ ਕਿਉਂ ਕੀਤਾ ਤਾਂ ਉਸਦਾ ਜਵਾਬ ਸੀ ਕਿ ਇਸ ਲਈ ਕੀਤਾ ਕਿਉਂਕਿ ਹੁਣ ਅਫਸਰਾਂ ਕੋਲ਼ ਬੰਦਿਆਂ ਨੂੰ ਮਾਰਨ ਦਾ ਅਧਿਕਾਰ ਨਹੀਂ ਸੀ ਰਿਹਾ।

ਇਹ ਟੁੰਬਵੀਂ ਉਦਾਹਰਣ ਉਸ ਪੁਰਾਣੇ ਰਈਸ ਪਰਿਵਾਰ ਦੇ "ਖਾਨਦਾਨੀ" ਆਦਮੀ ਦੀ ਸਵੈ-ਮਾਣ ਦੀ ਭਾਵਨਾ ਦਾ ਪੂਰੀ ਤਰ੍ਹਾਂ ਖਤਮ ਹੋ ਜਾਣਾ ਦਰਸਾਉਂਦੀ ਹੈ।

ਨਵੇਂ ਇਨਸਾਨੀ ਗੁਣ ਜ਼ਿਆਦਾਤਰ ਬੱਚਿਆਂ ਵਿੱਚ ਹੀ ਉੱਭਰ ਕੇ ਸਾਹਮਣੇ ਆਉਂਦੇ ਹਨ, ਤੇ ਬੱਚੇ ਸਾਡੇ ਸਾਹਿਤ ਦੇ ਦ੍ਰਿਸ਼ਟੀ-ਖੇਤਰ ਤੋਂ ਬਾਹਰ ਹਨ। ਜਾਪਦਾ ਹੈ ਕਿ ਸਾਡੇ ਲੇਖਕ ਬੱਚਿਆਂ ਬਾਰੇ ਅਤੇ ਬੱਚਿਆਂ ਲਈ ਲਿਖਣਾ ਆਪਣੀ ਸ਼ਾਨ ਦੇ ਅਨੁਕੂਲ ਨਹੀਂ ਸਮਝਦੇ।

ਮੇਰਾ ਖਿਆਲ ਹੈ ਕਿ ਮੈਂ ਗਲਤ ਨਹੀਂ ਹੋਵਾਂਗਾ ਜੇ ਮੈਂ ਕਹਾਂ ਕਿ ਬਾਪ ਹੁਣ ਆਪਣੇ ਬੱਚਿਆਂ ਨਾਲ਼ ਵਧੇਰੇ ਧਿਆਨ ਨਾਲ਼ ਪੇਸ਼ ਆਉਂਦੇ ਹਨ ਅਤੇ ਜ਼ਿਆਦਾ ਨਰਮੀ ਵਰਤਣ ਲੱਗ ਪਏ ਹਨ। ਅਤੇ ਉਹਨਾਂ ਦਾ ਇਹ ਵਰਤਾਓ ਮੇਰੇ ਹਿਸਾਬ ਨਾਲ਼ ਬੜਾ ਕੁਦਰਤੀ ਹੈ। ਮਨੁੱਖੀ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਬੱਚੇ ਹੁਣ ਆਪਣੇ ਮਾਪਿਆਂ ਦੇ ਪੈਸੇ, ਮਕਾਨ ਅਤੇ ਫਰਨੀਚਰ ਦੇ ਵਾਰਿਸ ਨਹੀਂ ਸਗੋਂ ਇਸਤੋਂ ਵੀ ਮਹਾਨ ਅਤੇ ਕੀਮਤੀ ਚੀਜ਼—ਸਮਾਜਵਾਦੀ ਰਾਜ ਦੇ ਵਾਰਿਸ ਹਨ, ਜਿਹੜਾ ਉਹਨਾਂ ਦੇ ਮਾਪਿਆਂ ਨੇ ਆਪਣੀ ਕਿਰਤ ਨਾਲ਼ ਉਸਾਰਿਆ ਹੈ। ਇਸ ਤੋਂ ਪਹਿਲਾਂ ਕਦੇ ਵੀ ਬੱਚੇ ਆਪਣੇ ਅਤੀਤ ਦੇ ਐਨੇ ਚੇਤੰਨ ਅਤੇ ਕਰੜੇ ਜੱਜ ਨਹੀਂ ਸਨ ਹੁੰਦੇ ਜਿੰਨੇ ਅੱਜ ਹਨ।

ਸਾਡੇ ਆਲੇ-ਦੁਆਲੇ ਦਾ ਜੀਵਨ ਕਲਾਤਮਿਕ ਸਧਾਰਣੀਕਰਨ ਲਈ ਪਹਿਲਾਂ ਨਾਲ਼ੋਂ ਕਿਤੇ ਵਧੇਰੇ "ਕੱਚਾ" ਮਾਲ ਮੁਹੱਈਆ ਕਰਵਾ ਰਿਹਾ ਹੈ। ਅਜੇ ਤੱਕ ਵੀ ਨਾਟਕ ਵਿੱਚ ਅਤੇ ਨਾ ਹੀ ਨਾਵਲ ਵਿੱਚ ਸੋਵੀਅਤ ਔਰਤ ਦੀ ਤਸੱਲੀਬਖਸ਼ ਸਜੀਵ ਪੇਸ਼ਕਾਰੀ ਨਹੀਂ ਮਿਲ਼ਦੀ, ਜਿਹੜੀ ਸਮਾਜਵਾਦੀ ਉਸਾਰੀ ਦੇ ਹਰ ਖੇਤਰ ਵਿੱਚ ਏਨੀ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ। ਇਸ ਗੱਲ ਦੀ ਵਿਆਖਿਆ ਕਰਨੀ ਬਹੁਤ ਮੁਸ਼ਕਿਲ ਹੈ ਕਿ ਸਾਡੇ ਨਾਟਕਕਾਰਾਂ ਨੇ ਆਪਣੇ ਨਾਟਕਾਂ ਵਿੱਚ ਔਰਤਾਂ ਦੀਆਂ ਭੂਮਿਕਾਵਾਂ ਐਨੀਆਂ ਘੱਟ ਕਿਉਂ ਰੱਖੀਆਂ ਹਨ। ਭਾਵੇਂ ਸਾਡੇ ਦੇਸ਼ ਵਿੱਚ ਔਰਤਾਂ ਦਾ ਦਰਜਾ ਮਰਦਾਂ ਦੇ ਬਰਾਬਰ ਹੈ, ਅਤੇ ਔਰਤਾਂ ਨੇ ਵੀ ਆਪਣੀਆਂ ਯੋਗਤਾਵਾਂ ਅਤੇ ਪ੍ਰਤਿਭਾਵਾਂ ਦਾ ਹਮੇਸ਼ਾ ਪੂਰਾ ਸਬੂਤ ਦਿੱਤਾ ਹੈ, ਫਿਰ ਵੀ ਕਈ ਪੱਖਾਂ ਤੋਂ ਅਕਸਰ ਇਹ ਬਰਾਬਰੀ ਬਾਹਰੀ ਅਤੇ ਦਿਖਾਵੇ ਭਰੀ ਹੁੰਦੀ ਹੈ। ਮਰਦ ਅਜੇ ਇਹ ਗੱਲ ਭੁੱਲੇ ਨਹੀਂ ਹਨ, ਤੇ ਜਾਂ ਫਿਰ ਸ਼ਾਇਦ ਸਮੇਂ ਤੋਂ ਪਹਿਲਾਂ ਹੀ ਭੁੱਲ ਗਏ ਹਨ, ਕਿ ਦਰਜਨਾਂ ਸਦੀਆਂ ਤੋਂ ਔਰਤਾਂ ਨੂੰ ਕਾਮੁਕ ਮਨੋਰਥਾਂ ਲਈ ਅਤੇ "ਘਰ-ਬਾਰ ਸੰਭਾਲਣ" ਵਾਲ਼ੇ ਪਾਲਤੂ ਪਸ਼ੂਆਂ ਵਜੋਂ ਸਿਖਲਾਈ ਦਿੱਤੀ ਜਾਂਦੀ ਸੀ। ਸੰਸਾਰ ਦੀ ਅੱਧੀ ਵਸੋਂ ਸਿਰ ਚੜ੍ਹੇ ਇਤਿਹਾਸ ਦੇ ਇਸ ਪੁਰਾਣੇ ਅਤੇ ਸ਼ਰਮਨਾਕ ਕਰਜ਼ੇ ਨੂੰ ਸਭ ਤੋਂ ਪਹਿਲਾਂ ਸਾਡੇ ਦੇਸ਼ ਦੇ ਮਰਦਾਂ ਨੇ ਉਤਾਰਨਾ ਹੈ, ਅਤੇ ਇਸ ਤਰ੍ਹਾਂ ਦੁਨੀਆਂ ਦੇ ਬਾਕੀ ਮਰਦਾਂ ਲਈ ਇੱਕ ਮਿਸਾਲ ਸਥਾਪਿਤ ਕਰਨੀ ਹੈ। ਇੱਥੇ ਵੀ ਸਾਹਿਤ ਨੂੰ ਔਰਤਾਂ ਦੇ ਕੰਮਾਂ ਬਾਰੇ ਅਤੇ ਉਹਨਾਂ ਦੀ ਮਾਨਸਿਕਤਾ ਦਾ ਚਿਤਰਣ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਤਾਂ ਕਿ ਔਰਤਾਂ ਪ੍ਰਤੀ ਰਵੱਈਆ, ਖ਼ੂਹ-ਦੇ-ਡੱਡੂਆਂ ਵੱਲੋਂ ਸਥਾਪਿਤ ਕੀਤੇ ਰਵੱਈਏ ਨਾਲ਼ੋਂ ਉੱਚਾ ਚੁੱਕਿਆ ਜਾ ਸਕੇ, ਜਿਹੜਾ ਉਹਨਾਂ ਨੇ ਹੇਠਲੇ ਪੱਧਰ ਦੇ ਪਸ਼ੂਆਂ ਤੋਂ ਸਿੱਖਿਆ ਹੈ।

ਇਸ ਤੋਂ ਅੱਗੇ, ਮੈਂ ਇਹ ਦੱਸ ਦੇਣਾ ਵੀ ਲਾਜ਼ਮੀ ਸਮਝਦਾ ਹਾਂ ਕਿ ਸੋਵੀਅਤ ਸਾਹਿਤ ਕੇਵਲ ਰੂਸੀ ਭਾਸ਼ਾ ਦਾ ਹੀ ਸਾਹਿਤ ਨਹੀਂ ਹੈ, ਸਗੋਂ ਪੂਰੇ ਸੋਵੀਅਤ ਸੰਘ ਦਾ ਸਾਹਿਤ ਹੈ। ਕਿਉਂਕਿ ਭਰਾਤਰੀ ਗਣਰਾਜਾਂ ਦੇ ਲੇਖਕ, ਜਿਹੜੇ ਸਾਡੇ ਨਾਲ਼ੋਂ ਕੇਵਲ ਭਾਸ਼ਾ ਪੱਖੋਂ ਹੀ ਵੱਖਰੇ ਹਨ, ਪੂੰਜੀਵਾਦ ਦੁਆਰਾ ਵੰਡੀ ਹੋਈ ਸਾਰੀ ਦੁਨੀਆਂ ਦੀ ਮਜ਼ਦੂਰ ਜਮਾਤ ਨੂੰ ਇੱਕਜੁੱਟ ਕਰਨ ਵਾਲ਼ੇ ਸਿਧਾਂਤ ਦੇ ਅਸਰ ਅਤੇ ਛਾਪ ਹੇਠਾਂ ਹੀ ਕੰਮ ਕਰਦੇ ਅਤੇ ਜਿਉਂਦੇ ਹਨ। ਇਸ ਲਈ ਇਹ ਗੱਲ ਪੂਰੀ ਤਰ੍ਹਾਂ ਸਾਫ ਹੈ ਕਿ ਸਾਨੂੰ ਕੌਮੀ ਘੱਟ-ਗਿਣਤੀ ਦੀਆਂ ਰਚਨਾਵਾਂ ਨੂੰ ਕੇਵਲ ਇਸੇ ਕਰਕੇ ਅੱਖੋਂ ਪਰੋਖੇ ਕਰਨ ਦਾ ਕੋਈ ਹੱਕ ਨਹੀਂ ਹੈ ਕਿ ਅਸੀਂ ਬਹੁ-ਗਿਣਤੀ ਵਿੱਚ ਹਾਂ। ਕਲਾ ਦੀ ਕੀਮਤ ਉਸਦੀ ਮਾਤਰਾ ਤੋਂ ਨਹੀਂ, ਉਸਦੇ ਗੁਣਾਂ ਤੋਂ ਮਿਥੀ ਜਾਂਦੀ ਹੈ। ਜੇ ਸਾਡੇ ਕੋਲ਼ ਪੁਸ਼ਕਿਨ ਜਿਹਾ ਮਹਾਨ ਲੇਖਕ ਹੈ ਤਾਂ ਇਸਦਾ ਮਤਲਬ ਇਹ ਨਹੀਂ ਹੈ ਕਿ ਆਰਮੇਨੀਅਨ, ਜਾਰਜੀਅਨ, ਤਾਤਾਰ, ਯੂਕਰੇਨੀਅਨ ਅਤੇ ਹੋਰ ਕੌਮਾਂ ਸਾਹਿਤ, ਸੰਗੀਤ, ਚਿੱਤਰਕਲਾ ਅਤੇ ਇਮਾਰਤਸਾਜ਼ੀ ਦੇ ਮਹਾਨ ਉਸਤਾਦ ਪੈਦਾ ਕਰਨ ਦੇ ਸਮਰੱਥ ਨਹੀਂ ਹਨ। ਇਹ ਗੱਲ ਭੁੱਲੀ ਨਹੀਂ ਜਾਣੀ ਚਾਹੀਦੀ ਕਿ ਸਮੁੱਚੇ ਸੋਵੀਅਤ ਸੰਘ ਵਿੱਚ ਪੂਰੀ ਮਜ਼ਦੂਰ ਜਮਾਤ ਬੜੀ ਤੇਜ਼ੀ ਨਾਲ਼ ਪ੍ਰਬੋਧਨ ਦੇ ਦੌਰ ਵਿੱਚੋਂ ਗੁਜ਼ਰ ਰਹੀ ਹੈ ਅਤੇ ਇੱਕ ਇਮਾਨਦਾਰ ਤੇ ਇਨਸਾਨੀ ਜ਼ਿੰਦਗੀ ਵੱਲ, ਨਵੇਂ ਇਤਿਹਾਸ ਦੀ ਆਜ਼ਾਦ ਉਸਾਰੀ ਵੱਲ, ਅਤੇ ਸਮਾਜਵਾਦੀ ਸੱਭਿਆਚਾਰ ਦੇ

ਨਿਰਮਾਣ ਵੱਲ ਵੱਧ ਰਹੀ ਹੈ। ਅਸੀਂ ਦੇਖ ਸਕਦੇ ਹਾਂ ਕਿ ਜਿੰਨੀ ਤੇਜ਼ੀ ਨਾਲ਼ ਇਹ ਪ੍ਰਬੋਧਨ ਤਰੱਕੀ ਕਰਦਾ ਹੈ, ਉਨੇ ਹੀ ਸ਼ਕਤੀਸ਼ਾਲੀ ਢੰਗ ਨਾਲ਼ ਇਹ ਪ੍ਰਕਿਰਿਆ 17 ਕਰੋੜ ਔਰਤਾਂ-ਮਰਦਾਂ ਅੰਦਰ ਛੁਪੀ ਕਲਾ ਅਤੇ ਪ੍ਰਤਿਭਾ ਨੂੰ ਉਜਾਗਰ ਕਰਦੀ ਹੈ।

ਮੈਨੂੰ ਇੱਥੇ ਉਹ ਚਿੱਠੀ ਪੜ੍ਹ ਕੇ ਸੁਣਾਉਣੀ ਚਾਹੀਦੀ ਹੈ, ਜਿਹੜੀ ਮੈਨੂੰ ਇੱਕ ਤਾਤਾਰ ਲੇਖਕ ਨੇ ਲਿਖੀ ਸੀ।

ਮਹਾਨ ਅਕਤੂਬਰ ਇਨਕਲਾਬ ਨੇ ਸਾਨੂੰ, ਪਿਛੜੀਆਂ ਅਤੇ ਦੱਬੀਆਂ-ਕੁਚਲੀਆਂ ਕੌਮਾਂ ਦੇ ਲੇਖਕਾਂ ਨੂੰ, ਅਸੀਮ ਅਵਸਰ ਪ੍ਰਦਾਨ ਕੀਤੇ ਹਨ। ਆਪਣੀਆਂ ਕ੍ਰਿਤਾਂ ਨਾਲ਼ ਰੂਸੀ ਸਾਹਿਤ ਵਿੱਚ ਦਾਖਿਲ ਹੋਣ ਦਾ ਮੌਕਾ ਵੀ ਇਹਨਾਂ ਵਿੱਚੋਂ ਇੱਕ ਹੈ। ਇਹ ਗੱਲ ਸਹੀ ਹੈ ਕਿ ਅਜੇ ਇਹ ਲਿਖਤਾਂ ਸੰਪੂਰਨਤਾ ਤੋਂ ਕਾਫੀ ਦੂਰ ਹਨ। ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਘੱਟ ਗਿਣਤੀ ਕੌਮਾਂ ਦੇ ਦਰਜਨਾਂ ਬਲਕਿ ਸੈਂਕੜੇ ਲੇਖਕ ਰੂਸੀ ਭਾਸ਼ਾ ਵਿੱਚ ਛਪ ਰਹੇ ਹਨ। ਦੂਜੇ ਪਾਸੇ, ਸੋਵੀਅਤ ਰੂਸੀ ਸਾਹਿਤ ਨੂੰ ਕੇਵਲ ਰੂਸੀ ਲੋਕ ਨਹੀਂ ਪੜ੍ਹਦੇ, ਸਗੋਂ ਸਾਡੇ ਸੋਵੀਅਤ ਯੂਨੀਅਨ ਦੀਆਂ ਸਾਰੀਆਂ ਕੌਮਾਂ ਦੇ ਮਜ਼ਦੂਰ ਤੇ ਕਿਰਤੀ ਲੋਕ ਵੀ ਇਸ ਸਾਹਿਤ ਨੂੰ ਪੜ੍ਹਦੇ ਹਨ। ਸਾਰੀਆਂ ਕੌਮਾਂ ਦੀਆਂ ਨੌਜਵਾਨ ਪੀੜ੍ਹੀਆਂ ਦੇ ਲੱਖਾਂ ਲੋਕ ਇਸ 'ਤੇ ਪਲ਼ ਰਹੇ ਹਨ। ਇਸ ਤਰ੍ਹਾਂ ਸੋਵੀਅਤ-ਪ੍ਰੋਲੇਤਾਰੀ ਅੱਖਰ ਹੁਣ ਕੇਵਲ ਰੂਸੀ ਬੋਲਣ ਵਾਲ਼ੇ ਅਤੇ ਰੂਸ ਦੇ ਜੰਮਪਲ਼ ਲੋਕਾਂ ਲਈ ਹੀ ਨਹੀਂ ਰਹਿ ਗਏ, ਸਗੋਂ ਹੌਲ਼ੀ-ਹੌਲ਼ੀ ਆਪਣੇ ਰੂਪ ਵਿੱਚ ਕੌਮਾਂਤਰੀ ਚਰਿੱਤਰ ਅਖਤਿਆਰ ਕਰ ਰਹੇ ਹਨ। ਇਹ ਮਹੱਤਵਪੂਰਨ ਇਤਿਹਾਸਕ ਪ੍ਰਕਿਰਿਆ ਮੁੱਢੋਂ ਹੀ ਨਵੇਂ ਤੇ ਅਦਭੁੱਤ ਕੰਮ ਅਤੇ ਨਵੀਆਂ ਮੰਗਾਂ ਸਾਹਮਣੇ ਲਿਆ ਰਹੀ ਹੈ।

ਬੜੇ ਦੁੱਖ ਨਾਲ਼ ਕਹਿਣਾ ਪੈ ਰਿਹਾ ਹੈ ਕਿ ਸਾਰੇ ਲੇਖਕ, ਆਲੋਚਕ ਅਤੇ ਸੰਪਾਦਕ ਅਜੇ ਇਸ ਗੱਲ ਨੂੰ ਪੂਰੀ ਤਰ੍ਹਾਂ ਸਮਝੇ ਨਹੀਂ ਹਨ। ਇਹੀ ਕਾਰਨ ਹੈ ਕਿ ਸਥਾਪਿਤ ਸਾਹਿਤਕ ਹਲਕੇ ਅਜੇ ਵੀ ਸਾਨੂੰ "ਨਸਲ-ਸਾਸ਼ਤਰ ਨਾਲ਼ ਸੰਬੰਧਿਤ ਕੋਈ ਨੁਮਾਇਸ਼ੀ ਚੀਜ਼" ਹੀ ਸਮਝਦੇ ਹਨ। ਸਾਡੀਆਂ ਲਿਖਤਾਂ ਨੂੰ ਛਾਪਣ ਲਈ ਜਦੋਂ ਕਦੇ ਪ੍ਰਵਾਨ ਕੀਤਾ ਜਾਂਦਾ ਹੈ ਤਾਂ ਕਈ ਲੋਕ ਇਹ ਗੱਲ ਕਹਿ ਵੀ ਦਿੰਦੇ ਹਨ ਕਿ ਇਹ ਉਹਨਾਂ ਲਈ "ਲਾਹੇਵੰਦ ਨਿਵੇਸ਼ ਨਹੀਂ ਹਨ" ਜਾਂ "ਅਹਿਸਾਨ" ਕਰ ਰਹੇ ਹਨ ਅਤੇ ਉਹ "ਪਾਰਟੀ ਦੀ ਕੌਮੀ ਨੀਤੀ ਨੂੰ ਜਾਣਬੁੱਝ ਕੇ ਛੋਟ ਦੇ ਰਹੇ ਹਨ"। ਉਦਾਰਤਾ ਦਾ ਇਹ ਦਿਖਾਵਾ ਕੌਮੀ ਏਕਤਾ ਅਤੇ ਮਨੁੱਖੀ ਸ਼ਾਨ ਦਾ ਇੱਕ ਤਰ੍ਹਾਂ ਨਾਲ਼ ਨਿਰਾਦਰ ਹੈ। ਜਦੋਂ ਕੋਈ ਕਿਤਾਬ ਛਪ ਕੇ ਸਾਹਮਣੇ ਆਉਂਦੀ ਹੈ ਤਾਂ ਆਲੋਚਕ ਲੇਖਕ ਬਾਰੇ ਅਤੇ ਕਿਤਾਬ ਬਾਰੇ ਕੁਝ "ਨਰਮ ਸ਼ਬਦ" ਜ਼ਰੂਰ ਕਹਿੰਦੇ ਹਨ, ਉਹ ਵੀ ਇਸਦੇ ਗੁਣਾਂ ਕਾਰਨ ਨਹੀਂ ਬਲਕਿ ਲੈਨਿਨਵਾਦੀ-ਸਤਾਲਿਨਵਾਦੀ ਕੌਮੀ ਨੀਤੀ ਪ੍ਰਤੀ "ਸਤਿਕਾਰ" ਕਰਕੇ ਕਹਿੰਦੇ ਹਨ। ਇਸਦਾ ਸਾਨੂੰ ਕੋਈ ਫਾਇਦਾ ਨਹੀਂ ਹੁੰਦਾ, ਸਗੋਂ ਇਸਦੇ ਉਲਟ ਇਸਦਾ ਸਾਡੇ ਘੱਟ ਤਜ਼ਰਬੇਕਾਰ ਸਾਥੀਆਂ 'ਤੇ ਮਾੜਾ ਅਸਰ ਹੀ ਪੈਂਦਾ ਹੈ। ਉਸਤੋਂ ਬਾਅਦ ਆਮ

ਤੌਰ 'ਤੇ 5000 ਕਾਪੀਆਂ ਦਾ ਐਡੀਸ਼ਨ ਛਾਪਣ ਤੋਂ ਬਾਅਦ, ਜਿਹੜੀਆਂ ਵੱਡੇ ਸ਼ਹਿਰਾਂ ਵਿੱਚ ਹੀ ਵਿਦੇਸ਼ੀ ਅਤੇ ਅਦਭੁੱਤ ਚੀਜ਼ਾਂ ਦੇ ਪ੍ਰੇਮੀਆਂ ਵੱਲੋਂ ਹੀ ਖਰੀਦ ਲਈਆਂ ਜਾਂਦੀਆਂ ਹਨ, ਇਹ ਪੁਰਾਤਨ ਲਿਖਤਾਂ ਬਣ ਕੇ ਰਹਿ ਜਾਂਦੀਆਂ ਹਨ। ਸਾਡੇ ਉੱਤੇ ਬੁਰਾ ਨੈਤਿਕ ਅਤੇ ਪਦਾਰਥਕ ਅਸਰ ਪਾਉਣ ਦੇ ਨਾਲ਼-ਨਾਲ਼ ਇਹ ਅਮਲ ਆਮ ਪਾਠਕਾਂ ਤੱਕ ਪਹੁੰਚਣ ਦਾ ਸਾਡਾ ਰਾਹ ਵੀ ਬੰਦ ਕਰ ਦਿੰਦਾ ਹੈ ਅਤੇ ਸਾਡੇ ਸੰਸਾਰ ਨਜ਼ਰੀਏ ਨੂੰ "ਸੂਬਾਈ" ਬਣਾ ਕੇ ਰੱਖ ਦਿੰਦਾ ਹੈ। ਇਹ ਬਿਲਕੁਲ ਕੁਦਰਤੀ ਹੈ ਕਿ ਅਸੀਂ ਜੋ ਕੁਝ ਪ੍ਰਾਪਤੀਆਂ ਹਾਸਿਲ ਕੀਤੀਆਂ ਹਨ ਤਾਂ ਉਹਨਾਂ ਬਾਰੇ ਸੁਣਨਾ ਚਾਹੁੰਦੇ ਹਾਂ, ਅਤੇ ਆਪਣੀਆਂ ਤਰੁੱਟੀਆਂ ਅਤੇ ਗਲਤੀਆਂ, ਜਿਹੜੀਆਂ ਹੋਰਨਾਂ ਲੇਖਕਾਂ ਨਾਲ਼ੋਂ ਸਾਡੇ ਵਿੱਚ ਜ਼ਿਆਦਾ ਮਾਤਰਾ ਵਿੱਚ ਹਨ, ਬਾਰੇ ਵੀ ਜਾਨਣਾ ਚਾਹੁੰਦੇ ਹਾਂ ਤਾਂ ਕਿ ਭਵਿੱਖ ਵਿੱਚ ਉਹਨਾਂ ਨੂੰ ਦੂਰ ਕੀਤਾ ਜਾ ਸਕੇ। ਅਸੀਂ ਆਮ ਪਾਠਕਾਂ ਤੱਕ ਪਹੁੰਚਣਾ ਚਾਹੁੰਦੇ ਹਾਂ।"

ਸੋਵੀਅਤ ਯੂਨੀਅਨ ਅਤੇ ਸਾਰੇ ਖੁਦ ਮੁਖਤਿਆਰ ਗਣਰਾਜਾਂ ਦੇ ਸਾਹਿਤ ਦੇ ਪ੍ਰਤੀਨਿਧੀ ਸ਼ਾਇਦ ਇਸ ਚਿੱਠੀ 'ਤੇ ਆਪਣੇ ਦਸਤਖਤ ਕਰਨ ਲਈ ਤਿਆਰ ਹੋਣਗੇ। ਸਾਡੇ ਸਾਹਿਤ ਦੇ ਇਤਿਹਾਸਕਾਰਾਂ ਅਤੇ ਆਲੋਚਕਾਂ ਨੂੰ ਇਸ ਚਿੱਠੀ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਸਾਡੇ ਦੇਸ਼ ਦੇ ਲੋਕਾਂ ਨੂੰ ਇਹ ਗੱਲ ਸਮਝਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ, ਭਾਵੇਂ ਉਹ ਵੱਖੋ-ਵੱਖ ਕੌਮਾਂ ਨਾਲ਼ ਸੰਬੰਧ ਰੱਖਦੇ ਹੋਣ ਅਤੇ ਵੱਖਰੀਆਂ ਬੋਲੀਆਂ ਬੋਲਦੇ ਹੋਣ, ਪਰ ਉਹ ਸਾਰੇ ਇਸ ਸੰਸਾਰ ਦੇ ਪਹਿਲੇ ਸਮਾਜਵਾਦੀ ਦੇਸ਼ ਦੇ ਨਾਗਰਿਕ ਹਨ। ਸਾਡੇ ਆਲੋਚਕਾਂ ਨੂੰ ਜੋ ਝਾੜ ਪਾਈ ਗਈ ਹੈ ਉਹ ਬਿਲਕੁਲ ਸਹੀ ਹੈ। ਸਾਡੀ ਸਾਹਿਤਕ ਆਲੋਚਨਾ, ਖਾਸ ਕਰਕੇ ਅਖਬਾਰਾਂ ਦੀ, ਜਿਸਨੂੰ ਲੇਖਕ ਬਹੁਤ ਜ਼ਿਆਦਾ ਪੜ੍ਹਦੇ ਹਨ, ਖੁਸ਼ਕ, ਅਕਾਦਮਿਕ ਅਤੇ ਸਮਕਾਲੀ ਜੀਵਨ ਤੋਂ ਪੂਰੀ ਤਰ੍ਹਾਂ ਬੇਖਬਰ ਹੈ। ਕਿਤਾਬਾਂ ਬਾਰੇ ਅਖਬਾਰਾਂ ਦੇ ਗਿਆਨ ਦੀ ਘਾਟ ਸਾਡੇ ਸਮਿਆਂ ਵਿੱਚ ਸਭ ਤੋਂ ਜ਼ਿਆਦਾ ਉੱਘੜ ਕੇ ਸਾਹਮਣੇ ਆਈ ਹੈ, ਜਦੋਂ ਜੀਵਨ ਵਿੱਚ ਤੀਬਰ ਤਬਦੀਲੀਆਂ ਅਤੇ ਹਰ ਤਰ੍ਹਾਂ ਦੀਆਂ ਸਰਗਰਮੀਆਂ ਵਾਪਰ ਰਹੀਆਂ ਹਨ। ਵਿਸ਼ਿਆਂ, ਪਾਤਰਾਂ ਅਤੇ ਮਾਨਵੀ ਸੰਬੰਧਾਂ ਦਾ ਮੁਲਾਂਕਣ ਕਰਦੇ ਸਮੇਂ ਸਾਡੀ ਸਾਹਿਤਕ ਆਲੋਚਨਾ ਵਾਰ-ਵਾਰ ਮਾਰਕਸ, ਏਂਗਲਜ਼ ਅਤੇ ਲੈਨਿਨ ਦੇ ਹਵਾਲੇ ਦੇਣ ਤੋਂ ਇਲਾਵਾ ਅਗਵਾਈ ਕਰਨ ਵਾਲ਼ੇ ਇੱਕ ਵੀ ਦਾਰਸ਼ਨਿਕ-ਆਲੋਚਨਾ ਦੇ ਸਿਧਾਂਤ ਦੀ ਵਰਤੋਂ ਨਹੀਂ ਕਰਦੀ ਅਤੇ ਨਾ ਹੀ ਜੀਵਨ ਦੇ ਤੇਜ਼ ਰੌਂਅ ਦੇ ਨਿਰੀਖਣ ਤੋਂ ਪ੍ਰਾਪਤ ਹੋਏ ਤੱਥਾਂ ਵੱਲ ਧਿਆਨ ਦਿੰਦੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਸਾਡੇ ਦੇਸ਼ ਅਤੇ ਸਾਡੇ ਕੰਮਾਂ ਵਿੱਚ ਬਹੁਤ ਕੁਝ ਅਜਿਹਾ ਹੈ ਜਿਸਦੀ ਮਾਰਕਸ ਅਤੇ ਏਂਗਲਜ਼ ਭਵਿੱਖਬਾਣੀ ਨਹੀਂ ਕਰ ਸਕਦੇ ਸਨ। ਆਲੋਚਕ ਲੇਖਕ ਨੂੰ ਕਹੇਗਾ: "ਇਹ ਗਲਤ ਹੈ ਕਿਉਂਕਿ ਇਸ ਵਿਸ਼ੇ ਬਾਰੇ ਸਾਡੇ ਅਧਿਆਪਕਾਂ ਨੇ 'ਇਹ' ਕਿਹਾ ਹੈ।" ਉਹ ਇਹ ਨਹੀਂ ਕਹਿੰਦੇ: "ਇਹ ਗਲਤ ਹੈ ਕਿਉਂਕਿ ਜੀਵਨ ਦੇ ਤੱਥ ਲੇਖਕ ਦੇ ਇਸ ਬਿਆਨ ਦੀ ਵਿਰੋਧਤਾ ਕਰਦੇ ਹਨ।" ਆਪਣੇ ਸਾਰੇ ਉਧਾਰ ਲਏ ਵਿਚਾਰਾਂ

ਦੇ ਬਾਵਜੂਦ ਆਲੋਚਕ ਏਂਗਲਜ਼ ਦੇ ਸਭ ਤੋਂ ਜ਼ਿਆਦਾ ਕੀਮਤੀ ਬਿਆਨ ਨੂੰ ਪੂਰੀ ਤਰ੍ਹਾਂ ਭੁੱਲ ਚੁੱਕੇ ਹਨ: "ਸਾਡਾ ਸਿਧਾਂਤ ਕੋਈ ਮਤ ਨਹੀਂ ਹੈ ਸਗੋਂ ਇਹ ਤਾਂ ਅਮਲਾਂ ਦਾ ਰਾਹ-ਦਰਸਾਵਾ ਹੈ।" ਸਾਡੀ ਸਾਹਿਤਕ ਆਲੋਚਨਾ ਪੂਰੀ ਤਰ੍ਹਾਂ ਪ੍ਰਭਾਵਸ਼ਾਲੀ ਅਤੇ ਲਚਕੀਲੀ ਨਹੀਂ ਹੈ। ਇਸ ਤੋਂ ਇਲਾਵਾ ਆਲੋਚਕ ਲੇਖਕ ਨੂੰ ਸਾਦੀ, ਸਪਸ਼ਟ ਅਤੇ ਗੁੰਦਵੀਂ ਭਾਸ਼ਾ ਵਿੱਚ ਲਿਖਣ ਦੀ ਸਿੱਖਿਆ ਦੇਣ ਦੇ ਕਾਬਿਲ ਨਹੀਂ ਹੈ ਕਿਉਂਕਿ ਉਸਦੀ ਆਪਣੀ ਸ਼ੈਲੀ ਸ਼ਬਦ-ਆਡੰਬਰ ਪੂਰਣ ਅਤੇ ਲਮਕਵੀਂ ਜਿਹੀ ਹੈ ਅਤੇ ਇਸ ਤੋਂ ਵੀ ਬੁਰੀ ਗੱਲ ਠੰਡੀ ਜਿਹੀ ਜਾਂ ਲੋੜੋਂ ਵੱਧ ਭਾਵਨਾਵਾਂ ਨਾਲ਼ ਲੱਦੀ ਹੁੰਦੀ ਹੈ। ਭਾਵਨਾਵਾਂ ਨਾਲ਼ ਲੱਦੀ ਉਦੋਂ ਹੁੰਦੀ ਹੈ ਜਦੋਂ ਆਲੋਚਕ ਦੇ ਲੇਖਕ ਨਾਲ਼ ਦੋਸਤਾਨਾ ਸੰਬੰਧ ਹੁੰਦੇ ਹਨ ਜਾਂ "ਨੇਤਾਵਾਦ" ਵਿੱਚ ਗ੍ਰਸੇ ਲੋਕਾਂ ਦੇ ਛੋਟੇ ਜਿਹੇ ਗਰੁੱਪ ਦੇ ਹਿੱਤਾਂ ਦੀ ਸਾਂਝ ਹੁੰਦੀ ਹੈ। ਜਿਹੜੀ ਅਸਲ ਵਿੱਚ ਖ਼ੂਹ-ਦੇ-ਡੱਡੂਆਂ ਦੀ ਫੈਲਾਈ ਛੂਤ ਦੀ ਬਿਮਾਰੀ ਹੈ।

"ਨੇਤਾਵਾਦ" ਨਿੱਕ ਬੁਰਜੂਆ ਲੋਕਾਂ ਦੀ ਨੀਵੀਂ ਜੀਵਨ ਸਮਰੱਥਾ ਦਾ ਨਤੀਜਾ ਅਤੇ ਉਹਨਾਂ ਦੇ ਸਮਿਆਂ ਦਾ ਰੋਗ ਹੈ। ਇਹ ਨੀਵੀਂ ਜੀਵਨ ਸਮਰੱਥਾ ਪੂੰਜੀਪਤੀ ਅਤੇ ਪ੍ਰੋਲੇਤਾਰੀ ਦੇ ਸੰਘਰਸ਼ ਵਿੱਚ ਹੋਣ ਵਾਲੀ ਅਟੱਲ ਤਬਾਹੀ ਅਤੇ ਉਸਦੇ ਮਨ ਵਿੱਚ ਉਸ ਤਬਾਹੀ ਦੇ ਜਨਮੇ ਡਰ ਕਾਰਨ ਪੈਦਾ ਹੋਈ ਹੈ ਜਿਹੜੀ ਉਸਨੂੰ ਉਸ ਧੜੇ ਵੱਲ ਧੱਕ ਰਹੀ ਜਿਸਨੂੰ ਉਹ ਪਹਿਲਾਂ ਤੋਂ ਹੀ ਤਕੜਾ ਮੰਨਦਾ ਰਿਹਾ ਹੈ, ਉਸ ਮਾਲਿਕ ਵੱਲ ਜਿਹੜਾ ਦੂਜਿਆਂ ਦੀ ਕਿਰਤ ਦਾ ਸ਼ੋਸ਼ਣ ਕਰਦਾ ਹੈ ਅਤੇ ਦੁਨੀਆਂ ਨੂੰ ਲੁੱਟ ਰਿਹਾ ਹੈ। ਮਨੋਵਿਗਿਆਨਕ ਤੌਰ 'ਤੇ "ਨੇਤਾਵਾਦ" ਵਿਅਕਤੀਵਾਦ ਦੇ ਬੋਦੇਪਣ, ਨਿਪੁੰਸਕਤਾ ਅਤੇ ਕੰਗਾਲੀ ਵਿੱਚੋਂ ਉਪਜਦਾ ਹੈ। ਪਦਾਰਥਕ ਤੌਰ 'ਤੇ ਇਹ ਕਈ ਤਰ੍ਹਾਂ ਦੇ ਰਿਸਦੇ ਫੋੜਿਆਂ ਦਾ ਰੂਪ ਧਾਰ ਲੈਂਦਾ ਹੈ ਜਿਵੇਂ ਕਿ, ਏਬਰਟ, ਨੋਸਕੇ, ਹਿਟਲਰ ਅਤੇ ਪੂੰਜੀਵਾਦੀ ਯਥਾਰਥ ਦੇ ਅਜਿਹੇ ਹੀ ਕਈ ਹੋਰ ਨਾਇਕ। ਸਾਡੇ ਦੇਸ਼ ਵਿੱਚ, ਜਿੱਥੇ ਸਮਾਜਵਾਦੀ ਜੀਵਨ ਦਾ ਨਿਰਮਾਣ ਚੱਲ ਰਿਹਾ ਹੈ, ਅਜਿਹੀਆਂ ਰਸੌਲੀਆਂ ਦਾ ਪੈਦਾ ਹੋਣਾ ਅਸੰਭਵ ਹੈ। ਫਿਰ ਵੀ ਖ਼ੂਹ-ਦੇ-ਡੱਡੂਪੁਣੇ ਦੀ ਵਿਰਾਸਤ ਵਜੋਂ ਅਜੇ ਵੀ ਕੁਝ "ਫਿਨਸੀਆਂ" ਹਨ ਜਿਹੜੀਆਂ "ਨੇਤਾਵਾਦ" ਅਤੇ ਅਗਵਾਈ ਦੇ ਮੂਲ ਅੰਤਰ ਨੂੰ ਸਮਝਣ ਤੋਂ ਅਸਮਰੱਥ ਹਨ। ਜਦਕਿ ਅੰਤਰ ਬੜਾ ਸਪਸ਼ਟ ਹੈ। ਅਗਵਾਈ ਮਨੁੱਖੀ ਊਰਜਾ ਨੂੰ ਸਭ ਤੋਂ ਉੱਚਾ ਸਥਾਨ ਦਿੰਦੀ ਹੈ ਅਤੇ ਊਰਜਾ ਦੀ ਘੱਟ ਤੋਂ ਘੱਟ ਖਪਤ ਨਾਲ਼ ਸਭ ਤੋਂ ਵਧੀਆ ਅਮਲੀ ਨਤੀਜੇ ਹਾਸਿਲ ਕਰਨ ਦੇ ਢੰਗ ਤਰੀਕਿਆਂ ਵੱਲ ਇਸ਼ਾਰਾ ਕਰਦੀ ਹੈ। ਜਦਕਿ "ਨੇਤਾਵਾਦ" ਆਪਣੇ ਸਾਥੀਆਂ ਨਾਲ਼ੋਂ ਉੱਚਾ ਦਿਸਣ ਦੀ ਖ਼ੂਹ-ਦੇ-ਡੱਡੂ ਦੀ ਵਿਅਕਤੀਵਾਦੀ ਲਾਲਸਾ ਹੈ, ਅਤੇ ਜੇ ਕਿਸੇ ਕੋਲ਼ ਮਸ਼ੀਨੀ ਫੁਰਤੀ, ਖਾਲੀ ਦਿਮਾਗ ਅਤੇ ਖੋਖਲ਼ਾ ਦਿਲ ਹੋਵੇ ਤਾਂ ਇਹ ਬੜੀ ਸੌਖ ਨਾਲ਼ ਹਾਸਿਲ ਕੀਤਾ ਜਾ ਸਕਦਾ ਹੈ।

ਸਾਹਿਤਕ ਆਲੋਚਨਾ ਨੇ ਅੱਧ-ਪੜ੍ਹੇ ਰੀਵਿਊਕਾਰਾਂ ਨੂੰ ਬਹੁਤ ਸਿਰ 'ਤੇ ਚੜ੍ਹਾਇਆ ਹੋਇਆ ਹੈ, ਜਿਹੜੇ ਲੇਖਕਾਂ ਨੂੰ ਉਲਝਾਉਣ ਅਤੇ ਖਿਝਾਉਣ ਦਾ ਹੀ ਕੰਮ ਕਰਦੇ ਹਨ ਪਰ ਉਹਨਾਂ ਨੂੰ ਕੁਝ ਵੀ ਸਿਖਾਉਣ ਦੇ ਅਯੋਗ ਹਨ। ਅਜਿਹੀ ਆਲੋਚਨਾ ਇਸ ਗੱਲ ਵੱਲ ਬਿਲਕੁਲ ਵੀ ਧਿਆਨ ਨਹੀਂ ਦਿੰਦੀ ਕਿ ਨਰੋਦਨਿਕ ਸਾਹਿਤ ਦੇ ਕੁਝ ਖਾਸ ਵਿਚਾਰਾਂ ਨੂੰ ਮੁੜ

ਤੋਂ ਜੀਵਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ, ਅਤੇ ਨਾਲ਼ ਹੀ—ਅਤੇ ਇਹ ਸਭ ਤੋਂ ਜ਼ਿਆਦਾ ਮਹੱਤਵਪੂਰਨ ਹੈ—ਇਹ ਸਥਾਨਿਕ ਲਿਖਤਾਂ ਦੇ ਵਿਕਾਸ ਵਿੱਚ ਕੋਈ ਦਿਲਚਸਪੀ ਨਹੀਂ ਲੈਂਦੀ, ਸੋਵੀਅਤ ਸੰਘ ਦੇ ਸਾਹਿਤ ਬਾਰੇ ਤਾਂ ਕਹਿਣਾ ਹੀ ਕੀ ਹੈ। ਇਹ ਵੀ ਕਹਿਣਾ ਬਣਦਾ ਹੈ ਕਿ ਸਾਹਿਤਕ ਆਲੋਚਨਾ ਸਾਹਿਤਕ ਤਕਨੀਕਾਂ ਬਾਰੇ ਲੇਖਕਾਂ ਦੀਆਂ ਜਨਤਕ ਰਿਪੋਰਟਾਂ ਵੱਲ ਬਿਲਕੁਲ ਵੀ ਧਿਆਨ ਨਹੀਂ ਦਿੰਦੀ, ਜਦਕਿ ਇਹਨਾਂ ਰਿਪੋਰਟਾਂ ਵੱਲ ਆਲੋਚਕਾਂ ਨੂੰ ਧਿਆਨ ਦੇਣਾ ਚਾਹੀਦਾ ਹੈ।

ਆਤਮ-ਆਲੋਚਨਾ ਦੀ, ਸਾਥੀਓ, ਬਹੁਤ ਲੋੜ ਹੈ। ਅਸੀਂ ਇੱਕ ਅਜਿਹੀ ਮਜ਼ਦੂਰ ਜਮਾਤ ਲਈ ਕੰਮ ਕਰ ਰਹੇ ਹਾਂ ਜਿਹੜੀ ਦਿਨੋ-ਦਿਨ ਵਧੇਰੇ ਸਿੱਖਿਅਤ ਹੁੰਦੀ ਜਾ ਰਹੀ ਹੈ ਅਤੇ ਸਾਡੀ ਕਲਾ ਅਤੇ ਨਾਲ਼ ਹੀ ਸਾਡੇ ਸਮਾਜਿਕ ਰਵੱਈਏ ਤੋਂ ਲਗਾਤਾਰ ਬਹੁਤ ਕੁਝ ਦੀ ਉਮੀਦ ਰੱਖਦੀ ਹੈ।

ਸਾਡੇ ਅਮਲਾਂ ਅਤੇ ਆਪਸੀ ਸਬੰਧਾਂ ਦਾ ਚਰਿੱਤਰ ਕਮਿਊਨਿਜ਼ਮ ਦੀ ਵਿਚਾਰਧਾਰਾ ਨਾਲ਼ ਮੇਲ਼ ਨਹੀਂ ਖਾਂਦਾ। ਇਹਨਾਂ ਸਬੰਧਾਂ ਵਿੱਚ ਇੱਕ ਬਹੁਤ ਵੱਡਾ ਭਾਗ ਖ਼ੂਹ-ਦੇ-ਡੱਡੂਆਂ ਦੁਆਰਾ ਨਿਭਾਇਆ ਜਾਂਦਾ ਹੈ, ਜਿਸਦਾ ਪ੍ਰਗਟਾਵਾ ਈਰਖਾ, ਲਾਲਚ, ਹੋਛੀਆਂ ਗੱਪਾਂ ਅਤੇ ਇੱਕ ਦੂਜੇ ਦੀ ਬਦਖੋਈ ਕਰਨ ਵਿੱਚ ਹੁੰਦਾ ਹੈ।

ਅਸੀਂ ਖ਼ੂਹ-ਦੇ-ਡੱਡੂਪੁਣੇ ਬਾਰੇ ਕਾਫੀ ਕੁਝ ਲਿਖ ਰਹੇ ਹਾਂ, ਪਰ ਅਜੇ ਤੱਕ ਇੱਕ ਵੀ ਅਜਿਹੀ ਇਕਹਿਰੀ ਸਾਹਿਤਕ ਹਸਤੀ ਜਾਂ ਸੰਕਲਪ ਨਹੀਂ ਰਚਿਆ ਗਿਆ ਜਿਹੜਾ ਇਸ ਦੀ ਪ੍ਰਤੀਨਿਧਤਾ ਕਰਦਾ ਹੋਵੇ। ਇਹ ਉਹ ਚੀਜ਼ ਹੈ ਜਿਸਦਾ ਕਿਸੇ ਇੱਕ ਪਾਤਰ ਵਿੱਚ ਉਵੇਂ ਹੀ ਪ੍ਰਭਾਵਸ਼ਾਲੀ ਢੰਗ ਨਾਲ਼ ਚਿਤਰਣ ਕਰਨ ਦੀ ਲੋੜ ਹੈ ਜਿਵੇਂ ਸੰਸਾਰ ਦੇ ਪ੍ਰਸਿੱਧ ਟਾਈਪ ਫਾਊਸਟ ਅਤੇ ਹੈਮਲਟ ਆਦਿ ਦਾ ਕੀਤਾ ਗਿਆ ਹੈ।

ਮੈਂ ਤੁਹਾਨੂੰ ਯਾਦ ਦਿਲਾ ਦਿਆਂ ਕਿ ਖ਼ੂਹ-ਦੇ-ਡੱਡੂਪਣੇ ਵਿੱਚ ਜੋਕਾਂ ਦੀਆਂ ਕਈ ਜਮਾਤਾਂ ਸ਼ਾਮਿਲ ਹੁੰਦੀਆਂ ਹਨ, ਜਿਹੜੀਆਂ ਪੈਦਾ ਤਾਂ ਕੁਝ ਨਹੀਂ ਕਰਦੀਆਂ ਪਰ ਜਿੰਨਾ ਹੋ ਸਕੇ ਓਨਾ ਖਪਤ ਕਰਨ ਦੀ ਕੋਸ਼ਿਸ਼ ਕਰਦੀਆਂ ਹਨ, ਤੇ ਅਸਲ ਵਿੱਚ ਕਰਦੀਆਂ ਵੀ ਹਨ। ਖ਼ੂਹ-ਦਾ-ਡੱਡੂਪੁਣਾ ਕਿਸਾਨੀ ਅਤੇ ਮਜ਼ਦੂਰ ਜਮਾਤ ਦੇ ਖ਼ੂਨ-ਪਸੀਨੇ ’ਤੇ ਪਲ਼ਦਾ ਹੈ। ਇਸਦਾ ਝੁਕਾਅ ਹਮੇਸ਼ਾ ਵੱਡੀ ਬੁਰਜੂਆਜ਼ੀ ਵੱਲ ਹੁੰਦਾ ਹੈ ਪਰ ਕਦੇ-ਕਦੇ ਬਾਹਰੀ ਦਬਾਅ ਹੇਠ ਆ ਕੇ ਇਹ ਪ੍ਰੋਲੇਤਾਰੀ ਵੱਲ ਵੀ ਚਲਾ ਜਾਂਦਾ ਹੈ ਅਤੇ ਆਪਣੇ ਨਾਲ਼ ਅਰਾਜਕਤਾਵਾਦ, ਹਾਉਮੈਵਾਦ ਅਤੇ ਇਤਿਹਾਸਕ ਤੌਰ ’ਤੇ ਆਪਣੇ ਅੰਦਰ ਵਿਦਮਾਨ ਉਹ ਸਾਰਾ ਹੋਛਾਪਣ—ਅਜਿਹੇ ਹੋਛੇ ਅਤੇ ਗੰਵਾਰ ਵਿਚਾਰ ਜਿਹੜੇ ਕਿਰਤ ਤੋਂ ਪ੍ਰੇਰਿਤ ਨਾ ਹੋ ਕੇ ਰੋਜ਼ਾਨਾ ਜੀਵਨ ਦੇ ਤੱਥਾਂ ’ਤੇ ਪਲ਼ਦੇ ਹਨ—ਵੀ ਲੈ ਜਾਂਦਾ ਹੈ। ਆਪਣੀ ਚਿੰਤਨ ਦੀ ਯੋਗਤਾ ਦੀਆਂ ਸੀਮਾਵਾਂ ਦੇ ਅੰਦਰ ਰਹਿੰਦਿਆਂ ਇਹ ਹਮੇਸ਼ਾ ਵਿਅਕਤੀਵਾਦੀ ਵਿਕਾਸ ਦੀ ਫਿਲਾਸਫੀ ਦਾ ਪੱਖ ਪੂਰਦਾ ਹੈ, ਅਤੇ ਹਮੇਸ਼ਾ ਘੱਟ ਵਿਰੋਧ ਵਾਲ਼ਾ ਰਾਸਤਾ ਚੁਣਦੇ ਹੋਏ ਇਸਨੇ ਆਪਣੇ ਆਪ ਨੂੰ ਦੋਹਾਂ ਸ਼ਕਤੀਆਂ ਦੇ ਵਿਚਕਾਰ ਘੱਟ ਜਾਂ ਵੱਧ ਸਥਾਈ ਸਮਤੋਲ ਵਿੱਚ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਖ਼ੂਹ-ਦੇ-ਡੱਡੂਆਂ ਦਾ ਪ੍ਰੋਲੇਤਾਰੀ ਵੱਲ ਰਵੱਈਆ ਇਸ ਤੱਥ ਤੋਂ ਚੰਗੀ ਤਰ੍ਹਾਂ ਸਾਫ਼ ਹੋ ਜਾਂਦਾ ਹੈ ਕਿ

ਜ਼ਮੀਨ ਦੇ ਇੱਕ ਛੋਟੇ ਜਿਹੇ ਟੁਕੜੇ ਦਾ ਮਾਲਿਕ ਇੱਕ ਗਰੀਬ ਕਿਸਾਨ ਵੀ ਇੱਕ ਫੈਕਟਰੀ ਮਜ਼ਦੂਰ ਨੂੰ ਘ੍ਰਿਣਾ ਦੀਆਂ ਨਜ਼ਰਾਂ ਨਾਲ਼ ਤੱਕਦਾ ਹੈ ਜਿਸ ਕੋਲ਼ ਆਪਣੇ ਹੱਥਾਂ ਤੋਂ ਸਿਵਾ ਹੋਰ ਕੋਈ ਵੀ ਜਾਇਦਾਦ ਨਹੀਂ ਹੁੰਦੀ। ਪ੍ਰੋਲੇਤਾਰੀਆਂ ਕੋਲ਼ ਹੱਥਾਂ ਤੋਂ ਇਲਾਵਾ ਦਿਮਾਗ ਵੀ ਹੁੰਦਾ ਹੈ, ਇਹ ਗੱਲ ਖੂਹ-ਦੇ-ਡੱਡੂ ਨੂੰ ਉਦੋਂ ਦਿਸੀ ਜਦੋਂ ਪ੍ਰੋਲੇਤਾਰੀ ਨੇ ਫੈਕਟਰੀ ਤੋਂ ਬਾਹਰ ਇਨਕਲਾਬੀ ਸਰਗਰਮੀਆਂ ਦਿਖਾਈਆਂ।

ਸਾਰੇ ਨਦੀਨ-ਬੂਟੀਆਂ ਨੁਕਸਾਨਦਾਇਕ ਜਾਂ ਫਾਲਤੂ ਨਹੀਂ ਹੁੰਦੇ, ਕਿਉਂਕਿ ਕਈ ਬੂਟੀਆਂ ਵਿੱਚੋਂ ਇਲਾਜ ਕਰਨ ਵਾਲ਼ੀਆਂ ਦਵਾਈਆਂ ਵੀ ਹਾਸਿਲ ਹੁੰਦੀਆਂ ਹਨ। ਪਰ ਖੂਹ-ਦਾ-ਡੱਡੂਪੁਣਾ ਸਿਰਫ ਹਾਨੀਕਾਰਕ ਜ਼ਹਿਰ ਹੀ ਪੈਦਾ ਕਰਦਾ ਹੈ। ਜੇ ਖੂਹ-ਦਾ-ਡੱਡੂ ਆਪਣੇ ਆਪ ਨੂੰ ਪੂੰਜੀਵਾਦੀ ਮਸ਼ੀਨ ਦਾ ਐਨਾ ਨਿਗੂਣਾ ਪੁਰਜ਼ਾ ਨਾ ਸਮਝਦਾ ਤਾਂ ਇਹ ਕਦੇ ਵੀ ਆਪਣੀ ਅਹਿਮਤੀਅਤ, ਆਪਣੀ ਮਰਜ਼ੀ ਅਤੇ ਵਿਚਾਰਾਂ ਦੀ ਆਜ਼ਾਦੀ, ਅਤੇ ਜਿਉਣ ਦੇ ਹੱਕ ਨੂੰ ਸਾਬਿਤ ਕਰਨ ਲਈ ਐਨੇ ਦ੍ਰਿੜ ਅਤੇ ਵਿਅਰਥ ਯਤਨ ਨਾ ਕਰਦਾ। ਅਤੇ ਨਾ ਹੀ 19ਵੀਂ ਅਤੇ 20ਵੀਂ ਸਦੀ ਦੌਰਾਨ ਐਨੇ "ਵਾਧੂ ਲੋਕ", "ਪਛਤਾਉਂਦੇ ਕੁਲੀਨ", "ਸਮਾਜਿਕ ਖੜੋਤ ਦੇ ਦੌਰ ਦੇ ਨਾਇਕ" ਅਤੇ ਅਜਿਹੇ ਲੋਕਾਂ ਦੀ ਰਚਨਾ ਕਰਦਾ ਜਿਹੜੇ "ਨਾ ਚਿੜੀਆਂ 'ਚ ਹਨ ਨਾ ਮੋਰਾਂ 'ਚ"।

ਸੈਂਕੜੇ ਸੂਬਾਈ ਸ਼ਹਿਰਾਂ ਵਿੱਚੋਂ ਉਖਾੜਿਆ ਅਤੇ ਕੱਢਿਆ ਗਿਆ ਖੂਹ-ਦਾ-ਡੱਡੂਪੁਣਾ ਸੋਵੀਅਤ ਸੰਘ ਵਿੱਚ ਚਾਰੇ ਪਾਸੇ ਫੈਲ ਗਿਆ ਹੈ, ਅਤੇ ਇੱਥੋਂ ਤੱਕ ਕਿ, ਜਿਵੇਂ ਅਸੀਂ ਜਾਣਦੇ ਹੀ ਹਾਂ, ਰਿਸ-ਰਿਸ ਕੇ ਲੈਨਿਨ ਦੀ ਪਾਰਟੀ ਵਿੱਚ ਵੀ ਪਹੁੰਚ ਗਿਆ ਹੈ, ਜਿੱਥੋਂ ਇਸਨੂੰ ਪਾਰਟੀ ਦੇ ਹਰ ਸ਼ੁੱਧੀਕਰਣ ਸਮੇਂ ਬਾਹਰ ਕੱਢ ਦਿੱਤਾ ਜਾਂਦਾ ਹੈ। ਫਿਰ ਵੀ ਕਿਵੇਂ ਨਾ ਕਿਵੇਂ ਇਹ ਕੁਝ ਹੱਦ ਤੱਕ ਬਚਿਆ ਰਹਿ ਜਾਂਦਾ ਹੈ, ਅਤੇ ਉਹਨਾਂ ਕੀਟਾਣੂਆਂ ਦਾ ਕੰਮ ਕਰਦਾ ਹੈ ਜਿਹੜੇ ਗੰਦੀਆਂ ਬਿਮਾਰੀਆਂ ਦਾ ਕਾਰਨ ਬਣਦੇ ਹਨ।

ਸਾਹਿਤ ਦੀ ਪਾਰਟੀ ਲੀਡਰਸ਼ਿਪ ਵਿੱਚੋਂ ਖੂਹ-ਦੇ-ਡੱਡੂਆਂ ਦੇ ਹਰ ਤਰ੍ਹਾਂ ਦੇ ਪ੍ਰਭਾਵ ਸਖਤੀ ਨਾਲ਼ ਕੱਢ ਦੇਣੇ ਲਾਜ਼ਮੀ ਹਨ। ਸਾਹਿਤ ਵਿੱਚ ਕੰਮ ਕਰਨ ਵਾਲ਼ੇ ਪਾਰਟੀ ਮੈਂਬਰ ਕੇਵਲ ਉਸ ਵਿਚਾਰਧਾਰਾ ਦੇ ਹੀ ਉਸਤਾਦ ਨਹੀਂ ਹੋਣੇ ਚਾਹੀਦੇ, ਜਿਹੜੀ ਦੁਨੀਆਂ ਦੇ ਸਾਰੇ ਮਜ਼ਦੂਰਾਂ ਨੂੰ ਆਜ਼ਾਦੀ ਦੀ ਆਖਰੀ ਲੜਾਈ ਲਈ ਜੱਥੇਬੰਦ ਕਰਦੀ ਹੈ, ਬਲਕਿ ਆਪਣੇ ਹਰ ਤਰ੍ਹਾਂ ਦੇ ਵਤੀਰੇ ਵਿਚ ਪਾਰਟੀ ਲੀਡਰਸ਼ਿਪ ਨੈਤਿਕ ਤੌਰ 'ਤੇ ਅਧਿਕਾਰਪੂਰਣ ਸ਼ਕਤੀ ਹੋਣੀ ਚਾਹੀਦੀ ਹੈ। ਲੇਖਕਾਂ ਵਿਚਕਾਰ ਵਾਪਰਦੀ ਹਰ ਗੱਲ ਲਈ ਉਹਨਾਂ ਵਿੱਚ ਸਮੂਹਿਕ ਜਿੰਮੇਵਾਰੀ ਦੀ ਚੇਤੰਨਤਾ ਜਗਾਉਣਾ ਇਸ ਸ਼ਕਤੀ ਦਾ ਸਭ ਤੋਂ ਪਹਿਲਾ ਕੰਮ ਹੋਣਾ ਚਾਹੀਦਾ ਹੈ। ਪ੍ਰਤਿਭਾ ਦੀ ਸਾਰੀ ਵੰਨ-ਸੁਵੰਨਤਾ ਅਤੇ ਨਵੇਂ ਤੇ ਪ੍ਰਤਿਭਾਸ਼ਾਲੀ ਲੇਖਕਾਂ ਨੂੰ ਨਾਲ਼ ਲੈ ਕੇ, ਸੋਵੀਅਤ ਸਾਹਿਤ ਨੂੰ ਇੱਕਮੁੱਠ ਅਤੇ ਸਮੂਹਿਕ ਸ਼ਕਤੀ ਵਜੋਂ ਜੱਥੇਬੰਦ ਕਰਨਾ ਚਾਹੀਦਾ ਹੈ, ਸਮਾਜਵਾਦੀ ਸੱਭਿਆਚਾਰ ਦੇ ਇੱਕ ਸ਼ਕਤੀਸ਼ਾਲੀ ਹਥਿਆਰ ਵਜੋਂ।

ਇਹ ਜਿਹੜੀ ਯੂਨੀਅਨ ਬਣਾਈ ਜਾ ਰਹੀ ਹੈ ਇਸਦਾ ਮਕਸਦ ਲੇਖਕਾਂ ਨੂੰ ਕੇਵਲ ਸਰੀਰਕ ਤੌਰ 'ਤੇ ਹੀ ਇੱਕਮੁੱਠ ਕਰਨਾ ਨਹੀਂ ਹੈ, ਬਲਕਿ ਕਿੱਤੇ ਦੀ ਸਾਂਝ ਰਾਹੀਂ ਉਹਨਾਂ ਨੂੰ

ਇਸ ਯੋਗ ਬਣਾਉਣਾ ਹੈ ਕਿ ਉਹ ਆਪਣੀ ਸਮੂਹਿਕ ਤਾਕਤ ਦਾ ਅਹਿਸਾਸ ਕਰ ਸਕਣ, ਇਸ ਤਾਕਤ ਦੀ ਰਚਨਾਤਮਕ ਸ਼ਕਤੀ ਵਿਚਲੀ ਵੰਨ-ਸੁਵੰਨਤਾ ਅਤੇ ਮਨੋਰਥ ਨੂੰ ਪੂਰੀ ਤਰ੍ਹਾਂ ਸਮਝ ਸਕਣ, ਅਤੇ ਇਹਨਾਂ ਮਨੋਰਥਾਂ ਨੂੰ ਇੱਕਸੁਰ ਮੇਲ ਕੇ ਦੇਸ਼ ਦੇ ਕਿਰਤੀਆਂ ਦੀ ਰਚਨਾਤਮਕ ਊਰਜਾ ਨੂੰ ਦਿਸ਼ਾ ਦੇ ਸਕਣ।

ਸਾਡਾ ਕੰਮ, ਬੇਸ਼ੱਕ, ਵਿਅਕਤੀਗਤ ਰਚਨਾਤਮਕਤਾ ਨੂੰ ਸੀਮਤ ਕਰਨਾ ਨਹੀਂ ਹੈ, ਸਗੋਂ ਇਸ ਰਚਨਾਤਮਕਤਾ ਦੇ ਬੇਰੋਕ ਵਿਕਾਸ ਲਈ ਵੱਧ ਤੋਂ ਵੱਧ ਸੰਭਵ ਮੌਕੇ ਮੁਹੱਈਆ ਕਰਵਾਉਣਾ ਹੈ।

ਇਹ ਗੱਲ ਵੀ ਯਾਦ ਰੱਖਣੀ ਚਾਹੀਦੀ ਹੈ ਕਿ ਆਲੋਚਨਾਤਮਕ ਯਥਾਰਥਵਾਦ "ਵਾਧੂ ਲੋਕਾਂ" ਦੀ ਵਿਅਕਤੀਗਤ ਰਚਨਾਤਮਕਤਾ ਵਿੱਚੋਂ ਹੀ ਫੁੱਟਿਆ ਹੈ, ਜਿਹੜੇ ਜੀਵਨ ਲਈ ਲੜਨ ਦੀ ਆਪਣੀ ਅਸਮਰੱਥਾ ਕਾਰਨ ਉਸੇ ਜੀਵਨ ਵਿੱਚ ਰੁਲ-ਖੁਲ਼ ਗਏ ਅਤੇ ਜਿਹੜੇ ਸਿਰਫ ਜਿਉਂਦੇ ਰਹਿਣ ਲਈ ਹੀ ਜਿਉਣ ਦੀ ਭਾਵਹੀਣਤਾ ਤੋਂ ਪੂਰੀ ਤਰ੍ਹਾਂ ਵਾਕਿਫ ਸਨ, ਅਤੇ ਇਸ ਭਾਵਹੀਣਤਾ ਨੂੰ ਸਾਰੇ ਸਮਾਜਿਕ ਵਰਤਾਰਿਆਂ ਅਤੇ ਸਮੁੱਚੀ ਇਤਿਹਾਸਕ ਪ੍ਰਕਿਰਿਆ ਦੇ ਬੇਤੁਕੇਪਣ ਵਜੋਂ ਹੀ ਸਮਝਦੇ ਸਨ।

ਆਲੋਚਨਾਤਮਕ ਯਥਾਰਥਵਾਦ ਦੁਆਰਾ ਕੀਤੇ ਸ਼ਾਨਦਾਰ ਕੰਮਾਂ ਤੋਂ ਕਿਸੇ ਵੀ ਤਰ੍ਹਾਂ ਮੁਨਕਰ ਹੋਏ ਬਿਨਾਂ ਅਤੇ ਸ਼ਬਦ-ਚਿੱਤਰਾਂ ਦੀ ਕਲਾ ਵਿੱਚ ਇਸ ਦੁਆਰਾ ਹਾਸਿਲ ਕੀਤੀਆਂ ਪਹਿਲੀਆਂ ਪ੍ਰਾਪਤੀਆਂ ਦਾ ਪੂਰੀ ਤਰ੍ਹਾਂ ਮੁਲਾਂਕਣ ਕਰਦਿਆਂ ਇਸ ਗੱਲ ਦਾ ਅਹਿਸਾਸ ਹੋਣਾ ਲਾਜ਼ਮੀ ਹੈ ਕਿ ਸਾਨੂੰ ਇਸ ਯਥਾਰਥਵਾਦ ਦੀ ਜ਼ਰੂਰਤ ਕੇਵਲ ਅਤੀਤ ਦੀ ਰਹਿੰਦ-ਖੂੰਹਦ 'ਤੇ ਚਾਨਣਾ ਪਾਉਣ ਲਈ ਅਤੇ ਉਹਨਾਂ ਨੂੰ ਨਸ਼ਟ ਕਰਨ ਵਾਸਤੇ ਸੰਘਰਸ਼ ਛੇੜਨ ਲਈ ਹੀ ਹੈ।

ਯਥਾਰਥਵਾਦ ਦੇ ਇਸ ਰੂਪ ਨੇ ਕਿਸੇ ਤਰ੍ਹਾਂ ਵੀ ਸਮਾਜਵਾਦੀ ਵਿਅਕਤੀਤਵ ਨੂੰ ਸਿੱਖਿਅਤ ਨਹੀਂ ਕੀਤਾ ਅਤੇ ਨਾ ਹੀ ਕਰ ਸਕਦਾ ਹੈ ਕਿਉਂਕਿ ਸਾਰੀਆਂ ਗੱਲਾਂ ਦੀ ਆਲੋਚਨਾ ਕਰਦੇ ਸਮੇਂ ਇਸਨੇ ਕਿਸੇ ਤਰ੍ਹਾਂ ਦੀ ਨਵੀਂ ਚੀਜ਼ ਸਥਾਪਿਤ ਨਹੀਂ ਕੀਤੀ, ਜਾਂ ਇਸ ਤੋਂ ਵੀ ਬੁਰੀ ਗੱਲ, ਆਪੇ ਨਿੰਦੀਆਂ ਗੱਲਾਂ ਦੀ ਹੀ ਮੁੜ ਪ੍ਰੋੜ੍ਹਤਾ ਕੀਤੀ ਹੈ।

ਜਿਵੇਂ ਕਿ ਅਸੀਂ ਮਜ਼ਦੂਰ ਜਮਾਤ ਦੇ ਸਪੂਤਾਂ, ਕਿਰਤ ਦੇ ਸਾਡੇ ਨਾਇਕਾਂ ਦੀਆਂ ਉਦਾਹਰਣਾਂ ਤੋਂ ਦੇਖ ਹੀ ਸਕਦੇ ਹਾਂ ਕਿ ਸਮਾਜਵਾਦੀ ਵਿਅਕਤੀਤਵ ਕੇਵਲ ਸਮੂਹਿਕ ਕਿਰਤ ਦੀਆਂ ਹਾਲਤਾਂ ਵਿੱਚ ਹੀ ਵਿਕਸਤ ਹੋ ਸਕਦਾ ਹੈ, ਜਿਸਦਾ ਉੱਚਾ ਮਹਾਨ ਮਕਸਦ ਦੁਨੀਆਂ ਭਰ ਦੇ ਦੱਬੇ-ਕੁਚਲੇ ਲੋਕਾਂ ਨੂੰ ਪੂੰਜੀਵਾਦ ਦੀ ਸੱਤਾ ਤੋਂ ਬਚਾਉਣਾ ਹੈ, ਜਿਹੜੀ ਮਨੁੱਖ ਨੂੰ ਤਬਾਹ ਕਰ ਰਹੀ ਹੈ।

ਸਮਾਜਵਾਦੀ ਯਥਾਰਥਵਾਦ ਐਲਾਨ ਕਰਦਾ ਹੈ ਕਿ ਜੀਵਨ ਇੱਕ ਸਰਗਰਮੀ ਹੈ, ਰਚਨਾਤਮਕਤਾ ਹੈ, ਜਿਸਦਾ ਮਕਸਦ ਮਨੁੱਖ ਦੇ ਸਭ ਤੋਂ ਕੀਮਤੀ ਵਿਅਕਤੀਗਤ ਗੁਣਾਂ ਦਾ ਸੁਤੰਤਰ ਵਿਕਾਸ ਕਰਨਾ ਹੈ, ਤਾਂ ਕਿ ਉਹ ਕੁਦਰਤ ਦੀਆਂ ਤਾਕਤਾਂ 'ਤੇ ਜਿੱਤ ਹਾਸਿਲ ਕਰ ਸਕੇ, ਚੰਗੀ ਸਿਹਤ ਅਤੇ ਲੰਮੀ ਉਮਰ ਸਹਿਤ ਇਸ ਧਰਤੀ 'ਤੇ ਇੱਕ ਸੁਖੀ ਜੀਵਨ ਬਤੀਤ

ਕਰ ਸਕੇ। ਉਸ ਧਰਤੀ 'ਤੇ ਜਿਸਨੂੰ ਉਹ, ਆਪਣੀਆਂ ਲਗਾਤਾਰ ਵਧ ਰਹੀਆਂ ਲੋੜਾਂ ਦੇ ਅਨੁਰੂਪ, ਇੱਕ ਪਰਿਵਾਰ ਵਾਂਗ ਇੱਕਮੁੱਠ ਹੋਈ ਪੂਰੀ ਮਨੁੱਖਤਾ ਦੀ ਇੱਕ ਆਲੀਸ਼ਾਨ ਰਿਹਾਇਸ਼ ਵਜੋਂ ਵਸਾਉਣਾ ਚਾਹੁੰਦਾ ਹੈ।

ਸਾਡੇ ਸਾਹਿਤ ਵਿਚਲੀਆਂ ਤਰੁੱਟੀਆਂ ਬਾਰੇ ਐਨਾ ਕੁਝ ਕਹਿਣ ਤੋਂ ਬਾਅਦ, ਮੈਨੂੰ ਇਸਦੀ ਯੋਗਤਾ ਅਤੇ ਪ੍ਰਾਪਤੀਆਂ ਦਾ ਜ਼ਿਕਰ ਵੀ ਕਰਨਾ ਚਾਹੀਦਾ ਹੈ। ਸਮੇਂ ਦੀ ਕਮੀ ਕਾਰਨ ਪੱਛਮੀ ਸਾਹਿਤ ਅਤੇ ਸਾਡੇ ਸਾਹਿਤ ਵਿਚਲੇ ਉੱਘੜਵੇਂ ਵਖਰੇਵਿਆਂ ਬਾਰੇ ਚਰਚਾ ਕਰਨਾ ਅਸੰਭਵ ਹੈ। ਫਿਰ ਵੀ ਮੈਂ ਐਨਾ ਕੁ ਤਾਂ ਜ਼ਰੂਰ ਕਹਾਂਗਾ ਕਿ ਕੋਈ ਵੀ ਨਿਰਪੱਖ ਜੱਜ ਇਹ ਗੱਲ ਸਾਫ ਤੌਰ 'ਤੇ ਦੇਖ ਸਕਦਾ ਹੈ ਕਿ ਸਾਡੇ ਸਾਹਿਤ ਨੇ ਵਿਸ਼ੇ ਦੀ ਨਵੀਨਤਾ ਦੇ ਮਾਮਲੇ ਵਿੱਚ ਪੱਛਮੀ ਸਾਹਿਤ ਨੂੰ ਕਾਫੀ ਪਿੱਛੇ ਛੱਡ ਦਿੱਤਾ ਹੈ। ਅਤੇ ਮੈਂ ਤੁਹਾਨੂੰ ਯਾਦ ਦਿਲਾਉਣਾ ਚਾਹਾਂਗਾ ਕਿ ਸਾਡੇ ਕਈ ਲੇਖਕ ਸਾਡੇ ਦੇਸ਼ ਨਾਲ਼ੋਂ ਵੀ ਜ਼ਿਆਦਾ ਪੱਛਮ ਵਿੱਚ ਸਲਾਹੇ ਗਏ ਹਨ। ਸਾਡੇ ਸਾਹਿਤ ਦੀਆਂ ਪ੍ਰਾਪਤੀਆਂ ਬਾਰੇ ਮੈਂ 1930 ਵਿੱਚ ਪ੍ਰਕਾਸ਼ਿਤ ਹੋਈ ਕਿਤਾਬ 'ਸਾਹਿਤ ਬਾਰੇ' ਦੇ ਇੱਕ ਲੇਖ ਵਿੱਚ, ਅਤੇ ਉਸੇ ਕਿਤਾਬ ਦੇ ਹੋਰਨਾਂ ਕਈ ਲੇਖਾਂ ਵਿੱਚ, ਬੜੇ ਜ਼ੋਰਦਾਰ ਢੰਗ ਨਾਲ਼ ਅਤੇ ਸਪਸ਼ਟ ਗੱਲ ਕੀਤੀ ਹੈ। ਉਸ ਤੋਂ ਬਾਅਦ ਤਾਂ ਸਖਤ ਘਾਲਣਾ ਵਾਲ਼ੇ ਚਾਰ ਸਾਲ ਹੋਰ ਲੰਘ ਗਏ ਹਨ। ਕੀ ਇਹਨਾਂ ਚਾਰ ਸਾਲਾਂ ਦਾ ਕੰਮ ਸਾਡੇ ਸਾਹਿਤ ਦੀਆਂ ਪ੍ਰਾਪਤੀਆਂ ਬਾਰੇ ਮੈਨੂੰ ਆਪਣਾ ਮੁਲਾਂਕਣ ਉੱਚਾ ਚੁੱਕਣ ਦਾ ਹੱਕ ਦਿੰਦਾ ਹੈ ? ਹਾਂ, ਸਾਡੇ ਪ੍ਰਮੁੱਖ ਪਾਠਕਾਂ—ਮਜ਼ਦੂਰਾਂ ਅਤੇ ਸਮੂਹਿਕ ਖੇਤੀ ਕਰਨ ਵਾਲ਼ੇ ਕਿਸਾਨਾਂ—ਨੇ ਕਈ ਕਿਤਾਬਾਂ ਦੀ ਜਿਹੜੀ ਸਿਫ਼ਤ ਕੀਤੀ ਹੈ, ਉਹ ਮੈਨੂੰ ਇਸ ਤਰ੍ਹਾਂ ਕਰਨ ਦਾ ਹੱਕ ਦਿੰਦੀ ਹੈ। ਤੁਸੀਂ ਸਾਰੇ ਇਹਨਾਂ ਕਿਤਾਬਾਂ ਬਾਰੇ ਜਾਣਦੇ ਹੀ ਹੋ, ਇਸ ਲਈ ਮੈਂ ਉਹਨਾਂ ਦੇ ਨਾਮ ਨਹੀਂ ਗਿਣਾਵਾਂਗਾ। ਮੈਂ ਸਿਰਫ ਇਹੀ ਕਹਾਂਗਾ ਕਿ ਸਾਡੇ ਕੋਲ਼ ਅਜਿਹੇ ਲੇਖਕਾਂ ਦਾ ਇੱਕ ਚੰਗਾ ਗਰੁੱਪ ਹੈ, ਜਿਹਨਾਂ ਨੂੰ ਸਾਡੇ ਸਾਹਿਤ ਦੇ ਵਿਕਾਸ ਦਾ ਆਗੂ ਕਿਹਾ ਜਾ ਸਕਦਾ ਹੈ।

ਇਸ ਗਰੁੱਪ ਵਿੱਚ ਸਭ ਤੋਂ ਜ਼ਿਆਦਾ ਪ੍ਰਭਾਵਸ਼ਾਲੀ ਪਾਰਟੀ ਅਤੇ ਗੈਰ-ਪਾਰਟੀ ਲੇਖਕ ਸ਼ਾਮਿਲ ਹਨ। ਗੈਰ-ਪਾਰਟੀ ਲੇਖਕ ਵੀ ਹੁਣ ਕੇਵਲ ਨਾਮ ਦੇ ਹੀ 'ਸੋਵੀਅਤ' ਨਹੀਂ ਸਗੋਂ ਅਸਲ ਵਿੱਚ ਸੋਵੀਅਤ ਬਣ ਗਏ ਹਨ। ਕਿਉਂਕਿ ਉਹਨਾਂ ਨੇ ਮਜ਼ਦੂਰਾਂ ਅਤੇ ਕਿਸਾਨਾਂ ਦੀ ਸੋਵੀਅਤ ਸੱਤਾ ਅਤੇ ਪਾਰਟੀ ਦੇ ਸੂਰਮਤਾਈ ਵਾਲ਼ੇ ਕੰਮਾਂ ਦੇ ਸਧਾਰਣ ਅਤੇ ਵਿਆਪਕ ਅਰਥ ਜ਼ਿਆਦਾ ਚੰਗੀ ਤਰ੍ਹਾਂ ਆਤਮਸਾਤ ਕਰ ਲਏ ਹਨ। ਇਹ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ, 18ਵੀਂ ਸਦੀ ਤੋਂ ਬਾਅਦ, ਰੂਸੀ ਬੁਰਜੂਆ ਸਾਹਿਤ ਨੂੰ ਜ਼ਬਰਦਸਤੀ ਜੀਵਨ ਵਿੱਚ ਦਾਖਿਲ ਹੋਣ ਅਤੇ ਇਸ 'ਤੇ ਇੱਕ ਬੱਝਵਾਂ ਪ੍ਰਭਾਵ ਪਾਉਣ ਵਿੱਚ ਲਗਭਗ ਸੌ ਸਾਲ ਦਾ ਸਮਾਂ ਲੱਗ ਗਿਆ ਸੀ। ਸੋਵੀਅਤ ਇਨਕਲਾਬੀ ਸਾਹਿਤ ਨੇ ਉਹ ਪ੍ਰਭਾਵ ਸਿਰਫ 15 ਸਾਲਾਂ ਵਿੱਚ ਹੀ ਹਾਸਿਲ ਕਰ ਲਿਆ ਹੈ।

ਤੇਜ਼ੀ ਨਾਲ਼ ਵਿਕਾਸ ਕਰ ਰਹੇ ਜੀਵਨ ਅਤੇ ਲੈਨਿਨ ਦੀ ਪਾਰਟੀ ਦੁਆਰਾ ਚਲਾਏ ਜਾ ਰਹੇ ਸੱਭਿਆਚਾਰਕ ਅਤੇ ਇਨਕਲਾਬੀ ਕੰਮ ਸਾਡੇ ਸਾਹਿਤ ਅੱਗੇ ਜਿਹੜੀਆਂ ਮੰਗਾਂ ਰੱਖ ਰਹੇ

ਹਨ ਉਹ ਪਾਰਟੀ ਦੀ ਨਜ਼ਰ ਵਿੱਚ ਲਿਖਣ ਦੀ ਕਲਾ ਦਾ ਜੋ ਮਹੱਤਵ ਹੈ ਉਸ ਤੋਂ ਹੀ ਉਪਜੀਆਂ ਹਨ। ਦੁਨੀਆਂ ਦੇ ਕਿਸੇ ਵੀ ਦੇਸ਼ ਵਿੱਚ ਕਦੇ ਵੀ ਸਾਹਿਤ ਅਤੇ ਵਿਗਿਆਨ ਨੂੰ ਐਨਾ ਮਿਲਵਰਤਨ ਭਰਿਆ ਸਹਿਯੋਗ ਨਹੀਂ ਮਿਲ਼ਿਆ, ਅਤੇ ਨਾ ਹੀ ਕਦੇ ਕਲਾਕਾਰਾਂ ਅਤੇ ਵਿਗਿਆਨੀਆਂ ਦੀਆਂ ਕਿੱਤਾਮੁਖੀ ਯੋਗਤਾਵਾਂ ਨੂੰ ਉੱਚਾ ਚੁੱਕਣ ਵਿੱਚ ਕਿਸੇ ਨੇ ਅਜਿਹਾ ਸਾਰੋਕਾਰ ਵਿਖਾਇਆ ਹੈ। 'ਆਲ-ਯੂਨੀਅਨ ਇੰਸਟੀਚਿਊਟ ਆਫ ਐਕਸਪੈਰੀਮੈਂਟਲ ਮੈਡੀਸਨ' ਅਤੇ 'ਇੰਸਟੀਚਿਊਟ ਆਫ ਲਿਟਰੇਚਰ' ਇਸ ਸਹਿਯੋਗ ਅਤੇ ਇਸ ਕੰਮ ਦੇ ਮਾਤਰ ਪ੍ਰਗਟਾਵੇ ਹੀ ਨਹੀਂ ਹਨ, ਇਸ ਤੋਂ ਵੀ ਕਿਤੇ ਵੱਧ ਕੇ ਹਨ।

ਪ੍ਰੋਲੇਤਾਰੀ ਸਰਕਾਰ ਨੂੰ ਲਾਜ਼ਮੀ ਤੌਰ 'ਤੇ ਹਜ਼ਾਰਾਂ ਦੀ ਗਿਣਤੀ ਵਿੱਚ ਉੱਚ ਕੋਟੀ ਦੇ "ਸੱਭਿਆਚਾਰ ਦੇ ਉਸਤਾਦ" ਅਤੇ "ਰੂਹਾਂ ਦੇ ਇੰਜੀਨੀਅਰ" ਸਿੱਖਿਅਤ ਕਰਨੇ ਚਾਹੀਦੇ ਹਨ। ਇਸ ਦੀ ਜ਼ਰੂਰਤ ਇਸ ਲਈ ਹੈ, ਤਾਂ ਕਿ ਸਮੁੱਚੀ ਮਜ਼ਦੂਰ ਜਮਾਤ ਨੂੰ ਉਹਨਾਂ ਦੇ ਦਿਮਾਗ, ਪ੍ਰਤਿਭਾਵਾਂ ਅਤੇ ਯੋਗਤਾਵਾਂ ਵਿਕਸਤ ਕਰਨ ਦੇ ਉਹ ਹੱਕ, ਜਿਹੜੇ ਦੁਨੀਆਂ ਭਰ ਵਿੱਚ ਉਹਨਾਂ ਤੋਂ ਖੋਹ ਲਏ ਗਏ ਹਨ, ਵਾਪਸ ਦਿਲਵਾਏ ਜਾ ਸਕਣ। ਅਮਲੀ ਤੌਰ 'ਤੇ ਹਾਸਿਲ ਕੀਤਾ ਜਾ ਸਕਣ ਵਾਲਾ ਇਹ ਟੀਚਾ ਸਾਡੇ ਉੱਤੇ, ਲੇਖਕਾਂ ਉੱਤੇ, ਸਾਡੇ ਕੰਮਾਂ ਅਤੇ ਸਮਾਜਿਕ ਵਤੀਰੇ ਲਈ ਹੋਰ ਵੀ ਕਰੜੀ ਜਿੰਮੇਵਾਰੀ ਪਾ ਦਿੰਦਾ ਹੈ। ਇਹ ਸਾਨੂੰ ਕੇਵਲ "ਦੁਨੀਆਂ ਅਤੇ ਲੋਕਾਂ ਦੇ ਜੱਜ" ਅਤੇ "ਜੀਵਨ ਦੇ ਆਲੋਚਕ" ਦੀ ਪਦਵੀ ਹੀ ਨਹੀਂ ਦਿੰਦਾ, ਜਿਹੜੀ ਕਿ ਯਥਾਰਥਵਾਦੀ ਸਾਹਿਤ ਦਾ ਰਿਵਾਜ ਹੈ, ਸਗੋਂ ਇਸਦੇ ਨਾਲ਼ ਹੀ ਸਾਨੂੰ "ਦੁਨੀਆਂ ਨੂੰ ਬਦਲਣ" ਦੀ ਪ੍ਰਕਿਰਿਆ ਅਤੇ ਇੱਕ ਨਵੇਂ ਜੀਵਨ ਦੀ ਉਸਾਰੀ ਵਿੱਚ ਸਿੱਧਾ ਯੋਗਦਾਨ ਪਾਉਣ ਦਾ ਹੱਕ ਵੀ ਬਖਸ਼ਦਾ ਹੈ।

ਇਸ ਹੱਕ ਨੂੰ ਵਰਤਣ ਦੇ ਨਾਲ਼-ਨਾਲ਼ ਹਰ ਲੇਖਕ ਨੂੰ ਆਪਣੇ ਦਿਲ ਅੰਦਰ ਉਸਦੇ ਫਰਜ਼ਾਂ ਦੀ, ਅਤੇ ਸਮੁੱਚੇ ਸਾਹਿਤ ਪ੍ਰਤੀ ਅਤੇ ਉਹਨਾਂ ਚੀਜ਼ਾਂ ਲਈ ਵੀ ਜੋ ਇਸ ਵਿੱਚ ਨਹੀਂ ਹੋਣੀਆਂ ਚਾਹੀਦੀਆਂ, ਇੱਕ ਜ਼ਿੰਮੇਵਾਰੀ ਦੀ ਚੇਤੰਨਤਾ ਵੀ ਜਗਾ ਲੈਣੀ ਚਾਹੀਦੀ ਹੈ।

ਸੋਵੀਅਤ ਲੇਖਕਾਂ ਦੀ ਯੂਨੀਅਨ ਦੇ 1500 ਮੈਂਬਰ ਹਨ, ਇਸਦਾ ਅਰਥ ਇਹ ਹੋਇਆ ਕਿ 100,000 ਪਾਠਕਾਂ ਪਿੱਛੇ ਇੱਕ ਲੇਖਕ। ਜੇਕਰ ਇਸ ਗੱਲ ਨੂੰ ਵਿਚਾਰ ਅਧੀਨ ਰੱਖੀਏ ਕਿ ਇਸ ਸਦੀ ਦੇ ਆਰੰਭ ਵਿੱਚ ਸਕੈਂਡੇਵੀਅਨ ਪ੍ਰਦੀਪਾਂ ਦੇ ਵਸਨੀਕਾਂ ਕੋਲ਼ 230 ਪਾਠਕਾਂ ਪਿੱਛੇ ਇੱਕ ਲੇਖਕ ਸੀ, ਤਾਂ ਸਾਡੀ ਗਿਣਤੀ ਕੋਈ ਖਾਸ ਅਹਿਮੀਅਤ ਨਹੀਂ ਰੱਖਦੀ। ਸੋਵੀਅਤ ਸੰਘ ਦੇ ਵਸਨੀਕ ਲਗਾਤਾਰ ਅਤੇ ਲਗਭਗ ਰੋਜ਼ਾਨਾ ਆਪਣੀਆਂ ਪ੍ਰਤਿਭਾਵਾਂ ਦਾ ਪ੍ਰਦਰਸ਼ਨ ਕਰ ਰਹੇ ਹਨ, ਪਰ ਤਾਂ ਵੀ ਇਸਦਾ ਇਹ ਮਤਲਬ ਨਹੀਂ ਹੈ ਕਿ ਸਾਨੂੰ ਫਟਾਫਟ 1500 ਵਧੀਆ ਲੇਖਕ ਤਿਆਰ ਮਿਲ਼ ਜਾਣਗੇ। ਫਿਲਹਾਲ ਸਾਨੂੰ ਬਸ ਪੰਜਾਹ ਕੁ ਲੇਖਕਾਂ ਦਾ ਹੀ ਸੁਪਨਾ ਲੈਣਾ ਚਾਹੀਦਾ ਹੈ। ਸਵੈ-ਧੋਖੇ ਤੋਂ ਬਚਣ ਲਈ ਸਾਨੂੰ ਇਹਨਾਂ ਵਿੱਚੋਂ ਪੰਜਾਂ ਨੂੰ ਕਲਾ ਦੇ ਸਰਵ-ਸ੍ਰੇਸ਼ਟ ਮਾਹਿਰ ਅਤੇ ਪੰਤਾਲ਼ੀਆਂ ਨੂੰ ਚੰਗੇ ਪ੍ਰਤਿਭਾਵਾਨ ਲੇਖਕ ਮਿੱਥ ਕੇ ਚੱਲਣਾ ਚਾਹੀਦਾ ਹੈ। ਮੇਰੇ ਖਿਆਲ ਵਿੱਚ ਸ਼ੁਰੂਆਤ ਲਈ ਇੰਨਾ ਕੁ ਕਾਫੀ ਹੈ। ਬਾਕੀ ਲੇਖਕ ਉਹ ਹੋਣਗੇ ਜਿਹਨਾਂ ਨੇ ਜੀਵਨ ਦੀਆਂ ਹਕੀਕਤਾਂ ਵੱਲ ਅਜੇ ਪੂਰੀ ਤਰ੍ਹਾਂ ਧਿਆਨ ਨਹੀਂ ਦਿੱਤਾ,

ਆਪਣੀ ਸਮੱਗਰੀ ਨੂੰ ਨਿਕੰਮੇ ਢੰਗ ਨਾਲ਼ ਵਰਤਦੇ ਹਨ, ਅਤੇ ਬਹੁਤ ਲਾਪਰਵਾਹੀ ਨਾਲ਼ ਇਸ 'ਤੇ ਕੰਮ ਕਰਦੇ ਹਨ। ਇਸ ਗਿਣਤੀ ਵਿੱਚ ਸਾਨੂੰ ਮੈਂਬਰਸ਼ਿਪ ਲਈ ਤਿਆਰ ਸੈਂਕੜੇ ਉਮੀਦਵਾਰ ਅਤੇ ਸਾਰੇ ਗਣਰਾਜਾਂ ਅਤੇ ਇਲਾਕਿਆਂ ਦੇ ਸੈਂਕੜੇ ਹੀ "ਨੌਸਿੱਖੀਏ" ਵੀ ਜੋੜ ਦੇਣੇ ਚਾਹੀਦੇ ਹਨ। ਇਹਨਾਂ ਵਿੱਚੋਂ ਸੈਂਕੜੇ ਲੋਕ ਲਿਖਣ ਵਿੱਚ ਰੁੱਝੇ ਹੋਏ ਹਨ ਅਤੇ ਦਰਜਨਾਂ ਤਾਂ ਛਪ ਵੀ ਚੁੱਕੇ ਹਨ। 1933-34 ਦੌਰਾਨ ਖਾਬਰੋਵਸਕ ਅਤੇ ਕੋਮਸੋਮੋਲਸਕ ਤੋਂ ਲੈ ਕੇ ਰੋਸਤੋਵ, ਸਤਾਲਿਨਗਰਾਦ, ਤਾਸ਼ਕੰਦ, ਵੋਰੋਨੇਜ਼, ਕਬਾਰਦੀਨੋ-ਬਾਲਕਾਰੀਆ, ਤਿਫਲਿਸ ਆਦਿ ਤੱਕ ਕਈ ਥਾਵਾਂ 'ਤੇ ਸਥਾਨਕ ਨੌਸਿੱਖੀਏ ਲੇਖਕਾਂ ਦੀਆਂ ਰਚਨਾਵਾਂ ਦੇ ਕੋਈ ਤੀਹ ਕੁ ਕਹਾਣੀ ਸੰਗ੍ਰਹਿ ਅਤੇ ਸਾਹਿਤਕ ਪੱਤਰੀਆਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ।

ਇਸ ਕੰਮ ਦਾ ਮੁਲਾਂਕਣ ਕਰਨਾ ਸਾਡੇ ਆਲੋਚਕਾਂ ਦਾ ਫਰਜ਼ ਬਣਦਾ ਹੈ, ਜਿਹੜੇ ਅਜੇ ਵੀ ਇਸ ਵੱਲ ਧਿਆਨ ਨਹੀਂ ਦਿੰਦੇ, ਜਦਕਿ ਸਹੀ ਸਮਾਂ ਆ ਚੁੱਕਿਆ ਹੈ। ਇਹ ਰਚਨਾਵਾਂ, ਜਿਵੇਂ ਵੀ ਇਹ ਹਨ, ਲੋਕਾਂ ਵਿੱਚ ਸੱਭਿਆਚਾਰਕ ਅਮਲਾਂ ਦੀ ਡੂੰਘਾਈ ਦਾ ਮੁਜ਼ਾਹਰਾ ਕਰਦੀਆਂ ਹਨ। ਜਦੋਂ ਕੋਈ ਇਹਨਾਂ ਰਚਨਾਵਾਂ ਨੂੰ ਪੜ੍ਹਦਾ ਹੈ ਤਾਂ ਉਹ ਦੇਖਦਾ ਹੈ ਕਿ ਇਹਨਾਂ ਕਵਿਤਾਵਾਂ, ਨਾਟਕਾਂ ਅਤੇ ਕਹਾਣੀਆਂ ਦੇ ਲੇਖਕ ਫੈਕਟਰੀਆਂ ਅਤੇ ਪਿੰਡਾਂ ਦੇ ਪੱਤਰ-ਪ੍ਰੇਰਕ ਹਨ। ਮੇਰੇ ਖਿਆਲ ਵਿੱਚ ਸਾਡੇ ਦੇਸ਼ ਵਿੱਚ ਕੋਈ 10,000 ਨੌਜਵਾਨ ਹੋਣਗੇ ਜਿਹੜੇ ਸਾਹਿਤ ਦੇ ਖੇਤਰ ਵਿੱਚ ਕੰਮ ਕਰਨ ਲਈ ਉਤਾਵਲੇ ਹਨ। ਕੋਈ ਸ਼ੱਕ ਨਹੀਂ ਕਿ ਭਵਿੱਖ ਵਿੱਚ ਸਾਹਿਤ ਦੀਆਂ ਸੰਸਥਾਵਾਂ ਤੋਂ ਇਹਨਾਂ ਦਾ ਦਸਵਾਂ ਹਿੱਸਾ ਵੀ ਪੂਰੀ ਤਰ੍ਹਾਂ ਖਪਾ ਨਹੀਂ ਹੋਣਾ।

ਹੁਣ ਮੈਂ ਇੱਕ ਸਵਾਲ ਪੁੱਛਣਾ ਚਾਹਾਂਗਾ: ਲੇਖਕਾਂ ਦੀ ਇਹ ਕਾਂਗਰਸ ਕਿਉਂ ਬੁਲਾਈ ਗਈ ਹੈ, ਅਤੇ ਅੱਗੇ ਭਵਿੱਖ ਲਈ ਇਹ ਯੂਨੀਅਨ ਕਿਹੜੇ ਟੀਚੇ ਮਿਥ ਕੇ ਚੱਲੇਗੀ ? ਜੇਕਰ ਇਹ ਟੀਚੇ ਕੇਵਲ ਲੇਖਕਾਂ ਦੀ ਪੇਸ਼ੇਵਰ ਭਲਾਈ ਨਾਲ਼ ਹੀ ਸਬੰਧਿਤ ਹਨ ਤਾਂ ਫਿਰ ਇਸ ਪੂਰੀ ਖੇਡ ਦਾ ਕੋਈ ਫਾਇਦਾ ਨਹੀਂ ਹੈ। ਮੈਨੂੰ ਲੱਗਦਾ ਹੈ ਕਿ ਯੂਨੀਅਨ ਨੂੰ ਲੇਖਕਾਂ ਦੇ ਕੇਵਲ ਪੇਸ਼ੇਵਰ ਹਿੱਤਾਂ ਨੂੰ ਹੀ ਅੱਗੇ ਨਹੀਂ ਰੱਖਣਾ ਚਾਹੀਦਾ, ਬਲਕਿ ਸਮੁੱਚੇ ਤੌਰ 'ਤੇ ਸਾਰੇ ਸਾਹਿਤ ਦੇ ਹਿੱਤਾਂ ਲਈ ਕੰਮ ਕਰਨਾ ਚਾਹੀਦਾ ਹੈ। ਕਿਸੇ ਹੱਦ ਤੱਕ ਯੂਨੀਅਨ ਨੂੰ ਨਵੇਂ ਲੇਖਕਾਂ ਦੀ ਅਗਵਾਈ ਆਪਣੇ ਹੱਥਾਂ ਵਿੱਚ ਲੈ ਲੈਣੀ ਚਾਹੀਦੀ ਹੈ, ਉਹਨਾਂ ਨੂੰ ਜੱਥੇਬੰਦ ਕਰਨਾ ਚਾਹੀਦਾ ਹੈ, ਉਹਨਾਂ ਦੀਆਂ ਸ਼ਕਤੀਆਂ ਨੂੰ ਵੱਖ-ਵੱਖ ਕੰਮਾਂ 'ਤੇ ਲਗਾਉਣਾ ਚਾਹੀਦਾ ਹੈ ਅਤੇ ਉਹਨਾਂ ਨੂੰ ਵਰਤਮਾਨ ਅਤੇ ਅਤੀਤ ਦੀ ਸਮੱਗਰੀ ਉੱਤੇ ਕੰਮ ਕਰਨ ਦੇ ਤੌਰ ਤਰੀਕੇ ਸਿਖਾਉਣੇ ਚਾਹੀਦੇ ਹਨ।

ਸਾਡੇ ਦੇਸ਼ ਵਿੱਚ 'ਫੈਕਟਰੀਆਂ ਅਤੇ ਮਿੱਲਾਂ ਦੇ ਇਤਿਹਾਸ' ਉੱਤੇ ਕੰਮ ਚੱਲ ਰਿਹਾ ਹੈ। ਇਸ ਕੰਮ ਲਈ ਪੂਰੀ ਤਰ੍ਹਾਂ ਯੋਗ ਲੇਖਕਾਂ ਦਾ ਮਿਲਣਾ ਬੜਾ ਔਖਾ ਸਿੱਧ ਹੋਇਆ ਹੈ। ਫਿਲਹਾਲ ਤਾਂ ਕੇਵਲ ਕਵਿੱਤਰੀ ਸ਼ਕਾਪਸਕਾਇਆ ਅਤੇ ਮਾਰੀਆ ਲੇਵਬਰਗ ਹੀ ਚੰਗਾ ਕੰਮ ਕਰ ਰਹੀਆਂ ਹਨ, ਜਦਕਿ ਦੂਜੇ ਲੇਖਕ ਕੱਚੀ ਸਮੱਗਰੀ 'ਤੇ ਕੋਈ ਕੰਮ ਨਹੀਂ ਕਰ ਰਹੇ ਅਤੇ ਪਹਿਲਾਂ ਹੀ ਤਿਆਰ ਸਮੱਗਰੀ ਨੂੰ ਸੰਪਾਦਿਤ ਕਰਨ ਦਾ ਵੀ ਉਹਨਾਂ ਕੋਲ਼ ਸਮਾਂ ਨਹੀਂ

ਹੈ।

ਅਸੀਂ ਆਪਣੇ ਅਤੀਤ ਦਾ ਇਤਿਹਾਸ ਨਹੀਂ ਜਾਣਦੇ। ਜਿਹਨਾਂ ਸ਼ਹਿਰਾਂ 'ਤੇ ਕਦੇ ਆਜ਼ਾਦ ਰਾਜਕੁਮਾਰ ਰਾਜ ਕਰਦੇ ਸਨ ਜਾਂ ਜਿਹੜੇ ਪੁਰਾਣੀ ਸਰਹੱਦ 'ਤੇ ਸਥਿਤ ਸਨ, ਉਹਨਾਂ ਦਾ ਸ਼ੁਰੂ ਤੋਂ ਲੈ ਕੇ ਅੱਜ ਤੱਕ ਦੇ ਇਤਿਹਾਸ ਦਾ ਕੰਮ ਵਿਉਂਤਿਆ ਜਾ ਚੁੱਕਿਆ ਹੈ, ਅਤੇ ਕੁਝ ਹੱਦ ਤੱਕ ਤਾਂ ਕੰਮ ਸ਼ੁਰੂ ਵੀ ਹੋ ਚੁੱਕਿਆ ਹੈ। ਸਕੈੱਚ ਅਤੇ ਕਹਾਣੀਆਂ ਦੇ ਰੂਪ ਵਿੱਚ ਇਸ ਕੰਮ ਵਿੱਚ ਜਗੀਰੂ ਰੂਸ ਵਿਚਲੇ ਜੀਵਨ, ਮਾਸਕੋ ਦੇ ਵੱਡੇ ਸਰਦਾਰਾਂ ਅਤੇ ਜ਼ਾਰਾਂ ਦੀ ਬਸਤੀਵਾਦੀ ਨੀਤੀ, ਵਪਾਰ ਅਤੇ ਸਨਅਤ ਦਾ ਵਿਕਾਸ, ਰਾਜਕੁਮਾਰਾਂ, ਵੋਯੇਵੋਦ (ਸੂਬਿਆਂ ਦੇ ਗਵਰਨਰ—ਅਨੁ.), ਵਪਾਰੀਆਂ ਅਤੇ ਚਰਚ ਦੁਆਰਾ ਕਿਸਾਨਾਂ ਦੇ ਕੀਤੇ ਜਾਂਦੇ ਸ਼ੋਸ਼ਣ, ਤੋਂ ਲੈ ਕੇ ਸਾਂਝੇ ਫਾਰਮਾਂ ਨੂੰ ਜੱਥੇਬੰਦ ਕਰਨ ਤੱਕ ਦਾ, ਜਿਸਨੇ ਕਿਸਾਨਾਂ ਨੂੰ "ਜ਼ਮੀਨ ਦੀ ਸੱਤਾ" ਅਤੇ ਗਰੀਬੀ ਦੇ ਜੂਲ਼ੇ ਤੋਂ ਪੂਰੀ ਤਰ੍ਹਾਂ ਮੁਕਤ ਕਰਵਾਇਆ, ਸਾਰਾ ਵਰਣਨ ਹੋਣਾ ਚਾਹੀਦਾ ਹੈ।

ਸਾਨੂੰ ਸੋਵੀਅਤ ਗਣਰਾਜਾਂ ਦੇ ਪਿਛਲੇ ਇਤਿਹਾਸ ਦਾ ਪੂਰਾ ਗਿਆਨ ਹੋਣਾ ਚਾਹੀਦਾ ਹੈ। ਸੈਂਕੜੇ ਨਵੇਂ ਲੇਖਕਾਂ ਨੂੰ ਇਸ ਕੰਮ ਵੱਲ ਲਿਆਂਦਾ ਜਾ ਸਕਦਾ ਹੈ, ਜਿਹੜਾ ਉਹਨਾਂ ਨੂੰ ਕੱਚੀ ਸਮੱਗਰੀ 'ਤੇ ਸਮੂਹਿਕ ਰੂਪ ਵਿੱਚ ਕੰਮ ਕਰਨ ਰਾਹੀਂ, ਅਤੇ ਪ੍ਰਸਪਰ ਆਲੋਚਨਾ ਜਰੀਏ ਆਪਣੀਆਂ ਯੋਗਤਾਵਾਂ ਸੁਧਾਰਨ ਦੇ ਅਤੇ ਸਵੈ-ਸਿੱਖਿਆ ਦੇ ਅਥਾਹ ਮੌਕੇ ਪ੍ਰਦਾਨ ਕਰੇਗਾ।

ਸਾਨੂੰ ਅਤੀਤ ਦੀ ਹਰ ਘਟਨਾ ਦੀ ਜਾਣਕਾਰੀ ਹੋਣੀ ਚਾਹੀਦੀ ਹੈ, ਉਸ ਢੰਗ ਨਾਲ਼ ਨਹੀਂ ਜਿਵੇਂ ਪਹਿਲਾਂ ਦਿੱਤੀ ਜਾਂਦੀ ਸੀ, ਬਲਕਿ ਉਸ ਢੰਗ ਨਾਲ਼ ਜਿਹੜਾ ਮਾਰਕਸ, ਲੈਨਿਨ ਅਤੇ ਸਤਾਲਿਨ ਦੀਆਂ ਸਿੱਖਿਆਵਾਂ ਵਿੱਚ ਦਰਸਾਇਆ ਗਿਆ ਹੈ, ਅਤੇ ਜਿਹੜਾ ਕਿਰਤ ਦੁਆਰਾ ਫੈਕਟਰੀਆਂ ਅਤੇ ਖੇਤਾਂ ਵਿੱਚ ਅਮਲ ਵਿੱਚ ਲਿਆਂਦਾ ਜਾ ਰਿਹਾ ਹੈ, ਅਤੇ ਜਿਸਨੂੰ ਇੱਕ ਨਵੀਂ ਇਤਿਹਾਸਕ ਤਾਕਤ—ਸੋਵੀਅਤ ਸੰਘ ਦੇ ਪ੍ਰੋਲੇਤਾਰੀ ਦੀ ਇੱਛਾ ਸ਼ਕਤੀ ਅਤੇ ਤਰਕ—ਜੱਥੇਬੰਦ ਕਰ ਰਹੀ ਹੈ ਅਤੇ ਅਗਵਾਈ ਦੇ ਰਹੀ ਹੈ।

ਮੇਰੇ ਖਿਆਲ ਵਿੱਚ, ਇਹ ਸਮੱਸਿਆ ਹੈ ਜਿਹੜੀ ਲੇਖਕਾਂ ਦੀ ਯੂਨੀਅਨ ਅੱਗੇ ਮੂੰਹ ਅੱਡੀ ਖੜੀ ਹੈ। ਆਪਣੀ ਇਹ ਕਾਂਗਰਸ ਪਾਠਕਾਂ ਲਈ ਮਹਿਜ਼ ਇੱਕ ਰਿਪੋਰਟ ਜਾਂ ਆਪਣੀਆਂ ਪ੍ਰਤਿਭਾਵਾਂ ਦਾ ਪ੍ਰਦਰਸ਼ਨ ਨਹੀਂ ਹੋਣੀ ਚਾਹੀਦੀ। ਇਸਨੂੰ ਲਾਜ਼ਮੀ ਤੌਰ 'ਤੇ ਸਾਹਿਤ ਨੂੰ ਜੱਥੇਬੰਦ ਕਰਨ ਦਾ, ਸਮੁੱਚੇ ਸੋਵੀਅਤ ਸੰਘ ਲਈ ਮਹੱਤਵਪੂਰਨ ਕੰਮ — ਸਾਡੇ ਦੇਸ਼ ਦੇ ਅਤੀਤ ਅਤੇ ਵਰਤਮਾਨ ਦਾ ਬਹੁ-ਪੱਖੀ ਗਿਆਨ — ਨੇਪਰੇ ਚਾੜ੍ਹਨ ਲਈ ਨੌਜਵਾਨ ਲੇਖਕਾਂ ਨੂੰ ਸਿੱਖਿਅਤ ਕਰਨ ਦਾ ਬੀੜਾ ਚੁੱਕਣਾ ਚਾਹੀਦਾ ਹੈ।●

ਸਾਹਿਤਕ ਚਿਹਰੇ

ਐਂਤੋਨ ਚੈਖ਼ਵ

ਇੱਕ ਵਾਰ ਉਸਨੇ ਮੈਨੂੰ ਕੁਚੁਕਕੋਈ ਦੇ ਪਿੰਡ ਵਿੱਚ ਆਪਣੇ ਕੋਲ਼ ਆਉਣ ਦਾ ਸੱਦਾ ਦਿੱਤਾ, ਜਿੱਥੇ ਉਸਦਾ ਇੱਕ ਨਿੱਕਾ ਜਿਹਾ ਜ਼ਮੀਨ ਦਾ ਪਲਾਟ ਸੀ ਅਤੇ ਇੱਕ ਸਫੈਦ, ਦੋ ਮੰਜ਼ਿਲਾ ਮਕਾਨ ਸੀ। ਉਸਨੇ ਸਾਰਾ ਸਮਾਂ ਜੋਸ਼ ਨਾਲ਼ ਗੱਲਾਂ ਕਰਦਿਆਂ ਮੈਨੂੰ ਆਪਣੀ ਇਹ "ਜਾਇਦਾਦ" ਵਿਖਾਈ।

"ਜੇ ਮੇਰੇ ਕੋਲ਼ ਕਾਫੀ ਦੌਲਤ ਹੁੰਦੀ ਤਾਂ ਮੈਂ ਇੱਥੇ ਪਿੰਡ ਦੇ ਬਿਮਾਰ ਅਧਿਆਪਕਾਂ ਲਈ ਇੱਕ ਸਵਸਥ-ਨਿਵਾਸ ਬਣਾਉਂਦਾ। ਰੌਸ਼ਨੀ ਨਾਲ਼ ਭਰੀ ਹੋਈ ਇੱਕ ਇਮਾਰਤ, ਬਹੁਤ ਸਾਰੀ ਰੌਸ਼ਨੀ, ਵੱਡੀਆਂ ਖਿੜਕੀਆਂ ਅਤੇ ਉੱਚੀ ਛੱਤ ਵਾਲ਼ੀ। ਇੱਕ ਸ਼ਾਨਦਾਰ ਲਾਇਬ੍ਰੇਰੀ ਬਣਾਉਂਦਾ, ਹਰ ਤਰ੍ਹਾਂ ਦੇ ਵਾਦ-ਯੰਤਰ ਰੱਖਦਾ, ਇੱਕ ਮਖੀਰ-ਘਰ, ਇੱਕ ਸਬਜ਼ੀਆਂ ਵਾਲ਼ਾ ਬਗੀਚਾ, ਤੇ ਇੱਕ ਫਲ਼ਾਂ ਦਾ ਬਾਗ ਲਵਾਉਂਦਾ। ਮੈਂ ਇੱਥੇ ਕਿਸਾਨੀ ਅਰਥਚਾਰੇ ਅਤੇ ਮੌਸਮ-ਵਿਗਿਆਨ ਜਿਹੇ ਵਿਸ਼ਿਆਂ 'ਤੇ ਲੈਕਚਰ ਕਰਵਾਉਂਦਾ—ਅਧਿਆਪਕਾਂ ਨੂੰ ਹਰ ਇੱਕ ਗੱਲ ਦੀ ਜਾਣਕਾਰੀ ਹੋਣੀ ਚਾਹੀਦੀ ਹੈ, ਬਜ਼ੁਰਗੋ—ਹਰ ਇੱਕ ਗੱਲ ਦੀ!"

ਉਹ ਅਚਾਨਕ ਚੁੱਪ ਕਰ ਗਿਆ, ਖੰਘਿਆ, ਮੇਰੇ 'ਤੇ ਇੱਕ ਟੇਢੀ ਨਜ਼ਰ ਸੁੱਟੀ ਅਤੇ ਆਪਣੀ ਮਿੱਠੀ ਤੇ ਨਰਮ ਮੁਸਕਾਨ ਬਿਖੇਰੀ, ਅਜਿਹੀ ਮੁਸਕਾਨ ਜਿਸ ਵਿੱਚ ਦਿਲ-ਖਿੱਚਵਾਂ ਤਲਿਸਮ ਸੀ, ਜਿਹੜੀ ਬੰਦੇ ਨੂੰ ਪੂਰੇ ਧਿਆਨ ਨਾਲ਼ ਉਸਦੀ ਗੱਲ ਸੁਣਨ 'ਤੇ ਮਜ਼ਬੂਰ ਕਰ ਦਿੰਦੀ ਸੀ।

"ਮੇਰੇ ਸੁਪਨਿਆਂ ਬਾਰੇ ਸੁਣਨਾ ਕਿਤੇ ਤੁਹਾਨੂੰ ਅਕਾ ਤਾਂ ਨਹੀਂ ਰਿਹਾ? ਮੈਨੂੰ ਇਹਨਾਂ ਬਾਰੇ ਗੱਲਾਂ ਕਰਨਾ ਬੜਾ ਚੰਗਾ ਲੱਗਦਾ ਹੈ। ਕਾਸ਼ ਕਿ ਤੁਸੀਂ ਰੂਸੀ ਪਿੰਡਾਂ ਲਈ ਚੰਗੇ, ਹੁਸ਼ਿਆਰ ਤੇ ਪੜ੍ਹੇ-ਲਿਖੇ ਅਧਿਆਪਕਾਂ ਦੀ ਸਖ਼ਤ ਲੋੜ ਬਾਰੇ ਜਾਣਦੇ ਹੁੰਦੇ! ਸਾਨੂੰ ਰੂਸ ਵਿੱਚ ਅਧਿਆਪਕਾਂ ਲਈ ਬੇਮਿਸਾਲ ਹਾਲਾਤ ਸਿਰਜਣੇ ਪੈਣਗੇ, ਅਤੇ ਉਹ ਵੀ ਜਿੰਨੀ ਜਲਦੀ ਹੋ ਸਕੇ, ਕਿਉਂਕਿ ਅਸੀਂ ਇਹ ਸਮਝਦੇ ਹਾਂ ਕਿ ਜੇਕਰ ਸਾਡੇ ਲੋਕਾਂ ਨੂੰ ਸਰਵਪੱਖੀ ਸਿੱਖਿਆ ਮੁਹੱਈਆ ਨਾ ਕਰਵਾਈ ਗਈ ਤਾਂ ਸਾਡਾ ਰਾਜ ਕੱਚੀਆਂ ਇੱਟਾਂ ਦੇ ਮਕਾਨ ਵਾਂਗੂੰ ਢਹਿ-ਢੇਰੀ ਹੋ ਜਾਵੇਗਾ। ਇੱਕ ਅਧਿਆਪਕ ਨੂੰ ਇੱਕ ਅਦਾਕਾਰ, ਕਲਾਕਾਰ ਅਤੇ ਆਪਣੇ ਕੰਮ ਦਾ ਆਸ਼ਿਕ ਹੋਣਾ ਚਾਹੀਦਾ ਹੈ, ਪਰ ਸਾਡੇ ਅਧਿਆਪਕ ਬੇਲਦਾਰ ਹਨ, ਅੱਧ ਪੜ੍ਹੇ-ਲਿਖੇ ਲੋਕ, ਜਿਹੜੇ ਬੱਚਿਆਂ ਨੂੰ ਪੜ੍ਹਾਉਣ ਪਿੰਡਾਂ ਵਿੱਚ ਇੰਝ ਬੇਦਿਲੀ ਜਿਹੀ ਨਾਲ਼ ਜਾਂਦੇ ਹਨ ਜਿਵੇਂ ਜਲਾਵਤਨ ਹੋ ਰਹੇ

ਹੋਣ। ਉਹ ਭੁੱਖੇ ਮਰਦੇ ਹਨ, ਲਿਤਾੜੇ ਹੋਏ ਹਨ, ਆਪਣੀ ਰੋਜ਼ੀ-ਰੋਟੀ ਖੁੱਸ ਜਾਣ ਦੇ ਸਦੀਵੀ ਡਰ ਹੇਠ ਜਿਉਂਦੇ ਹਨ। ਅਤੇ ਅਧਿਆਪਕ ਪਿੰਡ ਵਿੱਚ ਅਜਿਹਾ ਪਹਿਲਾ ਆਦਮੀ ਹੋਣਾ ਚਾਹੀਦਾ ਹੈ ਜਿਹੜਾ ਕਿਸਾਨਾਂ ਦੇ ਸਵਾਲਾਂ ਦਾ ਜਵਾਬ ਦੇਣ ਦੇ ਯੋਗ ਹੋਵੇ, ਧਿਆਨ ਅਤੇ ਸਨਮਾਨ ਦੀ ਹੱਕਦਾਰ ਆਪਣੀ ਪਦਵੀ ਪ੍ਰਤੀ ਕਿਸਾਨਾਂ ਦੇ ਮਨਾਂ ਵਿੱਚ ਇੱਜ਼ਤ ਪੈਦਾ ਕਰ ਸਕਣ ਦੇ ਯੋਗ ਹੋਵੇ, ਅਤੇ ਜਿਸਦੇ ਅੱਗੇ ਕੋਈ ਵੀ ਉੱਚੀ ਆਵਾਜ਼ ਵਿੱਚ ਗੱਲ ਕਰਨ ਦੀ ਹਿੰਮਤ ਨਾ ਕਰੇ... ਉਸਦੇ ਸਨਮਾਨ ਨੂੰ ਠੇਸ ਪਹੁੰਚਾਉਣ ਦੀ ਹਿੰਮਤ ਨਾ ਕਰੇ, ਜਿਵੇਂ ਕਿ ਆਪਣੇ ਦੇਸ਼ ਵਿੱਚ ਹਰ ਕੋਈ ਕਰਦਾ ਹੈ — ਪੁਲਸੀਆ, ਧਨਾਢ ਦੁਕਾਨਦਾਰ, ਪਾਦਰੀ, ਸਕੂਲ ਦਾ ਸਰਪ੍ਰਸਤ, ਉੱਚ ਅਧਿਕਾਰੀ ਅਤੇ ਉਹ ਅਫ਼ਸਰ ਜਿਹੜਾ ਆਪਣੇ ਆਪ ਨੂੰ ਸਕੂਲ ਇੰਸਪੈਕਟਰ ਸਮਝਦਾ ਹੈ, ਤੇ ਸਿੱਖਿਆ ਦੀਆਂ ਹਾਲਤਾਂ ਸੁਧਾਰਨ ਦੀ ਬਜਾਏ ਜਿਲ੍ਹੇ ਦੀ ਡਾਕ ਪਹੁੰਚਾਉਣ ਵਿੱਚ ਹੀ ਰੁੱਝਿਆ ਰਹਿੰਦਾ ਹੈ। ਇਹ ਬੜੀ ਬੇਤੁਕੀ ਗੱਲ ਹੈ ਕਿ ਉਸਨੂੰ ਬੜੀ ਹੀ ਮਾਮੂਲੀ ਤਨਖਾਹ ਮਿਲ਼ੇ ਜਿਸਨੂੰ ਲੋਕਾਂ ਨੂੰ ਪੜ੍ਹਾਉਣ ਲਈ ਬੁਲਾਇਆ ਗਿਆ ਹੋਵੇ—ਲੋਕਾਂ ਨੂੰ ਪੜ੍ਹਾਉਣ ਲਈ, ਧਿਆਨ ਦਿਓ! ਇਹ ਗੱਲ ਬਰਦਾਸ਼ਤ ਤੋਂ ਬਾਹਰ ਹੈ ਕਿ ਅਜਿਹਾ ਇਨਸਾਨ ਸਦਾ ਲੀਰਾਂ ਵਿੱਚ ਹੀ ਤੁਰਿਆ ਫਿਰੇ, ਸਲ੍ਹਾਬੀ ਤੇ ਟੁੱਟੀ ਫੁੱਟੀ ਸਕੂਲ ਦੀ ਇਮਾਰਤ ਵਿੱਚ ਕੰਬਦਾ ਰਹੇ, ਗੁੰਮ੍ਹ ਵਾਲ਼ੀਆਂ ਭੱਠੀਆਂ ਦੀ ਜ਼ਹਿਰੀਲੀ ਹਵਾੜ੍ਹ ਦਾ ਸ਼ਿਕਾਰ ਬਣੇ, ਹਮੇਸ਼ਾ ਠੰਢ ਲਵਾਈ ਫਿਰੇ ਅਤੇ ਤੀਹਾਂ ਦੀ ਉਮਰ ਤੱਕ ਅੱਪੜਦਿਆਂ ਬਿਮਾਰੀਆਂ ਦਾ ਢੇਰ ਬਣ ਜਾਵੇ—ਕੰਠ-ਸੋਜ਼, ਗਠੀਆ, ਤਪਦਿਕ। ਇਹ ਸਾਡੇ ਲਈ ਸ਼ਰਮ ਵਾਲ਼ੀ ਗੱਲ ਹੈ! ਸਾਲ ਵਿੱਚ ਨੌਂ ਜਾਂ ਦਸ ਮਹੀਨੇ ਸਾਡੇ ਅਧਿਆਪਕ ਸੰਨਿਆਸੀਆਂ ਵਾਲ਼ਾ ਜੀਵਨ ਜਿਉਂਦੇ ਹਨ, ਗੱਲ ਕਰਨ ਨੂੰ ਵੀ ਕੋਈ ਬੰਦਾ ਨਹੀਂ ਹੁੰਦਾ, ਇਕਲਾਪੇ ਕਾਰਨ, ਕਿਤਾਬਾਂ ਤੇ ਮਨੋਰੰਜਨ ਤੋਂ ਬਿਨਾਂ ਉਹ ਬੁੱਧੂ ਜਿਹੇ ਬਣ ਜਾਂਦੇ ਹਨ। ਅਤੇ ਜੇ ਉਹ ਕਦੇ ਆਪਣੇ ਯਾਰਾਂ ਦੋਸਤਾਂ ਨੂੰ ਮਿਲਣ ਲਈ ਆਪਣੇ ਕੋਲ਼ ਬੁਲਾਉਣ ਦੀ ਹਿੰਮਤ ਕਰਨ ਤਾਂ ਲੋਕ ਸੋਚਦੇ ਹਨ ਕਿ ਉਹ ਨਾਖੁਸ਼ ਹਨ। ਨਾਖੁਸ਼ ਇੱਕ ਅਜਿਹਾ ਸ਼ਬਦ ਹੈ ਜਿਸ ਨਾਲ਼ ਮੱਕਾਰ ਲੋਕ ਮੂਰਖਾਂ ਨੂੰ ਡਰਾਉਂਦੇ ਰਹਿੰਦੇ ਹਨ... ਇਹ ਸਭ ਕੁਝ ਬੜਾ ਹੀ ਘਿਣਾਉਣਾ ਹੈ... ਇੱਕ ਮਹਾਨ ਅਤੇ ਅਥਾਹ ਮਹੱਤਤਾ ਵਾਲ਼ਾ ਕੰਮ ਕਰ ਰਹੇ ਕਿਸੇ ਇਨਸਾਨ ਦਾ ਮਜ਼ਾਕ ਉਡਾਉਣਾ ਹੈ। ਤੁਹਾਨੂੰ ਦੱਸਾਂ, ਜਦ ਵੀ ਮੈਂ ਕਿਸੇ ਅਧਿਆਪਕ ਨੂੰ ਮਿਲ਼ਦਾ ਹਾਂ ਤਾਂ ਮੈਨੂੰ ਉਸਦੇ ਸਾਹਮਣੇ ਬੜਾ ਬੁਰਾ ਜਿਹਾ ਮਹਿਸੂਸ ਹੁੰਦਾ ਹੈ — ਉਸਦੇ ਵਿਚਾਰੇਪਣ ਅਤੇ ਮੰਦਹਾਲੀ ਲਈ। ਮੈਨੂੰ ਇੰਝ ਜਾਪਦਾ ਹੈ ਜਿਵੇਂ ਕਿਸੇ ਤਰ੍ਹਾਂ ਮੈਂ ਹੀ ਉਸਦੀ ਇਸ ਘਟੀਆ ਹਾਲਤ ਲਈ ਜਿੰਮੇਵਾਰ ਹਾਂ — ਮੈਨੂੰ ਲੱਗਦੈ, ਸੱਚਮੁੱਚ!"

ਇੱਕ ਪਲ ਲਈ ਰੁਕਦਿਆਂ ਉਸਨੇ ਆਪਣੀ ਬਾਂਹ ਝਟਕੀ ਅਤੇ ਨਰਮਾਈ ਜਿਹੀ ਨਾਲ਼ ਕਿਹਾ:

"ਕਿੰਨਾ ਊਟਪਟਾਂਗ ਤੇ ਬੇਢੰਗਾ ਜਿਹਾ ਦੇਸ਼ ਹੈ ਸਾਡਾ ਰੂਸ।"

ਗਹਿਰੇ ਦੁੱਖ ਦੇ ਪਰਛਾਵੇਂ ਨੇ ਉਸਦੀਆਂ ਸ਼ਾਨਦਾਰ ਅੱਖਾਂ 'ਤੇ ਹਨੇਰਾ ਜਿਹਾ ਫੈਲਾ ਦਿੱਤਾ, ਅਤੇ ਅੱਖਾਂ ਦੇ ਕੋਨਿਆਂ 'ਤੇ ਝੁਰੜੀਆਂ ਦਾ ਇੱਕ ਮਹੀਨ ਜਾਲ਼ ਜਿਹਾ ਬੁਣਿਆ

ਗਿਆ, ਜਿਸਨੇ ਉਸਦੀ ਨਜ਼ਰ ਹੋਰ ਵੀ ਡੂੰਘੀ ਕਰ ਦਿੱਤੀ। ਉਸਨੇ ਆਪਣੇ ਆਲ਼ੇ-ਦੁਆਲ਼ੇ ਦੇਖਿਆ ਅਤੇ ਆਪਣਾ ਹੀ ਮਜ਼ਾਕ ਉਡਾਉਣਾ ਸ਼ੁਰੂ ਕਰ ਦਿੱਤਾ।

"ਲਓ ਜੀ — ਮੈਂ ਤੁਹਾਨੂੰ ਕਿਸੇ ਉਦਾਰਵਾਦੀ ਅਖ਼ਬਾਰ ਦੇ ਪੂਰੇ ਮੁੱਖ ਲੇਖ ਜਿੰਨਾ ਭਾਸ਼ਣ ਸੁਣਾ ਮਾਰਿਆ। ਚਲੋ ਛੱਡੋ, ਆਓ ਤੁਹਾਨੂੰ ਤੁਹਾਡੇ ਸਬਰ ਦੇ ਇਨਾਮ ਵਜੋਂ ਚਾਹ ਪਿਲਾਈਏ..."

ਉਹ ਅਕਸਰ ਇਸੇ ਤਰ੍ਹਾਂ ਕਰਦਾ ਸੀ। ਇੱਕ ਪਲ ਉਹ ਬੜੇ ਹੀ ਨਿੱਘ ਨਾਲ, ਦਿਲਚਸਪੀ ਤੇ ਗੰਭੀਰਤਾ ਨਾਲ਼ ਗੱਲ ਕਰ ਰਿਹਾ ਹੁੰਦਾ ਤੇ ਅਗਲੇ ਹੀ ਪਲ ਆਪਣੇ ਆਪ 'ਤੇ ਅਤੇ ਆਪਣੀਆਂ ਹੀ ਗੱਲਾਂ 'ਤੇ ਹੱਸ ਰਿਹਾ ਹੁੰਦਾ। ਅਤੇ ਉਸਦੇ ਕੋਮਲ ਤੇ ਉਦਾਸ ਹਾਸੇ ਪਿੱਛੇ ਉਸ ਆਦਮੀ ਦਾ ਸੂਖਮ ਅਵਿਸ਼ਵਾਸ ਮਹਿਸੂਸ ਕੀਤਾ ਜਾ ਸਕਦਾ ਸੀ ਜਿਹੜਾ ਸ਼ਬਦਾਂ ਤੇ ਸੁਪਨਿਆਂ ਦੀ ਕੀਮਤ ਜਾਣਦਾ ਹੋਵੇ। ਉਸਦੇ ਹਾਸੇ ਵਿੱਚ ਉਸਦੀ ਦਿਲਕਸ਼ ਨਿਮਰਤਾ ਅਤੇ ਅਨੁਭਵੀ ਨਾਜ਼ੁਕਤਾ ਦੀ ਵੀ ਭਾਹ ਪੈਂਦੀ ਸੀ।

ਅਸੀਂ ਚੁੱਪ-ਚਾਪ ਵਾਪਸ ਘਰ ਨੂੰ ਚੱਲ ਪਏ। ਇਹ ਨਿੱਘਾ ਤੇ ਚਮਕੀਲਾ ਦਿਨ ਸੀ; ਸੂਰਜ ਦੀਆਂ ਸਾਫ਼ ਦਿਸਦੀਆਂ ਕਿਰਨਾਂ ਵਿੱਚ ਟਿਮਟਿਮਾਉਂਦੀਆਂ ਲਹਿਰਾਂ ਦੀਆਂ ਅਵਾਜ਼ਾਂ ਸੁਣੀਆਂ ਜਾ ਸਕਦੀਆਂ ਸਨ। ਵਾਦੀ ਵਿੱਚ ਇੱਕ ਕੁੱਤਾ ਕਿਸੇ ਗੱਲੋਂ ਖੁਸ਼ ਹੋ ਕੇ ਚਾਂਗਰਾਂ ਮਾਰ ਰਿਹਾ ਸੀ। ਚੈਖ਼ਵ ਨੇ ਮੈਨੂੰ ਬਾਂਹ ਤੋਂ ਫੜਿਆ ਤੇ ਹੌਲ਼ੀ ਜਿਹੇ ਕਿਹਾ, ਵਿੱਚ ਵਿੱਚ ਖੰਘਣ ਕਾਰਨ ਉਸਦੀ ਗੱਲਬਾਤ ਟੁੱਟ ਰਹੀ ਸੀ:

"ਹੈ ਤਾਂ ਬੜੀ ਸ਼ਰਮਨਾਕ ਤੇ ਦੁੱਖ ਵਾਲ਼ੀ ਗੱਲ, ਪਰ ਇਹ ਸੱਚ ਹੈ ਕਿ ਕਈ ਲੋਕ ਕੁੱਤਿਆਂ ਤੋਂ ਵੀ ਈਰਖਾ ਕਰਦੇ ਨੇ..."

ਅਤੇ ਫਿਰ ਉਸਨੇ ਹੱਸਦਿਆਂ ਹੋਇਆਂ ਅੱਗੇ ਕਿਹਾ:

"ਜੋ ਕੁਝ ਵੀ ਮੈਂ ਅੱਜ ਕਹਿ ਰਿਹਾ ਹਾਂ ਖੌਂਢਾ ਜਿਹਾ ਲੱਗਦਾ ਹੈ — ਮੈਂ ਜ਼ਰੂਰ ਹੀ ਬੁੱਢਾ ਹੋ ਰਿਹਾ ਹਾਂ।"

ਬਾਰ ਬਾਰ ਮੈਂ ਉਸਤੋਂ ਇਹੀ ਗੱਲ ਸੁਣਦਾ:

"ਸੁਣੋ — ਇੱਕ ਅਧਿਆਪਕ ਆਇਆ ਹੈ... ਬਿਮਾਰ ਹੈ, ਉਸਦੀ ਇੱਕ ਪਤਨੀ ਹੈ — ਕੋਈ ਉਸ ਲਈ ਕੀ ਕਰ ਸਕਦਾ ਸੀ, ਕੁਝ ਵੀ ਨਹੀਂ! ਮੈਂ ਕੁਝ ਦੇਰ ਲਈ ਉਸਨੂੰ ਟਿਕਾ ਦਿੱਤਾ ਹੈ..."

ਜਾਂ:

"ਸੁਣੋ, ਗੋਰਕੀ! ਇੱਕ ਅਧਿਆਪਕ ਤੁਹਾਨੂੰ ਮਿਲਣਾ ਚਾਹੁੰਦਾ ਹੈ। ਉਹ ਕਾਫ਼ੀ ਬਿਮਾਰ ਹੈ। ਤੁਸੀਂ ਉਸਨੂੰ ਮਿਲਣ ਨਹੀਂ ਜਾਓਗੇ?"

ਜਾਂ:

"ਇੱਕ ਅਧਿਆਪਕਾ ਹੈ, ਕਿਤਾਬਾਂ ਮੰਗ ਰਹੀ ਹੈ..."

ਕਦੇ-ਕਦੇ ਇਹ "ਅਧਿਆਪਕ" ਮੈਨੂੰ ਉਸਦੇ ਘਰ ਵਿੱਚ ਵੀ ਲੱਭ ਪੈਂਦਾ — ਆਮ ਤੌਰ

’ਤੇ ਕੋਈ ਅਧਿਆਪਕ ਜਿਹੜਾ ਆਪਣੇ ਕਸੂਤੇਪਣ ਦੀ ਚੇਤਨਾ ਕਾਰਨ ਸ਼ਰਮਾ ਰਿਹਾ ਹੁੰਦਾ, ਕੁਰਸੀ ਦੇ ਇੱਕ ਕਿਨਾਰੇ ’ਤੇ ਬੈਠਾ ਹੁੰਦਾ, ਮੁੜਕੋ-ਮੁੜਕੀ ਹੋਇਆ ਚੁਣ-ਚੁਣ ਕੇ ਆਪਣੇ ਸ਼ਬਦ ਬੋਲਦਾ, ਜਿੰਨਾ ਹੋ ਸਕੇ ਓਨੀ ਨਰਮਾਈ ਨਾਲ਼ ਅਤੇ “ਪੜ੍ਹੇ-ਲਿਖੇ ਢੰਗ ਨਾਲ਼” ਬੋਲਣ ਦੀ ਕੋਸ਼ਿਸ਼ ਕਰਦਾ, ਜਾਂ ਫਿਰ ਉਹ ਬਿਮਾਰ ਸ਼ਰਮਾਕਲ ਆਦਮੀ ਵਾਲ਼ੀ ਲੋੜੋਂ ਵੱਧ ਸਾਂਝ ਜਤਾਉਂਦਾ, ਪੂਰੀ ਤਰ੍ਹਾਂ ਇਸ ਇੱਛਾ ਵਿੱਚ ਡੁੱਬਿਆ ਹੋਇਆ ਕਿ ਕਿਤੇ ਉਹ ਲੇਖਕ ਦੀਆਂ ਨਜ਼ਰਾਂ ਵਿੱਚ ਮੂਰਖ ਹੀ ਨਾ ਲੱਗੇ। ਤੇ ਐਂਤੋਨ ਪਾਵਲੋਵਿਚ ’ਤੇ ਅਜਿਹੇ ਸਵਾਲਾਂ ਦਾ ਮੀਂਹ ਬਰਸਾ ਦਿੰਦਾ ਜਿਹੜੇ ਸ਼ਾਇਦ ਹੁਣੇ ਬੈਠੇ-ਬੈਠੇ ਹੀ ਉਸਦੇ ਦਿਮਾਗ ਵਿੱਚ ਆਏ ਹੋਣ।

ਐਂਤੋਨ ਪਾਵਲੋਵਿਚ ਉਸਦੀ ਬੇਢਬੀ ਜਿਹੀ ਗੱਲਬਾਤ ਪੂਰੇ ਧਿਆਨ ਨਾਲ਼ ਸੁਣਦਾ; ਇੱਕ ਮੁਸਕਾਨ ਉਸਦੀਆਂ ਸੋਗੀ ਅੱਖਾਂ ਨੂੰ ਰੁਸ਼ਨਾ ਦਿੰਦੀ, ਉਸਦੀਆਂ ਪੁੜਪੁੜੀਆਂ ’ਤੇ ਝੁਰੜੀਆਂ ਨੂੰ ਖੇਡਣ ਲਾ ਦਿੰਦੀ, ਅਤੇ ਆਪਣੀ ਡੂੰਘੀ, ਕੋਮਲ ਤੇ ਮੱਧਮ ਅਵਾਜ਼ ਵਿੱਚ ਉਹ ਬੋਲਣਾ ਸ਼ੁਰੂ ਕਰਦਾ, ਸਧਾਰਣ ਤੇ ਸਾਫ ਸ਼ਬਦ ਵਰਤਦਿਆਂ, ਸ਼ਬਦ ਜਿਹੜੇ ਜ਼ਿੰਦਗੀ ਦੇ ਕਰੀਬ ਹੁੰਦੇ, ਜਿਸ ਨਾਲ਼ ਉਸਦਾ ਮਹਿਮਾਨ ਇੱਕਦਮ ਸੌਖਾ ਜਿਹਾ ਮਹਿਸੂਸ ਕਰਨ ਲੱਗ ਪੈਂਦਾ, ਚਲਾਕ ਬਣਨ ਦੀ ਕੋਸ਼ਿਸ਼ ਛੱਡ ਦਿੰਦਾ ਤੇ ਹੋਰ ਵੀ ਜ਼ਿਆਦਾ ਹੁਸ਼ਿਆਰ ਤੇ ਦਿਲਚਸਪ ਹੋ ਜਾਂਦਾ...

ਇਹਨਾਂ ਵਿੱਚੋਂ ਮੈਨੂੰ ਇੱਕ ਅਧਿਆਪਕ ਯਾਦ ਹੈ — ਉੱਚਾ-ਲੰਮਾ, ਪਤਲਾ ਸਰੀਰ, ਪੀਲ਼ਾ-ਭੂਕ ਲਿੱਸਾ ਜਿਹਾ ਚਿਹਰਾ ਜਿਸ ਉੱਤੇ ਤੋਤੇ ਵਰਗੀ ਨੱਕ ਸੀ, ਜਿਹੜੀ ਸੋਗਮਈ ਅੰਦਾਜ਼ ਵਿੱਚ ਠੋਡੀ ਵੱਲ ਝੁਕੀ ਹੋਈ ਸੀ — ਉਹ ਐਂਤੋਨ ਪਾਵਲੋਵਿਚ ਦੇ ਸਾਹਮਣੇ ਬੈਠ ਗਿਆ ਤੇ ਆਪਣੀਆਂ ਹਨੇਰੀਆਂ ਅੱਖਾਂ ਸਿੱਧੀਆਂ ਉਸਦੇ ਚਿਹਰੇ ’ਤੇ ਗੱਡੀ ਆਪਣੀ ਉਦਾਸ ਭਾਰੀ ਆਵਾਜ਼ ਵਿੱਚ ਭਿਣਭਿਣਾਉਂਦਾ ਰਿਹਾ:

“ਅਧਿਆਪਨ-ਕਾਰਜ ਦੇ ਸਮੇਂ ਦੌਰਾਨ ਸਜੀਵ ਪ੍ਰਸਥਿਤੀਆਂ ਤੋਂ ਪ੍ਰਾਪਤ ਹੋਏ ਇਸ ਕਿਸਮ ਦੇ ਪ੍ਰਭਾਵ ਇੱਕ ਮਨੋਵਿਗਿਆਨਕ ਮਿਲਗੋਭੇ ਦੇ ਰੂਪ ਵਿੱਚ ਇਕੱਤ੍ਰਿਤ ਹੋ ਜਾਂਦੇ ਹਨ ਜਿਹੜੇ ਆਲ਼ੇ-ਦੁਆਲੇ ਦੇ ਸੰਸਾਰ ਪ੍ਰਤੀ ਇੱਕ ਬਾਹਰਮੁਖੀ ਰਵੱਈਏ ਦੀ ਹਲਕੀ ਜਿਹੀ ਸੰਭਾਵਨਾ ਨੂੰ ਵੀ ਸਮੁੱਚੇ ਤੌਰ ’ਤੇ ਮਿਟਾ ਦਿੰਦੇ ਹਨ। ਸੰਸਾਰ, ਯਕੀਨਨ, ਇਸ ਬਾਰੇ ਸਾਡੇ ਆਪਣੇ ਸੰਕਲਪ ਤੋਂ ਬਿਨਾਂ ਹੋਰ ਕੁਝ ਨਹੀਂ ਹੈ...”

ਇੱਥੇ ਆ ਕੇ ਉਹ ਦਾਰਸ਼ਨਿਕ ਜ਼ਮੀਨ ’ਤੇ ਚੜ੍ਹ ਗਿਆ, ਬਰਫ਼ ’ਤੇ ਤਿਲਕਦੇ ਕਿਸੇ ਸ਼ਰਾਬੀ ਵਾਂਗ।

“ਅੱਛਾ ਇੱਕ ਗੱਲ ਦੱਸੋ,” ਚੈਖ਼ਵ ਨੇ ਸਹਿਜਤਾ ਤੇ ਨਿਮਰਤਾ ਨਾਲ਼ ਪੁੱਛਿਆ, “ਤੁਹਾਡੇ ਜ਼ਿਲੇ ਵਿੱਚ ਕਿਹੜਾ ਅਧਿਆਪਕ ਬੱਚਿਆਂ ਨੂੰ ਕੁੱਟਦਾ-ਮਾਰਦਾ ਹੈ ?”

ਅਧਿਆਪਕ ਆਪਣੀ ਕੁਰਸੀ ਤੋਂ ਉਛਲਿਆ ਅਤੇ ਨਰਾਜ਼ਗੀ ਨਾਲ਼ ਆਪਣੇ ਹੱਥ-ਪੈਰ ਮਾਰਨ ਲੱਗ ਪਿਆ।

“ਕੀ ? ਮੈਂ ? ਕਦੇ ਵੀ ਨਹੀਂ ! ਬੱਚਿਆਂ ਨੂੰ ਕੁੱਟਣਾ ?”

ਅਤੇ ਉਹ ਗੁੱਸੇ ਵਿੱਚ ਫੁੰਕਾਰਨ ਲੱਗ ਪਿਆ।

"ਪ੍ਰੇਸ਼ਾਨ ਨਾ ਹੋਵੋ," ਐਂਤੋਨ ਪਾਵਲੋਵਿਚ ਨੇ ਮੁਸਕਰਾ ਕੇ ਉਸਨੂੰ ਠੰਡਾ ਕਰਦਿਆਂ ਕਿਹਾ। "ਮੈਂ ਕਦੋਂ ਕਿਹਾ ਕਿ ਤੁਸੀਂ ਹੋ ? ਪਰ ਮੈਨੂੰ ਯਾਦ ਹੈ ਇੱਕ ਵਾਰ ਮੈਂ ਅਖ਼ਬਾਰ ਵਿੱਚ ਪੜ੍ਹਿਆ ਸੀ ਕਿ ਤੁਹਾਡੇ ਜ਼ਿਲੇ ਵਿੱਚ ਕੋਈ ਅਧਿਆਪਕ ਬੱਚਿਆਂ ਨੂੰ ਬੜਾ ਮਾਰਦਾ-ਕੁੱਟਦਾ ਹੈ..."

ਅਧਿਆਪਕ ਫੇਰ ਬੈਠ ਗਿਆ, ਆਪਣੇ ਚਿਹਰੇ ਤੋਂ ਮੁੜਕਾ ਪੂੰਝਿਆ ਤੇ ਸੁੱਖ ਦਾ ਸਾਹ ਲਿਆ। ਫਿਰ ਆਪਣੀ ਭਾਰੀ ਅਵਾਜ਼ ਵਿੱਚ ਕਹਿਣ ਲੱਗਾ:

"ਬਿਲਕੁਲ ਠੀਕ। ਇੱਕ ਐਸਾ ਮਾਮਲਾ ਹੈ ਸੀ। ਮਕਾਰੋਵ ਸੀ ਉਹ। ਤੇ ਕੋਈ ਹੈਰਾਨੀ ਵਾਲ਼ੀ ਗੱਲ ਨਹੀਂ ਹੈ! ਠੀਕ ਹੈ ਪਰ ਇਸਦਾ ਵੀ ਇੱਕ ਕਾਰਨ ਹੈ। ਉਹ ਸ਼ਾਦੀਸ਼ੁਦਾ ਹੈ, ਚਾਰ ਬੱਚੇ ਹਨ, ਪਤਨੀ ਉਸਦੀ ਬਿਮਾਰ ਰਹਿੰਦੀ ਹੈ, ਤਨਖਾਹ ਉਸਦੀ ਵੀਹ ਰੂਬਲ ਹੈ ਤੇ ਖਰਚਾ ਬਹੁਤ ਹੈ... ਅਤੇ ਸਕੂਲ ਵੀ ਤਹਿਖਾਨੇ ਵਰਗਾ ਹੈ, ਜਿਸ 'ਚ ਅਧਿਆਪਕ ਲਈ ਬਸ ਇੱਕ ਹੀ ਕਮਰਾ ਹੈ। ਐਸੀ ਹਾਲਤ ਵਿੱਚ ਤਾਂ ਕੋਈ ਮਾੜੀ-ਮੋਟੀ ਗਲਤੀ ਲਈ ਸਵਰਗ ਚੋਂ ਫਰਿਸ਼ਤੇ ਨੂੰ ਵੀ ਬਾਹਰ ਕੱਢ ਮਾਰੇ, ਬੱਚਿਆਂ ਦੀ ਤਾਂ ਗੱਲ ਹੀ ਛੱਡੋ, ਸਹੀ ਕਹਿ ਰਿਹਾਂ!"

ਅਤੇ ਇਹ ਆਦਮੀ ਜਿਹੜਾ ਅਜੇ ਕੁਝ ਹੀ ਦੇਰ ਪਹਿਲਾਂ ਆਪਣੇ ਭਾਰੇ-ਭਰਕਮ ਸ਼ਬਦਾਂ ਦੇ ਭੰਡਾਰ ਨਾਲ਼ ਚੈਖ਼ਵ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਅਚਾਨਕ ਹੀ ਆਪਣੀ ਤੋਤੇ ਵਰਗੀ ਨੱਕ ਨੂੰ ਬੜੇ ਨਹਿਸ਼ ਢੰਗ ਨਾਲ਼ ਹਿਲਾਉਂਦਾ ਹੋਇਆ ਪੱਥਰਾਂ ਵਰਗੇ ਸਾਦੇ ਤੇ ਨਿੱਗਰ ਸ਼ਬਦ ਬੋਲਣ ਲੱਗ ਪਿਆ—ਸ਼ਬਦ ਜਿਹੜੇ ਰੂਸੀ ਪਿੰਡਾਂ ਵਿਚਲੇ ਜੀਵਨ ਦੀ ਸਰਾਪੀ ਤੇ ਮਨਹੂਸ ਸੱਚਾਈ 'ਤੇ ਚਾਨਣਾ ਪਾਉਂਦੇ ਸਨ...

ਆਪਣੇ ਮੇਜ਼ਬਾਨ ਤੋਂ ਵਿਦਾ ਹੋਣ ਵੇਲੇ ਉਸ ਅਧਿਆਪਕ ਨੇ ਚੈਖ਼ਵ ਦੇ ਖੁਸ਼ਕ ਚਮੜੀ ਵਾਲ਼ੇ ਤੇ ਨਿੱਕੇ ਨਿੱਕੇ ਹੱਥਾਂ ਨੂੰ ਆਪਣੀਆਂ ਕੋਮਲ ਉਂਗਲ਼ਾਂ ਨਾਲ਼ ਘੁੱਟਿਆ ਤੇ ਬੋਲਿਆ:

"ਮੈਂ ਤੁਹਾਨੂੰ ਮਿਲਣ ਕੁਝ ਇਸ ਤਰ੍ਹਾਂ ਆਇਆ ਸਾਂ ਜਿਵੇਂ ਮੈਂ ਆਪਣੇ ਤੋਂ ਕਿਸੇ ਵੱਡੇ ਆਦਮੀ ਨੂੰ ਮਿਲਣ ਜਾ ਰਿਹਾ ਹੋਵਾਂ, ਕੰਬਦਾ-ਕੰਬਦਾ, ਤੁਹਾਨੂੰ ਇਹ ਦਿਖਾਉਣ ਲਈ ਕਿ ਮੈਂ ਵੀ ਕੋਈ ਚੀਜ਼ ਹਾਂ ਮੈਂ ਟਰਕੀ ਮੁਰਗੇ ਵਾਂਗ ਫੁੱਲਿਆ ਰਿਹਾ ਅਤੇ ਹੁਣ ਜਦੋਂ ਮੈਂ ਤੁਹਾਥੋਂ ਵਿਦਾ ਹੋ ਰਿਹਾ ਹਾਂ ਤਾਂ ਇੰਝ ਜਾਪਦਾ ਹੈ ਜਿਵੇਂ ਮੈਂ ਆਪਣੇ ਕਿਸੇ ਚੰਗੇ ਤੇ ਗੂੜ੍ਹੇ ਮਿੱਤਰ ਕੋਲ਼ੋਂ ਵਿਦਾ ਲੈ ਰਿਹਾ ਹੋਵਾਂ, ਅਜਿਹਾ ਮਿੱਤਰ ਜਿਹੜਾ ਸਭ ਕੁਝ ਜਾਣਦਾ ਹੈ। ਕਿੰਨੀ ਵਧੀਆ ਗੱਲ ਹੈ ਇਹ—ਸਭ ਕੁਝ ਜਾਣਦਾ ਹੈ! ਸ਼ੁਕਰੀਆ! ਮੈਂ ਜਾ ਰਿਹਾ ਹਾਂ, ਪਰ ਮੈਂ ਆਪਣੇ ਨਾਲ਼ ਇਹ ਚੰਗਾ ਤੇ ਕੀਮਤੀ ਵਿਚਾਰ ਲੈ ਕੇ ਜਾ ਰਿਹਾ ਹਾਂ ਕਿ ਮਹਾਨ ਲੋਕ ਸਾਦਾ ਹੁੰਦੇ ਹਨ, ਉਹ ਗੱਲ ਨੂੰ ਜ਼ਿਆਦਾ ਚੰਗੀ ਤਰ੍ਹਾਂ ਸਮਝਦੇ ਹਨ, ਸਾਡੇ ਜਿਹੇ ਵਿਚਾਰੇ ਨਾਸ਼ਵਾਨਾਂ ਦੇ ਜ਼ਿਆਦਾ ਨੇੜੇ ਹੁੰਦੇ ਹਨ, ਸਾਡੇ ਆਲ਼ੇ-ਦੁਆਲ਼ੇ ਫਿਰਦੇ ਹੋਰ ਤੁੱਛ ਪ੍ਰਾਣੀਆਂ ਨਾਲ਼ੋਂ। ਅਲਵਿਦਾ, ਮੈਂ ਤੁਹਾਨੂੰ ਕਦੇ ਨਹੀਂ ਭੁੱਲਾਂਗਾ।"

ਉਸਦਾ ਨੱਕ ਕੰਬਿਆ, ਉਸਦੇ ਬੁੱਲ ਇੱਕ ਮਿੱਠੀ ਜਿਹੀ ਮੁਸਕਾਨ ਦੇ ਰੂਪ ਵਿੱਚ ਢਿੱਲੇ ਪੈ ਗਏ, ਅਤੇ ਉਸਨੇ ਚਾਣਚੱਕ ਹੀ ਕਿਹਾ:

"ਬੁਰੇ ਲੋਕ ਵੀ ਅਭਾਗੇ ਹੁੰਦੇ ਹਨ, ਚਲੋ ਛੱਡੋ!"

ਜਦੋਂ ਉਹ ਚਲਾ ਗਿਆ ਤਾਂ ਐਂਤੋਨ ਆਪਣੀਆਂ ਨਜ਼ਰਾਂ ਨਾਲ਼ ਉਸਦਾ ਪਿੱਛਾ ਕਰਦਿਆਂ ਮੁਸਕਰਾਇਆ ਤੇ ਕਹਿਣ ਲੱਗਿਆ: "ਭਲਾ ਆਦਮੀ ਹੈ। ਪਰ ਇਹ ਬਹੁਤੀ ਦੇਰ ਤੱਕ ਅਧਿਆਪਕ ਬਣਿਆ ਨਹੀਂ ਰਹਿ ਸਕਦਾ।"

"ਕਿਉਂ ?"

"ਉਹ ਇਸਨੂੰ ਭਜਾ ਦੇਣਗੇ... ਛੁਟਕਾਰਾ ਪਾ ਲੈਣਗੇ।"

ਥੋੜ੍ਹੀ ਦੇਰ ਚੁੱਪ ਰਹਿਣ ਪਿੱਛੋਂ ਉਹ ਆਪਣੀ ਮੱਧਮ ਜਿਹੀ ਨਰਮ ਆਵਾਜ਼ ਵਿੱਚ ਬੋਲਿਆ:

"ਰੂਸ ਵਿੱਚ ਇਮਾਨਦਾਰ ਬੰਦਾ ਚਿਮਨੀ ਸਾਫ਼ ਕਰਨ ਵਾਲ਼ੇ ਉਸ ਬੁਰਸ਼ ਵਰਗਾ ਹੈ ਜਿਸ ਨਾਲ਼ ਨਰਸਾਂ ਅਕਸਰ ਛੋਟੇ ਬੱਚਿਆਂ ਨੂੰ ਡਰਾਉਂਦੀਆਂ ਹਨ..."

ਮੈਨੂੰ ਇੰਝ ਲੱਗਦਾ ਹੈ ਕਿ ਐਂਤੋਨ ਪਾਵਲੋਵਿਚ ਦੀ ਹਾਜ਼ਰੀ ਵਿੱਚ ਹਰ ਕੋਈ ਵਧੇਰੇ ਸਾਦਾ, ਵਧੇਰੇ ਸੱਚਾ ਅਤੇ ਵਧੇਰੇ ਆਪਣਾ ਆਪ ਬਣਨ ਦੀ ਇੱਕ ਅਚੇਤ ਇੱਛਾ ਮਹਿਸੂਸ ਕਰਦਾ ਸੀ, ਅਤੇ ਮੈਨੂੰ ਇਹ ਵੇਖਣ ਦੇ ਵੀ ਕਈ ਮੌਕੇ ਮਿਲ਼ੇ ਕਿ ਲੋਕ ਕਿਵੇਂ ਆਪਣੇ ਕਿਤਾਬੀ ਫ਼ਿਕਰੇ, ਫੈਸ਼ਨੀ ਹਾਵ-ਭਾਵ ਤੇ ਉਹ ਸਾਰੀਆਂ ਤੁੱਛ ਗੱਲਾਂ ਦਾ ਚੋਲ਼ਾ ਲਾਹ ਮਾਰਦੇ ਸਨ, ਜਿਹਨਾਂ ਨਾਲ਼ ਰੂਸੀ ਲੋਕ, ਯੂਰਪੀ ਲੋਕਾਂ ਵਾਂਗ ਦਿਸਣ ਲਈ, ਆਪਣੇ ਆਪ ਨੂੰ ਸਜਾਉਂਦੇ ਸਨ, ਬਿਲਕੁਲ ਉਵੇਂ ਜਿਵੇਂ ਜਾਂਗਲ਼ੀ ਲੋਕ ਆਪਣੇ ਆਪ ਨੂੰ ਘੋਗੇ-ਸਿੱਪੀਆਂ ਤੇ ਮੱਛੀਆਂ ਦੇ ਦੰਦਾਂ ਨਾਲ਼ ਸਜਾਉਂਦੇ ਸਨ। ਐਂਤੋਨ ਪਾਵਲੋਵਿਚ ਮੱਛੀਆਂ ਦੇ ਦੰਦ ਜਾਂ ਮੁਰਗੇ ਦੇ ਖੰਭਾਂ ਦਾ ਸ਼ੁਕੀਨ ਨਹੀਂ ਸੀ। ਸਸਤੀ, ਭੜਕੀਲੀ, ਫੂੰ-ਫਾਂ ਵਾਲ਼ੀ ਹਰ ਓਪਰੀ ਚੀਜ਼ ਜਿਹੜੀ ਲੋਕ ਮਹਿਜ਼ "ਦਿਖਾਵੇ" ਲਈ ਕਰਦੇ ਸਨ, ਉਸਨੂੰ ਪ੍ਰੇਸ਼ਾਨ ਕਰ ਦਿੰਦੀ ਸੀ, ਅਤੇ ਮੈਂ ਕਈ ਵਾਰ ਧਿਆਨ ਦਿੱਤਾ ਸੀ ਕਿ ਜਦੋਂ ਵੀ ਉਹ ਕਿਸੇ ਅਜਿਹੇ ਬਣੇ-ਠਣੇ ਆਦਮੀ ਨੂੰ ਮਿਲ਼ਦਾ ਤਾਂ ਉਹ ਆਪਣੇ ਮੁਲਾਕਾਤੀ ਨੂੰ ਉਸਦੀ ਨੀਰਸ ਤੇ ਸਤਹੀ ਠਾਠ-ਬਾਠ ਤੋਂ, ਜਿਹੜੀ ਉਸਦੇ ਅਸਲੀ ਚਿਹਰੇ ਤੇ ਜਿਉਂਦੀ-ਜਾਗਦੀ ਆਤਮਾ ਦਾ ਰੂਪ ਵਿਗਾੜਦੀ ਸੀ, ਮੁਕਤ ਕਰਵਾਉਣ ਦੀ ਇੱਕ ਜ਼ਬਰਦਸਤ ਇੱਛਾ ਮਹਿਸੂਸ ਕਰਦਾ ਸੀ। ਆਪਣੀ ਸਾਰੀ ਜ਼ਿੰਦਗੀ ਐਂਤੋਨ ਪਾਵਲੋਵਿਚ ਇੱਕ ਸੱਚੀ-ਸੁੱਚੀ ਰੂਹ ਵਾਂਗ ਰਿਹਾ, ਹਮੇਸ਼ਾ ਆਪਣਾ ਆਪ ਹੀ ਰਿਹਾ, ਅੰਦਰੂਨੀ ਤੌਰ 'ਤੇ ਆਜ਼ਾਦ, ਅਤੇ ਉਸਨੂੰ ਇਸ ਗੱਲ ਨਾਲ਼ ਕੋਈ ਫ਼ਰਕ ਨਹੀਂ ਸੀ ਪੈਂਦਾ ਕਿ ਲੋਕ ਐਂਤੋਨ ਚੈਖ਼ਵ ਬਾਰੇ ਕੀ ਸੋਚਦੇ ਹਨ, ਕੀ ਆਸ ਰੱਖਦੇ ਹਨ ਤੇ ਹੋਰ ਲੋਕ—ਉਸ ਨਾਲੋਂ ਘੱਟ ਨਾਜ਼ੁਕ—ਉਸਤੋਂ ਕੀ ਮੰਗ ਕਰਦੇ ਹਨ। ਉਹ "ਉੱਚੇ-ਸੁੱਚੇ" ਵਿਸ਼ਿਆਂ 'ਤੇ ਗੱਲਬਾਤ ਨਹੀਂ ਕਰਦਾ ਸੀ—ਅਜਿਹੀ ਗੱਲਬਾਤ ਜਿਹੜੀ ਰੂਸੀ ਲੋਕ, ਆਪਣੇ ਸਾਦਗੀ ਭਰੇ ਦਿਲਾਂ ਕਾਰਨ, ਬੜੀ ਮਨੋਰੰਜਕ ਸਮਝਦੇ ਸਨ। ਪਰ ਉਹ ਇਹ ਗੱਲ ਭੁੱਲ ਜਾਂਦੇ ਸਨ ਕਿ ਇਹ ਬਿਲਕੁਲ ਹੀ ਬੇਥਵੀ ਹੈ, ਜਿਸ ਵਿੱਚ ਜ਼ਰਾ ਜਿੰਨਾ ਵੀ ਬੌਧਿਕ ਹਾਸ-ਵਿਲਾਸ ਨਹੀਂ ਹੁੰਦਾ, ਭਵਿੱਖ ਦੇ ਮਖਮਲੀ ਚੋਗਿਆਂ ਬਾਰੇ ਗੱਲਾਂ ਕਰਨਾ, ਜਦਕਿ ਇਸ ਵੇਲ਼ੇ ਪਹਿਨਣ ਨੂੰ ਦੋ ਜੋੜੀ ਚੰਗੇ ਕੱਪੜੇ ਵੀ ਨਾ ਹੋਣ।

ਖੁਦ ਸੋਹਣੀ ਸਾਦਗੀ ਦਾ ਮਾਲਿਕ ਹੋਣ ਕਾਰਨ ਉਹ ਹਰ ਸਾਦਾ, ਸੱਚੀ ਤੇ ਇਮਾਨਦਾਰ ਚੀਜ਼ ਨੂੰ ਪਿਆਰ ਕਰਦਾ ਸੀ, ਅਤੇ ਦੂਜਿਆਂ ਨੂੰ ਸਾਦਾ ਬਣਾਉਣ ਦਾ ਉਸਦਾ ਇੱਕ ਆਪਣਾ

ਹੀ ਢੰਗ ਸੀ।

ਇੱਕ ਵਾਰ ਉਸਨੂੰ ਲੋੜੋਂ ਵੱਧ ਸਜੀਆਂ ਫੱਬੀਆਂ ਤਿੰਨ ਔਰਤਾਂ ਮਿਲਣ ਲਈ ਆਈਆਂ। ਆਪਣੇ ਰੇਸ਼ਮੀ ਪੇਟੀਕੋਟਾਂ ਦੀ ਸਰ-ਸਰ ਤੇ ਸਿਰ ਨੂੰ ਚੜ੍ਹਨ ਵਾਲ਼ੇ ਇਤਰਾਂ ਦੀ ਮਹਿਕ ਨਾਲ਼ ਕਮਰੇ ਨੂੰ ਭਰਦੀਆਂ ਉਹ ਟੌਹਰ ਨਾਲ਼ ਆਪਣੇ ਮੇਜ਼ਬਾਨ ਦੇ ਸਾਹਮਣੇ ਹੋ ਕੇ ਬੈਠ ਗਈਆਂ, ਤੇ ਰਾਜਨੀਤੀ ਵਿੱਚ ਡੂੰਘੀ ਦਿਲਚਸਪੀ ਜ਼ਾਹਿਰ ਕਰਦਿਆਂ ਉਹਨਾਂ ਨੇ ਉਸਨੂੰ "ਸਵਾਲ ਪੁੱਛਣੇ" ਸ਼ੁਰੂ ਕਰ ਦਿੱਤੇ।

"ਤੁਹਾਨੂੰ ਕੀ ਲੱਗਦਾ ਹੈ ਕਿ ਜੰਗ ਕਿਵੇਂ ਖਤਮ ਹੋਵੇਗੀ, ਐਂਤੋਨ ਪਾਵਲੋਵਿਚ ?"

ਐਂਤੋਨ ਪਾਵਲੋਵਿਚ ਖੰਘਿਆ, ਕੁਝ ਦੇਰ ਸੋਚਿਆ ਤੇ ਫਿਰ ਆਪਣੀ ਨਰਮ, ਕੋਮਲ ਤੇ ਦਿਆਲੂ ਆਵਾਜ਼ ਵਿੱਚ ਜਵਾਬ ਦਿੱਤਾ:

"ਨਿਰਸੰਦੇਹ, ਅਮਨ ਵਿੱਚ।"

"ਬਿਲਕੁਲ, ਉਹ ਤਾਂ ਹੈ ਹੀ। ਪਰ ਜਿੱਤੇਗਾ ਕੌਣ ? ਯੂਨਾਨੀ ਜਾਂ ਤੁਰਕ ?"

"ਮੇਰੇ ਖਿਆਲ ਵਿੱਚ ਤਕੜੀ ਧਿਰ ਜਿੱਤੇਗੀ।"

"ਅਤੇ ਤੁਸੀਂ ਕਿਸਨੂੰ ਤਕੜੀ ਧਿਰ ਮੰਨਦੇ ਹੋ ?" ਔਰਤਾਂ ਨੇ ਇੱਕ ਅਵਾਜ਼ ਹੋ ਕੇ ਪੁੱਛਿਆ।

"ਜਿਹੜੀ ਧਿਰ ਵਧੇਰੇ ਰੱਜੀ-ਪੁੱਜੀ ਤੇ ਵਧੇਰੇ ਪੜ੍ਹੀ-ਲਿਖੀ ਹੈ।"

"ਕੁਝ ਜ਼ਿਆਦਾ ਹੀ ਹਾਜ਼ਰ-ਜਵਾਬ ਨਹੀਂ ਹੈ ?" ਉਹਨਾਂ ਵਿੱਚੋਂ ਇੱਕ ਔਰਤ ਚੀਖੀ।

"ਚਲੋ, ਤੁਸੀਂ ਕੀ ਚਾਹੁੰਦੇ ਹੋ ਕਿ ਕੌਣ ਜਿੱਤਣ — ਯੂਨਾਨੀ ਜਾਂ ਤੁਰਕ ?" ਦੂਜੀ ਨੇ ਪੁੱਛਿਆ।

ਐਂਤੋਨ ਪਾਵਲੋਵਿਚ ਨੇ ਉਸਨੂੰ ਮਿਹਰਬਾਨ ਨਜ਼ਰ ਨਾਲ਼ ਤੱਕਿਆ ਅਤੇ ਆਪਣੀ ਸਨਿਮਰ, ਹਲੀਮੀ ਭਰੀ ਮੁਸਕਾਨ ਨਾਲ਼ ਜਵਾਬ ਦਿੱਤਾ:

"ਮੈਨੂੰ ਫਲ਼-ਮਿਸ਼ਰੀ ਬਹੁਤ ਪਸੰਦ ਹੈ—ਤੁਹਾਨੂੰ ਵੀ ਹੈ ?"

"ਓਹ ਹਾਂ, ਬਹੁਤ!" ਉਸ ਔਰਤ ਨੇ ਉਤਸ਼ਾਹਪੂਰਵਕ ਚੀਖ ਕੇ ਕਿਹਾ।

"ਸਵਾਦ ਵੀ ਬਹੁਤ ਹੁੰਦੀ ਹੈ!" ਇੱਕ ਹੋਰ ਨੇ ਬੜੀ ਗੰਭੀਰਤਾ ਨਾਲ਼ ਪ੍ਰੋੜਤਾ ਕੀਤੀ।

ਅਤੇ ਉਹਨਾਂ ਤਿੰਨਾਂ ਨੇ ਫਲ਼-ਮਿਸ਼ਰੀ ਬਾਰੇ ਬੜੇ ਜੋਸ਼ ਨਾਲ਼ ਗੱਲਬਾਤ ਕਰਨੀ ਸ਼ੁਰੂ ਕਰ ਦਿੱਤੀ, ਤੇ ਇਸ ਵਿਸ਼ੇ 'ਤੇ ਸ਼ਾਨਦਾਰ ਵਿਦਵਤਾ ਤੇ ਡੂੰਘੀ ਜਾਣਕਾਰੀ ਦਾ ਮੁਜ਼ਾਹਰਾ ਕੀਤਾ। ਉਹ ਸੱਚਮੁੱਚ ਖੁਸ਼ ਸਨ ਕਿ ਉਹਨਾਂ ਨੂੰ ਤੁਰਕਾਂ ਤੇ ਯੂਨਾਨੀਆਂ ਬਾਰੇ ਗੰਭੀਰ ਦਿਲਚਸਪੀ ਦਾ ਨਾਟਕ ਕਰਨ ਤੇ ਸੋਚਣ ਲਈ ਆਪਣੇ ਦਿਮਾਗ 'ਤੇ ਭਾਰ ਨਹੀਂ ਸੀ ਪਾਉਣਾ ਪੈ ਰਿਹਾ, ਜਿਹਨਾਂ ਬਾਰੇ ਉਹਨਾਂ ਨੇ ਹੁਣ ਤੋਂ ਪਹਿਲਾਂ ਕਦੇ ਸੋਚਿਆ ਵੀ ਨਹੀਂ ਹੋਣਾ।

ਜਾਣ ਲੱਗਿਆਂ ਉਹਨਾਂ ਨੇ ਐਂਤੋਨ ਪਾਵਲੋਵਿਚ ਨੂੰ ਖੁਸ਼ੀ-ਖੁਸ਼ੀ ਵਚਨ ਦਿੱਤਾ:

"ਅਸੀਂ ਤੁਹਾਨੂੰ ਫਲ਼-ਮਿਸ਼ਰੀ ਦਾ ਇੱਕ ਡੱਬਾ ਭੇਜਾਂਗੀਆਂ।"

"ਕਾਫ਼ੀ ਵਧੀਆ ਗੱਲਬਾਤ ਰਹੀ ਤੁਹਾਡੀ," ਉਹਨਾਂ ਦੇ ਜਾਣ ਪਿੱਛੋਂ ਮੈਂ ਟਿੱਪਣੀ ਕੀਤੀ।

ਐਂਤੋਨ ਪਾਵਲੋਵਿਚ ਹੌਲ਼ੀ ਜਿਹੇ ਹੱਸਿਆ ਤੇ ਕਿਹਾ:

"ਹਰ ਬੰਦੇ ਨੂੰ ਆਪਣੀ ਹੀ ਭਾਸ਼ਾ 'ਚ ਗੱਲ ਕਰਨੀ ਚਾਹੀਦੀ ਹੈ।"

ਇੱਕ ਹੋਰ ਮੌਕੇ 'ਤੇ ਮੈਂ ਉਸਦੇ ਕਮਰੇ ਵਿੱਚ ਇੱਕ ਸੋਹਣੇ-ਸੁਨੱਖੇ ਨੌਜਵਾਨ ਨੂੰ ਮਿਲ਼ਿਆ ਜਿਹੜਾ ਕਿਸੇ ਵਕੀਲ ਦਾ ਸਹਾਇਕ ਸੀ। ਚੈਖ਼ਵ ਦੇ ਸਾਹਮਣੇ ਖੜਾ ਉਹ ਝਟਕੇ ਨਾਲ਼ ਆਪਣੇ ਘੁੰਗਰਾਲ਼ੇ ਵਾਲ਼ਾਂ ਨੂੰ ਪਿੱਛੇ ਵੱਲ ਝਟਕਦਾ ਹੋਇਆ, ਪੂਰੇ ਆਤਮ ਵਿਸ਼ਵਾਸ ਨਾਲ਼ ਬੋਲ ਰਿਹਾ ਸੀ:

"ਆਪਣੀ ਕਹਾਣੀ 'ਬਦਮਾਸ਼' ਨਾਲ਼ ਤੁਸੀਂ ਮੈਨੂੰ ਬੇਹੱਦ ਗੁੰਝਲਦਾਰ ਸਮੱਸਿਆ ਵਿੱਚ ਉਲਝਾ ਦਿੱਤਾ ਹੈ, ਐਂਤੋਨ ਪਾਵਲੋਵਿਚ। ਜੇ ਮੈਨੂੰ ਦੈਨਿਸ ਗ੍ਰੀਗੋਰਯੇਵ ਦੀ ਜਾਣ ਬੁੱਝ ਕੇ ਗਲਤ ਕੰਮ ਕਰਨ ਦੀ ਇੱਛਾ ਦਾ ਪਤਾ ਲੱਗਦਾ ਹੈ ਤਾਂ ਇਹ ਮੇਰਾ ਫ਼ਰਜ਼ ਬਣਦਾ ਹੈ ਕਿ ਮੈਂ ਉਸਨੂੰ ਜੇਲ੍ਹ ਭੇਜ ਦਿਆਂ, ਕਿਉਂਕਿ ਸਮਾਜ ਦੇ ਹਿੱਤ ਵੀ ਇਹੀ ਮੰਗ ਕਰਦੇ ਹਨ। ਪਰ ਉਹ ਜਾਂਗਲੀ ਹੈ, ਉਸਨੂੰ ਆਪਣੇ ਕੰਮਾਂ ਵਿਚਲੇ ਗੁਨਾਹ ਬਾਰੇ ਕੁਝ ਵੀ ਪਤਾ ਨਹੀਂ ਹੈ, ਮੈਨੂੰ ਉਸ ਬਾਰੇ ਅਫਸੋਸ ਹੁੰਦਾ ਹੈ। ਜੇ ਮੈਂ ਉਸਨੂੰ ਬਿਨਾਂ ਸੋਚੇ-ਸਮਝੇ ਕੰਮ ਕਰਨ ਵਾਲ਼ਾ ਬੰਦਾ ਸਮਝ ਕੇ ਉਸ 'ਤੇ ਰਹਿਮ ਕਰਾਂ ਤਾਂ ਮੈਂ ਸਮਾਜ ਨੂੰ ਕਿਵੇਂ ਭਰੋਸਾ ਦਿਲਾਵਾਂ ਕਿ ਦੈਨਿਸ ਦੁਬਾਰਾ ਨਟ ਢਿੱਲੇ ਕਰਕੇ ਗੱਡੀ ਲੀਹੋਂ ਨਹੀਂ ਉਤਾਰੇਗਾ ? ਇਹ ਸਵਾਲ ਹੈ। ਕੀ ਕੀਤਾ ਜਾਵੇ ?"

ਧੜਾਕ ਦੇਣੀਂ ਕੁਰਸੀ 'ਤੇ ਪਿੱਛੇ ਵੱਲ ਨੂੰ ਡਿੱਗਦਾ ਹੋਇਆ ਤੇ ਐਂਤੋਨ ਪਾਵਲੋਵਿਚ ਦੇ ਚਿਹਰੇ 'ਤੇ ਤਲਾਸ਼ ਭਰੀ ਨਜ਼ਰ ਟਿਕਾ ਕੇ ਉਹ ਕੁਝ ਦੇਰ ਲਈ ਚੁੱਪ ਕਰ ਗਿਆ। ਉਸਦੀ ਵਰਦੀ ਬਿਲਕੁਲ ਨਵੀਂ ਸੀ ਅਤੇ ਉਸਦੇ ਸਾਹਮਣੇ ਵਾਲ਼ੇ ਬਟਨ ਐਨੇ ਸਵੈ-ਵਿਸ਼ਵਾਸ ਤੇ ਮੂਰਖਤਾ ਨਾਲ਼ ਚਮਕ ਰਹੇ ਸਨ ਜਿਵੇਂ ਕਿਸੇ ਨੌਜਵਾਨ ਉਤਸ਼ਾਹੀ ਦੇ ਸੱਜਰੇ-ਧੋਤੇ ਚਿਹਰੇ 'ਤੇ ਅੱਖਾਂ ਚਮਕਦੀਆਂ ਹਨ।

"ਜੇ ਮੈਂ ਜੱਜ ਹੁੰਦਾ," ਐਂਤੋਨ ਪਾਵਲੋਵਿਚ ਨੇ ਗੰਭੀਰਤਾ ਨਾਲ਼ ਕਿਹਾ, "ਮੈਂ ਦੈਨਿਸ ਨੂੰ ਛੱਡ ਦਿੰਦਾ।"

"ਕਿਸ ਅਧਾਰ 'ਤੇ ?"

"ਮੈਂ ਉਸਨੂੰ ਕਹਿੰਦਾ: ਤੂੰ ਅਜੇ ਚੇਤੰਨ ਮੁਜ਼ਰਿਮ ਦਾ ਰੂਪ ਨਹੀਂ ਧਾਰਿਆ, ਦੈਨਿਸ, ਜਾਹ ਤੇ ਪਹਿਲਾਂ ਇਹ ਕੰਮ ਕਰ।"

ਵਕੀਲ ਹੱਸਿਆ, ਪਰ ਇੱਕਦਮ ਹੀ ਆਪਣੀ ਅਲਾਮਤੀ ਗੰਭੀਰਤਾ ਮੁੜ ਕਾਇਮ ਕਰਕੇ ਉਸਨੇ ਕਿਹਾ:

"ਨਹੀਂ, ਸਤਿਕਾਰਯੋਗ ਐਂਤੋਨ ਪਾਵਲੋਵਿਚ, ਤੁਸੀਂ ਜਿਹੜੀ ਸਮੱਸਿਆ ਪੈਦਾ ਕਰ ਦਿੱਤੀ ਹੈ ਉਹ ਕੇਵਲ ਸਮਾਜ ਦੇ ਹਿੱਤਾਂ ਅਨੁਸਾਰ ਹੀ ਸੁਲਝਾਈ ਜਾ ਸਕਦੀ ਹੈ, ਜਿਸਦੀ ਜ਼ਿੰਦਗੀ ਤੇ ਜਾਇਦਾਦ ਦੀ ਰੱਖਿਆ ਕਰਨ ਲਈ ਹੀ ਮੈਨੂੰ ਇਹ ਕੰਮ ਦਿੱਤਾ ਗਿਆ ਹੈ। ਦੈਨਿਸ ਇੱਕ ਜਾਂਗਲ਼ੀ ਹੈ, ਇਹ ਸੱਚ ਹੈ, ਪਰ ਉਹ ਇੱਕ ਮੁਜ਼ਰਿਮ ਹੈ, ਅਤੇ ਇਸ ਗੱਲ ਵਿੱਚ ਵੀ ਸੱਚਾਈ ਹੈ।"

"ਤੁਹਾਨੂੰ ਗ੍ਰਾਮੋਫ਼ੋਨ ਸੁਣਨਾ ਚੰਗਾ ਲੱਗਦਾ ਹੈ ?" ਐਂਤੋਨ ਪਾਵਲੋਵਿਚ ਨੇ ਅਚਾਨਕ

ਹੀ ਪੁੱਛਿਆ।

"ਹਾਂ ਜੀ, ਬਹੁਤ ਜ਼ਿਆਦਾ! ਇਹ ਬੜੀ ਸ਼ਾਨਦਾਰ ਕਾਢ ਹੈ।" ਨੌਜਵਾਨ ਨੇ ਫਟਾਫਟ ਜਵਾਬ ਦਿੱਤਾ।

"ਮੈਂ ਇਸਨੂੰ ਬਰਦਾਸ਼ਤ ਨਹੀਂ ਕਰ ਸਕਦਾ।" ਐਂਤੋਨ ਪਾਵਲੋਵਿਚ ਨੇ ਬੜੇ ਦੁੱਖ ਨਾਲ਼ ਮੰਨਿਆ।

"ਅਜਿਹਾ ਕਿਉਂ ?"

"ਕਿਉਂਕਿ ਇਹ ਬਿਨਾਂ ਕੁਝ ਮਹਿਸੂਸ ਕੀਤੇ ਹੀ ਬੋਲਦਾ ਤੇ ਗਾਉਂਦਾ ਰਹਿੰਦਾ ਹੈ। ਇਸ 'ਚੋਂ ਨਿਕਲ਼ਦੀਆਂ ਅਵਾਜ਼ਾਂ ਕਿੰਨੀਆਂ ਖਾਲੀ ਖਾਲੀ ਤੇ ਬੇਜਾਨ ਜਿਹੀਆਂ ਹੁੰਦੀਆਂ ਹਨ। ਕੀ ਤੁਸੀਂ ਕਦੇ ਫੋਟੋਗ੍ਰਾਫੀ ਕਰਦੇ ਹੋ ?"

ਵਕੀਲ ਫੋਟੋਗ੍ਰਾਫੀ ਦਾ ਜਨੂੰਨ ਦੀ ਹੱਦ ਤੱਕ ਪ੍ਰਸੰਸਕ ਨਿਕਲ਼ਿਆ। ਉਸਨੇ ਇੱਕਦਮ ਬੜੇ ਜੋਸ਼ ਨਾਲ਼ ਇਸ ਬਾਰੇ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ, ਹੁਣ ਉਸਨੂੰ ਗ੍ਰਾਮੋਫੋਨ ਵਿੱਚ ਜ਼ਰਾ ਵੀ ਦਿਲਚਸਪੀ ਨਾ ਰਹੀ, ਜਦਕਿ ਉਹ ਇਸ "ਸ਼ਾਨਦਾਰ ਕਾਢ" ਦਾ ਸ਼ੌਕੀਨ ਸੀ, ਚੈਖ਼ਵ ਨੇ ਬੜੀ ਬਰੀਕੀ ਨਾਲ਼ ਤੇ ਸਟੀਕਤਾ ਨਾਲ਼ ਇਹ ਗੱਲ ਭਾਂਪ ਲਈ ਸੀ। ਇੱਕ ਵਾਰ ਫਿਰ ਮੈਂ ਵਰਦੀ ਹੇਠਾਂ ਇੱਕ ਜਿਉਂਦਾ ਜਾਗਦਾ ਤੇ ਦਿਲਚਸਪ ਮਨੁੱਖ ਦੇਖ ਰਿਹਾ ਸਾਂ, ਜਿਹੜਾ ਅਜੇ ਵੀ ਜਿਉਣ ਦੇ ਢੰਗ-ਤਰੀਕਿਆਂ ਦੇ ਮਾਮਲੇ ਵਿੱਚ ਓਨਾ ਹੀ ਕੱਚਾ ਸੀ ਜਿੰਨਾ ਇੱਕ ਕਤੂਰਾ ਸ਼ਿਕਾਰ ਦੇ ਮਾਮਲੇ ਵਿੱਚ ਹੁੰਦਾ ਹੈ।

ਨੌਜਵਾਨ ਨੂੰ ਵਿਦਾ ਕਰਨ ਮਗਰੋਂ ਐਂਤੋਨ ਪਾਵਲੋਵਿਚ ਨੇ ਗਹਿਰੇ ਦੁੱਖ ਨਾਲ਼ ਕਿਹਾ:

"ਤੇ ਇਨਸਾਫ਼ ਦੀ ਪਿੱਠ 'ਤੇ ਇਹੋ ਜਿਹੇ ਫੋੜੇ ਬੈਠੇ ਹਨ, ਜਿਹੜੇ ਲੋਕਾਂ ਦੀ ਕਿਸਮਤ ਦਾ ਫੈਸਲਾ ਕਰਦੇ ਹਨ।"

ਥੋੜੀ ਦੇਰ ਚੁੱਪ ਰਹਿਣ ਪਿੱਛੋਂ ਉਸਨੇ ਫਿਰ ਕਿਹਾ:

"ਵਕੀਲ ਮੱਛੀਆਂ ਫੜਨ ਦੇ ਸ਼ੌਕੀਨ ਹੁੰਦੇ ਨੇ। ਖਾਸ ਕਰਕੇ ਪਰਚ ਮੱਛੀ* ਦੇ।"

ਉਸ ਵਿੱਚ ਲੱਚਰਤਾ (vulgarity) ਦਾ ਪਰਦਾਫਾਸ਼ ਕਰਨ ਦੀ ਇੱਕ ਕਲਾ ਸੀ, ਇੱਕ ਅਜਿਹੀ ਕਲਾ ਜਿਹੜੀ ਕੇਵਲ ਉਸ ਆਦਮੀ ਕੋਲ ਹੀ ਹੁੰਦੀ ਹੈ ਜਿਸਦੀਆਂ ਜੀਵਨ ਪ੍ਰਤੀ ਆਪਣੀਆਂ ਆਸਾਂ ਬਹੁਤ ਉੱਚੀਆਂ ਹੋਣ, ਅਤੇ ਜਿਹੜੀ ਮਨੁੱਖ ਵਿੱਚ ਸਾਦਗੀ, ਸੁਹੱਪਣ ਅਤੇ ਇਕਸੁਰਤਾ ਦੇਖਣ ਦੀ ਜ਼ਿੱਦੀ ਚਾਹ ਵਿੱਚੋਂ ਉਪਜਦੀ ਹੈ। ਉਹ ਲੱਚਰਤਾ ਦਾ ਬਹੁਤ ਹੀ ਸਖ਼ਤ ਤੇ ਬੇਕਿਰਕ ਜੱਜ ਸੀ।

ਕਿਸੇ ਨੇ ਉਸਦੀ ਹਾਜ਼ਰੀ ਵਿੱਚ ਕਿਹਾ ਕਿ ਇੱਕ ਮਸ਼ਹੂਰ ਰਸਾਲੇ ਦੇ ਸੰਪਾਦਕ ਨੇ, ਜਿਹੜਾ ਹਮੇਸ਼ਾ ਹੋਰਨਾਂ ਲੋਕਾਂ ਪ੍ਰਤੀ ਪਿਆਰ ਅਤੇ ਹਮਦਰਦੀ ਦੀ ਜ਼ਰੂਰਤ ਦੀਆਂ ਗੱਲਾਂ ਕਰਦਾ ਰਹਿੰਦਾ ਹੈ, ਬਿਨਾਂ ਕਿਸੇ ਖਾਸ ਗੱਲੋਂ ਰੇਲਵੇ ਦੇ ਇੱਕ ਗਾਰਡ ਦੀ ਬਹੁਤ ਬੇਇੱਜ਼ਤੀ ਕੀਤੀ, ਅਤੇ ਆਪਣੇ ਤੋਂ ਹੇਠਲੇ ਕਰਮਚਾਰੀਆਂ ਨਾਲ਼ ਖਰਵ੍ਹਾ ਵਰਤਾਓ ਕਰਨਾ ਉਸਦੀ

* ਕੰਡਿਆਲੇ ਖੰਭੜਿਆਂ ਵਾਲ਼ੀ ਇੱਕ ਯੂਰਪੀ ਮੱਛੀ — ਅਨੁ.

ਆਦਤ ਸੀ।

"ਸੁਭਾਵਿਕ ਹੀ ਹੈ," ਐਂਤੋਨ ਪਾਵਲੋਵਿਚ ਨੇ ਸੰਜੀਦਗੀ ਨਾਲ਼ ਗੁਟਕਦਿਆਂ ਕਿਹਾ। "ਉਹ ਰਈਸ ਬੰਦਾ ਹੈ, ਪੜ੍ਹਿਆ-ਲਿਖਿਆ... ਸੈਮਿਨਰੀ ਵਿੱਚ ਪੜ੍ਹਿਆ ਹੈ। ਉਸਦਾ ਪਿਓ ਬਾਸਟ* ਦੇ ਬੂਟਾਂ ਵਿੱਚ ਫਿਰਦਾ ਰਿਹਾ ਤੇ ਉਹ ਵਧੀਆ ਚਮੜੇ ਦੇ ਬੂਟ ਪਾਉਂਦਾ ਹੈ।"

ਅਤੇ ਜਿਸ ਲਹਿਜੇ ਵਿੱਚ ਉਸਨੇ ਇਹ ਗੱਲ ਕਹੀ ਉਸ ਨਾਲ਼ ਇਕਦਮ "ਰਈਸ" ਇੱਕ ਔਸਤ ਦਰਜੇ ਦਾ ਤੇ ਹਾਸੋਹੀਣਾ ਵਿਅਕਤੀ ਬਣ ਗਿਆ।

"ਬਹੁਤ ਹੀ ਪ੍ਰਤਿਭਾਵਾਨ ਇਨਸਾਨ," ਉਸਨੇ ਕਿਸੇ ਪੱਤਰਕਾਰ ਬਾਰੇ ਕਿਹਾ। "ਉਸਦੀਆਂ ਲਿਖਤਾਂ ਹਮੇਸ਼ਾਂ ਹੀ ਉੱਚੀਆਂ ਸੁੱਚੀਆਂ, ਮਾਨਵੀ... ਤੇ ਮਿੱਠੀਆਂ ਮਿੱਠੀਆਂ ਹੁੰਦੀਆਂ ਹਨ। ਉਹ ਲੋਕਾਂ ਸਾਹਮਣੇ ਆਪਣੀ ਘਰਵਾਲ਼ੀ ਨੂੰ ਮੂਰਖ ਕਹਿੰਦਾ ਹੈ। ਉਸਦੇ ਨੌਕਰ ਇੱਕ ਸਿੱਲ੍ਹੇ ਜਿਹੇ ਕਮਰੇ ਵਿੱਚ ਸੌਂਦੇ ਹਨ, ਅਤੇ ਉਹ ਸਾਰੇ ਗਠੀਏ ਦੇ ਰੋਗੀ ਹਨ..."

"ਤੁਹਾਨੂੰ ਫਲਾਣਾ ਬੰਦਾ ਚੰਗਾ ਲੱਗਦਾ ਹੈ, ਐਂਤੋਨ ਪਾਵਲੋਵਿਚ ?"

"ਹਾਂ, ਬਿਲਕੁਲ। ਭਲਾ ਬੰਦਾ ਹੈ।" ਐਂਤੋਨ ਪਾਵਲੋਵਿਚ ਖੰਘਦਾ ਹੋਇਆ ਜਵਾਬ ਦਿੰਦਾ ਹੈ, "ਉਸਨੂੰ ਹਰ ਚੀਜ਼ ਦਾ ਪਤਾ ਹੈ। ਪੜ੍ਹਦਾ ਬਹੁਤ ਹੈ। ਉਸਨੇ ਮੇਰੀਆਂ ਤਿੰਨ ਕਿਤਾਬਾਂ ਪੜ੍ਹਨ ਲਈ ਲਈਆਂ ਤੇ ਅਜੇ ਤੱਕ ਨਹੀਂ ਮੋੜੀਆਂ। ਥੋੜਾ ਜਿਹਾ ਭੁਲੱਕੜ ਹੈ, ਤੁਹਾਨੂੰ ਇੱਕ ਦਿਨ ਕਹੇਗਾ ਕਿ ਤੁਸੀਂ ਬੜੇ ਚੰਗੇ ਇਨਸਾਨ ਹੋ, ਅਤੇ ਅਗਲੇ ਦਿਨ ਤੁਹਾਡੇ ਬਾਰੇ ਕਿਸੇ ਹੋਰ ਨੂੰ ਕਹੇਗਾ ਕਿ ਤੁਸੀਂ ਆਪਣੀ ਨੌਕਰਾਣੀ ਦੇ ਪਤੀ ਦੀਆਂ ਨੀਲੀ ਧਾਰੀਆਂ ਵਾਲ਼ੀਆਂ ਕਾਲ਼ੀਆਂ ਰੇਸ਼ਮ ਦੀਆਂ ਜੁਰਾਬਾਂ ਚੋਰੀ ਕਰ ਲਈਆਂ ਹਨ।"

ਕਿਸੇ ਨੇ ਉਸ ਕੋਲ਼ ਸ਼ਿਕਾਇਤ ਕੀਤੀ ਕਿ "ਮੋਟੇ" ਰਸਾਲਿਆਂ ਦੇ "ਗੰਭੀਰ" ਭਾਗ ਬੜੇ ਨੀਰਸ ਤੇ ਔਖੇ ਹੁੰਦੇ ਹਨ।

"ਅਜਿਹੇ ਲੇਖਾਂ ਨੂੰ ਪੜ੍ਹਿਆ ਹੀ ਨਾ ਕਰੋ," ਐਂਤੋਨ ਪਾਵਲੋਵਿਚ ਨੇ ਪੂਰੇ ਨਿਸ਼ਚੇ ਨਾਲ਼ ਕਿਹਾ। "ਇਹ ਸਹਿਕਾਰੀ ਸਾਹਿਤ ਹੈ... ਸ਼੍ਰੀਮਾਨ ਕਰਾਸਨੋਵ, ਚੇਰਨੋਵ ਅਤੇ ਬੇਲੋਵ (ਲਾਲ, ਕਾਲ਼ੇ ਤੇ ਚਿੱਟੇ—ਅਨੁ.) ਦਾ ਲਿਖਿਆ ਸਾਹਿਤ ਹੈ। ਇੱਕ ਲਿਖਦਾ ਹੈ, ਦੂਜਾ ਇਸਦੀ ਆਲੋਚਨਾ ਕਰਦਾ ਹੈ ਤੇ ਤੀਜਾ ਪਹਿਲੇ ਦੋਹਾਂ ਦੀਆਂ ਤਰਕਹੀਣਤਾਵਾਂ ਦਾ ਸਮਝੌਤਾ ਕਰਵਾ ਦਿੰਦਾ ਹੈ। ਇਹ ਤਾਂ ਕਿਸੇ ਪੁਤਲੇ ਨਾਲ਼ ਵਿੰਤ** ਖੇਡਣ ਵਾਂਗ ਹੈ, ਪਰ ਇਸ ਸਭ ਕਾਸੇ ਦੀ ਪਾਠਕ ਨੂੰ ਕੀ ਲੋੜ ਹੈ ਇਸ ਬਾਰੇ ਇਹਨਾਂ 'ਚੋਂ ਕੋਈ ਵੀ ਆਪਣੇ ਆਪ ਨੂੰ ਨਹੀਂ ਪੁੱਛਦਾ।"

ਇੱਕ ਵਾਰ ਉਸਨੂੰ ਕੋਈ ਹੱਟੀ-ਕੱਟੀ ਔਰਤ ਮਿਲ਼ਣ ਆਈ—ਤੰਦਰੁਸਤ, ਸੋਹਣੀ-ਸੁਨੱਖੀ ਤੇ ਚੰਗੀ ਤਰ੍ਹਾਂ ਸਜੀ-ਫਬੀ। ਤੇ ਉਸਨੇ ਆਉਂਦਿਆਂ ਹੀ "ਚੈਖ਼ਵ ਦੀ ਸ਼ੈਲੀ ਵਿੱਚ" ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

"ਜ਼ਿੰਦਗੀ ਕਿੰਨੀ ਨੀਰਸ ਹੈ, ਐਂਤੋਨ ਪਾਵਲੋਵਿਚ। ਹਰ ਇੱਕ ਚੀਜ਼ ਕਿੰਨੀ ਘਸਮੈਲ਼ੀ ਜਿਹੀ ਹੈ — ਲੋਕ, ਅਸਮਾਨ, ਸਮੁੰਦਰ ਅਤੇ ਇੱਥੋਂ ਤੱਕ ਕਿ ਹੁਣ ਤਾਂ ਫੁੱਲ ਵੀ ਮੈਨੂੰ ਘਸਮੈਲ਼ੇ

* ਲਿੰਡਨ ਬਿਰਖ ਦੀ ਲੱਕੜ, ਤੂਤ ਵਰਗਾ ਇੱਕ ਰੁੱਖ। — ਅਨੁ.

** ਤਾਸ਼ ਦੀ ਬ੍ਰਿਜ ਵਰਗੀ ਇੱਕ ਰੂਸੀ ਖੇਡ। — ਅਨੁ.

ਜਿਹੇ ਹੀ ਜਾਪਦੇ ਹਨ। ਇੱਥੇ ਕੁਝ ਵੀ ਕਰਨ ਨੂੰ ਜੀਅ ਨਹੀਂ ਕਰਦਾ—ਮੇਰਾ ਤਾਂ ਦਿਲ ਹੀ ਘਟਦਾ ਰਹਿੰਦਾ ਹੈ। ਜਿਵੇਂ ਕੋਈ ਬਿਮਾਰੀ ਹੋਵੇ...”

“ਇਹ ਬਿਮਾਰੀ ਹੀ ਤਾਂ ਹੈ,” ਐਂਤੋਨ ਪਾਵਲੋਵਿਚ ਨੇ ਜੋਸ਼ ਨਾਲ਼ ਕਿਹਾ। “ਇਹੀ ਤਾਂ ਹੈ ਇਹ। ਲਾਤੀਨੀ ਭਾਸ਼ਾ ਵਿੱਚ ਇਸਦਾ ਨਾਮ ‘ਮੋਰਬਸ ਸ਼ਾਮਿ-ਤਿਸ’ ਹੈ।”

ਆਪਣੇ ਚੰਗੇ ਭਾਗਾਂ ਨੂੰ ਉਹ ਔਰਤ ਲਾਤੀਨੀ ਭਾਸ਼ਾ ਨਹੀਂ ਜਾਣਦੀ ਸੀ ਜਾਂ ਫਿਰ ਉਸਨੇ ਸ਼ਾਇਦ ਨਾ ਜਾਨਣ ਦਾ ਬਹਾਨਾ ਕੀਤਾ ਹੋਵੇ।

“ਆਲੋਚਕ ਘੋੜ-ਮੱਖੀਆਂ ਵਰਗੇ ਹੁੰਦੇ ਹਨ, ਜਿਹੜੀਆਂ ਘੋੜਿਆਂ ਨੂੰ ਹਲ਼ ਵਾਹੁੰਦੇ ਸਮੇਂ ਤੰਗ ਕਰਦੀਆਂ ਹਨ।” ਐਂਤੋਨ ਨੇ ਸਿਆਣਪ ਨਾਲ਼ ਗੁਟਕਦਿਆਂ ਕਿਹਾ। “ਘੋੜੇ ਦੇ ਪੱਠੇ ਸਾਜ਼ ਦੀਆਂ ਤਾਰਾਂ ਵਾਂਗ ਕਸੇ ਹੋਏ ਹੁੰਦੇ ਹਨ, ਤੇ ਅਚਾਨਕ ਕੋਈ ਘੋੜ-ਮੱਖੀ ਭਿਣਭਿਣਾਉਂਦੀ ਹੋਈ ਇਸਦੇ ਪੁੜੇ ’ਤੇ ਆ ਬਹਿੰਦੀ ਹੈ ਤੇ ਡੰਗ ਮਾਰ ਦਿੰਦੀ ਹੈ। ਘੋੜੇ ਦਾ ਸਰੀਰ ਕੰਬ ਉੱਠਦਾ ਹੈ, ਆਪਣੀ ਪੂਛ ਹਿਲਾਉਂਦਾ ਹੈ। ਮੱਖੀ ਭੀਂ-ਭੀਂ ਕਿਉਂ ਕਰਦੀ ਹੈ? ਇਹ ਤਾਂ ਖਬਰੇ ਉਹ ਖੁਦ ਵੀ ਨਹੀਂ ਜਾਣਦੀ। ਇਸਦਾ ਬਸ ਸੁਭਾਅ ਹੀ ਏਦਾਂ ਦਾ ਬੇਚੈਨ ਜਿਹਾ ਹੁੰਦਾ ਹੈ ਅਤੇ ਆਪਣੇ ਆਪ ਨੂੰ ਇਹ ਅਹਿਸਾਸ ਕਰਵਾਉਣਾ ਚਾਹੁੰਦੀ ਹੁੰਦੀ ਹੈ—“ਮੈਂ ਵੀ ਕੁਝ ਹਾਂ, ਤੈਨੂੰ ਪਤੈ!” ਜਿਵੇਂ ਇਹ ਕਹਿੰਦੀ ਹੋਵੇ। “ਦੇਖੋ, ਮੈਂ ਭੀਂ-ਭੀਂ ਕਰਨਾ ਜਾਣਦੀ ਹਾਂ, ਅਜਿਹੀ ਕੋਈ ਵੀ ਚੀਜ਼ ਨਹੀਂ ਹੈ ਜਿਸ ’ਤੇ ਮੈਂ ਭੀਂ-ਭੀਂ ਨਾ ਕਰ ਸਕਦੀ ਹੋਵਾਂ!” ਮੈਂ ਪਿਛਲੇ ਪੱਚੀ ਸਾਲਾਂ ਤੋਂ ਆਪਣੀਆਂ ਕਹਾਣੀਆਂ ਬਾਰੇ ਲਿਖੇ ਰੀਵਿਊ ਪੜ੍ਹਦਾ ਰਿਹਾ ਹਾਂ, ਤੇ ਮੈਨੂੰ ਉਹਨਾਂ ਵਿੱਚੋਂ ਕੋਈ ਇੱਕ ਵੀ ਲਾਹੇਵੰਦ ਗੱਲ ਚੇਤੇ ਨਹੀਂ ਹੈ, ਨਾ ਕੋਈ ਮਾੜੀ-ਮੋਟੀ ਚੰਗੀ ਸਲਾਹ ਹੀ ਯਾਦ ਹੈ। ਇੱਕੋ ਇੱਕ ਰੀਵਿਊਕਾਰ ਜਿਸਨੇ ਮੈਨੂੰ ਪ੍ਰਭਾਵਿਤ ਕੀਤਾ ਹੈ ਉਹ ਸਕਾਬੀਚੇਵਸਕੀ ਸੀ, ਜਿਸਨੇ ਇਹ ਭਵਿੱਖਬਾਣੀ ਕੀਤੀ ਸੀ ਕਿ ਮੈਂ ਸ਼ਰਾਬ ਨਾਲ਼ ਗੁੱਟ ਹੋ ਕੇ ਮਰਾਂਗਾ ਕਿਸੇ ਡੂੰਘੀ ਖਾਈ ਵਿੱਚ...”

ਇੱਕ ਸੂਖਮ ਜਿਹੀ ਟਿੱਚਰ ਲਗਭਗ ਹਮੇਸ਼ਾ ਹੀ ਉਸਦੀਆਂ ਸਵਾਹ ਰੰਗੀਆਂ ਮਾਤਮੀ ਅੱਖਾਂ ਵਿੱਚ ਟਿਮਕਦੀ ਰਹਿੰਦੀ ਸੀ, ਪਰ ਕਦੇ ਕਦੇ ਇਹ ਅੱਖਾਂ ਠੰਡੀਆਂ, ਸੁਚੇਤ ਤੇ ਖਰਵ੍ਹੀਆਂ ਜਿਹੀਆਂ ਹੋ ਜਾਂਦੀਆਂ ਸਨ, ਤੇ ਅਜਿਹੇ ਪਲਾਂ ਵਿੱਚ ਉਸਦੀ ਅਵਾਜ਼ ਵਿਚਲੀਆਂ ਕੋਮਲ, ਮਿਲਣਸਾਰ ਧੁਨੀਆਂ ਵਿੱਚ ਇੱਕ ਸਖ਼ਤ ਜਿਹੀ ਧੁਨ ਆ ਰਲ਼ਦੀ ਸੀ। ਅਤੇ ਉਦੋਂ ਮੈਨੂੰ ਮਹਿਸੂਸ ਹੁੰਦਾ ਕਿ ਇਹ ਹਲੀਮੀ ਭਰਿਆ ਤੇ ਦਿਆਲੂ ਇਨਸਾਨ ਬਿਨਾਂ ਝੁਕਿਆਂ ਕਿਸੇ ਵੀ ਦੁਸ਼ਮਣ ਤਾਕਤ ਖਿਲਾਫ ਹਿੱਕ ਤਾਣ ਕੇ ਖੜ੍ਹਾ ਹੋ ਸਕਦਾ ਸੀ।

ਕਦੇ ਕਦੇ ਮੈਨੂੰ ਇੰਝ ਜਾਪਦਾ ਕਿ ਹੋਰਾਂ ਪ੍ਰਤੀ ਉਸਦੇ ਵਤੀਰੇ ਵਿੱਚ ਨਾ-ਉਮੀਦੀ ਦੀ ਇੱਕ ਝਲਕ ਜਿਹੀ ਦਿਸਦੀ ਸੀ, ਠੰਡੀ ਅਤੇ ਨਿਰਾਸ਼ ਜਿਹੀ ਕੋਈ ਚੀਜ਼।

“ਰੂਸੀ ਬੰਦਾ ਵੀ ਅਜੀਬ ਹੈ,” ਇੱਕ ਵਾਰ ਉਸਨੇ ਕਿਹਾ। “ਉਹ ਛਾਨਣੀ ਵਰਗਾ ਹੈ, ਜ਼ਿਆਦਾ ਦੇਰ ਤੱਕ ਕੋਈ ਚੀਜ਼ ਸੰਭਾਲ ਨਹੀਂ ਸਕਦਾ। ਆਪਣੀ ਜਵਾਨੀ ਵਿੱਚ ਹਰ ਇੱਕ ਚੀਜ਼ ਜੋ ਵੀ ਉਸਦੇ ਰਾਹ ਵਿੱਚ ਆਉਂਦੀ ਹੈ ਹੜੱਪ ਕਰ ਜਾਂਦਾ ਹੈ, ਅਤੇ ਜਦੋਂ ਉਹ ਤੀਹਾਂ ਤੱਕ ਅੱਪੜਦਾ ਹੈ ਤਾਂ ਉਸਦਾ ਕੁਝ ਵੀ ਨਹੀਂ ਬਚਦਾ, ਸਿਵਾਏ ਇੱਕ ਬੇਰੰਗ ਕੂੜੇ ਦੇ। ਜੇ ਕੋਈ

ਚੰਗੀ ਤੇ ਮਨੁੱਖੀ ਜ਼ਿੰਦਗੀ ਜਿਉਣਾ ਚਾਹੁੰਦਾ ਹੈ ਤਾਂ ਉਸਨੂੰ ਜ਼ਰੂਰ ਹੀ ਕੰਮ ਕਰਨਾ ਚਾਹੀਦਾ ਹੈ। ਪਿਆਰ ਨਾਲ ਤੇ ਵਿਸ਼ਵਾਸ ਨਾਲ਼ ਕੰਮ ਕਰਨਾ ਚਾਹੀਦਾ ਹੈ। ਅਤੇ ਅਸੀਂ ਇਹ ਨਹੀਂ ਜਾਣਦੇ ਕਿ ਸਾਡੇ ਦੇਸ਼ ਵਿੱਚ ਇਹ ਕਿਵੇਂ ਕੀਤਾ ਜਾਵੇ। ਕੋਈ ਆਰਕੀਟੈਕਟ, ਦੋ ਜਾਂ ਤਿੰਨ ਵਧੀਆ ਮਕਾਨ ਬਣਾਉਣ ਤੋਂ ਬਾਅਦ ਫਿਰ ਸਾਰੀ ਉਮਰ ਲਈ ਤਾਸ਼ ਖੇਡਣ ਬੈਠ ਜਾਂਦਾ ਹੈ ਜਾਂ ਥਿਏਟਰ ਦੀਆਂ ਪਿਛਲੀਆਂ ਸੀਟਾਂ 'ਤੇ ਬੈਠਾ ਰਹਿੰਦਾ ਹੈ। ਜਿਵੇਂ ਹੀ ਕੋਈ ਡਾਕਟਰ ਪ੍ਰੈਕਟਿਸ ਕਰਨ ਲੱਗਦਾ ਹੈ ਤਾਂ ਉਹ ਵਿਗਿਆਨ ਨਾਲ਼ ਆਪਣਾ ਨਾਤਾ ਹੀ ਤੋੜ ਲੈਂਦਾ ਹੈ, 'ਨੋਵੋਸਤੀ ਤਿਰਾਪੀ" (ਚਕਿਤਸਾ ਸਮਾਚਾਰ) ਤੋਂ ਬਿਨਾਂ ਹੋਰ ਕੁਝ ਪੜ੍ਹਦਾ ਹੀ ਨਹੀਂ, ਅਤੇ ਚਾਲ਼ੀਆਂ ਤੱਕ ਪਹੁੰਚਦਿਆਂ ਪੂਰੀ ਤਰ੍ਹਾਂ ਇਹ ਵਿਸ਼ਵਾਸ ਬਣਾ ਲੈਂਦਾ ਹੈ ਕਿ ਸਾਰੀਆਂ ਬਿਮਾਰੀਆਂ ਠੰਢ ਲੱਗਣ ਨਾਲ਼ ਹੀ ਹੁੰਦੀਆਂ ਹਨ। ਅਜੇ ਤੱਕ ਮੈਂ ਕਿਸੇ ਵੀ ਅਜਿਹੇ ਅਧਿਕਾਰੀ ਨੂੰ ਨਹੀਂ ਮਿਲ਼ਿਆ ਜਿਸਨੂੰ ਥੋੜਾ ਜਿਹਾ ਵੀ ਆਪਣੇ ਕੰਮ ਦੀ ਸਾਰਥਿਕਤਾ ਦਾ ਗਿਆਨ ਹੋਵੇ—ਸਾਰੇ ਹੀ ਆਪਣੇ ਆਪ ਨੂੰ ਕਿਸੇ ਰਾਜਧਾਨੀ ਵਿੱਚ ਜਾਂ ਕਿਸੇ ਪ੍ਰਾਤਕ ਕਸਬੇ ਵਿੱਚ ਗੱਡ ਲੈਂਦੇ ਹਨ ਤੇ ਆਰਡਰ ਕੱਢਦੇ ਰਹਿੰਦੇ ਹਨ ਜਿਹੜੇ ਬਾਅਦ ਵਿੱਚ ਜ਼ਮੀਯੇਵ ਤੇ ਸਮੋਰਗਨ ਨੂੰ ਲਾਗੂ ਕਰਨ ਲਈ ਭੇਜ ਦਿੰਦੇ ਹਨ। ਇਹਨਾਂ ਦਸਤਾਵੇਜ਼ਾਂ ਨਾਲ਼ ਜ਼ਮੀਯੇਵ ਤੇ ਸਮੋਰਗਨ ਵਿੱਚ ਕਿਸ ਕਿਸ ਦੀ ਘੁੰਮਣ ਫਿਰਨ ਦੀ ਆਜ਼ਾਦੀ ਵਿੱਚ ਰੋਕ ਪੈਂਦੀ ਹੈ ਇਸਦੀ ਇਹ ਏਨੀ ਕੁ ਹੀ ਪ੍ਰਵਾਹ ਕਰਦੇ ਹਨ ਜਿੰਨੀ ਕੋਈ ਨਾਸਤਿਕ ਬੰਦਾ ਨਰਕ ਦੇ ਤਸੀਹਿਆਂ ਦੀ ਕਰਦਾ ਹੈ। ਸਫਲਤਾਪੂਰਵਕ ਕੋਈ ਮੁਕੱਦਮਾ ਜਿੱਤ ਲੈਣ ਤੋਂ ਬਾਅਦ ਵਕੀਲ ਸੱਚਾਈ ਦੀ ਰਾਖੀ ਕਰਨਾ ਹੀ ਛੱਡ ਦਿੰਦਾ ਹੈ ਅਤੇ ਬਸ ਜਾਇਦਾਦ ਦੇ ਹੱਕਾਂ ਦੀ ਰਾਖੀ ਕਰਨ ਲੱਗ ਪੈਂਦਾ ਹੈ, ਘੋੜਿਆਂ ਤੇ ਦਾਅ ਲਾਉਣ ਲੱਗਦਾ ਹੈ, ਮੁਰਗੇ ਖਾਣ ਲੱਗਦਾ ਹੈ, ਅਤੇ ਖੁਦ ਨੂੰ ਹਰ ਤਰ੍ਹਾਂ ਦੀ ਕਲਾ ਦਾ ਪਾਰਖੂ ਸਮਝਣ ਲੱਗ ਪੈਂਦਾ ਹੈ। ਕੋਈ ਅਦਾਕਾਰ, ਦੋ-ਤਿੰਨ ਨਾਟਕ ਸਫਲਤਾਪੂਰਵਕ ਖੇਡਣ ਤੋਂ ਬਾਅਦ ਆਪਣਾ ਕੋਈ ਰੋਲ ਯਾਦ ਹੀ ਨਹੀਂ ਕਰਦਾ, ਸਗੋਂ ਉੱਚੀ ਜਿਹੀ ਟੋਪੀ ਪਹਿਨ ਲੈਂਦਾ ਹੈ ਤੇ ਖੁਦ ਨੂੰ ਪ੍ਰਤਿਭਾਵਾਨ ਸਮਝਣ ਲੱਗ ਪੈਂਦਾ ਹੈ। ਰੂਸ ਲਾਲਚੀ ਵਿਹਲੜਾਂ ਦੀ ਧਰਤੀ ਹੈ। ਲੋਕ ਪੀਂਦੇ ਬਹੁਤ ਹਨ ਤੇ ਖਾਂਦੇ ਵੀ ਢਿੱਡ ਤੂੜ ਕੇ ਹਨ, ਦਿਨੇ ਸੌਣ ਦੇ ਸ਼ੌਕੀਨ ਹਨ, ਅਤੇ ਸੌਂਦੇ ਸਮੇਂ ਘੁਰਾੜੇ ਮਾਰਦੇ ਰਹਿੰਦੇ ਹਨ। ਵਿਆਹ ਵੀ ਇਹ ਆਪਣੇ ਘਰਾਂ ਵਿੱਚ ਇੱਕ ਵਿਵਸਥਾ ਜਿਹੀ ਬਣਾਈ ਰੱਖਣ ਲਈ ਹੀ ਕਰਦੇ ਹਨ, ਤੇ ਨੌਕਰਾਣੀਆਂ ਸਮਾਜਿਕ ਹੈਸੀਅਤ ਲਈ ਰੱਖਦੇ ਹਨ। ਇਹਨਾਂ ਦਾ ਮਨੋਵਿਗਿਆਨ ਕੁੱਤਿਆਂ ਵਰਗਾ ਹੈ। ਜ਼ਰਾ ਕੁ ਮਾਰੋ ਤਾਂ ਹਲੀਮੀ ਨਾਲ਼ ਚਊਂ-ਚਊਂ ਕਰਦੇ ਆਪਣੇ ਖੁੱਡੇ ਵਿੱਚ ਜਾ ਵੜਦੇ ਹਨ। ਜ਼ਰਾ ਪਿਆਰ ਕਰੋ ਤਾਂ ਪਿੱਠ ਪਰਨੇ ਲੇਟ ਕੇ ਆਪਣੇ ਪੰਜੇ ਉਤਾਂਹ ਚੁੱਕ ਲੈਂਦੇ ਹਨ ਤੇ ਪੂਛ ਹਿਲਾਉਣ ਲੱਗਦੇ ਹਨ।"

ਇਹਨਾਂ ਸ਼ਬਦਾਂ ਹੇਠ ਇੱਕ ਠੰਢੀ ਤੇ ਦੁੱਖਦਾਈ ਘ੍ਰਿਣਾ ਲੁਕੀ ਹੋਈ ਹੈ। ਪਰ ਘ੍ਰਿਣਾ ਕਰਦੇ ਸਮੇਂ ਉਹ ਨਾਲ਼ ਹੀ ਤਰਸ ਵੀ ਕਰ ਸਕਦਾ ਸੀ, ਅਤੇ ਜਦੋਂ ਕਦੇ ਉਸਦੀ ਹਾਜ਼ਰੀ ਵਿੱਚ ਕਿਸੇ ਨੂੰ ਬੁਰਾ-ਭਲਾ ਕਿਹਾ ਜਾਂਦਾ ਤਾਂ ਐਂਤੋਨ ਪਾਵਲੋਵਿਚ ਉਸ ਲਈ ਡਟ ਜਾਂਦਾ।

"ਹੁਣ ਕਹਿ ਜ਼ਰਾ! ਬੁੱਢਾ ਆਦਮੀ ਹੈ ਉਹ, ਸੱਤਰ ਸਾਲ ਉਸਦੀ ਉਮਰ ਹੈ..."

ਜਾਂ:

"ਉਹ ਅਜੇ ਬੱਚਾ ਹੀ ਹੈ, ਇਹ ਬਸ ਉਸਦੀ ਮੂਰਖਤਾ ਹੈ..."

ਅਤੇ ਜਦੋਂ ਉਹ ਇਸ ਤਰ੍ਹਾਂ ਗੱਲਾਂ ਕਰਦਾ ਤਾਂ ਮੈਨੂੰ ਉਸਦੇ ਚਿਹਰੇ 'ਤੇ ਘ੍ਰਿਣਾ ਦਾ ਕੋਈ ਨਾਮੋ-ਨਿਸ਼ਾਨ ਨਾ ਦਿਸਦਾ...

ਜਦੋਂ ਬੰਦਾ ਜਵਾਨ ਹੁੰਦਾ ਹੈ ਤਾਂ ਲੱਚਰਤਾ ਬੜੀ ਮਨੋਰੰਜਕ ਤੇ ਮਾਮੂਲੀ ਜਿਹੀ ਗੱਲ ਜਾਪਦੀ ਹੈ, ਪਰ ਇਹ ਹੌਲ਼ੀ ਹੌਲ਼ੀ ਵਿਅਕਤੀ ਨੂੰ ਘੇਰ ਲੈਂਦੀ ਹੈ, ਇਸਦੀ ਸੁਆਹ ਰੰਗੀ ਧੁੰਦ ਉਸਦੇ ਦਿਮਾਗ ਤੇ ਖ਼ੂਨ ਵਿੱਚ ਜ਼ਹਿਰ ਜਾਂ ਕੋਲੇ ਦੇ ਧੂੰਏ ਵਾਂਗ ਰੀਂਘਦੀ ਰਹਿੰਦੀ ਹੈ, ਜਦੋਂ ਤੱਕ ਕਿ ਉਹ ਕਿਸੇ ਪੁਰਾਣੇ ਸ਼ਰਾਬਖਾਨੇ 'ਤੇ ਟੰਗੇ ਬੋਰਡ ਵਰਗਾ ਨਹੀਂ ਬਣ ਜਾਂਦਾ—ਜਿਸ 'ਤੇ ਕੁਝ ਉੱਕਰਿਆ ਹੋਇਆ ਤਾਂ ਹੈ, ਪਰ ਕੀ ਹੈ, ਇਹ ਦੇਖ ਸਕਣਾ ਅਸੰਭਵ ਹੁੰਦਾ ਹੈ।

ਪਹਿਲੇ ਦਿਨ ਤੋਂ ਹੀ ਐਂਤੋਨ ਪਾਵਲੋਵਿਚ ਨੇ ਲੱਚਰਤਾ ਦੇ ਸੁਆਹ ਰੰਗੇ ਸਾਗਰ ਵਿੱਚ ਆਪਣੇ ਦੁਖਾਂਤਮਈ ਉਦਾਸ ਮਜ਼ਾਕ ਜ਼ਾਹਿਰ ਕਰਨੇ ਸ਼ੁਰੂ ਕਰ ਦਿੱਤੇ ਸਨ। ਇਸ ਗੱਲ ਦਾ ਅਹਿਸਾਸ ਕਰਨ ਲਈ ਕਿ ਲੇਖਕ ਨੇ ਕਿਵੇਂ ਹਰ ਇੱਕ ਕਠੋਰ ਚੀਜ਼ ਨੂੰ ਦੇਖਿਆ ਤੇ ਕਿਵੇਂ ਸ਼ਰਮਾਉਂਦੇ ਹੋਏ ਆਪਣੇ ਮਜ਼ਾਹੀਆ ਬਿਰਤਾਂਤਾਂ ਤੇ ਘਟਨਾਵਾਂ ਹੇਠ ਇਹਨਾਂ ਨੂੰ ਲੁਕੋਇਆ, ਤੁਹਾਨੂੰ ਬਸ ਉਸਦੀਆਂ "ਹਾਸਰਸੀ" ਕਹਾਣੀਆਂ ਧਿਆਨ ਨਾਲ਼ ਪੜ੍ਹਨ ਦੀ ਲੋੜ ਹੈ।

ਉਸ ਵਿੱਚ ਲਗਭਗ ਕੁਆਰੀ ਕੁੜੀ ਜਿਹੀ ਨਿਮਰਤਾ ਸੀ, ਐਵੇਂ ਹੀ ਇਸ ਗੱਲ ਦਾ ਯਕੀਨ ਕਰਦਿਆਂ ਕਿ ਲੋਕ ਆਪਣੇ ਆਪ ਹੀ ਸੱਭਿਅਕ ਬਣਨ ਦੀ ਲੋੜ ਮਹਿਸੂਸ ਕਰਨ ਲੱਗ ਪੈਣਗੇ, ਉਹ ਕਦੇ ਵੀ ਲੋਕਾਂ ਨੂੰ ਖੁੱਲਮ-ਖੁੱਲ੍ਹਾ ਨਹੀਂ ਕਹਿ ਸਕਦਾ ਸੀ—"ਸੱਭਿਆ ਬੰਦੇ ਬਣੋ—ਬਣ ਨਹੀਂ ਸਕਦੇ!" ਹਰ ਇੱਕ ਗੰਦੀ ਤੇ ਲੱਚਰ ਚੀਜ਼ ਨੂੰ ਘ੍ਰਿਣਾ ਕਰਦਿਆਂ, ਉਸਨੇ ਜੀਵਨ ਦੇ ਭੈੜੇ ਪੱਖ ਨੂੰ ਵੀ ਕਵੀਆਂ ਵਾਂਗ ਉੱਚੀ-ਸੁੱਚੀ ਭਾਸ਼ਾ ਵਿੱਚ ਤੇ ਹਾਸਰਸੀ ਲੇਖਕ ਦੀ ਕੋਮਲ ਮੁਸਕਾਨ ਨਾਲ਼ ਚਿਤਰਿਆ, ਅਤੇ ਉਸਦੀਆਂ ਕਹਾਣੀਆਂ ਵਿੱਚ ਚੰਗੀ ਤਰ੍ਹਾਂ ਚਮਕਾਈ ਸਤ੍ਹਾ ਹੇਠ ਲੁਕੀ ਕੌੜੀ ਡਾਂਟ-ਫਿਟਕਾਰ ਮਸਾਂ ਹੀ ਨਜ਼ਰੀਂ ਪੈਂਦੀ ਹੈ।

ਸਾਡੀ ਸਤਿਕਾਰਯੋਗ ਜਨਤਾ, 'ਐਲਬੀਆਨ ਦੀ ਧੀ' ਪੜ੍ਹਦੀ ਹੋਈ ਹੱਸਦੀ ਹੈ, ਅਤੇ ਸ਼ਾਇਦ ਇਸ ਕਹਾਣੀ ਵਿਚਲੇ ਰੱਜੇ-ਪੁੱਜੇ ਜਗੀਰਦਾਰ ਦੇ ਇੱਕ ਲਾਚਾਰ ਤੇ ਨਿਥਾਂਵੇਂ ਬੰਦੇ 'ਤੇ ਕਸੇ ਤਨਜ਼ ਸਮਝਣ ਦੇ ਕਾਬਿਲ ਨਹੀਂ ਹੈ, ਜਿਹੜਾ ਵਿਚਾਰਾ ਉੱਥੇ ਕਿਸੇ ਨੂੰ ਨਹੀਂ ਜਾਣਦਾ ਤੇ ਹਰ ਚੀਜ਼ ਜਿਸ ਲਈ ਨਵੀਂ ਹੈ। ਚੈਖ਼ਵ ਦੀਆਂ ਸਾਰੀਆਂ ਹਾਸਰਸੀ ਕਹਾਣੀਆਂ ਵਿੱਚ ਮੈਨੂੰ ਇੱਕ ਸ਼ੁੱਧ, ਸੱਚੇ ਮਨੁੱਖੀ ਦਿਲ ਦੀ ਕੋਮਲ ਪਰ ਤਿੱਖੀ ਆਹ ਸੁਣਾਈ ਦਿੰਦੀ ਹੈ, ਆਪਣਾ ਸਵੈ-ਮਾਣ ਕਾਇਮ ਰੱਖਣ ਤੋਂ ਅਸਮਰੱਥ ਤੇ ਬਿਨਾਂ ਲੜੇ ਹੀ ਪਾਸ਼ਵਿਕ ਸ਼ਕਤੀਆਂ ਅੱਗੇ ਝੁਕ ਜਾਣ ਵਾਲ਼ੇ, ਗੁਲਾਮਾਂ ਵਾਂਗ ਜੀਅ ਰਹੇ, ਗੋਭੀ ਦੇ ਸੂਪ ਤੋਂ ਬਿਨਾਂ (ਜਿਸਨੂੰ ਉਹ ਹਰ ਰੋਜ਼ ਜਿੰਨਾ ਸੰਭਵ ਹੋ ਸਕੇ ਸਵਾਦ ਬਣਾ ਕੇ ਪੀਂਦੇ ਹਨ) ਹੋਰ ਕਿਸੇ ਗੱਲ ਵਿੱਚ ਯਕੀਨ ਨਾ ਕਰਨ ਵਾਲ਼ੇ, ਅਤੇ ਤਾਕਤਵਰ ਤੇ ਹੈਂਕੜਬਾਜ਼ ਲੋਕਾਂ ਦੁਆਰਾ ਕੁੱਟੇ ਜਾਣ ਦੇ ਡਰ ਤੋਂ ਸਿਵਾ ਹੋਰ ਕੁਝ ਵੀ ਮਹਿਸੂਸ ਨਾ ਕਰ ਸਕਣ ਵਾਲ਼ੇ ਮਨੁੱਖਾਂ ਪ੍ਰਤੀ ਤਰਸ ਦੀ ਇੱਕ ਨਿਰਾਸ਼ ਜਿਹੀ

ਆਹ।

ਕਿਸੇ ਨੇ ਵੀ ਜੀਵਨ ਦੀਆਂ ਛੋਟੀਆਂ ਮੋਟੀਆਂ ਗੱਲਾਂ ਦੇ ਦੁਖਾਂਤਕ ਸੁਭਾਅ ਨੂੰ ਐਨੇ ਸਪਸ਼ਟ ਅਤੇ ਸਹਿਜ-ਅਨੁਭਵੀ ਢੰਗ ਨਾਲ਼ ਨਹੀਂ ਸਮਝਿਆ ਜਿਵੇਂ ਚੈਖ਼ਵ ਨੇ ਸਮਝਿਆ ਹੈ। ਅਤੇ ਨਾ ਹੀ ਇਸ ਤੋਂ ਪਹਿਲਾਂ ਕੋਈ ਲੇਖਕ ਲੋਕਾਂ ਅੱਗੇ ਮੱਧ-ਵਰਗੀ ਜੀਵਨ ਦੇ ਹਨੇਰੇ ਘੜਮੱਸ ਦੀਆਂ ਸ਼ਰਮਨਾਕ ਤੇ ਤਰਸਯੋਗ ਗੱਲਾਂ ਦੀ ਐਨੀ ਬੇਕਿਰਕ ਤੇ ਸੱਚੀ ਤਸਵੀਰ ਹੀ ਪੇਸ਼ ਕਰਨ ਦੇ ਯੋਗ ਹੋ ਸਕਿਆ ਹੈ।

ਲੱਚਰਤਾ ਉਸਦੀ ਦੁਸ਼ਮਣ ਸੀ। ਆਪਣੀ ਸਾਰੀ ਜ਼ਿੰਦਗੀ ਉਹ ਇਸਦੇ ਖਿਲਾਫ਼ ਲੜਿਆ, ਇਸ ਨਾਲ਼ ਘ੍ਰਿਣਾ ਕੀਤੀ, ਪੂਰੀ ਤਰ੍ਹਾਂ ਨਿਰਪੱਖ ਕਲਮ ਨਾਲ਼ ਇਸਨੂੰ ਚਿਤਰਿਆ। ਲੱਚਰਤਾ ਦੀ ਉੱਲੀ ਉਹ ਅਜਿਹੀ ਥਾਂ ਤੋਂ ਵੀ ਲੱਭ ਲੈਂਦਾ ਜਿਹੜੀ ਪਹਿਲੀ ਨਜ਼ਰੇ ਦੇਖਣ ਨੂੰ ਪੂਰੀ ਤਰ੍ਹਾਂ ਵਿਵਸਥਤ, ਆਰਾਮਦੇਹ ਤੇ ਸ਼ਾਨਦਾਰ ਜਾਪਦੀ ਸੀ। ਅਤੇ ਲੱਚਰਤਾ ਨੇ ਵੀ ਇੱਕ ਕਮੀਨੀ ਚਲਾਕੀ ਨਾਲ਼ ਉਸਤੋਂ ਆਪਣਾ ਬਦਲਾ ਲੈ ਹੀ ਲਿਆ, ਜਦੋਂ ਉਸਦੀ ਮੁਰਦਾ-ਦੇਹ—ਇੱਕ ਕਵੀ ਦੀ ਮੁਰਦਾ-ਦੇਹ—ਮੱਛੀਆਂ ਢੋਣ ਵਾਲ਼ੀ ਗੱਡੀ 'ਚ ਮਾਸਕੋ ਭੇਜੀ ਗਈ।

ਇਹ ਹਨੇਰੀ ਹਰੀ ਗੱਡੀ ਮੈਨੂੰ ਲੱਚਰਤਾ ਦੀ ਆਪਣੇ ਨਿਢਾਲ ਦੁਸ਼ਮਣ 'ਤੇ ਹੱਸੀ ਖਸਿਆਣੀ ਜਿਹੀ ਹਾਸੀ ਵਰਗੀ ਜਾਪੀ, ਅਤੇ ਘਟੀਆ ਪੀਲ਼ੀ ਪੱਤਰਕਾਰੀ ਦੀਆਂ ਅਨੇਕਾਂ "ਯਾਦਾਂ" ਮਹਿਜ਼ ਪਾਖੰਡੀ ਅਫਸੋਸ ਜਿਹਾ ਲੱਗਿਆ, ਜਿਸਦੇ ਪਿੱਛੇ ਮੈਨੂੰ ਉਸੇ ਲੱਚਰਤਾ ਦਾ ਠੰਢਾ ਬਦਬੂਦਾਰ ਸਾਹ ਮਹਿਸੂਸ ਹੋਇਆ ਜਿਹੜੀ ਆਪਣੇ ਦੁਸ਼ਮਣ ਦੀ ਮੌਤ 'ਤੇ ਅੰਦਰੋਂ ਅੰਦਰੀ ਖੁਸ਼ੀਆਂ ਮਨਾ ਰਹੀ ਸੀ।

ਚੈਖ਼ਵ ਦੀਆਂ ਲਿਖਤਾਂ ਪੜ੍ਹਦਿਆਂ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਪਤਝੜ ਦਾ ਕੋਈ ਆਖ਼ਰੀ ਉਦਾਸ ਦਿਨ ਹੋਵੇ, ਜਦੋਂ ਹਵਾ ਨਿੱਖਰੀ ਨਿੱਖਰੀ ਜਿਹੀ ਹੁੰਦੀ ਹੈ, ਨੰਗੇ ਰੁੱਖ ਅਸਮਾਨ ਵੱਲ ਸੁਖ ਦਾ ਸਾਹ ਲੈਂਦੇ ਹੋਏ ਖੜੇ ਹੁੰਦੇ ਹਨ, ਘਰ ਇੱਕ ਥਾਂ ਗੁੱਛਾ-ਮੁੱਛਾ ਹੋਏ ਹੁੰਦੇ ਹਨ, ਤੇ ਲੋਕ ਉਦਾਸ ਅਤੇ ਥੱਕੇ ਜਿਹੇ ਹੁੰਦੇ ਹਨ। ਹਰ ਇੱਕ ਚੀਜ਼ ਕਿੰਨੀ ਅਜਨਬੀ, ਇਕੱਲੀ-ਕਾਰੀ, ਗਤੀਹੀਣ ਤੇ ਬੇਜਾਨ ਜਿਹੀ ਹੁੰਦੀ ਹੈ। ਦੂਰ ਦੂਰ ਤੱਕ ਨੀਲਾਪਣ ਤੇ ਸੁੰਨ-ਸਰਾਂ ਛਾਈ ਹੈ, ਪੀਲ਼ੇ ਅਕਾਸ਼ ਨਾਲ਼ ਘੁਲ਼ੀ-ਮਿਲ਼ੀ, ਜਿਹੜਾ ਅੱਧ-ਜੰਮੇ ਚਿੱਕੜ 'ਤੇ ਆਪਣਾ ਥੱਕਿਆ ਜਿਹਾ ਠੰਢਾ ਸਾਹ ਸੁੱਟਦਾ ਰਹਿੰਦਾ ਹੈ। ਪਰ ਲੇਖਕ ਦਾ ਮਨ, ਪੱਤਝੜ ਦੀ ਧੁੱਪ ਵਾਂਗ, ਮਧੋਲ਼ੀਆਂ ਸੜ੍ਹਕਾਂ, ਵਿੰਗ-ਤੜਿੰਗੀਆਂ ਗਲ਼ੀਆਂ, ਗੰਦੇ ਤੇ ਉੱਚੇ-ਨੀਵੇਂ ਘਰਾਂ ਨੂੰ ਰੌਸ਼ਨ ਕਰ ਦਿੰਦਾ ਹੈ, ਜਿਹਨਾਂ ਵਿੱਚ ਰਹਿੰਦੇ ਤਰਸਯੋਗ "ਤੁੱਛ" ਪ੍ਰਾਣੀ ਆਪਣੇ ਘਰਾਂ ਨੂੰ ਵਿਅਰਥ ਤੇ ਉਨੀਂਦਰੀ ਜਿਹੀ ਹਲਚਲ ਨਾਲ਼ ਭਰਦੇ ਹੋਏ ਅਕੇਵੇਂ ਤੇ ਵਿਹਲੇਪਣ ਵਿੱਚ ਆਪਣੀਆਂ ਜ਼ਿੰਦਗੀਆਂ ਗਾਲ਼ ਰਹੇ ਹਨ। ਔਹ ਕੋਈ "ਪ੍ਰੇਮਿਕਾ" ਜਾਂਦੀ ਹੈ, ਨਿੱਕੀ ਚਿੱਟੀ ਚੂਹੀ ਵਾਂਗ ਘਾਬਰੀ ਹੋਈ, ਮਿੱਠੀ ਤੇ ਨਿਮਰ ਔਰਤ, ਕਿੰਨੀ ਨਿਰਪੱਖਤਾ ਨਾਲ਼ ਤੇ ਗੁਲਾਮਾਂ ਵਾਂਗ ਪਿਆਰ ਕਰਦੀ ਹੈ। ਉਸਦੀ ਗੱਲ੍ਹ 'ਤੇ ਇਕ ਚਪੇੜ ਮਾਰੋ ਤੇ ਇਹ ਨਿਮਰ ਗੁਲਾਮ ਕੁਸਕਣ ਦੀ ਵੀ ਹਿੰਮਤ ਨਹੀਂ ਕਰਦੀ। ਉਸਦੇ ਨਾਲ਼ ਉਦਾਸ ਤੇ ਦਿਲਗੀਰ "ਤਿੰਨ ਭੈਣਾਂ" ਦੀ ਓਲਗਾ ਖੜੀ

ਹੈ; ਉਹ ਵੀ ਪਿਆਰ ਕਰਨ ਦੇ ਕਾਬਿਲ ਹੈ ਅਤੇ ਆਪਣੇ ਲੋਲੜ੍ਹ ਭਰਾ ਦੀ ਬਦਕਾਰ ਤੇ ਲੱਚਰ ਘਰਵਾਲ਼ੀ ਦੀਆਂ ਸਨਕਾਂ ਅੱਗੇ ਸਬਰ ਨਾਲ਼ ਝੁਕ ਜਾਂਦੀ ਹੈ; ਉਸਦੇ ਆਲ਼ੇ-ਦੁਆਲ਼ੇ ਉਸਦੀਆਂ ਭੈਣਾਂ ਦੀ ਜ਼ਿੰਦਗੀ ਬਰਬਾਦ ਹੋ ਰਹੀ ਹੈ ਤੇ ਉਹ ਬਸ ਰੋ ਰਹੀ ਹੈ, ਕੁਝ ਵੀ ਕਰਨ ਤੋਂ ਅਸਮਰੱਥ, ਉਸਦੇ ਮੂੰਹੋਂ ਇਸ ਲੱਚਰਤਾ ਖਿਲਾਫ਼ ਰੋਹ ਦਾ ਇੱਕ ਵੀ ਜ਼ਿੰਦਾ, ਹੌਂਸਲੇ ਵਾਲ਼ਾ ਸ਼ਬਦ ਨਹੀਂ ਨਿਕਲ਼ਦਾ।

ਅਤੇ ਔਹ, ਰੋਣਹਾਕਾ ਹੋਇਆ ਰਾਨੇਵਸਕਾਇਆ ਹੈ ਤੇ "ਚੈਰੀ ਦੇ ਬਗੀਚੇ" ਦੇ ਬਾਕੀ ਸਾਬਕਾ ਮਾਲਿਕ ਹਨ—ਬੱਚਿਆਂ ਵਾਂਗ ਸਵਾਰਥੀ ਤੇ ਬੁੱਢਿਆਂ ਵਰਗੇ ਢਿੱਲੜ ਤੇ ਸਿੱਥਲ। ਜਿਹਨਾਂ ਨੂੰ ਬਹੁਤ ਪਹਿਲਾਂ ਹੀ ਮਰ-ਮੁੱਕ ਜਾਣਾ ਚਾਹੀਦਾ ਸੀ, ਹੁਣ ਉਹ ਰਊਂ-ਰਊਂ ਕਰਦੇ ਤੇ ਬੁਸਕਦੇ ਫਿਰਦੇ ਹਨ, ਆਪਣੇ ਆਲ਼ੇ-ਦੁਆਲ਼ੇ ਵਾਪਰ ਰਹੀ ਕਿਸੇ ਗੱਲ ਬਾਰੇ ਉਹਨਾਂ ਨੂੰ ਕੁਝ ਨਹੀਂ ਪਤਾ, ਕੁਝ ਨਹੀਂ ਸਮਝਦੇ, ਮੁੜ ਜੀਵਨ ਵੱਲ ਪਰਤਣ ਤੋਂ ਅਸਮਰਥ ਪਰਜੀਵੀ ਹਨ। ਇੱਕ ਬਿਲਕੁਲ ਹੀ ਨਕਾਰਾ ਵਿਦਿਆਰਥੀ ਤ੍ਰੋਫ਼ੀਮੋਵ ਕੰਮ ਕਰਨ ਦੀ ਲੋੜ 'ਤੇ ਬੜੇ ਵੱਡੇ-ਵੱਡੇ ਭਾਸ਼ਣ ਦਿੰਦਾ ਫਿਰਦਾ ਹੈ, ਪਰ ਖੁਦ ਆਪਣਾ ਸਮਾਂ ਵਿਅਰਥ ਗੁਆ ਰਿਹਾ ਹੈ, ਵਾਰੀਆ ਨੂੰ ਟਿੱਚਰਾਂ ਕਰਕੇ ਹੀ ਖੁਸ਼ ਹੁੰਦਾ ਰਹਿੰਦਾ ਹੈ, ਜਿਹੜੀ ਉਸ ਵਰਗੇ ਵਿਹਲੜਾਂ ਦੀ ਭਲਾਈ ਲਈ ਸਾਰਾ ਦਿਨ ਭੱਜ ਨੱਠ ਕਰਦੀ ਹੈ।

ਵਰਸ਼ੀਨਿਨ* ਅਗਲੇ ਤਿੰਨ ਸੌ ਸਾਲਾਂ ਵਿੱਚ ਚੰਗੇ ਜੀਵਨ ਦੇ ਸੁਪਨੇ ਤਾਂ ਦੇਖਦਾ ਹੈ ਪਰ ਇਹ ਨਹੀਂ ਦੇਖਦਾ ਕਿ ਉਸਦੇ ਆਲ਼ੇ-ਦੁਆਲ਼ੇ ਹਰ ਇੱਕ ਚੀਜ਼ ਖੇਰੂੰ-ਖੇਰੂੰ ਹੋ ਰਹੀ ਹੈ, ਅਤੇ ਉਸਦੀਆਂ ਅੱਖਾਂ ਸਾਹਵੇਂ ਅਕੇਵੇਂ ਦਾ ਮਾਰਿਆ ਮੂਰਖ ਸੋਲਿਓਨੀ ਤਰਸਯੋਗ ਬੈਰਨ ਤੁਸੇਨਬਾਕ ਨੂੰ ਮਾਰਨ 'ਤੇ ਤੁਲਿਆ ਹੋਇਆ ਹੈ।

ਪਿਆਰ ਦੇ, ਆਪਣੀ ਮੂਰਖਤਾ ਤੇ ਆਲਸ ਦੇ, ਤੇ ਦੁਨਿਆਵੀ ਨਿਆਮਤਾਂ ਦੇ ਆਪਣੇ ਲਾਲਚ ਦੇ ਗੁਲਾਮਾਂ ਦਾ ਇੱਕ ਪੂਰਾ ਝੁੰਡ ਪਾਠਕ ਦੀਆਂ ਅੱਖਾਂ ਸਾਹਮਣਿਓਂ ਲੰਘਦਾ ਹੈ। ਇਹ ਜੀਵਨ ਦੇ ਅੰਨ੍ਹੇ ਭੈਅ ਦੇ ਗੁਲਾਮ ਹਨ, ਇਹ ਮਹਿਸੂਸ ਕਰਦਿਆਂ ਕਿ ਵਰਤਮਾਨ ਵਿੱਚ ਉਹਨਾਂ ਲਈ ਕੋਈ ਸਥਾਨ ਨਹੀਂ ਹੈ, ਇਹ ਚੌਗਿਰਦੇ ਨੂੰ ਭਵਿੱਖ ਬਾਰੇ ਨਿਰਾਰਥਕ ਬੁੜ-ਬੁੜ ਨਾਲ਼ ਭਰਦੇ ਹੋਏ ਇੱਕ ਧੁੰਦਲੇ ਜਿਹੇ ਤੌਖਲੇ ਵਿੱਚ ਚੱਲ ਰਹੇ ਹਨ...

ਕਦੇ ਕਦੇ ਇਸ ਧੌਲ਼ੀ ਭੀੜ ਵਿੱਚ ਕੋਈ ਬੰਦੂਕ ਚੱਲਣ ਦੀ ਅਵਾਜ਼ ਸੁਣਾਈ ਪੈਂਦੀ ਹੈ—ਇਹ ਇਵਾਨੋਵ ਜਾਂ ਤਰੇਪਲੇਵ ਹੈ, ਜਿਸਨੇ ਅਚਾਨਕ ਹੀ ਆਪਣੇ ਕਰਨ ਵਾਲ਼ਾ ਇਕਲੌਤਾ ਕੰਮ ਲੱਭ ਲਿਆ ਤੇ ਪ੍ਰਾਣ ਤਿਆਗ ਦਿੱਤੇ।

ਇਹਨਾਂ ਵਿੱਚੋਂ ਜ਼ਿਆਦਾਤਰ ਲੋਕ ਅਗਲੇ ਦੋ ਸੌ ਸਾਲਾਂ ਵਿੱਚ ਆਉਣ ਵਾਲ਼ੇ ਖੁਸ਼ਹਾਲ ਜੀਵਨ ਦੇ ਖੂਬਸੂਰਤ ਸੁਪਨਿਆਂ ਵਿੱਚ ਹੀ ਗੁਆਚੇ ਰਹਿੰਦੇ ਹਨ, ਅਤੇ ਕਿਸੇ ਨੂੰ ਇਹ ਸਧਾਰਨ ਜਿਹਾ ਸਵਾਲ ਪੁੱਛਣ ਦੀ ਵੀ ਨਹੀਂ ਔੜਦੀ: "ਜੇ ਆਪਾਂ ਕੁਝ ਕਰਨ ਦੀ ਬਜਾਏ ਸੁਪਨੇ ਹੀ ਲੈਂਦੇ ਰਹਾਂਗੇ, ਤਾਂ ਇਸਨੂੰ ਖੁਸ਼ਹਾਲ ਬਣਾਏਗਾ ਕੌਣ ?"

ਅਤੇ ਹੁਣ ਇਸ ਮੂੜ੍ਹਮੱਤ ਤੇ ਨੀਰਸ ਨਿਪੁੰਸਕ ਜੀਵਾਂ ਦੀ ਭੀੜ ਕੋਲੋਂ ਇਕ ਮਹਾਨ ਤੇ

---

* ਚੈਖ਼ਵ ਦੇ "ਤਿੰਨ ਭੈਣਾਂ" ਨਾਟਕ ਦਾ ਪਾਤਰ —ਅਨੁ.

ਸਿਆਣਾ ਬੰਦਾ ਲੰਘਦਾ ਹੈ। ਆਪਣੇ ਦੇਸ਼ ਦੇ ਇਹਨਾਂ ਨੀਰਸ ਵਸਨੀਕਾਂ ਨੂੰ ਬੜੇ ਗਹੁ ਨਾਲ਼ ਵੇਖਦਾ ਹੋਇਆ, ਉਦਾਸ ਮੁਸਕਰਾਹਟ ਬਿਖੇਰਦਾ ਹੋਇਆ, ਨਰਮਾਈ ਨਾਲ਼ ਪਰ ਤਿੱਖੀ ਝਾੜ ਪਾਉਂਦਾ ਹੈ। ਇਸ ਵੇਲ਼ੇ ਉਸਦੇ ਚਿਹਰੇ ’ਤੇ ਅਤੇ ਦਿਲ ਵਿੱਚ ਨਿਰਾਸ਼ਾ ਭਰਿਆ ਦੁੱਖ ਹੁੰਦਾ ਹੈ ਤੇ ਉਸਦੀ ਅਵਾਜ਼ ਵਿੱਚ ਪੂਰਨ ਸੁਹਿਰਦਤਾ:

“ਕਿਹੋ ਜਿਹੀ ਰੁੱਖੀ ਜ਼ਿੰਦਗੀ ਜੀਅ ਰਹੇ ਹੋ ਤੁਸੀਂ, ਭਲੇ ਲੋਕੋ!”

ਪੰਜ ਦਿਨਾਂ ਦਾ ਬੁਖਾਰ ਪਰ ਆਰਾਮ ਕਰਨ ਦੀ ਕੋਈ ਇੱਛਾ ਨਹੀਂ। ਫਿਨਲੈਂਡ ਦੀ ਘਸਮੈਲ਼ੀ ਬਾਰਿਸ਼ ਨੇ ਧਰਤੀ ’ਤੇ ਸਿੱਲੀ ਜਿਹੀ ਧੂੜ ਦੀ ਇੱਕ ਤਹਿ ਵਿਛਾ ਦਿੱਤੀ ਹੈ। ‘ਇਨੋ’ ਕਿਲ੍ਹੇ ਦੀਆਂ ਬੰਦੂਕਾਂ ਨਿਰੰਤਰ ਗੂੰਜ ਰਹੀਆਂ ਹਨ। ਰਾਤ ਦੇ ਸਮੇਂ ਸਰਚ-ਲਾਈਟ ਦੀ ਇੱਕ ਲੰਮੀ ਜੀਭ ਬੱਦਲਾਂ ਨੂੰ ਚੱਟ ਰਹੀ ਹੈ। ਇਹ ਘ੍ਰਿਣਤ ਦ੍ਰਿਸ਼, ਦੁਸ਼ਟ ਬਿਮਾਰੀ—ਜੰਗ—ਦਾ ਲਗਾਤਾਰ ਚੇਤਾ ਕਰਵਾ ਰਿਹਾ ਹੈ।

ਮੈਂ ਚੈਖ਼ਵ ਦੀਆਂ ਰਚਨਾਵਾਂ ਪੜ੍ਹ ਰਿਹਾ ਹਾਂ। ਜੇ ਉਹ ਦਸ ਸਾਲ ਪਹਿਲਾਂ ਨਾ ਮਰਦਾ ਤਾਂ ਸ਼ਾਇਦ ਜੰਗ ਨੇ ਉਸਨੂੰ ਮਾਰ ਦੇਣਾ ਸੀ, ਮਨੁੱਖ ਪ੍ਰਤੀ ਨਫ਼ਰਤ ਦੇ ਜ਼ਹਿਰ ਨਾਲ਼। ਮੈਨੂੰ ਉਸਦੇ ਸਸਕਾਰ ਦਾ ਚੇਤਾ ਆਉਂਦਾ ਹੈ।

ਮਾਸਕੋ ਦੇ ਇਸ “ਏਨੇ ਪਿਆਰੇ” ਲੇਖਕ ਦਾ ਤਾਬੂਤ ਇੱਕ ਹਰੀ ਗੱਡੀ ਵਿੱਚ ਲਿਆਇਆ ਗਿਆ, ਜਿਸਦੇ ਦਰਵਾਜ਼ੇ ’ਤੇ ਵੱਡੇ-ਵੱਡੇ ਅੱਖਰਾਂ ਨਾਲ਼ “ਸਿੱਪ-ਕੀੜੇ (Oysters)” ਖੁਣਿਆ ਹੋਇਆ ਸੀ। ਲੇਖਕ ਦੀ ਮਿਤ੍ਰਕ-ਦੇਹ ਲੈਣ ਆਈ ਛੋਟੀ ਜਿਹੀ ਭੀੜ ਦਾ ਇੱਕ ਹਿੱਸਾ ਜਨਰਲ ਕੇਲੇਰ ਦੀ ਅਰਥੀ ਪਿੱਛੇ, ਜਿਹੜੀ ਹੁਣੇ ਹੁਣੇ ਮਨਚੂਰੀਆ ਤੋਂ ਆਈ ਸੀ, ਹੋ ਤੁਰਿਆ, ਅਤੇ ਹੈਰਾਨ ਹੋ ਰਿਹਾ ਸੀ ਕਿ ਚੈਖ਼ਵ ਦੀ ਅਰਥੀ ਨੂੰ ਫ਼ੌਜੀ ਬੈਂਡ-ਵਾਜਿਆਂ ਨਾਲ਼ ਕਿਉਂ ਲਿਜਾਇਆ ਜਾ ਰਿਹਾ ਹੈ। ਜਦੋਂ ਇਸ ਗਲਤੀ ਦਾ ਪਤਾ ਲੱਗਿਆ ਤਾਂ ਕੁਝ ਸੱਜਣ ਹੱਸਣ ਅਤੇ ਦੰਦੀਆਂ ਕੱਢਣ ਲੱਗ ਪਏ। ਚੈਖ਼ਵ ਦੀ ਅਰਥੀ ਪਿੱਛੇ ਸੌ ਕੁ ਬੰਦੇ ਹੀ ਸਨ, ਜ਼ਿਆਦਾ ਨਹੀਂ। ਦੋ ਵਕੀਲ ਹਾਲੇ ਵੀ ਮੈਨੂੰ ਯਾਦ ਹਨ, ਦੋਹਾਂ ਨੇ ਲਾੜਿਆਂ ਵਾਂਗ ਨਵੇਂ ਬੂਟ ਤੇ ਸ਼ੋਖ ਰੰਗ ਦੀਆਂ ਟਾਈਆਂ ਲਾਈਆਂ ਹੋਈਆਂ ਸਨ। ਉਹਨਾਂ ਦੇ ਪਿੱਛੇ ਪਿੱਛੇ ਤੁਰਦਿਆਂ ਮੈਂ ਇੱਕ ਨੂੰ, ਵ.ਅ. ਮਕਲਾਕੋਵ ਨੂੰ, ਕੁੱਤਿਆਂ ਦੀ ਚਲਾਕੀ ਬਾਰੇ ਗੱਲਾਂ ਕਰਦਿਆਂ ਸੁਣਿਆ, ਅਤੇ ਦੂਜਾ, ਜਿਸਨੂੰ ਮੈਂ ਜਾਣਦਾ ਨਹੀਂ ਸਾਂ, ਆਪਣੇ ਗਰਮੀਆਂ ਦੇ ਘਰ ਦੀ ਸੁਵਿਧਾ ਬਾਰੇ ਅਤੇ ਇਸਦੇ ਖ਼ੂਬਸੂਰਤ ਚੌਗਿਰਦੇ ਬਾਰੇ ਫੜ੍ਹਾਂ ਮਾਰ ਰਿਹਾ ਸੀ। ਅਤੇ ਜ਼ਾਮਨੀ ਰੰਗ ਦੀ ਪੁਸ਼ਾਕ ਵਾਲ਼ੀ ਇੱਕ ਔਰਤ ਜਿਸਨੇ ਲੇਸਦਾਰ ਛੱਤਰੀ ਤਾਣੀ ਹੋਈ ਸੀ, ਸਿੰਗ ਦੀ ਕਮਾਨੀ ਵਾਲ਼ੀ ਐਨਕ ਵਾਲ਼ੇ ਬਜ਼ੁਰਗ ਨੂੰ ਯਕੀਨ ਦਿਲਾ ਰਹੀ ਸੀ:

“ਹਾਏ, ਕਿੰਨਾ ਪਿਆਰਾ ਸੀ, ਤੇ ਕਿੰਨਾ ਹਾਜ਼ਰ-ਜਵਾਬ ਵੀ...”

ਬੁੱਢਾ ਆਦਮੀ ਸੰਦੇਹਪੂਰਵਕ ਖੰਘਿਆ। ਇਹ ਗਰਮ ਤੇ ਧੂੜ ਭਰਿਆ ਦਿਨ ਸੀ। ਜਲੂਸ ਦੀ ਅਗਵਾਈ ਇੱਕ ਜਾਨਦਾਰ ਘੋੜੇ ’ਤੇ ਸਵਾਰ ਹੱਟਾ-ਕੱਟਾ ਪੁਲਿਸ ਅਫ਼ਸਰ ਕਰ ਰਿਹਾ ਸੀ। ਇਹ ਸਾਰਾ ਕੁਝ ਅਤੇ ਹੋਰ ਵੀ ਬਹੁਤ ਕੁਝ ਘ੍ਰਿਣਤ ਭਰੇ ਢੰਗ ਨਾਲ਼ ਲੱਚਰ ਸੀ

ਅਤੇ ਇਸ ਮਹਾਨ ਅਤੇ ਸੂਖਮ ਕਲਾਕਾਰ ਦੀ ਯਾਦ ਵਿੱਚ ਬਿਲਕੁਲ ਹੀ ਬੇਢਬਾ ਜਾਪਦਾ ਸੀ।

ਬੁੱਢੇ ਅ. ਸ. ਸੁਵੋਰਿਨ ਨੂੰ ਇੱਕ ਚਿੱਠੀ ਵਿੱਚ ਚੈਖ਼ਵ ਨੇ ਲਿਖਿਆ ਸੀ:

"ਜੀਵਨ ਦੀਆਂ ਖੁਸ਼ੀਆਂ ਤਬਾਹ ਕਰਦੇ ਹੋਏ ਅਤੇ ਬੇਦਿਲੀ ਜਿਹੀ ਪੈਦਾ ਕਰਦਿਆਂ, ਹੋਂਦ ਬਣਾਈ ਰੱਖਣ ਦੇ ਰੁੱਖੇ ਜਿਹੇ ਸੰਘਰਸ਼ ਨਾਲ਼ੋਂ ਜ਼ਿਆਦਾ ਨੀਰਸ ਅਤੇ ਅਕਾਵਿਆਤਮਕ ਹੋਰ ਕੀ ਹੋ ਸਕਦਾ ਹੈ।"

ਇਹ ਸ਼ਬਦ ਕੱਟੜ ਰੂਸੀ ਰੌਂਅ ਦਾ ਪ੍ਰਗਟਾਵਾ ਕਰਦੇ ਹਨ, ਤੇ ਮੇਰੇ ਖਿਆਲ ਵਿੱਚ ਇਹ ਚੈਖ਼ਵ ਦੇ ਤਾਂ ਉੱਕਾ ਹੀ ਨਹੀਂ ਲੱਗਦੇ। ਰੂਸ ਵਿੱਚ, ਜਿੱਥੇ ਹਰ ਇੱਕ ਚੀਜ਼ ਦੀ ਭਰਮਾਰ ਹੈ, ਪਰ ਜਿੱਥੇ ਲੋਕ ਆਪਣੇ ਕੰਮ ਨੂੰ ਪਿਆਰ ਨਹੀਂ ਕਰਦੇ, ਜ਼ਿਆਦਾਤਰ ਲੋਕ ਇਸੇ ਤਰ੍ਹਾਂ ਸੋਚਦੇ ਹਨ। ਰੂਸੀ ਲੋਕ ਊਰਜਾ ਦੀ ਪ੍ਰਸ਼ੰਸਾ ਤਾਂ ਕਰਦੇ ਹਨ, ਪਰ ਇਸ ਵਿੱਚ ਵਿਸ਼ਵਾਸ ਨਹੀਂ ਕਰਦੇ। ਜਿਹੜਾ ਲੇਖਕ ਸਰਗਰਮ ਰੌਂਅ ਦੀ ਤਰਜਮਾਨੀ ਕਰਦਾ ਹੋਵੇ, ਜਿਵੇਂ ਕਿ ਜੈਕ ਲੰਡਨ, ਉਸਦਾ ਰੂਸ ਵਿੱਚ ਹੋਣਾ ਅਸੰਭਵ ਹੈ। ਜੈਕ ਲੰਡਨ ਦੀਆਂ ਕਿਤਾਬਾਂ ਰੂਸ ਵਿੱਚ ਬਹੁਤ ਮਕਬੂਲ ਹਨ, ਪਰ ਇਹ ਗੱਲ ਮੇਰੇ ਦੇਖਣ ਵਿੱਚ ਨਹੀਂ ਆਈ ਕਿ ਇਹ ਰੂਸੀਆਂ ਦੀ ਕੁਝ ਕਰਨ ਦੀ ਇੱਛਾ ਨੂੰ ਉਕਸਾਉਂਦੀਆਂ ਹੋਣਗੀਆਂ, ਇਹ ਬਸ ਉਹਨਾਂ ਦੀ ਕਲਪਨਾ ਨੂੰ ਜ਼ਰਾ ਕੁ ਝੰਜੋੜਦੀਆਂ ਹਨ।* ਪਰ ਇਹਨਾਂ ਅਰਥਾਂ ਵਿੱਚ ਚੈਖ਼ਵ ਬਿਲਕੁਲ ਵੀ ਰੂਸੀ ਨਹੀਂ ਸੀ। ਆਪਣੀ ਜਵਾਨੀ ਦੇ ਮੁੱਢਲੇ ਦਿਨਾਂ ਤੋਂ ਹੀ ਉਸਨੂੰ ਰੋਟੀ ਦਾ ਇੱਕ ਟੁਕੜਾ ਕਮਾਉਣ ਦੀ ਨਿੱਤ-ਦਿਹਾੜੀ ਦੀ ਤੁੱਛ ਭੱਜ-ਨੱਠ ਦੇ ਆਨੰਦ-ਰਹਿਤ ਤੇ ਬੇਰੰਗੇ ਰੂਪ ਵਿੱਚ "ਹੋਂਦ ਬਣਾਈ ਰੱਖਣ ਦਾ ਸੰਘਰਸ਼" ਲੜਨਾ ਪਿਆ। ਤੇ ਟੁਕੜਾ ਵੀ ਵੱਡਾ ਚਾਹੀਦਾ ਸੀ, ਜਿਹੜਾ ਉਸਦੇ ਨਾਲ਼ ਨਾਲ਼ ਹੋਰਨਾਂ ਦਾ ਵੀ ਕੰਮ ਸਾਰ ਸਕਦਾ। ਖੁਸ਼ੀ ਤੋਂ ਵਾਂਝੇ ਇਸ ਸਖ਼ਸ਼ ਨੇ ਆਪਣੀ ਜਵਾਨੀ ਦੀ ਪੂਰੀ ਊਰਜਾ ਇਹਨਾਂ ਹੀ ਗੱਲਾਂ ਦੇ ਲੇਖੇ ਲਾ ਦਿੱਤੀ, ਤੇ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਉਸਨੇ ਆਪਣਾ ਹਾਸ-ਰਸ ਕਿਵੇਂ ਕਾਇਮ ਰੱਖਿਆ। ਉਸਨੇ ਜੀਵਨ ਨੂੰ ਰੋਟੀ,

---

* ਮਗਰੋਂ, 1931 ਵਿੱਚ, ਗੋਰਕੀ ਨੇ ਲਿਖਿਆ: "ਅਕਤੂਬਰ ਇਨਕਲਾਬ ਤੋਂ ਪਹਿਲਾਂ ਬੁਰਜੂਆ 'ਚਿੰਤਕਾਂ' — ਸਿਆਸਤਦਾਨਾਂ, ਸਮਾਜ-ਵਿਗਿਆਨੀਆਂ ਤੇ ਪੱਤਰਕਾਰਾਂ — ਨੇ ਰੂਸੀ ਮਜ਼ਦੂਰਾਂ ਅਤੇ ਕਿਸਾਨੂੰ ਨੂੰ ਸਭ ਤੋਂ ਵੱਧ "ਅਸੱਭਿਅਕ", ਸ਼ਰਾਬੀ ਤੇ ਅਨਪੜ੍ਹ "ਲੋਕ" ਦੱਸਿਆ ਸੀ, ਉਹ ਲੋਕ ਜਿਹੜੇ ਸਬਰ ਤੇ ਝੁਕਣ ਦੀ ਅਥਾਹ ਸਮਰੱਥਾ ਰੱਖਦੇ ਸਨ... ਇਹਨਾਂ ਲਿਤਾੜੇ ਹੋਏ ਕਿਸਾਨਾਂ ਦੇ ਸਬਰ ਤੋਂ ਘ੍ਰਿਣਤ ਹੋ ਕੇ ਇਹਨਾਂ ਸਤਰਾਂ ਦਾ ਲੇਖਕ ਕਦੇ ਕਦੇ ਇਤਿਹਾਸ ਦਾ ਅਰਥ ਹੀ ਭੁਲਾ ਦਿੰਦਾ ਹੈ, ਅਤੇ ਆਪਣੇ ਹੀ ਲੋਕਾਂ ਸਬੰਧੀ ਵਤੀਰੇ ਵਿੱਚ ਫਿਰ ਬਿਲਕੁਲ ਵੀ ਦਿਆਲਤਾ ਨਹੀਂ ਵਰਤਦਾ।

"ਪਰ ਫਿਰ ਉਹ 'ਸਮਾਂ ਆਇਆ', ਜਦੋਂ ਇਤਿਹਾਸ ਨੇ ਹੁਕਮ ਦਿੱਤਾ: 'ਪੂਰੇ ਜ਼ੋਰ ਨਾਲ਼ ਅੱਗੇ ਵਧੋ' ਅਤੇ ਉਹਨਾਂ ਲੋਕਾਂ ਨੇ, ਜਿਹਨਾਂ ਨੇ ਇੱਕ ਵਾਰ ਤਾਂ ਜੀਵਨ ਪ੍ਰਤੀ ਆਪਣੇ ਉਦਾਸੀਨ ਰਵੱਈਏ ਕਾਰਨ ਤੁਹਾਨੂੰ ਗੁੱਸੇ ਨਾਲ਼ ਖੌਲਣ ਲਾ ਦਿੱਤਾ ਸੀ, ਫਿਰ ਆਪਣੇ ਆਪ ਨੂੰ ਕਿਰਤੀ-ਸੰਸਾਰ ਦੀ ਸਭ ਤੋਂ ਵੱਧ ਸਰਗਰਮ ਸ਼ਕਤੀ ਵਿੱਚ ਬਦਲ ਲਿਆ।"

ਕੱਪੜਾ ਤੇ ਮਕਾਨ ਦੀ ਅਕਾਊ ਜਿਹੀ ਤਾਂਘ ਵਜੋਂ ਹੀ ਦੇਖਿਆ। ਜੀਵਨ ਦੇ ਮਹਾਨ ਸੁਖਾਂਤ ਅਤੇ ਦੁਖਾਂਤ ਸਧਾਰਨ ਘਟਨਾਵਾਂ ਦੀ ਇੱਕ ਮੋਟੀ ਜਿਹੀ ਪਰਤ ਨੇ ਉਸਤੋਂ ਲੁਕਾ ਲਏ ਸਨ। ਜਦੋਂ ਉਸਨੂੰ ਹੋਰਾਂ ਲਈ ਰੋਟੀ ਕਮਾਉਣ ਦਾ ਏਨਾ ਫ਼ਿਕਰ ਨਾ ਰਿਹਾ, ਸਿਰਫ਼ ਉਦੋਂ ਹੀ ਉਹ ਇਹਨਾਂ ਨਾਟਕਾਂ ਦੀ ਸੱਚਾਈ ਨੂੰ ਗਹੁ ਨਾਲ਼ ਵੇਖ ਸਕਿਆ।

ਮੈਨੂੰ ਕਦੇ ਵੀ ਅਜਿਹਾ ਕੋਈ ਸਖ਼ਸ਼ ਨਹੀਂ ਮਿਲ਼ਿਆ ਜਿਹੜਾ ਸੱਭਿਆਚਾਰ ਦੇ ਆਧਾਰ ਵਜੋਂ ਕੰਮ ਦੀ ਅਹਿਮੀਅਤ ਨੂੰ ਚੈਖ਼ਵ ਜਿੰਨੀ ਡੂੰਘਾਈ ਅਤੇ ਵੰਨ-ਸੁਵੰਨਤਾ ਨਾਲ਼ ਮਹਿਸੂਸ ਕਰਦਾ ਹੋਵੇ। ਇਹ ਭਾਵਨਾ ਉਸਦੇ ਆਪਣੇ ਘਰੇਲੂ ਜੀਵਨ ਦੇ ਨਿੱਕੇ-ਮੋਟੇ ਕੰਮਾਂ ਵਿੱਚੋਂ ਦਿਖਾਈ ਪੈਂਦੀ ਸੀ, ਘਰ ਲਈ ਚੀਜ਼ਾਂ ਦੀ ਚੋਣ ਕਰਨ ਵਿੱਚੋਂ, ਉਹਨਾਂ ਚੀਜ਼ਾਂ ਲਈ ਪਿਆਰ ਵਿੱਚੋਂ, ਅਤੇ ਖਾਸ ਕਰ ਉਦੋਂ ਜਦੋਂ ਇਹਨਾਂ ਨੂੰ ਇਕੱਠੀਆਂ ਕਰਨ ਦੀ ਪਾਕ ਇੱਛਾ ਦੇ ਨਾਲ਼ ਨਾਲ਼ ਉਹ ਮਨੁੱਖ ਦੇ ਰਚਨਾਤਮਕ ਜੋਸ਼ ਦੀਆਂ ਉਪਜਾਂ ਵਜੋਂ ਇਹਨਾਂ ਦੀਆਂ ਸਿਫ਼ਤਾਂ ਕਰਦਾ ਨਹੀਂ ਸੀ ਥੱਕਦਾ। ਉਸਨੂੰ ਇਮਾਰਤਸਾਜ਼ੀ, ਬਾਗਬਾਨੀ, ਅਤੇ ਭੋਂ ਸਜਾਉਣੀ ਬਹੁਤ ਪਸੰਦ ਸੀ, ਇਸ ਵਿੱਚ ਉਹ ਕੰਮ ਦੀ ਕਵਿਤਾ ਨੂੰ ਮਹਿਸੂਸ ਕਰਦਾ ਸੀ। ਆਪਣੇ ਹੱਥੀਂ ਲਗਾਏ ਫ਼ਲਦਾਰ ਰੁੱਖ-ਬੂਟਿਆਂ ਦੇ ਵਾਧੇ ਨੂੰ ਉਹ ਕਿੰਨੀ ਭਾਵੁਕ ਫ਼ਿਕਰ ਨਾਲ਼ ਦੇਖਦਾ ਸੀ। ਆਊਤਕੋ ਵਿਖੇ ਆਪਣੇ ਮਕਾਨ ਦੇ ਨਿਰਮਾਣ ਨਾਲ਼ ਸਬੰਧਤ ਅਨੇਕਾਂ ਜ਼ਿੰਮੇਵਾਰੀਆਂ ਦੌਰਾਨ ਉਸਨੇ ਕਿਹਾ:

"ਜੇ ਸੰਸਾਰ ਦਾ ਹਰ ਇੱਕ ਇਨਸਾਨ ਆਪਣੇ ਹਿੱਸੇ ਦੀ ਭੋਂ ਉੱਤੇ ਉਹ ਸਭ ਕੁਝ ਕਰਦਾ, ਜੋ ਕੁਝ ਕਰਨ ਦੇ ਉਹ ਕਾਬਿਲ ਹੈ। ਤਾਂ ਇਹ ਦੁਨੀਆਂ ਕਿੰਨੀ ਸੋਹਣੀ ਹੋਣੀ ਸੀ!"

ਉਹਨੀਂ ਦਿਨੀਂ ਮੈਂ ਆਪਣਾ ਨਾਟਕ 'ਵਾਸਿਲੀ ਬੁਸਲਾਯੇਵ' ਲਿਖਣ ਵਿੱਚ ਰੁੱਝਿਆ ਹੋਇਆ ਸਾਂ ਅਤੇ ਮੈਂ ਉਸਨੂੰ ਵਾਸਿਲੀ ਦਾ ਇਹ ਸ਼ੇਖੀ ਭਰਿਆ ਸਵੈਗਤ ਕਥਨ (monologue) ਪੜ ਕੇ ਸੁਣਾਇਆ:

ਕਾਸ਼ ਮੇਰੇ ਵਿੱਚ ਥੋੜੀ, ਜੇ ਹੁੰਦੀ ਤਾਕਤ ਹੋਰ!
ਗਰਮ ਸਾਹਾਂ ਨਾਲ ਧਰਤ ਦੀ ਸਾਰੀ, ਬਰਫ਼ ਮੈਂ ਦਿੰਦਾ ਖ਼ੋਰ।
ਦੁਨੀਆਂ ਭਰ ਦੇ ਖੇਤ ਮੈਂ ਵਾਹੁੰਦਾ,
ਆਲੀਸ਼ਾਨ ਸ਼ਹਿਰ ਤੇ ਕਸਬੇ, ਲੱਭਦਾ, ਫਿਰਦਾ ਗਾਹੁੰਦਾ,
ਗਿਰਜੇ ਫੇਰ ਉਸਾਰਦਾ, ਤੇ ਉੱਚੇ ਬਾਗ ਲਗਾਉਂਦਾ।
ਦੁਨੀਆਂ ਫਿਰ ਇੱਕ ਪਿਆਰੀ ਜਿਹੀ, ਮੁਟਿਆਰ ਵਾਂਗਰਾਂ ਲੱਗਦੀ।
ਬਾਹਾਂ ਵਿੱਚ ਭਰ ਲੈਂਦਾ ਇਸਨੂੰ, ਦੁਲਹਨ ਵਾਂਗੂੰ ਫੱਬਦੀ!
ਧਰਤੀ ਨੂੰ ਫਿਰ ਘੁੱਟ ਕੇ ਆਪਣੀ, ਹਿੱਕ ਦੇ ਨਾਲ਼ ਲਗਾਉਂਦਾ,
ਇਸਨੂੰ ਉੱਪਰ ਚੁੱਕਦਾ, ਤੇ ਰੱਬ ਦੇ ਤਾਈਂ ਦਿਖਾਉਂਦਾ।
ਦੇਖ, ਮੇਰਿਆ ਰੱਬਾ, ਹੇਠਾਂ, ਦੇਖ ਤੂੰ ਇਸਦੀ ਹੋਣੀ,
ਧਰਤੀ ਦੇਖ ਮੈਂ ਤੇਰੀ, ਕਰ ਦਿੱਤੀ ਕਿੰਨੀ ਸੋਹਣੀ !

ਸੁੱਟਿਆ ਹੇਠਾਂ ਜੰਨਤੋਂ, ਤੂੰ ਸਮਝ ਕੇ ਇਸਨੂੰ ਰੋੜਾ,
ਦੇਖ ਬਣਾ ਧਰਿਆ ਮੈਂ ਇਸਨੂੰ, ਕਿੰਜ ਸੋਨੇ ਦਾ ਗੋਹੜਾ!
ਦੇਖ ਲੈ ਇਸਨੂੰ ਜੀਅ ਭਰ ਕੇ, ਤੇ ਦਿਲ ਨੂੰ ਲੈ ਪ੍ਰਚਾਅ,
ਸੂਰਜ ਦੀ ਪੀਲ਼ੀ ਧੁੱਪ 'ਚ ਕਿੱਦਾਂ, ਹਰੀ ਮਾਰਦੀ ਭਾਹ!
ਨਾਲ਼ ਖੁਸ਼ੀ ਦੇ ਇਹ ਵੀ ਉਂਝ ਤਾਂ, ਦਿੰਦਾ ਸੌਂਪ ਮੈਂ ਤੈਨੂੰ,
ਪਰ ਕੀ ਕਰਾਂ, ਨਹੀਂ ਦੇ ਸਕਦਾ, ਹੈ ਪਿਆਰੀ ਬਹੁਤ ਹੀ ਮੈਨੂੰ!

ਚੈਖ਼ਵ ਨੂੰ ਇਹ ਬੜਾ ਪਸੰਦ ਆਇਆ, ਬੁਰੀ ਤਰ੍ਹਾਂ ਖੰਘਦਿਆਂ ਉਸਨੇ ਮੈਨੂੰ ਅਤੇ ਡਾ. ਅ. ਨ. ਅਲੇਕਸਿਨ ਨੂੰ ਕਿਹਾ:

"ਖੂਬ... ਬਹੁਤ ਅੱਛਾ... ਬਿਲਕੁਲ ਅਸਲੀ, ਮਨੁੱਖੀ। ਇੱਥੇ ਹੀ "ਸਾਰੀਆਂ ਫਿਲਾਸਫੀਆਂ ਦੇ ਅਰਥ" ਪਏ ਹਨ। ਮਨੁੱਖ ਨੇ ਇਹ ਦੁਨੀਆ ਵਸਾਈ ਹੈ, ਉਹ ਇਸ ਨੂੰ ਆਪਣੇ ਰਹਿਣ ਲਈ ਇੱਕ ਵਧੀਆ ਥਾਂ ਬਣਾਵੇਗਾ।" ਇੱਕ ਨਿਸ਼ਚੇ ਨਾਲ਼ ਆਪਣਾ ਸਿਰ ਹਿਲਾਉਂਦਿਆਂ ਉਸਨੇ ਦੁਹਰਾਇਆ: "ਉਹ ਬਣਾਵੇਗਾ!"

ਉਸਨੇ ਮੈਨੂੰ ਵਾਸਿਲੀ ਦਾ ਸਵੈਗਤ ਕਥਨ ਦੁਬਾਰਾ ਪੜ੍ਹਨ ਲਈ ਕਿਹਾ, ਅਤੇ ਖਿੜਕੀ 'ਚੋਂ ਬਾਹਰ ਦੇਖਦਿਆਂ ਧਿਆਨ ਨਾਲ਼ ਸੁਣਿਆ:

"ਆਖਰੀ ਦੋ ਸਤਰਾਂ ਨਹੀਂ ਚੱਲਣੀਆਂ। ਇਹਨਾਂ ਵਿੱਚ ਅਵੱਗਿਆ ਹੈ। ਵਾਧੂ ਹਨ।"

ਆਪਣੇ ਸਾਹਿਤਕ ਕੰਮਾਂ ਬਾਰੇ ਉਹ ਬਹੁਤ ਹੀ ਘੱਟ ਤੇ ਝਿਜਕਦੇ ਹੋਏ ਗੱਲ ਕਰਦਾ ਸੀ। ਇਹ ਗੱਲ ਮੈਂ ਲੱਗਭਗ ਉਸੇ ਤਰ੍ਹਾਂ ਕੁਆਰੇ ਸੰਜਮ ਨਾਲ਼ ਕਹੀ ਹੈ ਜਿਸ ਤਰ੍ਹਾਂ ਉਹ ਲਿਓ ਤਾਲਸਤਾਏ ਬਾਰੇ ਕਿਹਾ ਕਰਦਾ ਸੀ। ਬਹੁਤ ਹੀ ਘੱਟ ਮੌਕਿਆਂ 'ਤੇ, ਜਦੋਂ ਉਹ ਲਹਿਰ ਵਿੱਚ ਹੁੰਦਾ, ਤਾਂ ਕਿਸੇ ਕਹਾਣੀ ਦੇ ਪਲਾਟ ਬਾਰੇ ਦੱਸਦਾ—ਗੁਟਕ ਗੁਟਕ ਕੇ। ਇਹ ਹਮੇਸ਼ਾ ਕੋਈ ਹਾਸਰਸੀ ਕਹਾਣੀ ਹੁੰਦੀ।

"ਮੇਰੇ ਕਹਿਣ ਦਾ ਮਤਲਬ ਹੈ ਕਿ ਮੈਂ ਇੱਕ ਸਕੂਲ ਅਧਿਆਪਕਾ 'ਤੇ ਕਹਾਣੀ ਲਿਖਣ ਲੱਗਿਆ ਹਾਂ। ਨਾਸਤਿਕ ਹੈ, ਡਾਰਵਿਨ ਦੀ ਭਗਤਣੀ ਹੈ। ਲੋਕਾਂ ਦੇ ਅੰਧਵਿਸ਼ਵਾਸਾਂ ਤੇ ਤੁਅੱਸਬਾਂ ਨਾਲ਼ ਲੜਨ ਦੀ ਲੋੜ ਬਾਰੇ ਮੰਨਦੀ ਹੈ, ਅਤੇ ਖੁਦ ਅੱਧੀ ਰਾਤੀਂ ਗੁਸਲਖਾਨੇ ਵਿੱਚ ਜਾ ਕੇ ਮੰਨਤਾਂ ਪੂਰੀਆਂ ਕਰਨ ਵਾਲ਼ੀ ਹੱਡੀ ਹਾਸਿਲ ਕਰਨ ਲਈ ਬਿੱਲੀ ਨੂੰ ਭੁੰਨਣ ਲੱਗ ਪੈਂਦੀ ਹੈ—ਕਿਸੇ ਬੰਦੇ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਲਈ ਤੇ ਉਸਦਾ ਪਿਆਰ ਹਾਸਿਲ ਕਰਨ ਲਈ। ਅਜਿਹੀ ਵੀ ਇੱਕ ਹੱਡੀ ਹੁੰਦੀ ਹੈ, ਪਤਾ ਤੈਨੂੰ..."

ਉਹ ਹਮੇਸ਼ਾ ਆਪਣੇ ਨਾਟਕਾਂ ਨੂੰ "ਮਨੋਰੰਜਕ" ਦੱਸਦਾ ਸੀ, ਅਤੇ ਸੱਚਮੁੱਚ ਹੀ ਉਸਨੂੰ ਇਸ ਗੱਲ ਦਾ ਯਕੀਨ ਹੋ ਗਿਆ ਜਾਪਦਾ ਸੀ ਕਿ ਉਹ "ਮਨੋਰੰਜਕ ਨਾਟਕ" ਲਿਖਦਾ ਸੀ। ਨਿਰਸੰਦੇਹ ਸਾਵਾ ਮੋਰੋਜ਼ੋਵ ਚੈਖ਼ਵ ਦੇ ਹੀ ਸ਼ਬਦਾਂ ਨੂੰ ਦੁਹਰਾ ਰਿਹਾ ਸੀ ਜਦੋਂ ਉਸਨੇ ਦ੍ਰਿੜਤਾ ਨਾਲ਼ ਕਿਹਾ ਸੀ: "ਚੈਖ਼ਵ ਦੇ ਨਾਟਕ ਲਾਜ਼ਮੀ ਤੌਰ 'ਤੇ ਸਰੋਦੀ ਸੁਖਾਂਤ (lyrical com-

edies) ਵਜੋਂ ਹੀ ਤਿਆਰ ਕੀਤੇ ਜਾਣੇ ਚਾਹੀਦੇ ਹਨ।"

ਪਰ ਆਮ ਤੌਰ 'ਤੇ ਉਹ ਸਾਹਿਤ ਨੂੰ ਹਮੇਸ਼ਾ ਵੱਧ ਤੋਂ ਵੱਧ ਤਵੱਜੋ ਦਿੰਦਾ ਸੀ, "ਨਵੇਂ ਲੇਖਕਾਂ" ਦੇ ਮਾਮਲੇ ਵਿੱਚ ਤਾਂ ਖਾਸ ਕਰਕੇ ਜਜ਼ਬਾਤੀ ਸੀ। ਉਹ ਬ. ਲਾਜ਼ਾਰੇਵਸਕੀ, ਨ. ਓਲੀਗਰ ਅਤੇ ਹੋਰ ਕਈਆਂ ਦੇ ਲੰਮੇ ਲੰਮੇ ਖਰੜੇ ਸਲਾਹੁਣਯੋਗ ਸਬਰ ਨਾਲ਼ ਪੜ੍ਹਦਾ ਸੀ।

"ਸਾਨੂੰ ਹੋਰ ਲੇਖਕਾਂ ਦੀ ਲੋੜ ਹੈ," ਉਹ ਕਹਿੰਦਾ। "ਸਾਹਿਤ ਅਜੇ ਵੀ ਸਾਡੀ ਰੋਜ਼ਾਨਾ ਜ਼ਿੰਦਗੀ ਵਿੱਚ ਨਵੀਂ ਚੀਜ਼ ਹੀ ਹੈ, 'ਚੋਣਵੇਂ ਲੋਕਾਂ' ਲਈ ਵੀ। ਨਾਰਵੇ ਵਿੱਚ ਦੋ ਸੌ ਛੱਬੀ ਲੋਕਾਂ ਪਿੱਛੇ ਇੱਕ ਲੇਖਕ ਹੈ, ਅਤੇ ਇੱਥੇ ਸਾਡੇ ਕੋਲ ਦਸ ਲੱਖ ਲੋਕਾਂ ਪਿੱਛੇ ਇੱਕ ਹੈ।"

ਉਸਦਾ ਰੋਗ ਕਦੇ ਕਦੇ ਉਸ ਵਿੱਚ ਰੋਗ-ਭਰਮ ਜਾਂ ਸਗੋਂ ਮਨੁੱਖ-ਦੋਖੀਪੁਣਾ ਵੀ ਪੈਦਾ ਕਰ ਦਿੰਦਾ। ਅਜਿਹੇ ਸਮਿਆਂ 'ਤੇ ਉਹ ਕੁਝ ਜ਼ਿਆਦਾ ਹੀ ਗੰਭੀਰ ਹੋ ਜਾਂਦਾ, ਅਤੇ ਉਸ ਨਾਲ਼ ਨਿਭਾਉਣਾ ਔਖਾ ਹੋ ਜਾਂਦਾ।

ਇੱਕ ਦਿਨ, ਉਹ ਸੋਫੇ 'ਤੇ ਲੇਟਿਆ ਹੋਇਆ ਸੀ, ਖੰਘਦੇ ਹੋਏ ਤੇ ਥਰਮਾਮੀਟਰ ਨਾਲ਼ ਖੇਡਦਿਆਂ ਉਸਨੇ ਕਿਹਾ:

"ਕੇਵਲ ਮਰਨ ਲਈ ਹੀ ਜਿਉਣ ਵਿੱਚ ਕੋਈ ਮਜ਼ਾ ਨਹੀਂ ਹੈ, ਪਰ ਇਹ ਗੱਲ ਜਾਣਦੇ ਹੋਏ ਕਿ ਤੁਸੀਂ ਆਪਣੇ ਸਮੇਂ ਤੋਂ ਪਹਿਲਾਂ ਹੀ ਮਰ ਜਾਓਗੇ, ਜਿਉਣਾ ਸਚਮੁੱਚ ਮੂਰਖਤਾ ਭਰਿਆ ਹੈ..."

ਇੱਕ ਹੋਰ ਮੌਕੇ 'ਤੇ, ਖੁੱਲੀ ਖਿੜਕੀ 'ਤੇ ਬੈਠਿਆਂ ਤੇ ਦੂਰ ਸਮੁੰਦਰ ਵੱਲ ਕਿਤੇ ਖਲਾਅ ਵਿੱਚ ਦੇਖਦਿਆਂ ਉਹ ਅਚਾਨਕ ਹੀ ਖਿਝ ਕੇ ਕਹਿਣ ਲੱਗਾ:

"ਸਾਨੂੰ ਚੰਗੇ ਮੌਸਮ, ਚੰਗੀ ਫਸਲ, ਵਧੀਆ ਪ੍ਰੇਮ-ਸਬੰਧ, ਅਮੀਰ ਹੋਣ ਜਾਂ ਪੁਲਿਸ ਮੁਖੀ ਬਣਨ ਦੀਆਂ ਉਮੀਦਾਂ 'ਤੇ ਜਿਉਣ ਦੀ ਆਦਤ ਪੈ ਚੁੱਕੀ ਹੈ, ਪਰ ਮੈਂ ਕਦੇ ਵੀ ਕਿਸੇ ਨੂੰ ਅਕਲਮੰਦ ਬਣਨ ਦੀ ਉਮੀਦ ਰੱਖਦਿਆਂ ਨਹੀਂ ਵੇਖਿਆ। ਅਸੀਂ ਖੁਦ ਨੂੰ ਕਹਿੰਦੇ ਹਾਂ: ਨਵੇਂ ਜ਼ਾਰ ਥੱਲੇ ਚੰਗੇ ਰਹਾਂਗੇ, ਅਤੇ ਅਗਲੇ ਦੋ ਸੌ ਸਾਲਾਂ ਵਿੱਚ ਸਮਾਂ ਹੋਰ ਵੀ ਵਧੀਆ ਹੋ ਜਾਵੇਗਾ, ਪਰ ਕੋਈ ਵੀ ਇਸ ਵਧੀਆ ਸਮੇਂ ਨੂੰ ਕੱਲ ਹੀ ਲਿਆਉਣ ਬਾਰੇ ਨਹੀਂ ਸੋਚਦਾ। ਕੁੱਲ ਮਿਲ਼ਾ ਕੇ, ਜ਼ਿੰਦਗੀ ਦਿਨੋ-ਦਿਨ ਵਧੇਰੇ ਗੁੰਝਲਦਾਰ ਬਣਦੀ ਜਾ ਰਹੀ ਹੈ ਅਤੇ ਆਪਣੀ ਹੀ ਢਿੱਲੜ ਇੱਛਾ ਮੁਤਾਬਿਕ ਚੱਲ ਰਹੀ ਹੈ। ਲੋਕ ਦਿਨੋ-ਦਿਨ ਵਧੇਰੇ ਮੂਰਖ ਹੁੰਦੇ ਜਾ ਰਹੇ ਹਨ, ਰੋਜ਼ ਪਹਿਲਾਂ ਨਾਲ਼ੋਂ ਜ਼ਿਆਦਾ ਲੋਕ ਜੀਵਨ ਨਾਲ਼ੋਂ ਕੱਟਦੇ ਜਾ ਰਹੇ ਹਨ।"

ਥੋੜੀ ਦੇਰ ਚੁੱਪ ਰਹਿਣ ਤੋਂ ਬਾਅਦ ਆਪਣੇ ਮੱਥੇ 'ਤੇ ਤਿਊੜੀਆਂ ਪਾ ਕੇ ਅੱਗੇ ਬੋਲਿਆ:

"ਧਾਰਮਿਕ ਜਲੂਸ ਵਿੱਚ ਲੂਲ੍ਹੇ-ਲੰਗੜੇ ਭਿਖਾਰੀਆਂ ਵਾਂਗ।"

ਉਹ ਡਾਕਟਰ ਸੀ, ਅਤੇ ਡਾਕਟਰ ਦਾ ਰੋਗ ਮਰੀਜ਼ ਦੇ ਰੋਗ ਨਾਲ਼ੋਂ ਕਿਤੇ ਭੈੜਾ ਹੁੰਦਾ ਹੈ। ਮਰੀਜ਼ ਕੇਵਲ ਇਸਨੂੰ ਮਹਿਸੂਸ ਕਰਦਾ ਹੈ, ਪਰ ਡਾਕਟਰ ਨੂੰ ਅਹਿਸਾਸ ਦੇ ਨਾਲ਼ ਨਾਲ਼, ਆਪਣੇ ਸਰੀਰ ਵਿੱਚ ਹੋ ਰਹੇ ਰੋਗ ਦੇ ਤਬਾਹਕੁੰਨ ਅਸਰਾਂ ਬਾਰੇ ਵੀ ਚੰਗੀ ਭਲੀ ਜਾਣਕਾਰੀ ਹੁੰਦੀ ਹੈ। ਇਹ ਇੱਕ ਅਜਿਹਾ ਮਾਮਲਾ ਹੈ ਜਿੱਥੇ ਗਿਆਨ ਮੌਤ ਨੂੰ ਹੋਰ ਨੇੜੇ ਖਿੱਚ ਲਿਆਉਂਦਾ

ਹੈ।

ਜਦੋਂ ਉਹ ਹੱਸਦਾ ਤਾਂ ਉਸਦੀਆਂ ਅੱਖਾਂ ਬੜੀਆਂ ਸੋਹਣੀਆਂ ਲੱਗਦੀਆਂ—ਉਦੋਂ ਉਹਨਾਂ ਵਿੱਚ ਔਰਤਾਂ ਵਾਲ਼ੀ ਕੋਮਲਤਾ ਹੁੰਦੀ, ਨਰਮ ਅਤੇ ਨਿੱਘੀ ਜਿਹੀ। ਅਤੇ ਉਸਦਾ ਹਾਸਾ ਲਗਭਗ ਬੇਆਵਾਜ਼ ਹੀ ਹੁੰਦਾ, ਇਸ ਵਿੱਚ ਕੋਈ ਖਾਸ ਹੀ ਖਿਚ ਹੁੰਦੀ ਸੀ। ਜਦੋਂ ਉਹ ਹੱਸਦਾ ਤਾਂ ਉਹ ਪੂਰੀ ਤਰ੍ਹਾਂ ਖੁਦ ਦਾ ਆਨੰਦ ਮਾਣਦਾ। ਮੈਂ ਹੋਰ ਕਿਸੇ ਅਜਿਹੇ ਬੰਦੇ ਨੂੰ ਨਹੀਂ ਜਾਣਦਾ ਜਿਹੜਾ ਇੰਨੀ "ਰੂਹਾਨੀਅਤ" ਨਾਲ਼ ਹੱਸਦਾ ਹੋਵੇ।

ਅਸ਼ਲੀਲ ਜਿਹੀਆਂ ਕਹਾਣੀਆਂ 'ਤੇ ਉਹ ਕਦੇ ਨਹੀਂ ਸੀ ਹੱਸਿਆ।

ਆਪਣਾ ਮਨੋਹਰ ਤੇ ਹਮਦਰਦ ਹਾਸਾ ਹੱਸਦਿਆਂ ਇੱਕ ਵਾਰ ਉਸਨੇ ਮੈਨੂੰ ਕਿਹਾ:

"ਤੈਨੂੰ ਪਤੈ, ਕਿ ਤਾਲਸਤਾਏ ਤੇਰੇ ਨਾਲ਼ ਵਰਤਣ ਦੇ ਮਾਮਲੇ 'ਚ ਏਨੇ ਡਾਵਾਂ-ਡੋਲ ਕਿਉਂ ਹਨ ? ਉਹਨਾਂ ਨੂੰ ਈਰਖਾ ਹੁੰਦੀ ਹੈ। ਉਹਨਾਂ ਨੂੰ ਡਰ ਹੈ ਕਿ ਤੈਨੂੰ ਜਿੰਨਾ ਉਹ ਪਸੰਦ ਕਰਦੇ ਹਨ ਸੁਲੇਰਜ਼ਿਤਸਕੀ ਉਸਤੋਂ ਜ਼ਿਆਦਾ ਪਸੰਦ ਕਰਦਾ ਹੈ। ਉਹ ਡਰਦੇ ਹਨ, ਸੱਚੀਂ! ਉਹ ਕੱਲ ਮੈਨੂੰ ਕਹਿ ਰਹੇ ਸਨ: 'ਪਤਾ ਨਹੀਂ ਕਿਉਂ ਗੋਰਕੀ ਨਾਲ਼ ਮੈਂ ਚੰਗੀ ਤਰ੍ਹਾਂ ਘੁਲ਼ਮਿਲ ਨਹੀਂ ਰਿਹਾ। ਮੈਨੂੰ ਸੁਲੇਰ ਦਾ ਉਹਦੇ ਨਾਲ਼ ਰਹਿਣਾ ਪਸੰਦ ਨਹੀਂ ਹੈ। ਸੁਲੇਰ ਲਈ ਇਹ ਠੀਕ ਨਹੀਂ ਹੈ। ਗੋਰਕੀ ਦੁਸ਼ਟ ਹੈ, ਉਹ ਧਰਮ-ਸ਼ਾਸਤਰ ਦੇ ਇੱਕ ਅਜਿਹੇ ਵਿਦਿਆਰਥੀ ਵਰਗਾ ਹੈ, ਜਿਸਨੂੰ ਮੱਲੋ-ਮੱਲੀ ਧਾਰਮਕ ਸੌਂਹਾਂ ਚੁਕਾ ਦਿੱਤੀਆਂ ਜਾਣ, ਅਤੇ ਉਸ ਅੰਦਰ ਸਮੁੱਚੇ ਸੰਸਾਰ ਪ੍ਰਤੀ ਇੱਕ ਰੋਸ ਦੀ ਭਾਵਨਾ ਹੈ। ਉਸ ਦੀ ਆਤਮਾ ਜਾਸੂਸ ਦੀ ਆਤਮਾ ਹੈ, ਉਹ ਕਨਾਨ ਦੀ ਧਰਤੀ 'ਤੇ ਪਤਾ ਨਹੀਂ ਕਿੱਥੋਂ ਆ ਘੁਸਿਆ ਹੈ, ਇਹ ਧਰਤੀ ਉਸ ਲਈ ਪਰਾਈ ਹੈ, ਹਰ ਇੱਕ ਚੀਜ਼ ਨੂੰ ਗਹੁ ਨਾਲ਼ ਤੱਕਦਾ ਫਿਰਦਾ ਹੈ, ਜਿਵੇਂ ਆਪਣੇ ਕਿਸੇ ਖਾਸ ਹੀ ਕਿਸਮ ਦੇ ਰੱਬ ਨੂੰ ਇਸ ਬਾਰੇ ਰਿਪੋਰਟ ਕਰਨੀ ਹੋਵੇ। ਅਤੇ ਉਸਦਾ ਰੱਬ ਕੋਈ ਦੈਂਤ ਹੈ, ਲੱਕੜ ਦਾ ਭੂਤ ਜਾਂ ਪਾਣੀ ਦਾ ਭੂਤ, ਜਿਸਤੋਂ ਪੇਂਡੂ ਔਰਤਾਂ ਡਰਿਆ ਕਰਦੀਆਂ ਹਨ।' "

ਚੈਖ਼ਵ ਹੱਸਦਾ ਰਿਹਾ ਜਦੋਂ ਤੱਕ ਮੈਨੂੰ ਇਹ ਕਹਿੰਦਿਆਂ ਉਸਦੀਆਂ ਅੱਖਾਂ ਵਿੱਚ ਹੰਝੂ ਨਾ ਆ ਗਏ, ਤੇ ਆਪਣੇ ਹੰਝੂ ਪੂੰਝਦੇ ਹੋਏ ਉਸਨੇ ਕਿਹਾ:

"ਮੈਂ ਕਿਹਾ: 'ਗੋਰਕੀ ਚੰਗਾ ਬੰਦਾ ਹੈ।' ਪਰ ਉਹ ਬੋਲੇ: 'ਨਹੀਂ, ਨਹੀਂ, ਇਹ ਨਾ ਕਹਿ! ਬੱਤਖ ਦੀ ਚੁੰਝ ਵਰਗਾ ਉਸਦਾ ਨੱਕ ਹੈ, ਕੇਵਲ ਅਭਾਗੇ ਤੇ ਚਿੜਚਿੜੇ ਸੁਭਾਅ ਵਾਲ਼ਿਆ ਦਾ ਨੱਕ ਹੀ ਅਜਿਹਾ ਹੁੰਦਾ ਹੈ। ਔਰਤਾਂ ਵੀ ਉਸਨੂੰ ਪਸੰਦ ਨਹੀਂ ਕਰਦੀਆਂ, ਔਰਤਾਂ ਕੁੱਤਿਆਂ ਵਰਗੀਆਂ ਹੁੰਦੀਆਂ ਹਨ, ਬੰਦੇ ਦਾ ਸੁਭਾਅ ਬੜੀ ਜਲਦੀ ਪਛਾਣ ਜਾਂਦੀਆਂ ਨੇ। ਸੁਲੇਰ ਨੂੰ ਲਓ, ਉਸ ਕੋਲ਼ ਨਿਰਸੁਆਰਥ ਪ੍ਰੇਮ ਦਾ ਅਣਮੋਲ ਤੋਹਫਾ ਹੈ। ਇਸ ਮਾਮਲੇ ਵਿੱਚ ਉਹ ਇੱਕ ਪ੍ਰਤਿਭਾ ਹੈ। ਪਿਆਰ ਦੇ ਲਾਇਕ ਹੋਣ ਦਾ ਅਰਥ ਹੁੰਦਾ ਹੈ ਹਰ ਚੀਜ਼ ਦੇ ਲਾਇਕ ਹੋਣਾ..."

ਥੋੜੀ ਦੇਰ ਰੁਕ ਕੇ ਚੈਖ਼ਵ ਨੇ ਅੱਗੇ ਕਿਹਾ:

"ਹਾਂ, ਉਸ ਬੁੱਢੇ ਨਿਆਣੇ ਨੂੰ ਈਰਖਾ ਹੁੰਦੀ ਹੈ... ਕਮਾਲ ਦਾ ਬੰਦਾ ਹੈ ਉਹ ਵੀ!..."

ਜਦੋਂ ਉਹ ਤਾਲਸਤਾਏ ਬਾਰੇ ਗੱਲ ਕਰਦਾ ਤਾਂ ਉਸਦੀਆਂ ਅੱਖਾਂ ਵਿੱਚ ਲਗਭਗ ਹਮੇਸ਼ਾ ਹੀ ਇੱਕ ਲੁਕਵੀਂ ਜਿਹੀ ਮੁਸਕਾਨ ਖੇਡਦੀ ਰਹਿੰਦੀ, ਕੋਮਲ ਤੇ ਸ਼ਰਮਾਕਲ਼ ਜਿਹੀ, ਅਤੇ ਉਹ ਆਪਣੀ ਆਵਾਜ਼ ਹੌਲ਼ੀ ਕਰ ਲੈਂਦਾ, ਜਿਵੇਂ ਕਿਸੇ ਬਹੁਤ ਹੀ ਨਾਜ਼ੁਕ ਤੇ ਰਹੱਸਮਈ ਚੀਜ਼ ਬਾਰੇ ਗੱਲ ਕਰ ਰਿਹਾ ਹੋਵੇ, ਕੋਈ ਅਜਿਹੀ ਚੀਜ਼ ਜਿਸਨੂੰ ਬਹੁਤ ਧਿਆਨ ਨਾਲ਼ ਤੇ ਪਿਆਰ ਨਾਲ਼ ਸੰਭਾਲਣਾ ਚਾਹੀਦਾ ਹੈ।

ਉਸਨੂੰ ਹਮੇਸ਼ਾ ਹੀ ਇਸ ਗੱਲ ਦਾ ਅਫਸੋਸ ਰਹਿੰਦਾ ਕਿ ਤਾਲਸਤਾਏ ਨਾਲ਼ ਕੋਈ ਐਕਰਮਾਨ ਨਹੀਂ ਸੀ, ਜਿਹੜਾ ਇਸ ਬੁੱਢੇ ਰਿਸ਼ੀ ਦੇ ਮੂੰਹੋਂ ਨਿਕਲ਼ੀਆਂ ਡੂੰਘੀਆਂ, ਅਣਚਿਤਵੀਆਂ ਤੇ ਅਕਸਰ ਅੰਤਰਵਿਰੋਧੀ ਗੱਲਾਂ ਨੂੰ ਲਿਖ ਲੈਂਦਾ।

"ਤੈਨੂੰ ਇਹ ਹਰ ਹਾਲ ਵਿੱਚ ਲਿਖਣੀਆਂ ਚਾਹੀਦੀਆਂ ਹਨ," ਉਸਨੇ ਸੁਲੇਰਜ਼ਿਤਸਕੀ ਨੂੰ ਯਕੀਨ ਦਿਲਾਇਆ। "ਤਾਲਸਤਾਏ ਤੇਰਾ ਬਹੁਤ ਕਰਦੇ ਹਨ, ਤੇਰੇ ਨਾਲ਼ ਉਹ ਏਨੀਆਂ ਗੱਲਾਂ ਕਰਦੇ ਹਨ, ਤੇ ਕੇਹੀਆਂ ਅਦਭੁੱਤ ਗੱਲਾਂ ਕਹਿੰਦੇ ਹਨ।"

ਖ਼ੁਦ ਸੁਲੇਰ ਬਾਰੇ ਚੈਖ਼ਵ ਨੇ ਮੈਨੂੰ ਕਿਹਾ:

"ਸਿਆਣਾ ਮੁੰਡਾ ਹੈ।"

ਬਿਲਕੁਲ ਸਹੀ ਕਿਹਾ ਸੀ।

ਇੱਕ ਵਾਰ ਮੈਂ ਤਾਲਸਤਾਏ ਨੂੰ ਚੈਖ਼ਵ ਦੀ ਕਿਸੇ ਕਹਾਣੀ ਦੀ ਸਿਫ਼ਤ ਕਰਦਿਆਂ ਸੁਣਿਆ—ਮੇਰੇ ਖਿਆਲ ਵਿੱਚ 'ਪ੍ਰੇਮਿਕਾ' ਕਹਾਣੀ ਸੀ।

"ਇਹ ਕਿਸੇ ਸਦਾਚਾਰੀ ਕੁੜੀ ਦੀ ਬੁਣੀ ਝਾਲਰ ਵਰਗੀ ਹੈ," ਉਹਨਾਂ ਨੇ ਕਿਹਾ। "ਪੁਰਾਣੇ ਸਮਿਆਂ ਵਿੱਚ ਝਾਲਰ ਬੁਣਨ ਵਾਲ਼ੀਆਂ ਕੁੜੀਆਂ ਹੁੰਦੀਆਂ ਸਨ, ਜਿਹੜੀਆਂ ਆਪਣੀ ਸਾਰੀ ਉਮਰ ਆਪਣੀਆਂ ਖੁਸ਼ੀਆਂ ਦੇ ਸੁਪਨੇ ਝਾਲਰਾਂ ਦੇ ਨਮੂਨਿਆਂ ਵਿੱਚ ਬੁਣਦੀਆਂ ਰਹਿੰਦੀਆਂ ਸਨ। ਉਹ ਆਪਣੇ ਸਭ ਤੋਂ ਮਿੱਠੇ ਸੁਪਨੇ ਬੁਣਦੀਆਂ, ਉਹਨਾਂ ਦੀਆਂ ਝਾਲਰਾਂ ਪਿਆਰ ਦੀ ਸੱਚੀ-ਸੁੱਚੀ ਤੇ ਧੁੰਦਲੀ ਜਿਹੀ ਤਾਂਘ ਨਾਲ਼ ਭਰਪੂਰ ਹੁੰਦੀਆਂ।" ਤਾਲਸਤਾਏ ਨੇ ਸੱਚੀ ਭਾਵਨਾ ਨਾਲ਼ ਅੱਖਾਂ ਵਿੱਚ ਅੱਥਰੂ ਭਰ ਕੇ ਇਹ ਗੱਲ ਆਖੀ।

ਪਰ ਉਸ ਦਿਨ ਚੈਖ਼ਵ ਨੂੰ ਜ਼ਰਾ ਬੁਖਾਰ ਚੜ੍ਹਿਆ ਹੋਇਆ ਸੀ, ਨੀਵੀਂ ਪਾ ਕੇ ਬੈਠਾ ਸੀ। ਉਸਦੀਆਂ ਗੱਲ੍ਹਾਂ 'ਤੇ ਲਾਲੀ ਦੇ ਨਿਸ਼ਾਨ ਸਾਫ਼ ਦਿਸ ਰਹੇ ਸਨ, ਤੇ ਉਹ ਆਪਣੀ ਐਨਕ ਸਾਫ਼ ਕਰਦਾ ਰਿਹਾ। ਕੁਝ ਦੇਰ ਤੱਕ ਉਸਨੇ ਕੁਝ ਨਾ ਕਿਹਾ, ਅਤੇ ਅਖੀਰ, ਲੰਮਾ ਸਾਹ ਭਰਦਿਆਂ, ਬੜੀ ਨਰਮਾਈ ਨਾਲ਼ ਤੇ ਥੋੜਾ ਘਬਰਾਕੇ ਕਿਹਾ: "ਉਸ ਵਿੱਚ ਛਪਾਈ ਦੀਆਂ ਗਲਤੀਆਂ ਸਨ।"

ਚੈਖ਼ਵ ਬਾਰੇ ਹੋਰ ਬੜਾ ਕੁਝ ਲਿਖਿਆ ਜਾ ਸਕਦਾ ਸੀ, ਪਰ ਇਸ ਲਈ ਬਹੁਤ ਸੂਖਮ ਤੇ ਸੰਖੇਪ ਵਰਣਨ ਦੀ ਲੋੜ ਹੈ, ਅਤੇ ਇਹ ਉਹ ਚੀਜ਼ ਹੈ ਜਿਸਦੀ ਮੈਨੂੰ ਬਹੁਤੀ ਜਾਚ ਨਹੀਂ ਹੈ। ਉਸ ਬਾਰੇ ਕੁਝ ਇਸ ਤਰ੍ਹਾਂ ਲਿਖਿਆ ਜਾਣਾ ਚਾਹੀਦਾ ਹੈ ਜਿਵੇਂ ਉਸਨੇ ਆਪਣੀ ਇੱਕ

ਕਹਾਣੀ 'ਸਤੈਪੀ' ਲਿਖੀ ਸੀ—ਇੱਕ ਮਹਿਕਦੀ, ਖੁੱਲ੍ਹੀ-ਡੁੱਲ੍ਹੀ ਤੇ ਪੂਰੀ ਤਰ੍ਹਾਂ ਰੂਸੀ ਕਹਾਣੀ, ਉਦਾਸ ਅਤੇ ਹਸਰਤ ਭਰੀ।

ਅਜਿਹੇ ਬੰਦੇ ਨੂੰ ਯਾਦ ਕਰਨਾ ਬੜਾ ਚੰਗਾ ਹੁੰਦਾ ਹੈ, ਕੁਝ ਇਸ ਤਰ੍ਹਾਂ ਹੈ ਜਿਵੇਂ ਅਚਾਨਕ ਹੀ ਖੇੜਾ ਜਿਹਾ ਆ ਜਾਵੇ। ਇਸ ਨਾਲ਼ ਜੀਵਨ ਨੂੰ ਦੁਬਾਰਾ ਨਵੇਂ ਅਰਥ ਮਿਲ਼ਦੇ ਹਨ।

ਮਨੁੱਖ ਬ੍ਰਹਿਮੰਡ ਦਾ ਧੁਰਾ ਹੈ।

ਪਰ ਤੁਸੀਂ ਪੁੱਛੋਂਗੇ ਕਿ ਉਸਦੇ ਐਬ ਤੇ ਉਸਦੀਆਂ ਕਮੀਆਂ ?

ਅਸੀਂ ਸਾਰੇ ਹੀ ਆਪਣੇ ਸਾਥੀਆਂ ਦੇ ਪਿਆਰ ਦੇ ਭੁੱਖੇ ਹਾਂ, ਅਤੇ ਜਦੋਂ ਕੋਈ ਭੁੱਖਾ ਹੁੰਦਾ ਹੈ, ਤਾਂ ਅੱਧ-ਪੱਕੀ ਰੋਟੀ ਵੀ ਮਿੱਠੀ ਲੱਗਦੀ ਹੈ।

•••

ਲਿਓ ਤਾਲਸਤਾਏ

ਇਹ ਕਿਤਾਬ ਉਹਨਾਂ ਉੱਘੜ-ਦੁੱਘੜ ਟਿੱਪਣੀਆਂ ਦਾ ਸੰਗ੍ਰਿਹ ਹੈ, ਜਿਹਨਾਂ ਨੂੰ ਮੈਂ ਓਲੇਜ਼ ਵਿੱਚ ਰਹਿੰਦਿਆਂ ਲਿਖਿਆ ਸੀ। ਲਿਓ ਤਾਲਸਤਾਏ ਇਸ ਸਮੇਂ ਗ੍ਰਾਸਪਾ ਵਿੱਚ ਰਹਿ ਰਹੇ ਸਨ—ਸ਼ੁਰੂ ਵਿੱਚ ਬਹੁਤ ਬਿਮਾਰ ਅਤੇ ਬਾਅਦ ਵਿੱਚ ਹੌਲ਼ੀ ਹੌਲ਼ੀ ਸਿਹਤਮੰਦ ਹੁੰਦੇ ਗਏ। ਕਾ.ਗਜ਼ ਦੇ ਅਲੱਗ-ਅਲੱਗ ਟੁਕੜਿਆਂ 'ਤੇ ਲਾਪਰਵਾਹੀ ਨਾਲ਼ ਲਿਖੀਆਂ ਇਹਨਾਂ ਟਿੱਪਣੀਆਂ ਨੂੰ ਮੈਂ ਗੁਆਚ ਚੁੱਕੀਆਂ ਮੰਨਦਾ ਸਾਂ, ਪਰ ਕੁਝ ਹੀ ਸਮੇਂ ਪਹਿਲਾਂ ਇਹਨਾਂ ਦਾ ਇੱਕ ਹਿੱਸਾ ਮੈਨੂੰ ਲੱਭ ਗਿਆ। ਇਹਨਾਂ ਟਿੱਪਣੀਆਂ ਤੋਂ ਇਲਾਵਾ ਮੈਂ ਇਸ ਵਿੱਚ ਉਹ ਅਧੂਰੀ ਚਿੱਠੀ ਵੀ ਸ਼ਾਮਿਲ ਕੀਤੀ ਹੈ ਜਿਹੜੀ ਮੈਂ ਲਿਓ ਤਾਲਸਤਾਏ ਦੇ ਯਾਸਨਾਇਆ ਪੋਲਿਆਨਾ ਤੋਂ "ਤੁਰ ਜਾਣ" ਅਤੇ ਉਹਨਾਂ ਦੀ ਮੌਤ ਦੇ ਪ੍ਰਭਾਵ ਹੇਠ ਲਿਖੀ ਸੀ। ਇਸ ਚਿੱਠੀ ਦਾ ਇੱਕ ਵੀ ਸ਼ਬਦ ਬਦਲੇ ਬਿਨਾਂ ਇਸਨੂੰ ਹੂ-ਬ-ਹੂ ਇੱਥੇ ਛਾਪ ਰਿਹਾ ਹਾਂ। ਅਤੇ ਮੈਂ ਇਸਨੂੰ ਪੂਰਾ ਵੀ ਨਹੀਂ ਕੀਤਾ ਹੈ, ਕਿਉਂਕਿ ਹੁਣ ਇਹ ਮੈਥੋਂ ਹੋਣੀ ਨਹੀਂ।

ਟਿੱਪਣੀਆਂ

1

ਸਪਸ਼ਟ ਤੌਰ 'ਤੇ ਜਿਹੜਾ ਵਿਚਾਰ ਉਹਨਾਂ ਦੀ ਮਨ ਦੀ ਸ਼ਾਂਤੀ ਨੂੰ ਸਭ ਤੋਂ ਜ਼ਿਆਦਾ ਭੰਗ ਕਰਦਾ ਸੀ, ਉਹ ਰੱਬ ਬਾਰੇ ਸੀ। ਕਦੇ ਕਦੇ ਇੰਝ ਜਾਪਦਾ ਕਿ ਇਹ ਵਿਚਾਰ ਨਹੀਂ, ਸਗੋਂ ਕਿਸੇ ਅਜਿਹੀ ਚੀਜ਼ ਦਾ ਤਣਾਅਪੂਰਣ ਵਿਰੋਧ ਹੈ ਜਿਸਨੂੰ ਉਹ ਆਪਣੇ ਆਪ ਉੱਤੇ ਹਾਵੀ ਹੁੰਦਾ ਮਹਿਸੂਸ ਕਰਦੇ ਸਨ। ਉਹ ਜਿੰਨਾ ਚਾਹੁੰਦੇ, ਉਸਤੋਂ ਕਿਤੇ ਘੱਟ ਇਸਦੀ ਚਰਚਾ ਕਰਦੇ, ਪਰ ਇਸ ਬਾਰੇ ਸੋਚਦੇ ਹਮੇਸ਼ਾ ਰਹਿੰਦੇ। ਮੈਨੂੰ ਨਹੀਂ ਲੱਗਦਾ ਕਿ ਇਹ ਬੁਢਾਪੇ ਦੀ ਨਿਸ਼ਾਨੀ ਜਾਂ ਮੌਤ ਦੇ ਪੂਰਵਾਭਾਸ ਕਾਰਨ ਹੈ, ਸਗੋਂ ਉਹਨਾਂ ਦੇ ਸ਼ਾਨਦਾਰ ਮਨੁੱਖੀ ਮਾਣ ਦੀ ਵਜ੍ਹਾ ਨਾਲ਼ ਹੀ

ਅਜਿਹਾ ਹੁੰਦਾ ਹੈ। ਸ਼ਾਇਦ ਕੁਝ ਹੱਦ ਤੱਕ ਮਨ ਨੂੰ ਲੱਗਣ ਵਾਲ਼ੀ ਇਸ ਠੋਸ ਕਾਰਨ ਵੀ ਕਿ ਉਹਨਾਂ ਨੂੰ, ਲਿਓ ਤਾਲਸਤਾਏ ਨੂੰ, ਕਿਸੇ ਸਟ੍ਰੈਪਟੋਕੋਕਸ* ਦੀ ਇੱਛਾ ਅੱਗੇ ਸ਼ਰਮਨਾਕ ਢੰਗ ਨਾਲ਼ ਝੁਕਣਾ ਪੈ ਰਿਹਾ ਸੀ। ਜੇ ਉਹ ਪ੍ਰਕਿਰਤੀ-ਵਿਗਿਆਨੀ ਹੁੰਦੇ ਤਾਂ ਨਿਰਸੰਦੇਹ ਪ੍ਰਸਿੱਧ ਪਰਿਕਲਪਨਾਵਾਂ ਦੀ ਰਚਨਾ ਕਰਦੇ, ਮਹਾਨ ਖੋਜਾਂ ਕਰਦੇ।

2

ਉਹਨਾਂ ਦੇ ਹੱਥ ਸ਼ਾਨਦਾਰ ਹਨ — ਭੱਦੇ, ਨਸਾਂ ਦੇ ਫੁੱਲਣ ਕਾਰਨ ਗਠੇ ਹੋਏ, ਅਤੇ ਫਿਰ ਵੀ ਬੇਹੱਦ ਪ੍ਰਗਟਾਊ, ਰਚਨਾਤਮਕ ਸ਼ਕਤੀ ਨਾਲ਼ ਭਰਪੂਰ। ਸ਼ਾਇਦ ਲਿਓਨਾਰਡੋ ਦ ਵਿੰਚੀ ਦੇ ਹੱਥ ਵੀ ਅਜਿਹੇ ਹੀ ਸਨ। ਅਜਿਹੇ ਹੱਥਾਂ ਨਾਲ਼ ਕੁਝ ਵੀ ਕੀਤਾ ਜਾ ਸਕਦਾ ਹੈ। ਕਦੇ ਕਦੇ ਉਹ ਗੱਲਾਂ ਕਰਦਿਆਂ ਆਪਣੀਆਂ ਉਂਗਲਾਂ ਹਿਲਾਉਂਦੇ, ਹੌਲ਼ੀ-ਹੌਲ਼ੀ ਉਹਨਾਂ ਨੂੰ ਮੁੱਠੀ ਦੇ ਰੂਪ ਵਿਚ ਬੰਦ ਕਰ ਲੈਂਦੇ, ਫਿਰ ਅਚਾਨਕ ਬਹੁਤ ਕਮਾਲ ਦੇ ਅਤੇ ਵਜ਼ਨੀ ਸ਼ਬਦ ਬੋਲਦੇ ਹੋਏ ਉਸਨੂੰ ਖੋਲ੍ਹ ਦਿੰਦੇ ਸਨ। ਉਹ ਦੇਵਤਾ ਵਰਗੇ ਲੱਗਦੇ ਹਨ, ਪਰ ਸਾਵਾਓਥ ਜਾਂ ਓਲੰਪਿਸ ਦੇ ਦੇਵਤਿਆਂ ਵਰਗੇ ਨਹੀਂ, ਸਗੋਂ "ਲਾਈਮ ਦੇ ਰੁੱਖ ਹੇਠਾਂ ਮੇਪਲ ਦੀ ਲੱਕੜ ਦੇ ਤਖ਼ਤ 'ਤੇ ਬੈਠੇ" ਕਿਸੇ ਰੂਸੀ ਦੇਵਤੇ ਵਰਗੇ ਲੱਗਦੇ ਹਨ, ਜਿਹੜਾ ਬਹੁਤਾ ਤੇਜੱਸਵੀ ਤਾਂ ਨਹੀਂ ਪਰ ਸ਼ਾਇਦ ਹੋਰਨਾਂ ਸਾਰੇ ਦੇਵਤਿਆਂ ਨਾਲ਼ੋਂ ਕਿਤੇ ਜ਼ਿਆਦਾ ਹੁਸ਼ਿਆਰ ਹੈ।

3

ਸੁਲੇਰਜ਼ਿਤਸਕੀ** ਪ੍ਰਤੀ ਤਾਂ ਉਹ ਔਰਤਾਂ ਜਿਹੀ ਕੋਮਲ ਭਾਵਨਾ ਰੱਖਦੇ ਹਨ। ਚੈਖ਼ਵ ਨੂੰ ਉਹ ਪਿਓ ਵਾਂਗੂੰ ਪਿਆਰ ਕਰਦੇ ਹਨ, ਇਸ ਪਿਆਰ ਵਿੱਚ ਸਿਰਜਕ ਦੇ ਮਾਣ ਦਾ ਅਹਿਸਾਸ ਹੁੰਦਾ ਹੈ, ਪਰ ਸੁਲੇਰ ਪ੍ਰਤੀ ਉਹਨਾਂ ਦੀ ਭਾਵਨਾ ਹਮੇਸ਼ਾ ਕੋਮਲ, ਸਥਾਈ ਰੁਚੀ ਅਤੇ ਪ੍ਰਸ਼ੰਸਾ ਦੀ ਹੀ ਰਹਿੰਦੀ, ਜਿਸਤੋਂ, ਜਾਪਦਾ ਹੈ, ਕਿ ਇਹ ਜਾਦੂਗਰ ਕਦੇ ਥੱਕਦਾ ਨਹੀਂ ਹੋਣਾ। ਇਸ ਭਾਵਨਾ ਵਿੱਚ ਸ਼ਾਇਦ ਕੁਝ ਅਜਿਹਾ ਅਟਪਟਾ ਵੀ ਸੀ, ਜਿਵੇਂ ਕਿ ਤੋਤੇ, ਕੁੱਤੇ ਜਾਂ ਬਿੱਲੇ ਪ੍ਰਤੀ ਕਿਸੇ ਬੁੱਢੀ ਅਣਵਿਆਹੀ ਔਰਤ ਦੇ ਪਿਆਰ ਵਿੱਚ ਹੁੰਦਾ ਹੈ। ਸੁਲੇਰ ਕਿਸੇ ਅਣਜਾਣ, ਅਣਦੇਖੀ ਦੁਨੀਆਂ ਦੇ ਅਦਭੁੱਤ, ਆਜ਼ਾਦ ਪੰਛੀ ਵਰਗਾ ਹੈ। ਉਹਦੇ ਵਰਗੇ ਸੌ ਆਦਮੀ ਕਿਸੇ ਸੂਬਾਈ ਕਸਬੇ ਦੇ ਰੰਗ-ਰੂਪ ਅਤੇ ਉਸਦੀ ਆਤਮਾ ਦਾ ਕਾਇਆਪਲਟ ਕਰ ਦੇਣ ਦੇ ਸਮਰੱਥ ਹੁੰਦੇ ਹਨ। ਉਸ ਦੇ ਰੰਗ-ਰੂਪ ਨੂੰ ਇਹ ਲੋਕ ਵਿਗਾੜ ਸੁੱਟਣਗੇ, ਪਰ ਉਸਦੀ ਆਤਮਾ ਨੂੰ ਪ੍ਰਚੰਡ ਅਤੇ ਅਵੱਗਿਆਕਾਰੀ ਪ੍ਰਤਿਭਾ ਦੇ ਜਨੂੰਨ ਨਾਲ਼ ਭਰ ਦੇਣਗੇ। ਸੁਲੇਰ ਨੂੰ ਪਿਆਰ ਕਰਨਾ ਆਸਾਨ ਅਤੇ ਖੁਸ਼ਨੁਮਾ ਅਹਿਸਾਸ ਹੈ, ਪਰ ਜਦੋਂ ਮੈਂ ਇਹ ਦੇਖਦਾ ਹਾਂ ਕਿ ਔਰਤਾਂ ਕਿਵੇਂ ਉਸਨੂੰ ਨਜ਼ਰਅੰਦਾਜ਼ ਕਰਦੀਆਂ ਹਨ ਤਾਂ ਮੈਨੂੰ ਹੈਰਾਨੀ ਵੀ ਹੁੰਦੀ ਹੈ ਅਤੇ ਗੁੱਸਾ ਵੀ ਆਉਂਦਾ ਹੈ। ਪਰ ਸ਼ਾਇਦ ਇਸ ਨਜ਼ਰਅੰਦਾਜ਼ ਦੀ ਭਾਵਨਾ ਪਿੱਛੇ ਬੜੀ ਚਲਾਕੀ

* ਮਾਲ਼ਾ ਦੀ ਸ਼ਕਲ ਵਾਲ਼ਾ ਇੱਕ ਬੈਕਟੀਰੀਆ —ਅਨੁ.

** ਸੁਲੇਰਜ਼ਿਤਸਕੀ ਲ.ਅ. 1872-1916, ਰੂਸੀ ਸਰਵਜਨਕ ਕਾਰਜਕਰਤਾ, ਨਾਟਕ ਨਿਰਦੇਸ਼ਕ।

ਨਾਲ਼ ਕੋਈ ਸਾਵਧਾਨੀ ਲੁਕੀ ਰਹਿੰਦੀ ਹੈ। ਸੁਲੇਰ 'ਤੇ ਨਿਰਭਰ ਨਹੀਂ ਹੋਇਆ ਜਾ ਸਕਦਾ। ਕੱਲ ਨੂੰ ਉਹ ਕੀ ਕਰੇਗਾ ? ਸ਼ਾਇਦ ਬੰਬ ਸੁੱਟ ਦੇਵੇ, ਜਾਂ ਸ਼ਰਾਬਖਾਨਿਆਂ ਵਿੱਚ ਗਾਉਣ ਵਾਲ਼ਿਆਂ ਦੀ ਮੰਡਲੀ 'ਚ ਜਾ ਰਲ਼ੇ। ਤਾਕਤ ਉਸ ਵਿੱਚ ਐਨੀ ਹੈ ਕਿ ਤਿੰਨ ਸਦੀਆਂ ਤੱਕ ਨਹੀਂ ਮੁੱਕਦੀ। ਉਸ ਵਿੱਚ ਜੀਵਨ ਦੀ ਅੱਗ ਐਨੀ ਜ਼ਿਆਦਾ ਹੈ ਕਿ ਉਹ ਲਾਲ ਤਪਦੇ ਹੋਏ ਲੋਹੇ ਵਾਂਗ ਚੰਗਿਆੜੀਆਂ ਵਰਗਾ ਪਸੀਨਾ ਵਹਾਉਂਦਾ ਜਾਪਦਾ ਹੈ।

ਪਰ ਉਹ ਇੱਕ ਵਾਰ ਸੁਲੇਰ ਨਾਲ਼ ਬਹੁਤ ਗੁੱਸੇ ਹੋ ਗਏ। ਹਮੇਸ਼ਾ ਅਰਾਜਕਤਾ ਵੱਲ ਝੁਕਾਅ ਰੱਖਣ ਵਾਲ਼ਾ ਲਿਓਪੋਲਡ (ਸੁਲੇਰਜ਼ਿਤਸਕੀ —ਅਨੁ.) ਅਕਸਰ ਅਤੇ ਬੜੇ ਜੋਸ਼ ਨਾਲ਼ ਵਿਅਕਤੀ ਦੀ ਆਜ਼ਾਦੀ ਬਾਰੇ ਬਹਿਸ ਕਰਿਆ ਕਰਦਾ ਸੀ, ਅਤੇ ਅਜਿਹੇ ਮੌਕਿਆਂ 'ਤੇ ਲਿਓ ਤਾਲਸਤਾਏ ਹਮੇਸ਼ਾ ਉਸਦਾ ਮਖੌਲ ਉਡਾਉਂਦੇ ਸਨ।

ਮੈਨੂੰ ਯਾਦ ਹੈ ਕਿ ਇੱਕ ਵਾਰ ਸੁਲੇਰਜ਼ਿਤਸਕੀ ਨੇ ਕਿਤੋਂ ਪ੍ਰਿੰਸ ਕ੍ਰੋਪੋਟਕਿਨ ਦਾ ਇੱਕ ਪਤਲਾ ਜਿਹਾ ਕਿਤਾਬਚਾ ਹਾਸਿਲ ਕਰ ਲਿਆ, ਉਸਨੂੰ ਪੜ੍ਹ ਕੇ ਬੇਹੱਦ ਜੋਸ਼ ਵਿੱਚ ਆ ਕੇ ਉਹ ਬੜੇ ਭਿਆਨਕ ਢੰਗ ਨਾਲ਼ ਫ਼ਿਲਾਸਫ਼ੀ ਘੋਟਦੇ ਹੋਏ ਸਾਰਾ ਦਿਨ ਲਗਭਗ ਹਰੇਕ ਬੰਦੇ ਸਾਹਮਣੇ ਅਰਾਜਕਤਾਵਾਦ ਦੀ ਸਿਆਣਪ ਦੀ ਚਰਚਾ ਕਰਦਾ ਰਿਹਾ।

"ਓਹ ਹੋ, ਹੁਣ ਬਸ ਵੀ ਕਰੋ, ਅੱਕ ਗਿਆ ਹਾਂ ਮੈਂ!" ਲਿਓ ਤਾਲਸਤਾਏ ਨੇ ਕਿਹਾ। "ਤੋਤੇ ਵਾਂਗ ਇੱਕ ਹੀ ਸ਼ਬਦ ਰਟੀ ਜਾ ਰਿਹਾ ਹੈਂ—ਆਜ਼ਾਦੀ, ਆਜ਼ਾਦੀ ਪਰ ਇਸਦਾ ਮਤਲਬ ਕੀ ਹੈ ? ਮੰਨ ਲਓ ਕਿ ਤੁਹਾਨੂੰ, ਤੁਹਾਡੇ ਅਰਥਾਂ ਵਿੱਚ, ਤੁਹਾਡੇ ਕਲਪਨਾ ਦੇ ਹਿਸਾਬ ਨਾਲ਼ ਆਜ਼ਾਦੀ ਮਿਲ਼ ਵੀ ਜਾਂਦੀ ਹੈ, ਤਾਂ ਇਸਦਾ ਕੀ ਨਤੀਜਾ ਨਿਕਲ਼ੇਗਾ ? ਦਾਰਸ਼ਨਿਕ ਢੰਗ ਨਾਲ਼ ਕਹਾਂ ਤਾਂ—ਇੱਕ ਅੰਨ੍ਹਾ ਖਲਾਅ, ਅਤੇ ਜੀਵਨ ਵਿੱਚ, ਵਿਵਹਾਰਕ ਰੂਪ ਵਿੱਚ ਤੁਸੀਂ ਨਿਖੁੱਟ ਤੇ ਭਿਖਾਰੀ ਬਣ ਕੇ ਰਹਿ ਜਾਓਗੇ। ਜੇ ਤੁਹਾਡੀ ਧਾਰਨਾ ਦੇ ਅਨੁਸਾਰ ਤੁਸੀਂ ਅਜ਼ਾਦ ਹੋ ਵੀ ਜਾਂਦੇ ਹੋ ਤਾਂ ਕਿਹੜੀ ਚੀਜ਼ ਜੀਵਨ ਤੇ ਲੋਕਾਂ ਨਾਲ਼ ਤੁਹਾਨੂੰ ਜੋੜ ਕੇ ਰੱਖੇਗੀ ? ਦੇਖੋ — ਪੰਛੀ ਆਜ਼ਾਦ ਹਨ, ਪਰ ਫਿਰ ਵੀ ਉਹ ਆਪਣਾ ਆਲ੍ਹਣਾ ਬਣਾਉਂਦੇ ਹਨ। ਤੂੰ ਤਾਂ ਆਲ੍ਹਣਾ ਵੀ ਨਹੀਂ ਬਣਾਏਂਗਾ, ਬਿੱਲੇ ਵਾਂਗੂੰ ਕਿਤੇ ਵੀ ਆਪਣੀ ਕਾਮ-ਪ੍ਰਵਿਰਤੀ ਨੂੰ ਤ੍ਰਿਪਤ ਕਰ ਲਵੇਂਗਾ। ਜ਼ਰਾ ਗੰਭੀਰਤਾ ਨਾਲ਼ ਸੋਚ-ਵਿਚਾਰ ਕਰੋ ਅਤੇ ਤੁਸੀਂ ਦੇਖੋਗੇ, ਇਹ ਮਹਿਸੂਸ ਕਰੋਗੇ ਕਿ ਆਪਣੇ ਅੰਤਮ ਰੂਪ ਵਿੱਚ ਅਜ਼ਾਦੀ ਸ਼ਬਦ ਇੱਕ ਖਲਾਅ ਹੈ, ਸਿਫ਼ਰ ਹੈ ਤੇ ਨਿਰਾਕਾਰ ਪੁਲਾੜ ਹੈ।"

ਤਾਲਸਤਾਏ ਨੇ ਗੁੱਸੇ ਨਾਲ਼ ਤਿਓੜੀਆਂ ਚਾੜ੍ਹੀਆਂ, ਇੱਕ ਪਲ ਲਈ ਚੁੱਪ ਰਹੇ ਤੇ ਫਿਰ ਹੌਲ਼ੀ ਜਿਹੀ ਆਵਾਜ਼ ਵਿੱਚ ਬੋਲੇ:

"ਈਸਾ ਮਸੀਹ ਆਜ਼ਾਦ ਸਨ, ਬੁੱਧ ਵੀ, ਪਰ ਦੋਹਾਂ ਨੇ ਹੀ ਦੁਨੀਆਂ ਦੇ ਪਾਪ ਆਪਣੇ ਉੱਪਰ ਲੈ ਲਏ, ਉਹ ਆਪਣੀ ਮਰਜ਼ੀ ਨਾਲ਼ ਹੀ ਸੰਸਾਰਕ ਜੀਵਨ ਦੀ ਜੇਲ੍ਹ ਦੇ ਕੈਦੀ ਬਣ ਗਏ। ਅਤੇ ਹੋਰ ਕੋਈ ਵੀ ਇਹਨਾਂ ਤੋਂ ਅੱਗੇ ਨਹੀਂ ਲੰਘਿਆ, ਕੋਈ ਵੀ ਨਹੀਂ! ਤੇਰੀ ਮੇਰੀ ਤਾਂ ਗੱਲ ਹੀ ਕੀ ਹੈ, ਆਪਾਂ ਕੀਤਾ ਹੀ ਕੀ ਹੈ ? ਆਪਾਂ ਸਾਰੇ ਆਪਣੇ ਗੁਆਂਢੀਆਂ ਪ੍ਰਤੀ ਆਪਣੇ ਫ਼ਰਜ਼ਾਂ ਤੋਂ ਨਿਜ਼ਾਤ ਪਾਉਣਾ ਚਾਹੁੰਦੇ ਹਾਂ, ਜਦਕਿ ਇਹਨਾਂ ਹੀ ਫ਼ਰਜ਼ਾਂ ਦੀ ਚੇਤਨਾ ਨੇ ਸਾਨੂੰ

ਮਨੁੱਖ ਬਣਾਇਆ ਹੈ। ਜੇ ਇਹ ਚੇਤਨਾ ਨਾ ਹੁੰਦੀ ਤਾਂ ਆਪਾਂ ਸਾਰੇ ਪਸ਼ੂਆਂ ਵਰਗੀ ਜ਼ਿੰਦਗੀ ਜੀਅ ਰਹੇ ਹੁੰਦੇ...”

ਉਹ ਜ਼ਰਾ ਮੁਸਕਰਾਏ।

“ਅਤੇ ਅਜੇ ਵੀ ਆਪਾਂ ਇਸ ਗੱਲ ’ਤੇ ਬਹਿਸ ਕਰਦੇ ਹਾਂ ਕਿ ਕਿਵੇਂ ਇੱਕ ਚੰਗਾ ਜੀਵਨ ਗੁਜ਼ਾਰਿਆ ਜਾਵੇ। ਇਸ ਤੋਂ ਜੇ ਜ਼ਿਆਦਾ ਕੁਝ ਨਹੀਂ ਮਿਲ਼ਦਾ ਤਾਂ ਘੱਟ ਵੀ ਨਹੀਂ ਮਿਲ਼ਦਾ। ਦੇਖੋ! ਤੁਸੀਂ ਮੇਰੇ ਨਾਲ਼ ਬਹਿਸ ਕਰਦੇ ਹੋ ਅਤੇ ਲਾਲ-ਪੀਲ਼ੇ ਹੋਣ ਦੀ ਹੱਦ ਤੱਕ ਖਿਝ ਜਾਂਦੇ ਹੋ, ਪਰ ਤੁਸੀਂ ਮੈਨੂੰ ਕੁਟਾਪਾ ਨਹੀਂ ਚਾੜ੍ਹ ਸਕਦੇ, ਇੱਥੋਂ ਤੱਕ ਕਿ ਗਾਲ੍ਹ ਵੀ ਨਹੀਂ ਕੱਢ ਸਕਦੇ। ਜੇ ਤੁਸੀਂ ਸੱਚਮੁੱਚ ਹੀ ਖੁਦ ਨੂੰ ਆਜ਼ਾਦ ਮਹਿਸੂਸ ਕਰਦੇ ਤਾਂ ਤੁਸੀਂ ਤਾਂ ਮੇਰੇ ਟੁਕੜੇ ਕਰ ਦਿੰਦੇ — ਬਸ, ਇਹੀ ਗੱਲ ਹੈ।”

ਫਿਰ ਥੋੜੀ ਦੇਰ ਚੁੱਪ ਰਹਿਣ ਤੋਂ ਬਾਅਦ ਉਹਨਾਂ ਇਹ ਗੱਲ ਹੋਰ ਜੋੜ ਦਿੱਤੀ:

“ਆਜ਼ਾਦੀ — ਇਸਦਾ ਅਰਥ ਹੈ ਕਿ ਸਭ ਕੁਝ ਅਤੇ ਹਰ ਕੋਈ ਮੇਰੇ ਨਾਲ਼ ਸਹਿਮਤ ਹੈ, ਪਰ ਉਦੋਂ ਤਾਂ ਮੇਰੀ ਹੋਂਦ ਹੀ ਖ਼ਤਮ ਹੋ ਜਾਂਦੀ ਹੈ, ਕਿਉਂਕਿ ਆਪਾਂ ਸਾਰੇ ਟਕਰਾਵਾਂ ਅਤੇ ਅੰਤਰਵਿਰੋਧਾਂ ਵਿੱਚ ਹੀ ਆਪਣੀ ਹੋਂਦ ਨੂੰ ਮਹਿਸੂਸ ਕਰਦੇ ਹਾਂ।”

4

ਗੋਲਡਨਵੇਈਜ਼ਰ* ਨੇ ਸ਼ੋਪਿਨ ਦੀ ਸੰਗੀਤ ਰਚਨਾ ਵਜਾਈ, ਇਸਨੂੰ ਸੁਣਦਿਆਂ ਲਿਓ ਤਾਲਸਤਾਏ ਦੇ ਮਨ ਵਿੱਚ ਇਹ ਵਿਚਾਰ ਆਏ:

“ਜਰਮਨੀ ਦੇ ਕਿਸੇ ਛੋਟੇ ਜਿਹੇ ਪ੍ਰਿੰਸ ਨੇ ਕਿਹਾ ਸੀ: ‘ਜੇਕਰ ਤੁਸੀਂ ਗੁਲਾਮ ਰੱਖਣਾ ਚਾਹੁੰਦੇ ਹੋ ਤਾਂ ਤੁਹਾਨੂੰ ਜਿੰਨੀ ਜ਼ਿਆਦਾ ਹੋ ਸਕੇ ਸੰਗੀਤ ਰਚਨਾ ਕਰਨੀ ਚਾਹੀਦੀ ਹੈ।’ ਇਹ ਇੱਕ ਪ੍ਰਤੀਬਿੰਬ ਹੈ, ਇੱਕ ਭਰੋਸੇਯੋਗ ਨਿਰੀਖਣ ਹੈ — ਸੰਗੀਤ ਬੁੱਧੀ ਨੂੰ ਜੜ੍ਹ ਬਣਾਉਂਦਾ ਹੈ। ਕੈਥੋਲਿਕ ਇਹ ਗੱਲ ਸਭ ਤੋਂ ਜ਼ਿਆਦਾ ਚੰਗੀ ਤਰ੍ਹਾਂ ਸਮਝਦੇ ਸਨ — ਜ਼ਾਹਿਰ ਹੈ ਕਿ ਸਾਡੇ ਰੂਹਾਨੀ ਪਿਓ ਕਦੇ ਵੀ ਚਰਚ ਵਿੱਚ ਮੈਂਡੇਲਸੋਨ ਨਾਲ਼ ਸੁਲਾਹ ਨਹੀਂ ਕਰਨਗੇ। ਤੁਲਾ ਸ਼ਹਿਰ ਦੇ ਇੱਕ ਪਾਦਰੀ ਨੇ ਮੈਨੂੰ ਯਕੀਨ ਦਿਲਾਇਆ ਕਿ ਈਸਾ ਮਸੀਹ ਵੀ ਯਹੂਦੀ ਨਹੀਂ ਸੀ, ਜਦਕਿ ਉਹ ਯਹੂਦੀ ਦੇਵਤੇ ਦਾ ਪੁੱਤਰ ਸੀ ਤੇ ਉਸਦੀ ਮਾਂ ਵੀ ਯਹੂਦੀ ਸੀ। ਉਸਨੇ ਇਹ ਮੰਨਿਆ, ਪਰ ਫਿਰ ਵੀ ਬੋਲਿਆ: ‘ਅਸੰਭਵ ਹੈ।’ ਮੈਂ ਪੁੱਛਿਆ: ‘ਫਿਰ ਇਸਦਾ ਨਤੀਜਾ ਕੀ ਨਿਕਲ਼ਦਾ ਹੈ?’ ਉਸਨੇ ਆਪਣੇ ਮੋਢੇ ਹਿਲਾਏ ਤੇ ਕਿਹਾ: ‘ਮੇਰੇ ਲਈ ਇਹ ਇੱਕ ਰਹੱਸ ਹੈ।”

5

“ਜੇ ਕਦੇ ਕੋਈ ਬੁੱਧੀਜੀਵੀ ਹੋਇਆ ਹੈ, ਤਾਂ ਇਹ ਗਾਲਿਚ ਦਾ ਪ੍ਰਿੰਸ ਵਲਾਦੀਮੀਰਕੋ ਹੀ ਸੀ। 12ਵੀਂ ਸਦੀ ਵਿੱਚ ਹੀ ਉਸਨੇ ਇਹ ਗੱਲ ਕਹਿਣ ਦੀ ਹਿੰਮਤ ਕੀਤੀ ਸੀ: ‘ਚਮਤਕਾਰਾਂ ਦਾ ਦੌਰ ਲੰਘ ਗਿਆ ਹੈ।’ ਉਦੋਂ ਤੋਂ ਲੈ ਕੇ ਹੁਣ ਤੱਕ ਛੇ ਸਦੀਆਂ ਬੀਤ ਚੁੱਕੀਆਂ ਹਨ, ਅਤੇ

* ਗੋਲਡਨਵੇਈਜ਼ਰ ਅ.ਵ. (1875-1961), ਸੋਵੀਅਤ ਪਿਆਨੋਵਾਦਕ ਅਤੇ ਸੰਗੀਤਕਾਰ।

ਸਾਡੇ ਬੁੱਧੀਜੀਵੀ ਇੱਕ-ਦੂਜੇ ਨੂੰ ਇਹੀ ਕਹਿੰਦੇ ਰਹਿੰਦੇ ਹਨ: 'ਚਮਤਕਾਰ ਨਹੀਂ ਹੁੰਦੇ।' ਪਰ ਲੋਕ ਤਾਂ 12ਵੀਂ ਸਦੀ ਵਾਂਗ ਹੀ ਅੱਜ ਵੀ ਚਮਤਕਾਰਾਂ ਵਿੱਚ ਵਿਸ਼ਵਾਸ ਰੱਖਦੇ ਹਨ।"

6

"ਘੱਟ-ਗਿਣਤੀ ਨੂੰ ਰੱਬ ਦੀ ਲੋੜ ਇਸ ਲਈ ਹੁੰਦੀ ਹੈ ਕਿਉਂਕਿ ਉਹਨਾਂ ਕੋਲ਼ ਸਭ ਕੁਝ ਹੁੰਦਾ ਹੈ, ਤੇ ਬਹੁ-ਗਿਣਤੀ ਨੂੰ ਇਸ ਲਈ ਕਿਉਂਕਿ ਉਹਨਾਂ ਕੋਲ਼ ਕੁਝ ਵੀ ਨਹੀਂ ਹੁੰਦਾ।"

ਜਾਂ ਮੈਂ ਇਸ ਤਰ੍ਹਾਂ ਕਹਾਂਗਾ: ਜ਼ਿਆਦਾਤਰ ਲੋਕ ਆਪਣੀ ਕਾਇਰਤਾ ਕਾਰਨ ਰੱਬ ਨੂੰ ਮੰਨਦੇ ਹਨ, ਅਤੇ ਸਿਰਫ ਥੋੜੇ ਜਿਹੇ ਲੋਕ ਹੀ ਹਨ ਜਿਹੜੇ ਆਤਮਾ ਦੀ ਭਰਪੂਰਤਾ ਕਾਰਨ ਮੰਨਦੇ ਹਨ।*

"ਤੁਹਾਨੂੰ ਐਂਡਰਸਨ ਦੇ ਕਿੱਸੇ-ਕਹਾਣੀਆਂ ਚੰਗੇ ਲੱਗਦੇ ਹਨ ?" ਤਾਲਸਤਾਏ ਨੇ ਕੁਝ ਸੋਚਦੇ ਹੋਏ ਪੁੱਛਿਆ। "ਜਦੋਂ ਉਹਨਾਂ ਦਾ ਮਾਰਕੋ ਵੋਵਚੋਕ ਦੁਆਰਾ ਕੀਤਾ ਅਨੁਵਾਦ ਛਪਿਆ ਸੀ, ਤਾਂ ਉਦੋਂ ਮੈਨੂੰ ਉਹ ਸਮਝ ਨਹੀਂ ਆਏ ਸਨ। ਦਸ ਸਾਲ ਬਾਅਦ ਮੈਂ ਫਿਰ ਇਹ ਕਿਤਾਬ ਪੜ੍ਹੀ, ਅਤੇ ਅਚਾਨਕ ਹੀ ਸਪਸ਼ਟ ਤੌਰ 'ਤੇ ਇਹ ਮਹਿਸੂਸ ਕੀਤਾ ਕਿ ਐਂਡਰਸਨ ਬਹੁਤ ਹੀ ਇਕੱਲੇ ਆਦਮੀ ਸਨ। ਬਹੁਤ ਇਕੱਲੇ। ਮੈਨੂੰ ਉਹਨਾਂ ਦੇ ਜੀਵਨ ਬਾਰੇ ਕੁਝ ਨਹੀਂ ਪਤਾ। ਪਰ ਜਾਪਦਾ ਹੈ ਕਿ ਉਹ ਘੁਮੱਕੜ ਕਿਸਮ ਦੇ ਆਦਮੀ ਸਨ, ਪਰ ਇਸ ਨਾਲ਼ ਤਾਂ ਮੇਰੀ ਇਸੇ ਭਾਵਨਾ ਦੀ ਪੁਸ਼ਟੀ ਹੁੰਦੀ ਹੈ ਕਿ ਉਹ ਬਹੁਤ ਇਕੱਲੇ ਸਨ। ਇਸ ਲਈ ਉਹਨਾਂ ਨੇ ਬੱਚਿਆਂ ਲਈ ਲਿਖਣਾ ਸ਼ੁਰੂ ਕੀਤਾ, ਇਹ ਵਿਸ਼ਵਾਸ ਕਰਦਿਆਂ (ਪਰ ਇਹ ਉਹਨਾਂ ਗਲਤੀ ਸੀ) ਕਿ ਬੱਚੇ ਕਿਸੇ 'ਤੇ ਵੱਡਿਆਂ ਨਾਲ਼ੋਂ ਜ਼ਿਆਦਾ ਤਰਸ ਕਰਦੇ ਹਨ। ਬੱਚੇ ਕਿਸੇ 'ਤੇ ਤਰਸ ਨਹੀਂ ਕਰਦੇ, ਉਹ ਤਰਸ ਕਰਨਾ ਜਾਣਦੇ ਹੀ ਨਹੀਂ।"

7

ਉਹਨਾਂ ਨੇ ਮੈਨੂੰ ਬੁੱਧ ਧਰਮ ਦੀ ਸਿੱਖਿਆ ਨਾਲ਼ ਸਬੰਧਤ ਪ੍ਰਸ਼ਨਾਵਲੀ ਪੜ੍ਹਨ ਦੀ ਸਲਾਹ ਦਿੱਤੀ। ਬੁੱਧ ਧਰਮ ਤੇ ਈਸਾ ਮਸੀਹ ਬਾਰੇ ਉਹ ਹਮੇਸ਼ਾ ਹੀ ਕੁਝ ਜਜ਼ਬਾਤੀ ਹੋ ਕੇ ਗੱਲਾਂ ਕਰਦੇ ਸਨ। ਉਹਨਾਂ ਦੇ ਸ਼ਬਦਾਂ ਵਿੱਚ ਉਤਸ਼ਾਹ, ਜੋਸ਼ ਅਤੇ ਉਹਨਾਂ ਦੇ ਦਿਲ ਦੀ ਅੱਗ ਦੀ ਇੱਕ ਵੀ ਚੰਗਿਆੜੀ ਨਾ ਹੁੰਦੀ। ਮੇਰੇ ਖਿਆਲ ਵਿੱਚ ਉਹ ਈਸਾ ਮਸੀਹ ਨੂੰ ਭੋਲ਼ਾ-ਭਾਲ਼ਾ ਤੇ ਤਰਸ ਦਾ ਪਾਤਰ ਸਮਝਦੇ ਹਨ ਅਤੇ ਭਾਵੇਂ ਕਿ ਉਹ ਕਦੇ ਕਦੇ ਉਸਦੀ ਸਿਫਤ ਕਰਦੇ ਹਨ, ਤਾਂ ਵੀ ਪਿਆਰ ਨਹੀਂ ਕਰਦੇ। ਜਾਪਦਾ ਹੈ ਕਿ ਉਹਨਾਂ ਨੂੰ ਇਸ ਗੱਲ ਦਾ ਡਰ ਰਹਿੰਦਾ ਹੈ ਕਿ ਜੇ ਈਸਾ ਮਸੀਹ ਕਿਸੇ ਰੂਸੀ ਪਿੰਡ ਵਿੱਚ ਆ ਜਾਂਦਾ ਤਾਂ ਪਿੰਡ ਦੀਆਂ ਕੁੜੀਆਂ ਨੇ ਉਸਦਾ ਮਖੌਲ ਉਡਾਉਣਾ ਸੀ।

---

* ਸ਼ਬਦਾਂ ਦੇ ਗਲਤ ਅਰਥ ਨਾ ਲਗਾਏ ਜਾਣ, ਇਸ ਲਈ ਮੈਂ ਇੱਥੇ ਇਹ ਕਹਿਣਾ ਚਾਹਾਂਗਾ ਕਿ ਧਾਰਮਿਕ ਸਾਹਿਤ ਨੂੰ ਮੈਂ ਸ਼ੁੱਧ ਸਾਹਿਤਕ ਰੂਪ ਵਿੱਚ ਹੀ ਦੇਖਦਾ ਹਾਂ। ਬੁੱਧ, ਈਸਾ ਅਤੇ ਮੁਹੰਮਦ ਦੀਆਂ ਜੀਵਨੀਆਂ ਨੂੰ ਮੈਂ ਕਾਲਪਨਿਕ ਗਲਪ ਮੰਨਦਾ ਹਾਂ। —ਲੇਖਕ ਵੱਲੋਂ ਨੋਟ

8

ਅੱਜ ਇੱਥੇ ਵੱਡੇ ਡਿਊਕ ਨਿਕੋਲਾਈ ਮਿਖਾਈਲੋਵਿਚ ਆਏ ਸਨ। ਹੁਸ਼ਿਆਰ ਵਿਅਕਤੀ ਜਾਪਦੇ ਹਨ। ਬਹੁਤ ਨਿਮਰਤਾ ਨਾਲ਼ ਬੋਲਦੇ ਹਨ ਤੇ ਗੱਲ ਬਹੁਤ ਘੱਟ ਕਰਦੇ ਹਨ। ਉਹਨਾਂ ਦੀਆਂ ਅੱਖਾਂ ਬੜੀਆਂ ਪਿਆਰੀਆਂ ਤੇ ਸਰੀਰ ਗਠਿਆ ਹੋਇਆ ਸੀ। ਹਾਵ-ਭਾਵ ਦੇ ਮਾਮਲੇ ਵਿੱਚ ਥੋੜੇ ਸੰਕੋਚੀ ਹਨ। ਤਾਲਸਤਾਏ ਉਹਨਾਂ ਵੱਲ ਦੇਖ ਕੇ ਸਨੇਹਪੂਰਵਕ ਮੁਸਕਰਾਉਂਦੇ ਹੋਏ ਕਦੇ ਫਰਾਂਸੀਸੀ ਤੇ ਕਦੇ ਅੰਗਰੇਜ਼ੀ ਵਿੱਚ ਗੱਲਾਂ ਕਰਦੇ ਰਹੇ। ਉਹਨਾਂ ਨੇ ਰੂਸੀ ਵਿੱਚ ਕਿਹਾ:

"ਕਰਾਮਜ਼ੀਨ ਨੇ ਜ਼ਾਰ ਲਈ ਲਿਖਿਆ, ਸੋਲੋਵਿਓਵ ਨੇ ਬਹੁਤ ਲੰਮੇ ਤੇ ਅਕਾਊ ਢੰਗ ਨਾਲ਼ ਲਿਖਿਆ, ਅਤੇ ਕਲਿਊਚੇਵਸਕੀ ਨੇ ਖੁਦ ਆਪਣੀ ਖੁਸ਼ੀ ਖਾਤਰ ਲਿਖਿਆ। ਉਹ ਬੜਾ ਤਿੱਖਾ ਬੰਦਾ ਹੈ, ਪੜ੍ਹਨ 'ਤੇ ਜਾਪਦਾ ਹੈ ਕਿ ਸਿਫਤ ਕਰ ਰਿਹਾ ਹੈ, ਪਰ ਜ਼ਰਾ ਧਿਆਨ ਨਾਲ਼ ਦੇਖਣ 'ਤੇ ਪਤਾ ਚੱਲਦਾ ਹੈ ਕਿ ਉਹ ਤਾਂ ਕੋਸ ਰਿਹਾ ਹੈ।"

ਕਿਸੇ ਨੇ ਜ਼ਾਬੇਲਿਨ ਦਾ ਜ਼ਿਕਰ ਕੀਤਾ।

"ਬਹੁਤ ਵਧੀਆ ਆਦਮੀ ਹੈ। ਛੋਟੇ ਜਿਹੇ ਸਰਕਾਰੀ ਕਰਮਚਾਰੀ ਵਰਗਾ। ਪੁਰਾਣੀਆਂ ਵਸਤਾਂ ਇਕੱਠੀਆਂ ਕਰਨ ਦਾ ਸ਼ੌਕੀਨ ਹੈ, ਬਿਨਾਂ ਭੇਦ-ਭਾਵ ਤੋਂ ਹਰ ਇੱਕ ਚੀਜ਼—ਚਾਹੇ ਜ਼ਰੂਰੀ ਹੋਵੇ ਜਾਂ ਨਾ—ਸਾਂਭ ਲੈਂਦਾ ਹੈ। ਭੋਜਨ ਦਾ ਵਰਣਨ ਕੁਝ ਇਸ ਤਰ੍ਹਾਂ ਕਰਦਾ ਹੈ ਜਿਵੇਂ ਕਦੇ ਕੁਝ ਚੰਗਾ ਖਾਣ ਨੂੰ ਹੀ ਨਾ ਮਿਲ਼ਿਆ ਹੋਵੇ। ਪਰ ਬਹੁਤ, ਬਹੁਤ ਹੀ ਦਿਲਚਸਪ ਬੰਦਾ ਹੈ।"

9

ਉਹ ਮੈਨੂੰ ਅਜਿਹੇ ਤੀਰਥ ਯਾਤਰੀ ਦੀ ਯਾਦ ਦਿਲਾਉਂਦੇ ਹਨ, ਜਿਹੜੇ ਹੱਥ ਵਿੱਚ ਡੰਡਾ ਫੜ ਕੇ ਸਾਰੀ ਜ਼ਿੰਦਗੀ ਧਰਤੀ ਮਾਪਦੇ ਰਹਿੰਦੇ ਹਨ, ਇੱਕ ਮੱਠ ਤੋਂ ਦੂਜੇ ਮੱਠ ਤੱਕ, ਇੱਕ ਸਮਾਧੀ ਤੋਂ ਦੂਜੀ ਸਮਾਧੀ ਤੱਕ ਜਾਦੇ ਹੋਏ ਹਜ਼ਾਰਾਂ ਕਿਲੋਮੀਟਰਾਂ ਦਾ ਪੈਂਡਾ ਮਾਰ ਛੱਡਦੇ ਹਨ, ਬਿਲਕੁਲ ਬੇਘਰੇ, ਹਰ ਚੀਜ਼ ਤੇ ਹਰ ਇੱਕ ਆਦਮੀ ਲਈ ਪੂਰੀ ਤਰ੍ਹਾਂ ਪਰਾਏ। ਇਹ ਦੁਨੀਆਂ ਉਹਨਾਂ ਲਈ ਨਹੀਂ ਸੀ, ਹੋਰ ਤਾਂ ਹੋਰ ਰੱਬ ਨਾਲ਼ ਵੀ ਉਹਨਾਂ ਨੂੰ ਕੋਈ ਲੈਣਾ ਦੇਣਾ ਨਹੀਂ ਸੀ। ਉਹ ਬਸ ਆਦਤਨ ਹੀ ਉਸਦਾ ਨਾਮ ਲੈਂਦੇ ਹਨ, ਪਰ ਆਪਣੇ ਦਿਲੋਂ ਉਸਨੂੰ ਨਫ਼ਰਤ ਕਰਦੇ ਹਨ—ਕਿਉਂ ਰੱਬ ਉਹਨਾਂ ਨੂੰ ਧਰਤੀ ਦੇ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਭਜਾਉਂਦਾ ਰਹਿੰਦਾ ਹੈ? ਉਹ ਲੋਕਾਂ ਨੂੰ ਰਾਹ ਵਿੱਚ ਪਏ ਖੁੰਢ, ਜੜ੍ਹਾਂ ਤੇ ਪੱਥਰ ਹੀ ਸਮਝਦੇ ਹਨ, ਜਿਹਨਾਂ ਤੋਂ ਆਦਮੀ ਠੋਕਰ ਖਾ ਸਕਦਾ ਹੈ ਅਤੇ ਕਦੇ-ਕਦੇ ਉਹਨਾਂ ਦੀ ਵਜ੍ਹਾ ਨਾਲ਼ ਦਰਦ ਵੀ ਸਹਿਣਾ ਪੈਂਦਾ ਹੈ। ਇਹਨਾਂ ਲੋਕਾਂ ਤੋਂ ਬਗੈਰ ਵੀ ਕੰਮ ਚੱਲ ਸਕਦਾ ਹੈ, ਪਰ ਕਦੇ-ਕਦੇ ਦੂਜੇ ਵਿਅਕਤੀ ਨੂੰ ਆਪਣੀ ਭਿੰਨਤਾ ਨਾਲ ਹੈਰਾਨ ਕਰਨਾ, ਉਸ ਨਾਲ਼ ਅਸਹਿਮਤੀ ਜ਼ਾਹਿਰ ਕਰਨਾ ਚੰਗਾ ਲੱਗਦਾ ਹੈ।

10

"ਮਹਾਨ ਫਰੈਡਰਿਕ ਨੇ ਇੱਕ ਬਹੁਤ ਹੀ ਹੁਸ਼ਿਆਰ ਗੱਲ ਆਖੀ ਸੀ: 'ਹਰ ਕਿਸੇ ਨੂੰ ਆਪਣੇ ਢੰਗ ਨਾਲ਼ ਆਪਣੀ ਆਤਮਾ ਦੀ ਰੱਖਿਆ ਕਰਨਾ ਚਾਹੀਦੀ ਹੈ।' ਅਤੇ ਇਹ ਉਹੀ ਸਖ਼ਸ਼ ਸੀ ਜਿਸਨੇ ਕਿਹਾ ਸੀ: 'ਤੁਹਾਨੂੰ ਜੋ ਪਸੰਦ ਹੈ, ਸੋਚੋ, ਪਰ ਆਗਿਆ ਦਾ ਪਾਲਣ ਕਰੋ।' ਮਰਦੇ ਸਮੇਂ ਉਸਨੇ ਮੰਨਿਆ: 'ਗ਼ੁਲਾਮਾਂ 'ਤੇ ਹੁਕਮ ਚਲਾਉਂਦੇ-ਚਲਾਉਂਦੇ ਮੈਂ ਅੱਕ ਗਿਆ ਹਾਂ।' ਅਖੌਤੀ ਮਹਾਨ ਲੋਕ ਹਮੇਸ਼ਾ ਹੀ ਸਵੈ-ਵਿਰੋਧੀ ਹੁੰਦੇ ਹਨ। ਉਹਨਾਂ ਦੀਆਂ ਹੋਰ ਬੇਵਕੂਫੀਆਂ ਦੇ ਨਾਲ਼ ਹੀ ਉਹਨਾਂ ਨੂੰ ਇਸ ਲਈ ਵੀ ਮਾਫ਼ ਕਰ ਦਿੱਤਾ ਜਾਂਦਾ ਹੈ। ਪਰ ਆਖਿਰਕਾਰ ਸਵੈ-ਵਿਰੋਧੀ ਹੋਣਾ ਮੂਰਖਤਾ ਨਹੀਂ ਹੁੰਦੀ। ਮੂਰਖ ਜ਼ਿੱਦੀ ਹੁੰਦਾ ਹੈ, ਪਰ ਉਹ ਕਦੇ ਵੀ ਆਪਣੀ ਹੀ ਗੱਲ ਦਾ ਖੰਡਨ ਨਹੀਂ ਕਰਦਾ। ਹਾਂ, ਫਰੈਡਰਿਕ ਬੜਾ ਹੀ ਅਜੀਬ ਆਦਮੀ ਸੀ—ਜਰਮਨ ਉਸਨੂੰ ਆਪਣਾ ਸਭ ਤੋਂ ਵਧੀਆ ਸਮਰਾਟ ਮੰਨਦੇ ਹਨ, ਪਰ ਫਿਰ ਵੀ ਉਹ ਉਸਨੂੰ ਬਰਦਾਸ਼ਤ ਨਹੀਂ ਕਰ ਸਕਦੇ ਸਨ, ਉਹ ਤਾਂ ਗੋਥੇ ਅਤੇ ਵਾਈਲੈਂਡ ਨੂੰ ਵੀ ਪਸੰਦ ਨਹੀਂ ਕਰਦੇ ਸਨ..."

11

"ਰੋਮਾਂਚਵਾਦ — ਸੱਚਾਈ ਨਾਲ਼ ਨਜ਼ਰਾਂ ਮਿਲਾਉਣ ਦੀ ਹਿੰਮਤ ਨਾ ਕਰਨਾ ਹੈ।" ਤਾਲਸਤਾਏ ਨੇ ਕੱਲ ਰਾਤ ਬਾਲਮੋਨਤ ਦੀਆਂ ਕਵਿਤਾਵਾਂ ਬਾਰੇ ਕਿਹਾ। ਸੁਲੇਰ ਉਹਨਾਂ ਨਾਲ਼ ਸਹਿਮਤ ਨਹੀਂ ਹੋਇਆ, ਅਤੇ ਉਤੇਜਨਾ ਨਾਲ਼ ਹਕਲ਼ਾਉਂਦਿਆਂ ਉਸਨੇ ਬੜੇ ਮਾਰਮਿਕ ਢੰਗ ਨਾਲ਼ ਕੁਝ ਹੋਰ ਕਵਿਤਾਵਾਂ ਸੁਣਾਈਆਂ।

"ਲਿਓਵੁਸ਼ਕਾ, ਇਹ ਕਵਿਤਾ ਨਹੀਂ ਹੈ, ਇਹ ਨੀਮ-ਹਕੀਮੀ ਹੈ, ਬਕਵਾਸ ਹੈ, ਸ਼ਬਦਾਂ ਦਾ ਅਰਥਹੀਣ ਜੋੜ-ਤੋੜ ਹੈ। ਕਵਿਤਾ ਤਾਂ ਬਨਾਵਟ ਤੋਂ ਬਿਨਾਂ ਹੁੰਦੀ ਹੈ। ਜਦੋਂ ਫ਼ੇਤ ਨੇ ਇਹ ਸਤਰਾਂ ਲਿਖੀਆਂ:

ਪਤਾ ਨਹੀਂ ਮੈਨੂੰ ਹਾਲੇ
ਮੈਂ ਅੱਗੇ ਕੀ ਗਾਵਾਂਗਾ,
ਪਰ ਗੀਤ ਮੇਰਾ ਤਾਂ ਮੇਰੇ
ਅੰਦਰ ਹੀ ਪਲ਼ਦਾ ਹੈ।

ਤਾਂ ਉਸਨੇ ਕਵਿਤਾ ਬਾਰੇ ਲੋਕਾਂ ਦੀਆਂ ਸੱਚੀਆਂ ਭਾਵਨਾਵਾਂ ਪ੍ਰਗਟ ਕੀਤੀਆਂ ਸਨ। ਕਿਸਾਨ ਵੀ ਨਹੀਂ ਜਾਣਦਾ ਹੁੰਦਾ ਕਿ ਉਹ ਕੀ ਗਾ ਰਿਹਾ ਹੈ; ਉਹ ਬਸ ਗਾਉਂਦਾ ਹੈ, ਆਹ! ਓਹੋ! ਆਹਾ! ਅਤੇ ਇੱਕ ਸੱਚਾ ਗੀਤ ਬਣ ਜਾਂਦਾ ਹੈ, ਜਿਹੜਾ ਪੰਛੀ ਦੇ ਗੀਤ ਵਾਂਗ ਸਿੱਧਾ ਧੁਰ ਅੰਦਰੋਂ ਨਿਕਲ਼ਦਾ ਹੈ। ਤੁਹਾਡੇ ਉਹ ਨਵੇਂ ਕਵੀ ਕੁਝ ਨਹੀਂ ਕਰਦੇ ਬਸ ਨਵੀਂਆਂ ਨਵੀਂਆਂ ਚੀਜ਼ਾਂ ਘੜਦੇ ਰਹਿੰਦੇ ਹਨ। 'ਪੈਰਿਸ ਦੀਆਂ ਚੀਜ਼ਾਂ' (*articles de Paris*) ਵਰਗੀਆਂ ਕੁਝ ਬੇਹੂਦਾ ਚੀਜ਼ਾਂ ਵੀ ਹੁੰਦੀਆਂ ਹਨ। ਤੁਹਾਡੇ ਇਹ ਤੁੱਕਬੰਦੀਆਂ ਕਰਨ ਵਾਲ਼ੇ ਕਵੀ ਬਸ ਅਜਿਹਾ

ਹੀ ਕੁਝ ਬਣਾਉਣ ਵਿੱਚ ਰੁੱਝੇ ਹੋਏ ਹਨ। ਨੇਕਰਾਸੋਵ ਨੇ ਵੀ ਅਜਿਹੀਆਂ ਹੀ ਘਟੀਆ ਕਵਿਤਾਵਾਂ ਘੜੀਆਂ ਹਨ।"

"ਬਰਾਂਜੇਰ ਬਾਰੇ ਤੁਸੀਂ ਕੀ ਕਹੋਗੇ ?" ਸੁਲੇਰ ਨੇ ਪੁੱਛਿਆ।

"ਬਰਾਂਜੇਰ ਦੀ ਗੱਲ ਹੋਰ ਹੈ। ਸਾਡੇ ਅਤੇ ਫਰਾਂਸੀਸੀਆਂ ਵਿੱਚ ਕਿਹੜੀ ਗੱਲ ਸਾਂਝੀ ਹੈ ? ਭੋਗਵਾਦੀ — ਉਹਨਾਂ ਲਈ ਆਤਮਿਕ ਜੀਵਨ ਐਨੀ ਅਹਿਮੀਅਤ ਨਹੀਂ ਰੱਖਦਾ ਜਿੰਨਾ ਕਿ ਸਰੀਰਕ ਜੀਵਨ। ਫਰਾਂਸੀਸੀਆਂ ਲਈ ਔਰਤ ਸਭ ਤੋਂ ਜ਼ਿਆਦਾ ਜ਼ਰੂਰੀ ਹੈ। ਉਹ ਹੰਢ ਚੁੱਕੇ ਤੇ ਜਰਜਰ ਲੋਕ ਹਨ। ਡਾਕਟਰਾਂ ਦਾ ਕਹਿਣਾ ਹੈ ਕਿ ਤਪਦਿਕ ਦੇ ਸਾਰੇ ਮਰੀਜ਼ ਤਿੱਖੀਆਂ ਕਾਮੁਕ ਬਿਰਤੀਆਂ ਵਾਲ਼ੇ ਹੁੰਦੇ ਹਨ।"

ਸੁਲੇਰ ਬਿਨਾਂ ਸੋਚੇ-ਸਮਝੇ, ਸ਼ਬਦਾਂ ਦਾ ਭੰਡਾਰ ਵਰਤਦਿਆਂ ਆਪਣੇ ਸੁਭਾਅ ਮੁਤਾਬਿਕ ਬੜੀ ਬੇਬਾਕੀ ਨਾਲ਼ ਬਹਿਸ ਕਰਨ ਲੱਗ ਪਿਆ। ਤਾਲਸਤਾਏ ਨੇ ਉਸ ਵੱਲ ਦੇਖਿਆ ਤੇ ਖੁੱਲ੍ਹ ਕੇ ਮੁਸਕਰਾਉਂਦਿਆਂ ਕਿਹਾ:

"ਤੂੰ ਤਾਂ ਅੱਜ ਅਜਿਹੀ ਕਿਸੇ ਕੁੜੀ ਵਾਂਗ ਖਿਝ ਰਿਹਾ ਹੈਂ ਜਿਸਦੀ ਵਿਆਹ ਕਰਨ ਦੀ ਉਮਰ ਹੋ ਗਈ ਹੋਵੇ ਪਰ ਕੋਈ ਢੁੱਕਵਾਂ ਵਰ ਨਾ ਮਿਲ਼ ਰਿਹਾ ਹੋਵੇ..."

12

ਬਿਮਾਰੀ ਨੇ ਉਹਨਾਂ ਨੂੰ ਪੂਰੀ ਤਰ੍ਹਾਂ ਨਿਚੋੜ ਦਿੱਤਾ ਸੀ, ਅੰਦਰੋਂ ਕੋਈ ਚੀਜ਼ ਸੁਆਹ ਕਰ ਦਿੱਤੀ ਸੀ, ਉਹ ਅੰਦਰੋਂ ਜਿਵੇਂ ਹਲਕੇ-ਫੁਲਕੇ, ਪਾਰਦਰਸ਼ੀ ਅਤੇ ਜੀਵਨ ਦੇ ਜ਼ਿਆਦਾ ਅਨੁਰੂਪ ਹੋ ਗਏ ਸਨ। ਅੱਖਾਂ ਪਹਿਲਾਂ ਨਾਲ਼ੋਂ ਜ਼ਿਆਦਾ ਤੇਜ਼ ਤੇ ਨਜ਼ਰ ਪਹਿਲਾਂ ਨਾਲ਼ੋਂ ਵਧੇਰੇ ਵਿੰਨ੍ਹਵੀਂ ਹੋ ਗਈ ਹੈ। ਬਹੁਤ ਧਿਆਨ ਨਾਲ਼ ਗੱਲ ਸੁਣਦੇ ਹਨ ਅਤੇ ਜਾਪਦਾ ਹੈ ਕਿ ਕੋਈ ਭੁੱਲੀ ਹੋਈ ਗੱਲ ਯਾਦ ਕਰਦੇ ਹੋਣ ਜਾਂ ਪੂਰੇ ਯਕੀਨ ਨਾਲ਼ ਨਵੀਂ ਤੇ ਹੁਣ ਤੱਕ ਅਗਿਆਤ ਕਿਸੇ ਚੀਜ਼ ਦੀ ਉਡੀਕ ਕਰਦੇ ਹੋਣ। ਯਾਸਨਾਇਆ ਪੋਲਿਆਨਾ ਵਿੱਚ ਉਹ ਮੈਨੂੰ ਅਜਿਹੇ ਵਿਅਕਤੀ ਵਰਗੇ ਜਾਪਦੇ ਸਨ ਜਿਸ ਨੂੰ ਸਭ ਕੁਝ ਪਤਾ ਹੋਵੇ, ਜਿਸ ਨੇ ਹੋਰ ਕਿਸੇ ਚੀਜ਼ ਬਾਰੇ ਕੁਝ ਵੀ ਨਾ ਜਾਨਣਾ ਹੋਵੇ ਅਤੇ ਜਿਸਨੂੰ ਸਾਰੇ ਸਵਾਲਾਂ ਦੇ ਜਵਾਬ ਮਿਲ਼ ਗਏ ਹੋਣ।

13

ਜੇ ਉਹ ਮੱਛੀ ਹੁੰਦੇ ਤਾਂ ਪੱਕੇ ਤੌਰ 'ਤੇ ਕੇਵਲ ਮਹਾਂਸਾਗਰਾਂ ਵਿੱਚ ਹੀ ਰਹਿੰਦੇ, ਕਦੇ ਵੀ ਸਮੁੰਦਰਾਂ, ਖਾਸ ਕਰਕੇ ਮਿੱਠੇ ਪਾਣੀ ਦੀਆਂ ਨਦੀਆਂ ਵਿੱਚ ਤਾਂ ਕਦੇ ਵੀ ਨਾ ਤੈਰਦੇ। ਇੱਥੇ ਉਹਨਾਂ ਦੇ ਆਲ਼ੇ-ਦੁਆਲ਼ੇ ਕਈ ਛੋਟੀਆਂ ਛੋਟੀਆਂ ਮੱਛੀਆਂ ਰਹਿ ਰਹੀਆਂ ਹਨ, ਤੇਜ਼ੀ ਨਾਲ਼ ਇੱਧਰ-ਓਧਰ ਤੈਰਦੀਆਂ ਹਨ। ਉਹ ਜੋ ਕੁਝ ਕਹਿੰਦੇ ਹਨ, ਉਹਨਾਂ ਮੱਛੀਆਂ ਨੂੰ ਉਸ ਵਿੱਚ ਕੋਈ ਦਿਲਚਸਪੀ ਨਹੀਂ ਹੈ, ਉਹਨਾਂ ਨੂੰ ਉਸਦੀ ਕੋਈ ਲੋੜ ਨਹੀਂ ਹੈ, ਉਹਨਾਂ ਦੀ ਚੁੱਪ ਨਾਲ਼ ਉਹਨਾਂ ਮੱਛੀਆਂ ਵਿੱਚ ਭੈਅ ਜਾਂ ਕਿਸੇ ਤਰ੍ਹਾਂ ਦੀ ਵੀ ਕੋਈ ਹਲਚਲ ਨਹੀਂ ਹੁੰਦੀ। ਅਤੇ ਉਹ ਬਹੁਤ ਹੀ ਅਸਰਦਾਇਕ ਤੇ ਢੁੱਕਵੇਂ ਤਰੀਕੇ ਨਾਲ਼ ਚੁੱਪ ਰਹਿਣਾ ਜਾਣਦੇ ਹਨ, ਬਿਲਕੁਲ

ਕਿਸੇ ਤਪੱਸਵੀ ਵਾਂਗ। ਇਹ ਸੱਚ ਹੈ ਕਿ ਉਹ ਉਹਨਾਂ ਵਿਸ਼ਿਆਂ ਬਾਰੇ ਕਾਫੀ ਗੱਲਬਾਤ ਕਰਦੇ ਹਨ ਜਿਹੜੇ ਉਹਨਾਂ ਦੇ ਮਨ 'ਤੇ ਛਾਏ ਹੋਏ ਹਨ, ਪਰ ਤਾਂ ਵੀ ਇੰਝ ਮਹਿਸੂਸ ਹੁੰਦਾ ਹੈ ਕਿ ਅਜੇ ਵੀ ਅਜਿਹਾ ਬਹੁਤ ਕੁਝ ਹੈ ਜੋ ਉਹ ਕਹਿੰਦੇ ਨਹੀਂ ਹਨ। ਕੁਝ ਅਜਿਹੀਆਂ ਗੱਲਾਂ ਹਨ ਜਿਹੜੀਆਂ ਉਹ ਕਿਸੇ ਨਾਲ਼ ਵੀ ਨਹੀਂ ਕਰ ਸਕਦੇ। ਸ਼ਾਇਦ ਉਹਨਾਂ ਦੇ ਮਨ ਵਿੱਚ ਕੁਝ ਅਜਿਹੇ ਵਿਚਾਰ ਹਨ ਜਿਹਨਾਂ ਤੋਂ ਉਹ ਡਰਦੇ ਹਨ।

14

ਕਿਸੇ ਨੇ ਉਹਨਾਂ ਨੂੰ ਈਸਾ ਮਸੀਹ ਦੇ ਧਰਮ-ਪੁੱਤਰ ਦੇ ਕਿੱਸੇ ਦਾ ਇੱਕ ਬਹੁਤ ਵਧੀਆ ਅਨੁਵਾਦ ਭੇਜਿਆ। ਉਹਨਾਂ ਨੇ ਬੜੇ ਰਸ ਨਾਲ਼ ਸੁਲੇਰ ਤੇ ਚੈਖ਼ਵ ਨੂੰ ਇਹ ਕਹਾਣੀ ਪੜ੍ਹ ਕੇ ਸੁਣਾਈ—ਬਹੁਤ ਹੀ ਅਦਭੁੱਤ ਢੰਗ ਨਾਲ਼ ਪੜ੍ਹਿਆ! ਉਹਨਾਂ ਨੂੰ ਖਾਸ ਕਰਕੇ ਇਹ ਗੱਲ ਬੜੀ ਦਿਲਚਸਪ ਲੱਗੀ ਕਿ ਸ਼ੈਤਾਨ ਕਿਵੇਂ ਜਿਮੀਂਦਾਰਾਂ ਨੂੰ ਤੰਗ ਕਰਦਾ ਹੈ, ਪਰ ਇਸ ਵਿੱਚ ਕੁਝ ਅਜਿਹਾ ਸੀ ਜਿਹੜਾ ਮੈਨੂੰ ਬਿਲਕੁਲ ਹੀ ਪਸੰਦ ਨਹੀਂ ਆਇਆ। ਉਹ ਅਸੁਹਿਰਦਤਾ ਨਾਲ਼ ਪੇਸ਼ ਆਉਣ ਵਾਲ਼ੇ ਨਹੀਂ ਹਨ, ਪਰ ਜੇ ਇਹ ਸੁਹਿਰਦਤਾ ਸੀ ਤਾਂ ਹੋਰ ਵੀ ਮਾੜੀ ਗੱਲ ਹੈ।

ਬਾਅਦ 'ਚ ਉਹਨਾਂ ਨੇ ਕਿਹਾ:

"ਦੇਖਿਆ, ਕਿਸਾਨ ਕਿਵੇਂ ਵਧੀਆ ਢੰਗ ਨਾਲ਼ ਕਹਾਣੀਆਂ ਬਣਾਉਂਦੇ ਹਨ। ਹਰ ਇੱਕ ਚੀਜ਼ ਕਿੰਨੀ ਸਿੱਧੀ-ਸਾਦੀ ਹੈ, ਥੋੜੇ ਜਿਹੇ ਸ਼ਬਦ, ਤੇ ਭਰਪੂਰ ਭਾਵਨਾਵਾਂ। ਸੱਚੀ ਸਿਆਣਪ ਕੁਝ ਹੀ ਸ਼ਬਦਾਂ ਵਿੱਚ ਹੁੰਦੀ ਹੈ, ਜਿਵੇਂ ਕਿ 'ਹੇ ਰੱਬਾ, ਸਾਡੇ 'ਤੇ ਤਰਸ ਕਰ।'

ਪਰ ਇਹ ਕਹਾਣੀ ਬੜੀ ਨਿਰਦਈ ਜਿਹੀ ਸੀ।

15

ਮੇਰੇ ਵਿੱਚ ਉਹਨਾਂ ਦੀ ਦਿਲਚਸਪੀ ਨਸਲ-ਸ਼ਾਸਤਰ ਵਾਲ਼ੀ ਦਿਲਚਸਪੀ ਸੀ। ਉਹਨਾਂ ਦੀ ਨਜ਼ਰ ਵਿੱਚ ਮੈਂ ਇੱਕ ਅਜਿਹੇ ਕਬੀਲੇ ਦਾ ਆਦਮੀ ਹਾਂ, ਜਿਸ ਬਾਰੇ ਉਹ ਬਹੁਤ ਹੀ ਘੱਟ ਜਾਣਦੇ ਹਨ। ਹੋਰ ਕੁਝ ਨਹੀਂ।

16

ਮੈਂ ਉਹਨਾਂ ਨੂੰ ਆਪਣੀ ਕਹਾਣੀ 'ਸਾਨ੍ਹ' ਪੜ੍ਹ ਕੇ ਸੁਣਾਈ। ਉਹ ਬਹੁਤ ਹੱਸੇ ਅਤੇ ਇਸ ਗੱਲ ਲਈ ਮੇਰੀ ਤਾਰੀਫ ਕੀਤੀ ਕਿ ਮੈਂ "ਭਾਸ਼ਾ ਦੀ ਜਾਦੂਗਰੀ" ਜਾਣਦਾ ਹਾਂ।

"ਪਰ ਤੁਸੀਂ ਸ਼ਬਦਾਂ ਨੂੰ ਵਰਤਣਾ ਨਹੀਂ ਜਾਣਦੇ, ਤੁਹਾਡੇ ਸਾਰੇ ਕਿਸਾਨ ਬੜੀ ਸਿਆਣਪ ਨਾਲ਼ ਗੱਲਾਂ ਕਰਦੇ ਹਨ, ਜਦਕਿ ਅਸਲ ਜੀਵਨ ਵਿੱਚ ਉਹ ਮੂਰਖਤਾਪੂਰਨ ਤੇ ਅਟਪਟੇ ਢੰਗ ਨਾਲ਼ ਗੱਲਾਂ ਕਰਦੇ ਹਨ, ਓਪਰੀ ਨਜ਼ਰੇ ਤਾਂ ਤੁਸੀਂ ਦੱਸ ਹੀ ਨਹੀਂ ਸਕਦੇ ਕਿ ਉਹ ਕੀ ਕਹਿਣਾ ਚਾਹੁੰਦੇ ਹਨ। ਉਹ ਜਾਣ-ਬੁੱਝ ਕੇ ਏਦਾਂ ਕਰਦੇ ਹਨ। ਉਹਨਾਂ ਦੇ ਸ਼ਬਦਾਂ ਦੀ ਮੂਰਖਤਾ ਪਿੱਛੇ

ਹਮੇਸ਼ਾ ਇਹ ਇੱਛਾ ਲੁਕੀ ਰਹਿੰਦੀ ਹੈ ਕਿ ਦੂਜੇ ਬੰਦੇ ਨੂੰ ਆਪਣੇ ਦਿਲ ਦੀ ਗੱਲ ਕਹਿ ਲੈਣ ਦਿੱਤੀ ਜਾਵੇ। ਇੱਕ ਸੱਚਾ ਕਿਸਾਨ ਕਦੇ ਵੀ ਐਨੀ ਸਾਦਗੀ ਨਾਲ਼ ਆਪਣਾ ਦਿਲ ਖੋਲ੍ਹ ਕੇ ਨਹੀਂ ਦਿਖਾਉਂਦਾ, ਇਹ ਉਸਦੇ ਹਿੱਤ ਵਿੱਚ ਨਹੀਂ ਹੁੰਦਾ। ਉਹ ਜਾਣਦਾ ਹੈ ਕਿ ਮੂਰਖ ਬੰਦੇ ਨਾਲ਼ ਲੋਕ ਸਿੱਧੇ-ਸਾਦੇ ਢੰਗ ਨਾਲ਼, ਬਿਨਾਂ ਕਿਸੇ ਚਲਾਕੀ ਤੋਂ ਪੇਸ਼ ਆਉਂਦੇ ਹਨ, ਅਤੇ ਉਸਨੂੰ ਇਹੀ ਤਾਂ ਚਾਹੀਦਾ ਹੈ! ਤੁਸੀਂ ਉਸਦੇ ਸਾਹਮਣੇ ਪੂਰੀ ਤਰ੍ਹਾਂ ਖੁੱਲ੍ਹ ਜਾਂਦੇ ਹੋ ਤੇ ਉਹ ਉਸੇ ਪਲ ਤੁਹਾਡੀਆਂ ਸਾਰੀਆਂ ਕਮਜ਼ੋਰੀਆਂ ਭਾਂਪ ਲੈਂਦਾ ਹੈ। ਕਿਸਾਨ ਕਿਸੇ 'ਤੇ ਭਰੋਸਾ ਨਹੀਂ ਕਰਦਾ, ਇੱਥੋਂ ਤੱਕ ਕਿ ਆਪਣੀ ਪਤਨੀ ਨੂੰ ਵੀ ਆਪਣੇ ਦਿਲ ਦੀਆਂ ਗੱਲਾਂ ਦੱਸਦਿਆਂ ਡਰਦਾ ਹੈ। ਪਰ ਤੁਹਾਡੀਆਂ ਕਹਾਣੀਆਂ ਵਿੱਚ ਸਭ ਕੁਝ ਬਹੁਤ ਹੀ ਸਿੱਧਾ-ਸਾਦਾ ਹੈ, ਤੁਹਾਡੀ ਹਰ ਕਹਾਣੀ ਵਿੱਚ ਸਮਝਦਾਰੀ ਦਾ ਦਾਅਵਾ ਕਰਨ ਵਾਲ਼ੇ ਮੂਰਖਾਂ ਦੀ ਪੂਰੀ ਭੀੜ ਹੈ। ਉਹ ਸਾਰੇ ਸੂਤਰਾਂ (aphorisms) ਵਿੱਚ ਗੱਲਾਂ ਕਰਦੇ ਹਨ, ਅਤੇ ਇਹ ਵੀ ਠੀਕ ਨਹੀਂ ਹੈ—ਸੂਤਰ ਰੂਸੀ ਭਾਸ਼ਾ ਦੇ ਸੁਭਾਅ ਨਾਲ਼ ਮੇਲ਼ ਨਹੀਂ ਖਾਂਦੇ।"

"ਪਰ ਅਖਾਣ ਤੇ ਕਹਾਵਤਾਂ?"

"ਉਹਨਾਂ ਦੀ ਗੱਲ ਹੋਰ ਹੈ। ਉਹ ਕਿਹੜਾ ਫਿਰ ਅੱਜ ਬਣੀਆਂ ਨੇ।"

"ਤੁਸੀਂ ਖੁਦ ਵੀ ਤਾਂ ਅਕਸਰ ਸੂਤਰਾਂ 'ਚ ਗੱਲ ਕਰਦੇ ਹੋ।"

"ਕਦੇ ਵੀ ਨਹੀਂ! ਅਤੇ ਫਿਰ ਤੁਸੀਂ ਹਰ ਇੱਕ ਚੀਜ਼ ਨੂੰ ਸਜਾਉਣ ਦੀ ਕੋਸ਼ਿਸ਼ ਕਰਦੇ ਹੋ—ਲੋਕਾਂ ਨੂੰ ਅਤੇ ਕੁਦਰਤ ਨੂੰ, ਖਾਸ ਕਰਕੇ ਲੋਕਾਂ ਨੂੰ। ਲੇਸਕੋਵ ਵੀ ਇੰਝ ਹੀ ਕਰਦੇ ਸਨ, ਉਹ ਬਹੁਤ ਅਡੰਬਰਪੂਰਨ ਤੇ ਅਟਪਟੀ ਸ਼ੈਲੀ ਵਿੱਚ ਲਿਖਦੇ ਸਨ, ਲੋਕਾਂ ਨੇ ਕਾਫ਼ੀ ਅਰਸੇ ਤੋਂ ਉਹਨਾਂ ਨੂੰ ਪੜ੍ਹਨਾ ਛੱਡਿਆ ਹੋਇਆ ਹੈ। ਕਿਸੇ ਦਾ ਪ੍ਰਭਾਵ ਨਾ ਕਬੂਲੋ, ਕਿਸੇ ਤੋਂ ਨਾ ਡਰੋ—ਫਿਰ ਤੁਸੀਂ ਵਧੀਆ ਲਿਖਣ ਲੱਗ ਪਓਗੇ..."

17

ਉਹਨਾਂ ਦੀ ਡਾਇਰੀ ਵਿੱਚ, ਜਿਹੜੀ ਉਹਨਾਂ ਨੇ ਮੈਨੂੰ ਪੜ੍ਹਨ ਲਈ ਦਿੱਤੀ ਸੀ, ਮੈਂ ਇੱਕ ਅਜੀਬ ਜਿਹੀ ਗੱਲ ਲਿਖੀ ਦੇਖ ਕੇ ਹੈਰਾਨ ਰਹਿ ਗਿਆ: "ਰੱਬ ਹੀ ਮੇਰੀ ਅਭਿਲਾਸ਼ਾ ਹੈ।"

ਅੱਜ ਜਦੋਂ ਮੈਂ ਇਹ ਡਾਇਰੀ ਉਹਨਾਂ ਨੂੰ ਵਾਪਿਸ ਕੀਤੀ ਤਾਂ ਇਸਦਾ ਮਤਲਬ ਪੁੱਛਿਆ।

"ਅਧੂਰਾ ਵਿਚਾਰ ਹੈ," ਉਹਨਾਂ ਨੇ ਅੱਖਾਂ ਸਿਕੋੜ ਕੇ ਇਸ ਸਫ਼ੇ ਨੂੰ ਧਿਆਨ ਨਾਲ਼ ਦੇਖਦੇ ਹੋਏ ਕਿਹਾ। "ਮੈਂ ਜ਼ਰੂਰ ਹੀ ਇਹ ਕਹਿਣਾ ਚਾਹਿਆ ਹੋਵੇਗਾ—ਰੱਬ ਨੂੰ ਸਮਝਣਾ ਹੀ ਮੇਰੀ ਅਭਿਲਾਸ਼ਾ ਹੈ... ਨਹੀਂ, ਇਹ ਨਹੀਂ..." ਉਹ ਹੱਸ ਪਏ ਅਤੇ ਉਹਨਾਂ ਨੇ ਡਾਇਰੀ ਨੂੰ ਰੋਲ ਕਰਕੇ ਆਪਣੇ ਕੁੜਤੇ ਦੀ ਵੱਡੀ ਜੇਬ੍ਹ ਵਿੱਚ ਪਾ ਲਿਆ। ਰੱਬ ਨਾਲ਼ ਉਹਨਾਂ ਦੇ ਬੜੇ ਅਸਪਸ਼ਟ ਜਿਹੇ ਸਬੰਧ ਹਨ, ਪਰ ਕਦੇ ਕਦੇ ਉਹ ਮੈਨੂੰ 'ਇੱਕ ਮਿਆਨ ਵਿੱਚ ਦੋ ਤਲਵਾਰਾਂ' ਦੇ ਸਬੰਧ ਦੀ ਯਾਦ ਦਿਲਾਉਂਦੇ ਹਨ।

18

ਵਿਗਿਆਨ ਬਾਰੇ।

"ਵਿਗਿਆਨ ਇੱਕ ਧੋਖੇਬਾਜ਼ ਕੀਮੀਆਗਰ ਦੀ ਤਿਆਰ ਕੀਤੀ ਹੋਈ ਸੋਨੇ ਦੀ ਇੱਟ ਹੈ। ਤੁਸੀਂ ਇਸਨੂੰ ਸਰਲ ਬਣਾਉਣਾ ਚਾਹੁੰਦੇ ਹੋ, ਹਰ ਕਿਸੇ ਦੇ ਸਮਝ ਆਉਣ ਵਾਲ਼ਾ ਬਣਾਉਣਾ ਚਾਹੁੰਦੇ ਹੋ—ਦੂਜੇ ਸ਼ਬਦਾਂ ਵਿੱਚ, ਇਸਤੋਂ ਜਾਅਲੀ ਸਿੱਕੇ ਬਣਾਉਣਾ ਚਾਹੁੰਦੇ ਹੋ। ਜਦੋਂ ਲੋਕਾਂ ਨੂੰ ਇਸ ਸਿੱਕੇ ਦੀ ਅਸਲ ਕੀਮਤ ਦਾ ਪਤਾ ਚੱਲੇਗਾ ਤਾਂ ਉਹ ਤੁਹਾਨੂੰ ਇਸ ਲਈ ਧੰਨਵਾਦ ਵੀ ਨਹੀਂ ਕਹਿਣਗੇ।"

19

ਅਸੀਂ ਯੂਸੂਪੋਵ ਪਾਰਕ ਵਿੱਚ ਘੁੰਮ ਰਹੇ ਸੀ। ਉਹ ਮਾਸਕੋ ਦੇ ਕੁਲੀਨਾਂ ਦੀ ਨੈਤਿਕਤਾ ਦਾ ਬਹੁਤ ਹੀ ਖ਼ੂਬਸੂਰਤ ਵਰਣਨ ਕਰ ਰਹੇ ਸਨ। ਇੱਕ ਹੱਟੀ-ਕੱਟੀ ਰੂਸੀ ਔਰਤ ਲਗਭਗ ਦੂਹਰੀ ਹੋ ਕੇ ਫੁੱਲਾਂ ਦੀ ਇੱਕ ਕਿਆਰੀ ਵਿੱਚ ਕੰਮ ਕਰ ਰਹੀ ਸੀ ਅਤੇ ਇੰਜ ਉਸਦੀਆਂ ਹਾਥਣੀ ਵਰਗੀਆਂ ਮੋਟੀਆਂ ਮੋਟੀਆਂ ਲੱਤਾਂ ਨੰਗੀਆਂ ਹੋ ਰਹੀਆਂ ਸਨ ਅਤੇ ਬਹੁਤ ਹੀ ਭਾਰੀਆਂ ਛਾਤੀਆਂ ਹਿਲ-ਜੁੱਲ ਰਹੀਆਂ ਸਨ। ਉਹ ਉਸਨੂੰ ਬਹੁਤ ਧਿਆਨ ਨਾਲ਼ ਦੇਖਦੇ ਰਹੇ।

"ਕੁਲੀਨਾਂ ਦੀ ਸਾਰੀ ਸ਼ਾਨੋ-ਸ਼ੌਕਤ ਅਤੇ ਉਹਨਾਂ ਦੀਆਂ ਸਾਰੀਆਂ ਸਨਕਾਂ ਦਾ ਆਧਾਰ ਇਸੇ ਤਰ੍ਹਾਂ ਦੇ ਸੁੰਦਰੀ-ਥੰਮ੍ਹ ਸਨ। ਕਿਸਾਨ ਅਤੇ ਉਹਨਾਂ ਦੀਆਂ ਔਰਤਾਂ ਦੀ ਕਿਰਤ ਹੀ ਨਹੀਂ, ਉਹਨਾਂ ਦੁਆਰਾ ਦਿੱਤਾ ਜਾਣ ਵਾਲ਼ਾ ਲਗਾਨ ਹੀ ਨਹੀਂ, ਸਗੋਂ ਸੱਚੇ ਅਰਥਾਂ ਵਿੱਚ ਲੋਕਾਂ ਦਾ ਖ਼ੂਨ ਹੀ ਉਹ ਅਧਾਰ ਸੀ। ਜੇ ਕੁਲੀਨ ਸਮੇਂ ਸਮੇਂ 'ਤੇ ਅਜਿਹੀਆਂ ਸਿਹਤਮੰਦ ਔਰਤਾਂ ਨਾਲ਼ ਆਪਣਾ ਖ਼ੂਨ ਨਾ ਮਿਲਾਉਂਦੇ ਤਾਂ ਉਹ ਕਦੋਂ ਦੇ ਖਤਮ ਹੋ ਚੁੱਕੇ ਹੁੰਦੇ। ਤਾਕਤ ਨੂੰ ਕਦੇ ਵੀ ਬਿਨਾਂ ਹਰਜਾਨਾ ਭਰਿਆਂ ਖਰਚ ਨਹੀਂ ਕੀਤਾ ਜਾ ਸਕਦਾ, ਜਿਵੇਂ ਕਿ ਸਾਡੇ ਸਮੇਂ ਦੇ ਨੌਜਵਾਨ ਕਰਦੇ ਹੁੰਦੇ ਸਨ। ਪਰ ਆਪਣੇ ਜੰਗਲ਼ੀ ਕੰਡੇ ਬੀਜਣ ਤੋਂ ਬਾਅਦ ਉਹਨਾਂ ਵਿੱਚੋਂ ਕਈਆਂ ਨੇ ਆਪਣੇ ਕਿਸਾਨਾਂ ਦੀਆਂ ਕੁੜੀਆਂ ਨਾਲ਼ ਵਿਆਹ ਕਰ ਲਏ ਅਤੇ ਉਹਨਾਂ ਦੀਆਂ ਬਹੁਤ ਚੰਗੀਆਂ ਔਲਾਦਾਂ ਪੈਦਾ ਹੋਈਆਂ। ਤਾਂ ਇਸ ਮਾਮਲੇ ਵਿੱਚ ਵੀ ਕਿਸਾਨ ਦੀ ਤਾਕਤ ਨੇ ਹੀ ਉਹਨਾਂ ਨੂੰ ਬਚਾਇਆ। ਹਰ ਥਾਂ ਇਹ ਸਾਡੇ ਕੰਮ ਆਉਂਦੀ ਹੈ। ਅੱਧੀ ਪੀੜ੍ਹੀ ਹਮੇਸ਼ਾ ਹੀ ਆਪਣੀ ਤਾਕਤ ਆਪਣੀਆਂ ਰੰਗਰਲੀਆਂ 'ਤੇ ਖਰਚ ਕਰਦੀ ਹੈ ਅਤੇ ਬਾਕੀ ਅੱਧੀ ਪਿੰਡਾਂ ਦੇ ਗਾੜ੍ਹੇ ਖ਼ੂਨ ਨਾਲ਼ ਆਪਣਾ ਖ਼ੂਨ ਮਿਲਾਉਂਦੀ ਹੈ, ਤਾਂ ਕਿ ਉਸਨੂੰ ਵੀ ਥੋੜਾ ਪਤਲਾ ਕਰ ਸਕੇ। ਨਸਲਾਂ ਲਈ ਇਹ ਲਾਹੇਵੰਦ ਹੈ।"

20

ਫ਼ਰਾਂਸੀਸੀ ਨਾਵਲਕਾਰਾਂ ਵਾਂਗ ਉਹ ਔਰਤਾਂ ਬਾਰੇ ਬਹੁਤ ਚਾਅ ਨਾਲ਼ ਗੱਲਬਾਤ ਕਰਦੇ ਹਨ, ਪਰ ਰੂਸੀ ਕਿਸਾਨਾਂ ਦੇ ਅਜਿਹੇ ਅਸ਼ਲੀਲ ਢੰਗ ਨਾਲ਼ ਜਿਹੜਾ ਕਿ ਪਹਿਲਾਂ ਮੈਨੂੰ ਬਹੁਤ ਬੁਰਾ ਲੱਗਦਾ ਸੀ। ਬਦਾਮਾਂ ਦੇ ਰੁੱਖਾਂ ਹੇਠ ਘੁੰਮਦਿਆਂ ਅੱਜ ਉਹਨਾਂ ਨੇ ਚੈਖ਼ਵ ਨੂੰ ਪੁੱਛਿਆ:

"ਆਪਣੀ ਜਵਾਨੀ ਵੇਲ਼ੇ ਕੀ ਤੁਸੀਂ ਬਹੁਤ ਅੱਯਾਸ਼ ਹੁੰਦੇ ਸੀ ?"

ਚੈਖ਼ਵ ਝੇਪੂ ਜਿਹੇ ਢੰਗ ਨਾਲ਼ ਮੁਸਕਰਾਏ ਅਤੇ ਆਪਣੀ ਦਾੜ੍ਹੀ ਨੂੰ ਛੇੜਦੇ ਹੋਏ ਉਹਨਾਂ ਨੇ ਮੂੰਹ ਵਿੱਚ ਹੀ ਕੁਝ ਕਿਹਾ। ਪਰ ਤਾਲਸਤਾਏ ਨੇ ਦੂਰ ਸਮੁੰਦਰ ਵੱਲ ਵੇਖਦਿਆਂ ਮੰਨਿਆ: "ਮੈਂ ਤਾਂ ਬਹੁਤ ਸੀ..."

ਉਹਨਾਂ ਨੇ ਵਾਕ ਦੇ ਅੰਤ ਵਿੱਚ ਇੱਕ ਗੰਦਾ ਪੇਂਡੂ ਸ਼ਬਦ ਵਰਤਦੇ ਹੋਏ ਬੜੇ ਦੁਖੀ ਮਨ ਨਾਲ਼ ਇਹ ਗੱਲ ਕਹੀ। ਅਤੇ ਮੈਂ ਉਦੋਂ ਪਹਿਲੀ ਵਾਰ ਇਸ ਗੱਲ 'ਤੇ ਧਿਆਨ ਦਿੱਤਾ ਕਿ ਉਹਨਾਂ ਨੇ ਕਿੰਨੀ ਸਰਲਤਾ ਨਾਲ਼ ਇਹ ਸ਼ਬਦ ਕਿਹਾ ਸੀ ਜਿਵੇਂ ਕਿ ਇਸਦੀ ਥਾਂ ਕੋਈ ਹੋਰ ਢੁੱਕਵਾਂ ਸ਼ਬਦ ਉਹਨਾਂ ਨੂੰ ਪਤਾ ਹੀ ਨਾ ਹੋਵੇ। ਦਾੜ੍ਹੀ-ਮੁੱਛਾਂ ਵਿੱਚ ਘਿਰੇ ਹੋਏ ਉਹਨਾਂ ਦੇ ਬੁੱਲ੍ਹਾਂ ਵਿੱਚੋਂ ਅਜਿਹੇ ਸ਼ਬਦ ਬਹੁਤ ਹੀ ਸਧਾਰਨ ਅਤੇ ਮਾਮੂਲੀ ਜਿਹੇ ਜਾਪਦੇ ਹਨ, ਫ਼ੌਜੀਆਂ ਵਾਲ਼ੀ ਆਪਣੀ ਅਸ਼ਲੀਲਤਾ ਅਤੇ ਗੰਦਗੀ ਤਾਂ ਜਿਵੇਂ ਅੱਧ-ਵਿਚਾਲੇ ਹੀ ਗੁਆ ਦਿੰਦੇ ਸਨ। ਮੈਨੂੰ ਉਹਨਾਂ ਨਾਲ਼ ਆਪਣੀ ਪਹਿਲੀ ਮੁਲਾਕਾਤ ਅਤੇ 'ਵਾਰੇਨਕਾ ਓਲੇਸੋਵਾ' ਅਤੇ 'ਛੱਬੀ ਮਰਦ ਤੇ ਇੱਕ ਕੁੜੀ' ਕਹਾਣੀਆਂ ਬਾਰੇ ਉਸ ਸਮੇਂ ਹੋਈ ਗੱਲਬਾਤ ਦਾ ਚੇਤਾ ਆਉਂਦਾ ਹੈ। ਸਧਾਰਨ ਨਜ਼ਰ ਤੋਂ ਦੇਖੀਏ ਤਾਂ ਉਹਨਾਂ ਦੀ ਉਹ ਸਾਰੀ ਚਰਚਾ 'ਅਸ਼ਲੀਲ ਸ਼ਬਦ-ਪ੍ਰਵਾਹ' ਸੀ। ਮੈਨੂੰ ਬੜੀ ਸੰਗ ਜਿਹੀ ਲੱਗੀ ਅਤੇ ਇੱਥੋਂ ਤੱਕ ਕਿ ਬੁਰਾ ਵੀ ਲੱਗਿਆ। ਮੈਨੂੰ ਜਾਪਿਆ ਕਿ ਉਹ ਮੈਨੂੰ ਕੋਈ ਹੋਰ ਭਾਸ਼ਾ ਸਮਝਣ ਦੇ ਲਾਇਕ ਹੀ ਨਹੀਂ ਮੰਨਦੇ। ਹੁਣ ਮੈਨੂੰ ਸਮਝ ਆਇਆ ਕਿ ਮੇਰਾ ਉਦੋਂ ਬੁਰਾ ਮਨਾਉਣਾ ਗਲਤ ਸੀ।

21

ਉਹ ਸਰੂ ਦੇ ਰੁੱਖ ਹੇਠਾਂ ਪੱਥਰ ਦੇ ਬੈਂਚ 'ਤੇ ਬੈਠੇ ਸਨ, ਦੁਬਲੇ-ਪਤਲੇ, ਛੋਟੇ ਜਿਹੇ, ਪੀਲ਼ੇ-ਭੂਕ, ਅਤੇ ਫਿਰ ਵੀ ਸਾਬਾਓਥ ਦੇਵਤੇ ਵਰਗੇ ਜਾਪਦੇ ਸਨ। ਉਹ ਕੁਝ ਥੱਕੇ ਜਿਹੇ ਲੱਗ ਰਹੇ ਸਨ ਅਤੇ ਫਿੰਚ ਚਿੜੀ ਦੀ ਨਕਲ ਕਰਦਿਆਂ ਸੀਟੀ ਵਜਾ ਕੇ ਆਪਣਾ ਮਨ ਦੂਜੇ ਪਾਸੇ ਲਾਉਣ ਦਾ ਯਤਨ ਕਰ ਰਹੇ ਸਨ। ਚਿੜੀ ਸੰਘਣੀਆਂ ਹਰੀਆਂ ਝਾੜੀਆਂ ਵਿੱਚ ਆਪਣਾ ਗੀਤ ਗਾ ਰਹੀ ਸੀ, ਅਤੇ ਤਾਲਸਤਾਏ ਆਪਣੀਆਂ ਛੋਟੀਆਂ ਛੋਟੀਆਂ ਅੱਖਾਂ ਸੁੰਗੇੜ ਕੇ ਪੱਤਿਆਂ ਵਿੱਚੋਂ ਉਸ ਵੱਲ ਝਾਤੀ ਮਾਰ ਰਹੇ ਸਨ ਤੇ ਬੱਚਿਆਂ ਵਾਂਗ ਆਪਣੇ ਬੁੱਲ੍ਹ ਗੋਲ ਕਰਕੇ ਬੇਸੁਰੀ ਜਿਹੀ ਸੀਟੀ ਵਜਾ ਰਹੇ ਸਨ।

"ਇਹ ਛੋਟੀ ਜਿਹੀ ਸ਼ੈਅ ਕਿਵੇਂ ਜ਼ੋਰ-ਸ਼ੋਰ ਨਾਲ਼ ਆਪਣੇ ਕੰਮ ਵਿੱਚ ਰੁੱਝੀ ਹੋਈ ਹੈ! ਜ਼ਰਾ ਸੁਣੋ ਤਾਂ ਸਹੀ! ਕਿਹੜਾ ਪੰਛੀ ਹੈ ਇਹ ?"

ਮੈਂ ਉਹਨਾਂ ਨੂੰ ਫਿੰਚ ਚਿੜੀ ਬਾਰੇ ਤੇ ਇਹਨਾਂ ਪੰਛੀਆਂ ਦੇ ਈਰਖਾਲੂ ਸੁਭਾਅ ਬਾਰੇ ਦੱਸਿਆ।

"ਸਾਰੀ ਜ਼ਿੰਦਗੀ ਇੱਕ ਹੀ ਗੀਤ ਅਤੇ ਫਿਰ ਵੀ ਈਰਖਾ! ਮਨੁੱਖ ਦੇ ਦਿਲ ਵਿੱਚ ਸੈਂਕੜੇ ਗੀਤ ਹਨ, ਅਤੇ ਫਿਰ ਵੀ ਈਰਖਾ ਕਰਨ ਲਈ ਉਸਨੂੰ ਦੋਸ਼ ਦਿੱਤਾ ਜਾਂਦਾ ਹੈ—ਕੀ ਇਹ ਨਿਆਂਸੰਗਤ ਹੈ ?" ਉਹਨਾਂ ਨੇ ਸੋਚ ਵਿੱਚ ਡੁੱਬਦੇ ਹੋਏ ਜਿਵੇਂ ਆਪਣੇ ਆਪ ਨੂੰ ਹੀ ਪੁੱਛਿਆ।

"ਅਜਿਹੇ ਪਲ ਵੀ ਹੁੰਦੇ ਹਨ ਜਦੋਂ ਆਦਮੀ ਕਿਸੇ ਔਰਤ ਨੂੰ ਆਪਣੇ ਬਾਰੇ ਉਸ ਤੋਂ ਕਿਤੇ ਜ਼ਿਆਦਾ ਦੱਸ ਬੈਠਦਾ ਹੈ ਜਿੰਨਾ ਕਿ ਉਸ ਔਰਤ ਨੂੰ ਉਸ ਆਦਮੀ ਬਾਰੇ ਜਾਨਣਾ ਚਾਹੀਦਾ ਹੈ। ਉਹ ਤਾਂ ਕਹਿ ਕੇ ਭੁੱਲ ਜਾਂਦਾ ਹੈ, ਪਰ ਔਰਤ ਯਾਦ ਰੱਖਦੀ ਹੈ। ਈਰਖਾ ਸ਼ਾਇਦ ਤਿਰਸਕਾਰੇ ਜਾਣ ਦੇ ਭੈਅ, ਅਪਮਾਨਿਤ ਹੋਣ ਅਤੇ ਹਾਸੋਹੀਣੇ ਬਣਨ ਦੇ ਡਰ ਤੋਂ ਪੈਦਾ ਹੁੰਦੀ ਹੈ। ਉਹ ਜਨਾਨੀ (wench) ਖਤਰਨਾਕ ਨਹੀਂ ਹੁੰਦੀ ਜਿਹੜੀ ਤੁਹਾਡੇ... ਨੂੰ ਫੜੀ ਰੱਖਦੀ ਹੈ, ਸਗੋਂ ਉਹ ਹੁੰਦੀ ਹੈ ਜਿਹੜੀ ਤੁਹਾਡੀ ਆਤਮਾ ਨੂੰ ਕਬਜ਼ੇ ਵਿੱਚ ਲੈ ਲੈਂਦੀ ਹੈ।"

ਜਦੋਂ ਮੈਂ ਇਹ ਕਿਹਾ ਕਿ ਉਹਨਾਂ ਦੀ ਇਸ ਗੱਲ ਵਿੱਚ 'ਕਰੂਜ਼ਰ ਸੋਨਾਟਾ' ਦੇ ਹਿਸਾਬ ਨਾਲ਼ ਕੁਝ ਬੇਮੇਲ ਜਿਹਾ ਜਾਪਦਾ ਹੈ ਤਾਂ ਉਹਨਾਂ ਦੀ ਪੂਰੀ ਦਾਹੜੀ 'ਤੇ ਇੱਕ ਚਮਕੀਲੀ ਜਿਹੀ ਮੁਸਕਾਨ ਫੈਲ ਗਈ ਤੇ ਉਹਨਾਂ ਨੇ ਜਵਾਬ ਦਿੱਤਾ: "ਮੈਂ ਫਿੰਚ ਚਿੜੀ ਨਹੀਂ ਹਾਂ।"

ਸ਼ਾਮ ਨੂੰ ਸੈਰ ਕਰਦਿਆਂ ਅਚਾਨਕ ਉਹਨਾਂ ਨੇ ਕਿਹਾ:

"ਆਦਮੀ ਭੂਚਾਲ਼, ਮਹਾਂਮਾਰੀਆਂ, ਬਿਮਾਰੀਆਂ ਦੇ ਭੈਅ ਅਤੇ ਹਰ ਤਰ੍ਹਾਂ ਦੇ ਆਤਮਿਕ ਤਸੀਹੇ ਜਰ ਲੈਂਦਾ ਹੈ, ਪਰ ਹੁਣ ਤੱਕ ਉਸ ਲਈ ਸਭ ਤੋਂ ਜ਼ਿਆਦਾ ਦੁੱਖਦਾਈ ਤਰਾਸਦੀ ਜਿਹੜੀ ਰਹੀ ਹੈ ਅਤੇ ਅੱਗੇ ਵੀ ਰਹੇਗੀ—ਉਹ ਹੈ ਬੈੱਡਰੂਮ ਦੀ ਤਰਾਸਦੀ।"

ਇਹ ਗੱਲ ਕਹਿੰਦਿਆਂ ਉਹਨਾਂ ਦੇ ਬੁੱਲ੍ਹਾਂ 'ਤੇ ਇੱਕ ਜੇਤੂ ਮੁਸਕਾਨ ਫੈਲ ਗਈ—ਕਦੇ ਕਦੇ ਉਹਨਾਂ ਦੇ ਚਿਹਰੇ 'ਤੇ ਕਿਸੇ ਅਜਿਹੇ ਵਿਅਕਤੀ ਵਰਗੀ ਖੁੱਲ੍ਹੀ-ਡੁੱਲ੍ਹੀ ਤੇ ਸ਼ਾਂਤ ਜਿਹੀ ਮੁਸਕਾਨ ਫੈਲ ਜਾਂਦੀ ਹੈ, ਜਿਸਨੇ ਕੋਈ ਬਹੁਤ ਵੱਡੀ ਮੁਸ਼ਕਲ ਹੱਲ ਕਰ ਲਈ ਹੋਵੇ ਜਾਂ ਜਿਸਨੂੰ ਬਹੁਤ ਤਿੱਖਾ ਦਰਦ ਲੰਮੇ ਸਮੇਂ ਤੋਂ ਤਸੀਹੇ ਦੇ ਰਿਹਾ ਹੋਵੇ ਤੇ ਫਿਰ ਅਚਾਨਕ ਹੀ ਠੀਕ ਹੋ ਗਿਆ ਹੋਵੇ। ਹਰ ਵਿਚਾਰ ਉਹਨਾਂ ਦੀ ਆਤਮਾ ਨਾਲ਼ ਕਿਸੇ ਚਿੱਚੜ ਵਾਂਗ ਚਿੰਬੜਿਆ ਰਹਿੰਦਾ। ਜਾਂ ਤਾਂ ਉਹ ਇਸ ਵਿਚਾਰ ਨੂੰ ਫੌਰਨ ਲਾਹ ਮਾਰਦੇ ਜਾਂ ਫਿਰ ਉਸਨੂੰ ਜੀਅ ਭਰਕੇ ਲਹੂ ਪੀ ਲੈਣ ਦਿੰਦੇ, ਜਦੋਂ ਤੱਕ ਕਿ ਉਹ ਖੁਦ ਹੀ ਤ੍ਰਿਪਤ ਹੋ ਕੇ ਲਹਿ ਨਾ ਜਾਵੇ।

ਇੱਕ ਵਾਰ ਆਤਮ-ਸੰਜਮਵਾਦ (stoicism) ਬਾਰੇ ਪੂਰੀ ਤਰ੍ਹਾਂ ਭਖ਼ੀ ਬਹਿਸ ਵਿੱਚ ਗੁਆਚੇ ਹੋਏ ਉਹਨਾਂ ਨੇ ਸਹਿਜੇ ਤਿਓੜੀ ਚੜ੍ਹਾਈ, ਪਚਾਕਾ ਮਾਰਿਆ, ਅਤੇ ਸਖਤੀ ਨਾਲ਼ ਕਿਹਾ:

"ਨਗੰਦਣਾ ਕਹੋ, ਸਿਊਣਾ ਕਹਿਣਾ ਠੀਕ ਨਹੀਂ..."

ਸਪਸ਼ਟ ਹੈ ਕਿ ਇਸ ਗੱਲ ਦਾ ਆਤਮ-ਸੰਜਮ ਦੀ ਫਿਲਾਸਫੀ ਨਾਲ਼ ਕੋਈ ਵਾਸਤਾ ਨਹੀਂ ਸੀ। ਮੇਰੀ ਹੈਰਾਨੀ ਦੇਖ ਕੇ ਉਹਨਾਂ ਨੇ ਨਾਲ਼ ਵਾਲ਼ੇ ਕਮਰੇ ਵੱਲ ਸਿਰ ਨਾਲ਼ ਇਸ਼ਾਰਾ ਕਰਦਿਆਂ ਕਿਹਾ:

"ਉੱਥੇ ਉਹ ਲੋਕ ਰਜ਼ਾਈ ਨੂੰ ਸਿਊਣਾ ਹੀ ਦੱਸਦੇ ਨੇ!"

ਅਤੇ ਫਿਰ ਕਹਿਣਾ ਜਾਰੀ ਰੱਖਿਆ:

"ਬੜੀਆਂ ਮਿੱਠੀਆਂ ਮਿੱਠੀਆਂ ਗੱਲਾਂ ਕਰਨ ਵਾਲ਼ੇ... ਉਹ ਰੇਨਾਨ।"

ਉਹ ਮੈਨੂੰ ਅਕਸਰ ਕਹਿੰਦੇ ਸਨ:

"ਤੁਸੀਂ ਚੀਜ਼ਾਂ ਦਾ ਵਧੀਆ ਢੰਗ ਨਾਲ਼ ਵਰਣਨ ਕਰਦੇ ਹੋ—ਆਪਣੇ ਸ਼ਬਦਾਂ ਵਿੱਚ,

ਧਾਰਨਾਵਾਂ ਨਾਲ਼, ਕਿਤਾਬੀ ਢੰਗ ਨਾਲ਼ ਨਹੀਂ।"

ਪਰ ਲਗਭਗ ਹਮੇਸ਼ਾ ਹੀ ਉਹ ਆਮ ਬੋਲਚਾਲ ਦੇ ਸ਼ਬਦਾਂ ਦੀ ਵਰਤੋਂ ਵਿੱਚ ਲਾਪਰਵਾਹੀ ਵੱਲ ਧਿਆਨ ਦਿੰਦੇ ਅਤੇ ਜਿਵੇਂ ਆਪਣੇ ਆਪ ਨੂੰ ਹੀ ਕਹਿੰਦੇ:

"ਇੱਕੋ ਵਾਕ ਵਿੱਚ ਵਧੀਆ ਰੂਸੀ ਸ਼ਬਦ ਦੇ ਨਾਲ਼ 'ਐਬਸੋਲਿਉਤਨੋ*' (Absolutely — ਬਿਲਕੁਲ) ਵਰਗਾ ਵਿਦੇਸ਼ੀ ਸ਼ਬਦ ਵੀ ਵਰਤਦਾ ਹੈ।"

ਕਦੇ ਕਦੇ ਉਹ ਮੈਨੂੰ ਝਿੜਕ ਵੀ ਦਿੰਦੇ:

"ਭਾਵਨਾ ਦੇ ਨਜ਼ਰੀਏ ਤੋਂ ਬਿਲਕੁਲ ਵਿਰੋਧੀ ਸ਼ਬਦਾਂ ਨੂੰ ਤੁਸੀਂ ਇਕੱਠੇ ਜੋੜ ਦਿੰਦੇ ਹੋ — ਇਹ ਕੰਮ ਨਾ ਕਰੋ!"

ਭਾਸ਼ਾ ਦੇ ਰੂਪਾਂ ਨਾਲ਼ ਸਬੰਧਤ ਉਹਨਾਂ ਦੀ ਸੰਵੇਦਨਸ਼ੀਲਤਾ ਮੈਨੂੰ ਕਦੇ ਕਦੇ ਬਿਮਾਰੀ ਦੀ ਹੱਦ ਤੱਕ ਅੱਪੜੀ ਹੋਈ ਜਾਪਦੀ। ਇੱਕ ਵਾਰ ਉਹਨਾਂ ਨੇ ਕਿਹਾ:

"ਮੈਂ ਕਿਸੇ ਕਿਤਾਬ ਵਿੱਚ ਇੱਕੋ ਵਾਕ 'ਚ 'ਬਿੱਲੀ' ਤੇ 'ਸਾਹਸ' ਸ਼ਬਦ ਇਕੱਠੇ ਦੇਖੇ — ਕਿੰਨੀ ਘਿਨਾਉਣੀ ਚੀਜ਼ ਹੈ! ਮੇਰਾ ਤਾਂ ਜੀਅ ਕੱਚਾ ਹੁੰਦਾ ਹੁੰਦਾ ਰਹਿ ਗਿਆ।"

ਕਦੇ ਕਦੇ ਉਹ ਅਜਿਹੀਆਂ ਗੱਲਾਂ ਕਰਦੇ:

"ਮੈਨੂੰ ਭਾਸ਼ਾ-ਵਿਗਿਆਨੀ ਬਿਲਕੁਲ ਵੀ ਚੰਗੇ ਨਹੀਂ ਲੱਗਦੇ, ਉਹ ਸਾਰੇ ਬਿਲਕੁਲ ਹੀ ਰੁੱਖੇ ਜਿਹੇ ਵਿਦਵਾਨ ਹੁੰਦੇ ਹਨ, ਜਦਕਿ ਭਾਸ਼ਾ 'ਤੇ ਕਰਨ ਲਈ ਉਹਨਾਂ ਸਾਹਮਣੇ ਕਿੰਨਾ ਮਹੱਤਵਪੂਰਨ ਕੰਮ ਪਿਆ ਹੈ। ਅਸੀਂ ਅਜਿਹੇ ਸ਼ਬਦ ਵਰਤਦੇ ਹਾਂ ਜਿਹੜੇ ਸਾਨੂੰ ਸਮਝ ਨਹੀਂ ਆਉਂਦੇ। ਸਾਨੂੰ ਤਾਂ ਇਹ ਵੀ ਨਹੀਂ ਪਤਾ ਕਿ ਸਾਡੀਆਂ ਬਹੁਤੀਆਂ ਕਿਰਿਆਵਾਂ (verbs) ਬਣੀਆਂ ਕਿਵੇਂ ਹਨ।"

ਉਹਨਾਂ ਨੂੰ ਦੋਸਤੋਯੇਵਸਕੀ ਦੀ ਭਾਸ਼ਾ ਬਾਰੇ ਗੱਲਾਂ ਕਰਨਾ ਬੜਾ ਪਸੰਦ ਸੀ:

"ਉਸਨੇ ਘ੍ਰਿਣਤ ਢੰਗ ਨਾਲ਼ ਲਿਖਿਆ, ਉਸਨੇ ਆਪਣੀ ਸ਼ੈਲੀ ਜਾਣ-ਬੁੱਝ ਕੇ ਕੋਝੀ ਬਣਾਈ ਹੈ। ਮੈਨੂੰ ਪੂਰਾ ਯਕੀਨ ਹੈ ਕਿ ਉਸਨੇ ਇਹ ਸਭ ਕੁਝ ਦਿਖਾਉਣ ਲਈ ਜਾਣ-ਬੁੱਝ ਕੇ ਕੀਤਾ ਹੈ। ਉਸਨੂੰ ਦਿਖਾਵਾ ਕਰਨਾ ਪਸੰਦ ਸੀ — ਉਸਦੇ 'ਬੁੱਧੂ' ਨਾਵਲ ਵਿੱਚ ਤੁਹਾਨੂੰ 'ਗੱਲ੍ਹ', 'ਫੜ੍ਹ' ਅਤੇ 'ਆਡੰਬਰਪੂਰਨ ਜਾਣ-ਪਛਾਣ' ਵਰਗੇ ਸ਼ਬਦ ਇਕੱਠੇ ਹੀ ਗੁੱਛਾਮੁੱਛਾ ਪਏ ਮਿਲ਼ਦੇ ਹਨ। ਮੇਰਾ ਖਿਆਲ ਹੈ ਕਿ ਉਸਨੂੰ ਠੇਠ ਰੂਸੀ ਸ਼ਬਦ ਤੇ ਵਿਦੇਸ਼ੀ ਭਾਸ਼ਾ 'ਚੋਂ ਆਏ ਸ਼ਬਦਾਂ ਨੂੰ ਰਲ਼ਗੱਡ ਕਰਨ ਵਿੱਚ ਆਨੰਦ ਆਉਂਦਾ ਸੀ। ਉਸਦੀਆਂ ਲਿਖਤਾਂ ਵਿੱਚ ਨਾ-ਬਖਸ਼ਣਯੋਗ ਗਲਤੀਆਂ ਮਿਲਦੀਆਂ ਹਨ। ਬੁੱਧੂ ਕਹਿੰਦਾ ਹੈ: 'ਗਧਾ ਇੱਕ ਲਾਇਕ ਤੇ ਉਪਯੋਗੀ ਵਿਅਕਤੀ ਹੈ', ਪਰ ਕੋਈ ਵੀ ਹੱਸਦਾ ਨਹੀਂ, ਜਦਕਿ ਇਹਨਾਂ ਸ਼ਬਦਾਂ 'ਤੇ ਲਾਜ਼ਮੀ ਤੌਰ 'ਤੇ ਹਾਸਾ ਆਉਣਾ ਚਾਹੀਦਾ ਸੀ, ਜਾਂ ਘੱਟੋ-ਘੱਟ ਕੋਈ ਟਿੱਪਣੀ ਹੀ ਹੋਣੀ ਚਾਹੀਦੀ ਸੀ। ਇਹ ਗੱਲ ਉਹ ਉਹਨਾਂ ਤਿੰਨ ਭੈਣਾਂ ਦੇ ਸਾਹਮਣੇ ਕਹਿੰਦਾ ਹੈ ਜਿਹੜੀਆਂ ਹਮੇਸ਼ਾ ਹੀ

* ਤਾਲਸਤਾਏ ਦਾ ਇਸ਼ਾਰਾ ਸ਼ਬਦ 'ਐਬਸੋਲਿਊਤਨੋ' ਵੱਲ ਹੈ, ਜਿਹੜਾ ਵਿਦੇਸ਼ੀ ਭਾਸ਼ਾ (ਅੰਗਰੇਜ਼ੀ) ਦੇ ਸ਼ਬਦ absolute ਨਾਲ਼ ਰੂਸੀ ਭਾਸ਼ਾ ਦਾ ਕ੍ਰਿਆਵਿਸ਼ੇਸ਼ਣੀ ਸ਼ਬਦ 'ਨੋ' ਲਗਾ ਕੇ ਬਣਦਾ ਹੈ। — ਅਨੁ.

ਉਸਦਾ ਮਜ਼ਾਕ ਉਡਾਉਂਦੀਆਂ ਰਹਿੰਦੀਆਂ ਸਨ, ਖਾਸ ਕਰਕੇ ਅਗਲਾਯਾ। ਇਸ ਕਿਤਾਬ ਨੂੰ ਬੁਰੀ ਕਿਤਾਬ ਮੰਨਿਆ ਜਾਂਦਾ ਹੈ, ਪਰ ਇਸਦੀ ਸਭ ਤੋਂ ਬੁਰੀ ਗੱਲ ਤਾਂ ਇਹ ਹੈ ਕਿ ਪ੍ਰਿੰਸ ਮਿਸ਼ਕਿਨ ਮਿਰਗੀ ਦਾ ਰੋਗੀ ਹੈ। ਜੇਕਰ ਉਹ ਸਿਹਤਮੰਦ ਵਿਅਕਤੀ ਹੁੰਦਾ ਤਾਂ ਉਸਦਾ ਭੋਲਾਪਣ ਅਤੇ ਉਸਦੇ ਦਿਲ ਦੀ ਸਾਫ਼ਗੋਈ ਨੇ ਸਾਨੂੰ ਧੁਰ ਅੰਦਰ ਤੱਕ ਛੂਹਿਆ ਹੁੰਦਾ। ਪਰ ਦੋਸਤੋਯੇਵਸਕੀ ਵਿੱਚ ਉਸਨੂੰ ਸਿਹਤਮੰਦ ਵਿਅਕਤੀ ਵਜੋਂ ਚਿਤਰਣ ਦਾ ਸਾਹਸ ਨਹੀਂ ਸੀ। ਨਾਲ਼ੇ ਉਹ ਸਿਹਤਮੰਦ ਲੋਕਾਂ ਨੂੰ ਪਸੰਦ ਵੀ ਨਹੀਂ ਕਰਦਾ ਸੀ। ਉਸਨੂੰ ਇਹ ਯਕੀਨ ਸੀ ਕਿ ਜੇਕਰ ਉਹ ਖੁਦ ਬਿਮਾਰ ਹੈ ਤਾਂ ਸਾਰੀ ਦੁਨੀਆ ਹੀ ਬਿਮਾਰ ਹੈ...''

ਉਹਨਾਂ ਨੇ ਮੈਨੂੰ ਅਤੇ ਸੁਲੇਰ ਨੂੰ 'ਪਾਦਰੀ ਸੇਰਗੇਈ' ਦੇ ਪਤਨ ਨਾਲ਼ ਸਬੰਧਤ ਇੱਕ ਦ੍ਰਿਸ਼ ਪੜ੍ਹ ਕੇ ਸੁਣਾਇਆ — ਇੱਕ ਬੇਕਿਰਕ ਦ੍ਰਿਸ਼। ਸੁਲੇਰ ਨੇ ਨੱਕ-ਬੁੱਲ੍ਹ ਚੜ੍ਹਾਏ ਅਤੇ ਬੇਚੈਨੀ ਵਿੱਚ ਹਿੱਲਣ-ਜੁੱਲਣ ਲੱਗ ਪਿਆ।

''ਕੀ ਹੋਇਆ ? ਤੈਨੂੰ ਪਸੰਦ ਨਹੀਂ ਆਇਆ ?'' ਤਾਲਸਤਾਏ ਨੇ ਪੁੱਛਿਆ।

''ਇਹ ਤਾਂ ਬੇਹੱਦ ਨਿਰਦਈ ਹੈ, ਬਿਲਕੁਲ ਦੋਸਤੋਯੇਵਸਕੀ ਵਾਂਗ। ਉਹ ਸੜੀ ਜਿਹੀ ਕੁੜੀ, ਅਤੇ ਉਸਦੀਆਂ ਪੂੜੀਆਂ ਵਰਗੀਆਂ ਸਪਾਟ ਛਾਤੀਆਂ, ਅਤੇ ਬਾਕੀ ਸਭ ਕੁਝ। ਕਿਸੇ ਸੋਹਣੀ ਤੇ ਸਿਹਤਮੰਦ ਔਰਤ ਨਾਲ਼ ਉਸਨੇ ਇਹ ਕੁਕਰਮ ਕਿਉਂ ਨਹੀਂ ਕੀਤਾ ?''

''ਉਹ ਤਾਂ ਫਿਰ ਇੱਕ ਅਜਿਹਾ ਪਾਪ ਹੋਣਾ ਸੀ ਜਿਸਦੀ ਕੋਈ ਸਫਾਈ ਨਹੀਂ ਸੀ ਦਿੱਤੀ ਜਾ ਸਕਦੀ — ਇਸ ਢੰਗ ਨਾਲ਼ ਇਸ ਕੁੜੀ ਪ੍ਰਤੀ ਤਰਸ ਦੀ ਭਾਵਨਾ ਦੇ ਆਧਾਰ 'ਤੇ ਸਫਾਈ ਦਿੱਤੀ ਜਾ ਸਕਦੀ ਹੈ — ਹੋਰ ਕੋਈ ਇਸ ਵਿਚਾਰੀ ਕੁੜੀ ਨੂੰ ਅਪਣਾਏਗਾ ਵੀ ਨਹੀਂ।''

''ਇਹ ਗੱਲ ਮੈਨੂੰ ਸਮਝ ਨਹੀਂ ਆਉਂਦੀ...''

''ਤੈਨੂੰ ਬਹੁਤ ਕੁਝ ਸਮਝ ਨਹੀਂ ਆਉਂਦਾ, ਤੇਰੇ ਅੰਦਰ ਛਲ-ਕਪਟ ਨਾਮ ਦੀ ਕੋਈ ਚੀਜ਼ ਨਹੀਂ ਹੈ...''

ਉਸ ਸਮੇਂ ਆਂਦਰੇਈ ਲਵੋਵਿਚ* ਦੀ ਪਤਨੀ ਅੰਦਰ ਆ ਗਈ ਅਤੇ ਗੱਲਬਾਤ ਟੁੱਟ ਗਈ, ਜਦੋਂ ਸੁਲੇਰ ਅਤੇ ਉਹ ਉੱਪਭਵਨ ਵਿੱਚ ਚਲੇ ਗਏ ਤਾਂ ਤਾਲਸਤਾਏ ਨੇ ਮੈਨੂੰ ਕਿਹਾ:

''ਲਿਓਵੁਸ਼ਕਾ ਮੇਰੀ ਜਾਣ-ਪਛਾਣ ਦੇ ਸਾਰੇ ਲੋਕਾਂ ਵਿੱਚ ਸਭ ਤੋਂ ਵੱਧ ਸਾਫ਼-ਦਿਲ ਆਦਮੀ ਹੈ। ਉਹ ਵੀ ਉਹਦੇ ਵਰਗਾ ਹੀ ਹੈ — ਜੇ ਕਦੇ ਕੁਝ ਬੁਰਾ ਕਰਦਾ ਹੈ ਤਾਂ ਕਿਸੇ ਪ੍ਰਤੀ ਤਰਸ ਦੀ ਭਾਵਨਾ ਕਾਰਨ ਹੀ ਕਰਦਾ ਹੈ।''

22

ਗੱਲਬਾਤ ਦੇ ਉਹਨਾਂ ਦੇ ਮਨਭਾਉਂਦੇ ਵਿਸ਼ੇ ਸਨ — ਰੱਬ, ਕਿਸਾਨ ਅਤੇ ਔਰਤਾਂ। ਸਾਹਿਤ ਬਾਰੇ ਤਾਂ ਉਹ ਕਦੇ-ਕਦਾਈਂ ਹੀ ਤੇ ਉਹ ਵੀ ਬਹੁਤ ਹੀ ਘੱਟ ਗੱਲ ਕਰਦੇ ਹਨ, ਜਿਵੇਂ ਕਿ ਇਹ ਵਿਸ਼ਾ ਉਹਨਾਂ ਲਈ ਪਰਾਇਆ ਹੋਵੇ। ਜਿੱਥੋਂ ਤੱਕ ਮੈਂ ਦੇਖ ਸਕਦਾ ਹਾਂ,

* ਤਾਲਸਤਾਏ ਦਾ ਸਪੁੱਤਰ।

ਔਰਤਾਂ ਪ੍ਰਤੀ ਉਹਨਾਂ ਦਾ ਰਵੱਈਆ ਕੱਟੜ ਦੁਸ਼ਮਣੀ ਵਾਲ਼ਾ ਹੈ ਅਤੇ ਜੇਕਰ ਉਹ ਕਿੱਟੀ ਜਾਂ ਨਤਾਸ਼ਾ ਰੋਸਤੋਵਾ ਵਰਗੀ ਸਿੱਧੀ-ਸਾਦੀ ਔਰਤ ਨਾ ਹੋਵੇ ਤਾਂ ਉਸਨੂੰ ਸਜ਼ਾ ਦੇਣਾ ਉਹਨਾਂ ਨੂੰ ਬਹੁਤ ਚੰਗਾ ਲੱਗਦਾ ਹੈ। ਕੀ ਇਹ ਇੱਕ ਅਜਿਹੇ ਆਦਮੀ ਦਾ ਬਦਲਾ ਹੈ ਜਿਸਨੂੰ ਉਨਾ ਸੁੱਖ ਨਹੀਂ ਮਿਲ਼ਿਆ ਜਿੰਨੇ ਦਾ ਉਹ ਹੱਕਦਾਰ ਸੀ, ਜਾਂ ਫਿਰ ਇਹ 'ਸਰੀਰ ਦੇ ਅਪਮਾਨਜਨਕ ਆਵੇਗਾਂ' ਖਿਲਾਫ ਆਤਮਾ ਦਾ ਵੈਰ-ਭਾਵ ਹੈ ? ਜੋ ਵੀ ਹੈ, ਇਹ ਦੁਸ਼ਮਣੀ ਹੈ, ਅਤੇ ਬੇਹੱਦ ਕੱਟੜ ਦੁਸ਼ਮਣੀ, ਜਿਵੇਂ ਕਿ 'ਅੰਨਾ ਕਾਰੇਨਿਨਾ' ਵਿੱਚ ਹੈ। ਐਤਵਾਰ ਵਾਲ਼ੇ ਦਿਨ 'ਸਰੀਰ ਦੇ ਅਪਮਾਨਜਨਕ ਆਵੇਗਾਂ' ਬਾਰੇ ਉਹਨਾਂ ਨੇ ਰੂਸੋ ਦੀ 'ਇਕਬਾਲ' ਦੇ ਆਧਾਰ 'ਤੇ ਚੈਖ਼ਵ ਅਤੇ ਯੇਲਪਾਤੇਵਸਕੀ ਨਾਲ਼ ਗੱਲਬਾਤ ਕਰਦਿਆਂ ਬਹੁਤ ਹੀ ਕਮਾਲ ਦੇ ਢੰਗ ਨਾਲ਼ ਵਿਚਾਰ ਕੀਤਾ। ਸੁਲੇਰ ਨੇ ਉਹਨਾਂ ਦੇ ਵਿਚਾਰ ਲਿਖ ਲਏ, ਪਰ ਮਗਰੋਂ ਕੌਫ਼ੀ ਬਣਾਉਂਦੇ ਸਮੇਂ ਸਪਿਰਟ-ਲੈਂਪ ਦੀ ਲਾਟ 'ਤੇ ਇਹ ਕਾਗਜ਼ ਜਲਾ ਦਿੱਤੇ। ਕੁਝ ਦਿਨ ਪਹਿਲਾਂ ਉਸਨੇ ਇਬਸਨ ਬਾਰੇ ਤਾਲਸਤਾਏ ਦੀਆਂ ਕੁਝ ਟਿੱਪਣੀਆਂ ਜਲ਼ਾ ਦਿੱਤੀਆਂ ਸਨ, ਅਤੇ ਵਿਆਹ ਦੀਆਂ ਰਸਮਾਂ ਦੀ ਪ੍ਰਤੀਕਾਤਮਕਤਾ ਨਾਲ਼ ਸਬੰਧਤ ਨੋਟਸ ਗੁਆ ਦਿੱਤੇ ਸਨ, ਜਿਹਨਾਂ ਬਾਰੇ ਤਾਲਸਤਾਏ ਨੇ ਵ.ਵ. ਰੋਜ਼ਾਨੋਵ ਦੇ ਵਿਚਾਰਾਂ ਨਾਲ਼ ਰਲ਼ਦੀਆਂ-ਮਿਲ਼ਦੀਆਂ ਕੁਝ ਬਹੁਤ ਹੀ ਗੈਰ-ਇਸਾਈ ਗੱਲਾਂ ਕਹੀਆਂ ਸਨ।

23

ਸਵੇਰੇ ਫਿਓਦੇਸੀਆ ਤੋਂ ਕੁਝ ਸਤੰਨਦਿਸਤ* ਇੱਥੇ ਆਏ, ਅਤੇ ਸਾਰਾ ਦਿਨ ਤਾਲਸਤਾਏ ਬੜੇ ਉਤਸ਼ਾਹ ਨਾਲ਼ ਕਿਸਾਨਾਂ ਦੀਆਂ ਗੱਲਾਂ ਕਰਦੇ ਰਹੇ।

ਦੁਪਹਿਰ ਦੇ ਖਾਣੇ ਸਮੇਂ ਉਹਨਾਂ ਨੇ ਕਿਹਾ:

"ਤੈਨੂੰ ਉਹਨਾਂ ਨੂੰ ਦੇਖਣਾ ਚਾਹੀਦਾ ਸੀ — ਦੋਨੋ ਕਿਆ ਤਕੜੇ ਤੇ ਹੱਟੇ-ਕੱਟੇ! ਇੱਕ ਨੇ ਕਿਹਾ: 'ਅਸੀਂ ਤਾਂ ਬਿਨ ਬੁਲਾਏ ਮਹਿਮਾਨ,' ਅਤੇ ਨਾਲ਼ ਹੀ ਦੂਜੇ ਨੇ ਜੋੜਿਆ: 'ਖਾਲੀ ਹੱਥ ਨਾ ਜਾਈਏ, ਜੇ ਚਾਹੇ ਭਗਵਾਨ!' ਅਤੇ ਉਹ ਬੱਚਿਆਂ ਵਾਂਗੂੰ ਖਿੜ-ਖਿੜ ਕਰਕੇ ਹੱਸਣ ਲੱਗੇ ਤੇ ਸਿਰ ਤੋਂ ਪੈਰਾਂ ਤੱਕ ਹਿਲਦੇ ਰਹੇ।"

ਖਾਣੇ ਤੋਂ ਬਾਅਦ ਵਰਾਂਡੇ ਵਿੱਚ:

"ਜਲਦੀ ਹੀ ਆਪਾਂ ਲੋਕਾਂ ਦੀ ਭਾਸ਼ਾ ਸਮਝਣ ਤੋਂ ਅਸਮਰਥ ਹੋ ਜਾਵਾਂਗੇ। ਅਸੀਂ ਗੱਲਾਂ ਕਰਦੇ ਹਾਂ—'ਪ੍ਰਗਤੀ ਦੇ ਸਿਧਾਂਤ', 'ਇਤਿਹਾਸ ਵਿੱਚ ਵਿਅਕਤੀ ਦੀ ਭੂਮਿਕਾ', 'ਵਿਗਿਆਨ ਦਾ ਕ੍ਰਮਿਕ-ਵਿਕਾਸ', 'ਪੇਚਿਸ', ਅਤੇ ਕਿਸਾਨ ਕਹਿੰਦਾ ਹੈ: 'ਤੂੜੀ ਦੇ ਕੁੱਪ 'ਚੋਂ ਸੂਈ ਭਾਲਣ ਦਾ ਕੋਈ ਫਾਇਦਾ ਨਹੀਂ' ਅਤੇ ਸਾਰੇ ਸਿਧਾਂਤ, ਇਤਿਹਾਸ ਅਤੇ ਵਿਕਾਸ ਬੇਕਾਰ ਹੋ ਜਾਂਦੇ ਹਨ, ਹਾਸੋਹੀਣੇ ਬਣ ਕੇ ਰਹਿ ਜਾਂਦੇ ਹਨ, ਕਿਉਂਕਿ ਨਾ ਤਾਂ ਉਹ ਕਿਸਾਨ ਦੇ ਪੱਲੇ ਪੈਂਦੇ ਹਨ ਤੇ ਨਾ ਹੀ ਉਸਨੂੰ ਉਹਨਾਂ ਦੀ ਕੋਈ ਲੋੜ ਹੈ। ਪਰ ਕਿਸਾਨ ਸਾਡੇ ਨਾਲ਼ੋਂ ਜ਼ਿਆਦਾ

* 19ਵੀਂ ਸਦੀ ਦੇ ਮਗਰਲੇ ਅੱਧ ਵਿੱਚ ਯੂਕਰੇਨ ਅਤੇ ਰੂਸ ਵਿੱਚ ਪ੍ਰੋਟੈਸਟੈਂਟ ਧਰਮ ਦੇ ਅਸਰ ਸਦਕਾ ਵਧਣ-ਫੁੱਲਣ ਵਾਲ਼ੇ ਇੱਕ ਸੰਪ੍ਰਦਾਇਵਾਦੀ ਅੰਦੋਲਨ ਦੇ ਪੈਰੋਕਾਰ।

ਤਾਕਤਵਰ ਹੈ, ਉਸ ਵਿੱਚ ਸਾਡੇ ਨਾਲ਼ੋਂ ਜ਼ਿਆਦਾ ਦਮ ਹੈ, ਅਤੇ ਹੋ ਸਕਦਾ ਹੈ ਕਿ ਸਾਡੇ ਨਾਲ਼ ਵੀ ਅਤਸੂਰੀ ਕਬੀਲੇ ਵਾਲ਼ੀ ਹੀ ਵਾਪਰ ਜਾਵੇ, ਜਿਸ ਬਾਰੇ ਕਿਸੇ ਵਿਦਵਾਨ ਨੇ ਕਿਹਾ ਸੀ: 'ਸਾਰੇ ਅਤਸੂਰੀ ਤਾਂ ਮਰ-ਖਪ ਗਏ ਹਨ, ਪਰ ਇੱਥੇ ਇੱਕ ਤੋਤਾ ਹੈ ਜਿਹੜਾ ਉਹਨਾਂ ਦੀ ਭਾਸ਼ਾ ਦੇ ਕੁਝ ਸ਼ਬਦ ਜਾਣਦਾ ਹੈ।"

24

"ਔਰਤ ਸਰੀਰਕ ਨਜ਼ਰੀਏ ਤੋਂ ਮਰਦ ਨਾਲ਼ੋਂ ਜ਼ਿਆਦਾ ਨਿਸ਼ਕਪਟ ਹੈ, ਪਰ ਉਸਦੇ ਵਿਚਾਰ ਝੂਠੇ ਹੁੰਦੇ ਹਨ। ਜਦੋਂ ਉਹ ਝੂਠ ਬੋਲਦੀ ਹੈ ਤਾਂ ਆਪਣੇ ਆਪ 'ਤੇ ਯਕੀਨ ਨਹੀਂ ਕਰਦੀ, ਜਦਕਿ ਰੂਸੋ ਝੂਠ ਵੀ ਬੋਲਦੇ ਸਨ ਤੇ ਆਪਣੇ ਆਪ 'ਤੇ ਯਕੀਨ ਵੀ ਕਰਦੇ ਸਨ।"

25

"ਦੋਸਤੋਯੇਵਸਕੀ ਨੇ ਆਪਣੇ ਇੱਕ ਸਨਕੀ ਪਾਤਰ ਬਾਰੇ ਲਿਖਿਆ ਹੈ ਕਿ ਉਹ ਖ਼ੁਦ ਨੂੰ ਅਤੇ ਹੋਰਾਂ ਨੂੰ ਸਾਰੀ ਜ਼ਿੰਦਗੀ ਸਿਰਫ਼ ਇਸ ਕਰਕੇ ਸਜ਼ਾ ਦਿੰਦਾ ਰਿਹਾ ਕਿਉਂਕਿ ਉਹ ਜਿਹੜਾ ਕੰਮ ਕਰਦਾ ਸੀ ਉਸ ਵਿੱਚ ਉਸਦਾ ਵਿਸ਼ਵਾਸ ਨਹੀਂ ਸੀ। ਇਹ ਉਹਨਾਂ ਨੇ ਆਪਣੇ ਬਾਰੇ ਲਿਖਿਆ ਹੈ, ਮੇਰਾ ਮਤਲਬ ਹੈ ਕਿ ਉਹ ਆਪਣੇ ਬਾਰੇ ਇਹ ਗੱਲ ਆਸਾਨੀ ਨਾਲ਼ ਕਹਿ ਸਕਦੇ ਸਨ।"

26

"ਬਾਈਬਲ ਵਿਚਲੀਆਂ ਕੁਝ ਗੱਲਾਂ ਤਾਂ ਬੇਹੱਦ ਅਸਪਸ਼ਟ ਹਨ। ਮਿਸਾਲ ਵਜੋਂ ਇਹਨਾਂ ਸ਼ਬਦਾਂ ਦਾ ਕੀ ਅਰਥ ਹੈ — 'ਧਰਤੀ ਰੱਬ ਦੀ ਹੈ ਅਤੇ ਉਸਦੀ ਭਰਪੂਰਤਾ ਵੀ'। ਇਹਨਾਂ ਦਾ ਧਰਮ-ਗ੍ਰੰਥਾਂ ਨਾਲ਼ ਕੋਈ ਲੈਣਾ-ਦੇਣਾ ਨਹੀਂ ਹੈ, ਸਗੋਂ ਇਹ ਤਾਂ ਆਮ-ਵਿਗਿਆਨਕ ਪਦਾਰਥਵਾਦ ਦੀ ਉਪਜ ਜਾਪਦੇ ਹਨ।"

"ਤੁਸੀਂ ਕਿਸੇ ਥਾਂ ਇਹਨਾਂ ਸ਼ਬਦਾਂ ਦੀ ਭਾਵਨਾ ਬਾਰੇ ਕੋਈ ਟਿੱਪਣੀ ਕੀਤੀ ਹੈ।" ਸੁਲੇਰ ਨੇ ਕਿਹਾ।

"ਤਾਂ ਕੀ ਹੋਇਆ... ਇਹਨਾਂ ਦਾ ਅਰਥ ਤਾਂ ਹੈ ਪਰ ਮੈਂ ਇਸਦੀ ਤਹਿ ਤੱਕ ਨਹੀਂ ਪਹੁੰਚਿਆ।"

ਅਤੇ ਉਹਨਾਂ ਨੇ ਮੱਕਾਰੀ ਭਰੀ ਮੁਸਕਾਨ ਬਿਖੇਰੀ।

27

ਉਹਨਾਂ ਨੂੰ ਚਲਾਕੀ ਭਰੇ ਤੇ ਪ੍ਰੇਸ਼ਾਨ ਕਰ ਦੇਣ ਵਾਲ਼ੇ ਸਵਾਲ ਪੁੱਛਣਾ ਬੜਾ ਪਸੰਦ ਸੀ:

"ਤੁਹਾਡੀ ਆਪਣੇ ਬਾਰੇ ਕੀ ਰਾਏ ਹੈ?"

"ਕੀ ਤੁਸੀਂ ਆਪਣੀ ਪਤਨੀ ਨੂੰ ਪਿਆਰ ਕਰਦੇ ਹੋ?"

"ਤੁਸੀਂ ਕੀ ਸੋਚਦੇ ਹੋ ਮੇਰਾ ਬੇਟਾ ਲੇਵ ਪ੍ਰਤਿਭਾਸ਼ਾਲੀ ਹੈ ?"

"ਕੀ ਤੁਸੀਂ ਸੋਫੀਆ ਐਂਦਰੀਯੇਵਨਾ* ਨੂੰ ਪਸੰਦ ਕਰਦੇ ਹੋ ?"

ਉਹਨਾਂ ਸਾਹਮਣੇ ਝੂਠ ਬੋਲਣਾ ਤਾਂ ਅਸੰਭਵ ਸੀ।

ਇੱਕ ਵਾਰ ਉਹਨਾਂ ਨੇ ਮੈਨੂੰ ਪੁੱਛਿਆ:

"ਅਲੈਕਸੇਈ ਮੈਕਸਿਮੋਵਿਚ, ਕੀ ਤੁਸੀਂ ਮੈਨੂੰ ਪਿਆਰ ਕਰਦੇ ਹੋ ?"

ਇਹ ਚੰਚਲਤਾ ਤਾਂ ਰੂਸੀ ਬੋਗਾਤਯੇਰ** ਦੀ ਹੈ — ਨੋਵਗੋਰੋਦ ਦਾ ਸੂਰਮਾ, ਵਾਸਿਲੀ ਬੁਸਲਾਯੇਵ ਆਪਣੇ ਸਮਿਆਂ ਵਿੱਚ ਅਜਿਹੇ ਖਿਲਵਾੜ ਕਰਿਆ ਕਰਦਾ ਸੀ। ਉਹ ਇੱਕ ਤੋਂ ਬਾਅਦ ਦੂਜੀ ਚੀਜ਼ ਨੂੰ ਅਜ਼ਮਾਉਂਦੇ ਰਹਿੰਦੇ ਹਨ, ਜਿਵੇਂ ਲੜਾਈ ਦੀ ਤਿਆਰੀ ਕਰ ਰਹੇ ਹੋਣ। ਇਹ ਦਿਲਚਸਪ ਹੈ, ਪਰ ਮੈਨੂੰ ਇਹ ਬਹੁਤਾ ਚੰਗਾ ਨਹੀਂ ਲੱਗਦਾ। ਉਹ ਤਾਂ ਸ਼ੈਤਾਨ ਹਨ, ਪਰ ਮੈਂ ਅਜੇ ਬੱਚਾ ਹੀ ਹਾਂ, ਮੇਰੇ 'ਤੇ ਤਾਂ ਉਹ ਰਹਿਮ ਹੀ ਕਰਿਆ ਕਰਨ।

28

ਕਿਸਾਨ ਸ਼ਾਇਦ ਉਹਨਾਂ ਲਈ ਬਦਬੂ ਵਰਗੀ ਹੀ ਕੋਈ ਚੀਜ਼ ਸੀ, ਜਿਸਨੂੰ ਉਹ ਹਮੇਸ਼ਾ ਮਹਿਸੂਸ ਕਰਦੇ ਸਨ ਤੇ ਜਿਸ ਬਾਰੇ ਗੱਲ ਕਰਨ ਲਈ ਹਮੇਸ਼ਾ ਮਜ਼ਬੂਰ ਹੁੰਦੇ ਸਨ।

ਕੱਲ ਰਾਤ ਮੈਂ ਉਹਨਾਂ ਨੂੰ ਜਨਰਲ ਕੋਰਨੇ ਦੀ ਵਿਧਵਾ ਨਾਲ਼ ਹੋਈ ਆਪਣੀ ਝੜਪ ਦਾ ਕਿੱਸਾ ਸੁਣਾਇਆ। ਉਹ ਠਾਹਕੇ ਮਾਰ-ਮਾਰ ਕੇ ਹੱਸੇ, ਹੱਸਦੇ-ਹੱਸਦੇ ਉਹਨਾਂ ਦੀਆਂ ਅੱਖਾਂ ਵਿੱਚ ਹੰਝੂ ਆ ਗਏ, ਛਾਤੀ ਵਿੱਚ ਦਰਦ ਹੋਣ ਲੱਗ ਪਿਆ ਅਤੇ ਤਿੱਖੀ ਜਿਹੀ ਅਵਾਜ਼ ਵਿੱਚ ਲਗਾਤਾਰ ਓਹ-ਓਹ ਕਰਦੇ ਰਹੇ।

"ਬੇਲਚੇ ਨਾਲ਼! ਉਸਦੇ ਪੁੜੇ 'ਤੇ! ...ਬੇਲਚੇ ਨਾਲ਼ ? ਸੱਚੀ... ਉਸੇ ਥਾਂ 'ਤੇ, ਬੇਲਚਾ ਚੌੜਾ ਸੀ ?"

ਇਸ ਤੋਂ ਬਾਅਦ ਕੁਝ ਦੇਰ ਸਾਹ ਲੈਣ ਤੋਂ ਬਾਅਦ ਗੰਭੀਰਤਾਪੂਰਵਕ ਕਹਿਣ ਲੱਗੇ:

"ਤੁਸੀਂ ਤਾਂ ਕੁਝ ਜ਼ਿਆਦਾ ਹੀ ਦਿਆਲੂ ਹੋ — ਕੋਈ ਹੋਰ ਹੁੰਦਾ ਤਾਂ ਸਿੱਧਾ ਸਿਰ 'ਤੇ ਹੀ ਮਾਰਦਾ। ਬੜੀ ਨਰਮਾਈ ਵਰਤੀ। ਕੀ ਤੁਸੀਂ ਸਮਝਦੇ ਸੀ ਕਿ ਉਹ ਤੁਹਾਨੂੰ ਚਾਹੁੰਦੀ ਹੈ ?"

"ਯਾਦ ਨਹੀਂ। ਮੇਰੇ ਖਿਆਲ ਵਿੱਚ ਮੈਂ ਇਹ ਗੱਲ ਨਹੀਂ ਸਮਝਦਾ ਸੀ।"

"ਯਕੀਨਨ ਉਹ ਚਾਹੁੰਦੀ ਸੀ। ਇਹ ਗੱਲ ਤਾਂ ਬਿਲਕੁਲ ਸਾਫ਼ ਹੈ। ਚਾਹੁੰਦੀ ਤਾਂ ਸੀ ਉਹ।"

"ਉਦੋਂ ਇਸ ਗੱਲ ਵਿੱਚ ਮੇਰੀ ਬਹੁਤੀ ਦਿਲਚਸਪੀ ਨਹੀਂ ਸੀ..."

"ਦਿਲਚਸਪੀ ਸੀ ਜਾਂ ਨਹੀਂ — ਇਸ ਨਾਲ਼ ਕੋਈ ਬਹੁਤਾ ਫਰਕ ਨਹੀਂ ਪੈਂਦਾ। ਇਹ ਤਾਂ ਸਾਫ ਹੈ ਕਿ ਤੁਸੀਂ ਔਰਤਾਂ ਪਿੱਛੇ ਘੁੰਮਣ ਵਾਲ਼ੇ ਬੰਦੇ ਨਹੀਂ ਹੋ। ਕੋਈ ਹੋਰ ਹੁੰਦਾ ਤਾਂ ਆਪਣੇ ਹੱਥ ਰੰਗ ਲੈਂਦਾ, ਸਾਰੀ ਜ਼ਿੰਦਗੀ ਘਰ ਦਾ ਮਾਲਿਕ ਤੇ ਉਸਦੇ ਨਾਲ਼ ਪਿਆਕੜ ਬਣਕੇ

* ਤਾਲਸਤਾਏ ਦੀ ਪਤਨੀ

** ਵਿਰਾਟ ਤਾਕਤ ਤੇ ਰੁਤਬੇ ਦਾ ਮਾਲਿਕ ਰੂਸੀ ਦੰਦ-ਕਥਾ ਦਾ ਨਾਇਕ।

ਰਹਿੰਦਾ।”

ਕੁਝ ਦੇਰ ਚੁੱਪ ਰਹਿਣ ਤੋਂ ਬਾਅਦ:

“ਤੁਸੀਂ ਬੜੀ ਅਜੀਬ ਸ਼ੈਅ ਹੋ! ਬੁਰਾ ਨਾ ਮੰਨਿਓ, ਪਰ ਤੁਸੀਂ ਅਜੀਬ ਹੋ। ਅਤੇ ਸਭ ਤੋਂ ਅਜੀਬ ਗੱਲ ਤਾਂ ਇਹ ਹੈ ਕਿ ਤੁਹਾਡਾ ਸੁਭਾਅ ਚੰਗਾ ਹੈ, ਭਾਵੇਂ ਕਿ ਤੁਹਾਨੂੰ ਨਿਰਦਈ ਹੋਣ ਦਾ ਪੂਰਾ ਹੱਕ ਹੈ। ਹਾਂ, ਤੁਸੀਂ ਨਿਰਦਈ ਬਣ ਸਕਦੇ ਹੋ। ਤੁਸੀਂ ਤਕੜੇ ਹੋ, ਇਹ ਵਧੀਆ ਗੱਲ ਹੈ...”

ਅਤੇ ਫਿਰ ਥੋੜੀ ਦੇਰ ਹੋਰ ਚੁੱਪ ਰਹਿਣ ਤੋਂ ਬਾਅਦ ਉਹਨਾਂ ਨੇ ਇੰਨੀ ਗੱਲ ਹੋਰ ਜੋੜ ਦਿੱਤੀ:

“ਤੁਹਾਡਾ ਦਿਮਾਗ ਮੈਨੂੰ ਸਮਝ ਨਹੀਂ ਆਉਂਦਾ। ਬਹੁਤ ਉਲਝੀ ਹੋਈ ਚੀਜ਼ ਹੈ, ਪਰ ਤੁਹਾਡਾ ਦਿਲ ਬਹੁਤ ਸੁਲਝਿਆ ਹੋਇਆ ਹੈ... ਹਾਂ, ਦਿਲ ਸੁਲਝਿਆ ਹੋਇਆ ਹੈ।”

ਨੋਟ: ਜਦੋਂ ਮੈਂ ਕਜ਼ਾਨ ਵਿੱਚ ਰਹਿੰਦਾ ਸਾਂ ਤਾਂ ਮੈਂ ਕੋਰਨੇ ਨਾਮਕ ਇੱਕ ਜਨਰਲ ਦੀ ਵਿਧਵਾ ਕੋਲ਼ ਚੌਂਕੀਦਾਰੀ ਅਤੇ ਮਾਲੀ ਦਾ ਕੰਮ ਕਰਦਾ ਸਾਂ। ਉਹ ਜਵਾਨ, ਮੋਟੀ ਅਤੇ ਸਕੂਲ ਜਾਂਦੀਆਂ ਕੁੜੀਆਂ ਵਰਗੀਆਂ ਲੱਤਾਂ ਵਾਲ਼ੀ ਫਰਾਂਸੀਸੀ ਔਰਤ ਸੀ। ਉਸਦੀਆਂ ਅੱਖਾਂ ਹੱਦ ਦਰਜੇ ਦੀਆਂ ਸੋਹਣੀਆਂ ਸਨ, ਬਹੁਤ ਬੇਚੈਨ, ਹਮੇਸ਼ਾ ਜਗਿਆਸਾ ਨਾਲ਼ ਆਲ਼ੇ-ਦੁਆਲ਼ੇ ਦੇਖਦੀਆਂ ਰਹਿੰਦੀਆਂ ਸਨ। ਮੇਰਾ ਖਿਆਲ ਹੈ ਕਿ ਵਿਆਹ ਤੋਂ ਪਹਿਲਾਂ ਉਹ ਕਿਸੇ ਦੁਕਾਨ ’ਤੇ ਸਮਾਨ ਵੇਚਣ ਵਾਲ਼ੀ ਜਾਂ ਬਾਵਰਚਣ, ਜਾਂ ਸ਼ਾਇਦ ‘ਦਿਲ ਬਹਿਲਾਉਣ ਵਾਲ਼ੀ ਕੁੜੀ’ ਦਾ ਕੰਮ ਕਰਦੀ ਹੋਵੇਗੀ। ਉਹ ਸਵੇਰ ਤੋਂ ਹੀ ਸ਼ਰਾਬ ਪੀਣਾ ਸ਼ੁਰੂ ਕਰ ਦਿੰਦੀ ਸੀ ਅਤੇ ਸਿਰਫ਼ ਕਮੀਜ਼ ਤੇ ਸੰਤਰੀ ਰੰਗ ਦੇ ਡਰੈਸਿੰਗ-ਗਾਊਨ ਨਾਲ਼ ਲਾਲ ਰੰਗ ਦੇ ਤਾਤਾਰੀ ਸੈਂਡਲ ਪਹਿਨ ਕੇ ਹੀ ਵਿਹੜੇ ਵਿੱਚ ਜਾਂ ਬਗੀਚੇ ਵਿੱਚ ਆ ਧਮਕਦੀ ਸੀ। ਉਸਦੇ ਸਿਰ ’ਤੇ ਸੰਘਣੇ ਵਾਲ ਸਨ, ਜਿਹਨਾਂ ਨੂੰ ਚੰਗੀ ਤਰ੍ਹਾਂ ਸੰਵਾਰਦੀ ਨਹੀਂ ਸੀ। ਇਹ ਵਾਲ ਉਸਦੀਆਂ ਲਾਲ ਗੁਲਾਬੀ ਗੱਲ੍ਹਾਂ ਅਤੇ ਮੋਢਿਆਂ ’ਤੇ ਖਿੰਡੇ ਰਹਿੰਦੇ ਸਨ। ਉਹ ਜਵਾਨ ਡਾਇਣ ਸੀ। ਫਰਾਂਸੀਸੀ ਗੀਤ ਗਾਉਂਦੀ ਹੋਈ ਉਹ ਬਗੀਚੇ ਵਿੱਚ ਘੁੰਮਦੀ, ਮੈਨੂੰ ਕੰਮ ਕਰਦਿਆਂ ਵੇਖਦੀ ਰਹਿੰਦੀ, ਅਤੇ ਵਾਰ-ਵਾਰ ਰਸੋਈ ਦੀ ਖਿੜਕੀ ਕੋਲ਼ ਜਾ ਕੇ ਕਹਿੰਦੀ:

“ਪੋਲੀਨ, ਮੈਨੂੰ ਕੁਝ ਦੇਵੀਂ...!”

ਇਹ ‘ਕੁਝ’ ਹਮੇਸ਼ਾ ਇੱਕ ਹੀ ਚੀਜ਼ ਹੁੰਦੀ ਸੀ—ਬਰਫ਼ ਨਾਲ਼ ਵਾਈਨ ਦਾ ਪੈੱਗ।

ਉਸਦੀ ਘਰ ਦੀ ਹੇਠਲੀ ਮੰਜ਼ਿਲ ਵਿੱਚ ਤਿੰਨ ਯਤੀਮ ਪ੍ਰਿੰਸੇਸ ਦ. ਗ. ਰਹਿੰਦੀਆਂ ਸਨ। ਉਹਨਾਂ ਦਾ ਪਿਓ, ਜਿਹੜਾ ਕੋਮੀਸਰੀ ਜਨਰਲ ਸੀ, ਹਮੇਸ਼ਾ ਘਰੋਂ ਬਾਹਰ ਹੀ ਰਹਿੰਦਾ ਸੀ, ਅਤੇ ਉਹਨਾਂ ਦੀ ਮਾਂ ਮਰ ਚੁੱਕੀ ਸੀ। ਜਨਰਲ ਦੀ ਵਿਧਵਾ ਨੂੰ ਇਹ ਕੁੜੀਆਂ ਬਿਲਕੁਲ ਪਸੰਦ ਨਹੀਂ ਸਨ ਅਤੇ ਉਹ ਹਰ ਤਰ੍ਹਾਂ ਦੀਆਂ ਘਟੀਆ-ਕਮੀਨੀਆਂ ਹਰਕਤਾਂ ਨਾਲ਼ ਉਹਨਾਂ ਦਾ ਇਸ ਘਰ ਵਿੱਚ ਰਹਿਣਾ ਦੁਸ਼ਵਾਰ ਕਰਨ ਦੀਆਂ ਕੋਸ਼ਿਸ਼ਾਂ ਕਰਦੀ ਰਹਿੰਦੀ ਸੀ। ਉਹ ਟੁੱਟੀ-ਫੁੱਟੀ ਰੂਸੀ ਬੋਲਦੀ ਸੀ, ਪਰ ਗਾਲ਼ਾਂ ਕੱਢਣ ਵਿੱਚ ਉਹ ਕਿਸੇ ਕੋਚਵਾਨ ਵਾਂਗ ਪੂਰੀ

ਮਾਹਿਰ ਸੀ। ਇਹਨਾਂ ਵਿਚਾਰੀਆਂ ਕੁੜੀਆਂ ਪ੍ਰਤੀ ਉਸਦੇ ਰਵੱਈਏ ਤੋਂ ਮੈਨੂੰ ਬੜੀ ਨਫਰਤ ਹੁੰਦੀ ਸੀ — ਉਹ ਬਹੁਤ ਉਦਾਸ ਤੇ ਸਹਿਮੀਆਂ-ਸਹਿਮੀਆਂ ਰਹਿੰਦੀਆਂ ਸਨ। ਇੱਕ ਦਿਨ ਇਹ ਦੋ ਕੁੜੀਆਂ ਦੁਪਹਿਰ ਦੇ ਸਮੇਂ ਬਗੀਚੇ ਵਿੱਚ ਟਹਿਲ ਰਹੀਆਂ ਸਨ ਕਿ ਅਚਾਨਕ ਉੱਥੇ ਜਨਰਲ ਦੀ ਵਿਧਵਾ ਆ ਪਹੁੰਚੀ। ਉਹ ਹਮੇਸ਼ਾ ਵਾਂਗ ਨਸ਼ੇ ਵਿੱਚ ਚੂਰ ਸੀ ਅਤੇ ਇਹਨਾਂ ਕੁੜੀਆਂ ਨੂੰ ਬਗੀਚੇ ਵਿੱਚੋਂ ਕੱਢਣ ਲਈ ਇਹਨਾਂ ਨੂੰ ਉੱਚੀ-ਉੱਚੀ ਬੁਰਾ-ਭਲਾ ਕਹਿਣ ਲੱਗ ਪਈ। ਕੁੜੀਆਂ ਚੁੱਪਚਾਪ ਤੁਰ ਪਈਆਂ, ਪਰ ਮੈਡਮ ਕੋਰਨੇ ਨੇ ਫਾਟਕ ਅੱਗੇ ਖਲੋ ਕੇ ਬੋਤਲ ਵਿੱਚ ਲੱਗੇ ਕਾਰਕ ਵਾਂਗ ਰਾਹ ਬੰਦ ਕਰ ਦਿੱਤਾ ਅਤੇ ਅਜਿਹੀਆਂ ਗੰਦੀਆਂ-ਗੰਦੀਆਂ ਗਾਲ਼ਾਂ ਕੱਢਣ ਲੱਗ ਪਈ ਜਿਹਨਾਂ ਨੂੰ ਸੁਣ ਕੇ ਤਾਂ ਕੋਈ ਘੋੜਾ ਵੀ ਪ੍ਰੇਸ਼ਾਨ ਹੋ ਜਾਵੇ। ਮੈਂ ਉਸਨੂੰ ਕਿਹਾ ਕਿ ਉਹ ਗਾਲ਼ਾਂ ਨਾ ਕੱਢੇ ਤੇ ਕੁੜੀਆਂ ਨੂੰ ਜਾਣ ਦੇਵੇ। ਇੰਨਾ ਸੁਣ ਕੇ ਉਹ ਭੜਕ ਪਈ:

"ਮੈਂ ਜਾਣਦੀ ਹਾਂ ਤੈਨੂੰ! ਤੂੰ ਰਾਤ ਨੂੰ ਇਹਨਾਂ ਦੀ ਖਿੜਕੀ ਵਿੱਚ ਚੜਦੈਂ..."

ਮੈਨੂੰ ਗੁੱਸਾ ਚੜ੍ਹ ਗਿਆ, ਉਸਨੂੰ ਮੋਢਿਆਂ ਤੋਂ ਫੜ ਕੇ ਫਾਟਕ ਤੋਂ ਪਰ੍ਹੇ ਧੱਕ ਦਿੱਤਾ, ਪਰ ਉਹ ਮੇਰੇ ਹੱਥਾਂ 'ਚੋਂ ਨਿਕਲ਼ ਗਈ, ਉਸਨੇ ਮੇਰੇ ਵੱਲ ਮੂੰਹ ਕੀਤਾ ਅਤੇ ਇੱਕਦਮ ਆਪਣੇ ਡਰੈਸਿੰਗ-ਗਾਊਨ ਦੇ ਬਟਨ ਖੋਲ੍ਹ ਕੇ ਕਮੀਜ਼ ਉੱਪਰ ਚੁੱਕ ਕੇ ਚੀਕਣ ਲੱਗ ਪਈ:

"ਇਹਨਾਂ ਚੂਹੀਆਂ ਨਾਲ਼ੋਂ ਤਾਂ ਮੈਂ ਸੌ ਦਰਜੇ ਚੰਗੀ ਹਾਂ!"

ਫਿਰ ਤਾਂ ਮੈਂ ਗੁੱਸੇ ਨਾਲ਼ ਪਾਗਲ ਹੋ ਗਿਆ, ਮੈਂ ਉਸਦਾ ਮੂੰਹ ਦੂਜੇ ਪਾਸੇ ਕੀਤਾ, ਉਸਦੇ ਪੁੜਿਆਂ 'ਤੇ ਟਿਕਾ ਕੇ ਬੇਲਚਾ ਮਾਰਿਆ। ਉਹ ਬੇਹੱਦ ਹੈਰਾਨ ਹੋ ਕੇ ਅਤੇ ਤਿੰਨ ਵਾਰ 'ਓਹ! ਓਹ! ਓਹ!' ਚੀਕਦੀ ਹੋਈ ਫਾਟਕ ਵਿੱਚੋਂ ਵਿਹੜੇ ਵੱਲ ਭੱਜ ਨਿਕਲ਼ੀ।

ਉਸਤੋਂ ਬਾਅਦ ਮੈਂ ਉਸਦੀ ਨੌਕਰਾਣੀ ਪੋਲੀਨ ਤੋਂ, ਜਿਹੜੀ ਆਪਣੀ ਮਾਲਕਿਣ ਵਾਂਗ ਹੀ ਪਿਆਕੜ ਪਰ ਬੜੀ ਚਲਾਕ ਔਰਤ ਸੀ, ਆਪਣਾ ਪਾਸਪੋਰਟ ਫੜਿਆ, ਆਪਣੇ ਸਮਾਨ ਦੀ ਗੱਠੜੀ ਕੱਛ ਹੇਠ ਦਬਾਈ ਅਤੇ ਤੁਰ ਪਿਆ। ਜਨਰਲ ਦੀ ਵਿਧਵਾ ਲਾਲ ਰੁਮਾਲ ਫੜ ਕੇ ਖਿੜਕੀ ਕੋਲ਼ ਖੜੀ ਮੈਨੂੰ ਪਿੱਛਿਓਂ ਉੱਚੀ-ਉੱਚੀ ਅਵਾਜ਼ਾਂ ਮਾਰਦੀ ਰਹੀ:

"ਮੈਂ ਪੁਲਿਸ ਨਹੀਂ ਬੁਲਾਉਂਦੀ...ਕੋਈ ਗੱਲ ਨਹੀਂ...ਸੁਣ! ਵਾਪਸ ਆ ਜਾ! ਡਰ ਨਾ...!"

29

ਮੈਂ ਉਹਨਾਂ ਤੋਂ ਪੁੱਛਿਆ:

"ਕੀ ਤੁਸੀਂ ਪੋਜ਼ਨੀਸ਼ੇਵ ਦੀ ਇਸ ਗੱਲ ਨਾਲ਼ ਸਹਿਮਤ ਹੋ ਕਿ ਡਾਕਟਰਾਂ ਨੇ ਲੱਖਾਂ ਲੋਕਾਂ ਦੀਆਂ ਜਾਨਾਂ ਲਈਆਂ ਹਨ ਤੇ ਅਜੇ ਵੀ ਲੈ ਰਹੇ ਹਨ?"

"ਤੁਹਾਨੂੰ ਇਹ ਜਾਨਣ ਵਿੱਚ ਬਹੁਤ ਜ਼ਿਆਦਾ ਦਿਲਚਸਪੀ ਹੈ?"

"ਬਹੁਤ ਜ਼ਿਆਦਾ।"

"ਫਿਰ ਤਾਂ ਮੈਂ ਨਹੀਂ ਦੱਸਾਂਗਾ!"

ਅਤੇ ਉਹ ਆਪਣੇ ਦੋਨੋ ਅੰਗੂਠੇ ਦਿਖਾਉਂਦੇ ਹੋਏ ਮੁਸਕਰਾਏ।

ਮੈਨੂੰ ਯਾਦ ਹੈ ਕਿ ਉਹਨਾਂ ਦੀ ਇੱਕ ਕਹਾਣੀ ਵਿੱਚ ਕਿਸੇ ਪਿੰਡ ਦੇ ਘੋੜਿਆਂ ਦੇ ਨੀਮ–ਹਕੀਮ ਤੇ ਇੱਕ ਡਾਕਟਰ ਦੀ ਤੁਲਨਾ ਕੀਤੀ ਗਈ ਹੈ। ਇਸ ਵਿੱਚ ਕੁਝ ਅਜਿਹੇ ਸ਼ਬਦਾਂ ਦਾ ਜ਼ਿਕਰ ਕਰਕੇ ਡਾਕਟਰ ਦਾ ਮਜ਼ਾਕ ਉਡਾਇਆ ਗਿਆ ਹੈ, ਜਿਹਨਾਂ ਲਈ ਡਾਕਟਰ ਆਮ ਤੌਰ ’ਤੇ ਵਿਗਿਆਨਕ ਸ਼ਬਦਾਵਲੀ ਦੀ ਵਰਤੋਂ ਕਰਦੇ ਹਨ।

ਅਤੇ ਇਹ ਸਭ ਜੇਨਰ, ਬੇਹਰਿੰਗ ਤੇ ਪਾਸਚਰ ਤੋਂ ਮਗਰੋਂ ਕਿਹਾ ਹੈ! ਕਿੰਨੇ ਸ਼ਰਾਰਤੀ ਹਨ, ਬਿਲਕੁਲ ਬੱਚਿਆਂ ਵਾਂਗ!

30

ਕਿਹੋ ਜਿਹੀ ਅਜੀਬ ਗੱਲ ਹੈ ਕਿ ਉਹਨਾਂ ਨੂੰ ਤਾਸ਼ ਖੇਡਣਾ ਪਸੰਦ ਹੈ। ਉਹ ਪੂਰੀ ਤਰ੍ਹਾਂ ਮਗਨ ਹੋ ਕੇ ਤੇ ਜੋਸ਼ ਨਾਲ਼ ਖੇਡਦੇ ਹਨ। ਅਤੇ ਉਹ ਤਾਸ਼ ਦੇ ਪੱਤਿਆਂ ਨੂੰ ਏਨੇ ਧਿਆਨ ਨਾਲ਼ ਤੇ ਪਿਆਰ ਨਾਲ਼ ਫੜਦੇ ਹਨ ਜਿਵੇਂ ਉਹ ਗੱਤੇ ਦੇ ਟੁਕੜੇ ਨਾ ਹੋ ਕੇ ਕੋਈ ਜਿਉਂਦੇ ਜਾਗਦੇ ਪੰਛੀ ਹੋਣ।

31

“ਡਿਕਨਜ਼ ਨੇ ਇੱਕ ਬਹੁਤ ਹੀ ਸਿਆਣੀ ਗੱਲ ਕਹੀ ਹੈ: ‘ਤੁਹਾਨੂੰ ਇਸ ਸ਼ਰਤ ’ਤੇ ਇਹ ਜੀਵਨ ਸੌਂਪਿਆ ਗਿਆ ਹੈ ਕਿ ਤੁਸੀਂ ਆਖ਼ਰੀ ਪਲ ਤੱਕ ਇਸ ਲਈ ਕਰੜਾ ਸੰਘਰਸ਼ ਕਰਦੇ ਰਹੋਗੇ।’ ਵੈਸੇ ਉਹ ਬਹੁਤ ਜਜ਼ਬਾਤੀ, ਗਾਲੜ੍ਹ ਤੇ ਕੋਈ ਬਹੁਤੇ ਸਿਆਣੇ ਲੇਖਕ ਨਹੀਂ ਸਨ। ਪਰ ਨਾਵਲ ਲਿਖਣ ਦੇ ਮਾਮਲੇ ਵਿੱਚ ਉਹ ਬੇਮਿਸਾਲ ਸਨ, ਪੱਕੇ ਤੌਰ ’ਤੇ ਬਾਲਜ਼ਾਕ ਤੋਂ ਤਾਂ ਬਿਹਤਰ ਸਨ। ਕਿਸੇ ਨੇ ਕਿਹਾ ਹੈ: ‘ਕਿਤਾਬਾਂ ਲਿਖਣ ਦਾ ਜਨੂੰਨ ਤਾਂ ਬਹੁਤ ਲੋਕਾਂ ਦੇ ਸਿਰ ’ਤੇ ਸਵਾਰ ਹੁੰਦਾ ਹੈ, ਪਰ ਲਿਖਣ ਤੋਂ ਬਾਅਦ ਬਹੁਤ ਘੱਟ ਲੋਕ ਹੀ ਇਹਨਾਂ ਲਈ ਸ਼ਰਮ ਮਹਿਸੂਸ ਕਰਦੇ ਹਨ।’ ਬਾਲਜ਼ਾਕ ਨੇ ਨਹੀਂ ਕੀਤੀ, ਅਤੇ ਨਾ ਹੀ ਡਿਕਨਜ਼ ਨੇ, ਜਦਕਿ ਦੋਹਾਂ ਨੇ ਬੁਰਾ ਵੀ ਕੋਈ ਘੱਟ ਨਹੀਂ ਲਿਖਿਆ। ਪਰ ਫਿਰ ਵੀ ਬਾਲਜ਼ਾਕ ਪ੍ਰਤਿਭਾ ਸਨ, ਮੇਰਾ ਮਤਲਬ ਕਿ ਉਹਨਾਂ ਨੂੰ ਸਿਰਫ਼ ਪ੍ਰਤਿਭਾ ਹੀ ਕਿਹਾ ਜਾ ਸਕਦਾ ਹੈ...”

ਕਿਸੇ ਨੇ ਉਹਨਾਂ ਨੂੰ ਤਿਖੋਮੀਰੋਵ* ਦੀ ਕਿਤਾਬ ‘ਮੈਂ ਹੁਣ ਇਨਕਲਾਬੀ ਕਿਉਂ ਨਹੀਂ ਰਿਹਾ’ ਲਿਆ ਕੇ ਦਿੱਤੀ। ਤਾਲਸਤਾਏ ਨੇ ਉਸਨੂੰ ਚੁੱਕਿਆ ਤੇ ਇਹ ਕਹਿੰਦਿਆਂ ਹਵਾ ਵਿੱਚ ਲਹਿਰਾਉਣ ਲੱਗੇ:

“ਇਸ ਵਿੱਚ ਰਾਜਨੀਤਕ ਕਤਲ ਤੇ ਇਸ ਬਾਰੇ ਸਭ ਕੁਝ ਬਹੁਤ ਚੰਗੀ ਤਰ੍ਹਾਂ ਦੱਸਿਆ ਗਿਆ ਹੈ ਕਿ ਟਾਕਰੇ ਦੇ ਇਸ ਢੰਗ ਦਾ ਕੋਈ ਸਪਸ਼ਟ ਮਕਸਦ ਨਹੀਂ ਹੁੰਦਾ। ਇਸ ਸੁਧਰੇ ਹੋਏ ਕਾਤਿਲ ਦਾ ਕਹਿਣਾ ਹੈ ਕਿ ਅਜਿਹਾ ਵਿਚਾਰ ਕਿਸੇ ਵਿਅਕਤੀ ਦੀ ਅਰਾਜਕਤਾਵਾਦੀ ਨਿਰੰਕੁਸ਼ਤਾ ਅਤੇ ਸਮਾਜ ਤੇ ਮਨੁੱਖਜਾਤੀ ਪ੍ਰਤੀ ਨਫ਼ਰਤ ਤੋਂ ਸਿਵਾ ਹੋਰ ਕੁਝ ਨਹੀਂ ਹੋ ਸਕਦਾ।

ਤਿਖੋਮੀਰੋਵ ਲ.ਅ. 1852–1923, ਇਨਕਲਾਬੀ–ਨਰੋਦਵਾਦੀ, ਪੱਤਰਕਾਰ, ਮਗਰੋਂ ਇਨਕਲਾਬੀ ਕਾਰਵਾਈਆਂ ਤਿਆਗ ਦਿੱਤੀਆਂ। –ਸੰਪਾ.

ਇਹ ਗੱਲ ਸਹੀ ਹੈ, ਪਰ ਸ਼ਬਦ 'ਅਰਾਜਕਤਾਵਾਦੀ ਨਿਰੰਕੁਸ਼ਤਾ' ਛਪਾਈ ਦੀ ਗਲਤੀ ਹੈ, ਇਸਦੀ ਥਾਂ 'ਰਾਜਤੰਤਰੀ ਨਿਰੰਕੁਸ਼ਤਾ' ਕਹਿਣਾ ਚਾਹੀਦਾ ਸੀ। ਇਹ ਸਹੀ ਅਤੇ ਸੱਚਾ ਵਿਚਾਰ ਹੈ, ਸਾਰੇ ਦਹਿਸ਼ਤਗਰਦ, ਮੈਂ ਇਮਾਨਦਾਰ ਦਹਿਸ਼ਤਗਰਦਾਂ ਦੀ ਗੱਲ ਕਰ ਰਿਹਾ ਹਾਂ, ਇਸ 'ਤੇ ਵਿਚਾਰ ਕਰਨਗੇ। ਜਿਸਨੂੰ ਆਪਣੇ ਸੁਭਾਅ ਤੋਂ ਹੀ ਕਤਲ ਕਰਨਾ ਪਸੰਦ ਹੈ ਉਸਨੂੰ ਕੋਈ ਫਰਕ ਨਹੀਂ ਪਵੇਗਾ। ਉਸ ਲਈ ਇੱਥੇ ਕੋਈ ਰੁਕਾਵਟ ਨਹੀਂ ਹੈ। ਉਹ ਤਾਂ ਬਸ ਇੱਕ ਕਾਤਿਲ ਹੈ, ਤੇ ਐਵੇਂ ਸੰਜੋਗ ਨਾਲ਼ ਹੀ ਦਹਿਸ਼ਤਗਰਦਾਂ ਵਿੱਚ ਆ ਰਲ਼ਿਆ ਹੈ..."

32

ਕਦੇ ਕਦੇ ਉਹ ਆਤਮ-ਤ੍ਰਿਪਤ ਤੇ ਵੋਲਗਾ ਖੇਤਰ ਦੇ ਫਿਰਕੂ ਜਨੂੰਨੀ ਵਾਂਗ ਬਰਦਾਸ਼ਤ ਤੋਂ ਬਾਹਰ ਹੋ ਜਾਂਦੇ ਹਨ। ਕਿਉਂਕਿ ਉਹ ਇੱਕ ਅਜਿਹੇ ਘੰਟੇ ਵਰਗੇ ਹਨ ਜਿਸਦੀ ਆਵਾਜ਼ ਪੂਰੀ ਦੁਨੀਆਂ ਵਿੱਚ ਗੂੰਜਦੀ ਹੈ ਤਾਂ ਉਹਨਾਂ ਦਾ ਇੰਜ ਹੋਣਾ ਮਾੜੀ ਗੱਲ ਹੈ। ਕੱਲ ਉਹਨਾਂ ਨੇ ਮੈਨੂੰ ਕਿਹਾ:

"ਮੈਂ ਤੁਹਾਡੇ ਨਾਲ਼ੋਂ ਕਿਤੇ ਜ਼ਿਆਦਾ ਕਿਸਾਨ ਹਾਂ, ਅਤੇ ਖੁਦ ਨੂੰ ਤੁਹਾਡੇ ਨਾਲ਼ੋਂ ਵਧੇਰੇ ਕਿਸਾਨ ਵਜੋਂ ਮਹਿਸੂਸ ਕਰਦਾ ਹਾਂ।"

ਮੇਰਿਆ ਰੱਬਾ! ਉਹਨਾਂ ਨੂੰ ਇਸ ਗੱਲ ਦੀ ਫੜ੍ਹ ਨਹੀਂ ਮਾਰਨੀ ਚਾਹੀਦੀ, ਬਿਲਕੁਲ ਨਹੀਂ ਮਾਰਨੀ ਚਾਹੀਦੀ!

33

ਮੈਂ ਉਹਨਾਂ ਨੂੰ ਆਪਣੇ ਨਾਟਕ 'ਰਸਾਤਲ' ਦੇ ਕੁਝ ਦ੍ਰਿਸ਼ ਪੜ੍ਹ ਕੇ ਸੁਣਾਏ। ਉਹਨਾਂ ਨੇ ਬਹੁਤ ਧਿਆਨ ਨਾਲ਼ ਸੁਣਿਆ ਤੇ ਫਿਰ ਪੁੱਛਿਆ:

"ਕਿਸ ਵਜ੍ਹਾ ਨਾਲ਼ ਤੁਸੀਂ ਇਹ ਲਿਖਿਆ?"

ਮੇਰੇ ਤੋਂ ਜਿੰਨਾ ਹੋ ਸਕਿਆ ਮੈਂ ਦੱਸ ਦਿੱਤਾ।

"ਤੁਸੀਂ ਹਰ ਚੀਜ਼ ਨੂੰ ਮੁਰਗੇ ਵਾਂਗੂੰ ਟੁੱਟ ਕੇ ਪੈ ਜਾਂਦੇ ਹੋ। ਦੂਜੀ ਗੱਲ — ਤੁਸੀਂ ਸਾਰੀਆਂ ਦਰਾੜਾਂ ਤੇ ਮੋਰੀਆਂ ਨੂੰ ਆਪਣੇ ਹੀ ਰੰਗ ਨਾਲ਼ ਭਰਨਾ ਚਾਹੁੰਦੇ ਹੋ। ਹੈਨਸ ਐਂਡਰਸਨ ਨੇ ਆਪਣੀ ਕਿਸੇ ਕਹਾਣੀ ਵਿੱਚ ਲਿਖਿਆ ਹੈ: "ਸੁਨਹਿਰਾ ਪਾਣੀ ਲਹਿ ਜਾਂਦਾ ਹੈ, ਚਮੜਾ ਰਹਿ ਜਾਂਦਾ ਹੈ।' ਸਾਡੇ ਕਿਸਾਨ ਕਹਿੰਦੇ ਹਨ: 'ਹਰ ਚੀਜ਼ ਗੁਜ਼ਰ ਜਾਂਦੀ ਹੈ, ਸਿਰਫ ਸੱਚਾਈ ਰਹਿ ਜਾਂਦੀ ਹੈ।' ਰੰਗ ਨਾ ਲਾਉਣਾ ਹੀ ਠੀਕ ਰਹੇਗਾ, ਨਹੀਂ ਤਾਂ ਬਾਅਦ ਵਿੱਚ ਇਹ ਤੁਹਾਡੇ ਲਈ ਹੀ ਬੁਰਾ ਹੋਵੇਗਾ। ਅਤੇ ਫਿਰ ਤੁਹਾਡੀ ਭਾਸ਼ਾ ਕਿੰਨੀ ਭੜਕੀਲੀ ਹੈ, ਦਾਅ-ਪੇਚਾਂ ਨਾਲ਼ ਭਰੀ ਹੋਈ। ਇਹ ਨਹੀਂ ਚੱਲਣੀ। ਤੁਹਾਨੂੰ ਸਿੱਧੇ-ਸਾਦੇ ਢੰਗ ਨਾਲ਼ ਲਿਖਣਾ ਚਾਹੀਦਾ ਹੈ, ਲੋਕ ਹਮੇਸ਼ਾ ਸਧਾਰਨ ਢੰਗ ਨਾਲ਼ ਹੀ ਗੱਲਾਂ ਕਰਦੇ ਹਨ, ਕਦੇ ਕਦੇ ਉਹ ਥੋੜੇ ਬੇਤਰਤੀਬੇ ਜਿਹੇ ਲੱਗਦੇ ਹਨ, ਪਰ ਉਹ ਆਪਣੇ ਵਿਚਾਰ ਬਹੁਤ ਹੀ ਵਧੀਆ ਢੰਗ ਨਾਲ਼ ਪੇਸ਼ ਕਰਦੇ ਹਨ। ਕਿਸਾਨ ਕਦੇ ਵੀ ਇਹ ਨਹੀਂ ਪੁੱਛਦਾ: 'ਜੇਕਰ ਚਾਰ ਤਿੰਨ ਤੋਂ ਵੱਡਾ ਹੈ ਤਾਂ ਇੱਕ

ਚੌਥਾਈ ਇੱਕ ਤਿਹਾਈ ਤੋਂ ਛੋਟਾ ਕਿਉਂ ਹੈ ?" ਜਿਵੇਂ ਕਿ ਇੱਕ ਪੜ੍ਹੀ-ਲਿਖੀ ਮੁਟਿਆਰ ਨੇ ਪੁੱਛਿਆ ਸੀ। ਚਾਲਬਾਜ਼ੀਆਂ ਵਾਲ਼ੀ ਲੇਖਣੀ ਦੀ ਕੋਈ ਲੋੜ ਨਹੀਂ ਹੈ।

ਉਹ ਖਿਝੇ-ਖਿਝੇ ਜਿਹੇ ਬੋਲ ਰਹੇ ਸਨ, ਸਪਸ਼ਟ ਹੈ ਕਿ ਉਹਨਾਂ ਨੂੰ ਮੇਰੇ ਪੜ੍ਹੇ ਦ੍ਰਿਸ਼ ਚੰਗੇ ਨਹੀਂ ਲੱਗੇ ਸਨ। ਕੁਝ ਦੇਰ ਤੱਕ ਚੁੱਪ ਰਹਿਣ ਤੋਂ ਬਾਅਦ ਮੇਰੇ ਵੱਲ ਨਾ ਦੇਖਦੇ ਹੋਏ ਉਹਨਾਂ ਨੇ ਰੁੱਖੀ ਜਿਹੀ ਬੋਲੀ ਵਿੱਚ ਕਿਹਾ:

"ਤੁਹਾਡੇ ਨਾਟਕ ਵਿਚਲਾ ਬੁੱਢਾ ਆਦਮੀ ਪਿਆਰ ਕਰਨ ਯੋਗ ਨਹੀਂ ਹੈ, ਉਸਦੀ ਚੰਗਿਆਈ 'ਤੇ ਯਕੀਨ ਨਹੀਂ ਹੁੰਦਾ। ਐਕਟਰ ਬੁਰਾ ਨਹੀਂ ਹੈ। ਕੀ ਤੁਸੀਂ 'ਪ੍ਰਬੋਧਨ ਦੇ ਫਲ਼' ਪੜ੍ਹੀ ਹੈ ? ਉਸ ਵਿੱਚ ਮੈਂ ਜਿਹੜਾ ਬਾਵਰਚੀ ਦਿਖਾਇਆ ਹੈ ਉਹ ਬਿਲਕੁਲ ਤੁਹਾਡੇ ਐਕਟਰ ਵਰਗਾ ਹੈ। ਨਾਟਕ ਲਿਖਣਾ ਬਹੁਤ ਔਖਾ ਕੰਮ ਹੈ। ਤੁਹਾਡੀ ਵੇਸਵਾ ਵੀ ਚੰਗੀ ਹੈ, ਕੋਈ ਸ਼ੱਕ ਨਹੀਂ ਕਿ ਉਸ ਵਰਗੀਆਂ ਕਈ ਹੋਰ ਵੀ ਹੋਣਗੀਆਂ। ਕੀ ਤੁਸੀਂ ਕਦੇ ਅਜਿਹੀ ਕਿਸੇ ਵੇਸਵਾ ਨੂੰ ਮਿਲ਼ੇ ਹੋ ?"

"ਹਾਂ, ਮਿਲ਼ਿਆ ਹਾਂ।"

"ਹਾਂ, ਲੱਗ ਵੀ ਰਿਹਾ ਹੈ। ਸੱਚਾਈ ਹਮੇਸ਼ਾ ਆਪਣੇ ਆਪ ਨੂੰ ਸਾਹਮਣੇ ਲੈ ਹੀ ਆਉਂਦੀ ਹੈ। ਪਰ ਤੁਸੀਂ ਲੇਖਕ ਦੇ ਨਜ਼ਰੀਏ ਤੋਂ ਕੁਝ ਜ਼ਿਆਦਾ ਹੀ ਕਹਿ ਦਿੰਦੇ ਹੋ, ਤੁਹਾਡੇ ਨਾਇਕ ਅਸਲੀ ਪਾਤਰ ਨਹੀਂ ਹਨ, ਉਹ ਸਾਰੇ ਇੱਕੋ ਜਿਹੇ ਹੀ ਹਨ। ਔਰਤਾਂ ਨੂੰ ਤੁਸੀਂ ਸ਼ਾਇਦ ਸਮਝਦੇ ਨਹੀਂ ਹੋ, ਤੁਹਾਡੇ ਸਾਰੇ ਨਾਰੀ-ਪਾਤਰ ਅਸਫਲ ਹਨ, ਹਰ ਇੱਕ। ਉਹ ਕਿਸੇ ਨੂੰ ਯਾਦ ਨਹੀਂ ਰਹਿੰਦੀਆਂ..."

ਆਂਦਰੇਈ ਲਵੋਵਿਚ ਦੀ ਪਤਨੀ ਸਾਨੂੰ ਚਾਹ ਲਈ ਬੁਲਾਉਣ ਕਮਰੇ ਵਿੱਚ ਆਈ। ਉਹ ਉੱਠੇ ਤੇ ਜਲਦੀ ਜਲਦੀ ਕਮਰੇ 'ਚੋਂ ਬਾਹਰ ਚਲੇ ਗਏ ਜਿਵੇਂ ਗੱਲਬਾਤ ਖਤਮ ਹੋਣ 'ਤੇ ਖੁਸ਼ ਹੋਣ।

34

"ਤੁਸੀਂ ਹੁਣ ਤੱਕ ਸਭ ਤੋਂ ਭਿਆਨਕ ਸੁਪਨਾ ਕਿਹੜਾ ਦੇਖਿਆ ਹੈ ?"

ਮੈਨੂੰ ਸੁਪਨੇ ਕਦੇ-ਕਦਾਈਂ ਹੀ ਆਉਂਦੇ ਹਨ, ਅਤੇ ਯਾਦ ਰੱਖਣ ਵਿੱਚ ਵੀ ਮੁਸ਼ਕਲ ਹੁੰਦੀ ਹੈ। ਪਰ ਦੋ ਸੁਪਨੇ ਮੈਨੂੰ ਯਾਦ ਰਹੇ ਹਨ, ਅਤੇ ਸ਼ਾਇਦ ਮੈਂ ਬਾਕੀ ਰਹਿੰਦੀ ਜ਼ਿੰਦਗੀ ਉਹਨਾਂ ਨੂੰ ਕਦੇ ਭੁਲਾ ਵੀ ਨਾ ਸਕਾਂ।

ਇੱਕ ਵਾਰ ਮੈਂ ਸੁਪਨੇ ਵਿੱਚ ਭੱਦਾ ਜਿਹਾ, ਹਰੇ-ਪੀਲ਼ੇ ਰੰਗ ਦਾ ਸੜ੍ਹਿਆ ਹੋਇਆ ਅਸਮਾਨ ਦੇਖਿਆ। ਉਸ ਵਿੱਚ ਗੋਲ਼-ਗੋਲ਼, ਚਪਟੇ, ਫਿੱਕੇ ਅਤੇ ਬੁਝੇ-ਬੁਝੇ ਜਿਹੇ ਤਾਰੇ ਸਨ, ਕਿਸੇ ਰੋਗੀ ਦੇ ਸਰੀਰ 'ਤੇ ਫੋੜੇ-ਫਿਨਸੀਆਂ ਵਰਗੇ। ਤਾਰਿਆਂ ਵਿਚਕਾਰ ਸੱਪ ਵਰਗੀ ਕੋਈ ਲਾਲ ਜਿਹੀ ਬਿਜਲੀ ਸੜੇ ਹੋਏ ਅਸਮਾਨ ਵਿੱਚ ਹੌਲ਼ੀ-ਹੌਲ਼ੀ ਰੀਂਘ ਰਹੀ ਸੀ। ਜਦੋਂ ਉਹ ਬਿਜਲੀ ਕਿਸੇ ਤਾਰੇ ਨਾਲ਼ ਛੂਹਦੀ ਤਾਂ ਤਾਰਾਂ ਗੁਬਾਰੇ ਵਾਂਗ ਫੁੱਲ ਜਾਂਦਾ ਅਤੇ ਬਿਨਾਂ ਆਵਾਜ਼ ਕੀਤਿਆਂ ਹੀ ਫਟ ਜਾਂਦਾ। ਉਸਦੀ ਥਾਂ 'ਤੇ ਧੂੰਏ ਦੇ ਛੋਟੇ ਟੁਕੜੇ ਵਰਗਾ ਕਾਲ਼ਾ ਧੱਬਾ ਰਹਿ ਜਾਂਦਾ ਜਿਹੜਾ ਸੜੇ ਹੋਏ ਤੇ ਚਿਪਚਿਪੇ ਤਰਲ ਵਰਗੇ ਆਕਾਸ਼ ਵਿੱਚ ਯਕਦਮ ਗਾਇਬ ਹੋ ਜਾਂਦਾ। ਇਸ ਤਰ੍ਹਾਂ

ਇੱਕ-ਇੱਕ ਕਰਕੇ ਸਾਰੇ ਤਾਰੇ ਫਟ ਗਏ, ਆਕਾਸ਼ ਹੋਰ ਵੀ ਹਨੇਰਾ ਤੇ ਭਿਆਨਕ ਹੁੰਦਾ ਜਾ ਰਿਹਾ ਸੀ, ਅਤੇ ਇਸਤੋਂ ਬਾਅਦ ਜ਼ੋਰ-ਜ਼ੋਰ ਨਾਲ਼ ਡੋਲਣ ਲੱਗ ਪਿਆ, ਟੁਕੜੇ ਟੁਕੜੇ ਹੋ ਕੇ ਤਰਲ ਜੈਲੀ ਦੇ ਰੂਪ ਵਿੱਚ ਮੇਰੇ ਸਿਰ 'ਤੇ ਡਿੱਗਣ ਲੱਗ ਪਿਆ ਅਤੇ ਟੁਕੜਿਆਂ ਵਿੱਚੋਂ ਚਮਕਦੀ ਕਾਲ਼ੀ ਸਤ੍ਹਾ ਨਜ਼ਰ ਆਉਣ ਲੱਗੀ।

ਤਾਲਸਤਾਏ ਨੇ ਕਿਹਾ:

"ਤੁਸੀਂ ਜ਼ਰੂਰ ਹੀ ਖਗੋਲ-ਵਿਗਿਆਨ ਨਾਲ਼ ਸਬੰਧਤ ਕੋਈ ਕਿਤਾਬ ਪੜ੍ਹ ਰਹੇ ਹੋਵੋਗੇ, ਇਸੇ ਲਈ ਤੁਹਾਨੂੰ ਇਹ ਸੁਪਨਾ ਆਇਆ। ਦੂਜਾ ਸੁਪਨਾ ਕੀ ਸੀ ?"

ਦੂਜਾ ਸੁਪਨਾ: ਬਰਫ਼ ਨਾਲ਼ ਢਕਿਆ ਮੈਦਾਨ, ਕਾਗਜ਼ ਵਾਂਗ ਬਿਲਕੁਲ ਪੱਧਰਾ, ਨਾ ਕੋਈ ਉਭਾਰ, ਨਾ ਰੁੱਖ, ਨਾ ਕੋਈ ਝਾੜੀ, ਬਸ ਬਰਫ਼ ਹੇਠੋਂ ਜ਼ਰਾ ਕੁ ਬਾਹਰ ਨਿਕਲੀਆਂ ਹੋਈਆਂ ਵਿਰਲੀਆਂ ਟਾਹਣੀਆਂ ਦਿਖਾਈ ਦੇ ਰਹੀਆਂ ਸਨ। ਇਸ ਨਿਰਜੀਵ, ਸੁੰਨਸਾਨ ਮੈਦਾਨ ਵਿੱਚ ਦੁਮੇਲ ਤੋਂ ਦੁਮੇਲ ਤੱਕ ਬੜੀ ਮੁਸ਼ਕਿਲ ਨਾਲ਼ ਦਿਖਾਈ ਦੇਣ ਵਾਲ਼ੀ ਸੜਕ ਦੀ ਪੀਲ਼ੀ ਜਿਹੀ ਲਕੀਰ ਫੈਲੀ ਹੋਈ ਸੀ ਅਤੇ ਉਸ ਉੱਤੇ ਨਮਦੇ ਦੇ ਸਲੇਟੀ ਰੰਗ ਦੇ ਦੋ ਬੂਟ ਆਪਣੇ ਆਪ ਹੀ ਹੌਲ਼ੀ-ਹੌਲ਼ੀ ਤੁਰਦੇ ਜਾ ਰਹੇ ਸਨ।

ਉਹਨਾਂ ਨੇ ਆਪਣੇ ਸੰਘਣੇ, ਬੌਣਿਆਂ ਵਰਗੇ ਭਰਵੱਟੇ ਚੜ੍ਹਾਏ, ਬੜੇ ਗੌਰ ਨਾਲ਼ ਮੇਰੇ ਵੱਲ ਦੇਖਿਆ। ਫਿਰ ਥੋੜੀ ਦੇਰ ਚੁੱਪ ਰਹਿਣ ਤੋਂ ਬਾਅਦ ਕਿਹਾ:

"ਇਹ ਭਿਆਨਕ ਹੈ। ਤੁਹਾਨੂੰ ਸੱਚੀਮੁੱਚੀ ਇਹ ਸੁਪਨਾ ਆਇਆ ਸੀ ਜਾਂ ਐਵੇਂ ਮਨੋਂ ਹੀ ਘੜ ਲਿਆ ? ਇਸ ਵਿੱਚ ਵੀ ਕੁਝ ਕਿਤਾਬੀ ਜਿਹਾ ਹੈ।"

ਅਤੇ ਅਚਾਨਕ ਜਾਪਿਆ ਜਿਵੇਂ ਉਹਨਾਂ ਨੂੰ ਗੁੱਸਾ ਆ ਗਿਆ ਹੋਵੇ, ਆਪਣੇ ਗੋਡੇ 'ਤੇ ਉਂਗਲ਼ੀ ਨਾਲ਼ ਠਕ-ਠਕ ਕਰਦਿਆਂ ਉਹ ਜ਼ਰਾ ਸਖ਼ਤਾਈ ਨਾਲ਼ ਬੋਲੇ:

"ਤੁਸੀਂ ਸ਼ਰਾਬ ਤਾਂ ਨਹੀਂ ਪੀਂਦੇ। ਅਜਿਹਾ ਵੀ ਨਹੀਂ ਜਾਪਦਾ ਕਿ ਕਿਸੇ ਵੇਲ਼ੇ ਬਹੁਤ ਪੀਂਦੇ ਰਹੇ ਹੋ। ਪਰ ਫਿਰ ਵੀ ਤੁਹਾਡੇ ਸੁਪਨਿਆਂ ਵਿੱਚ ਸ਼ਰਾਬੀਆਂ ਵਰਗਾ ਕੁਝ ਹੈ। ਜਰਮਨੀ ਦਾ ਇੱਕ ਲੇਖਕ ਸੀ ਹੌਫਮਾਨ। ਉਹਨਾਂ ਨੇ ਤਾਸ਼ ਖੇਡਣ ਵਾਲ਼ੇ ਮੇਜ਼ ਸੜ੍ਹਕਾਂ 'ਤੇ ਇੱਧਰ ਓਧਰ ਭੱਜੇ ਫਿਰਦੇ ਦਿਖਾਏ ਸਨ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਅਜਿਹੀਆਂ ਹੀ ਸਨ। ਖੈਰ, ਉਹ ਤਾਂ ਸ਼ਰਾਬੀ ਸਨ — ਜਿਵੇਂ ਕਿ ਅੱਜ ਕੱਲ ਦੇ ਪੜ੍ਹੇ-ਲਿਖੇ ਕੋਚਵਾਨ ਕਹਿੰਦੇ ਹਨ — 'ਕੇਲਕੋਹਲਿਕ' ਸਨ। ਬੂਟ ਆਪਣੇ ਆਪ ਤੁਰਦੇ ਜਾ ਰਹੇ ਹਨ—ਇਹ ਸਚਮੁੱਚ ਭਿਆਨਕ ਹੈ। ਜੇ ਤੁਸੀਂ ਆਪਣੇ ਮਨੋਂ ਵੀ ਘੜਿਆ ਹੋਵੇ ਤਾਂ ਵੀ ਵਧੀਆ ਹੈ। ਭਿਆਨਕ !"

ਅਚਾਨਕ ਹੀ ਉਹਨਾਂ ਦੀ ਪੂਰੀ ਦਾਹੜੀ 'ਤੇ, ਇੱਥੋਂ ਤੱਕ ਕਿ ਗੱਲ੍ਹਾਂ ਦੀਆਂ ਹੱਡੀਆਂ ਤੱਕ ਵੀ, ਮੁਸਕਾਨ ਫੈਲ ਗਈ।

"ਜ਼ਰਾ ਕਲਪਨਾ ਤਾਂ ਕਰੋ: ਤਵੇਰਸਕਾਯਾ ਸੜ੍ਹਕ 'ਤੇ ਅਚਾਨਕ ਹੀ ਇੱਕ ਤਾਸ਼ ਖੇਡਣ ਵਾਲ਼ਾ ਮੇਜ਼ ਭੱਜਣਾ ਸ਼ੁਰੂ ਕਰ ਦੇਵੇ — ਮੁੜੀਆਂ ਹੋਈਆਂ ਲੱਤਾਂ, ਉਸਦੇ ਉੱਪਰਲੇ ਫੱਟੇ ਖੜਕ ਰਹੇ ਹਨ ਅਤੇ ਚਾਕ ਉੱਛਲ ਰਹੇ ਹਨ — ਉਸਦੀ ਹਰੀ ਬਨਾਤ 'ਤੇ ਲਿਖੇ ਹੋਏ ਅੰਕੜੇ ਵੀ ਨਜ਼ਰ ਆ ਰਹੇ ਹੋਣ। ਇਸ ਮੇਜ਼ 'ਤੇ ਆਬਕਾਰੀ ਵਿਭਾਗ ਦੇ ਕੁਝ ਕਰਮਚਾਰੀ ਤਿੰਨ ਦਿਨਾਂ ਤੋਂ

ਲਗਾਤਾਰ ਤਾਸ਼ ਖੇਡ ਰਹੇ ਹੋਣ, ਵਿਚਾਰੇ ਮੇਜ਼ ਤੋਂ ਹੋਰ ਬਰਦਾਸ਼ਤ ਨਹੀਂ ਹੋਇਆ ਅਤੇ ਉਹ ਭੱਜ ਨਿਕਲ਼ਿਆ।"

ਉਹ ਹੱਸ ਪਏ। ਸ਼ਾਇਦ ਉਹਨਾਂ ਨੇ ਇਹ ਦੇਖ ਲਿਆ ਕਿ ਮੇਰੇ ਪ੍ਰਤੀ ਉਹਨਾਂ ਦੇ ਅਵਿਸ਼ਵਾਸ ਕਾਰਨ ਮੈਂ ਕੁਝ ਦੁਖੀ ਮਹਿਸੂਸ ਕਰ ਰਿਹਾਂ ਹਾਂ।

"ਤੁਹਾਨੂੰ ਬੁਰਾ ਲੱਗਿਆ ਕਿ ਤੁਹਾਡੇ ਸੁਪਨੇ ਮੈਨੂੰ ਕਿਤਾਬੀ ਜਾਪੇ ਹਨ ? ਬੁਰਾ ਨਾ ਮੰਨੋ, ਮੈਨੂੰ ਪਤਾ ਹੈ ਕਿ ਕਦੇ ਕਦੇ ਆਪਾਂ ਅਚੇਤ ਤੌਰ 'ਤੇ ਕੁਝ ਅਜਿਹੀਆਂ ਗੱਲਾਂ ਬਣਾ ਲੈਂਦੇ ਹਾਂ ਜਿਹੜੀਆਂ ਐਨੀਆਂ ਅਜੀਬ ਹੁੰਦੀਆਂ ਹਨ ਕਿ ਆਪਾਂ ਨੂੰ ਉਸ 'ਤੇ ਵਿਸ਼ਵਾਸ ਹੀ ਨਹੀਂ ਹੁੰਦਾ ਅਤੇ ਫਿਰ ਸਾਨੂੰ ਇੰਝ ਜਾਪਣ ਲੱਗਦਾ ਹੈ ਕਿ ਸ਼ਾਇਦ ਮੈਂ ਇਹ ਸੁਪਨੇ ਵਿੱਚ ਦੇਖੀਆਂ ਹਨ। ਇੱਕ ਬੁੱਢੇ ਜਿਮੀਂਦਾਰ ਨੇ ਮੈਨੂੰ ਇਹ ਦੱਸਿਆ ਕਿ ਉਹ ਸੁਪਨੇ ਵਿੱਚ ਜੰਗਲ਼ ਵਿੱਚੋਂ ਲੰਘ ਰਿਹਾ ਸੀ, ਫਿਰ ਉਹ ਸਤੇਪੀ ਮੈਦਾਨ ਵਿੱਚ ਆ ਨਿਕਲ਼ਿਆ ਅਤੇ ਦੇਖਿਆ ਕਿ ਸਤੇਪੀ ਮੈਦਾਨ ਵਿੱਚ ਦੋ ਟਿੱਲੇ ਹਨ, ਅਚਾਨਕ ਉਹ ਔਰਤ ਦੀਆਂ ਛਾਤੀਆਂ ਵਿੱਚ ਬਦਲ ਗਏ, ਉਹਨਾਂ ਵਿੱਚੋਂ ਇੱਕ ਕਾਲ਼ਾ ਚਿਹਰਾ ਉੱਭਰਿਆ ਜਿਸ 'ਤੇ ਅੱਖਾਂ ਦੀ ਥਾਂ ਦੋ ਚੰਦ ਸਨ, ਭੈਂਗੇ ਜਿਹੇ। ਅਤੇ ਉਹ ਖੁਦ ਔਰਤ ਦੀਆਂ ਲੱਤਾਂ ਵਿਚਕਾਰ ਖੜਾ ਸੀ, ਅਤੇ ਉਸਦੇ ਸਾਹਮਣੇ ਡੂੰਘੀ ਕਾਲ਼ੀ ਖਾਈ ਜਿਹੀ ਸੀ ਜਿਹੜੀ ਉਸਨੂੰ ਆਪਣੇ ਵੱਲ ਖਿੱਚ ਰਹੀ ਸੀ। ਇਸ ਸੁਪਨੇ ਤੋਂ ਬਾਅਦ ਉਸਦੇ ਵਾਲ਼ ਸਫੈਦ ਹੋਣੇ ਸ਼ੁਰੂ ਹੋ ਗਏ, ਉਸਦੇ ਹੱਥ ਕੰਬਣ ਲੱਗ ਪਏ, ਅਤੇ ਉਹ ਖਣਿਜ ਜਲ ਦਾ ਇਲਾਜ ਕਰਵਾਉਣ ਲਈ ਡਾਕਟਰ ਕਨੇਈਪ ਕੋਲ਼ ਵਿਦੇਸ਼ ਚਲਾ ਗਿਆ। ਉਸ ਵਰਗੇ ਆਦਮੀ ਨੂੰ ਅਜਿਹੇ ਹੀ ਸੁਪਨੇ ਆਉਣੇ ਸਨ—ਵਿਭਚਾਰੀ ਜੋ ਸੀ।

ਉਹਨਾਂ ਨੇ ਮੇਰਾ ਮੋਢਾ ਥਾਪੜਿਆ।

"ਪਰ ਤੁਸੀਂ ਨਾ ਤਾਂ ਸ਼ਰਾਬੀ ਹੋ ਅਤੇ ਨਾ ਹੀ ਵਿਭਚਾਰੀ—ਤੁਹਾਨੂੰ ਅਜਿਹੇ ਸੁਪਨੇ ਕਿਉਂ ਆਉਂਦੇ ਨੇ ?"

"ਪਤਾ ਨਹੀਂ।"

"ਆਪਾਂ ਨੂੰ ਆਪਣੇ ਬਾਰੇ ਕੁਝ ਵੀ ਨਹੀਂ ਪਤਾ।"

ਉਹਨਾਂ ਨੇ ਹੌਂਕਾ ਜਿਹਾ ਭਰਿਆ, ਆਪਣੀਆਂ ਅੱਖਾਂ ਸੁੰਗੇੜੀਆਂ ਅਤੇ ਹੌਲ਼ੀ ਜਿਹੀ ਅਵਾਜ਼ ਵਿੱਚ ਕਿਹਾ:

"ਕੁਝ ਵੀ ਨਹੀਂ।"

ਇਸ ਸ਼ਾਮ ਸੈਰ ਕਰਦੇ ਸਮੇਂ ਉਹਨਾਂ ਨੇ ਮੇਰੀ ਬਾਂਹ ਫੜੀ ਤੇ ਕਿਹਾ:

"ਬੂਟ ਤੁਰ ਰਹੇ ਹਨ—ਡਰਾਉਣਾ ਹੈ ਨਾ ? ਆਪਣੇ ਆਪ ਹੀ—ਠੱਕ, ਠੱਕ—ਅਤੇ ਉਹਨਾਂ ਦੇ ਹੇਠਾਂ ਬਰਫ਼ ਕਿਚਰ-ਕਿਚਰ ਕਰ ਰਹੀ ਹੈ! ਸੱਚ, ਬਹੁਤ ਵਧੀਆ ਹੈ। ਫਿਰ ਵੀ ਤੁਸੀਂ ਬਹੁਤ, ਬਹੁਤ ਕਿਤਾਬੀ ਹੋ। ਗੁੱਸਾ ਨਾ ਕਰਿਓ — ਪਰ ਇਹ ਮਾੜੀ ਗੱਲ ਹੈ, ਅਤੇ ਇਹ ਤੁਹਾਡੇ ਲਈ ਅੜਿੱਕਾ ਬਣੇਗੀ।"

ਮੈਨੂੰ ਨਹੀਂ ਲੱਗਦਾ ਕਿ ਮੈਂ ਉਹਨਾਂ ਨਾਲ਼ੋਂ ਜ਼ਿਆਦਾ ਕਿਤਾਬੀ ਹਾਂ, ਪਰ ਆਪਣੀਆਂ ਸਾਰੀਆਂ ਗੱਲਾਂ ਦੇ ਬਾਵਜੂਦ ਇਸ ਵਾਰ ਉਹ ਮੈਨੂੰ ਬੇਹੱਦ ਤਰਕਵਾਦੀ ਜਾਪਦੇ ਹਨ।

35

ਕਦੇ-ਕਦੇ ਇੰਝ ਜਾਪਦਾ ਹੈ ਕਿ ਜਿਵੇਂ ਉਹ ਹੁਣੇ-ਹੁਣੇ ਕਿਤੋਂ ਬਹੁਤ ਦੂਰੋਂ ਆਏ ਹਨ ਜਿੱਥੇ ਲੋਕ ਹੋਰ ਹੀ ਢੰਗ ਨਾਲ਼ ਸੋਚਦੇ ਹਨ, ਮਹਿਸੂਸ ਕਰਦੇ ਹਨ, ਇੱਕ ਦੂਜੇ ਨਾਲ਼ ਹੋਰ ਹੀ ਢੰਗ ਨਾਲ਼ ਪੇਸ਼ ਆਉਂਦੇ ਹਨ, ਇੱਥੋਂ ਤੱਕ ਕਿ ਹਿੱਲਦੇ-ਜੁਲਦੇ ਵੀ ਅਲੱਗ ਹੀ ਢੰਗ ਨਾਲ਼ ਹਨ ਅਤੇ ਬੋਲੀ ਵੀ ਹੋਰ ਹੀ ਬੋਲਦੇ ਹਨ। ਉਹ ਥੱਕ-ਟੁੱਟੇ ਜਿਹੇ, ਪੀਲ਼ੇ-ਭੂਕ, ਜਿਵੇਂ ਕਿਸੇ ਦੂਜੀ ਦੁਨੀਆਂ ਦੀ ਧੂੜ ਨਾਲ਼ ਢਕੇ ਹੋਏ ਹੋਣ, ਇੱਕ ਕੋਨੇ ਵਿੱਚ ਬੈਠੇ ਸਾਰਿਆਂ ਨੂੰ ਪਰਾਈਆਂ ਅਤੇ ਗੁੰਗੀਆਂ ਜਿਹੀਆਂ ਨਜ਼ਰਾਂ ਨਾਲ਼ ਘੂਰਦੇ ਰਹਿੰਦੇ ਹਨ।

ਕੱਲ, ਰਾਤ ਦੇ ਖਾਣੇ ਤੋਂ ਪਹਿਲਾਂ, ਉਹ ਇਸੇ ਰੂਪ ਵਿੱਚ ਆਪਣੀ ਹੀ ਦੁਨੀਆ ਵਿੱਚ ਗੁਆਚੇ ਹੋਏ ਡਰਾਇੰਗ ਰੂਮ ਵਿੱਚ ਆਏ, ਸੋਫੇ 'ਤੇ ਬੈਠ ਗਏ ਅਤੇ ਇੱਕ ਪਲ ਲਈ ਚੁੱਪ ਰਹਿਣ ਤੋਂ ਬਾਅਦ, ਝੂਲਦੇ ਹੋਏ, ਤਲੀਆਂ ਨਾਲ਼ ਗੋਡੇ ਮਲ਼ਦੇ ਅਤੇ ਚਿਹਰਾ ਸੰਗੋੜਦੇ ਹੋਏ ਅਚਾਨਕ ਕਹਿਣ ਲੱਗੇ:

"ਇਹ ਇਸਦਾ ਅੰਤ ਨਹੀਂ ਹੈ, ਨਹੀਂ ਇਹ ਨਹੀਂ।"

ਬੁੱਧੂ ਤੇ ਲੋਹੇ ਦੀ ਪ੍ਰੈੱਸ ਵਰਗੇ ਸਿੱਧੇ-ਸਪਾਟ ਕਿਸੇ ਆਦਮੀ ਨੇ ਪੁੱਛਿਆ:

"ਕਿਸ ਬਾਰੇ ਗੱਲ ਕਰ ਰਹੇ ਹੋ ?"

ਉਹਨਾਂ ਨੇ ਇਸ ਵਿਅਕਤੀ ਨੂੰ ਇੱਕ ਟੱਕ ਵੇਖਿਆ, ਹੇਠਾਂ ਝੁਕੇ, ਅਤੇ ਬਾਹਰ ਵਰਾਂਡੇ ਵੱਲ ਨਜ਼ਰ ਮਾਰਦਿਆਂ ਜਿੱਥੇ ਡਾਕਟਰ ਨਿਕੀਤਿਨ, ਯੇਲਪਾਤੇਵਸਕੀ ਨਾਲ਼ ਮੈਂ ਬੈਠਾ ਸੀ, ਸਾਨੂੰ ਪੁੱਛਿਆ:

"ਤੁਸੀਂ ਕਿਸ ਬਾਰੇ ਗੱਲ ਕਰ ਰਹੇ ਹੋ ?"

"ਪਲੇਵ ਬਾਰੇ।"

"ਪਲੇਵ ਬਾਰੇ... ਪਲੇਵ..." ਉਹਨਾਂ ਨੇ ਸੋਚਦੇ ਹੋਏ ਅਤੇ ਥੋੜ੍ਹੀ ਦੇਰ ਰੁਕਣ ਤੋਂ ਬਾਅਦ ਦੁਹਰਾਇਆ ਜਿਵੇਂ ਪਹਿਲਾਂ ਕਦੇ ਇਹ ਨਾਮ ਸੁਣਿਆ ਹੀ ਨਾ ਹੋਵੇ, ਇਸ ਤੋਂ ਬਾਅਦ ਕਿਸੇ ਪੰਛੀ ਵਾਂਗੂੰ ਆਪਣੇ ਆਪ ਨੂੰ ਝਟਕਿਆ ਅਤੇ ਗੁਟਕਦਿਆਂ ਕਿਹਾ:

"ਮੇਰੇ ਦਿਮਾਗ ਵਿੱਚ ਅੱਜ ਸਵੇਰ ਤੋਂ ਹੀ ਕੁਝ ਬੇਵਕੂਫੀ ਭਰੀਆਂ ਗੱਲਾਂ ਚੱਲ ਰਹੀਆਂ ਹਨ। ਕਿਸੇ ਨੇ ਮੈਨੂੰ ਇੱਕ ਕਬਰ ਦੇ ਪੱਥਰ 'ਤੇ ਉੱਕਰੀਆਂ ਕੁਝ ਪੰਕਤੀਆਂ ਸੁਣਾਈਆਂ:

ਸੁੱਤਾ ਪਿਆ ਇਵਾਨ ਯੇਗੋਰਯੇਵ, ਇਸ ਪੱਥਰ ਦੇ ਹੇਠਾਂ
ਕਾਰੋਬਾਰ ਸੀ ਚਮੜੇ ਦਾ, ਚਮੜਾ ਹੀ ਕੀਤਾ ਸਾਫ,
ਇਮਾਨਦਾਰ ਸੀ ਕੰਮ 'ਚ ਆਪਣੇ, ਦਿਲ ਦਾ ਬੜਾ ਸੀ ਚੰਗਾ
ਸੌਂਪਿਆ ਕੰਮ-ਕਾਜ ਪਤਨੀ ਨੂੰ, ਛੱਡਿਆ ਜੱਗ ਦਾ ਸਾਕ,
ਹਾਲੇ ਨਹੀਂ ਸੀ ਬੁੱਢਾ, ਸ਼ਾਇਦ ਅਜੇ ਬਹੁਤ ਕੁਝ ਕਰਦਾ
ਪਰ ਸੁਰਗਾਂ ਦੇ ਜੀਵਨ ਖਾਤਰ, ਰੱਬ ਨੇ ਮਾਰੀ ਹਾਕ,
ਰਾਤ ਸੀ ਸ਼ੁੱਕਰਵਾਰ ਦੀ, ਚੜ੍ਹਿਆ ਸੀ ਹਫ਼ਤਾ ਪਾਕ।

ਉਹ ਚੁੱਪ ਹੋ ਗਏ ਅਤੇ ਫਿਰ ਸਿਰ ਹਿਲਾਉਂਦਿਆਂ ਅਤੇ ਮੱਧਮ ਜਿਹਾ ਮੁਸਕਰਾਉਂਦੇ ਹੋਏ ਇੰਨੀ ਗੱਲ ਹੋਰ ਜੋੜ ਦਿੱਤੀ:

"ਇਨਸਾਨ ਦੀ ਮੂਰਖਤਾ ਵਿੱਚ, ਜਦੋਂ ਉਹ ਦਵੈਖਪੂਰਣ ਨਾ ਹੋਵੇ, ਕੁਝ ਬੜਾ ਹੀ ਮਾਰਮਿਕ, ਬਹੁਤ ਮਿੱਠਾ ਜਿਹਾ ਹੁੰਦਾ ਹੈ। ਹਮੇਸ਼ਾ ਹੁੰਦਾ ਹੈ।"

ਫਿਰ ਸਾਨੂੰ ਭੋਜਨ ਲਈ ਬੁਲਾ ਲਿਆ ਗਿਆ।

36

"ਮੈਨੂੰ ਸ਼ਰਾਬੀ ਚੰਗੇ ਨਹੀਂ ਲੱਗਦੇ, ਪਰ ਮੈਂ ਕੁਝ ਅਜਿਹੇ ਲੋਕਾਂ ਨੂੰ ਜਾਣਦਾ ਹਾਂ ਜਿਹੜੇ ਇੱਕ ਜਾਂ ਦੋ ਪੈੱਗ ਲਾ ਕੇ ਕਾਫ਼ੀ ਦਿਲਚਸਪ ਹੋ ਜਾਂਦੇ ਹਨ, ਉਹਨਾਂ ਵਿੱਚ ਅਜਿਹੀ ਹਾਜ਼ਰ-ਜਵਾਬੀ, ਵਿਚਾਰਾਂ ਦੀ ਖ਼ੂਬਸੂਰਤੀ, ਅਜਿਹੀ ਚਤੁਰਾਈ ਅਤੇ ਭਾਸ਼ਣ-ਕਲਾ ਆ ਜਾਂਦੀ ਹੈ ਜਿਹੜੀ ਉਦੋਂ ਉਹਨਾਂ ਵਿੱਚ ਨਹੀਂ ਹੁੰਦੀ ਜਦੋਂ ਉਹ ਸੋਫ਼ੀ ਹੁੰਦੇ ਹਨ। ਫਿਰ ਮੈਂ ਸ਼ਰਾਬ ਨੂੰ ਅਸੀਸ ਦੇਣ ਲਈ ਤਿਆਰ ਹੋ ਜਾਂਦਾ ਹਾਂ।"

ਸੁਲੇਰ ਨੇ ਦੱਸਿਆ ਕਿ ਇੱਕ ਵਾਰ ਉਹ ਅਤੇ ਤਾਲਸਤਾਏ ਤਵੇਰਸਕਾਯਾ ਸੜ੍ਹਕ 'ਤੇ ਜਾ ਰਹੇ ਸਨ, ਕਿ ਤਾਲਸਤਾਏ ਨੇ ਦੂਰੋਂ ਹੀ ਦੋ ਕਵਚਧਾਰੀ ਸਿਪਾਹੀਆਂ ਨੂੰ ਤੁਰੇ ਆਉਂਦਿਆਂ ਦੇਖਿਆ। ਧੁੱਪ ਵਿੱਚ ਕਾਂਸੇ ਦੇ ਕਵਚ ਦੀ ਲੋਅ ਦਿੰਦੇ ਹੋਏ ਉਹ ਇੰਝ ਕਦਮ ਨਾਲ਼ ਕਦਮ ਮਿਲ਼ਾ ਕੇ ਤੁਰ ਰਹੇ ਸਨ ਜਿਵੇਂ ਉਹ ਦੋ ਨਹੀਂ ਇੱਕ ਹੀ ਹੋਣ ਅਤੇ ਉਹਨਾਂ ਦੇ ਚਿਹਰੇ ਵੀ ਸ਼ਕਤੀ ਅਤੇ ਜਵਾਨੀ ਦੀ ਆਤਮ-ਸੰਤੁਸ਼ਟੀ ਨਾਲ਼ ਚਮਕ ਰਹੇ ਸਨ।

ਤਾਲਸਤਾਏ ਨੇ ਉਹਨਾਂ ਨੂੰ ਬੁਰਾ-ਭਲਾ ਕਹਿਣਾ ਸ਼ੁਰੂ ਕਰ ਦਿੱਤਾ।

"ਕੈਸੀ ਸ਼ਾਹੀ ਮੂਰਖਤਾ ਹੈ! ਡੰਡੇ ਦੇ ਡਰੋਂ ਸਿੱਧੇ ਹੋਏ ਜਾਨਵਰ ਨੇ... ਹੋਰ ਕੁਝ ਨਹੀਂ..."

ਪਰ ਜਦੋਂ ਇਹ ਸਿਪਾਹੀ ਉਹਨਾਂ ਦੇ ਨਜ਼ਦੀਕ ਆ ਗਏ ਤਾਂ ਤਾਲਸਤਾਏ ਰੁਕੇ ਅਤੇ ਸਨੇਹਪੂਰਣ ਨਜ਼ਰ ਨਾਲ਼ ਉਹਨਾਂ ਨੂੰ ਜਾਂਦੇ ਹੋਏ ਦੇਖ ਕੇ ਸਿਫ਼ਤ ਕਰਦਿਆਂ ਕਹਿਣ ਲੱਗੇ:

"ਕਿੰਨੇ ਸੋਹਣੇ ਲੱਗ ਰਹੇ ਨੇ! ਬਿਲਕੁਲ ਪ੍ਰਾਚੀਨ ਰੋਮਨਾਂ ਵਾਂਗ... ਕਿਉਂ ਲਿਓਵੁਸ਼ਕਾ? ਤਾਕਤ, ਸੁਹੱਪਣ — ਮੇਰਿਆ ਰੱਬਾ! ਇਨਸਾਨ ਵਿੱਚ ਕਿੰਨੀ ਸ਼ਾਨਦਾਰ ਖ਼ੂਬਸੂਰਤੀ ਹੁੰਦੀ ਹੈ — ਸ਼ਾਨਦਾਰ!"

37

ਬਹੁਤ ਗਰਮ ਦਿਨ ਸੀ, ਉਹ ਹੇਠਲੀ ਸੜ੍ਹਕ 'ਤੇ ਮੇਰੇ ਬਰਾਬਰ ਆ ਪਹੁੰਚੇ। ਛੋਟੇ ਜਿਹੇ, ਸ਼ਾਂਤ ਤਤਾਰੀ ਘੋੜੇ 'ਤੇ ਸਵਾਰ ਉਹ ਲਿਵਾਦੀਆ ਵੱਲ ਜਾ ਰਹੇ ਸਨ। ਖੁੰਭਾਂ ਦੀ ਸ਼ਕਲ ਵਾਲ਼ਾ, ਨਮਦੇ ਦਾ ਹਲਕਾ ਜਿਹਾ ਟੋਪ ਪਹਿਨੀ, ਸਫੈਦ ਅਤੇ ਜੱਤਲ਼ ਜਿਹੇ ਉਹ ਕਿਸੇ ਬੌਣੇ ਵਰਗੇ ਜਾਪ ਰਹੇ ਸਨ।

ਘੋੜੇ ਦੀ ਰਫਤਾਰ ਘੱਟ ਕਰਕੇ ਉਹ ਮੇਰੇ ਨਾਲ਼ ਗੱਲਾਂ ਕਰਨ ਲੱਗ ਪਏ। ਮੈਂ ਉਹਨਾਂ ਦੀ

ਰਕਾਬ ਦੇ ਨਾਲ਼-ਨਾਲ਼ ਚੱਲ ਰਿਹਾ ਸੀ। ਗੱਲਾਂ-ਗੱਲਾਂ ਵਿੱਚ ਮੈਂ ਇਹ ਜ਼ਿਕਰ ਕਰ ਦਿੱਤਾ ਕਿ ਮੈਨੂੰ ਵ. ਗ. ਕੋਰੋਲੈਂਕੋ ਦੀ ਚਿੱਠੀ ਮਿਲ਼ੀ ਹੈ। ਤਾਲਸਤਾਏ ਨੇ ਗੁੱਸੇ ਵਿੱਚ ਆਪਣੀ ਦਾਹੜੀ ਹਿਲਾਈ।

"ਉਹ ਰੱਬ 'ਚ ਯਕੀਨ ਕਰਦੇ ਹਨ ?"

"ਪਤਾ ਨਹੀਂ"

"ਤੁਹਾਨੂੰ ਸਭ ਤੋਂ ਮਹੱਤਵਪੂਰਨ ਗੱਲ ਤਾਂ ਪਤਾ ਨਹੀਂ ਹੈ। ਉਹ ਵਿਸ਼ਵਾਸ ਕਰਦੇ ਹਨ, ਬਸ ਨਾਸਤਿਕਾਂ ਸਾਹਮਣੇ ਮੰਨਣ ਤੋਂ ਸ਼ਰਮਾਉਂਦੇ ਹਨ।"

ਉਹ ਬੁੜਬੜਾਉਂਦੇ, ਕੰਬਦੇ ਤੇ ਗੁੱਸੇ 'ਚ ਆਪਣੀਆਂ ਅੱਖਾਂ ਸੁੰਗੇੜਦੇ ਹੋਏ ਬੋਲ ਰਹੇ ਸਨ। ਮੈਂ ਦੇਖ ਸਕਦਾ ਸੀ ਕਿ ਮੈਂ ਉਹਨਾਂ ਦੇ ਰਾਹ ਵਿੱਚ ਰੋੜਾ ਬਣਿਆ ਹੋਇਆ ਹਾਂ, ਪਰ ਜਿਉਂ ਹੀ ਮੈਂ ਜਾਣ ਲੱਗਿਆ ਤਾਂ ਉਹਨਾਂ ਨੇ ਮੈਨੂੰ ਰੋਕ ਲਿਆ।

"ਕੀ ਗੱਲ ? ਮੈਂ ਤਾਂ ਹੌਲ਼ੀ-ਹੌਲ਼ੀ ਚੱਲ ਰਿਹਾ ਹਾਂ।"

ਅਤੇ ਫਿਰ ਸ਼ਿਕਾਇਤ ਦੇ ਲਹਿਜ਼ੇ ਵਿੱਚ ਬੋਲੇ:

"ਤੁਹਾਡੇ ਐਂਦਰੇਯੇਵ ਵੀ ਨਾਸਤਿਕਾਂ ਤੋਂ ਸ਼ਰਮਾਉਂਦੇ ਹਨ, ਰੱਬ ਨੂੰ ਮੰਨਦੇ ਹਨ ਅਤੇ ਰੱਬ ਤੋਂ ਡਰਦੇ ਵੀ ਹਨ।"

ਵੱਡੇ ਡਿਊਕ ਅ. ਮ. ਰੋਮਾਨੋਵ ਦੀ ਜਾਗੀਰ ਦੇ ਨੇੜੇ ਤਿੰਨ ਰੋਮਾਨੋਵ — ਆਈ-ਤੋਦੋਰ ਜਾਗੀਰ ਦੇ ਮਾਲਿਕ, ਗਿਓਰਗੀ, ਅਤੇ ਸ਼ਾਇਦ ਦਿਊਲਬੇਰ ਤੋਂ ਆਏ ਹੋਏ ਪਿਓਤਰ ਨਿਕੋਲਾਯੇਵਿਚ ਇੱਕ-ਦੂਜੇ ਨਾਲ਼ ਸੜ੍ਹਕ 'ਤੇ ਖੜੇ ਗੱਲਾਂ ਕਰ ਰਹੇ ਸਨ — ਉਹ ਤਿੰਨੇ ਲੰਮੇ-ਲੰਝੇ ਤੇ ਤਕੜੇ ਆਦਮੀ ਸਨ। ਇੱਕ ਘੋੜੇਵਾਲ਼ੀ ਬੱਘੀ ਅਤੇ ਇੱਕ ਘੋੜੇ ਨੇ ਸਾਰੀ ਸੜ੍ਹਕ ਰੋਕੀ ਹੋਈ ਸੀ। ਤਾਲਸਤਾਏ ਆਪਣੇ ਘੋੜੇ ਨੂੰ ਅੱਗੇ ਨਹੀਂ ਲਿਜਾ ਸਕਦੇ ਸਨ। ਉਹਨਾਂ ਨੇ ਰੋਮਾਨੋਵ ਪਰਿਵਾਰ ਦੇ ਇਹਨਾਂ ਤਿੰਨਾਂ ਮੈਂਬਰਾਂ ਨੂੰ ਸਖਤ ਤੇ ਉਤੇਜਕ ਨਜ਼ਰ ਨਾਲ਼ ਦੇਖਿਆ। ਪਰ ਉਹਨਾਂ ਨੇ ਆਪਣੇ ਮੂੰਹ ਫੇਰ ਲਏ। ਇੱਕ ਘੋੜਾ ਆਪਣੀ ਥਾਂ ਤੋਂ ਹਿੱਲਿਆ ਅਤੇ ਤਾਲਸਤਾਏ ਨੂੰ ਲੰਘਣ ਲਈ ਰਾਹ ਦੇ ਦਿੱਤਾ।

ਇੱਕ ਦੋ ਮਿੰਟ ਚੁੱਪ-ਚਾਪ ਤੁਰਦੇ ਰਹਿਣ ਤੋਂ ਬਾਅਦ ਉਹਨਾਂ ਨੇ ਕਿਹਾ:

"ਪਹਿਚਾਣ ਤਾਂ ਗਏ ਸੀ ਮੈਨੂੰ, ਉਜੱਡ ਨਾ ਹੋਣ ਤਾਂ!"

ਇੱਕ ਮਿੰਟ ਬਾਅਦ ਫਿਰ ਕਿਹਾ:

"ਘੋੜਾ ਇਹ ਗੱਲ ਜਾਣਦਾ ਸੀ ਕਿ ਤਾਲਸਤਾਏ ਨੂੰ ਰਾਹ ਦੇਣਾ ਹੀ ਚਾਹੀਦਾ ਹੈ।"

38

"ਸਭ ਤੋਂ ਪਹਿਲਾਂ ਤਾਂ ਆਪਣੇ ਲਈ ਆਪਣਾ ਖਿਆਲ ਰੱਖੋ, ਫਿਰ ਲੋਕਾਂ ਨੂੰ ਵੀ ਬਹੁਤ ਕੁਝ ਦੇ ਸਕੋਗੇ।"

39

"ਇਸਦਾ ਕੀ ਮਤਲਬ ਹੁੰਦਾ ਹੈ ਜਦੋਂ ਅਸੀਂ ਕਹਿੰਦੇ ਹਾਂ ਕਿ ਅਸੀਂ 'ਜਾਣਦੇ' ਹਾਂ ? ਮੈਂ ਜਾਣਦਾ ਹਾਂ ਕਿ ਮੈਂ ਤਾਲਸਤਾਏ ਹਾਂ, ਮੇਰੀ ਇੱਕ ਪਤਨੀ ਹੈ, ਬੱਚੇ ਹਨ, ਚਿੱਟੇ ਵਾਲ਼, ਭੱਦੀ ਸ਼ਕਲ, ਦਾਹੜੀ—ਇਹ ਸਭ ਕੁਝ ਤਾਂ ਮੇਰੇ ਪਾਸਪੋਰਟ ਵਿੱਚ ਵੀ ਲਿਖਿਆ ਹੋਇਆ ਹੈ। ਪਰ ਪਾਸਪੋਰਟ ਵਿੱਚ ਆਤਮਾ ਬਾਰੇ ਕੁਝ ਨਹੀਂ ਲਿਖਿਆ ਹੁੰਦਾ। ਆਤਮਾ ਬਾਰੇ ਮੈਂ ਕੇਵਲ ਇੰਨਾ ਹੀ ਜਾਣਦਾ ਹਾਂ ਕਿ ਇਹ ਰੱਬ ਦੇ ਨਜ਼ਦੀਕ ਹੋਣਾ ਲੋਚਦੀ ਹੈ। ਪਰ ਰੱਬ ਕੀ ਹੈ ? ਰੱਬ ਉਹ ਹੈ ਜਿਸਦਾ ਮੇਰੀ ਆਤਮਾ ਇੱਕ ਅੰਸ਼ ਹੈ। ਇੰਨੀ ਗੱਲ ਹੈ। ਜਿਸ ਕਿਸੇ ਨੇ ਵੀ ਸੋਚਣਾ-ਵਿਚਾਰਨਾ ਸਿੱਖ ਲਿਆ ਉਸ ਲਈ ਯਕੀਨ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਅਤੇ ਰੱਬ ਨੂੰ ਤੁਸੀਂ ਕੇਵਲ ਵਿਸ਼ਵਾਸ ਰਾਹੀਂ ਹੀ ਮਾਣ ਸਕਦੇ ਹੋ। ਤੇਰਤੂਲਿਆਨ* ਨੇ ਕਿਹਾ ਸੀ: 'ਸੋਚਣਾ ਇੱਕ ਬੁਰਾਈ ਹੈ।' "

40

ਆਪਣੇ ਉਪਦੇਸ਼ਾਂ ਦੀ ਇੱਕਸਾਰਤਾ ਦੇ ਬਾਵਜੂਦ ਇਹ ਅਦਭੁੱਤ ਆਦਮੀ ਬਹੁਮੁਖੀ ਪ੍ਰਤਿਭਾ ਦਾ ਧਾਰਨੀ ਹੈ।

ਅੱਜ ਪਾਰਕ ਵਿੱਚ ਗ੍ਰਾਸਪਾ ਦੇ ਮੁੱਲਾ ਨਾਲ਼ ਗੱਲਾਂ ਕਰਦੇ ਸਮੇਂ ਉਹਨਾਂ ਨੇ ਖੁਦ ਨੂੰ ਇੱਕ ਅਜਿਹੇ ਭੋਲ਼ੇ-ਭਾਲ਼ੇ ਸਧਾਰਨ ਪੇਂਡੂ ਵਾਂਗ ਪੇਸ਼ ਕੀਤਾ ਜਿਸ ਲਈ ਆਪਣੇ ਜੀਵਨ ਦੇ ਅੰਤਿਮ ਦਿਨਾਂ ਬਾਰੇ ਸੋਚਣ ਦੀ ਘੜੀ ਨਜ਼ਦੀਕ ਆ ਗਈ ਹੋਵੇ। ਛੋਟੇ ਕੱਦ ਦੇ ਤਾਂ ਉਹ ਪਹਿਲਾਂ ਹੀ ਹਨ, ਅਤੇ ਜਿਵੇਂ ਜਾਣ-ਬੁੱਝ ਕੇ ਬਹੁਤ ਗੁੱਛਾ-ਮੁੱਛਾ ਜਿਹਾ ਹੋ ਕੇ ਉਹ ਹੱਟੇ-ਕੱਟੇ ਅਤੇ ਤਕੜੇ ਤਾਤਾਰ ਮੁੱਲਾ ਕੋਲ਼ ਖੜੇ ਕਿਸੇ ਅਜਿਹੇ ਬੁੱਢੇ ਵਰਗੇ ਜਾਪ ਰਹੇ ਸਨ ਜਿਸਦੀ ਆਤਮਾ ਨੇ ਪਹਿਲੀ ਵਾਰ ਜੀਵਨ ਦੇ ਅਰਥ ਬਾਰੇ ਸੋਚਣਾ ਸ਼ੁਰੂ ਕੀਤਾ ਹੋਵੇ ਅਤੇ ਜਿਹੜਾ ਇਸ ਜੀਵਨ ਦੁਆਰਾ ਪੇਸ਼ ਕੀਤੇ ਸਵਾਲਾਂ ਨਾਲ਼ ਚਕਰਾ ਗਿਆ ਹੋਵੇ। ਆਪਣੇ ਸੰਘਣੇ ਭਰਵੱਟਿਆਂ ਨੂੰ ਹੈਰਾਨੀ ਨਾਲ਼ ਉੱਪਰ ਚੁੱਕਦੇ ਹੋਏ ਅਤੇ ਤਿੱਖੀਆਂ ਅੱਖਾਂ ਝਪਕਦਿਆਂ ਉਹਨਾਂ ਨੇ ਆਪਣੀ ਅਸਹਿ ਅਤੇ ਚੀਰ ਦੇਣ ਵਾਲ਼ੀ ਲੋਅ ਮੱਧਮ ਕਰ ਲਈ। ਉਹਨਾਂ ਦੀ ਖੋਜਦੀ ਹੋਈ ਨਜ਼ਰ ਮੁੱਲਾ ਦੇ ਵੱਡੇ ਚਿਹਰੇ 'ਤੇ ਟਿਕੀ ਹੋਈ ਸੀ ਅਤੇ ਪੁਤਲੀਆਂ ਵਿੱਚ ਉਹ ਤਿੱਖਾਪਣ ਨਹੀਂ ਸੀ ਜਿਸ ਨਾਲ਼ ਲੋਕਾਂ ਨੂੰ ਘਬਰਾਹਟ ਹੋਣ ਲੱਗ ਪੈਂਦੀ ਸੀ। ਉਹਨਾਂ ਨੇ ਮੁੱਲਾ ਤੋਂ ਜੀਵਨ ਦੇ ਅਰਥ, ਆਤਮਾ ਅਤੇ ਰੱਬ ਬਾਰੇ ਕਈ 'ਬਚਕਾਨਾ' ਸਵਾਲ ਪੁੱਛੇ ਅਤੇ ਉਹ ਅਸਾਧਾਰਣ ਚਤੁਰਾਈ ਨਾਲ਼ ਕੁਰਾਨ ਦੇ ਬੰਦਾਂ ਦੀ ਥਾਂ ਅੰਜੀਲ ਦੇ ਬੰਦ ਅਤੇ ਪੈਗੰਬਰਾਂ ਨੂੰ ਪੇਸ਼ ਕਰ ਰਹੇ ਸਨ। ਅਸਲ ਵਿੱਚ ਉਹ ਮਜ਼ੇ ਲੈ ਰਹੇ ਸਨ, ਅਤੇ ਉਹ ਵੀ ਅਜਿਹੇ ਅਦਭੁੱਤ ਕਲਾਤਮਕ ਢੰਗ ਨਾਲ਼ ਜਿਹੜਾ ਕਿਸੇ ਮਹਾਨ ਕਲਾਕਾਰ ਜਾਂ ਮੰਨੇ-ਪ੍ਰਮੰਨੇ ਗਿਆਨਵਾਨ ਵਿਦਵਾਨ ਲਈ ਹੀ ਸੰਭਵ ਹੋ ਸਕਦਾ ਹੈ।

ਕੁਝ ਦਿਨ ਪਹਿਲਾਂ ਤਾਨੇਯੇਵ ਅਤੇ ਸੁਲੇਰ ਨਾਲ਼ ਸੰਗੀਤ ਬਾਰੇ ਵਿਚਾਰ-ਵਟਾਂਦਰਾ

---

* ਤੇਰਤੂਲਿਆਨ, ਲਗਭਗ 160-220, ਇਸਾਈ ਧਰਮ ਦੇ ਧਰਮ-ਵਿਗਿਆਨੀ ਅਤੇ ਲੇਖਕ।

ਕਰਦੇ ਸਮੇਂ ਉਹਨਾਂ ਨੇ ਬੱਚਿਆਂ ਵਾਂਗ ਉਸਦੀ ਖ਼ੂਬਸੂਰਤੀ ’ਤੇ ਆਪਣਾ ਹੁਲਾਸ ਜ਼ਾਹਿਰ ਕੀਤਾ ਅਤੇ ਉਸ ਸਮੇਂ ਇਹ ਸਪਸ਼ਟ ਦਿਖਾਈ ਦੇ ਰਿਹਾ ਸੀ ਕਿ ਉਹਨਾਂ ਨੂੰ ਆਪਣਾ ਇਹ ਹੁਲਾਸ—ਹੋਰ ਸਟੀਕ ਤੌਰ ’ਤੇ ਕਹਿਣਾ ਹੋਵੇ ਤਾਂ ਹੁਲਾਸ ਨਾਲ਼ ਆਨੰਦਿਤ ਹੋ ਜਾਣ ਦੀ ਆਪਣੀ ਸਮਰੱਥਾ—ਬੜੀ ਚੰਗੀ ਲੱਗ ਰਹੀ ਸੀ। ਉਹਨਾਂ ਨੇ ਕਿਹਾ ਕਿ ਸੰਗੀਤ ਬਾਰੇ ਅੱਜ ਤੱਕ ਕਿਸੇ ਨੇ ਵੀ ਸ਼ਾਪਨਹਾਵਰ ਤੋਂ ਜ਼ਿਆਦਾ ਵਧੀਆ ਅਤੇ ਗੰਭੀਰ ਢੰਗ ਨਾਲ਼ ਨਹੀਂ ਲਿਖਿਆ। ਅਤੇ ਜਦੋਂ ਉਹ ਇਸ ਬਾਰੇ ਗੱਲ ਕਰ ਰਹੇ ਸਨ ਤਾਂ ਫ਼ੇਤ ਬਾਰੇ ਇੱਕ ਮਜ਼ੇਦਾਰ ਚੁਟਕਲਾ ਵੀ ਸੁਣਾ ਦਿੱਤਾ। ਉਹਨਾਂ ਨੇ ਸੰਗੀਤ ਨੂੰ “ਆਤਮਾ ਦੀ ਖ਼ਾਮੋਸ਼ ਪ੍ਰਾਰਥਨਾ” ਦਾ ਨਾਮ ਦਿੱਤਾ।

“ਖਾਮੋਸ਼ ਕਿਉਂ ?” ਸੁਲੇਰ ਨੇ ਪੁੱਛਿਆ।

“ਕਿਉਂਕਿ ਇਸ ਵਿੱਚ ਸ਼ਬਦ ਨਹੀਂ ਹੁੰਦੇ। ਵਿਚਾਰ ਨਾਲ਼ੋਂ ਧੁਨੀ ਵਿੱਚ ਜ਼ਿਆਦਾ ਆਤਮਾ ਹੁੰਦੀ ਹੈ। ਵਿਚਾਰ ਇੱਕ ਅਜਿਹੇ ਬਟੂਏ ਵਰਗਾ ਹੈ ਜਿਸ ਵਿੱਚ ਤਾਂਬੇ ਦੇ ਸਿੱਕੇ ਛਣਕਦੇ ਹੋਣ, ਜਦਕਿ ਧੁਨੀ ਕਿਸੇ ਵੀ ਚੀਜ਼ ਨਾਲ਼ ਭ੍ਰਿਸ਼ਟ ਨਹੀਂ ਹੁੰਦੀ, ਅੰਦਰੋਂ ਸ਼ੁੱਧ ਹੁੰਦੀ ਹੈ।”

ਉਹ ਸਪਸ਼ਟ ਤੌਰ ’ਤੇ ਆਨੰਦਿਤ ਹੁੰਦੇ ਹੋਏ ਬੜੇ ਪਿਆਰ-ਪਿਆਰੇ, ਬੱਚਿਆਂ ਵਰਗੇ ਸ਼ਬਦਾਂ ਵਿੱਚ ਸਰਵਸ਼੍ਰੇਸ਼ਟ ਅਤੇ ਕੋਮਲ ਸ਼ਬਦਾਂ ਨੂੰ ਯਾਦ ਕਰਦੇ ਹੋਏ ਸੰਗੀਤ ਦੀ ਚਰਚਾ ਕਰ ਰਹੇ ਸਨ। ਅਚਾਨਕ ਆਪਣੀ ਦਾਹੜੀ ਵਿੱਚ ਹੀ ਮੁਸਕਰਾਉਂਦੇ ਹੋਏ ਉਹਨਾਂ ਨੇ ਬੜੀ ਨਰਮਾਈ ਨਾਲ਼ ਜਿਵੇਂ ਪਲ਼ੋਸਦੇ ਹੋਏ ਕਿਹਾ:

“ਸਾਰੇ ਸੰਗੀਤਕਾਰ ਬੁੱਧੂ ਹੁੰਦੇ ਹਨ; ਸੰਗੀਤਕਾਰ ਜਿੰਨਾ ਜ਼ਿਆਦਾ ਪ੍ਰਤਿਭਾਸ਼ਾਲੀ ਹੁੰਦਾ ਹੈ ਉਨੀ ਹੀ ਵਧੇਰੇ ਸੌੜੀ ਸੋਚ ਰੱਖਦਾ ਹੈ। ਅਤੇ ਅਜੀਬ ਗੱਲ ਹੈ ਕਿ ਲਗਭਗ ਸਾਰੇ ਹੀ ਸੰਗੀਤਕਾਰ ਧਾਰਮਿਕ ਖਿਆਲਾਂ ਵਾਲ਼ੇ ਹੁੰਦੇ ਹਨ।”

41

ਟੈਲੀਫ਼ੋਨ ’ਤੇ ਚੈਖ਼ਵ ਨੂੰ:

“ਅੱਜ ਦਾ ਦਿਨ ਮੇਰੇ ਲਈ ਬਹੁਤ ਖੁਸ਼ੀਆਂ ਭਰਿਆ ਹੈ, ਮੈਂ ਐਨਾ ਸੁਖੀ ਮਹਿਸੂਸ ਕਰ ਰਿਹਾ ਹਾਂ ਕਿ ਮੈਂ ਚਾਹੁੰਦਾ ਹਾਂ ਤੁਹਾਨੂੰ ਵੀ ਖੁਸ਼ੀ ਮਹਿਸੂਸ ਹੋਵੇ। ਖਾਸ ਤੌਰ ’ਤੇ ਤੁਹਾਨੂੰ! ਤੁਸੀਂ ਬਹੁਤ ਚੰਗੇ ਇਨਸਾਨ ਹੋ, ਬਹੁਤ ਚੰਗੇ!”

42

ਲੋਕ ਜਦੋਂ ਕੋਈ ਗਲਤ ਗੱਲ ਕਹਿੰਦੇ ਹਨ ਤਾਂ ਤਾਲਸਤਾਏ ਨਾ ਤਾਂ ਉਹਨਾਂ ਦੀ ਗੱਲ ਸੁਣਦੇ ਹਨ ਅਤੇ ਨਾ ਹੀ ਉਹਨਾਂ ਦਾ ਯਕੀਨ ਕਰਦੇ ਹਨ। ਅਸਲ ਵਿੱਚ ਉਹ ਸਿਰਫ਼ ਪੁੱਛਦੇ ਨਹੀਂ ਸਗੋਂ ਤਫਤੀਸ਼ ਕਰਦੇ ਹਨ। ਦੁਰਲੱਭ ਵਸਤੂਆਂ ਦੇ ਸੰਗ੍ਰਿਹਕਰਤਾ ਵਾਂਗ ਉਹ ਸਿਰਫ ਉਹੀ ਚੀਜ਼ ਅਪਣਾਉਂਦੇ ਹਨ ਜਿਹੜੀ ਉਹਨਾਂ ਦੇ ਸੰਗ੍ਰਿਹ ਦੀ ਇੱਕਸੁਰਤਾ ਨੂੰ ਭੰਗ ਨਾ ਕਰਦੀ ਹੋਵੇ।

43

ਚਿੱਠੀਆਂ 'ਤੇ ਨਜ਼ਰ ਮਾਰਦਿਆਂ:

"ਲੋਕ ਬੜਾ ਰੌਲ਼ਾ ਪਾਉਂਦੇ ਨੇ, ਚਿੱਠੀਆਂ ਲਿਖਦੇ ਨੇ, ਪਰ ਜਦੋਂ ਮੈਂ ਮਰ ਗਿਆ ਤਾਂ ਸਾਲ ਕੁ ਬਾਅਦ ਕਹਿਣਗੇ: "ਤਾਲਸਤਾਏ ? ਇਹ ਉਹੀ ਕਾਊਂਟ ਨਹੀਂ ਹੈ ਜਿਹੜਾ ਜੁੱਤੀਆਂ ਬਣਾਇਆ ਕਰਦਾ ਸੀ ਅਤੇ ਫਿਰ ਉਸਦੇ ਨਾਲ਼ ਕੋਈ ਘਟਨਾ ਵਾਪਰ ਗਈ ਸੀ ?"

44

ਕਈ ਵਾਰ ਮੈਂ ਉਹਨਾਂ ਦੇ ਚਿਹਰੇ 'ਤੇ ਅਤੇ ਉਹਨਾਂ ਦੀ ਨਜ਼ਰ ਵਿੱਚ ਇੱਕ ਅਜਿਹੇ ਵਿਅਕਤੀ ਦੀ ਚਲਾਕੀ ਅਤੇ ਖੁਸ਼ੀਭਰੀ ਮੁਸਕਾਨ ਤੱਕੀ ਹੈ ਜਿਸਨੂੰ ਉਸਦੀ ਛੁਪਾ ਕੇ ਰੱਖੀ ਕੋਈ ਚੀਜ਼ ਅਚਾਨਕ ਹੀ ਲੱਭ ਪੈਂਦੀ ਹੈ। ਉਸਨੇ ਕੋਈ ਚੀਜ਼ ਲੁਕੋ ਦਿੱਤੀ ਅਤੇ ਭੁੱਲ ਗਿਆ ਕਿ ਕਿੱਥੇ ਰੱਖੀ ਸੀ। ਕਈ ਦਿਨਾਂ ਤੱਕ ਉਹ ਮਨ ਹੀ ਮਨ ਪ੍ਰੇਸ਼ਾਨ ਹੁੰਦਾ ਅਤੇ ਸੋਚਦਾ ਰਹਿੰਦਾ ਹੈ—ਕਿੱਥੇ ਰੱਖ ਦਿੱਤੀ ? ਕਿੰਨੀ ਲੋੜ ਹੈ ਉਸਦੀ ਹੁਣ।—ਅਤੇ ਉਸਨੂੰ ਇਸ ਗੱਲ ਦਾ ਡਰ ਵੀ ਹੈ ਕਿ ਲੋਕ ਉਸਦੀ ਚਿੰਤਾ ਤੇ ਉਸਦੇ ਨੁਕਸਾਨ ਬਾਰੇ ਜਾਣ ਜਾਣਗੇ, ਅਤੇ ਉਸਦੇ ਦਿਲ ਨੂੰ ਠੇਸ ਪਹੁੰਚਾਉਣ ਵਾਲ਼ਾ ਕੋਈ ਪੁੱਠਾ ਜਿਹਾ ਕੰਮ ਕਰ ਦੇਣਗੇ, ਜਿਸਨੂੰ ਉਹ ਬਿਲਕੁਲ ਵੀ ਪਸੰਦ ਨਹੀਂ ਕਰਦਾ। ਫਿਰ ਅਚਾਨਕ ਉਸਨੂੰ ਯਾਦ ਆਉਂਦਾ ਹੈ ਤੇ ਉਸ ਚੀਜ਼ ਨੂੰ ਲੱਭ ਲੈਂਦਾ ਹੈ। ਹੁਣ ਉਹ ਖੁਸ਼ੀ ਨਾਲ਼ ਫੁੱਲਿਆ ਨਹੀਂ ਸਮਾਉਂਦਾ ਤੇ ਆਪਣੀ ਖੁਸ਼ੀ ਨੂੰ ਲੁਕਾਉਣ ਦਾ ਯਤਨ ਕਰੇ ਬਿਨਾਂ ਸਾਰਿਆਂ ਨੂੰ ਅਜਿਹੀ ਚਲਾਕੀ ਭਰੀ ਨਜ਼ਰ ਨਾਲ਼ ਤੱਕਦਾ ਹੈ ਜਿਵੇਂ ਕਹਿ ਰਿਹਾ ਹੋਵੇ:

"ਹੁਣ ਤੁਸੀਂ ਮੇਰਾ ਕੁਝ ਨਹੀਂ ਵਿਗਾੜ ਸਕਦੇ !"

ਪਰ ਉਹ ਇਹ ਨਹੀਂ ਦੱਸਦਾ ਕਿ ਉਸਨੂੰ ਕੀ ਲੱਭਿਆ ਹੈ ਅਤੇ ਕਿੱਥੇ ਲੱਭਿਆ ਹੈ।

ਕੋਈ ਵੀ ਆਦਮੀ ਉਹਨਾਂ ਨੂੰ ਦੇਖ-ਦੇਖ ਕੇ ਹੈਰਾਨ ਹੁੰਦਾ ਨਹੀਂ ਥੱਕਦਾ। ਫਿਰ ਵੀ ਅਕਸਰ ਉਹਨਾਂ ਨਾਲ਼ ਮਿਲਣਾ-ਜੁਲਣਾ ਬੜਾ ਟੇਢਾ ਜਿਹਾ ਮਾਮਲਾ ਹੈ। ਇੱਕ ਹੀ ਕਮਰੇ ਦੀ ਗੱਲ ਤਾਂ ਦੂਰ, ਮੈਂ ਤਾਂ ਉਹਨਾਂ ਨਾਲ਼ ਇੱਕ ਘਰ ਵਿੱਚ ਵੀ ਨਹੀਂ ਰਹਿ ਸਕਦਾ। ਉਹਨਾਂ ਨਾਲ਼ ਰਹਿਣਾ ਇੱਕ ਅਜਿਹੇ ਮਾਰੂਥਲ ਵਿੱਚ ਰਹਿਣ ਵਾਂਗ ਹੈ ਜਿੱਥੇ ਸੂਰਜ ਨੇ ਹਰ ਚੀਜ਼ ਸਾੜ ਕੇ ਸੁਆਹ ਕਰ ਦਿੱਤੀ ਹੋਵੇ ਅਤੇ ਅੰਤਹੀਣ ਹਨੇਰੀ ਰਾਤ ਦਾ ਭੈਅ ਜਗਾਉਂਦਾ ਖੁਦ ਉਹ ਸੂਰਜ ਵੀ ਬੁਝਦਾ ਜਾ ਰਿਹਾ ਹੋਵੇ।

ਚਿੱਠੀ

(ਗੋਰਕੀ ਨੇ ਇਹ ਚਿੱਠੀ ਨਵੰਬਰ 1910 ਵਿੱਚ ਲਿਓ ਤਾਲਸਤਾਏ ਦੇ ਯਾਸਨਾਯਾ ਪੋਲਿਆਨਾ ਤੋਂ ਚਲੇ ਜਾਣ ਅਤੇ ਉਹਨਾਂ ਦੇ ਦੇਹਾਂਤ ਦੇ ਸਬੰਧ

ਵਿੱਚ ਕੋਰੋਲੈਂਕੋ ਨੂੰ ਲਿਖੀ ਸੀ। ਪਰ ਉਹਨਾਂ ਨੇ ਨਾ ਤਾਂ ਇਹ ਚਿੱਠੀ ਪੂਰੀ ਹੀ ਕੀਤੀ ਅਤੇ ਨਾ ਹੀ ਕੋਰੋਲੈਂਕੋ ਨੂੰ ਭੇਜੀ —ਸੰਪਾ.)

ਹੁਣੇ-ਹੁਣੇ ਤੁਹਾਨੂੰ ਚਿੱਠੀ ਭੇਜਣ ਤੋਂ ਬਾਅਦ "ਤਾਲਸਤਾਏ ਦੀ ਉਡਾਣ" ਦੀ ਸੂਚਨਾ ਦੇਣ ਵਾਲ਼ੀ ਤਾਰ ਮਿਲ਼ੀ ਹੈ। ਤੇ ਜਿਵੇਂ ਕਿ ਤੁਸੀਂ ਦੇਖ ਹੀ ਰਹੇ ਹੋ ਮੈਂ ਤੁਹਾਨੂੰ ਮੁੜ ਚਿੱਠੀ ਲਿਖਣ ਬੈਠ ਗਿਆ ਹਾਂ, ਜਦਕਿ ਮੈਂ ਅਜੇ ਵੀ ਤੁਹਾਡੇ ਨਾਲ਼ ਮਾਨਸਿਕ ਸੰਪਰਕ ਮਹਿਸੂਸ ਕਰ ਰਿਹਾ ਹਾਂ।

ਇਸ ਖ਼ਬਰ ਦੇ ਸੰਬੰਧ ਵਿੱਚ ਮੈਂ ਜੋ ਕੁਝ ਵੀ ਕਹਿਣਾ ਚਾਹੁੰਦਾ ਹਾਂ ਸ਼ਾਇਦ ਉਹ ਸਭ ਕੁਝ ਉਲਝਿਆ ਜਿਹਾ ਹੈ, ਸੰਭਵ ਹੈ ਕਿ ਖਰਵ੍ਹਾ ਅਤੇ ਕੌੜਾ ਵੀ ਹੋਵੇ—ਮਾਫ਼ੀ ਚਾਹੁੰਦਾ ਹਾਂ—ਮੈਨੂੰ ਇੰਝ ਮਹਿਸੂਸ ਹੋ ਰਿਹਾ ਹੈ ਜਿਵੇਂ ਕਿਸੇ ਨੇ ਮੈਨੂੰ ਗਰਦਨ ਤੋਂ ਫੜ ਲਿਆ ਹੋਵੇ ਅਤੇ ਮੇਰਾ ਸਾਹ ਘੁੱਟ ਰਿਹਾ ਹੋਵੇ।

ਉਹਨਾਂ ਨੇ ਕਈ ਵਾਰ ਅਤੇ ਬਹੁਤ ਲੰਮੇ ਸਮੇਂ ਤੱਕ ਮੇਰੇ ਨਾਲ਼ ਗੱਲਾਂ ਕੀਤੀਆਂ ਹਨ। ਜਦੋਂ ਮੈਂ ਕਰੀਮੀਆ, ਗਾਸਪ੍ਰਾ ਵਿੱਚ ਰਹਿੰਦਾ ਸੀ ਤਾਂ ਮੈਂ ਅਕਸਰ ਉਹਨਾਂ ਨੂੰ ਮਿਲਣ ਜਾਇਆ ਕਰਦਾ ਸੀ ਅਤੇ ਉਹ ਵੀ ਬੜੀ ਖੁਸ਼ੀ ਨਾਲ਼ ਮੈਨੂੰ ਮਿਲਣ ਆਉਂਦੇ ਸਨ। ਮੈਂ ਬੜੇ ਧਿਆਨ ਨਾਲ਼ ਅਤੇ ਪਿਆਰ ਨਾਲ਼ ਉਹਨਾਂ ਦੀਆਂ ਕਿਤਾਬਾਂ ਪੜ੍ਹਦਾ ਸੀ, ਇਸ ਲਈ ਮੈਨੂੰ ਲੱਗਦਾ ਹੈ ਕਿ ਉਹਨਾਂ ਬਾਰੇ ਮੈਂ ਜੋ ਕੁਝ ਵੀ ਸੋਚਦਾ ਹਾਂ ਉਹ ਕਹਿਣ ਦਾ ਮੈਨੂੰ ਪੂਰਾ ਹੱਕ ਹੈ, ਭਾਵੇਂ ਕਿ ਇਹ ਮੇਰਾ ਦੁਸਾਹਸ ਹੀ ਹੋਵੇ ਜਾਂ ਫਿਰ ਉਹਨਾਂ ਪ੍ਰਤੀ ਲੋਕਾਂ ਦੀ ਆਮ ਰਾਏ ਤੋਂ ਅਲੱਗ ਹੋਵੇ। ਹੋਰਾਂ ਦੇ ਨਾਲ਼ ਹੀ ਮੈਂ ਵੀ ਇਹ ਗੱਲ ਜਾਣਦਾ ਹਾਂ ਕਿ ਕਦੇ ਵੀ ਕੋਈ ਅਜਿਹਾ ਆਦਮੀ ਨਹੀਂ ਹੋਇਆ ਜਿਹੜਾ ਪ੍ਰਤਿਭਾਸ਼ਾਲੀ ਕਹਾਉਣ ਦਾ ਉਹਨਾਂ ਨਾਲ਼ੋਂ ਵਧੇਰੇ ਹੱਕਦਾਰ ਹੋਵੇ, ਜ਼ਿਆਦਾ ਗੁੰਝਲਦਾਰ ਅਤੇ ਆਤਮ-ਵਿਰੋਧੀ ਹੋਵੇ ਅਤੇ ਹਰ ਪੱਖ ਤੋਂ ਸ਼ਾਨਦਾਰ ਹੋਵੇ। ਹਾਂ, ਹਰ ਪੱਖ ਤੋਂ! ਉਹ ਕਿਸੇ ਵਿਸ਼ੇਸ਼ ਅਤੇ ਵਿਆਪਕ ਅਰਥਾਂ ਵਿੱਚ ਸ਼ਾਨਦਾਰ ਹਨ ਜਿਸਨੂੰ ਸ਼ਬਦਾਂ ਵਿੱਚ ਜ਼ਾਹਿਰ ਨਹੀਂ ਕੀਤਾ ਜਾ ਸਕਦਾ। ਉਹਨਾਂ ਵਿੱਚ ਕੁਝ ਅਜਿਹਾ ਹੈ ਜਿਹੜਾ ਮੈਨੂੰ ਹਮੇਸ਼ਾ ਸਾਰਿਆਂ ਦੇ ਸਾਹਮਣੇ ਚੀਕ-ਚੀਕ ਕੇ ਇਹ ਕਹਿਣ ਲਈ ਮਜ਼ਬੂਰ ਕਰਦਾ ਹੈ: 'ਦੇਖੋ ਸਾਡੀ ਪ੍ਰਿਥਵੀ 'ਤੇ ਕਿੰਨਾ ਸ਼ਾਨਦਾਰ ਇਨਸਾਨ ਰਹਿ ਰਿਹਾ ਹੈ!' ਕਿਉਂਕਿ, ਇਹ ਕਹਿਣਾ ਚਾਹੀਦਾ ਹੈ, ਉਹ ਬਹੁਤ ਵਿਆਪਕ ਰੂਪ ਵਿੱਚ ਅਤੇ ਸਭ ਤੋਂ ਪਹਿਲਾਂ ਤਾਂ ਇਨਸਾਨ ਹਨ—ਸਹੀ ਅਰਥਾਂ ਵਿੱਚ ਇਨਸਾਨ।

ਪਰ ਕਾਊਂਟ ਨਿਕੋਲਾਯੇਵਿਚ ਦੇ ਜੀਵਨ ਨੂੰ "ਸੰਤ ਪਿਤਾ ਲਿਓ ਦੇ ਜੀਵਨ" ਵਿੱਚ ਬਦਲਣ ਦੇ ਉਹਨਾਂ ਦੇ ਜ਼ਿੱਦੀ ਅਤੇ ਤਾਨਾਸ਼ਾਹ ਯਤਨ ਮੈਨੂੰ ਹਮੇਸ਼ਾ ਹੀ ਨਾਪਸੰਦ ਰਹੇ ਹਨ। ਤੁਸੀਂ ਜਾਣਦੇ ਹੀ ਹੋ ਕਿ ਉਹ ਬਹੁਤ ਲੰਮੇ ਸਮੇਂ ਤੋਂ "ਦੁੱਖ ਭੋਗਣ" ਦੀਆਂ ਕੋਸ਼ਿਸ਼ਾਂ ਕਰ ਰਹੇ ਸਨ। ਉਹਨਾਂ ਨੇ ਯੇਵਗੇਨੀ ਸੋਲੋਵਿਓਵ ਅਤੇ ਸੁਲੇਰ ਕੋਲ਼ ਇਸ ਗੱਲ ਲਈ ਅਫਸੋਸ ਜ਼ਾਹਿਰ ਕੀਤਾ ਸੀ ਕਿ ਉਹ ਅਜਿਹਾ ਨਹੀਂ ਕਰ ਸਕੇ ਸਨ। ਪਰ ਉਹ ਐਵੇਂ ਹੀ ਆਪਣੀ ਆਤਮ-ਸ਼ਕਤੀ ਦੀ ਦ੍ਰਿੜਤਾ ਨੂੰ ਜਾਂਚਣ-ਪਰਖਣ ਦੀ ਸੁਭਾਵਿਕ ਇੱਛਾ ਲਈ ਨਹੀਂ, ਸਗੋਂ ਸਪਸ਼ਟ

ਤੌਰ 'ਤੇ — ਦੁਹਰਾਉਂਦਾ ਹਾਂ — ਇਸ ਤਾਨਾਸ਼ਾਹੀ ਇਰਾਦੇ ਕਾਰਨ ਦੁੱਖ ਭੋਗਣਾ ਚਾਹੁੰਦੇ ਸਨ ਕਿ ਉਹ ਆਪਣੀਆਂ ਸਿੱਖਿਆਵਾਂ ਨੂੰ ਜ਼ਿਆਦਾ ਵਜ਼ਨੀ ਬਣਾ ਸਕਣ, ਆਪਣੇ ਉਪਦੇਸ਼ਾਂ ਨੂੰ ਅਕੱਟ ਬਣਾ ਸਕਣ, ਖੁਦ ਨੂੰ ਲੋਕਾਂ ਦੀ ਨਜ਼ਰ ਵਿੱਚ ਪਵਿੱਤਰ ਬਣਾ ਸਕਣ ਅਤੇ ਉਹਨਾਂ ਨੂੰ ਇਹ ਸਿੱਖਿਆਵਾਂ ਅਪਣਾਉਣ ਲਈ ਮਜ਼ਬੂਰ ਕਰ ਸਕਣ, ਸਮਝਦੇ ਹੋ ਨਾ! ਮਜ਼ਬੂਰ ਕਰ ਸਕਣ। ਕਿਉਂਕਿ ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਉਹਨਾਂ ਦੀਆਂ ਸਿੱਖਿਆਵਾਂ ਕਾਇਲ ਕਰ ਦੇਣ ਵਾਲ਼ੀਆਂ ਨਹੀਂ ਹਨ। ਜਦੋਂ ਉਹਨਾਂ ਦੀਆਂ ਡਾਇਰੀਆਂ ਪ੍ਰਕਾਸ਼ਿਤ ਹੋਣਗੀਆਂ ਤਾਂ ਤੁਸੀਂ ਉਹਨਾਂ ਦੁਆਰਾ ਆਪਣੀ ਸਿੱਖਿਆ ਅਤੇ ਵਿਅਕਤੀਤਵ 'ਤੇ ਲਾਗੂ ਕੀਤੇ ਸ਼ੰਕਾਵਾਦ ਦੇ ਕੁਝ ਵਧੀਆ ਨਮੂਨੇ ਪੜ੍ਹ ਸਕੋਗੇ। ਉਹ ਜਾਣਦੇ ਹਨ ਕਿ "ਸ਼ਹੀਦ ਅਤੇ ਦੁੱਖ ਭੋਗਣ ਵਾਲ਼ੇ ਜ਼ਿਆਦਾਤਰ ਨਿਰੰਕੁਸ਼ ਅਤੇ ਜ਼ਾਲਿਮ ਹੁੰਦੇ ਹਨ" — ਉਹ ਸਭ ਕੁਝ ਜਾਣਦੇ ਹਨ। ਅਤੇ ਫਿਰ ਵੀ ਇਹ ਕਹਿੰਦੇ ਹਨ: "ਜੇਕਰ ਮੈਂ ਆਪਣੇ ਵਿਚਾਰਾਂ ਲਈ ਦੁੱਖ-ਦਰਦ ਸਹੇ ਹੁੰਦੇ ਤਾਂ ਉਹ ਵੱਖਰਾ ਹੀ ਅਸਰ ਪੈਦਾ ਕਰਦੇ।" ਇਹ ਚੀਜ਼ ਮੈਨੂੰ ਹਮੇਸ਼ਾ ਹੀ ਉਹਨਾਂ ਤੋਂ ਦੂਰ ਕਰਦੀ ਰਹੀ ਹੈ, ਕਿਉਂਕਿ ਅਜਿਹੀ ਸਥਿਤੀ ਵਿੱਚ ਮੈਂ ਆਪਣੇ ਆਪ ਨਾਲ਼ ਜ਼ਬਰਦਸਤੀ ਕੀਤੇ ਜਾਣ, ਆਪਣੀ ਆਤਮਾ 'ਤੇ ਹਾਵੀ ਹੋਣ, ਉਸਨੂੰ ਸ਼ਹੀਦੀ ਖ਼ੂਨ ਦੀ ਚਮਕ ਨਾਲ਼ ਚਕਾਚੌਂਧ ਕਰ ਦੇਣ, ਆਪਣੀ ਗਰਦਨ 'ਤੇ ਧਰਮ-ਮੱਤਾਂ ਦਾ ਜੂਲ਼ਾ ਰੱਖ ਦੇਣ ਦੀ ਕੋਸ਼ਿਸ਼ ਅਨੁਭਵ ਕੀਤੇ ਬਿਨਾਂ ਨਹੀਂ ਰਹਿ ਸਕਦਾ।

ਉਹਨਾਂ ਨੇ ਹਮੇਸ਼ਾ ਹੀ ਦੂਜੀ ਦੁਨੀਆਂ ਵਿੱਚ ਅਮਰਤਾ ਦੇ ਵਧ-ਚੜ੍ਹ ਕੇ ਪ੍ਰਸੰਸਾ-ਗਾਣ ਗਾਏ ਹਨ। ਪਰ ਇਹ ਉਹਨਾਂ ਨੂੰ ਇਸ ਦੁਨੀਆਂ ਵਿੱਚ ਹੀ ਵਧੇਰੇ ਚੰਗੀ ਲੱਗਦੀ ਹੈ। ਸਹੀ ਅਰਥਾਂ ਵਿੱਚ ਇੱਕ ਕੌਮੀ ਲੇਖਕ ਦੇ ਨਾਤੇ ਉਹਨਾਂ ਨੇ ਆਪਣੀ ਵਿਸ਼ਾਲ ਆਤਮਾ ਵਿੱਚ ਆਪਣੀ ਕੌਮ ਦੇ ਸਾਰੇ ਦੋਸ਼-ਕਮੀਆਂ, ਸਾਡੇ ਇਤਿਹਾਸ ਦੇ ਤਸੀਹਿਆਂ ਦੁਆਰਾ ਸਾਨੂੰ ਦਿੱਤੇ ਗਏ ਸਾਰੇ ਵਿਕਾਰਾਂ ਨੂੰ ਮੂਰਤ ਰੂਪ ਦਿੱਤਾ ਹੈ... ਉਹਨਾਂ ਦੀ ਹਰ ਇੱਕ ਚੀਜ਼ ਕੌਮੀ ਹੈ, ਅਤੇ ਉਹਨਾਂ ਦੀ ਸਾਰੀ ਸਿੱਖਿਆ ਉਹ ਪ੍ਰਤੀਕਿਰਿਆ ਹੈ, ਪੁਰਖਿਆਂ ਨਾਲ਼ ਉਹ ਸਮਾਨਤਾ ਹੈ, ਜਿਸਤੋਂ ਆਪਾਂ ਮੁਕਤ ਹੋਣ ਲੱਗ ਪਏ ਸੀ, ਜਿਸਨੂੰ ਜਿੱਤਣ ਲੱਗ ਪਏ ਸੀ।

1905 ਵਿੱਚ ਲਿਖੀ ਉਹਨਾਂ ਦੀ "ਬੁੱਧੀਜੀਵੀ, ਰਾਜ, ਲੋਕ" ਚਿੱਠੀ ਯਾਦ ਕਰੋ— ਕਿਹੋ ਜਿਹੀ ਘਟੀਆ ਅਤੇ ਦਵੈਖਪੂਰਣ ਚੀਜ਼ ਸੀ ਉਹ! ਸਾਰੀ ਚਿੱਠੀ ਵਿੱਚ ਮਤਭੇਦੀ ਦੀ ਇਹੀ ਦੋਖੀ ਆਵਾਜ਼ ਸੁਣਾਈ ਦਿੰਦੀ ਹੈ — "ਮੈਂ ਕਿਹਾ ਸੀ ਨਾ!" ਉਦੋਂ ਮੈਂ ਉਹਨਾਂ ਵੱਲੋਂ ਖੁਦ ਨੂੰ ਕਹੇ ਗਏ ਸ਼ਬਦਾਂ ਦੇ ਆਧਾਰ 'ਤੇ ਹੀ ਇਸਦਾ ਜਵਾਬ ਦਿੱਤਾ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਉਹ "ਬਹੁਤ ਅਰਸਾ ਪਹਿਲਾਂ ਹੀ ਰੂਸੀ ਲੋਕਾਂ ਬਾਰੇ ਅਤੇ ਉਹਨਾਂ ਵੱਲੋਂ ਕੁਝ ਕਹਿਣ ਦਾ ਹੱਕ ਗੁਆ ਚੁੱਕੇ ਹਨ," ਕਿਉਂਕਿ ਮੈਂ ਇਸ ਗੱਲ ਦਾ ਗਵਾਹ ਰਿਹਾ ਸਾਂ ਕਿ ਕਿਵੇਂ ਉਹ ਮਿਲਣ ਆਉਣ ਵਾਲ਼ੇ ਤੇ ਦਿਲ ਖੋਲ੍ਹ ਕੇ ਗੱਲਾਂ ਕਰਨ ਵਾਲ਼ੇ ਆਮ ਲੋਕਾਂ ਦੀ ਗੱਲ ਸੁਣਨਾ ਅਤੇ ਸਮਝਣਾ ਨਹੀਂ ਚਾਹੁੰਦੇ ਸਨ। ਮੇਰੀ ਇਹ ਚਿੱਠੀ ਕਾਫ਼ੀ ਖ਼ਰਵ੍ਹੀ ਸੀ ਅਤੇ ਇਸੇ ਲਈ ਮੈਂ ਉਹਨਾਂ ਨੂੰ ਭੇਜੀ ਨਹੀਂ ਸੀ।

ਆਪਣੇ ਵਿਚਾਰਾਂ ਨੂੰ ਵੱਧ ਤੋਂ ਵੱਧ ਸੰਭਵ ਮਹੱਤਤਾ ਦੇਣ ਲਈ ਉਹ ਸ਼ਾਇਦ ਹੁਣ

ਆਖ਼ਰੀ ਛਾਲ ਮਾਰਨ ਦੀ ਸੋਚ ਰਹੇ ਹਨ। ਵਾਸਿਲੀ ਬੁਸਾਲੇਯੇਵ ਵਾਂਗ ਉਹ ਹਮੇਸ਼ਾ ਹੀ ਅਜਿਹੀਆਂ ਛਾਲ਼ਾਂ ਦੇ ਸ਼ੌਕੀਨ ਰਹੇ ਹਨ, ਪਰ ਹਮੇਸ਼ਾ ਹੀ ਆਪਣੀ ਪਵਿੱਤਰਤਾ ਦੀ ਤਸਦੀਕ ਕਰਨ ਲਈ ਅਤੇ ਆਪਣੇ ਆਭਾਮੰਡਲ ਦੀ ਭਾਲ਼ ਲਈ ਹੀ। ਇਸ ਵਿੱਚੋਂ Inquisition (ਈਸਾਈ ਧਰਮ ਦੀ ਧਾਰਮਿਕ ਅਦਾਲਤ —ਅਨੁ.) ਦੀ ਬੋ ਆਉਂਦੀ ਹੈ, ਭਾਵੇਂ ਕਿ ਰੂਸ ਦੇ ਪ੍ਰਾਚੀਨ ਇਤਿਹਾਸ ਅਤੇ ਪ੍ਰਤਿਭਾਸ਼ਾਲੀ ਲੋਕਾਂ ਦੀਆਂ ਵਿਅਕਤੀਗਤ ਤਕਲੀਫਾਂ ਨੇ ਉਹਨਾਂ ਦੀ ਸਿੱਖਿਆ ਨੂੰ ਸਹੀ ਠਹਿਰਾਇਆ ਹੈ। ਪਵਿੱਤਰਤਾ ਆਪਣੇ ਪਾਪਾਂ ਦੇ ਚਿੰਤਨ ਅਤੇ ਜਿਉਣ ਦੀ ਇੱਛਾ ਨੂੰ ਆਪਣੇ ਅਧੀਨ ਕਰ ਲੈਣ ਨਾਲ਼ ਹੀ ਹਾਸਿਲ ਕੀਤੀ ਜਾ ਸਕਦੀ ਹੈ...

ਲਿਓ ਨਿਕੋਲਾਯੇਵਿਚ ਤਾਲਸਤਾਏ ਵਿੱਚ ਬਹੁਤ ਕੁਝ ਅਜਿਹਾ ਹੈ ਜਿਹੜਾ ਅਕਸਰ ਮੇਰੇ ਅੰਦਰ ਉਹਨਾਂ ਪ੍ਰਤੀ ਲਗਭਗ ਨਫ਼ਰਤ ਵਰਗੀ ਭਾਵਨਾ ਪੈਦਾ ਕਰ ਦਿੰਦਾ ਹੈ, ਅਤੇ ਮੇਰੀ ਆਤਮਾ 'ਤੇ ਬਹੁਤ ਭਾਰੀ ਬੋਝ ਬਣ ਕੇ ਡਿੱਗਦਾ ਹੈ। ਉਹਨਾਂ ਦੀ ਅਸਾਧਾਰਨ ਤੌਰ 'ਤੇ ਫੁੱਲੀ ਹੋਈ ਹਾਉਮੈ ਇੱਕ ਭਿਆਨਕ ਲਗਭਗ ਘ੍ਰਿਣਤ ਵਰਤਾਰਾ ਹੈ, ਉਸ ਵਿੱਚ ਬੋਗਾਤਯੇਰ ਸਵੇਯਾਤੋਗੋਰ ਜਿਹਾ ਕੁਝ ਹੈ ਜਿਸਦਾ ਭਾਰ ਧਰਤੀ ਸਹਿ ਨਹੀਂ ਸਕਦੀ ਸੀ। ਹਾਂ, ਉਹ ਮਹਾਨ ਹਨ! ਮੈਨੂੰ ਪੂਰਾ ਯਕੀਨ ਹੈ ਕਿ ਜੋ ਕੁਝ ਉਹ ਕਹਿੰਦੇ ਹਨ, ਉਸਤੋਂ ਬਿਨਾਂ ਵੀ ਬਹੁਤ ਕੁਝ ਅਜਿਹਾ ਹੈ ਜਿਸ ਬਾਰੇ ਉਹ ਹਮੇਸ਼ਾ ਚੁੱਪ ਰਹਿੰਦੇ ਹਨ — ਇੱਥੋਂ ਤੱਕ ਕਿ ਆਪਣੀਆਂ ਡਾਇਰੀਆਂ ਵਿੱਚ ਵੀ — ਅਤੇ ਜਿਸ ਬਾਰੇ ਸ਼ਾਇਦ ਉਹ ਕਦੇ ਵੀ ਕਿਸੇ ਨੂੰ ਕੁਝ ਨਹੀਂ ਦੱਸਣਗੇ। ਇਹ 'ਕੁਝ' ਬਸ ਕਦੇ ਕਦੇ ਗੱਲਬਾਤ ਦੇ ਸਮੇਂ ਸੰਕੇਤਾਂ ਦੇ ਰੂਪ ਵਿੱਚ ਹੀ ਮਹਿਸੂਸ ਹੁੰਦਾ ਹੈ, ਅਤੇ ਜਾਂ ਇਸਦੇ ਸੰਕੇਤ ਉਹਨਾਂ ਦੋ ਡਾਇਰੀਆਂ ਵਿੱਚ, ਜਿਹੜੀਆਂ ਉਹਨਾਂ ਨੇ ਮੈਨੂੰ ਅਤੇ ਲ. ਅ. ਸੁਲੇਰਜ਼ਿਤਸਕੀ ਨੂੰ ਪੜ੍ਹਨ ਲਈ ਦਿੱਤੀਆਂ ਸਨ, ਕਿਤੇ ਕਿਤੇ ਮਿਲ਼ਦੇ ਹਨ। ਮੈਨੂੰ ਇਹ "ਸਾਰੀਆਂ ਗੱਲਾਂ ਤੋਂ ਇਨਕਾਰ" ਜਿਹਾ ਕੁਝ ਜਾਪਦਾ ਹੈ—ਸਭ ਤੋਂ ਗੂੜ੍ਹਾ ਤੇ ਕੱਟੜ ਨਿਖੇਧਵਾਦ, ਜਿਹੜਾ ਅਸੀਮ ਨਿਰਾਸ਼ਾ ਅਤੇ ਇਕਲਾਪੇ ਦੀ ਮਿੱਟੀ ਵਿੱਚ ਜੰਮਿਆ-ਪਲ਼ਿਆ ਹੈ, ਜਿਸਨੂੰ ਅਜੇ ਤੱਕ ਕੋਈ ਵੀ ਚੀਜ਼ ਤਬਾਹ ਨਹੀਂ ਕਰ ਸਕੀ ਅਤੇ ਜਿਸਨੂੰ ਇਸ ਵਿਅਕਤੀ ਤੋਂ ਸਿਵਾ ਹੋਰ ਕਿਸੇ ਨੇ ਵੀ ਐਨੀ ਭਿਆਨਕ ਸਪਸ਼ਟਤਾ ਨਾਲ਼ ਅਨੁਭਵ ਨਹੀਂ ਕੀਤਾ ਹੈ। ਮੈਨੂੰ ਅਕਸਰ ਇੰਝ ਜਾਪਦਾ ਹੈ ਕਿ ਆਪਣੇ ਦਿਲ ਦੀ ਗਹਿਰਾਈ ਵਿੱਚ ਉਹ ਲੋਕਾਂ ਪ੍ਰਤੀ ਬਿਲਕੁਲ ਉਦਾਸੀਨ ਹਨ, ਉਹਨਾਂ ਨਾਲ਼ੋਂ ਉਹ ਐਨੇ ਉੱਚੇ ਤੇ ਮਹਾਨ ਹਨ ਕਿ ਲੋਕ ਉਹਨਾਂ ਨੂੰ ਕੀੜਿਆਂ-ਮਕੌੜਿਆਂ ਵਰਗੇ ਲੱਗਦੇ ਹਨ ਅਤੇ ਉਹਨਾਂ ਦੀ ਭੱਜ-ਨੱਠ ਉਹਨਾਂ ਨੂੰ ਹਾਸੋਹੀਣੀ ਅਤੇ ਤਰਸਯੋਗ ਜਾਪਦੀ ਹੈ। ਉਹ ਲੋਕਾਂ ਤੋਂ ਬਹੁਤ ਦੂਰ ਕਿਸੇ ਮਾਰੂਥਲ ਵਿੱਚ ਚਲੇ ਗਏ ਹਨ, ਜਿੱਥੇ ਉਹ ਆਪਣੀ ਆਤਮਾ ਦੀਆਂ ਸਾਰੀਆਂ ਸ਼ਕਤੀਆਂ ਨੂੰ ਕੇਂਦਰਿਤ ਕਰਕੇ ਇਕਾਂਤ ਵਿੱਚ ਬੈਠੇ "ਸਭ ਤੋਂ ਮਹੱਤਵਪੂਰਨ" — ਮੌਤ — ਬਾਰੇ ਸੋਚ-ਵਿਚਾਰ ਕਰਦੇ ਰਹਿੰਦੇ ਹਨ।

ਸਾਰੀ ਜ਼ਿੰਦਗੀ ਉਹ ਮੌਤ ਤੋਂ ਡਰਦੇ ਅਤੇ ਇਸਨੂੰ ਘ੍ਰਿਣਾ ਕਰਦੇ ਰਹੇ, ਜ਼ਿੰਦਗੀ ਭਰ ਉਹਨਾਂ ਦੇ ਸਿਰ 'ਤੇ ਅਰਜ਼ਾਮਸ ਅਕਾਲ਼ ਦਾ ਇਹ ਪ੍ਰੇਤ ਮੰਡਰਾਉਂਦਾ ਰਿਹਾ ਕਿ ਉਹਨਾਂ ਨੂੰ, ਤਾਲਸਤਾਏ ਨੂੰ ਮਰਨਾ ਪਵੇਗਾ? ਸਾਰੀ ਦੁਨੀਆਂ ਤੇ ਬ੍ਰਹਿਮੰਡ ਦੀਆਂ ਨਜ਼ਰਾਂ ਉਹਨਾਂ 'ਤੇ

ਟਿਕੀਆਂ ਹੋਈਆਂ ਹਨ। ਚੀਨ, ਭਾਰਤ, ਅਮਰੀਕਾ—ਹਰ ਦਿਸ਼ਾ ਤੋਂ ਉਹਨਾਂ ਨਾਲ਼ ਸਜੀਵ ਤੇ ਕੰਪਨ ਕਰਦੇ ਤਾਰ ਜੁੜੇ ਹੋਏ ਹਨ, ਉਹਨਾਂ ਦੀ ਆਤਮਾ ਸਾਰੇ ਲੋਕਾਂ ਲਈ ਅਤੇ ਸਾਰੇ ਸਮਿਆਂ ਲਈ ਹੈ। ਕੁਦਰਤ ਆਪਣੇ ਸਾਰੇ ਨਿਯਮਾਂ ਵਿੱਚ ਇੱਕ ਛੋਟ ਕਰਕੇ ਉਹਨਾਂ ਨੂੰ — ਸਾਰੇ ਮਨੁੱਖਾਂ ਵਿੱਚੋਂ ਸਿਰਫ਼ ਇੱਕ ਆਦਮੀ ਨੂੰ — ਸਰੀਰਕ ਅਮਰਤਾ ਪ੍ਰਦਾਨ ਕਿਉਂ ਨਹੀਂ ਕਰ ਦਿੰਦੀ ? ਜ਼ਾਹਿਰ ਹੈ ਕਿ ਉਹ ਐਨੇ ਸਮਝਦਾਰ ਅਤੇ ਸਿਆਣੇ ਹਨ ਕਿ ਚਮਤਕਾਰਾਂ ਤੇ ਕ੍ਰਿਸ਼ਮਿਆਂ ਵਿੱਚ ਵਿਸ਼ਵਾਸ ਨਹੀਂ ਕਰ ਸਕਦੇ, ਪਰ ਦੂਜੇ ਹੱਥ ਉਹ ਬਾਗੀ ਅਤੇ ਖੋਜੀ ਹਨ, ਨਵੀਆਂ ਅਣਜਾਣ ਬੈਰਕਾਂ ਦੇ ਖਿਆਲ ਨਾਲ਼ ਭੈਅਭੀਤ ਅਤੇ ਬੁਰੀ ਤਰ੍ਹਾਂ ਘਬਰਾਉਣ ਵਾਲ਼ੇ ਕਿਸੇ ਨੌਜਵਾਨ ਰੰਗਰੂਟ ਵਾਂਗ ਬੇਹੱਦ ਡਰਦੇ-ਘਬਰਾਉਂਦੇ ਹਨ, ਹੜਕੰਪ ਮਚਾਉਂਦੇ ਹਨ। ਮੈਨੂੰ ਯਾਦ ਹੈ ਕਿ ਇੱਕ ਦਿਨ ਗਾਸਪ੍ਰਾ ਵਿੱਚ, ਜਦੋਂ ਉਹ ਸਿਹਤਮੰਦ ਹੋ ਚੁੱਕੇ ਸਨ, ਲਿਓ ਸ਼ੇਸਤੋਵ ਦੀ ਕਿਤਾਬ 'ਨੀਤਸ਼ੇ ਤੇ ਕਾਉਂਟ ਤਾਲਸਤਾਏ ਦੀ ਸਿੱਖਿਆ ਵਿੱਚ ਨੇਕੀ ਅਤੇ ਬਦੀ' ਪੜ੍ਹਨ ਤੋਂ ਬਾਅਦ ਅ. ਪ. ਚੈਖ਼ਵ ਦੇ ਇਹ ਕਹਿਣ ਤੇ ਕਿ "ਮੈਨੂੰ ਇਹ ਕਿਤਾਬ ਚੰਗੀ ਨਹੀਂ ਲੱਗੀ", ਤਾਲਸਤਾਏ ਨੇ ਜਵਾਬ ਦਿੱਤਾ ਸੀ:

"ਮੈਨੂੰ ਤਾਂ ਚੰਗੀ ਲੱਗੀ। ਬਨਾਉਟੀ ਢੰਗ ਨਾਲ਼ ਲਿਖੀ ਗਈ ਹੈ, ਪਰ ਬੁਰੀ ਨਹੀਂ ਹੈ। ਦਿਲਚਸਪ ਹੈ। ਤੁਹਾਨੂੰ ਪਤੈ, ਸਨਕੀ ਜੇ ਇਮਾਨਦਾਰ ਹੋਣ ਤਾਂ ਮੈਨੂੰ ਚੰਗੇ ਲੱਗਦੇ ਨੇ। ਉਸਨੇ ਕਿਤੇ ਲਿਖਿਆ ਹੈ: 'ਸੱਚਾਈ ਦੀ ਲੋੜ ਨਹੀਂ ਹੈ,' ਅਤੇ ਬਿਲਕੁਲ ਸਹੀ ਲਿਖਿਆ ਹੈ — ਸੱਚਾਈ ਦਾ ਉਸਨੇ ਕੀ ਕਰਨਾ ਹੈ ? ਮਰ ਤਾਂ ਜਾਣਾ ਹੀ ਹੈ।"

ਇਹ ਦੇਖ ਕੇ ਕਿ ਉਹਨਾਂ ਦੀ ਗੱਲ ਕਿਸੇ ਨੂੰ ਸਮਝ ਨਹੀਂ ਆਈ, ਉਹਨਾਂ ਨੇ ਵਿਅੰਗਪੂਰਨ ਹੱਸਦਿਆਂ ਏਨੀ ਗੱਲ ਹੋਰ ਜੋੜ ਦਿੱਤੀ:

"ਜਦੋਂ ਬੰਦਾ ਸੋਚਣਾ ਸਿੱਖ ਜਾਂਦਾ ਹੈ, ਤਾਂ ਉਹ ਜੋ ਮਰਜ਼ੀ ਸੋਚ ਲਵੇ ਘੁੰਮ-ਫਿਰ ਕੇ ਆਪਣੀ ਮੌਤ 'ਤੇ ਹੀ ਆ ਜਾਂਦਾ ਹੈ। ਸਾਰੇ ਦਾਰਸ਼ਨਿਕ ਏਦਾਂ ਦੇ ਹੀ ਹੁੰਦੇ ਹਨ। ਤੇ ਸੱਚਾਈ ਦਾ ਕੀ ਫਾਇਦਾ ਜਦੋਂ ਮੌਤ ਹਰ ਹਾਲ ਵਿੱਚ ਆਉਣੀ ਹੀ ਹੈ ?"

ਇਸ ਤੋਂ ਬਾਅਦ ਉਹਨਾਂ ਨੇ ਇਹ ਵਿਆਖਿਆ ਕਰਨੀ ਸ਼ੁਰੂ ਕਰ ਦਿੱਤੀ ਕਿ ਸਾਰਿਆਂ ਲਈ ਸੱਚਾਈ ਇੱਕ ਹੀ ਹੈ — ਰੱਬ ਨਾਲ਼ ਪ੍ਰੇਮ, ਪਰ ਇਸ ਵਿਸ਼ੇ 'ਤੇ ਉਹ ਉਦਾਸੀਨ ਅਤੇ ਥੱਕੇ ਜਿਹੇ ਢੰਗ ਨਾਲ਼ ਬੋਲੇ। ਦੁਪਹਿਰ ਦੇ ਖਾਣੇ ਤੋਂ ਬਾਅਦ ਜਦੋਂ ਸਾਰੇ ਵਰਾਂਡੇ ਵਿੱਚ ਬੈਠੇ ਸਨ ਤਾਂ ਉਹਨਾਂ ਨੇ ਫਿਰ ਉਹੀ ਕਿਤਾਬ ਚੁੱਕ ਲਈ ਅਤੇ ਉਹ ਥਾਂ ਲੱਭ ਕੇ ਜਿੱਥੇ ਲੇਖਕ ਨੇ ਇਹ ਲਿਖਿਆ ਸੀ: "ਤਾਲਸਤਾਏ, ਦੋਸਤੋਯੇਵਸਕੀ ਅਤੇ ਨੀਤਸ਼ੇ ਆਪਣੇ ਸਵਾਲਾਂ ਦੇ ਜਵਾਬ ਹਾਸਿਲ ਕੀਤੇ ਬਿਨਾਂ ਜਿਉਂਦੇ ਨਹੀਂ ਰਹਿ ਸਕਦੇ ਸਨ, ਅਤੇ ਉਹਨਾਂ ਲਈ ਕੋਈ ਜਵਾਬ ਨਾ ਹੋਣ ਨਾਲ਼ੋਂ ਕੋਈ ਨਾ ਕੋਈ ਜਵਾਬ ਹੋਣਾ ਕਿਤੇ ਬਿਹਤਰ ਸੀ," ਉਹ ਹੱਸੇ ਅਤੇ ਕਿਹਾ:

"ਵਾਹ, ਕਿੰਨਾ ਦਲੇਰ ਨਾਈ ਹੈ, ਸਿੱਧਾ ਹੀ ਲਿਖ ਦਿੱਤਾ ਕਿ ਮੈਂ ਖੁਦ ਨੂੰ ਧੋਖਾ ਦਿੰਦਾ ਹਾਂ, ਜਿਸਦਾ ਮਤਲਬ ਇਹ ਹੋਇਆ ਕਿ ਮੈਂ ਹੋਰਾਂ ਨੂੰ ਵੀ ਧੋਖਾ ਦਿੰਦਾ ਹਾਂ। ਇਸਦਾ ਸਾਫ਼-ਸਾਫ਼ ਨਿਚੋੜ ਇਹੀ ਤਾਂ ਨਿਕਲ਼ਦਾ ਹੈ..."

"ਪਰ ਨਾਈ ਕਿਉਂ ?" ਸੁਲੇਰ ਨੇ ਪੁੱਛਿਆ।

"ਖੈਰ," ਉਹਨਾਂ ਨੇ ਸੋਚਦੇ ਹੋਏ ਜਵਾਬ ਦਿੱਤਾ, "ਐਵੇਂ ਹੀ ਮੇਰੇ ਦਿਮਾਗ ਵਿੱਚ ਆ ਗਿਆ, ਬੜਾ ਫੈਸ਼ਨਪ੍ਰਸਤ ਬਾਂਕਾ-ਛੈਲਾ ਹੈ, ਅਤੇ ਮੈਨੂੰ ਮਾਸਕੋ ਦਾ ਇੱਕ ਨਾਈ ਯਾਦ ਆ ਗਿਆ ਜਿਹੜਾ ਆਪਣੇ ਪਿੰਡ ਵਿੱਚ ਰਹਿਣ ਵਾਲ਼ੇ ਕਿਸੇ ਰਿਸ਼ਤੇਦਾਰ ਦੇ ਵਿਆਹ 'ਤੇ ਪਿੰਡ ਗਿਆ। ਬਹੁਤ ਸ਼ਾਨਦਾਰ ਢੰਗ-ਤਰੀਕੇ ਸਨ ਉਸਦੇ, ਵਧੀਆ ਨੱਚ ਲੈਂਦਾ ਸੀ ਅਤੇ ਇਸੇ ਲਈ ਹਰ ਕਿਸੇ ਨੂੰ ਤਿਰਸਕਾਰ ਦੀ ਨਜ਼ਰ ਨਾਲ਼ ਦੇਖਦਾ ਸੀ।"

ਮੈਂ ਇਹ ਗੱਲਬਾਤ ਬਿਨਾਂ ਇੱਕ ਵੀ ਸ਼ਬਦ ਬਦਲਿਆਂ ਹੂ-ਬ-ਹੂ ਦਿੱਤੀ ਹੈ। ਮੈਨੂੰ ਇਹ ਬੜੀ ਚੰਗੀ ਤਰ੍ਹਾਂ ਯਾਦ ਹੈ, ਅਤੇ ਹੈਰਾਨ ਕਰ ਦੇਣ ਵਾਲ਼ੀਆਂ ਗੱਲਾਂ ਵਾਂਗ ਮੈਂ ਇਸਨੂੰ ਵੀ ਲਿਖ ਲਿਆ ਸੀ। ਮੈਂ ਅਤੇ ਸੁਲੇਰ ਨੇ ਬਹੁਤ ਨੋਟ ਲਿਖੇ ਸਨ, ਪਰ ਸੁਲੇਰ ਨੇ ਮੇਰੇ ਕੋਲ਼ ਅਰਜ਼ਾਮਸ ਆਉਂਦੇ ਸਮੇਂ ਰਾਹ ਵਿੱਚ ਆਪਣੇ ਨੋਟ ਗੁਆ ਦਿੱਤੇ ਸਨ। ਉਹ ਬਹੁਤ ਲਾਪਰਵਾਹ ਇਨਸਾਨ ਸਨ, ਅਤੇ ਭਾਵੇਂ ਕਿ ਉਹ ਤਾਲਸਤਾਏ ਨੂੰ ਔਰਤਾਂ ਵਾਂਗ ਪਿਆਰ ਕਰਦੇ ਸਨ, ਫਿਰ ਵੀ ਉਹਨਾਂ ਪ੍ਰਤੀ ਉਹਨਾਂ ਦਾ ਰਵੱਈਆ ਕੁਝ ਅਜੀਬ ਤੇ ਘਮੰਡੀ ਜਿਹਾ ਸੀ। ਮੈਂ ਵੀ ਆਪਣੀਆਂ ਟਿੱਪਣੀਆਂ ਕਿਤੇ ਰੱਖ ਦਿੱਤੀਆਂ ਤੇ ਹੁਣ ਉਹ ਮੈਨੂੰ ਮਿਲ਼ ਨਹੀਂ ਰਹੀਆਂ, ਰੂਸ ਵਿੱਚ ਹੀ ਕਿਤੇ ਹੋਣਗੀਆਂ। ਤਾਲਸਤਾਏ ਨੂੰ ਮੈਂ ਬਹੁਤ ਨੇੜਿਓਂ ਦੇਖਿਆ ਹੈ, ਕਿਉਂਕਿ ਮੈਂ ਹਮੇਸ਼ਾ ਹੀ ਸਜੀਵ ਤੇ ਸੱਚੇ ਵਿਸ਼ਵਾਸ ਵਾਲ਼ੇ ਕਿਸੇ ਬੰਦੇ ਦੀ ਭਾਲ਼ ਵਿੱਚ ਰਹਿੰਦਾ ਹਾਂ, ਅਤੇ ਮਰਦੇ ਦਮ ਤੱਕ ਰਹਾਂਗਾ। ਅਤੇ ਇਸ ਲਈ ਵੀ ਕਿਉਂਕਿ ਸਾਡੇ ਅਸੱਭਿਆਪੁਣੇ ਬਾਰੇ ਬੋਲਦੇ ਹੋਏ ਅ. ਪ. ਚੈਖ਼ਵ ਨੇ ਇੱਕ ਵਾਰ ਕਿਹਾ ਸੀ:

"ਦੇਖੋ, ਗੋਥੇ ਨੇ ਜੋ ਵੀ ਕਿਹਾ ਉਸਦਾ ਇੱਕ ਇੱਕ ਸ਼ਬਦ ਲਿਖਿਆ ਜਾਂਦਾ ਰਿਹਾ, ਪਰ ਤਾਲਸਤਾਏ ਦੀ ਆਵਾਜ਼ ਹਵਾ ਵਿੱਚ ਹੀ ਖੋ ਜਾਂਦੀ ਹੈ। ਇਹ ਭਿਆਨਕ ਰੂਸੀ ਢੰਗ ਹੈ, ਮਗਰੋਂ ਲੋਕਾਂ ਨੂੰ ਹੋਸ਼ ਆਵੇਗਾ ਤੇ ਫਿਰ ਤੋੜੀਆਂ-ਮਰੋੜੀਆਂ ਯਾਦਾਂ ਲਿਖਣ ਬੈਠ ਜਾਣਗੇ।"

ਖੈਰ, ਮੈਂ ਫਿਰ ਤੋਂ ਸ਼ੇਸਤੋਵ ਵਾਲ਼ੇ ਵਿਸ਼ੇ ਤੇ ਆਉਂਦਾ ਹਾਂ:

"ਹਮੇਸ਼ਾ ਭਿਆਨਕ ਦ੍ਰਿਸ਼ ਦੇਖ-ਦੇਖ ਕੇ ਕੋਈ ਵੀ ਜੀਅ ਨਹੀਂ ਸਕਦਾ," ਉਸਨੇ ਲਿਖਿਆ ਹੈ। "ਉਸਨੂੰ ਕਿਵੇਂ ਪਤਾ ਹੈ ਕਿ ਕੋਈ ਕੀ ਕਰ ਸਕਦਾ ਹੈ ਅਤੇ ਕੀ ਨਹੀਂ ਕਰ ਸਕਦਾ ? ਜੇ ਉਹ ਜਾਣਦਾ ਸੀ, ਜੇਕਰ ਉਹ ਇਹ ਦ੍ਰਿਸ਼ ਦੇਖਦਾ ਤਾਂ ਊਲ-ਜਲੂਲ ਗੱਲਾਂ ਨਾ ਲਿਖਦਾ, ਕਿਸੇ ਗੰਭੀਰ ਕੰਮ ਵਿੱਚ ਜੁਟਦਾ, ਜਿਵੇਂ ਬੁੱਧ ਨੇ ਜ਼ਿੰਦਗੀ ਭਰ ਕੀਤਾ..."

ਕਿਸੇ ਨੇ ਕਿਹਾ ਕਿ ਸ਼ੇਸਤੋਵ ਤਾਂ ਯਹੂਦੀ ਸੀ।

"ਮੁਸ਼ਕਿਲ ਹੈ !" ਤਾਲਸਤਾਏ ਨੇ ਯਕੀਨ ਨਾ ਕਰਦੇ ਹੋਏ ਕਿਹਾ। "ਨਹੀਂ, ਉਹ ਬਿਲਕੁਲ ਵੀ ਯਹੂਦੀ ਨਹੀਂ ਲੱਗਦਾ। ਨਾਸਤਿਕ ਯਹੂਦੀ ਨਹੀਂ ਹੁੰਦੇ — ਕਿਸੇ ਇੱਕ ਦਾ ਨਾਮ ਲਓ। ਨਹੀਂ ਹੁੰਦੇ।"

ਕਦੇ-ਕਦੇ ਇੰਜ ਜਾਪਦਾ ਜਿਵੇਂ ਇਹ ਬੁੱਢਾ ਜਾਦੂਗਰ ਮੌਤ ਨਾਲ਼ ਖਿਲਵਾੜ ਕਰ ਰਿਹਾ ਹੈ, ਦਿਲਲਗੀ ਕਰ ਰਿਹਾ ਹੈ ਅਤੇ ਕਿਸੇ ਤਰ੍ਹਾਂ ਉਸਨੂੰ ਮੂਰਖ ਬਣਾਉਣਾ ਚਾਹੁੰਦਾ ਹੈ: ਮੈਂ ਤੈਥੋਂ ਨਹੀਂ ਡਰਦਾ, ਮੈਂ ਤੈਨੂੰ ਪਿਆਰ ਕਰਦਾ ਹਾਂ, ਤੇਰੀ ਉਡੀਕ ਕਰ ਰਿਹਾ ਹਾਂ। ਪਰ ਸਾਰਾ ਸਮਾਂ ਉਸਦੀਆਂ ਤਿੱਖੀਆਂ ਨਜ਼ਰਾਂ ਏਧਰ-ਓਧਰ ਝਾਤੀ ਮਾਰਦੀਆਂ ਰਹਿੰਦੀਆਂ ਹਨ — ਕਿਹੋ

ਜਿਹੀ ਲੱਗਦੀ ਹੈਂ ਤੂੰ ? ਤੇਰੇ ਤੋਂ ਬਾਅਦ ਕੀ ਹੈ ? ਕੀ ਤੂੰ ਮੈਨੂੰ ਪੂਰੀ ਤਰ੍ਹਾਂ ਖਤਮ ਕਰ ਦੇਵੇਂਗੀ ਜਾਂ ਮੇਰਾ ਕੁਝ ਛੱਡ ਵੀ ਦੇਵੇਂਗੀ ?

ਉਹਨਾਂ ਦੇ ਸ਼ਬਦ: "ਮੈਂ ਖੁਸ਼ ਹਾਂ, ਬਹੁਤ ਖੁਸ਼, ਬੇਹੱਦ ਖੁਸ਼!" ਅਜੀਬ ਜਿਹਾ ਅਸਰ ਕਰਦੇ ਸਨ। ਅਤੇ – ਇਸਤੋਂ ਫੌਰਨ ਮਗਰੋਂ "ਓਹ, ਦੁੱਖ ਭੋਗਣਾ ਹੈ!" ਉਹਨਾਂ ਦੀ ਦੁੱਖ ਭੋਗਣ ਦੀ ਇੱਛਾ – ਇਹ ਵੀ ਬਿਲਕੁਲ ਸੱਚੀ ਸੀ। ਮੈਨੂੰ ਇਸ ਗੱਲ 'ਤੇ ਜ਼ਰਾ ਵੀ ਸ਼ੱਕ ਨਹੀਂ ਹੈ ਕਿ ਅਜੇ ਪੂਰੀ ਤਰ੍ਹਾਂ ਸਿਹਤਮੰਦ ਨਾ ਹੁੰਦੇ ਹੋਏ ਵੀ ਉਹਨਾਂ ਨੂੰ ਇਸ ਚੀਜ਼ ਤੋਂ ਸੱਚੀ ਖੁਸ਼ੀ ਮਿਲ਼ਦੀ ਜੇਕਰ ਉਹ ਜੇਲ੍ਹ ਚਲੇ ਜਾਂਦੇ ਜਾਂ ਜਲਾਵਤਨ ਹੋ ਜਾਂਦੇ, ਸੰਖੇਪ ਵਿੱਚ ਕਹਿਣਾ ਹੋਵੇ ਤਾਂ ਜੇਕਰ ਉਹ ਆਪਣੇ ਸਿਰ 'ਤੇ ਸ਼ਹੀਦੀ ਦਾ ਸਿਹਰਾ ਸਜਾ ਲੈਂਦੇ। ਕੀ ਇਹ ਗੱਲ ਇਸ ਲਈ ਹੈ ਕਿ ਉਹ ਇਹ ਮਹਿਸੂਸ ਕਰਦੇ ਸਨ ਕਿ ਸ਼ਾਇਦ ਸ਼ਹਾਦਤ ਮੌਤ ਨੂੰ ਜਾਇਜ਼ ਠਹਿਰਾ ਸਕਦੀ ਹੈ, ਇਸਨੂੰ ਬਾਹਰੀ, ਰਸਮੀ ਨਜ਼ਰੀਏ ਤੋਂ ਸਮਝ ਆਉਣ ਵਾਲ਼ਾ ਅਤੇ ਅਪਨਾਉਣਯੋਗ ਬਣਾ ਸਕਦੀ ਹੈ। ਮੈਨੂੰ ਯਕੀਨ ਹੈ ਕਿ ਉਹਨਾਂ ਨੂੰ ਕਿਤੇ ਵੀ ਖੁਸ਼ੀ ਨਹੀਂ ਮਿਲ਼ੀ – ਨਾ ਤਾਂ "ਸਿਆਣਪ ਭਰੀਆਂ ਕਿਤਾਬਾਂ 'ਚ", "ਨਾ ਘੋੜੇ ਦੀ ਪਿੱਠ 'ਤੇ", ਅਤੇ ਨਾ ਹੀ "ਔਰਤ ਦੀਆਂ ਬਾਹਾਂ 'ਚ"। ਉਹਨਾਂ ਨੇ "ਦੁਨੀਆਵੀ ਸਵਰਗ" ਦਾ ਪੂਰਾ ਸੁੱਖ ਵੀ ਨਹੀਂ ਮਾਣਿਆ। ਇਹਨਾਂ ਮਾਮਲਿਆਂ ਵੱਲ ਉਹ ਕੁਝ ਜ਼ਿਆਦਾ ਹੀ ਤਾਰਕਿਕ ਸੋਚ ਰੱਖਦੇ ਸਨ ਅਤੇ ਜੀਵਨ ਅਤੇ ਲੋਕਾਂ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਸਨ। ਉਹਨਾਂ ਦੇ ਹੀ ਕੁਝ ਹੋਰ ਸ਼ਬਦ:

"ਖਲੀਫਾ ਅਬਦ-ਅਰ-ਰਹਿਮਾਨ ਨੂੰ ਪੂਰੀ ਜ਼ਿੰਦਗੀ ਵਿੱਚ ਚੌਦਾਂ ਦਿਨ ਸੁੱਖ ਦੇ ਮਿਲ਼ੇ ਸਨ, ਪਰ ਮੈਨੂੰ ਤਾਂ ਸ਼ਾਇਦ ਏਨੇ ਵੀ ਨਹੀਂ ਮਿਲ਼ੇ। ਇਹ ਸਭ ਇਸ ਲਈ ਹੈ ਕਿ ਮੈਂ ਕਦੇ ਜੀ ਕੇ ਵੇਖਿਆ ਹੀ ਨਹੀਂ, ਮੈਨੂੰ ਪਤਾ ਹੀ ਨਹੀਂ ਕਿ ਖੁਦ ਲਈ ਅਤੇ ਆਪਣੀ ਆਤਮਾ ਲਈ ਕਿਵੇਂ ਜਿਉਣਾ ਚਾਹੀਦਾ ਹੈ, ਸਗੋਂ ਸਦਾ ਦਿਖਾਵੇ ਲਈ, ਲੋਕਾਂ ਲਈ ਹੀ ਜੀਵਿਆ ਹਾਂ।"

ਜਦੋਂ ਅਸੀਂ ਜਾਣ ਲੱਗੇ ਤਾਂ ਚੈਖ਼ਵ ਨੇ ਕਿਹਾ: "ਮੈਨੂੰ ਯਕੀਨ ਨਹੀਂ ਹੁੰਦਾ ਕਿ ਉਹ ਕਦੇ ਖੁਸ਼ ਨਹੀਂ ਰਹੇ।" ਪਰ ਮੈਨੂੰ ਹੈ। ਉਹ ਸੁਖੀ ਨਹੀਂ ਰਹੇ। ਪਰ ਇਹ ਵੀ ਸੱਚ ਨਹੀਂ ਹੈ ਕਿ ਉਹ "ਦਿਖਾਵੇ" ਲਈ ਜਿਉਂਦੇ ਸਨ। ਉਹ ਹਮੇਸ਼ਾ ਲੋਕਾਂ ਨੂੰ ਆਪਣੀਆਂ ਵਾਧੂ ਚੀਜ਼ਾਂ ਵਿੱਚੋਂ ਕੁਝ ਨਾ ਕੁਝ ਦਿੰਦੇ ਰਹਿੰਦੇ ਸਨ, ਜਿਵੇਂ ਭਿਖਾਰੀਆਂ ਨੂੰ ਦਿੱਤਾ ਜਾਂਦਾ ਹੈ। ਉਹ ਲੋਕਾਂ ਨੂੰ "ਕੁਝ ਨਾ ਕੁਝ" ਕਰਨ ਲਈ ਪ੍ਰੇਰਿਤ ਕਰਨ ਦੇ ਸ਼ੌਕੀਨ ਸਨ – ਪੜ੍ਹਨਾ, ਸੈਰ ਕਰਨਾ, ਕੇਵਲ ਸਬਜ਼ੀਆਂ 'ਤੇ ਗੁਜ਼ਾਰਾ ਕਰਨਾ, ਕਿਸਾਨ ਨੂੰ ਪਿਆਰ ਕਰਨਾ ਅਤੇ ਲਿਓ ਤਾਲਸਤਾਏ ਦੇ ਤਰਕਪੂਰਨ ਧਾਰਮਿਕ ਵਿਚਾਰਾਂ ਦੀ ਅਚੂਕਤਾ ਵਿੱਚ ਵਿਸ਼ਵਾਸ ਕਰਨਾ। ਤੁਹਾਨੂੰ ਲੋਕਾਂ ਤੋਂ ਖਹਿੜਾ ਛੁਡਾਉਣ ਲਈ ਉਹਨਾਂ ਨੂੰ ਕੁਝ ਨਾ ਕੁਝ ਦੇਣਾ ਪੈਂਦਾ ਹੈ, ਜਿਸ ਨਾਲ਼ ਜਾਂ ਤਾਂ ਉਹ ਸੰਤੁਸ਼ਟ ਹੋ ਜਾਣ ਜਾਂ ਫਿਰ ਉਸ ਕੰਮ ਵਿੱਚ ਰੁੱਝ ਜਾਣ। ਉਹ ਕਿਸੇ ਮਨੁੱਖ ਨੂੰ ਉਸਦੀ ਆਦਤ, ਤਸੀਹਿਆਂ ਭਰੀ ਪਰ ਕਦੇ-ਕਦੇ ਨਿੱਘੀ ਇਕੱਲਤਾ ਵਿੱਚ ਕਿਉਂ ਨਹੀਂ ਛੱਡ ਦਿੰਦੇ, ਜਿੱਥੇ ਉਹ "ਮਹਾਨ ਗੱਲਾਂ" ਦੇ ਸਵਾਲਾਂ ਦੀ ਤਲਹੀਣ ਦਲਦਲ ਵਿੱਚ ਖੁੱਭਿਆ ਰਹੇ।

ਅਵਾਕੁਮ ਅਤੇ ਸ਼ਾਇਦ ਤਿਖੋਨ ਜ਼ਾਦੇਨਸਕੀ ਨੂੰ ਛੱਡ ਕੇ ਬਾਕੀ ਸਾਰੇ ਰੂਸੀ ਧਰਮ-ਪ੍ਰਚਾਰਕ ਉਦਾਸੀਨ ਲੋਕ ਸਨ, ਕਿਉਂਕਿ ਉਹਨਾਂ ਦਾ ਕੋਈ ਸਜੀਵ ਅਤੇ ਸਰਗਰਮ ਵਿਸ਼ਵਾਸ

ਨਹੀਂ ਸੀ। ਆਪਣੇ 'ਰਸਾਤਲ' ਨਾਟਕ ਵਿੱਚ ਮੈਂ ਇਸੇ ਕਿਸਮ ਦੇ ਬੁੱਢੇ ਆਦਮੀ — ਲੂਕਾ — ਦੀ ਰਚਨਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਸਨੂੰ ਲੋਕਾਂ ਵਿੱਚ ਨਹੀਂ, ਸਗੋਂ "ਹਰ ਤਰ੍ਹਾਂ ਦੇ ਜਵਾਬਾਂ" ਵਿੱਚ ਦਿਲਚਸਪੀ ਸੀ। ਲੋਕਾਂ ਦੇ ਸਾਹਮਣੇ ਆਉਣ ਤੋਂ ਉਹ ਬਚ ਨਹੀਂ ਸਕਦਾ ਸੀ, ਤੇ ਉਹ ਲੋਕਾਂ ਨੂੰ ਸਿਰਫ਼ ਇਸੇ ਲਈ ਤਸੱਲੀਆਂ-ਦਿਲਾਸੇ ਦਿਆ ਕਰਦਾ ਸੀ ਤਾਂ ਕਿ ਉਹ ਉਸਦੇ ਰਾਹ ਦਾ ਰੋੜਾ ਨਾ ਬਣਨ। ਅਜਿਹੇ ਵਿਅਕਤੀਆਂ ਦੀ ਸਮੁੱਚੀ ਫਿਲਾਸਫੀ ਅਤੇ ਸਾਰੀਆਂ ਸਿੱਖਿਆਵਾਂ ਵੀ ਇੱਕ ਤਰ੍ਹਾਂ ਦੀ ਭੀਖ ਹੀ ਹੁੰਦੀਆਂ ਹਨ ਜਿਹੜੀ ਉਹ ਲੁਕੀ ਹੋਈ ਘ੍ਰਿਣਾ ਨਾਲ਼ ਲੋਕਾਂ ਨੂੰ ਦਿੰਦੇ ਹਨ ਅਤੇ ਇਹਨਾਂ ਸਿੱਖਿਆਵਾਂ ਦੀ ਤਹਿ ਹੇਠਾਂ ਵੀ ਇੱਕ ਤਰ੍ਹਾਂ ਦੀ ਭੀਖ ਵਰਗੇ ਅਤੇ ਤਰਸਯੋਗ ਸ਼ਬਦ ਲੁਕੇ ਹੁੰਦੇ ਹਨ:

"ਮੈਨੂੰ ਇਕੱਲਾ ਰਹਿਣ ਦਿਓ! ਰੱਬ ਨੂੰ ਤੇ ਆਪਣੇ ਗੁਆਂਢੀਆਂ ਨੂੰ ਪਿਆਰ ਕਰੋ, ਪਰ ਮੇਰਾ ਖਹਿੜਾ ਛੱਡੋ! ਰੱਬ ਨੂੰ ਲਾਹਨਤਾਂ ਪਾਓ, ਪਰਾਇਆਂ ਨੂੰ ਪਿਆਰ ਕਰੋ, ਪਰ ਮੈਨੂੰ ਛੱਡ ਦਿਓ! ਮੈਨੂੰ ਮੇਰੇ ਇਕਲਾਪੇ ਵਿੱਚ ਰਹਿਣ ਦਿਓ, ਕਿਉਂਕਿ ਮੈਂ ਬਸ ਇੱਕ ਇਨਸਾਨ ਹਾਂ... ਤੇ ਮੇਰੇ ਭਾਗਾਂ ਵਿੱਚ ਸਿਰਫ਼ ਮੌਤ ਹੀ ਲਿਖੀ ਹੈ।"

ਆਹ! ਇਹ ਹੈ ਜ਼ਿੰਦਗੀ, ਤੇ ਬਹੁਤ ਸਮੇਂ ਤੱਕ ਇਸੇ ਤਰ੍ਹਾਂ ਹੀ ਰਹੇਗੀ! ਇਸਤੋਂ ਛੁੱਟ ਇਹ ਹੋਰ ਕੁਝ ਹੋ ਹੀ ਨਹੀਂ ਸਕਦੀ ਸੀ ਅਤੇ ਕੁਝ ਹੋਰ ਹੋਣਾ ਇਸ ਵਾਸਤੇ ਮੁਮਕਿਨ ਵੀ ਨਹੀਂ ਹੈ, ਕਿਉਂਕਿ ਲੋਕ ਸਤੇ ਹੋਏ ਹਨ, ਕੁੱਟੇ ਹੋਏ ਹਨ, ਬੁਰੀ ਤਰ੍ਹਾਂ ਖਿੰਡੇ-ਪੁੰਡੇ ਪਏ ਹਨ, ਸਾਰੇ ਹੀ ਇਕਲਾਪੇ ਦੇ ਅਜਿਹੇ ਸ਼ਿਕੰਜੇ ਵਿੱਚ ਫਸੇ ਹੋਏ ਹਨ ਜਿਹੜਾ ਆਤਮਾ ਦਾ ਸਾਰਾ ਰਸ ਨਿਚੋੜ ਲੈਂਦਾ ਹੈ। ਮੈਨੂੰ ਜ਼ਰਾ ਵੀ ਹੈਰਾਨੀ ਨਾ ਹੁੰਦੀ ਜੇਕਰ ਤਾਲਸਤਾਏ ਚਰਚ ਨਾਲ਼ ਰਾਜ਼ੀਨਾਮਾ ਵੀ ਕਰ ਲੈਂਦੇ। ਇਸ ਵਿੱਚ ਵੀ ਆਪਣਾ ਹੀ ਇੱਕ ਤਰਕ ਹੋਣਾ ਸੀ — ਸਾਰੇ ਲੋਕ ਇੱਕੋ ਜਿੰਨੇ ਹੀ ਤੁੱਛ ਪ੍ਰਾਣੀ ਹਨ, ਬਿਸ਼ਪ ਵੀ। ਅਸਲ ਵਿੱਚ ਇਹ ਰਾਜ਼ੀਨਾਮਾ ਨਹੀਂ ਹੋਣਾ ਸੀ, ਉਹਨਾਂ ਲਈ ਤਾਂ ਇਹ ਬਸ ਇੱਕ ਤਰਕਸੰਗਤ ਕਦਮ ਹੋਣਾ ਸੀ: "ਜਿਹੜੇ ਮੈਨੂੰ ਨਫ਼ਰਤ ਕਰਦੇ ਹਨ, ਮੈਂ ਉਹਨਾਂ ਨੂੰ ਮਾਫ਼ ਕਰਦਾ ਹਾਂ"। ਇਹ ਇੱਕ ਇਸਾਈ ਕਰਮ ਹੁੰਦਾ, ਅਤੇ ਇਸਦੀ ਤਹਿ ਅੰਦਰ ਇੱਕ ਹਲਕਾ ਅਤੇ ਤਿੱਖਾ ਵਿਅੰਗ ਲੁਕਿਆ ਰਹਿੰਦਾ, ਜਿਸਨੂੰ ਕਿਸੇ ਸਿਆਣੇ ਬੰਦੇ ਦੁਆਰਾ ਮੂਰਖਾਂ ਤੋਂ ਲਏ ਗਏ ਬਦਲੇ ਵਜੋਂ ਸਮਝਿਆ ਜਾ ਸਕਦਾ ਹੈ।

ਪਰ ਮੈਂ ਉਸ ਤਰ੍ਹਾਂ ਨਹੀਂ ਲਿਖ ਰਿਹਾ ਜਿਵੇਂ ਕਿ ਲਿਖਣਾ ਚਾਹੁੰਦਾ ਸੀ, ਤੇ ਨਾ ਹੀ ਉਹਨਾਂ ਗੱਲਾਂ ਬਾਰੇ ਲਿਖ ਰਿਹਾ ਹਾਂ। ਮੇਰੀ ਰੂਹ ਅੰਦਰ ਇੱਕ ਕੁੱਤਾ ਰੋ ਰਿਹਾ ਹੈ ਅਤੇ ਮੈਂ ਆਪਣੇ ਸਾਹਮਣੇ ਕਿਸੇ ਮੁਸੀਬਤ ਦੇ ਆਸਾਰ ਦੇਖ ਰਿਹਾ ਹਾਂ। ਅਖਬਾਰ ਆ ਚੁੱਕੇ ਹਨ ਅਤੇ ਮੈਂ ਦੇਖ ਸਕਦਾ ਹਾਂ ਕਿ ਇਹ ਕਿਹੋ ਜਿਹੀ ਹੋਵੇਗੀ। ਸਾਡੇ ਦੇਸ਼ ਵਿੱਚ ਇੱਕ ਮਿੱਥ ਘੜਨ ਦੀ ਤਿਆਰੀ ਹੋ ਰਹੀ ਹੈ — "ਇੱਕ ਵਾਰ ਦੀ ਗੱਲ ਹੈ ਕਿ ਕਿਸੇ ਥਾਂ ਨਿਕੰਮੇ ਤੇ ਜਾਹਿਲ ਲੋਕ ਰਹਿੰਦੇ ਸਨ ਅਤੇ ਉਹਨਾਂ ਵਿੱਚੋਂ ਇੱਕ ਸੰਤ ਪੈਦਾ ਹੋਇਆ।" ਜ਼ਰਾ ਸੋਚੋ ਤਾਂ ਸਹੀ ਕਿ ਇਸ ਸਮੇਂ ਇਹ ਗੱਲ ਸਾਡੇ ਦੇਸ਼ ਲਈ ਕਿੰਨੀ ਨੁਕਸਾਨਦੇਹ ਹੈ, ਜਦੋਂ ਨਿਰਾਸ਼ਾ ਨਾਲ਼ ਲੋਕਾਂ ਦੇ ਸਿਰ ਝੁਕੇ ਹੋਏ ਹਨ, ਬਹੁਤਿਆਂ ਦੀਆਂ ਆਤਮਾਵਾਂ ਜ਼ਖਮੀ ਹਨ, ਅਤੇ ਪਤਵੰਤੇ ਲੋਕਾਂ ਦੀਆਂ ਆਤਮਾਵਾਂ ਦੁੱਖ ਨਾਲ਼ ਭਰੀਆਂ ਹੋਈਆਂ ਹਨ। ਇਹਨਾਂ ਸਾਰੇ ਭੁੱਖੇ ਲੋਕਾਂ ਨੂੰ ਕੋਈ ਮਨਘੜ੍ਹਤ ਕਿੱਸਾ,

ਕੋਈ ਮਿੱਥ ਚਾਹੀਦੀ ਹੈ। ਲੋਕ ਆਪਣੇ ਦੁੱਖ ਨੂੰ ਸ਼ਾਂਤ ਕਰਨ ਅਤੇ ਇਹਨਾਂ ਤਸੀਹਿਆਂ ਤੋਂ ਮੁਕਤੀ ਪਾਉਣ ਲਈ ਤਾਂਘ ਰਹੇ ਹਨ। ਅਤੇ ਉਹ ਉਸ ਮਿੱਥ ਦੀ ਰਚਨਾ ਕਰਨਗੇ ਜਿਹੜੀ ਤਾਲਸਤਾਏ ਚਾਹੁੰਦੇ ਸਨ, ਪਰ ਜਿਸਦੀ ਲੋੜ ਨਹੀਂ ਹੈ—ਇੱਕ ਮਹਾਤਮਾ ਅਤੇ ਸੰਤ ਦਾ ਜੀਵਨ—ਜਦਕਿ ਉਹ ਇਸ ਲਈ ਮਹਾਨ ਅਤੇ ਪਵਿੱਤਰ ਹਨ ਕਿਉਂਕਿ ਉਹ ਇਨਸਾਨ ਹਨ, ਪਾਗਲਪਣ ਅਤੇ ਤਸੀਹੇ ਦੀ ਹੱਦ ਤੱਕ ਖ਼ੂਬਸੂਰਤੀ ਦਾ ਮਾਲਿਕ ਇਨਸਾਨ, ਸਹੀ ਅਰਥਾਂ ਵਿੱਚ ਇਨਸਾਨ। ਜਾਪਦਾ ਹੈ ਕਿ ਮੈਂ ਇੱਥੇ ਸਵੈ-ਵਿਰੋਧੀ ਗੱਲ ਕਰ ਰਿਹਾ ਹਾਂ, ਖ਼ੈਰ ਇਸ ਨਾਲ਼ ਕੀ ਫ਼ਰਕ ਪੈਂਦਾ ਹੈ। ਉਹ ਇੱਕ ਅਜਿਹਾ ਇਨਸਾਨ ਸੀ ਜਿਹੜਾ ਆਪਣੇ ਲਈ ਨਹੀਂ ਸਗੋਂ ਲੋਕਾਂ ਲਈ ਰੱਬ ਦੀ ਖੋਜ ਕਰ ਰਿਹਾ ਸੀ ਤਾਂ ਕਿ ਉਹ ਖ਼ੁਦ ਆਪਣੇ ਦੁਆਰਾ ਚੁਣੇ ਗਏ ਮਾਰੂਥਲ ਵਿੱਚ ਚੈਨ ਨਾਲ਼ ਰਹਿ ਸਕੇ। ਉਹਨਾਂ ਨੇ ਸਾਨੂੰ ਇੱਕ ਨਵੀਂ ਬਾਈਬਲ ਦਿੱਤੀ ਹੈ, ਅਤੇ ਤਾਂ ਕਿ ਅਸੀਂ ਈਸਾ ਦੇ ਮਤਭੇਦਾਂ ਨੂੰ ਭੁੱਲ ਜਾਈਏ, ਉਹਨਾਂ ਨੇ ਈਸਾ ਮਸੀਹ ਦੇ ਬਿੰਬ ਨੂੰ ਸਿੱਧਾ-ਸਰਲ ਬਣਾ ਦਿੱਤਾ ਹੈ, ਉਹਨਾਂ ਦੇ ਜੁਝਾਰੂ ਤੱਤਾਂ ਨੂੰ ਨਰਮ ਬਣਾ ਦਿੱਤਾ ਹੈ ਅਤੇ ਇਸ ਦੀ ਥਾਂ 'ਤੇ "ਮੈਨੂੰ ਧਰਤੀ 'ਤੇ ਭੇਜਣ ਵਾਲ਼ੇ ਅੱਗੇ ਨਤਮਸਤਕ ਹੋਣ" ਦਾ ਸਿਧਾਂਤ ਪੇਸ਼ ਕਰ ਦਿੱਤਾ ਹੈ। ਕਹਿਣ ਦੀ ਲੋੜ ਨਹੀਂ ਕਿ ਤਾਲਸਤਾਏ ਦੀ ਬਾਈਬਲ ਨੂੰ ਸਵੀਕਾਰ ਕਰਨਾ ਵਧੇਰੇ ਆਸਾਨ ਹੈ, ਕਿਉਂਕਿ ਇਹ ਰੂਸੀ ਲੋਕਾਂ ਦੀ "ਬਿਮਾਰੀ" ਲਈ ਜ਼ਿਆਦਾ ਢੁੱਕਵੀਂ ਹੈ। ਲੋਕਾਂ ਨੂੰ ਕੁਝ ਦੇਣਾ ਪੈਣਾ ਸੀ ਕਿਉਂਕਿ ਉਹ ਸ਼ਿਕਾਇਤ ਕਰਦੇ ਹਨ, ਉਹਨਾਂ ਦੇ ਹੌਕੇ ਧਰਤੀ ਨੂੰ ਕੰਬਾ ਰਹੇ ਹਨ ਅਤੇ ਮਨੁੱਖਤਾ ਦਾ ਧਿਆਨ "ਮਹਾਨ ਗੱਲਾਂ" ਵੱਲੋਂ ਹਟਾਉਂਦੇ ਹਨ। ਅਤੇ 'ਯੁੱਧ ਅਤੇ ਸ਼ਾਂਤੀ' ਤੇ ਅਜਿਹੀਆਂ ਹੀ ਹੋਰ ਦੂਜੀਆਂ ਚੀਜ਼ਾਂ ਸੋਗੀ ਰੂਸੀ ਧਰਤੀ ਦੇ ਦੁੱਖ ਅਤੇ ਨਿਰਾਸ਼ਾ ਘੱਟ ਕਰਨ ਵਿੱਚ ਅਸਮਰਥ ਹਨ।

'ਯੁੱਧ ਅਤੇ ਸ਼ਾਂਤੀ' ਬਾਰੇ ਉਹਨਾਂ ਨੇ ਇੱਕ ਵਾਰ ਕਿਹਾ ਸੀ: "ਝੂਠੀ ਨਿਮਰਤਾ ਨੂੰ ਇੱਕ ਪਾਸੇ ਰੱਖਦੇ ਹੋਏ ਮੈਂ ਇਹ ਕਹਿ ਸਕਦਾ ਹਾਂ ਕਿ ਇਹ ਦੂਜਾ 'ਇਲਿਆਦ' ਹੈ।" ਮ. ਇ. ਚਾਈਕੋਵਸਕੀ ਨੇ 'ਬਚਪਨ' ਅਤੇ 'ਅੱਲੜ੍ਹ ਉਮਰ' ਬਾਰੇ ਉਹਨਾਂ ਦੇ ਹੀ ਮੂੰਹੋਂ ਇਸ ਤਰ੍ਹਾਂ ਦਾ ਉੱਚ ਮੁਲਾਂਕਣ ਸੁਣਿਆ ਸੀ।

ਹੁਣੇ-ਹੁਣੇ ਨੇਪਲਜ਼ ਤੋਂ ਕੁਝ ਪੱਤਰਕਾਰ ਪਹੁੰਚੇ ਹਨ—ਇੱਕ ਤਾਂ ਰੋਮ ਤੋਂ ਹੈ। ਉਹ ਮੈਥੋਂ ਪੁੱਛ ਰਹੇ ਸਨ ਕਿ ਤਾਲਸਤਾਏ ਦੀ 'ਉਡਾਣ' ਬਾਰੇ ਮੇਰਾ ਕੀ ਸੋਚਣਾ ਹੈ, ਉਹ ਇਸਨੂੰ 'ਉਡਾਣ' ਹੀ ਦੱਸਦੇ ਸਨ। ਮੈਂ ਉਹਨਾਂ ਨਾਲ਼ ਗੱਲਬਾਤ ਕਰਨ ਤੋਂ ਇਨਕਾਰ ਕਰ ਦਿੱਤਾ। ਤੁਸੀਂ ਸਮਝ ਹੀ ਸਕਦੇ ਹੋ ਕਿ ਇਸ ਸਮੇਂ ਮੇਰੀ ਆਤਮਾ ਵਿੱਚ ਭਿਆਨਕ ਉੱਥਲ-ਪੁੱਥਲ ਮੱਚੀ ਹੋਈ ਹੈ। ਮੈਂ ਤਾਲਸਤਾਏ ਨੂੰ ਸੰਤ-ਮਹਾਤਮਾ ਦੇ ਰੂਪ ਵਿੱਚ ਨਹੀਂ ਦੇਖਣਾ ਚਾਹੁੰਦਾ। ਉਹਨਾਂ ਨੂੰ ਇੱਕ ਪਾਪੀ ਹੀ ਰਹਿਣ ਦਿੱਤਾ ਜਾਵੇ, ਪਾਪਾਂ ਨਾਲ਼ ਭਰੇ ਇਸ ਸੰਸਾਰ ਦੇ ਦਿਲ ਦੇ ਨਜ਼ਦੀਕ, ਹਮੇਸ਼ਾ ਲਈ ਆਪਣੇ ਸਾਰਿਆਂ ਦੇ ਦਿਲਾਂ ਦੇ ਆਸਪਾਸ ਹੀ ਰਹਿਣ ਦਿੱਤਾ ਜਾਵੇ। ਪੁਸ਼ਕਿਨ ਅਤੇ ਤਾਲਸਤਾਏ—ਸਾਡੇ ਲਈ ਇਹਨਾਂ ਤੋਂ ਵਧ ਮਹਾਨ ਅਤੇ ਪਿਆਰਾ ਹੋਰ ਕੋਈ ਨਹੀਂ ਹੈ...

ਲਿਓ ਤਾਲਸਤਾਏ ਨਹੀਂ ਰਹੇ।

ਤਾਰ ਆ ਗਈ ਹੈ ਅਤੇ ਉਸ ਵਿੱਚ ਸਧਾਰਣ ਸ਼ਬਦਾਂ ਨਾਲ਼ ਲਿਖਿਆ ਹੋਇਆ ਹੈ—ਨਹੀਂ ਰਹੇ।

ਦਿਲ ਨੂੰ ਬੜੀ ਠੇਸ ਲੱਗੀ, ਮੈਂ ਦੁੱਖ ਅਤੇ ਤਕਲੀਫ ਨਾਲ਼ ਰੋ ਪਿਆ, ਅਤੇ ਹੁਣ ਨੀਮ-ਪਾਗਲਪਣ ਦੀ ਹਾਲਤ ਵਿੱਚ ਉਹਨਾਂ ਨੂੰ ਜਿਵੇਂ ਜਾਣਦਾ ਸਾਂ, ਜਿਵੇਂ ਦੇਖਿਆ ਸੀ ਉਸੇ ਰੂਪ ਵਿੱਚ ਦੇਖ ਰਿਹਾ ਹਾਂ। ਉਹਨਾਂ ਬਾਰੇ ਗੱਲਾਂ ਕਰਨ ਦੀ ਬੜੀ ਜ਼ਬਰਦਸਤ ਇੱਛਾ ਮਹਿਸੂਸ ਕਰ ਰਿਹਾ ਹਾਂ। ਮੈਂ ਉਹਨਾਂ ਨੂੰ ਤਾਬੂਤ ਵਿੱਚ ਦੇਖ ਰਿਹਾ ਹਾਂ, ਨਦੀ ਦੇ ਤਲ 'ਤੇ ਪਏ ਕਿਸੇ ਕੂਲ਼ੇ ਪੱਥਰ ਵਾਂਗ ਉਹ ਲੇਟੇ ਹੋਏ ਹਨ ਅਤੇ ਬਿਨਾਂ ਸ਼ੱਕ ਸਭ ਨੂੰ ਧੋਖਾ ਦੇਣ ਵਾਲ਼ੀ ਉਹਨਾਂ ਦੀ ਮੁਸਕਾਨ ਚਿੱਟੀ ਦਾਹੜੀ ਵਿੱਚ ਚੁੱਪਚਾਪ ਲੁਕੀ ਹੋਈ ਹੈ। ਆਖਿਰਕਾਰ ਉਹਨਾਂ ਦੇ ਹੱਥਾਂ ਨੂੰ ਵੀ ਚੈਨ ਨਾਲ਼ ਟਿਕਾ ਦਿੱਤਾ ਗਿਆ ਹੈ—ਉਹ ਆਪਣਾ ਔਖਾ ਕੰਮ ਨਬੇੜ ਚੁੱਕੇ ਹਨ।

ਮੈਨੂੰ ਉਹਨਾਂ ਦੀ ਤਿੱਖੀ ਨਜ਼ਰ ਯਾਦ ਆ ਰਹੀ ਹੈ—ਉਹ ਹਰ ਚੀਜ਼ ਦੇ ਆਰ-ਪਾਰ ਦੇਖ ਲੈਂਦੀ ਸੀ— ਅਤੇ ਉਹਨਾਂ ਦੀਆਂ ਉਂਗਲ਼ਾਂ, ਜਿਹੜੀਆਂ ਹਮੇਸ਼ਾ ਹੀ ਹਵਾ ਵਿੱਚ ਕੁਝ ਨਾ ਕੁਝ ਉਣਦੀਆਂ ਰਹਿੰਦੀਆਂ ਸਨ, ਉਹਨਾਂ ਦੀਆਂ ਗੱਲਾਂ, ਉਹਨਾਂ ਦੇ ਮਜ਼ਾਕ, ਉਹਨਾਂ ਦੇ ਪਿਆਰੇ ਕਿਸਾਨੀ ਸ਼ਬਦ, ਅਤੇ ਉਹਨਾਂ ਦੀ ਅਦਭੁੱਤ ਅਸਪਸ਼ਟ ਜਿਹੀ ਆਵਾਜ਼। ਅਤੇ ਮੈਂ ਦੇਖ ਰਿਹਾ ਹਾਂ ਕਿ ਕਿੰਨਾ ਜੀਵਨ ਇਸ ਆਦਮੀ ਨੇ ਆਪਣੀ ਗੱਲਵਕੜੀ ਵਿੱਚ ਭਰਿਆ ਹੋਇਆ ਸੀ, ਉਹ ਪਰਾ-ਮਨੁੱਖੀ ਰੂਪ ਵਿੱਚ ਬੁੱਧੀਮਾਨ ਸਨ—ਰਹੱਸਮਈ ਵੀ।

ਇੱਕ ਵਾਰ ਮੈਂ ਉਹਨਾਂ ਨੂੰ ਇੱਕ ਅਜਿਹੇ ਰੂਪ ਵਿੱਚ ਦੇਖਿਆ ਜਿਹੜਾ ਸ਼ਾਇਦ ਹੋਰ ਕਿਸੇ ਨੇ ਨਹੀਂ ਦੇਖਿਆ ਹੋਵੇਗਾ। ਮੈਂ ਸਮੁੰਦਰੀ ਤਟ ਦੇ ਨਾਲ਼-ਨਾਲ਼ ਗ੍ਰਾਸਪਾ ਜਾ ਰਿਹਾ ਸੀ ਕਿ ਯੂਸੂਪੋਵ ਅਸਟੇਟ ਕੋਲ਼ ਚੱਟਾਨਾਂ ਵਿਚਕਾਰ ਮੈਨੂੰ ਉਹਨਾਂ ਦਾ ਛੋਟਾ ਤੇ ਅਟਪਟਾ ਜਿਹਾ ਆਕਾਰ ਵਿਖਾਈ ਦਿੱਤਾ। ਉਹ ਵੱਟੋ-ਵੱਟ ਹੋਇਆ ਚਿੱਟਾ ਸੂਟ ਅਤੇ ਖਸਤਾਹਾਲ ਟੋਪ ਪਹਿਨ ਕੇ ਬੈਠੇ ਸਨ। ਠੋਡੀ ਉਹਨਾਂ ਨੇ ਹੱਥਾਂ 'ਤੇ ਟਿਕਾਈ ਹੋਈ ਸੀ, ਦਾਹੜੀ ਦੇ ਚਿੱਟੇ ਵਾਲ਼ ਉਂਗਲ਼ੀਆਂ ਵਿੱਚੋਂ ਬਾਹਰ ਨਿਕਲ਼ ਕੇ ਲਹਿਰਾ ਰਹੇ ਸਨ, ਉਹ ਦੂਰ ਸਾਗਰ ਵੱਲ ਦੇਖ ਰਹੇ ਸਨ ਤੇ ਛੋਟੀਆਂ ਛੋਟੀਆਂ ਹਰੀਆਂ ਲਹਿਰਾਂ ਚੁੱਪਚਾਪ ਅਤੇ ਸਨੇਹਪੂਰਨ ਉਹਨਾਂ ਦੇ ਪੈਰਾਂ ਕੋਲ਼ ਆ ਰਹੀਆਂ ਸਨ ਜਿਵੇਂ ਇਸ ਬੁੱਢੇ ਜਾਦੂਗਰ ਨੂੰ ਆਪਣੀ ਕਹਾਣੀ ਸੁਣਾ ਰਹੀਆਂ ਹੋਣ। ਧੁੱਪ-ਛਾਂ ਦਾ ਦਿਨ ਸੀ, ਚੱਟਾਨਾਂ 'ਤੇ ਬੱਦਲਾਂ ਦੇ ਪਰਛਾਵੇਂ ਰੀਂਘ ਰਹੇ ਸਨ ਅਤੇ ਪੱਥਰਾਂ ਦੇ ਨਾਲ਼ ਨਾਲ਼ ਬਜ਼ੁਰਗ ਕਦੇ ਤਾਂ ਚਮਕਣ ਲੱਗ ਪੈਂਦੇ ਸਨ ਤੇ ਕਦੇ ਛਾਂ ਦੀ ਲਪੇਟ ਵਿੱਚ ਆ ਜਾਂਦੇ ਸਨ। ਡੂੰਘੀਆਂ ਤਰੇੜਾਂ ਵਾਲ਼ੀਆਂ ਵੱਡੀਆਂ ਵੱਡੀਆਂ ਚੱਟਾਨਾਂ ਤਿੱਖੀ ਗੰਧ ਵਾਲ਼ੇ ਜਲ-ਪੌਦਿਆਂ ਨਾਲ਼ ਢਕੀਆਂ ਹੋਈਆਂ ਸਨ—ਇੱਕ ਦਿਨ ਪਹਿਲਾਂ ਇੱਥੇ ਬੜੀਆਂ ਉੱਚੀਆਂ ਲਹਿਰਾਂ ਉੱਠੀਆਂ ਸਨ। ਅਤੇ ਉਹ ਮੈਨੂੰ ਸਜੀਵ ਹੋ ਉੱਠੀ ਕਿਸੇ ਪ੍ਰਾਚੀਨ ਚੱਟਾਨ ਵਰਗੇ ਜਾਪ ਰਹੇ ਸਨ ਜਿਸਨੂੰ ਹਰ ਚੀਜ਼ ਦੀ ਸ਼ੁਰੂਆਤ ਅਤੇ ਮਕਸਦ ਬਾਰੇ ਗਿਆਨ ਹੈ, ਅਤੇ ਉਹ ਸੋਚ ਰਹੀ ਹੈ ਕਿ ਧਰਤੀ ਦੇ ਪੱਥਰਾਂ ਤੇ ਘਾਹ, ਸਮੁੰਦਰ ਦੇ ਪਾਣੀ, ਮਨੁੱਖ ਅਤੇ ਸਮੁੱਚੇ ਸੰਸਾਰ, ਚੱਟਾਨਾਂ ਤੋਂ ਲੈ ਕੇ ਸੂਰਜ ਤੱਕ ਦਾ ਕਦੋਂ ਅਤੇ ਕੀ ਅੰਤ ਹੋਵੇਗਾ। ਸਮੁੰਦਰ ਵੀ ਉਹਨਾਂ ਦੀ

ਆਤਮਾ ਦੇ ਇੱਕ ਅੰਸ਼ ਵਰਗਾ ਹੀ ਹੈ ਅਤੇ ਆਲ਼ੇ-ਦੁਆਲ਼ੇ ਦੀ ਹਰ ਚੀਜ਼ ਉਹਨਾਂ ਤੋਂ ਹੀ ਪੈਦਾ ਹੋਈ ਹੈ ਤੇ ਉਹਨਾਂ ਦਾ ਹੀ ਇੱਕ ਅੰਗ ਹੈ। ਚਿੰਤਨ ਦੀ ਮੁਦਰਾ ਵਿੱਚ ਸਥਿਰ ਬੈਠੇ ਬਜ਼ੁਰਗ ਚੱਟਾਨ ਦੇ ਹੇਠਾਂ ਫੈਲੇ ਹਨੇਰੇ ਵਿੱਚ ਪੈਗੰਬਰ ਤੇ ਜਾਦੂਗਰ ਜਿਹੇ ਲੱਗ ਰਹੇ ਹਨ, ਕਿਸੇ ਚੀਜ਼ ਦੀ ਖੋਜ ਵਿੱਚ ਨੀਲੇ ਖਲਾਅ ਵਿੱਚ ਇੰਝ ਗੁਆਚ ਗਏ ਸਨ ਜਿਵੇਂ ਕਿ ਉਹਨਾਂ ਦੀ ਹੀ ਕੇਂਦਰਿਤ ਹੋਈ ਇੱਛਾ-ਸ਼ਕਤੀ ਲਹਿਰਾਂ ਨੂੰ ਕੋਲ਼ ਬੁਲਾ ਅਤੇ ਦੂਰ ਭਜਾ ਰਹੀ ਹੋਵੇ, ਬੱਦਲਾਂ ਅਤੇ ਪਰਛਾਵਿਆਂ ਦੀਆਂ ਹਰਕਤਾਂ ਨੂੰ ਸੰਚਾਲਿਤ ਕਰਦੀ ਹੋਵੇ ਜਿਹੜੇ ਜਾਪਦਾ ਸੀ ਕਿ ਚੱਟਾਨਾਂ ਨੂੰ ਹਿਲਾ ਰਹੇ ਹਨ, ਉਹਨਾਂ ਨੂੰ ਜਗਾ ਰਹੇ ਹਨ। ਅਤੇ ਅਚਾਨਕ, ਪਾਗਲਪਣ ਦੇ ਇੱਕ ਪਲ ਦੌਰਾਨ, ਮੈਂ ਮਹਿਸੂਸ ਕੀਤਾ ਕਿ ਹੁਣ ਉਹ ਖੜੇ ਹੋ ਜਾਣਗੇ, ਹੱਥ ਹਿਲਾਉਣਗੇ ਅਤੇ ਸਮੁੰਦਰ ਗਤੀਹੀਣ ਹੋ ਜਾਵੇਗਾ, ਸ਼ੀਸ਼ੇ ਵਰਗਾ ਬਣ ਜਾਵੇਗਾ, ਚੱਟਾਨਾਂ ਹਿੱਲਣਾ-ਜੁੱਲਣਾ ਸ਼ੁਰੂ ਕਰ ਦੇਣਗੀਆਂ, ਰੋਣਾ ਸ਼ੁਰੂ ਕਰ ਦੇਣਗੀਆਂ, ਆਲ਼ੇ-ਦੁਆਲ਼ੇ ਦੀ ਹਰ ਚੀਜ਼ ਸਜੀਵ ਹੋ ਉੱਠੇਗੀ, ਰੌਲ਼ਾ ਪਾਉਣ ਲੱਗੇਗੀ, ਵੱਖ-ਵੱਖ ਆਵਾਜ਼ਾਂ ਵਿੱਚ, ਆਪਣੇ ਬਾਰੇ, ਉਹਨਾਂ ਬਾਰੇ, ਉਹਨਾਂ ਵਿਰੁੱਧ ਬੋਲਣ ਲੱਗ ਪਵੇਗੀ। ਉਸ ਸਮੇਂ ਮੈਂ ਕੀ ਮਹਿਸੂਸ ਕੀਤਾ ਸੀ ਉਹ ਬਿਆਨ ਕਰਨਾ ਅਸੰਭਵ ਹੈ। ਮੇਰੀ ਆਤਮਾ ਵਿੱਚ ਪਰਮ-ਆਨੰਦ ਅਤੇ ਭੈਅ ਜਾਗ ਉੱਠਿਆ ਸੀ ਅਤੇ ਫਿਰ ਸਭ ਕੁੱਝ ਇੱਕ ਸੁਖਦ ਵਿਚਾਰ ਵਿੱਚ ਘੁਲ਼-ਮਿਲ਼ ਗਿਆ:

"ਜਦੋਂ ਤੱਕ ਇਹ ਵਿਅਕਤੀ ਇਸ ਧਰਤੀ 'ਤੇ ਬਿਰਾਜਮਾਨ ਹੈ, ਮੈਂ ਯਤੀਮ ਨਹੀਂ ਹਾਂ!"

ਫਿਰ ਬਹੁਤ ਧਿਆਨ ਨਾਲ਼, ਤਾਂ ਕਿ ਮੇਰੇ ਪੈਰਾਂ ਹੇਠਲੇ ਰੋੜਿਆਂ ਦੀ ਆਵਾਜ਼ ਨਾ ਹੋਵੇ ਅਤੇ ਉਹਨਾਂ ਦੇ ਚਿੰਤਨ ਵਿੱਚ ਕੋਈ ਰੁਕਾਵਟ ਨਾ ਪਵੇ, ਮੈਂ ਪਿਛਾਂਹ ਪਰਤ ਗਿਆ। ਅਤੇ ਹੁਣ ਮੈਂ ਆਪਣੇ ਆਪ ਨੂੰ ਯਤੀਮ ਮਹਿਸੂਸ ਕਰ ਰਿਹਾ ਹਾਂ, ਲਿਖ ਰਿਹਾ ਹਾਂ ਅਤੇ ਰੋ ਰਿਹਾ ਹਾਂ—ਜ਼ਿੰਦਗੀ 'ਚ ਕਦੇ ਵੀ ਮੈਂ ਐਨੀ ਨਿਰਾਸ਼ਾ ਨਾਲ਼, ਐਨਾ ਦੁਖੀ ਹੋ ਕੇ ਤੇ ਐਨੀ ਕੜਵਾਹਟ ਨਾਲ਼ ਨਹੀਂ ਰੋਇਆ ਸਾਂ। ਮੈਨੂੰ ਤਾਂ ਇਹ ਵੀ ਨਹੀਂ ਪਤਾ ਕਿ ਮੈਂ ਉਹਨਾਂ ਨੂੰ ਪਿਆਰ ਕਰਦਾ ਹਾਂ ਜਾਂ ਨਹੀਂ—ਪਰ ਇਸ ਗੱਲ ਨਾਲ਼ ਫ਼ਰਕ ਵੀ ਕੀ ਪੈਂਦਾ ਹੈ ਕਿ ਮੈਂ ਉਹਨਾਂ ਨੂੰ ਪਿਆਰ ਕਰਦਾ ਹਾਂ ਜਾਂ ਨਫ਼ਰਤ? ਉਹ ਹਮੇਸ਼ਾ ਹੀ ਮੇਰੀ ਆਤਮਾ ਵਿੱਚ ਵਿਰਾਟ ਤੇ ਡੂੰਘੀਆਂ ਭਾਵਨਾਵਾਂ ਤੇ ਉੱਥਲ-ਪੁੱਥਲ ਪੈਦਾ ਕਰ ਦਿੰਦੇ ਹਨ। ਇੱਥੋਂ ਤੱਕ ਕਿ ਉਹਨਾਂ ਦੁਆਰਾ ਪੈਦਾ ਕੀਤੀਆਂ ਅਸਹਿਮਤੀ ਵਾਲ਼ੀਆਂ ਤੇ ਦੁਸ਼ਮਣਾਨਾ ਭਾਵਨਾਵਾਂ ਵੀ ਅਜਿਹੇ ਰੂਪ ਧਾਰ ਲੈਂਦੀਆਂ ਸਨ ਕਿ ਆਤਮਾ ਲਈ ਬੋਝ ਨਹੀਂ ਬਣਦੀਆਂ, ਸਗੋਂ ਆਤਮਾ ਵਿੱਚ ਵਿਸਫੋਟ ਕਰਕੇ ਉਸਨੂੰ ਵਧੇਰੇ ਸੰਵੇਦਨਸ਼ੀਲ ਬਣਾਉਂਦੀਆਂ ਅਤੇ ਵਧੇਰੇ ਗ੍ਰਹਿਣ ਕਰਨ ਦੀ ਸਮਰੱਥਾ ਬਖ਼ਸ਼ਦੀਆਂ ਸਨ। ਉਸ ਸਮੇਂ ਤਾਂ ਉਹ ਕੁਝ ਖਾਸ ਹੀ ਪਿਆਰੇ ਲੱਗਦੇ ਜਦੋਂ ਪੈਰਾਂ ਦੀਆਂ ਤਲ਼ੀਆਂ ਨੂੰ ਇਸ ਤਰ੍ਹਾਂ ਘਸੀਟਦੇ ਹੋਏ ਜਿਵੇਂ ਉੱਭੜ-ਖਾਭੜ ਰਾਹਾਂ ਨੂੰ ਜਬਰਦਸਤੀ ਸਮਤਲ ਕਰ ਰਹੇ ਹੋਣ, ਕਿਸੇ ਦਰਵਾਜ਼ੇ ਜਾਂ ਕਿਸੇ ਕੋਨੇ ਪਿੱਛਿਓਂ ਅਜਿਹੇ ਵਿਅਕਤੀ ਵਾਂਗ ਜਿਹੜਾ ਇਸ ਧਰਤੀ 'ਤੇ ਤੁਰਨ-ਫਿਰਨ ਦਾ ਪੂਰੀ ਤਰ੍ਹਾਂ ਆਦੀ ਹੋਵੇ, ਛੋਟੇ-ਛੋਟੇ, ਹਲਕੇ-ਹਲਕੇ ਕਦਮਾਂ ਨਾਲ਼ ਅਤੇ ਤੇਜ਼ੀ ਨਾਲ਼ ਪੈਰ ਪੁੱਟਦਿਆਂ ਸਾਹਮਣੇ ਆਉਂਦੇ, ਬੈਲਟ ਵਿੱਚ ਆਪਣੀਆਂ ਉਂਗਲ਼ਾਂ ਖਭੋ ਦਿੰਦੇ, ਇੱਕ ਪਲ ਲਈ ਰੁਕਦੇ, ਟੇਢੀ ਨਜ਼ਰ ਨਾਲ਼ ਦੇਖਦੇ ਜਿਹੜੀ ਫੌਰਨ ਹਰ ਨਵੀਂ ਚੀਜ਼ ਨੂੰ

ਤਾੜ ਲੈਂਦੀ ਅਤੇ ਫੌਰਨ ਹਰ ਚੀਜ਼ ਦਾ ਅਰਥ ਸਮਝ ਜਾਂਦੀ ਸੀ।

"ਕੀ ਹਾਲ ਹੈ?"

ਉਹਨਾਂ ਦੇ ਇਹਨਾਂ ਸ਼ਬਦਾਂ ਦੇ ਮੈਂ ਹਮੇਸ਼ਾ ਇਹ ਅਰਥ ਕੱਢਦਾ ਸੀ: "ਕੀ ਹਾਲ ਹੈ!— ਮੈਨੂੰ ਪਤਾ ਹੈ ਕਿ ਇਸ ਵਿੱਚ ਮੈਨੂੰ ਕੋਈ ਖੁਸ਼ੀ ਨਹੀਂ ਮਿਲ਼ ਰਹੀ ਤੇ ਨਾ ਹੀ ਤੁਹਾਡੇ ਲਈ ਕੋਈ ਖਾਸ ਗੱਲ ਹੈ। ਪਰ ਫਿਰ ਵੀ: ਕੀ ਹਾਲ ਹੈ!"

ਉਹ—ਛੋਟਾ ਜਿਹਾ ਆਦਮੀ—ਅੰਦਰ ਆਉਂਦਾ ਤੇ ਇੱਕਦਮ ਸਾਰੇ ਹੀ ਉਸਤੋਂ ਛੋਟੇ ਹੋ ਜਾਂਦੇ। ਕਿਸਾਨਾਂ ਵਰਗੀ ਦਾਹੜੀ, ਖੁਰਦਰੇ ਪਰ ਅਸਾਧਾਰਣ ਹੱਥ, ਮਾਮੂਲੀ ਜਿਹੇ ਕੱਪੜੇ। ਉਹਨਾਂ ਦੀ ਇਹ ਬਾਹਰੀ ਨਿੱਘੀ ਜਿਹੀ ਜਮਹੂਰੀ ਦਿੱਖ ਕਈ ਲੋਕਾਂ ਨੂੰ ਧੋਖਾ ਦੇ ਦਿੰਦੀ, ਅਤੇ ਅਕਸਰ ਹੀ ਕੁਝ ਰੂਸੀ ਲੋਕ ਜਿਹੜੇ ਲੋਕਾਂ ਨੂੰ ਉਹਨਾਂ ਦੇ ਕੱਪੜਿਆਂ ਦੇ ਹਿਸਾਬ ਨਾਲ਼ ਦੁਆ-ਸਲਾਮ ਕਰਨ—ਇੱਕ ਪੁਰਾਣੀ ਗੁਲਾਮਾਂ ਵਾਲ਼ੀ ਆਦਤ ਦੇ—ਆਦੀ ਸਨ, ਮਹਿਕਦੀ "ਸਹਿਜਤਾ-ਸਾਦਗੀ" ਦੀ ਉਹ ਧਾਰਾ ਵਗਾਉਣ ਲੱਗਦੇ ਜਿਸਨੂੰ "ਬੇਤਕੱਲਫੀ" ਕਹਿਣਾ ਵਧੇਰੇ ਸਹੀ ਹੋਵੇਗਾ।

"ਓਹ, ਸਾਡੇ ਪਿਆਰੇ! ਇਹ ਤੂੰ ਹੈਂ! ਆਖਿਰਕਾਰ ਮੈਨੂੰ ਆਪਣੀ ਮਾਤ-ਭੂਮੀ ਦੇ ਮਹਾਨ ਸਪੂਤ ਨੂੰ ਜੀਅ ਭਰ ਕੇ ਵੇਖਣ ਦਾ ਸੌਭਾਗ ਮਿਲ਼ ਹੀ ਗਿਆ! ਨਮਸਕਾਰ, ਨਮਸਕਾਰ, ਮੇਰਾ ਹਾਰਦਿਕ ਪ੍ਣਾਮ ਸਵੀਕਾਰ ਕਰੋ!"

ਇਹ ਹੈ ਮਾਸਕੋ-ਰੂਸੀ ਢੰਗ, ਸਿੱਧਾ-ਸਾਦਾ ਅਤੇ ਦਿਲ ਦੀ ਗਹਿਰਾਈ 'ਚੋਂ ਨਿਕਲਿਆ ਢੰਗ। ਪਰ ਇੱਕ ਹੋਰ ਰੂਸੀ ਸ਼ੈਲੀ ਵੀ ਹੈ—"ਮੁਕਤ-ਚਿੰਤਕਾਂ" ਦਾ ਢੰਗ:

"ਲਿਓ ਨਿਕੋਲਾਯੇਵਿਚ! ਤੁਹਾਡੇ ਧਾਰਮਿਕ ਅਤੇ ਦਾਰਸ਼ਨਿਕ ਨਜ਼ਰੀਏ ਨਾਲ਼ ਸਹਿਮਤ ਨਾ ਹੁੰਦਿਆਂ ਵੀ ਆਪ ਦੇ ਰੂਪ ਵਿੱਚ ਇੱਕ ਮਹਾਨ ਕਲਾਕਾਰ ਦਾ ਮੈਂ ਬੇਹੱਦ ਸਤਿਕਾਰ ਕਰਦਾ ਹਾਂ..."

ਅਤੇ ਫਿਰ ਅਚਾਨਕ ਕਿਸਾਨਾਂ ਵਰਗੀ ਦਾਹੜੀ, ਵੱਟੋ-ਵੱਟ ਹੋਏ ਤੇ ਜਮਹੂਰੀ ਦਿੱਖ ਵਾਲ਼ੇ ਕੁੜਤੇ ਵਿੱਚੋਂ ਇੱਕ ਬੁੱਢਾ ਰੂਸੀ ਭੱਦਰਪੁਰਸ਼, ਇੱਕ ਸ਼ਾਨਦਾਰ ਕੁਲੀਨ ਸਾਹਮਣੇ ਆ ਜਾਂਦਾ ਸੀ ਅਤੇ ਫਿਰ "ਸਿੱਧੇ-ਸਾਦੇ", ਪੜ੍ਹੇ-ਲਿਖੇ ਤੇ ਹੋਰ ਸਾਰੇ ਲੋਕ ਚੀਰ ਦੇਣ ਵਾਲ਼ੀ ਠੰਢ ਵਿੱਚ ਨੀਲੇ ਪੈ ਜਾਂਦੇ। ਸ਼ੁੱਧ ਖ਼ੂਨ ਵਾਲ਼ੇ ਇਸ ਵਿਅਕਤੀ ਨੂੰ ਦੇਖਣਾ, ਉਸਦੀ ਉੱਤਮਤਾ ਅਤੇ ਹਾਵ-ਭਾਵ ਦੇ ਸਜੀਲੇਪਣ ਨੂੰ ਨਿਹਾਰਨਾ, ਗੱਲਬਾਤ ਵਿਚਲਾ ਮਾਣ ਭਰਿਆ ਸੰਜਮ, ਅਤੇ ਸ਼ਬਦਾਂ ਦੀ ਘਾਤਕ, ਖ਼ੂਬਸੂਰਤ ਅਚੂਕਤਾ ਨੂੰ ਸੁਣਨਾ ਚੰਗਾ ਲੱਗਦਾ ਸੀ। ਉਹਨਾਂ ਵਿੱਚ ਕੇਵਲ ਉਨੀ ਕੁ ਹੀ ਭੱਦਰਤਾ ਸੀ ਜਿੰਨੀ ਕਿ ਖੇਤ-ਗੁਲਾਮਾਂ ਨਾਲ਼ ਗੱਲਬਾਤ ਲਈ ਜ਼ਰੂਰੀ ਸੀ। ਅਤੇ ਜਦੋਂ ਵੀ ਕਦੇ ਇਹਨਾਂ ਲੋਕਾਂ ਨੇ ਤਾਲਸਤਾਏ ਨੂੰ ਕੁਲੀਨ ਦੇ ਰੂਪ ਵਿੱਚ ਸਾਹਮਣੇ ਆਉਣ ਲਈ ਮਜ਼ਬੂਰ ਕੀਤਾ ਤਾਂ ਉਹ ਬਿਨਾਂ ਕਿਸੇ ਰੁਕਾਵਟ ਦੇ ਬੜੀ ਆਸਾਨੀ ਨਾਲ਼ ਸਾਹਮਣੇ ਆ ਜਾਂਦੇ ਸਨ ਅਤੇ ਉਹਨਾਂ 'ਤੇ ਇਸ ਢੰਗ ਨਾਲ਼ ਸੱਟ ਮਾਰਦੇ ਕਿ ਉਹ ਚਊਂ-ਚਊਂ ਕਰਦੇ ਹੀ ਰਹਿ ਜਾਂਦੇ।

ਇੱਕ ਵਾਰ ਮੈਂ ਅਜਿਹੇ ਹੀ ਕਿਸੇ "ਸਿੱਧੇ-ਸਾਦੇ" ਰੂਸੀ ਨਾਲ਼ ਯਾਸਨਾਇਆ ਪੋਲਿਆਨਾ

ਤੋਂ ਮਾਸਕੋ ਤੱਕ ਦਾ ਸਫ਼ਰ ਕੀਤਾ। ਉਹ ਬੜੀ ਦੇਰ ਤੱਕ ਆਪਣਾ ਮਾਨਸਿਕ ਸੰਤੁਲਨ ਠੀਕ ਨਹੀਂ ਕਰ ਸਕਿਆ। ਤਰਸਯੋਗ ਢੰਗ ਨਾਲ਼ ਮੁਸਕਰਾਉਂਦਾ ਅਤੇ ਬੌਂਦਲਿਆ ਜਿਹਾ ਉਹ ਲਗਾਤਾਰ ਇਹੀ ਬੋਲਦਾ ਰਿਹਾ:

"ਕਿਆ ਝਾੜ-ਝੰਬ ਕੀਤੀ! ਕਿੰਨਾ ਸਖ਼ਤ ਆਦਮੀ ਹੈ..."

ਅਤੇ ਫਿਰ ਸਪਸ਼ਟ ਰੂਪ ਵਿੱਚ ਅਫਸੋਸ ਜ਼ਾਹਿਰ ਕਰਦਿਆਂ ਕਿਹਾ:

"ਮੈਂ ਤਾਂ ਸੋਚਿਆ ਸੀ ਕਿ ਉਹ ਸਚਮੁੱਚ ਹੀ ਅਰਾਜਕਤਾਵਾਦੀ ਹੋਣਗੇ। ਹਰ ਕੋਈ ਉਹਨਾਂ ਨੂੰ ਅਰਾਜਕਤਾਵਾਦੀ ਕਹਿੰਦਾ ਹੈ, ਅਤੇ ਮੈਂ ਉਹਨਾਂ ਲੋਕਾਂ ਦਾ ਯਕੀਨ ਕਰ ਲਿਆ..."

ਉਹ ਇੱਕ ਅਮੀਰ ਆਦਮੀ ਸੀ, ਇੱਕ ਵੱਡਾ ਸਨਅਤਕਾਰ, ਉਸਦਾ ਵੱਡਾ ਸਾਰਾ ਢਿੱਡ ਨਿੱਕਲ਼ਿਆ ਹੋਇਆ ਸੀ ਤੇ ਕੱਚੇ ਮਾਸ ਦੇ ਰੰਗ ਵਾਲ਼ਾ ਚਰਬੀ ਨਾਲ਼ ਭਰਿਆ ਚਿਹਰਾ ਸੀ — ਉਸਨੂੰ ਇਸ ਗੱਲ ਦੀ ਕੀ ਲੋੜ ਪਈ ਸੀ ਕਿ ਤਾਲਸਤਾਏ ਅਰਾਜਕਤਾਵਾਦੀ ਹੋਵੇ ? ਇਹ ਰੂਸੀ ਆਤਮਾ ਦਾ ਇੱਕ "ਗਹਿਰਾ ਰਾਜ਼" ਹੈ।

ਤਾਲਸਤਾਏ ਜਦੋਂ ਇਹ ਚਾਹੁੰਦੇ ਕਿ ਕਿਸੇ ਨੂੰ ਚੰਗੇ ਲੱਗਣ ਤਾਂ ਇਹ ਕੰਮ ਕਿਸੇ ਸਮਝਦਾਰ ਤੇ ਖ਼ੂਬਸੂਰਤ ਔਰਤ ਨਾਲ਼ੋਂ ਵੀ ਜ਼ਿਆਦਾ ਆਸਾਨੀ ਨਾਲ਼ ਕਰ ਲੈਂਦੇ। ਉਹ ਵੰਨ-ਸੁਵੰਨੇ ਲੋਕਾਂ ਵਿਚਾਲ਼ੇ ਬੈਠੇ ਹਨ—ਬੜੇ ਡਿਊਕ ਨਿਕੋਲਾਈ ਮਿਖਾਈਲੋਵਿਚ, ਰੰਗਸਾਜ਼ ਇਲੀਆ, ਯਾਲਟਾ ਦਾ ਇੱਕ ਸ਼ੋਸ਼ਲ-ਡੈਮੋਕਰੈਟ, ਸਤੰਦਿਸਤ ਪਾਤਸੁਕ, ਇੱਕ ਸੰਗੀਤਕਾਰ, ਕਾਉਂਟੈਸ ਕਲੇਨਮੀਖੇਲ ਦਾ ਕਰਿੰਦਾ, ਕਵੀ ਬੁਲਗਾਕੋਵ — ਸਾਰੇ ਮੰਤਰ-ਮੁਗਧ ਹੋ ਕੇ ਉਹਨਾਂ ਨੂੰ ਦੇਖ ਰਹੇ ਹਨ। ਤਾਲਸਤਾਏ ਉਹਨਾਂ ਨੂੰ ਲਾਓ-ਜ਼ੇ ਦੇ ਦਰਸ਼ਨ ਦਾ ਅਰਥ ਸਮਝਾ ਰਹੇ ਸਨ ਅਤੇ ਮੈਨੂੰ ਉਹ ਇੱਕ ਅਦਭੁੱਤ ਇੱਕ-ਆਦਮੀ-ਵਾਲ਼ੇ-ਆਰਕੈਸਟਰਾ ਵਰਗੇ ਜਾਪ ਰਹੇ ਸਨ — ਅਜਿਹਾ ਆਰਕੈਸਟਰਾ ਜਿਹੜਾ ਇੱਕੋ ਵੇਲ਼ੇ ਕਈ ਸਾਜ਼ — ਤੁਰਹੀ, ਡਰੰਮ, ਅਕਾਰਡੀਅਨ ਅਤੇ ਵੰਝਲੀ ਵਜਾਉਣ ਦੀ ਸਮਰੱਥਾ ਰੱਖਦਾ ਹੈ। ਮੈਂ ਵੀ ਉਹਨਾਂ ਨੂੰ ਬਾਕੀ ਲੋਕਾਂ ਵਾਂਗ ਹੀ ਦੇਖ ਰਿਹਾ ਸਾਂ। ਅਤੇ ਹੁਣ ਮੈਂ ਉਹਨਾਂ ਨੂੰ ਇੱਕ ਵਾਰ ਮੁੜ ਦੇਖਣ ਲਈ ਤਾਂਘ ਰਿਹਾ ਹਾਂ, ਪਰ ਕਦੇ ਦੇਖ ਨਹੀਂ ਸਕਾਂਗਾ।

ਇੱਥੇ ਕੁਝ ਪੱਤਰਕਾਰ ਆਏ ਸਨ, ਕਹਿ ਰਹੇ ਸਨ ਕਿ ਰੋਮ ਵਿੱਚ ਇੱਕ ਅਜਿਹੀ ਤਾਰ ਮਿਲ਼ੀ ਹੈ ਜਿਸ ਵਿੱਚ ਤਾਲਸਤਾਏ ਦੀ ਮੌਤ ਦਾ ਖੰਡਨ ਕੀਤਾ ਗਿਆ ਹੈ। ਐਵੇਂ ਖੰਭਾਂ ਦੀਆਂ ਡਾਰਾਂ ਬਣਾ ਰਹੇ ਸਨ, ਰੂਸ ਪ੍ਰਤੀ ਹਮਦਰਦੀ ਜ਼ਾਹਿਰ ਕਰਨ ਲਈ ਸ਼ਬਦਾਂ ਦਾ ਮੀਂਹ ਵਰਾਉਂਦੇ ਰਹੇ। ਪਰ ਰੂਸੀ ਅਖ਼ਬਾਰ ਕਿਸੇ ਤਰ੍ਹਾਂ ਦੇ ਸ਼ੱਕ ਦੀ ਕੋਈ ਗੁੰਜ਼ਾਇਸ਼ ਨਹੀਂ ਛੱਡਦੇ।

ਤਰਸ ਕਰਦੇ ਹੋਏ ਵੀ ਉਹਨਾਂ ਸਾਹਮਣੇ ਝੂਠ ਬੋਲਣਾ ਅਸੰਭਵ ਸੀ। ਖਤਰਨਾਕ ਹੱਦ ਤੱਕ ਬਿਮਾਰੀ ਦੀ ਹਾਲਤ ਵਿੱਚ ਵੀ ਉਹ ਆਪਣੇ ਪ੍ਰਤੀ ਤਰਸ ਦੀ ਭਾਵਨਾ ਪੈਦਾ ਨਹੀਂ ਹੋਣ ਦਿੰਦੇ ਸਨ। ਉਹਨਾਂ ਵਰਗੇ ਲੋਕਾਂ 'ਤੇ ਤਰਸ ਕਰਨਾ ਨੀਚਤਾ ਹੈ। ਉਹਨਾਂ ਦਾ ਖਿਆਲ ਰੱਖਣਾ ਚਾਹੀਦਾ ਹੈ, ਸਹੇਜਣਾ ਚਾਹੀਦਾ ਹੈ, ਘਸੇ-ਪਿਟੇ ਅਤੇ ਬੇਮਤਲਬ ਸ਼ਬਦਾਂ ਦੀ ਧੂੜ

ਨਹੀਂ ਛਿੜਕਣੀ ਚਾਹੀਦੀ।

ਜੇ ਉਹ ਪੁੱਛਣ: "ਤੁਸੀਂ ਮੈਨੂੰ ਪਸੰਦ ਨਹੀਂ ਕਰਦੇ, ਹੈ ਨਾ ?"

ਤਾਂ ਜਵਾਬ ਹੋਣਾ ਚਾਹੀਦਾ ਹੈ: "ਹਾਂ, ਨਹੀਂ ਕਰਦਾ।"

"ਤੁਸੀਂ ਮੈਨੂੰ ਪਿਆਰ ਨਹੀਂ ਕਰਦੇ, ਕਿ ਕਰਦੇ ਹੋ ?"

"ਨਹੀਂ, ਅੱਜ ਮੈਂ ਤੁਹਾਨੂੰ ਪਿਆਰ ਨਹੀਂ ਕਰਦਾ।"

ਸਵਾਲ ਪੁੱਛਣ ਦੇ ਮਾਮਲੇ ਵਿੱਚ ਉਹ ਨਿਰਦਈ ਸਨ ਤੇ ਉੱਤਰ ਦੇਣ ਦੇ ਮਾਮਲੇ ਵਿੱਚ ਸੰਕੋਚੀ, ਜਿਵੇਂ ਕਿ ਕਿਸੇ ਸਿਆਣੇ ਵਿਚਾਰਸ਼ੀਲ ਆਦਮੀ ਨੂੰ ਸ਼ੋਭਾ ਦਿੰਦਾ ਹੈ।

ਉਹ ਅਦਭੁੱਤ ਖੂਬਸੂਰਤੀ ਨਾਲ਼ ਅਤੀਤ ਦੀ ਚਰਚਾ ਕਰਦੇ ਸਨ ਤੇ ਸਭ ਤੋਂ ਵਧੀਆ ਤਾਂ ਤੁਰਗਨੇਵ ਦੀ। ਫ਼ੇਤ ਦਾ ਬੜੀ ਖੁਸ਼ਮਿਜ਼ਾਜ਼ੀ ਨਾਲ਼ ਗੁਟਕਦੇ ਹੋਏ ਜ਼ਿਕਰ ਕਰਦੇ ਅਤੇ ਹਮੇਸ਼ਾ ਹੀ ਉਹਨਾਂ ਬਾਰੇ ਕੋਈ ਨਾ ਕੋਈ ਹਾਸਰਸੀ ਗੱਲ ਜ਼ਰੂਰ ਕਰਦੇ। ਨੇਕਰਾਸੋਵ ਦਾ ਰੁੱਖਾ ਜਿਹਾ ਤੇ ਸ਼ੱਕੀ ਅੰਦਾਜ਼ ਵਿੱਚ ਜ਼ਿਕਰ ਕਰਦੇ, ਪਰ ਆਮ ਤੌਰ 'ਤੇ ਲੇਖਕਾਂ ਬਾਰੇ ਇੰਝ ਗੱਲ ਕਰਦੇ ਜਿਵੇਂ ਉਹ ਸਾਰੇ ਉਹਨਾਂ ਦੇ ਬੱਚੇ ਹੋਣ ਤੇ ਉਹ ਪਿਤਾ ਦੇ ਰੂਪ ਵਿੱਚ ਉਹਨਾਂ ਦੀਆਂ ਸਾਰੀਆਂ ਤਰੁੱਟੀਆਂ ਤੋਂ ਵਾਕਿਫ ਹੋਣ, ਅਤੇ ਉਹਨਾਂ ਦੇ ਗੁਣਾਂ ਨਾਲ਼ੋਂ ਵਧ ਕੇ ਉਹਨਾਂ ਦੇ ਔਗੁਣਾਂ 'ਤੇ ਜ਼ਿਆਦਾ ਜ਼ੋਰ ਦਿੰਦੇ। ਜਦੋਂ ਕਦੇ ਉਹ ਕਿਸੇ ਬਾਰੇ ਕੋਈ ਮਾੜੀ ਟਿੱਪਣੀ ਕਰਦੇ ਤਾਂ ਮੈਨੂੰ ਇੰਝ ਜਾਪਦਾ ਜਿਵੇਂ ਉਹ ਆਪਣੇ ਸਰੋਤਿਆਂ ਨੂੰ ਭੀਖ ਦੇ ਰਹੇ ਹੋਣ। ਉਹਨਾਂ ਦੁਆਰਾ ਕੀਤੀ ਆਲੋਚਨਾ ਨੂੰ ਸੁਣਨਾ ਅਟਪਟਾ ਜਿਹਾ ਲੱਗਦਾ, ਉਹਨਾਂ ਦੀ ਤਿੱਖੀ ਮੁਸਕਰਾਹਟ ਅੱਗੇ ਨਾ ਚਾਹੁੰਦਿਆਂ ਵੀ ਅੱਖਾਂ ਝੁਕ ਜਾਂਦੀਆਂ ਤੇ ਕੁਝ ਵੀ ਯਾਦ ਨਾ ਰਹਿੰਦਾ।

ਇੱਕ ਵਾਰ ਉਹਨਾਂ ਨੇ ਬਹੁਤ ਗਰਮਜੋਸ਼ੀ ਨਾਲ਼ ਬਹਿਸ ਕਰਦਿਆਂ ਇਹ ਕਿਹਾ ਕਿ ਗ. ਏ. ਉਸਪੇਂਸਕੀ ਤੁਲਾ ਪ੍ਰਦੇਸ਼ ਦੀ ਬੋਲੀ ਵਿੱਚ ਲਿਖਣ ਵਾਲ਼ੇ ਲੇਖਕ ਸਨ ਅਤੇ ਉਹਨਾਂ ਵਿੱਚ ਪ੍ਰਤਿਭਾ ਨਾਮ ਦੀ ਕੋਈ ਚੀਜ਼ ਨਹੀਂ ਸੀ। ਪਰ ਮੇਰੇ ਸਾਹਮਣੇ ਉਹਨਾਂ ਨੇ ਚੈਖ਼ਵ ਨੂੰ ਇਹ ਵੀ ਕਿਹਾ:

"ਇਹ ਹੈ ਲੇਖਕ! ਆਪਣੀ ਸੁਹਿਰਦਤਾ ਦੀ ਤਾਕਤ ਨਾਲ਼ ਉਹ ਦੋਸਤੋਯੇਵਸਕੀ ਦੀ ਯਾਦ ਦਿਲਾਉਂਦੇ ਹਨ, ਪਰ ਦੋਸਤੋਯੇਵਸਕੀ ਰਾਜਨੀਤੀ ਨੂੰ ਆਪਣੀਆਂ ਰਚਨਾਵਾਂ ਵਿੱਚ ਧੱਕੇ ਨਾਲ਼ ਘਸੀਟਦੇ ਰਹੇ ਅਤੇ ਦਿਖਾਵਾ ਕਰਦੇ ਰਹੇ, ਜਦਕਿ ਉਸਪੇਂਸਕੀ ਜ਼ਿਆਦਾ ਸਿੱਧੇ-ਸਾਦੇ ਅਤੇ ਸੁਹਿਰਦ ਹਨ। ਜੇ ਉਹ ਰੱਬ ਨੂੰ ਮੰਨਦੇ ਹੁੰਦੇ ਤਾਂ ਪੱਕੇ ਤੌਰ 'ਤੇ ਮਨਮੁੱਖ ਹੁੰਦੇ।"

"ਪਰ ਤੁਸੀਂ ਤਾਂ ਕਿਹਾ ਸੀ ਕਿ ਉਹ ਤੁਲਾ ਪ੍ਰਦੇਸ਼ ਦੇ ਲੇਖਕ ਹਨ ਤੇ ਉਹਨਾਂ ਵਿੱਚ ਪ੍ਰਤਿਭਾ ਨਹੀਂ ਸੀ।"

ਸੰਘਣੇ ਭਰਵੱਟਿਆਂ ਹੇਠਾਂ ਉਹਨਾਂ ਦੀਆਂ ਅੱਖਾਂ ਅਲੋਪ ਹੋ ਗਈਆਂ, ਤੇ ਉਹਨਾਂ ਨੇ ਜਵਾਬ ਦਿੱਤਾ:

"ਉਹ ਬੁਰੇ ਢੰਗ ਨਾਲ਼ ਲਿਖਦੇ ਸਨ। ਤੁਸੀਂ ਇਸਨੂੰ ਭਾਸ਼ਾ ਕਹਿੰਦੇ ਹੋ ? ਸ਼ਬਦਾਂ ਨਾਲ਼ੋਂ ਵਿਰਾਮ-ਚਿੰਨ੍ਹ ਜ਼ਿਆਦਾ ਹਨ। ਪ੍ਰਤਿਭਾ — ਇਹ ਤਾਂ ਪਿਆਰ ਹੈ। ਜਿਹੜਾ ਪਿਆਰ ਕਰਦਾ ਹੈ, ਉਹ ਪ੍ਰਤਿਭਾਸ਼ਾਲੀ ਹੈ। ਪ੍ਰੇਮੀਆਂ ਨੂੰ ਦੇਖੋ — ਉਹ ਸਾਰੇ ਹੀ ਪ੍ਰਤਿਭਾਸ਼ਾਲੀ ਹਨ।"

ਉਹ ਸਪਸ਼ਟ ਝਿਜਕ ਨਾਲ਼, ਖੁਦ ਨੂੰ ਮਜ਼ਬੂਰ ਕਰਦਿਆਂ, ਕੁਝ ਬਚਦੇ-ਬਚਾਉਂਦੇ ਅਤੇ ਕਿਸੇ ਚੀਜ਼ 'ਤੇ ਹਾਵੀ ਹੋਣ ਦੀ ਕੋਸ਼ਿਸ਼ ਕਰਦਿਆਂ ਦੋਸਤੋਯੇਵਸਕੀ ਦਾ ਜ਼ਿਕਰ ਕਰਦੇ ਸਨ।

"ਉਹਨਾਂ ਨੂੰ ਕਨਫਿਊਸ਼ਿਅਸ ਜਾਂ ਬੁੱਧ ਮਤ ਦਾ ਅਧਿਐਨ ਕਰਨਾ ਚਾਹੀਦਾ ਸੀ, ਇਸ ਨਾਲ਼ ਉਹਨਾਂ ਨੂੰ ਸ਼ਾਂਤੀ ਮਿਲ਼ਦੀ। ਇਹ ਮਹਾਨ ਚੀਜ਼ ਹੈ ਜਿਸਨੂੰ ਸਾਰਿਆਂ ਨੂੰ ਜਾਨਣਾ ਚਾਹੀਦਾ ਹੈ। ਉਹ ਬਹੁਤ ਪ੍ਰਚੰਡ ਸੁਭਾਅ ਵਾਲ਼ੇ ਆਦਮੀ ਸਨ — ਜਦੋਂ ਉਹਨਾਂ ਨੂੰ ਗੁੱਸਾ ਆਉਂਦਾ ਤਾਂ ਉਹਨਾਂ ਦੀ ਗੰਜ 'ਤੇ ਗੁੰਮੜ ਬਣ ਜਾਂਦੇ ਅਤੇ ਕੰਨ ਖੜੇ ਹੋ ਜਾਂਦੇ। ਉਹ ਅਨੁਭਵ ਬਹੁਤ ਕਰਦੇ ਸਨ ਪਰ ਸੋਚਣਾ ਨਹੀਂ ਜਾਣਦੇ, ਉਹਨਾਂ ਨੇ ਫਿਊਰਿਏਵਾਦੀਆਂ ਤੇ ਬੁਤਾਸ਼ੇਵਿਚ* ਵਰਗੇ ਲੋਕਾਂ ਤੋਂ ਸੋਚਣਾ ਸਿੱਖਿਆ। ਮਗਰੋਂ ਉਹ ਸਾਰੀ ਜ਼ਿੰਦਗੀ ਉਹਨਾਂ ਨੂੰ ਨਫਰਤ ਕਰਦੇ ਰਹੇ। ਉਹਨਾਂ ਦੇ ਖ਼ੂਨ ਵਿੱਚ ਜ਼ਰੂਰ ਕਿਤੇ ਕੁਝ ਯਹੂਦੀਆਂ ਵਰਗਾ ਸੀ। ਉਹ ਬਹੁਤ ਸ਼ੱਕੀ-ਵਹਿਮੀ, ਘਮੰਡੀ, ਚਿੜਚਿੜੇ ਤੇ ਤਰਸਯੋਗ ਸਨ। ਅਜੀਬ ਗੱਲ ਹੈ ਕਿ ਲੋਕ ਉਹਨਾਂ ਨੂੰ ਐਨਾ ਪੜ੍ਹਦੇ ਹਨ, ਪਤਾ ਨਹੀਂ ਕਿਉਂ। ਜਦਕਿ ਉਹਨਾਂ ਨੂੰ ਪੜ੍ਹਨਾ ਬਹੁਤ ਮੁਸ਼ਕਿਲ ਹੈ ਅਤੇ ਇਸਦਾ ਕੋਈ ਫਾਇਦਾ ਵੀ ਨਹੀਂ ਹੈ, ਕਿਉਂਕਿ ਉਹਨਾਂ ਦੇ ਉਹ ਬੁੱਧੂ, ਅੱਲੜ ਉਮਰ ਦੇ ਪਾਤਰ, ਰਸਕੋਲਨਿਕੋਵਸ ਅਤੇ ਹੋਰ ਪਾਤਰ ਅਸਲ ਵਿੱਚ ਅਜਿਹੇ ਨਹੀਂ ਸਨ, ਸਭ ਕੁਝ ਕਿਤੇ ਜ਼ਿਆਦਾ ਸਰਲ ਅਤੇ ਸਮਝ ਆਉਣ ਵਾਲ਼ਾ ਸੀ। ਪਰ ਲੇਸਕੋਵ ਨੂੰ ਲੋਕ ਕਿਉਂ ਨਹੀਂ ਪੜ੍ਹਦੇ ? ਉਹ ਅਸਲੀ ਲੇਖਕ ਸਨ — ਤੁਸੀਂ ਪੜ੍ਹਿਆ ਹੈ ਉਹਨਾਂ ਨੂੰ ?"

"ਹਾਂ, ਮੈਂ ਉਹਨਾਂ ਨੂੰ ਬਹੁਤ ਪਸੰਦ ਕਰਦਾ ਹਾਂ, ਖਾਸ ਕਰਕੇ ਉਹਨਾਂ ਦੀ ਭਾਸ਼ਾ ਨੂੰ!"

"ਭਾਸ਼ਾ ਤਾਂ ਉਹ ਬਹੁਤ ਹੀ ਵਧੀਆ ਜਾਣਦੇ ਸਨ, ਇਸ ਨਾਲ਼ ਉਹ ਕੁਝ ਵੀ ਕਰ ਸਕਦੇ ਸਨ। ਅਜੀਬ ਗੱਲ ਹੈ ਕਿ ਤੁਹਾਨੂੰ ਉਹ ਪਸੰਦ ਹਨ, ਤੁਹਾਡੇ ਵਿੱਚ ਗੈਰ-ਰੂਸੀ ਵਰਗੀ ਕੋਈ ਚੀਜ਼ ਹੈ, ਤੁਹਾਡੇ ਵਿਚਾਰ ਰੂਸੀ ਨਹੀਂ ਹਨ — ਤੁਹਾਨੂੰ ਮੇਰੀ ਇਹ ਗੱਲ ਬੁਰੀ ਤਾਂ ਨਹੀਂ ਲੱਗੀ ? ਮੈਂ ਬੁੱਢਾ ਬੰਦਾ ਹਾਂ, ਸ਼ਾਇਦ ਆਧੁਨਿਕ ਸਾਹਿਤ ਨੂੰ ਸਮਝਣ ਦੇ ਹੁਣ ਸਮਰੱਥ ਨਹੀਂ ਹਾਂ। ਪਰ ਮੈਨੂੰ ਹਮੇਸ਼ਾ ਹੀ ਇੰਝ ਲੱਗਦਾ ਹੈ ਕਿ ਇਹ ਕੁਝ ਗੈਰ-ਰੂਸੀ ਹੈ। ਕੁਝ ਖਾਸ ਕਿਸਮ ਦੀਆਂ ਕਵਿਤਾਵਾਂ ਹੀ ਲਿਖੀਆਂ ਜਾ ਰਹੀਆਂ ਹਨ, ਪਰ ਮੈਨੂੰ ਸਮਝ ਨਹੀਂ ਆਉਂਦੀ ਕਿ ਕਿਸ ਵਜ੍ਹਾ ਨਾਲ਼ ਅਤੇ ਕਿਹਨਾਂ ਲੋਕਾਂ ਲਈ ਇਹ ਲਿਖੀਆਂ ਜਾਂਦੀਆਂ ਹਨ। ਕਵਿਤਾ ਲਿਖਣੀ ਸਾਨੂੰ ਪੁਸ਼ਕਿਨ, ਤੁਤਚੇਵ ਅਤੇ ਸ਼ੇਨਸ਼ਿਨ (ਫ਼ੇਤ) ਤੋਂ ਸਿੱਖਣੀ ਚਾਹੀਦੀ ਹੈ। "ਹਾਂ, ਤੁਸੀਂ," ਉਹ ਚੈਖ਼ਵ ਵੱਲ ਮੁੜੇ, "ਤੁਸੀਂ ਰੂਸੀ ਹੋ! ਹਾਂ, ਬੇਹੱਦ, ਬੇਹੱਦ ਰੂਸੀ ਹੋ!"

ਅਤੇ ਉਹਨਾਂ ਨੇ ਬੜੀ ਸਨੇਹਪੂਰਨ ਮੁਸਕਾਨ ਨਾਲ਼ ਚੈਖ਼ਵ ਨੂੰ ਮੋਢਿਆਂ ਤੋਂ ਜੱਫੀ ਪਾ ਲਈ। ਚੈਖ਼ਵ ਥੋੜੇ ਜਿਹੇ ਝਿਪ ਗਏ ਅਤੇ ਭਾਰੀ-ਭਰਕਮ ਆਵਾਜ਼ ਵਿੱਚ ਆਪਣੇ ਮਕਾਨ ਅਤੇ ਤਾਤਾਰਾਂ ਬਾਰੇ ਗੱਲਾਂ ਕਰਨ ਲੱਗ ਪਏ।

ਚੈਖ਼ਵ ਨੂੰ ਉਹ ਪਿਆਰ ਕਰਦੇ ਸਨ, ਅਤੇ ਉਹਨਾਂ ਵੱਲ ਦੇਖਦੇ ਹੋਏ ਆਪਣੀ ਨਜ਼ਰ ਨਾਲ਼, ਜਿਹੜੀ ਉਸ ਸਮੇਂ ਸਨੇਹਪੂਰਨ ਹੁੰਦੀ ਸੀ, ਜਿਵੇਂ ਉਹਨਾਂ ਦੇ ਚਿਹਰੇ ਨੂੰ ਪਲੋਸਦੇ ਸਨ।

---

* ਬੁਤਾਸ਼ੇਵਿਚ-ਪੇਤਰਾਸ਼ੇਵਸਕੀ ਮ. ਵ. 1821-1866, ਰੂਸੀ ਇਨਕਲਾਬੀ, ਯੁਟੋਪਿਆਈ ਸਮਾਜਵਾਦੀ।—ਸੰਪਾ.

ਇੱਕ ਵਾਰ ਚੈਖ਼ਵ ਅਲੈਕਸਾਂਦਰਾ ਲਵੋਵਨਾ* ਨਾਲ਼ ਪਾਰਕ ਵਿੱਚ ਟਹਿਲ ਰਹੇ ਸਨ ਅਤੇ ਉਸ ਸਮੇਂ ਬਿਮਾਰ ਤਾਲਸਤਾਏ ਵਰਾਂਡੇ ਵਿੱਚ ਆਰਾਮਕੁਰਸੀ 'ਤੇ ਬੈਠੇ ਅਤੇ ਹੌਲ਼ੀ-ਹੌਲ਼ੀ ਇਹ ਕਹਿੰਦੇ ਹੋਏ ਜਿਵੇਂ ਪੂਰੀ ਤਰ੍ਹਾਂ ਉਹਨਾਂ ਵੱਲ ਖਿੱਚੇ ਚਲੇ ਜਾ ਰਹੇ ਸਨ:

"ਕਿੰਨਾ ਖੁਸ਼ਮਿਜ਼ਾਜ਼ ਆਦਮੀ ਹੈ! ਨਿਮਰ, ਸ਼ਾਂਤ, ਕਿਸੇ ਕੁੜੀ ਵਾਂਗ! ਅਤੇ ਤੋਰ ਵੀ ਬਿਲਕੁਲ ਕੁੜੀਆਂ ਵਰਗੀ ਹੈ। ਲਾਜਵਾਬ ਆਦਮੀ ਹੈ!"

ਇੱਕ ਸ਼ਾਮ, ਆਥਣ ਵੇਲ਼ੇ ਆਪਣੀਆਂ ਅੱਖਾਂ ਮਚਕਾਉਂਦਿਆਂ ਅਤੇ ਭਰਵੱਟੇ ਚਾੜ੍ਹਦਿਆਂ ਉਹਨਾਂ ਨੇ 'ਪਾਦਰੀ ਸੇਰਗੇਈ' ਕਹਾਣੀ ਦਾ ਉਹ ਦ੍ਰਿਸ਼ ਪੜ੍ਹਿਆ ਜਿਸ ਵਿੱਚ ਇੱਕ ਔਰਤ ਇੱਕ ਤਪੱਸਵੀ ਨੂੰ ਭਰਮਾਉਣ ਲਈ ਜਾਂਦੀ ਹੈ। ਇਸਨੂੰ ਅਖੀਰ ਤੱਕ ਪੜ੍ਹਨ ਤੋਂ ਬਾਅਦ ਉਹਨਾਂ ਨੇ ਸਿਰ ਉੱਪਰ ਚੁੱਕਿਆ ਅਤੇ ਅੱਖਾਂ ਬੰਦ ਕਰਕੇ ਸਾਫ-ਸਾਫ਼ ਹੀ ਕਹਿ ਦਿੱਤਾ:

"ਸੋਹਣਾ ਲਿਖਿਆ ਹੈ ਬੁੱਢੇ ਨੇ — ਬਹੁਤ ਵਧੀਆ!!"

ਐਨੀ ਅਦਭੁੱਦ ਸਾਦਗੀ ਨਾਲ਼ ਉਹਨਾਂ ਨੇ ਇਹ ਸ਼ਬਦ ਕਹੇ, ਆਪਣੀ ਖੁਦ ਦੀ ਰਚਨਾ ਦੀ ਖ਼ੂਬਸੂਰਤੀ ਦੀ ਇਹ ਪ੍ਰਸੰਸਾ ਇੰਨੀ ਸੁਹਿਰਦ ਸੀ ਕਿ ਉਸ ਪਲ ਮੈਨੂੰ ਜੋ ਆਨੰਦ ਮਹਿਸੂਸ ਹੋਇਆ ਉਸਨੂੰ ਮੈਂ ਪੂਰੀ ਜ਼ਿੰਦਗੀ ਨਹੀਂ ਭੁੱਲ ਸਕਾਂਗਾ। ਉਸ ਪਰਮ-ਆਨੰਦ ਨੂੰ ਜਿਸਨੂੰ ਮੈਂ ਸ਼ਬਦਾਂ ਵਿੱਚ ਬਿਆਨ ਨਹੀਂ ਕਰ ਸਕਦਾ, ਜਿਸਨੂੰ ਦਬਾਉਣ ਲਈ ਮੈਨੂੰ ਬਹੁਤ ਯਤਨ ਕਰਨੇ ਪਏ ਸਨ। ਮੇਰੇ ਤਾਂ ਦਿਲ ਦੀ ਜਿਵੇਂ ਧੜਕਣ ਹੀ ਰੁਕ ਗਈ ਸੀ, ਅਤੇ ਅਗਲੇ ਹੀ ਪਲ ਮੇਰੇ ਆਲ਼ੇ-ਦੁਆਲ਼ੇ ਦੀ ਹਰ ਚੀਜ਼ ਜੀਵਨ ਨਾਲ਼ ਭਰ ਗਈ ਸੀ, ਤਾਜ਼ਾ ਤੇ ਨਵੀਂ ਹੋ ਗਈ ਸੀ।

ਉਹਨਾਂ ਦੀ ਬੋਲੀ ਦੇ ਖਾਸ, ਬਿਆਨੋਂ ਬਾਹਰੇ ਸੁਹੱਪਣ ਨੂੰ ਸਮਝਣ ਲਈ, ਜਿਹੜੀ ਉੱਪਰੋਂ ਵੇਖਣ ਨੂੰ ਗਲਤ ਜਾਪਦੀ ਸੀ, ਜਿਸ ਵਿੱਚ ਕੁਝ ਕੁ ਸ਼ਬਦਾਂ ਨੂੰ ਵਾਰ-ਵਾਰ ਦੁਹਰਾਇਆ ਜਾਂਦਾ ਸੀ ਅਤੇ ਜਿਹੜੀ ਪੇਂਡੂ ਸਾਦਗੀ ਨਾਲ਼ ਭਰਪੂਰ ਹੁੰਦੀ ਸੀ, ਉਹਨਾਂ ਨੂੰ ਬੋਲਦੇ ਹੋਏ ਦੇਖਣਾ ਜ਼ਰੂਰੀ ਸੀ। ਉਹਨਾਂ ਦੇ ਸ਼ਬਦਾਂ ਦੀ ਤਾਕਤ ਸ਼ਬਦਾਂ ਦੇ ਉਤਾਰ-ਚੜ੍ਹਾਅ, ਉਹਨਾਂ ਦੇ ਚਿਹਰੇ ਦੀ ਸਜੀਵਤਾ ਵਿੱਚ ਹੀ ਨਹੀਂ ਸਗੋਂ ਉਹਨਾਂ ਦੀਆਂ ਅੱਖਾਂ ਦੀ ਹਰਕਤ ਅਤੇ ਚਮਕ ਵਿੱਚ ਵੀ ਵਿਦਮਾਨ ਸੀ। ਉਹਨਾਂ ਦੀਆਂ ਅੱਖਾਂ ਵਰਗੀਆਂ ਸਭ ਕੁਝ ਖੋਲ੍ਹ ਕੇ ਸਾਹਮਣੇ ਰੱਖ ਦੇਣ ਵਾਲ਼ੀਆਂ ਅੱਖਾਂ ਮੈਂ ਅੱਜ ਤੱਕ ਨਹੀਂ ਵੇਖੀਆਂ। ਉਹਨਾਂ ਦੀਆਂ ਦੋ ਅੱਖਾਂ ਵਿੱਚ ਹਜ਼ਾਰ ਅੱਖਾਂ ਸਨ।

ਇੱਕ ਦਿਨ ਸੁਲੇਰ, ਚੈਖ਼ਵ, ਸੇਰਗੇਈ ਲਵੋਵਿਚ ਅਤੇ ਇੱਕ ਕੋਈ ਹੋਰ ਵਿਅਕਤੀ ਪਾਰਕ ਵਿੱਚ ਬੈਠੇ ਔਰਤਾਂ ਬਾਰੇ ਚਰਚਾ ਕਰ ਰਹੇ ਸਨ। ਤਾਲਸਤਾਏ ਕਾਫ਼ੀ ਦੇਰ ਤੱਕ ਚੁੱਪਚਾਪ ਸੁਣਦੇ ਰਹੇ ਅਤੇ ਫਿਰ ਅਚਾਨਕ ਹੀ ਕਹਿਣ ਲੱਗੇ:

"ਔਰਤਾਂ ਬਾਰੇ ਸੱਚਾਈ ਮੈਂ ਉਸ ਦਿਨ ਦੱਸਾਂਗਾ, ਜਦੋਂ ਮੇਰਾ ਇੱਕ ਪੈਰ ਕਬਰ ਵਿੱਚ ਹੋਵੇਗਾ। ਮੈਂ ਦੱਸਾਂਗਾ, ਛਾਲ ਮਾਰ ਕੇ ਤਾਬੂਤ ਵਿੱਚ ਵੜ ਜਾਵਾਂਗਾ ਤੇ ਉਸਦਾ ਢੱਕਣ ਬੰਦ ਕਰ ਲਵਾਂਗਾ — ਹੁਣ ਕਰ ਲਵੋ ਮੇਰਾ ਕੀ ਕਰ ਸਕਦੇ ਹੋ!" ਅਤੇ ਉਹਨਾਂ ਦੀਆਂ ਅੱਖਾਂ ਅਜਿਹੀ ਲਲਕਾਰ ਅਤੇ ਭੈਅ ਨਾਲ਼ ਚਮਕ ਉੱਠੀਆਂ ਕਿ ਕੁਝ ਦੇਰ ਤੱਕ ਕੋਈ ਵੀ ਨਾ

* ਤਾਲਸਤਾਏ ਦੀ ਸਪੁੱਤਰੀ।

ਬੋਲਿਆ।

ਮੈਨੂੰ ਇੰਜ ਜਾਪਦਾ ਹੈ ਕਿ ਉਹਨਾਂ ਵਿੱਚ ਵਾਸਿਲੀ ਬੁਸਲਾਯੇਵ ਵਾਲ਼ੀ ਗੁਸਤਾਖ਼ੀ ਤੇ ਪਾਦਰੀ ਅਵਾਕੁਮ ਦੀ ਜ਼ਿੱਦੀ ਆਤਮਾ ਦਾ ਕੋਈ ਅੰਸ਼ ਵੀ ਸੀ, ਅਤੇ ਇਸਤੋਂ ਉੱਪਰ ਜਾਂ ਕਿਤੇ ਨਾਲ਼ ਹੀ ਚਾਆਦਾਯੇਵ ਦਾ ਸੰਦੇਹਵਾਦ ਵੀ ਲੁਕਿਆ ਹੋਇਆ ਸੀ। ਆਵਾਕੁਮੀ ਤੱਤ ਉਪਦੇਸ਼ ਦਿੰਦਾ ਸੀ ਅਤੇ ਕਲਾਕਾਰ ਦੀ ਆਤਮਾ ਨੂੰ ਤਸੀਹੇ ਦਿੰਦਾ ਸੀ। ਉਹਨਾਂ ਦੇ ਅੰਦਰਲਾ ਨੋਵਗੋਰੋਦ ਦਾ ਠੱਗ ਵਾਸਿਲੀ ਦਾਂਤੇ ਅਤੇ ਸ਼ੇਕਸਪੀਅਰ ਦੀ ਨਿੰਦਾ ਕਰਦਾ ਸੀ ਅਤੇ ਚਾਆਦਾਯੇਵ ਦਾ ਤੱਤ ਉਹਨਾਂ ਦੀ ਆਤਮਾ ਦੇ ਇਹਨਾਂ ਮਨੋਰੰਜਨਾਂ ਅਤੇ ਤਸੀਹਿਆਂ ’ਤੇ ਵਿਅੰਗ ਨਾਲ਼ ਮੁਸਕਰਾਉਂਦਾ ਸੀ।

ਉਹਨਾਂ ਦੇ ਅੰਦਰਲਾ ਰਵਾਇਤੀ ਰੂਸੀ, ਜਿਹੜਾ ਮਨੁੱਖੀ ਢੰਗ ਨਾਲ਼ ਜੀਵਨ ਨਿਰਮਾਣ ਦੇ ਉਸਦੇ ਅਨੇਕਾਂ ਅਸਫਲ ਯਤਨਾਂ ਦੇ ਸਿੱਟੇ ਵਜੋਂ ਉਦਾਸੀਨ ਅਰਾਜਕਤਾਵਾਦ ਤੱਕ ਪਹੁੰਚ ਗਿਆ ਸੀ, ਵਿਗਿਆਨ ਅਤੇ ਰਾਜ ਸਿਧਾਂਤ ਨੂੰ ਰੱਦ ਕਰਦਾ ਸੀ।

ਇਹ ਬੜੀ ਧਿਆਨ ਦੇਣ ਵਾਲ਼ੀ ਗੱਲ ਹੈ: ‘*Simplicissimus*’ ਦੇ ਕਾਰਟੂਨਿਸਟ ਓਲਾਫ਼ ਗੁਲਬ੍ਰਾਨਸਨ ਨੇ ਕਿਸੇ ਰਹੱਸਮਈ ਸਹਿਜ ਗਿਆਨ ਨਾਲ਼ ਤਾਲਸਤਾਏ ਵਿਚਲੇ ਬੁਸਲਾਯੇਵ ਦੇ ਇਸ ਲੱਛਣ ਨੂੰ ਖੋਜ ਲਿਆ ਸੀ। ਉਸਦੇ ਰੇਖਾ-ਚਿੱਤਰਾਂ ਨੂੰ ਧਿਆਨ ਨਾਲ਼ ਦੇਖਣ ’ਤੇ ਤੁਸੀਂ ਉਹਨਾਂ ਚਿੱਤਰਾਂ ਵਿੱਚ ਅਤੇ ਤਾਲਸਤਾਏ ਵਿੱਚ ਬੇਹੱਦ ਸਮਾਨਤਾ ਵੇਖੋਗੇ ਅਤੇ ਇਹ ਵੀ ਦੇਖੋਗੇ ਕਿ ਇਹਨਾਂ ਲੁਕੀਆਂ ਹੋਈਆਂ ਅੱਖਾਂ ਵਾਲ਼ੇ ਚਿਹਰੇ ਵਿੱਚੋਂ ਕਿੰਨੀ ਸਾਹਸੀ ਸਿਆਣਪ ਤੁਹਾਡੇ ਵੱਲ ਦੇਖ ਰਹੀ ਹੈ। ਅਜਿਹੇ ਵਿਅਕਤੀ ਦੀ ਸਿਆਣਪ ਜਿਸ ਲਈ ਕੁਝ ਵੀ ਪਵਿੱਤਰ ਨਹੀਂ ਹੈ, ਅਤੇ ਜਿਹੜਾ ਅੰਧ-ਵਿਸ਼ਵਾਸਾਂ ਅਤੇ ਹੋਰ ਵਾਧੂ ਦੀਆਂ ਗੱਲਾਂ ਵਿੱਚ ਯਕੀਨ ਨਹੀਂ ਕਰਦਾ।

ਇਹ ਬੁੱਢਾ ਜਾਦੂਗਰ, ਸਾਰਿਆਂ ਲਈ ਅਣਸੁਲਝੀ ਬੁਝਾਰਤ ਇਹ ਵਿਅਕਤੀ ਮੇਰੀਆਂ ਨਜ਼ਰਾਂ ਸਾਹਵੇਂ ਖੜਾ ਹੈ, ਜਿਹੜਾ ਸਰਵਵਿਆਪੀ ਸੱਚ ਦੀ ਅਸਫਲ ਖੋਜ ਵਿੱਚ ਚਿੰਤਨ ਦੇ ਸਾਰੇ ਮਾਰੂਥਲਾਂ ਵਿੱਚ ਇਕੱਲਾ ਹੀ ਤੁਰਿਆ ਜਾ ਰਿਹਾ ਹੈ। ਮੈਂ ਉਸਨੂੰ ਦੇਖਦਾ ਹਾਂ, ਅਤੇ ਭਾਵੇਂ ਕਿ ਗੁਆ ਦੇਣ ਦੀ ਪੀੜ ਜ਼ਿਆਦਾ ਹੈ, ਫਿਰ ਵੀ ਇਸ ਵਿਅਕਤੀ ਨੂੰ ਦੇਖਣ ਦੇ ਮਾਣ ਨਾਲ਼ ਮੇਰੀ ਪੀੜ ਅਤੇ ਦਰਦ ਕੁਝ ਮੱਠਾ ਪੈ ਜਾਂਦਾ ਹੈ।

ਲਿਓ ਤਾਲਸਤਾਏ ਨੂੰ ‘ਤਾਲਸਤਾਏਵਾਦੀਆਂ’ ਵਿੱਚ ਘਿਰਿਆ ਦੇਖਣਾ ਬਹੁਤ ਅਜੀਬ ਲੱਗਦਾ ਸੀ। ਉਹਨਾਂ ਵਿੱਚ ਖੜੇ ਉਹ ਇੱਕ ਅਜਿਹੇ ਸ਼ਾਨਦਾਰ ਘੰਟਾਘਰ ਵਰਗੇ ਜਾਪਦੇ ਸਨ ਜਿਸਦੀ ਗੂੰਜ ਅਥੱਕ ਰੂਪ ਵਿੱਚ ਪੂਰੀ ਦੁਨੀਆਂ ਵਿੱਚ ਗੂੰਜਦੀ ਰਹਿੰਦੀ ਹੈ, ਜਦਕਿ ਉਸਦੇ ਆਲ਼ੇ-ਦੁਆਲ਼ੇ ਨਿੱਕੇ-ਨਿੱਕੇ ਸਾਵਧਾਨ-ਚੁਕੰਨੇ ਕਤੂਰੇ ਭੱਜਦੇ ਨੱਠਦੇ ਰਹਿੰਦੇ ਹਨ ਤੇ ਘੰਟੇ ਦੀ ਆਵਾਜ਼ ਨਾਲ਼ ਚਊਂ-ਚਊਂ ਕਰਦੇ ਹੋਏ ਇੱਕ ਦੂਜੇ ਵੱਲ ਇਹ ਵੇਖਣ ਲਈ ਟੇਢੇ-ਟੇਢੇ ਝਾਕਦੇ ਰਹਿੰਦੇ ਹਨ ਕਿ ਉਹਨਾਂ ਵਿੱਚੋਂ ਕਿਹੜਾ ਸਭ ਤੋਂ ਵਧੀਆ ਭੌਂਕਿਆ ਹੈ। ਮੈਂ ਹਮੇਸ਼ਾ ਇਹ ਮਹਿਸੂਸ ਕੀਤਾ ਹੈ ਕਿ ਇਹਨਾਂ ਲੋਕਾਂ ਨੇ ਯਾਸਨਾਇਆ ਪੋਲਿਆਨਾ ਵਾਲ਼ੇ ਘਰ ਅਤੇ ਕਾਉਂਟੈਸ ਪਾਨਿਨਾ ਦੇ ਮਹੱਲ ਨੂੰ ਪਖੰਡ, ਬੁਜ਼ਦਿਲੀ, ਸੌਦੇਬਾਜ਼ੀ ਅਤੇ ਉਤਰਾਧਿਕਾਰੀ ਬਣਨ

ਦੀ ਲਾਲਸਾ ਨਾਲ਼ ਭਰ ਦਿੱਤਾ ਹੈ। 'ਤਾਲਸਤਾਏਵਾਦੀਆਂ' ਅਤੇ ਉਹਨਾਂ ਤੀਰਥ ਯਾਤਰੀਆਂ ਵਿਚਕਾਰ ਬਹੁਤ ਸਮਾਨਤਾ ਹੈ ਜਿਹੜੇ ਰੂਸ ਦੇ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਆਪਣੇ ਨਾਲ਼ ਕੁੱਤਿਆਂ ਦੀਆਂ ਹੱਡੀਆਂ ਚੁੱਕੀ ਘੁੰਮਦੇ ਰਹਿੰਦੇ ਹਨ ਜਿਹਨਾਂ ਨੂੰ ਉਹ ਸੰਤ-ਮਹਾਤਮਾ ਲੋਕਾਂ ਦੀਆਂ ਅਸਥੀਆਂ ਦੱਸਦੇ ਹਨ ਅਤੇ ਜਿਹੜੇ "ਮਿਸਰ ਦੇ ਹਨੇਰੇ" ਅਤੇ ਪਵਿੱਤਰ ਮਰੀਅਮ ਦੇ "ਹੰਝੂਆਂ" ਦਾ ਵਪਾਰ ਕਰਦੇ ਹਨ। ਮੈਨੂੰ ਇਹਨਾਂ ਵਿੱਚੋਂ ਇੱਕ ਧਰਮ-ਪੈਰੋਕਾਰ ਅਜੇ ਵੀ ਯਾਦ ਹੈ ਜਿਸਨੇ ਯਾਸਨਾਇਆ ਪੋਲਿਆਨਾ ਵਿੱਚ ਮੁਰਗੀ ਨਾਲ਼ ਹਮਦਰਦੀ ਜਤਾਉਂਦਿਆਂ ਆਂਡਾ ਖਾਣ ਤੋਂ ਇਨਕਾਰ ਕਰ ਦਿੱਤਾ ਸੀ, ਪਰ ਜਿਹੜਾ ਤੁਲਾ ਦੇ ਸਟੇਸ਼ਨ 'ਤੇ ਬੜੇ ਮਜ਼ੇ ਨਾਲ਼ ਮੀਟ ਛਕਦਾ ਹੋਇਆ ਕਹਿ ਰਿਹਾ ਸੀ:

"ਬੁੱਢੜਾ ਬੜੀਆਂ ਵਧਾ-ਚੜ੍ਹਾ ਕੇ ਗੱਲਾਂ ਕਰਦਾ ਹੈ!"

ਇਹਨਾਂ ਸਾਰਿਆਂ ਨੂੰ ਹੌਂਕੇ ਭਰਨਾ, ਇੱਕ-ਦੂਜੇ ਨੂੰ ਚੁੰਮਣਾ ਬਹੁਤ ਪਸੰਦ ਹੈ, ਇਹਨਾਂ ਦੇ ਹੱਥ ਪਸੀਨੇ ਨਾਲ਼ ਤਰ ਤੇ ਬਿਨਾਂ ਹੱਡੀਆਂ ਦੇ ਹਨ ਅਤੇ ਕਪਟੀ ਅੱਖਾਂ ਹਨ। ਪਰ ਨਾਲ਼ ਹੀ ਇਹ ਵਿਵਹਾਰਿਕ ਵੀ ਹਨ, ਆਪਣੇ ਦੁਨੀਆਵੀ ਕੰਮ-ਧੰਦਿਆਂ ਨੂੰ ਬੜੀ ਚਤੁਰਾਈ ਨਾਲ਼ ਨੇਪਰੇ ਚਾੜ੍ਹਦੇ ਹਨ।

ਲਿਓ ਤਾਲਸਤਾਏ ਨਿਸ਼ਚਤ ਤੌਰ 'ਤੇ ਇਹਨਾਂ 'ਤਾਲਸਤਾਏਵਾਦੀਆਂ' ਦੀ ਅਸਲੀਅਤ ਜਾਣਦੇ ਸਨ। ਸੁਲੇਰਜ਼ਿਤਸਕੀ ਵੀ, ਜਿਸ ਨੂੰ ਉਹ ਬਹੁਤ ਪਿਆਰ ਕਰਦੇ ਸਨ ਅਤੇ ਜਿਸਦੀ ਤਾਲਸਤਾਏ ਹਮੇਸ਼ਾ ਨੌਜਵਾਨਾਂ ਵਾਂਗ ਉਤਸ਼ਾਹ ਨਾਲ਼ ਪ੍ਰਸੰਸਾ ਕਰਦੇ ਸਨ, ਇਹਨਾਂ ਲੋਕਾਂ ਨੂੰ ਬਾਖ਼ੂਬੀ ਸਮਝਦੇ ਸਨ। ਯਾਸਨਾਇਆ ਪੋਲਿਆਨਾ ਵਿੱਚ ਇੱਕ ਆਦਮੀ ਸ਼ਾਨਦਾਰ ਭਾਸ਼ਣ-ਕਲਾ ਦਾ ਮੁਜ਼ਾਹਰਾ ਕਰਦਿਆਂ ਇਹ ਦੱਸ ਰਿਹਾ ਸੀ ਕਿ ਤਾਲਸਤਾਏ ਦੇ ਸਿਧਾਂਤਾਂ ਨੂੰ ਅਪਨਾਉਣ ਤੋਂ ਬਾਅਦ ਉਸਦਾ ਜੀਵਨ ਕਿੰਨਾ ਚੰਗਾ ਹੋ ਗਿਆ ਸੀ ਅਤੇ ਉਸਦੀ ਆਤਮਾ ਕਿੰਨੀ ਨਿਰਮਲ-ਪਵਿੱਤਰ ਹੋ ਗਈ ਸੀ। ਤਾਲਸਤਾਏ ਮੇਰੇ ਵੱਲ ਝੁਕੇ ਅਤੇ ਹੌਲ਼ੀ ਜਿਹੇ ਕਿਹਾ:

"ਬਦਮਾਸ਼, ਝੂਠ ਮਾਰ ਰਿਹਾ ਹੈ, ਸਿਰਫ਼ ਮੇਰਾ ਦਿਲ ਖ਼ੁਸ਼ ਕਰਨ ਲਈ..."

ਬਹੁਤ ਲੋਕ ਉਹਨਾਂ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਕਰਦੇ ਸਨ, ਪਰ ਮੈਂ ਕਿਸੇ ਨੂੰ ਵੀ ਇਹ ਕੰਮ ਵਧੀਆ ਢੰਗ ਨਾਲ਼ ਕਰਦੇ ਨਹੀਂ ਵੇਖਿਆ। ਆਪਣੇ ਰਵਾਇਤੀ ਵਿਸ਼ਿਆਂ—ਸਾਰਿਆਂ ਨੂੰ ਮਾਫ਼ ਕਰਨਾ, ਆਪਣੇ ਗੁਆਂਢੀਆਂ ਨੂੰ ਪਿਆਰ ਕਰਨਾ, ਨਵੀਂ ਬਾਈਬਲ ਅਤੇ ਬੁੱਧ ਮੱਤ—ਬਾਰੇ ਉਹ ਮੇਰੇ ਨਾਲ਼ ਲਗਭਗ ਕਦੇ ਵੀ ਕੋਈ ਗੱਲ ਨਹੀਂ ਕਰਦੇ ਸਨ, ਸਪਸ਼ਟ ਹੈ ਕਿ ਉਹ ਜਲਦੀ ਹੀ ਸਮਝ ਗਏ ਸਨ ਕਿ ਇਹ ਗੱਲਾਂ "ਮੇਰੇ ਵਰਗਿਆਂ ਲਈ" ਨਹੀਂ ਹਨ। ਇਸ ਗੱਲ ਲਈ ਮੈਂ ਉਹਨਾਂ ਦੀ ਦਿਲੋਂ ਪ੍ਰਸੰਸਾ ਕਰਦਾ ਹਾਂ।

ਉਹ ਜਦ ਵੀ ਚਾਹੁੰਦੇ ਉਦੋਂ ਖਾਸ ਤੌਰ 'ਤੇ ਮਿੱਠਬੋਲੜੇ, ਹਮਦਰਦ ਅਤੇ ਨਰਮ ਬਣ ਜਾਂਦੇ, ਉਹਨਾਂ ਦੇ ਸ਼ਬਦਾਂ ਵਿੱਚ ਮਨਮੋਹਣੀ ਸਾਦਗੀ ਅਤੇ ਸਜੀਲਾਪਣ ਆ ਜਾਂਦਾ, ਪਰ ਕਦੇ-ਕਦੇ ਉਹਨਾਂ ਦੀਆਂ ਗੱਲਾਂ ਸੁਣਨਾ ਬੜਾ ਤਕਲੀਫਦੇਹ ਅਤੇ ਔਖਾ ਹੋ ਜਾਂਦਾ। ਜਿਸ ਢੰਗ ਨਾਲ਼ ਉਹ ਔਰਤਾਂ ਬਾਰੇ ਗੱਲਾਂ ਕਰਦੇ ਸਨ ਉਹ ਮੈਨੂੰ ਬਿਲਕੁਲ ਵੀ ਪਸੰਦ ਨਹੀਂ ਸੀ,

ਉਸ ਵਿੱਚ ਲੋੜ ਤੋਂ ਵੱਧ ਹੀ "ਆਮ ਲੋਕਾਂ ਵਰਗਾ" ਕੁਝ ਹੁੰਦਾ ਸੀ, ਅਤੇ ਉਹਨਾਂ ਦੇ ਸ਼ਬਦਾਂ ਵਿੱਚ ਕੁਝ ਅਸੁਭਾਵਿਕ, ਕੁਝ ਗੈਰ-ਸੁਹਿਰਦ ਪਰ ਨਾਲ਼ ਹੀ ਬੇਹੱਦ ਵਿਅਕਤੀਗਤ ਹੁੰਦਾ ਸੀ। ਜਾਪਦਾ ਸੀ ਕਿ ਜਿਵੇਂ ਕਦੇ ਉਹਨਾਂ ਦੇ ਦਿਲ ਨੂੰ ਠੇਸ ਪਹੁੰਚਾਈ ਗਈ ਹੋਵੇ ਅਤੇ ਉਹ ਅਜੇ ਵੀ ਆਪਣੀ ਇਸ ਸੱਟ ਨੂੰ ਭੁਲਾ ਨਾ ਸਕੇ ਹੋਣ ਅਤੇ ਨਾ ਹੀ ਮਾਫ਼ ਕਰ ਸਕੇ ਹੋਣ। ਉਹਨਾਂ ਨਾਲ਼ ਮੇਰੀ ਪਹਿਲੀ ਮੁਲਾਕਾਤ ਵਾਲ਼ੀ ਸ਼ਾਮ ਨੂੰ ਉਹ ਮੈਨੂੰ ਆਪਣੇ ਅਧਿਐਨ-ਕਮਰੇ ਵਿੱਚ ਲੈ ਗਏ — ਇਹ ਖਾਮੋਵਨਿਕੀ (ਪੁਰਾਣੇ ਮਾਸਕੋ ਦਾ ਇੱਕ ਹਲਕਾ) ਦੀ ਗੱਲ ਹੈ—ਮੈਨੂੰ ਆਪਣੇ ਸਾਹਮਣੇ ਬਿਠਾ ਲਿਆ ਅਤੇ ਮੇਰੀਆਂ ਕਹਾਣੀਆਂ 'ਵਾਰੇਨਕਾ ਓਲੇਸੋਵਾ' ਅਤੇ 'ਛੱਬੀ ਮਰਦ ਤੇ ਇੱਕ ਕੁੜੀ' ਬਾਰੇ ਚਰਚਾ ਕਰਨ ਲੱਗ ਪਏ। ਉਹਨਾਂ ਦੇ ਗੱਲ ਕਰਨ ਦੇ ਅੰਦਾਜ਼ ਤੋਂ ਮੈਂ ਦੁਖੀ, ਇੱਥੋਂ ਤੱਕ ਕਿ ਪ੍ਰੇਸ਼ਾਨ ਵੀ ਹੋ ਗਿਆ। ਬੇਹੱਦ ਨੰਗੇ ਅਤੇ ਖਰਵ੍ਹੇ ਢੰਗ ਨਾਲ਼ ਉਹਨਾਂ ਨੇ ਮੈਨੂੰ ਇਹ ਗੱਲ ਜਚਾਉਣ ਦੇ ਯਤਨ ਕੀਤੇ ਕਿ ਸੰਗ-ਸ਼ਰਮ ਕਿਸੇ ਸਿਹਤਮੰਦ ਕੁੜੀ ਦਾ ਸੁਭਾਵਿਕ ਲੱਛਣ ਨਹੀਂ ਹੁੰਦਾ।

"ਜੇਕਰ ਕੁੜੀ ਪੰਦਰਾਂ ਸਾਲਾਂ ਤੋਂ ਟੱਪ ਚੁੱਕੀ ਹੈ ਅਤੇ ਸਿਹਤਮੰਦ ਹੈ ਤਾਂ ਉਹ ਚਾਹੁੰਦੀ ਹੈ ਕਿ ਉਸਨੂੰ ਚੁੰਮਿਆ ਜਾਵੇ, ਉਸ ਨਾਲ਼ ਛੇੜ-ਛਾੜ ਕੀਤੀ ਜਾਵੇ। ਉਸਦਾ ਦਿਮਾਗ ਅਜੇ ਉਸ ਚੀਜ਼ ਤੋਂ ਡਰਦਾ ਹੈ ਜਿਹੜੀ ਉਸ ਲਈ ਅਣਜਾਣ ਅਤੇ ਸਮਝ ਤੋਂ ਪਰੇ ਹੁੰਦੀ ਹੈ। ਇਸੇ ਨੂੰ ਲੋਕ ਸ਼ਾਲੀਨਤਾ ਅਤੇ ਸ਼ਰਮ ਕਹਿੰਦੇ ਹਨ। ਪਰ ਉਸਦਾ ਸਰੀਰ ਇਹ ਜਾਣਦਾ ਹੈ ਕਿ ਜੋ ਸਮਝੋਂ ਪਰੇ ਹੈ ਉਹ ਲਾਜ਼ਮੀ ਹੈ, ਜਾਇਜ਼ ਹੈ ਅਤੇ ਉਹ ਦਿਮਾਗ ਜਾਂ ਅਕਲ ਦੀ ਉਲੰਘਣਾ ਕਰਦਿਆਂ ਜਾਇਜ਼ ਦੀ ਪੂਰਤੀ ਦੀ ਮੰਗ ਕਰਦਾ ਹੈ। ਤੁਹਾਡੀ ਵੇਰੇਨਕਾ ਓਲੇਸੋਵਾ ਨੂੰ ਇੱਕ ਸਿਹਤਮੰਦ ਮੁਟਿਆਰ ਵਜੋਂ ਚਿਤਰਿਆ ਗਿਆ ਹੈ, ਪਰ ਉਸਦੀਆਂ ਭਾਵਨਾਵਾਂ ਕਿਸੇ ਰੋਗੀ ਵਰਗੀਆਂ ਹਨ—ਇਹ ਗਲਤ ਹੈ!"

ਇਸਤੋਂ ਬਾਅਦ ਉਹ 'ਛੱਬੀ ਮਰਦ ਅਤੇ ਇੱਕ ਕੁੜੀ' ਕਹਾਣੀ ਬਾਰੇ ਆਪਣੇ ਵਿਚਾਰ ਦੱਸਣ ਲੱਗ ਪਏ ਅਤੇ ਅਜਿਹੀ ਸਾਦਗੀ ਨਾਲ਼ ਇੱਕ ਤੋਂ ਬਾਅਦ ਇੱਕ ਅਸ਼ਲੀਲ ਸ਼ਬਦ ਬੋਲਣ ਲੱਗੇ ਕਿ ਮੈਨੂੰ ਇਹ ਬੇਸ਼ਰਮੀ ਜਿਹੀ ਜਾਪੀ ਅਤੇ ਕੁਝ ਹੱਦ ਤੱਕ ਤਾਂ ਬੁਰਾ ਵੀ ਲੱਗਿਆ। ਮਗਰੋਂ ਮੈਨੂੰ ਇਹ ਗੱਲ ਸਮਝ ਆਈ ਕਿ ਉਹਨਾਂ ਨੇ ਇਹ "ਮਨਾਹੀ ਵਾਲ਼ੇ" ਸ਼ਬਦ ਇਸ ਲਈ ਵਰਤੇ ਸਨ ਕਿਉਂਕਿ ਉਹਨਾਂ ਨੂੰ ਲੱਗਦਾ ਸੀ ਕਿ ਇਹ ਵਧੇਰੇ ਸਟੀਕ ਅਤੇ ਸਿੱਧਾ ਨਿਸ਼ਾਨੇ 'ਤੇ ਲੱਗਣ ਵਾਲ਼ੇ ਹੁੰਦੇ ਹਨ। ਪਰ ਉਸ ਸਮੇਂ ਮੈਨੂੰ ਉਹਨਾਂ ਦੀਆਂ ਗੱਲਾਂ ਬਹੁਤ ਬੁਰੀਆਂ ਲੱਗੀਆਂ ਸਨ। ਮੈਂ ਇਸਦਾ ਵਿਰੋਧ ਨਾ ਕੀਤਾ ਅਤੇ ਅਚਾਨਕ ਹੀ ਉਹ ਬਹੁਤ ਦਿਆਲੂ ਹੋ ਗਏ ਅਤੇ ਮੈਥੋਂ ਮੇਰੀ ਜ਼ਿੰਦਗੀ ਬਾਰੇ, ਸਿੱਖਿਆ ਬਾਰੇ ਅਤੇ ਪੜ੍ਹਨ-ਲਿਖਣ ਬਾਰੇ ਪੁੱਛਗਿੱਛ ਕਰਨ ਲੱਗ ਪਏ।

"ਸੁਣਿਆ ਹੈ ਕਿ ਤੁਸੀਂ ਕਾਫ਼ੀ ਪੜ੍ਹਿਆ ਲਿਖਿਆ ਹੈ, ਕੀ ਇਹ ਸੱਚ ਹੈ ? ਕੀ ਕੋਰੋਲੈਂਕੋ ਸੰਗੀਤਕਾਰ ਹਨ ?"

"ਮੇਰੇ ਖਿਆਲ ਵਿੱਚ ਤਾਂ ਉਹ ਸੰਗੀਤਕਾਰ ਨਹੀਂ ਹਨ। ਪਤਾ ਨਹੀਂ।"

"ਪਤਾ ਨਹੀਂ ? ਤੁਹਾਨੂੰ ਉਹਨਾਂ ਦੀਆਂ ਕਹਾਣੀਆਂ ਚੰਗੀਆਂ ਲੱਗਦੀਆਂ ਨੇ ?"

"ਹਾਂ, ਬਹੁਤ।"

"ਇਹ ਵਖਰੇਵੇਂ ਕਾਰਨ ਹੈ। ਉਹ ਕਵੀ ਹਨ, ਅਤੇ ਤੁਹਾਡੇ ਵਿੱਚ ਕਵੀਆਂ ਵਰਗਾ ਕੁਝ ਵੀ ਨਹੀਂ ਹੈ। ਤੁਸੀਂ ਵਾਲਟਮਾਨ ਨੂੰ ਪੜ੍ਹਿਆ ਹੈ?"

"ਹਾਂ।"

"ਵਧੀਆ ਲੇਖਕ ਹਨ, ਹੈ ਨਾ? ਬੜੇ ਤੇਜ਼, ਨਪੇ-ਤੁਲੇ, ਵਧਾ-ਚੜ੍ਹਾ ਕੇ ਗੱਲ ਨਹੀਂ ਕਰਦੇ। ਕਦੇ-ਕਦੇ ਤਾਂ ਉਹ ਗੋਗੋਲ ਤੋਂ ਵੀ ਵਧੀਆ ਲੱਗਦੇ ਹਨ। ਉਹ ਬਾਲਜ਼ਾਕ ਨੂੰ ਜਾਣਦੇ ਸਨ। ਤੁਹਾਨੂੰ ਪਤੈ, ਗੋਗੋਲ ਮਾਰਲਿੰਸਕੀ ਦੀ ਨਕਲ ਕਰਦੇ ਸਨ।

ਜਦੋਂ ਮੈਂ ਇਹ ਕਿਹਾ ਕਿ ਗੋਗੋਲ ਸ਼ਾਇਦ ਹਾਫ਼ਮਨ, ਸਟੇਰਨ ਅਤੇ ਸ਼ਾਇਦ ਡਿਕਨਜ਼ ਤੋਂ ਪ੍ਰਭਾਵਿਤ ਸਨ ਤਾਂ ਉਹਨਾਂ ਨੇ ਮੇਰੇ ਵੱਲ ਦੇਖਿਆ ਤੇ ਪੁੱਛਿਆ:

"ਇਹ ਤੁਸੀਂ ਕਿੱਥੇ ਪੜ੍ਹਿਆ? ਨਹੀਂ ਪੜ੍ਹਿਆ? ਇਹ ਸੱਚ ਨਹੀਂ ਹੈ। ਮੈਨੂੰ ਨਹੀਂ ਲੱਗਦਾ ਕਿ ਗੋਗੋਲ ਨੇ ਕਦੇ ਡਿਕਨਜ਼ ਨੂੰ ਪੜ੍ਹਿਆ ਹੋਵੇਗਾ। ਪਰ ਤੁਸੀਂ ਸਚਮੁੱਚ ਹੀ ਕਾਫੀ ਕੁਝ ਪੜ੍ਹਿਆ ਹੈ—ਧਿਆਨ ਰੱਖੋ—ਇਹ ਖਤਰਨਾਕ ਗੱਲ ਹੈ। ਕੋਲਤਸੋਵ ਨੇ ਆਪਣੇ ਆਪ ਨੂੰ ਇਸੇ ਤਰ੍ਹਾਂ ਤਬਾਹ ਕਰ ਲਿਆ ਸੀ।"

ਵਿਦਾ ਕਰਦੇ ਹੋਏ ਉਹਨਾਂ ਨੇ ਮੈਨੂੰ ਜੱਫੀ ਪਾਈ, ਚੁੰਮਿਆ ਅਤੇ ਕਿਹਾ:

"ਤੁਸੀਂ ਅਸਲੀ ਮੁਜ਼ੀਕ ਹੋ! ਲੇਖਕਾਂ ਵਿਚਕਾਰ ਤੁਹਾਨੂੰ ਮੁਸ਼ਕਿਲ ਹਾਲਤਾਂ ਦਾ ਸਾਹਮਣਾ ਕਰਨਾ ਪਵੇਗਾ, ਪਰ ਡਰਨਾ ਨਹੀਂ। ਜੋ ਤੁਸੀਂ ਸੋਚਦੇ ਹੋ ਉਹੀ ਕਹੋ, ਕਦੇ ਕੁਝ ਖਰਵ੍ਹਾ ਵੀ ਬੋਲਿਆ ਜਾਵੇ ਤਾਂ ਵੀ ਕੋਈ ਪ੍ਰਵਾਹ ਨਾ ਕਰੋ। ਹੁਸ਼ਿਆਰ ਲੋਕ ਆਪੇ ਸਮਝ ਜਾਣਗੇ।"

ਇਸ ਪਹਿਲੀ ਮੁਲਾਕਾਤ ਨੇ ਮੇਰੇ ਮਨ 'ਤੇ ਦੋ ਤਰ੍ਹਾਂ ਦਾ ਅਸਰ ਪਾਇਆ—ਮੈਨੂੰ ਇਸ ਗੱਲ ਦੀ ਖੁਸ਼ੀ ਅਤੇ ਮਾਣ ਸੀ ਕਿ ਮੈਂ ਤਾਲਸਤਾਏ ਨੂੰ ਮਿਲ਼ਿਆ ਹਾਂ, ਪਰ ਉਹਨਾਂ ਨਾਲ਼ ਹੋਈ ਮੇਰੀ ਗੱਲਬਾਤ ਮੈਨੂੰ ਕਿਸੇ ਪ੍ਰੀਖਿਆ ਵਰਗੀ ਜਾਪੀ ਅਤੇ ਇੰਝ ਜਾਪਦਾ ਸੀ ਕਿ ਮੈਂ 'ਕਜ਼ਾਕ', 'ਮਾਪਦੰਢ', ਅਤੇ 'ਜੰਗ ਤੇ ਅਮਨ' ਦੇ ਲੇਖਕ ਨੂੰ ਨਹੀਂ ਸਗੋਂ ਕਿਸੇ ਅਜਿਹੇ ਭੱਦਰ ਪੁਰਸ਼ ਨੂੰ ਮਿਲ਼ਿਆ ਹਾਂ ਜਿਸਨੇ ਮੇਰੇ ਤੇ ਕ੍ਰਿਪਾ ਕਰਦਿਆਂ ਮੇਰੇ ਨਾਲ਼ "ਲੋਕਾਂ ਦੀ ਸ਼ੈਲੀ" ਵਿੱਚ ਤੇ ਬਜ਼ਾਰੂ ਭਾਸ਼ਾ ਵਿੱਚ ਗੱਲਬਾਤ ਕਰਨਾ ਠੀਕ ਸਮਝਿਆ ਅਤੇ ਇਸ ਚੀਜ਼ ਨੇ ਉਹਨਾਂ ਬਾਰੇ ਮੇਰੀ ਧਾਰਣਾ ਨੂੰ—ਉਸ ਧਾਰਣਾ ਨੂੰ ਥੋੜਾ ਖਰਾਬ ਕਰ ਦਿੱਤਾ ਜਿਸਦਾ ਮੈਂ ਆਦੀ ਸਾਂ ਅਤੇ ਜਿਹੜੀ ਮੈਨੂੰ ਪਿਆਰੀ ਸੀ।

ਦੂਜੀ ਵਾਰ ਮੈਂ ਉਹਨਾਂ ਨੂੰ ਯਾਸਨਾਇਆ ਪੋਲਿਆਨਾ ਵਿਖੇ ਮਿਲ਼ਿਆ। ਇਹ ਪਤਝੜ ਦਾ ਇੱਕ ਰੁੱਖਾ ਜਿਹਾ ਦਿਨ ਸੀ, ਹਲਕੀ ਬੂੰਦਾਬਾਂਦੀ ਹੋ ਰਹੀ ਸੀ, ਉਹਨਾਂ ਨੇ ਊਨੀ ਕੱਪੜੇ ਦਾ ਭਾਰੀ ਓਵਰਕੋਟ ਅਤੇ ਚਮੜੇ ਦੇ ਬੂਟ ਪਹਿਨੇ ਤੇ ਮੈਨੂੰ ਭੋਜ-ਬਿਰਖਾਂ ਦੇ ਝੁਰਮਟ ਵਿੱਚ ਆਪਣੇ ਨਾਲ਼ ਸੈਰ 'ਤੇ ਲੈ ਗਏ। ਉਹ ਨੌਜਵਾਨਾਂ ਵਾਂਗੂੰ ਟੋਇਆਂ ਅਤੇ ਖੱਡਿਆਂ ਨੂੰ ਛਾਲ਼ਾਂ ਮਾਰ ਕੇ ਪਾਰ ਕਰਦੇ, ਟਾਹਣੀਆਂ ਤੋਂ ਡਿੱਗਣ ਵਾਲ਼ੀਆਂ ਮੀਂਹ ਦੀਆਂ ਬੂੰਦਾਂ ਸਾਫ ਕਰਦੇ ਅਤੇ ਬਹੁਤ ਹੀ ਕਮਾਲ ਦੇ ਢੰਗ ਨਾਲ਼ ਦੱਸਦੇ ਰਹੇ ਕਿ ਸ਼ੇਨਸ਼ਿਨ (ਫ਼ੇਤ) ਨੇ ਇਸੇ ਕੁੰਜ ਵਿੱਚ ਉਹਨਾਂ ਨੂੰ ਸ਼ੋਪੇਨਹਾਵਰ ਬਾਰੇ ਸਮਝਾਇਆ ਸੀ। ਉਹ ਬੜੇ ਪਿਆਰ ਨਾਲ਼ ਭੋਜ-ਬਿਰਖਾਂ ਦੇ ਸਿੱਲੇ ਤੇ

ਰੇਸ਼ਮੀ ਤਣਿਆਂ ਨੂੰ ਸਹਿਲਾਉਂਦੇ ਰਹੇ।

"ਪਿੱਛੇ ਜਿਹੇ ਹੀ ਮੈਂ ਕਿਤੇ ਇੱਕ ਕਵਿਤਾ ਪੜ੍ਹੀ:

ਖੁੰਭਾਂ ਤਾਂ ਰਹੀਆਂ ਨਾ ਭਾਵੇਂ
ਖੱਡਾਂ ਵਿੱਚ ਪਰ ਹਾਲੇ ਵੀ
ਵਸੀ ਹੋਈ ਹੈ
ਤਿੱਖੀ ਗੰਧ ਹੀ ਖੁੰਭਾਂ ਦੀ।

ਬਹੁਤ ਖੂਬ, ਬੜਾ ਵਧੀਆ ਨਿਰੀਖਣ ਕੀਤਾ ਹੈ!"

ਅਚਾਨਕ ਸਾਡੇ ਪੈਰਾਂ ਕੋਲੋਂ ਇੱਕ ਖਰਗੋਸ਼ ਭੱਜਦਾ ਹੋਇਆ ਲੰਘਿਆ। ਤਾਲਸਤਾਏ ਨੇ ਛਾਲ਼ ਮਾਰੀ, ਬਹੁਤ ਉਤੇਜਿਤ ਹੋ ਗਏ, ਉਹਨਾਂ ਦੇ ਚਿਹਰੇ 'ਤੇ ਲਾਲੀ ਛਾ ਗਈ ਅਤੇ ਉਹਨਾਂ ਨੇ ਤਜ਼ਰਬੇਕਾਰ ਸ਼ਿਕਾਰੀ ਵਾਂਗੂੰ ਜ਼ੋਰ ਨਾਲ਼ ਹੁੰਗਰ ਮਾਰੀ। ਇਸਤੋਂ ਬਾਅਦ ਅਜਿਹੀ ਮੁਸਕਾਨ ਨਾਲ਼, ਜਿਸਦਾ ਵਰਣਨ ਨਹੀਂ ਕੀਤਾ ਜਾ ਸਕਦਾ, ਮੇਰੇ ਵੱਲ ਦੇਖਿਆ ਅਤੇ ਖਿੜਖਿੜਾ ਕੇ ਹੱਸ ਪਏ। ਉਸ ਪਲ ਤਾਂ ਉਹ ਲਾਜਵਾਬ ਲੱਗ ਰਹੇ ਸਨ।

ਦੂਜੀ ਵਾਰ, ਉਸੇ ਪਾਰਕ ਵਿੱਚ, ਉਹ ਕਿਸੇ ਸ਼ਿਕਰੇ ਵੱਲ ਦੇਖਣ ਲੱਗ ਪਏ। ਸ਼ਿਕਰਾ ਪਸ਼ੂਆਂ ਦੇ ਅਹਾਤੇ ਉੱਤੇ ਮੰਡਰਾ ਰਿਹਾ ਸੀ। ਉਹ ਉੱਪਰ ਚੱਕਰ ਕੱਟ ਰਿਹਾ ਸੀ, ਫਿਰ ਆਪਣੇ ਖੰਭਾਂ ਨੂੰ ਥੋੜਾ ਜਿਹਾ ਹਿਲਾਉਂਦਿਆਂ ਹਵਾ ਵਿੱਚ ਹੀ ਠਹਿਰ ਜਾਂਦਾ ਅਤੇ ਇੰਜ ਜਾਪਦਾ ਜਿਵੇਂ ਸੋਚ ਰਿਹਾ ਹੋਵੇ ਕਿ ਸ਼ਿਕਾਰ 'ਤੇ ਹੁਣੇ ਝਪਟਿਆ ਜਾਵੇ ਜਾਂ ਥੋੜੀ ਦੇਰ ਉਡੀਕ ਕਰ ਲਈ ਜਾਵੇ। ਤਾਲਸਤਾਏ ਪੂਰੀ ਤਰ੍ਹਾਂ ਚੌਕੰਨੇ ਹੋ ਗਏ, ਹੱਥ ਨਾਲ਼ ਆਪਣੀਆਂ ਅੱਖਾਂ 'ਤੇ ਛਾਂ ਕੀਤੀ ਅਤੇ ਘਬਰਾਹਟ ਵਿੱਚ ਬੁੜਬੁੜ ਕਰਨ ਲੱਗ ਪਏ:

"ਬਦਮਾਸ਼, ਆਪਣੇ ਚੂਚਿਆਂ ਪਿੱਛੇ ਪਿਆ ਹੈ! ਦੇਖੋ, ਹੁਣੇ... ਹੁਣੇ ਝਪੱਟਾ ਮਾਰਨ ਹੀ ਲੱਗਿਆ ਹੈ...ਓਹ ਇਹ ਡਰ ਰਿਹਾ ਹੈ! ਸ਼ਾਇਦ ਕੋਚਵਾਨ ਹੈ ਉੱਥੇ... ਉਸਨੂੰ ਦੱਸਣਾ ਚਾਹੀਦਾ ਹੈ!"

ਅਤੇ ਉਹਨਾਂ ਨੇ ਕੋਚਵਾਨ ਨੂੰ ਹਾਕ ਮਾਰੀ। ਜਦੋਂ ਉਹਨਾਂ ਨੇ ਚੀਕ ਮਾਰੀ ਤਾਂ ਸ਼ਿਕਰਾ ਡਰ ਗਿਆ ਅਤੇ ਪਰ੍ਹੇ ਉੱਡ ਗਿਆ। ਤਾਲਸਤਾਏ ਨੇ ਸੁੱਖ ਦਾ ਸਾਹ ਲਿਆ ਅਤੇ ਫਿਰ ਖੁਦ ਨੂੰ ਹੀ ਡਾਂਟਦੇ ਹੋਏ ਕਿਹਾ: "ਮੈਨੂੰ ਚੀਕਣਾ ਨਹੀਂ ਚਾਹੀਦਾ ਸੀ, ਵੈਸੇ ਵੀ ਉਸਨੇ ਚਲੇ ਹੀ ਜਾਣਾ ਸੀ..."

ਇੱਕ ਵਾਰ ਉਹਨਾਂ ਨਾਲ਼ ਤਿਫਲਸ ਬਾਰੇ ਗੱਲ ਕਰਦਿਆਂ ਮੈਂ ਵ. ਵ. ਫ਼ਲੇਰੋਵਸਕੀ-ਬੇਰਵੀ ਦਾ ਜ਼ਿਕਰ ਕੀਤਾ।

"ਤੁਸੀਂ ਉਹਨਾਂ ਨੂੰ ਜਾਣਦੇ ਹੋ?" ਤਾਲਸਤਾਏ ਨੇ ਬੜੀ ਉਤਸਕਤਾ ਨਾਲ਼ ਪੁੱਛਿਆ, "ਮੈਨੂੰ ਉਹਨਾਂ ਬਾਰੇ ਕੁਝ ਦੱਸੋ।"

ਮੈਂ ਉਹਨਾਂ ਨੂੰ ਦੱਸਣਾ ਸ਼ੁਰੂ ਕੀਤਾ ਕਿ ਫ਼ਲੇਰੋਵਸਕੀ ਲੰਮੀ ਦਾਹੜੀ ਤੇ ਵੱਡੀਆਂ-

ਵੱਡੀਆਂ ਅੱਖਾਂ ਵਾਲ਼ੇ ਉੱਚੇ-ਲੰਮੇ ਕੱਦ ਦੇ ਇਨਸਾਨ ਸਨ। ਅਤੇ ਕਿਵੇਂ ਉਹ ਇੱਕ ਲੰਮਾ ਕੱਪੜੇ ਦਾ ਚੋਗਾ ਪਹਿਨ ਕੇ, ਬੈਲਟ ਨਾਲ਼ ਲਾਲ ਸ਼ਰਾਬ ਵਿੱਚ ਉੱਬਲ਼ੇ ਹੋਏ ਚੌਲ਼ਾਂ ਦੀ ਪੋਟਲੀ ਬੰਨ ਕੇ ਅਤੇ ਹੱਥ ਵਿੱਚ ਇੱਕ ਵੱਡੀ ਛਤਰੀ ਫੜ ਕੇ ਮੇਰੇ ਨਾਲ਼ ਕਾਕੇਸ਼ੀਆ ਪਾਰ ਦੀਆਂ ਪਹਾੜੀ ਪਗਡੰਡੀਆਂ ਉੱਤੇ ਘੁੰਮਦੇ ਰਹੇ ਸਨ, ਕਿ ਕਿਵੇਂ ਇੱਕ ਵਾਰ ਤੰਗ ਰਾਸਤੇ ’ਤੇ ਇੱਕ ਜੰਗਲ਼ੀ ਬੈਲ ਸਾਡੇ ਸਾਹਮਣੇ ਆ ਗਿਆ ਸੀ, ਕਿਵੇਂ ਖੁੱਲ੍ਹੀ ਛਤਰੀ ਨਾਲ਼ ਉਸ ਗੁੱਸੇਖੋਰ ਜਾਨਵਰ ਨੂੰ ਡਰਾਉਂਦੇ ਹੋਏ ਅਤੇ ਖੱਡ ਵਿੱਚ ਡਿੱਗਣ ਦਾ ਖਤਰਾ ਮੁੱਲ ਲੈ ਕੇ ਅਸੀਂ ਉਸਤੋਂ ਆਪਣਾ ਪਿੱਛਾ ਛੁਡਾਇਆ ਸੀ। ਅਚਾਨਕ ਮੈਨੂੰ ਤਾਲਸਤਾਏ ਦੀਆਂ ਅੱਖਾਂ ਵਿੱਚ ਹੰਝੂ ਦਿਖਾਈ ਦਿੱਤੇ, ਮੈਂ ਪ੍ਰੇਸ਼ਾਨ ਜਿਹਾ ਹੋ ਕੇ ਚੁੱਪ ਕਰ ਗਿਆ।

“ਫ਼ਿਕਰ ਨਾ ਕਰੋ, ਆਪਣੀ ਗੱਲ ਜਾਰੀ ਰੱਖੋ! ਇਹ ਤਾਂ ਇੱਕ ਚੰਗੇ ਆਦਮੀ ਬਾਰੇ ਸੁਣਨ ਦੀ ਖੁਸ਼ੀ ਵਿੱਚ ਨਿਕਲ਼ੇ ਹੰਝੂ ਹਨ। ਕਿੰਨੇ ਦਿਲਚਸਪ ਆਦਮੀ ਹਨ। ਮੈਂ ਇਸੇ ਰੂਪ ਵਿੱਚ ਉਹਨਾਂ ਦੀ ਕਲਪਨਾ ਕੀਤੀ ਸੀ, ਹੋਰਾਂ ਲੋਕਾਂ ਤੋਂ ਬਹੁਤ ਅਲੱਗ। ਗਰਮ ਧੜੇ ਵਾਲ਼ੇ ਲੇਖਕਾਂ ਵਿੱਚੋਂ ਉਹ ਸਭ ਤੋਂ ਜ਼ਿਆਦਾ ਸਮਝਦਾਰ ਅਤੇ ਪ੍ਰੌੜ ਹਨ। ਉਹਨਾਂ ਦੀ ਕਿਤਾਬ ‘ਮੁੱਢਲਾ ਗਿਆਨ’ ਵਿੱਚ ਬਹੁਤ ਵਧੀਆ ਢੰਗ ਨਾਲ਼ ਇਹ ਦੱਸਿਆ ਗਿਆ ਹੈ ਕਿ ਸਾਡੀ ਸਾਰੀ ਸੱਭਿਅਤਾ ਬਰਬਰ ਹੈ, ਜਦਕਿ ਸੱਭਿਆਚਾਰ ਸ਼ਾਤੀਪੂਰਨ ਕਬੀਲਿਆਂ ਦਾ ਤੇ ਕਮਜ਼ੋਰਾਂ ਦਾ ਕੰਮ ਹੈ, ਤਕੜਿਆਂ ਦਾ ਨਹੀਂ, ਅਤੇ ਕਿ ਜਿਉਂਦੇ ਰਹਿਣ ਦਾ ਸੰਘਰਸ਼ ਇੱਕ ਝੂਠ ਹੈ, ਜਿਹੜਾ ਕਿ ਬੁਰਾਈ ਨੂੰ ਸਹੀ ਸਿੱਧ ਕਰਨ ਲਈ ਘੜਿਆ ਗਿਆ ਹੈ। ਕੋਈ ਸ਼ੱਕ ਨਹੀਂ ਕਿ ਤੁਸੀਂ ਇਸ ਨਾਲ਼ ਸਹਿਮਤ ਨਹੀਂ ਹੋਵੋਗੇ। ਪਰ ਦਾਦੇਤ ਸਹਿਮਤ ਹਨ, ਉਹਨਾਂ ਦੀ ‘ਪਾਲ ਆਸਟਿਅਰ’ ਯਾਦ ਹੈ ਨਾ?”

“ਪਰ ਫਿਰ ਆਪਾਂ, ਮਿਸਾਲ ਵਜੋਂ ਯੂਰਪ ਦੇ ਇਤਿਹਾਸ ਵਿੱਚ ਨਾਰਮਨਾਂ ਦੀ ਭੂਮਿਕਾ ਦਾ ਫ਼ਲੇਰੋਵਸਕੀ ਦੇ ਸਿਧਾਂਤ ਨਾਲ਼ ਤਾਲਮੇਲ ਕਿਵੇਂ ਬਿਠਾਵਾਂਗੇ?”

“ਨਾਰਮਨ—ਇਹ ਅਲੱਗ ਚੀਜ਼ ਹੈ।”

ਜਦੋਂ ਉਹਨਾਂ ਕੋਲ਼ ਕੋਈ ਜਵਾਬ ਨਾ ਹੁੰਦਾ ਤਾਂ ਉਹ ਹਮੇਸ਼ਾ ਇਹੀ ਕਹਿੰਦੇ ਸਨ: “ਇਹ ਅਲੱਗ ਚੀਜ਼ ਹੈ।”

ਮੈਂ ਹਮੇਸ਼ਾ ਇਹ ਮਹਿਸੂਸ ਕੀਤਾ ਹੈ—ਅਤੇ ਮੇਰੇ ਖਿਆਲ ਵਿੱਚ ਮੈਂ ਗਲਤ ਵੀ ਨਹੀਂ ਹਾਂ— ਕਿ ਤਾਲਸਤਾਏ ਨੂੰ ਸਾਹਿਤ ਬਾਰੇ ਵਿਚਾਰ-ਵਟਾਂਦਰਾ ਕਰਨਾ ਬਹੁਤਾ ਪਸੰਦ ਨਹੀਂ ਸੀ, ਪਰ ਲੇਖਕ ਦੇ ਵਿਅਕਤੀਤਵ ਵਿੱਚ ਉਹਨਾਂ ਨੂੰ ਡੂੰਘੀ ਦਿਲਚਸਪੀ ਹੁੰਦੀ ਸੀ। “ਤੁਸੀਂ ਉਹਨਾਂ ਨੂੰ ਜਾਣਦੇ ਹੋ?, ਕਿਹੋ ਜਿਹੇ ਇਨਸਾਨ ਹਨ?, ਉਹਨਾਂ ਦਾ ਜਨਮ ਕਿੱਥੇ ਹੋਇਆ?” ਅਜਿਹੇ ਸਵਾਲ ਉਹਨਾਂ ਦੇ ਮੂੰਹੋਂ ਮੈਂ ਅਕਸਰ ਹੀ ਸੁਣੇ ਹਨ। ਅਤੇ ਉਹਨਾਂ ਦੀ ਚਰਚਾ ਅਕਸਰ ਹੀ ਉਸ ਵਿਅਕਤੀ ਦੀ ਸਖਸ਼ੀਅਤ ਦਾ ਕੋਈ ਖਾਸ ਪੱਖ ਸਾਹਮਣੇ ਲੈ ਆਉਂਦੀ ਸੀ।

ਵ. ਗ. ਕੋਰੋਲੈਂਕੋ ਬਾਰੇ ਉਹਨਾਂ ਨੇ ਸੋਚਦੇ ਹੋਏ ਕਿਹਾ:

“ਉਹ ਯੂਕਰੇਨੀ ਹਨ, ਅਤੇ ਇਸ ਲਈ ਸਾਡੇ ਰੂਸੀਆਂ ਦੇ ਜੀਵਨ ਨੂੰ ਸਾਡੇ ਨਾਲ਼ੋਂ ਵਧੇਰੇ

ਸਪਸ਼ਟਤਾ ਨਾਲ਼ ਤੇ ਬਿਹਤਰ ਢੰਗ ਨਾਲ਼ ਦੇਖਣ ਦੇ ਯੋਗ ਹੋਣੇ ਚਾਹੀਦੇ ਹਨ।"

ਚੈਖ਼ਵ ਬਾਰੇ, ਜਿਹਨਾਂ ਨੂੰ ਉਹ ਬਹੁਤ ਕੋਮਲਤਾ ਨਾਲ਼ ਪਿਆਰ ਕਰਦੇ ਸਨ, ਉਹਨਾਂ ਨੇ ਕਿਹਾ ਸੀ: "ਡਾਕਟਰੀ ਨੇ ਉਹਨਾਂ ਨੂੰ ਤਬਾਹ ਕਰ ਦਿੱਤਾ ਹੈ, ਜੇਕਰ ਉਹ ਡਾਕਟਰ ਨਾ ਹੁੰਦੇ ਤਾਂ ਹੋਰ ਵੀ ਵਧੀਆ ਲਿਖਦੇ।"

ਇੱਕ ਹੋਰ ਨੌਜਵਾਨ ਲੇਖਕ ਬਾਰੇ: "ਉਹ ਅੰਗਰੇਜ਼ ਬਣਨ ਦੀ ਕੋਸ਼ਿਸ਼ ਕਰਦਾ ਹੈ ਅਤੇ ਮਾਸਕੋ ਦੇ ਲੋਕ ਇਸ ਕੰਮ ਵਿੱਚ ਬਹੁਤੇ ਚੰਗੇ ਨਹੀਂ ਹਨ।"

ਮੈਨੂੰ ਉਹਨਾਂ ਨੇ ਕਈ ਵਾਰ ਇਹ ਗੱਲ ਆਖੀ: "ਤੁਸੀਂ ਰੋਮਾਂਟਿਕ ਸੁਭਾਅ ਦੇ ਹੋ। ਤੁਹਾਡੇ ਕੁਬਾਲਦਾ ਅਤੇ ਬਾਕੀ ਹੋਰ ਪਾਤਰ ਪੂਰੀ ਤਰ੍ਹਾਂ ਮਨਘੜਤ ਹਨ।"

ਮੈਂ ਕਿਹਾ ਕਿ ਕੁਬਾਲਦਾ ਤਾਂ ਇੱਕ ਜਿਉਂਦਾ-ਜਾਗਦਾ ਆਦਮੀ ਹੈ।

"ਤਾਂ ਦੱਸੋ ਫਿਰ, ਤੁਸੀਂ ਉਸਨੂੰ ਕਿੱਥੇ ਮਿਲ਼ੇ ਸੀ ?"

ਕਜ਼ਾਨ ਸ਼ਹਿਰ ਦੀ ਕਚਿਹਰੀ ਵਿੱਚ, ਕਲੋਨਤਾਯੇਵ ਦੇ ਦਫਤਰ ਵਿੱਚ ਵਾਪਰੀ ਘਟਨਾ ਬਾਰੇ ਸੁਣ ਕੇ, ਜਿੱਥੇ ਮੈਂ ਆਪਣੇ ਪਾਤਰ ਕੁਬਾਲਦਾ ਨੂੰ ਪਹਿਲੀ ਵਾਰ ਮਿਲ਼ਿਆ ਸੀ, ਉਹ ਬਹੁਤ ਖੁਸ਼ ਹੋਏ।

"ਕੁਲੀਨ, ਕੁਲੀਨ—ਇਹੀ ਤਾਂ ਹੈ!" ਉਹਨਾਂ ਨੇ ਹੱਸਦਿਆਂ ਅਤੇ ਆਪਣੇ ਹੰਝੂ ਪੋਂਚਦਿਆਂ ਕਿਹਾ। "ਪਰ ਬੜਾ ਖੁਸ਼ਮਿਜ਼ਾਜ਼ ਤੇ ਦਿਲਚਸਪ ਆਦਮੀ ਹੈ! ਤੁਸੀਂ ਲਿਖਣ ਨਾਲ਼ੋਂ ਕਹਾਣੀ ਸੁਣਾਉਂਦੇ ਜ਼ਿਆਦਾ ਵਧੀਆ ਹੋ। ਤੁਸੀਂ ਰੋਮਾਂਟਿਕ ਹੋ, ਮਨ ਨਾਲ਼ ਗੱਲਾਂ ਘੜਨ ਵਾਲ਼ੇ, ਤੁਹਾਨੂੰ ਇਹ ਗੱਲ ਮੰਨ ਹੀ ਲੈਣੀ ਚਾਹੀਦੀ ਹੈ।"

ਮੈਂ ਕਿਹਾ ਕਿ ਲੋਕਾਂ ਨੂੰ ਉਸ ਰੂਪ ਵਿੱਚ ਪੇਸ਼ ਕਰਦੇ ਹੋਏ, ਜਿਸ ਰੂਪ ਵਿੱਚ ਲੇਖਕ ਉਹਨਾਂ ਨੂੰ ਦੇਖਣਾ ਚਾਹੁੰਦਾ ਹੈ, ਹਰ ਲੇਖਕ ਕੁਝ ਹੱਦ ਤੱਕ ਕਈ ਗੱਲਾਂ ਆਪਣੇ ਕੋਲੋਂ ਹੀ ਜੋੜ ਲੈਂਦਾ ਹੈ। ਮੈਂ ਇਹ ਵੀ ਕਿਹਾ ਕਿ ਮੈਨੂੰ ਸਰਗਰਮ ਲੋਕ ਜ਼ਿਆਦਾ ਪਸੰਦ ਹਨ, ਜਿਹੜੇ ਆਪਣੀਆਂ ਸਾਰੀਆਂ ਸ਼ਕਤੀਆਂ ਨਾਲ਼, ਇੱਥੋਂ ਤੱਕ ਕਿ ਹਿੰਸਾ ਨਾਲ਼ ਵੀ, ਜੀਵਨ ਵਿਚਲੀਆਂ ਬੁਰਾਈਆਂ ਦਾ ਟਾਕਰਾ ਕਰਦੇ ਹਨ।"

"ਪਰ ਹਿੰਸਾ ਤਾਂ ਖੁਦ ਸਭ ਤੋਂ ਵੱਡੀ ਬੁਰਾਈ ਹੈ!" ਮੇਰੀ ਬਾਂਹ ਫੜ ਕੇ ਉਹ ਚੀਖ ਪਏ। "ਤੁਸੀਂ ਇਸਤੋਂ ਕਿਵੇਂ ਪੱਲਾ ਛੁਡਾਓਗੇ, ਲੇਖਕ ਸਾਹਿਬ! ਤੁਹਾਡੀ 'ਮੇਰਾ ਸਹਿ-ਯਾਤਰੀ' ਕਹਾਣੀ ਹੈ—ਇਹ ਮਨਘੜਤ ਨਹੀਂ ਹੈ, ਵਧੀਆ ਹੈ, ਕਿਉਂਕਿ ਘੜੀ ਹੋਈ ਨਹੀਂ ਹੈ। ਪਰ ਜਦੋਂ ਤੁਸੀਂ ਸੋਚਣਾ ਸ਼ੁਰੂ ਕਰਦੇ ਹੋ ਤਾਂ ਤੁਹਾਡੇ ਸਾਰੇ ਪਾਤਰ ਅਮਾਂਦਿਸ ਅਤੇ ਸੇਗਫ਼ਰੇਦ ਵਰਗੇ ਸੂਰਮੇ ਹੀ ਬਣਦੇ ਹਨ..."

ਮੈਂ ਕਿਹਾ ਕਿ ਜਦੋਂ ਤੱਕ ਆਪਾਂ ਪੂਰੀ ਤਰ੍ਹਾਂ ਬਣ-ਮਾਨਸਾਂ ਵਰਗੇ 'ਸਹਿ-ਯਾਤਰੀਆਂ' ਨਾਲ਼ ਘਿਰੇ ਹੋਏ ਹਾਂ, ਉਦੋਂ ਤੱਕ ਆਪਾਂ ਆਪਣਾ ਹਰ ਨਿਰਮਾਣ ਕੱਚੀ ਨੀਂਹ ਅਤੇ ਦੁਸ਼ਮਣਾਨਾ ਵਾਤਾਵਰਣ ਵਿੱਚ ਹੀ ਕਰਨ ਲਈ ਮਜ਼ਬੂਰ ਹਾਂ।

ਉਹਨਾਂ ਨੇ ਗੁਟਕਦਿਆਂ ਤੇ ਮੁਸਕਰਾਉਂਦਿਆਂ ਮੈਨੂੰ ਕੂਹਣੀ ਮਾਰੀ।

"ਇਸ ਗੱਲ ਤੋਂ ਤਾਂ ਬਹੁਤ, ਬਹੁਤ ਖਤਰਨਾਕ ਨਤੀਜੇ ਕੱਢੇ ਜਾ ਸਕਦੇ ਹਨ। ਤੁਸੀਂ ਸੱਚੇ

ਸਮਾਜਵਾਦੀ ਨਹੀਂ ਹੋ। ਰੋਮਾਂਟਿਕ ਹੋ, ਅਤੇ ਰੋਮਾਂਟਿਕ ਲੋਕਾਂ ਨੂੰ ਰਾਜਤੰਤਰਵਾਦੀ ਹੀ ਹੋਣਾ ਚਾਹੀਦਾ ਹੈ, ਜਿਵੇਂ ਕਿ ਉਹ ਹਮੇਸ਼ਾ ਹੀ ਰਹੇ ਹਨ।"

"ਤੇ ਹਿਊਗੋ ਬਾਰੇ ਕੀ ਖਿਆਲ ਹੈ?"

"ਵਿਕਟਰ ਹਿਊਗੋ ਅਲੱਗ ਗੱਲ ਹੈ। ਮੈਨੂੰ ਉਹ ਪਸੰਦ ਨਹੀਂ — ਬਹੁਤ ਰੌਲ਼ਾ ਪਾਉਂਦੇ ਹਨ।"

ਉਹ ਅਕਸਰ ਮੈਨੂੰ ਇਹ ਪੁੱਛਦੇ ਕਿ ਮੈਂ ਕੀ ਪੜ੍ਹ ਰਿਹਾ ਹਾਂ ਅਤੇ ਹਮੇਸ਼ਾ ਹੀ ਕਿਤਾਬਾਂ ਦੀ ਗਲਤ ਚੋਣ ਲਈ (ਉਹਨਾਂ ਦੇ ਹਿਸਾਬ ਨਾਲ਼) ਮੈਨੂੰ ਝਾੜ ਪਾਉਂਦੇ।

"ਗਿੱਬਨ — ਉਹ ਤਾਂ ਕੋਸਤੋਮਾਰੋਵ ਤੋਂ ਵੀ ਬੁਰੇ ਲੇਖਕ ਹਨ। ਤੁਹਾਨੂੰ ਮੋਮਸੇਨ ਦੀਆਂ ਲਿਖਤਾਂ ਪੜ੍ਹਨੀਆਂ ਚਾਹੀਦੀਆਂ ਹਨ — ਬਹੁਤ ਅਕਾਊ ਹਨ, ਪਰ ਬੜੇ ਠੋਸ ਲੇਖਕ ਹਨ।"

ਇਹ ਜਾਣ ਕੇ ਕਿ ਮੈਂ ਜਿਹੜੀ ਪਹਿਲ ਕਿਤਾਬ ਪੜ੍ਹੀ ਸੀ ਉਹ *Les Frères Zemganno* ('ਜ਼ੇਮਗਾਨੋ ਭਰਾ') ਸੀ, ਉਹ ਭੜਕ ਪਏ।

"ਆਹ ਗੱਲ ਹੈ — ਇਹ ਤਾਂ ਬਹੁਤ ਮੂਰਖਤਾਪੂਰਣ ਨਾਵਲ ਹੈ! ਇਸੇ ਨੇ ਤੁਹਾਨੂੰ ਵਿਗਾੜਿਆ ਹੈ। ਫਰਾਂਸ ਵਿੱਚ ਸਿਰਫ਼ ਤਿੰਨ ਹੀ ਲੇਖਕ ਹਨ — ਸਤੇਂਧਾਲ, ਬਾਲਜ਼ਾਕ ਅਤੇ ਫ਼ਲਾਬੇਅਰ — ਹਾਂ, ਮੋਪਾਸਾਂ ਨੂੰ ਵੀ ਗਿਣਿਆ ਜਾ ਸਕਦਾ ਹੈ, ਪਰ ਚੈਖ਼ਵ ਉਹਨਾਂ ਨਾਲ਼ੋਂ ਜ਼ਿਆਦਾ ਵਧੀਆ ਹਨ। ਗੋਨਕੋਰਟ ਤਾਂ ਨਿਰੇ ਮਸਖ਼ਰੇ ਹਨ, ਗੰਭੀਰ ਹੋਣ ਦਾ ਨਾਟਕ ਕਰਦੇ ਹਨ। ਉਹਨਾਂ ਨੇ ਆਪਣੇ ਵਰਗੇ ਹੀ ਮਨਘੜਤ ਗੱਲਾਂ ਲਿਖਣ ਵਾਲ਼ਿਆਂ ਦੀਆਂ ਕਿਤਾਬਾਂ ਤੋਂ ਹੀ ਜ਼ਿੰਦਗੀ ਨੂੰ ਸਮਝਿਆ ਹੈ ਅਤੇ ਇਹ ਮੰਨ ਲਿਆ ਕਿ ਉਹ ਬਹੁਤ ਗੰਭੀਰ ਕੰਮ ਕਰ ਰਹੇ ਹਨ। ਪਰ ਕਿਸੇ ਨੂੰ ਵੀ ਉਹਨਾਂ ਦੀਆਂ ਲਿਖਤਾਂ ਦੀ ਲੋੜ ਨਹੀਂ ਹੈ।"

ਮੈਂ ਉਹਨਾਂ ਦੀ ਇਸ ਗੱਲ ਨਾਲ਼ ਸਹਿਮਤ ਨਹੀਂ ਸਾਂ, ਅਤੇ ਇਸ ਨਾਲ਼ ਤਾਲਸਤਾਏ ਖਿਝ ਗਏ। ਉਹ ਆਪਣੀ ਗੱਲ ਦਾ ਖੰਡਨ ਬਰਦਾਸ਼ਤ ਨਹੀਂ ਕਰ ਸਕਦੇ ਸਨ, ਅਤੇ ਕਦੇ-ਕਦੇ ਤਾਂ ਉਹਨਾਂ ਦੀ ਦਲੀਲਬਾਜ਼ੀ ਬੜਾ ਹੀ ਅਜੀਬ ਅਤੇ ਸਨਕੀ ਜਿਹਾ ਰੂਪ ਧਾਰ ਲੈਂਦੀ ਸੀ।

"ਪਤਨ ਜਿਹੀ ਕੋਈ ਚੀਜ਼ ਨਹੀਂ ਹੁੰਦੀ," ਉਹਨਾਂ ਨੇ ਕਿਹਾ, "ਇਤਾਲਵੀ ਲੋਮਬਰੋਜ਼ੋ ਦੀ ਇਹ ਬਸ ਇੱਕ ਕਾਢ ਹੈ ਅਤੇ ਯਹੂਦੀ ਨੋਰਦਾਊ ਨੇ ਤੋਤੇ ਵਾਂਗ ਇਸਦੀ ਰਟ ਲਗਾਈ ਰੱਖੀ। ਇਟਲੀ ਬਹਿਰੂਪੀਏ ਅਤੇ ਜਾਂਬਾਜ ਲੋਕਾਂ ਦੀ ਧਰਤੀ ਹੈ—ਉੱਥੇ ਬਸ ਅਰੇਤੀਨੋ, ਕਾਜ਼ਾਨੋਵਾ ਤੇ ਕਾਗਲੀਓਸਤਰੋ ਵਰਗੇ ਲੋਕ ਹੀ ਪੈਦਾ ਹੋਏ ਹਨ।"

"ਪਰ ਗੈਰੀਬਾਲਡੀ?"

"ਉਹ ਰਾਜਨੀਤੀ ਹੈ, ਅਲੱਗ ਚੀਜ਼ ਹੈ।"

ਰੂਸ ਦੇ ਵਪਾਰੀ ਪਰਿਵਾਰਾਂ ਦੇ ਇਤਿਹਾਸ ਦੇ ਆਧਾਰ 'ਤੇ ਪੇਸ਼ ਕੀਤੇ ਗਏ ਅਨੇਕਾਂ ਤੱਥਾਂ ਨੂੰ ਸੁਣਨ ਤੋਂ ਬਾਅਦ ਉਹਨਾਂ ਨੇ ਕਿਹਾ: "ਇਸ ਸਹੀ ਨਹੀਂ ਹੈ, ਇਹ ਸਭ ਕੁਝ ਸ਼ਰਾਰਤੀ ਕਿਤਾਬਾਂ ਵਿੱਚ ਹੀ ਲਿਖਿਆ ਹੈ..."

ਮੈਂ ਉਹਨਾਂ ਨੂੰ ਆਪਣੀ ਜਾਣ-ਪਛਾਣ ਦੇ ਇੱਕ ਵਪਾਰੀ ਪਰਿਵਾਰ ਦੀ ਤਿੰਨ ਪੀੜੀਆਂ

ਦੀ ਕਹਾਣੀ ਸੁਣਾਈ, ਅਜਿਹੀ ਕਹਾਣੀ ਜਿਸ ਵਿੱਚ ਪਤਨ ਦਾ ਨਿਯਮ ਬੜੀ ਬੇਫਿਕਰੀ ਨਾਲ਼ ਆਪਣਾ ਰੰਗ ਦਿਖਾਉਂਦਾ ਹੈ। ਉਤੇਜਨਾ ਵਿੱਚ ਮੇਰੀ ਕਮੀਜ਼ ਦੀ ਬਾਂਹ ਫੜ ਕੇ ਉਹ ਕਹਿਣ ਲੱਗੇ:

"ਇਹ ਸਹੀ ਹੈ! ਇਹ ਮੈਂ ਜਾਣਦਾ ਹਾਂ — ਤੁਲਾ ਵਿੱਚ ਵੀ ਅਜਿਹੇ ਦੋ ਪਰਿਵਾਰ ਹਨ। ਇਹ ਉਹ ਚੀਜ਼ ਹੈ ਜਿਸ ਬਾਰੇ ਤੁਹਾਨੂੰ ਲਿਖਣਾ ਚਾਹੀਦਾ ਹੈ। ਸੰਖੇਪ ਵਿੱਚ ਇੱਕ ਵੱਡਾ ਨਾਵਲ ਲਿਖਣਾ ਚਾਹੀਦਾ ਹੈ, ਮੇਰੀ ਗੱਲ ਸਮਝ ਆਈ ? ਲਿਖਣਾ ਹੀ ਚਾਹੀਦਾ ਹੈ!"

ਅਤੇ ਉਹਨਾਂ ਦੀਆਂ ਅੱਖਾਂ ਉਤਸ਼ਾਹ ਨਾਲ਼ ਚਮਕ ਉੱਠੀਆਂ।

"ਪਰ ਉਹਨਾਂ ਵਿੱਚ ਕੁਝ ਸੂਰਮਾ ਵੀ ਹੋਣਗੇ, ਲਿਓ ਤਾਲਸਤਾਏ।"

"ਨਹੀਂ, ਅਜਿਹਾ ਕੁਝ ਨਹੀਂ! ਇਹ ਬੜਾ ਗੰਭੀਰ ਮਸਲਾ ਹੈ। ਉਹ ਜਿਹੜਾ ਸਾਰੇ ਪਰਿਵਾਰ ਵਾਸਤੇ ਪ੍ਰਾਰਥਨਾ ਕਰਨ ਲਈ ਸਾਧੂ ਬਣਕੇ ਮੱਠ ਵਿੱਚ ਚਲੇ ਜਾਂਦਾ ਹੈ — ਉਹ ਤਾਂ ਬਹੁਤ ਹੀ ਸ਼ਾਨਦਾਰ ਹੈ। ਇਹ ਅਸਲੀ ਜੀਵਨ ਹੈ। ਤੁਸੀਂ ਸਾਰੇ ਪਾਪ ਕਰਦੇ ਹੋ ਅਤੇ ਮੈਂ ਤੁਹਾਡੇ ਪਾਪਾਂ ਨੂੰ ਧੋਣ ਲਈ ਜਾਵਾਂਗਾ। ਅਤੇ ਦੂਜਾ — ਅੱਕਿਆ ਹੋਇਆ ਲੁਟੇਰਾ — ਇਹ ਵੀ ਸੱਚਾਈ ਹੈ। ਸ਼ਰਾਬੀ ਹੈ, ਵਹਿਸ਼ੀ ਹੈ, ਵਿਭਚਾਰੀ ਹੈ, ਸਾਰਿਆਂ ਨੂੰ ਪਿਆਰ ਕਰਦਾ ਹੈ ਅਤੇ ਅਚਾਨਕ ਕਿਸੇ ਦਾ ਕਤਲ ਕਰ ਦਿੰਦਾ ਹੈ — ਵਾਹ, ਇਹ ਵੀ ਵਧੀਆ ਹੈ! ਇਹੀ ਉਹ ਚੀਜ਼ ਹੈ ਜਿਹੜੀ ਤੁਹਾਨੂੰ ਲਿਖਣੀ ਚਾਹੀਦੀ ਹੈ, ਉਹਨਾਂ ਚੋਰ-ਬਦਮਾਸ਼ਾਂ ਅਤੇ ਕੰਗਾਲ-ਭਿਖਾਰੀਆਂ ਵਿੱਚੋਂ ਨਾਇਕ ਲੱਭਣ ਨਾਲ਼ੋਂ ਇਹ ਚੀਜ਼ ਕਿਤੇ ਉੱਚ ਦਰਜੇ ਦੀ ਹੈ। ਨਾਇਕ — ਇਹ ਸਭ ਝੂਠ ਹੈ, ਮਨਘੜਤ ਗੱਲਾਂ ਹਨ। ਨਾਇਕ ਕੁਝ ਨਹੀਂ ਹੁੰਦੇ, ਬਸ ਮਨੁੱਖ ਹੁੰਦੇ ਹਨ, ਲੋਕ ਹੁੰਦੇ ਹਨ, ਇਹੀ ਸਾਰੀ ਗੱਲ ਹੈ!"

ਉਹ ਅਕਸਰ ਮੇਰੀਆਂ ਕਹਾਣੀਆਂ ਵਿਚਲੀਆਂ ਵਿਸੰਗਤੀਆਂ ਵੱਲ ਸੰਕੇਤ ਕਰਿਆ ਕਰਦੇ ਸਨ। ਪਰ ਇੱਕ ਵਾਰ 'ਮੁਰਦਾ ਰੂਹਾਂ' ਦੇ ਦੂਜੇ ਭਾਗ ਦੀ ਚਰਚਾ ਕਰਦਿਆਂ ਉਹਨਾਂ ਨੇ ਖੁਸ਼ਮਿਜਾਜ਼ੀ ਨਾਲ਼ ਮੁਸਕਰਾ ਕੇ ਕਿਹਾ:

"ਆਪਾਂ ਸਾਰੇ ਹੀ ਕੱਟੜ ਰੋਮਾਂਟਿਕ ਸੁਭਾਅ ਦੇ ਮਾਲਿਕ ਹਾਂ। ਮੈਂ ਵੀ। ਕਦੇ ਕਦੇ ਲਿਖਦੇ ਸਮੇਂ ਅਚਾਨਕ ਕਿਸੇ ਪਾਤਰ 'ਤੇ ਤਰਸ ਜਿਹਾ ਆ ਜਾਂਦਾ ਹੈ ਅਤੇ ਅਸੀਂ ਉਸਦੇ ਚਰਿੱਤਰ ਨੂੰ ਕੁਝ ਬਿਹਤਰ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ, ਜਾਂ ਹੋਰਨਾਂ ਪਾਤਰਾਂ ਨੂੰ ਥੋੜਾ ਵਿਗਾੜ ਦਿੰਦੇ ਹਾਂ ਤਾਂ ਕਿ ਉਹਨਾਂ ਦੀ ਤੁਲਨਾ ਵਿੱਚ ਦੂਜਾ ਬਹੁਤ ਘਟੀਆ ਨਾ ਜਾਪੇ।"

ਅਤੇ ਫਿਰ ਅਚਾਨਕ ਕਿਸੇ ਦ੍ਰਿੜ ਜੱਜ ਦੇ ਲਹਿਜੇ ਵਿੱਚ ਕਹਿਣ ਲੱਗੇ:

"ਇਸੇ ਲਈ ਤਾਂ ਮੈਂ ਕਹਿੰਦਾ ਹਾਂ ਕਿ ਕਲਾ — ਇੱਕ ਝੂਠ ਹੈ, ਧੋਖਾ ਹੈ, ਮਨਮਾਨੀ ਹੈ ਅਤੇ ਮਨੁੱਖਤਾ ਲਈ ਹਾਨੀਕਾਰਕ ਹੈ। ਅਸੀਂ ਉਹ ਨਹੀਂ ਲਿਖਦੇ ਜਿਹੋ ਜਿਹਾ ਜੀਵਨ ਅਸਲ ਵਿੱਚ ਹੁੰਦਾ ਹੈ, ਸਗੋਂ ਉਹ ਲਿਖਦੇ ਹਾਂ ਜੋ ਅਸੀਂ ਜੀਵਨ ਬਾਰੇ ਸੋਚਦੇ ਹਾਂ। ਕਿਸ ਆਦਮੀ ਲਈ ਇਹ ਜਾਨਣਾ ਲਾਹੇਵੰਦ ਹੋਵੇਗਾ ਕਿ ਮੈਂ ਇਸ ਮੀਨਾਰ, ਸਮੁੰਦਰ ਜਾਂ ਤਾਤਾਰ ਬਾਰੇ ਕੀ ਸੋਚਦਾ ਹਾਂ ? ਕਿਸਨੂੰ ਲੋੜ ਹੈ ਇਸਦੀ, ਕੀ ਫਾਇਦਾ ਹੈ ਇਸਦਾ ?"

ਕਦੇ-ਕਦੇ ਮੈਨੂੰ ਉਹਨਾਂ ਦੀਆਂ ਭਾਵਨਾਵਾਂ ਅਤੇ ਉਹਨਾਂ ਦੇ ਵਿਚਾਰ ਨਿਰੀ ਸਨਕ ਜਾਂ

ਜਾਣ-ਬੁੱਝ ਕੇ ਵਿਗਾੜੇ ਹੋਏ ਜਾਪਦੇ। ਪਰ ਆਮ ਤੌਰ 'ਤੇ ਉਹ ਕਰੂਰ ਪ੍ਰਮੇਸ਼ਵਰ ਦੇ ਨਿਡਰ ਪੜਤਾਲੀਏ ਜੌਬ ਵਾਂਗ ਲੋਕਾਂ ਨੂੰ ਆਪਣੇ ਵਿਚਾਰਾਂ ਦੀ ਕਠੋਰ ਸਪੱਸ਼ਟਤਾ ਨਾਲ਼ ਹੈਰਾਨ ਅਤੇ ਨਿਹਾਲ ਕਰ ਦਿੰਦੇ ਸਨ।

ਇੱਕ ਵਾਰ ਉਹਨਾਂ ਨੇ ਇਹ ਘਟਨਾ ਸੁਣਾਈ:

"ਇੱਕ ਵਾਰ ਮੈਂ ਕੀਵ ਸੜ੍ਹਕ 'ਤੇ ਤੁਰਿਆ ਜਾ ਰਿਹਾ ਸਾਂ। ਮਈ ਮਹੀਨੇ ਦੇ ਅਖ਼ੀਰੀ ਦਿਨ ਸਨ। ਧਰਤੀ ਸਵਰਗ ਜਿਹੀ ਲੱਗ ਰਹੀ ਸੀ, ਹਰ ਚੀਜ਼ 'ਤੇ ਹੁਲਾਸ ਦਾ ਰੰਗ ਛਾਇਆ ਹੋਇਆ ਸੀ, ਅਕਾਸ਼ ਸਾਫ਼ ਸੀ, ਪੰਛੀ ਗੀਤ ਗਾ ਰਹੇ ਸਨ, ਮਧੂਮੱਖੀਆਂ ਭਿਣਭਿਣਾ ਰਹੀਆਂ ਸਨ, ਧੁੱਪ ਬੜੀ ਪਿਆਰੀ ਸੀ ਅਤੇ ਆਲ਼ੇ-ਦੁਆਲ਼ੇ ਸਭ ਕੁਝ ਕਿਸੇ ਤਿਓਹਾਰ ਵਰਗਾ, ਮਨੁੱਖੀ ਅਤੇ ਸ਼ਾਨਦਾਰ ਲੱਗ ਰਿਹਾ ਸੀ। ਸਭ ਕੁਝ ਮਨ ਨੂੰ ਇੰਨਾ ਛੂਹ ਰਿਹਾ ਸੀ ਕਿ ਅੱਖਾਂ ਵਿੱਚ ਹੰਝੂ ਆ ਗਏ ਸਨ, ਮੈਂ ਵੀ ਖੁਦ ਨੂੰ ਦੁਨੀਆਂ ਦੇ ਸਭ ਤੋਂ ਪਿਆਰੇ ਫੁੱਲਾਂ 'ਤੇ ਮੰਡਰਾਉਂਦੀ ਕਿਸੇ ਮਧੂਮੱਖੀ ਵਾਂਗ ਹੀ ਮਹਿਸੂਸ ਕਰ ਰਿਹਾ ਸੀ। ਅਤੇ ਰੱਬ ਵੀ ਮੇਰੀ ਆਤਮਾ ਦੇ ਕਿਤੇ ਨਜ਼ਦੀਕ ਹੀ ਜਾਪ ਰਿਹਾ ਸੀ। ਅਚਾਨਕ ਮੈਂ ਕੀ ਦੇਖਿਆ ਕਿ ਸੜ੍ਹਕ ਤੋਂ ਥੋੜੀ ਦੂਰ ਝਾੜੀਆਂ ਹੇਠਾਂ ਇੱਕ ਆਦਮੀ ਅਤੇ ਔਰਤ ਤੀਰਥ-ਯਾਤਰੀ ਇੱਕ ਦੂਜੇ ਨਾਲ਼ ਲਿਪਟੇ ਪਏ ਹਨ, ਦੋਨੋ ਭੂਰੇ-ਭੂਰੇ, ਗੰਦੇ-ਮੰਦੇ, ਬੁੱਢੇ — ਕੀੜਿਆਂ ਵਾਂਗ ਕੁਰਬਲ-ਕੁਰਬਲ ਕਰਦੇ ਹੋਏ — ਮੂੰਹ ਵਿੱਚ ਹੀ ਕੁਝ ਬੁੜਬੁੜਾ ਰਹੇ ਸਨ, ਅਤੇ ਸੂਰਜ ਬੜੀ ਬੇਰਹਿਮੀ ਨਾਲ਼ ਉਹਨਾਂ ਦੇ ਨੰਗੇ, ਬੇਰੰਗ ਪੈਰਾਂ ਅਤੇ ਢਿੱਲੜ ਜਿਹੇ ਸਰੀਰਾਂ ਨੂੰ ਰੁਸ਼ਨਾ ਰਿਹਾ ਸੀ। ਮੈਂ ਆਪਣੇ ਦਿਲ ਵਿੱਚ ਕੋਈ ਟੀਸ ਉੱਠਦੀ ਮਹਿਸੂਸ ਕੀਤੀ। ਹਾਏ ਰੱਬਾ, ਖ਼ੂਬਸੂਰਤੀ ਦੇ ਸਿਰਜਣਹਾਰ, ਤੈਨੂੰ ਸ਼ਰਮ ਨਹੀਂ ਆਉਂਦੀ ? ਬਹੁਤ ਬੁਰਾ ਲੱਗਿਆ..."

"ਤੁਸੀਂ ਦੇਖ ਹੀ ਰਹੇ ਹੋ, ਕਿਹੋ ਜਿਹੀਆਂ ਗੱਲਾਂ ਹੋ ਜਾਂਦੀਆਂ ਨੇ ! ਕੁਦਰਤ ਇਨਸਾਨ ਨੂੰ ਬੜੀ ਕਰੂਰਤਾ ਨਾਲ਼ ਤੇ ਮਜ਼ਾਕ ਉਡਾਉਂਦੇ ਹੋਏ ਤਸੀਹੇ ਦਿੰਦੀ ਹੈ। ਬੋਗੋਮੀਲ* ਇਸਨੂੰ ਸ਼ੈਤਾਨ ਦੀ ਰਚਨਾ ਮੰਨਦੇ ਸਨ। ਉਹ ਇਨਸਾਨ ਦੀ ਤਾਕਤ ਖੋਹ ਲੈਂਦੀ ਹੈ ਅਤੇ ਉਸ ਅੰਦਰ ਇੱਛਾ ਛੱਡ ਦਿੰਦੀ ਹੈ। ਇਹ ਗੱਲ ਸਾਰੇ ਜਿਉਂਦੇ-ਜਾਗਦੇ ਪ੍ਰਾਣੀਆਂ 'ਤੇ ਢੁੱਕਦੀ ਹੈ। ਕੇਵਲ ਮਨੁੱਖ ਹੀ ਇਸ ਤਸੀਹੇ ਦੀ ਸਾਰੀ ਸ਼ਰਮ ਅਤੇ ਖ਼ੌਫ਼ ਨੂੰ ਮਹਿਸੂਸ ਕਰਦਾ ਹੈ — ਇਹ ਉਸਦੇ ਖ਼ੂਨ ਵਿੱਚ ਹੈ। ਅਸੀਂ ਕਿਸੇ ਅਟੱਲ ਸਜ਼ਾ ਵਜੋਂ ਹਮੇਸ਼ਾ ਇਸਨੂੰ ਸਹਿੰਦੇ ਰਹਿੰਦੇ ਹਾਂ — ਪਰ ਕਿਹੜੇ ਪਾਪ ਬਦਲੇ ?"

ਇਹ ਸਭ ਦੱਸਦੇ ਸਮੇਂ ਉਹਨਾਂ ਦੀਆਂ ਅੱਖਾਂ ਵਿੱਚ ਇੱਕ ਖਾਸ ਢੰਗ ਨਾਲ਼ ਪਰਿਵਰਤਨ ਹੁੰਦਾ ਰਿਹਾ — ਕਦੇ ਤਾਂ ਉਹ ਕਿਸੇ ਬੱਚੇ ਵਾਂਗ ਖਰੂਦੀ ਹੋ ਜਾਂਦੀਆਂ ਤੇ ਕਦੇ ਰੁੱਖੀ ਅਤੇ ਕਠੋਰ ਜਿਹੀ ਚਮਕ ਨਾਲ਼ ਚਮਕਦੀਆਂ। ਉਹਨਾਂ ਦੇ ਬੁੱਲ੍ਹ ਕੰਬਦੇ ਅਤੇ ਮੁੱਛਾਂ ਦੇ ਵਾਲ਼ ਹਿੱਲਣ ਲੱਗਦੇ। ਇਹ ਗੱਲਬਾਤ ਮੁਕਾ ਲੈਣ ਤੋਂ ਬਾਅਦ ਉਹਨਾਂ ਨੇ ਆਪਣੇ ਕੁੜਤੇ ਦੀ ਜੇਬ੍ਹ ਵਿੱਚੋਂ ਰੁਮਾਲ ਕੱਢਿਆ ਤੇ ਆਪਣਾ ਚਿਹਰਾ ਪੂੰਝਣ ਲੱਗ ਪਏ, ਜਦਕਿ ਉਹ ਪੂਰੀ ਤਰ੍ਹਾਂ ਸੁੱਕਾ ਸੀ। ਇਸਤੋਂ ਬਾਅਦ ਕਿਸਾਨਾਂ ਦੇ ਮਜ਼ਬੂਤ ਹੱਥਾਂ ਦੀਆਂ ਹੁੱਕ ਵਰਗੀਆਂ ਆਪਣੀਆਂ ਉਂਗਲ਼ਾਂ

* ਬੋਗੋਮੀਲ—10-15ਵੀਂ ਸਦੀ ਦੇ ਬਾਲਕਾਨ ਦੇ ਇੱਕ ਧਾਰਮਿਕ ਫ਼ਿਰਕੇ ਦੇ ਪੈਰੋਕਾਰ।

ਨਾਲ਼ ਦਾਹੜੀ ਸੰਵਾਰਦੇ ਹੋਏ ਉਹਨਾਂ ਨੇ ਹੌਲ਼ੀ ਜਿਹੇ ਦੁਹਰਾਇਆ:

"ਆਖਿਰ ਕਿਹੜੇ ਪਾਪ ਬਦਲੇ ?"

ਇੱਕ ਵਾਰ ਮੈਂ ਉਹਨਾਂ ਨਾਲ਼ ਛੋਟੀ ਸੜ੍ਹਕ 'ਤੇ ਦਿਊਲਬੇਰ ਤੋਂ ਆਈ-ਤੋਦੋਰ ਜਾ ਰਿਹਾ ਸੀ। ਉਹ ਕਿਸੇ ਨੌਜਵਾਨ ਵਾਂਗ ਬੜੀ ਫੁਰਤੀ ਨਾਲ਼ ਆਮ ਨਾਲ਼ੋਂ ਕੁਝ ਜ਼ਿਆਦਾ ਉਤੇਜਨਾ ਨਾਲ਼ ਗੱਲਾਂ ਕਰ ਰਹੇ ਸਨ:

"ਸਰੀਰ ਆਤਮਾ ਦਾ ਆਗਿਆਕਾਰੀ ਕੁੱਤਾ ਹੋਣਾ ਚਾਹੀਦਾ ਹੈ, ਜਿੱਥੇ ਵੀ ਉਹ ਉਸਨੂੰ ਭੇਜੇ ਉਹ ਭੱਜਿਆ ਜਾਵੇ। ਪਰ ਸਾਡੇ ਵੱਲ ਦੇਖੋ! ਸਰੀਰ ਪ੍ਰਚੰਡ ਅਤੇ ਬੇਚੈਨ ਹੈ ਅਤੇ ਆਤਮਾ ਬੇਬਸੀ ਅਤੇ ਤਰਸਯੋਗ ਢੰਗ ਨਾਲ਼ ਉਸਦੇ ਪਿੱਛੇ-ਪਿੱਛੇ ਚਲਦੀ ਹੈ।"

ਉਹਨਾਂ ਨੇ ਦਿਲ ਕੋਲੋਂ ਆਪਣੀ ਛਾਤੀ ਜ਼ੋਰ ਨਾਲ਼ ਮਲ਼ੀ, ਭਰਵੱਟੇ ਚੜਾਉਂਦਿਆਂ ਕੁਝ ਯਾਦ ਕਰਦੇ ਹੋਏ ਕਹਿਣ ਲੱਗੇ:

"ਇੱਕ ਵਾਰ ਪਤਝੜ ਦੇ ਦਿਨਾਂ ਵਿੱਚ ਮੈਂ ਮਾਸਕੋ ਦੇ ਸੁਖਾਰੇਵ ਮੀਨਾਰ ਕੋਲ਼ ਇੱਕ ਸੁੰਨੀ ਜਿਹੀ ਗਲ਼ੀ ਵਿੱਚ ਨਸ਼ੇ ਵਿੱਚ ਧੁੱਤ ਹੋਈ ਇੱਕ ਔਰਤ ਦੇਖੀ। ਉਹ ਨਾਲ਼ੀ ਵਿੱਚ ਡਿੱਗੀ ਪਈ ਸੀ। ਵਿਹੜੇ ਵਿੱਚੋਂ ਆਉਂਦੀ ਗੰਦੇ ਪਾਣੀ ਦੀ ਧਾਰਾ ਸਿੱਧੀ ਇਸ ਔਰਤ ਦੀ ਗਰਦਨ ਅਤੇ ਪਿੱਠ ਦੇ ਹੇਠੋਂ ਲੰਘ ਰਹੀ ਸੀ। ਉਹ ਇਸ ਠੰਢੇ ਗੰਦੇ ਪਾਣੀ ਵਿੱਚ ਪਈ ਕੁਝ ਬੁੜਬੜਾ ਰਹੀ ਸੀ, ਛਟਪਟਾ ਰਹੀ ਸੀ, ਪਰ ਉਸਤੋਂ ਉੱਠਿਆ ਨਹੀਂ ਜਾ ਰਿਹਾ ਸੀ।"

ਉਹ ਕੰਬ ਉੱਠੇ, ਇੱਕ ਪਲ ਲਈ ਆਪਣੀਆਂ ਅੱਖਾਂ ਬੰਦ ਕੀਤੀਆਂ, ਸਿਰ ਝਟਕਿਆ ਅਤੇ ਹੌਲ਼ੀ ਜਿਹੇ ਆਪਣੀ ਗੱਲ ਜਾਰੀ ਰੱਖੀ:

"ਚਲੋ ਇੱਥੇ ਬੈਠ ਜਾਂਦੇ ਹਾਂ। ਨਸ਼ੇ ਵਿੱਚ ਧੁੱਤ ਔਰਤ ਨਾਲ਼ੋਂ ਭਿਆਨਕ ਅਤੇ ਘ੍ਰਿਣਤ ਚੀਜ਼ ਹੋਰ ਕੋਈ ਨਹੀਂ ਹੁੰਦੀ। ਮੈਂ ਸੋਚਿਆ ਕਿ ਜਾ ਕੇ ਉੱਠਣ ਵਿੱਚ ਉਸਦੀ ਮੱਦਦ ਕਰਾਂ ਪਰ ਕਰ ਨਾ ਸਕਿਆ। ਉਸਤੋਂ ਕਰਿਹਤ ਹੋ ਰਹੀ ਸੀ। ਉਹ ਐਨੀ ਚਿਪਚਿਪੀ ਅਤੇ ਲਿਬੜੀ ਹੋਈ ਸੀ ਕਿ ਜੇ ਤੁਸੀਂ ਉਸਨੂੰ ਛੂਹ ਲਵੋ ਤਾਂ ਪੂਰਾ ਮਹੀਨਾ ਤੁਸੀਂ ਆਪਣੇ ਹੱਥ ਸਾਫ਼ ਕਰਦੇ ਰਹੋ— ਭਿਆਨਕ ਸੀ! ਸੜਕ ਦੇ ਕਿਨਾਰੇ ਪੱਥਰ ਉੱਤੇ ਸੁਨਹਿਰੇ ਵਾਲ਼ ਅਤੇ ਭੂਰੀਆਂ ਅੱਖਾਂ ਵਾਲ਼ਾ ਇੱਕ ਬੱਚਾ ਬੈਠਾ ਸੀ। ਉਸਦੀਆਂ ਗੱਲ੍ਹਾਂ 'ਤੇ ਅੱਥਰੂ ਵਹਿ ਰਹੇ ਸਨ, ਸਡੂਕੇ ਮਾਰ ਰਿਹਾ ਸੀ ਅਤੇ ਨਿਰਾਸ਼ ਤੇ ਲਾਚਾਰ ਆਵਾਜ਼ ਵਿੱਚ ਚੀਖ ਰਿਹਾ ਸੀ:

"ਮਾਂ...ਮਾਂ.... ਉੱਠ... ਮਾਂ..."

ਉਹ ਆਪਣੇ ਹੱਥ ਹਿਲਾਉਂਦੀ, ਫੁੰਕਾਰਦੀ, ਸਿਰ ਉਤਾਂਹ ਚੁੱਕਦੀ ਅਤੇ ਫਿਰ ਧੜਾਮ ਦੇਣੀਂ ਚਿੱਕੜ ਵਿੱਚ ਡਿੱਗ ਪੈਂਦੀ।"

ਉਹ ਚੁੱਪ ਹੋ ਗਏ, ਆਪਣੇ ਆਲ਼ੇ-ਦੁਆਲ਼ੇ ਦੇਖਿਆ ਅਤੇ ਬੜੀ ਬੇਚੈਨੀ ਨਾਲ਼ ਲਗਭਗ ਬੁੜਬੁੜਾਉਂਦਿਆਂ ਦੁਹਰਾਇਆ:

"ਭਿਆਨਕ ਸੀ! ਬਹੁਤ! ਕੀ ਤੁਸੀਂ ਕਾਫ਼ੀ ਸ਼ਰਾਬੀ ਔਰਤਾਂ ਦੇਖੀਆਂ ਨੇ ? ਬਹੁਤ—ਹੇ ਈਸ਼ਵਰ! ਇਹਨਾਂ ਬਾਰੇ ਕੁਝ ਨਾ ਲਿਖਣਾ, ਨਹੀਂ ਲਿਖਣਾ ਚਾਹੀਦਾ।"

"ਕਿਉਂ ਨਹੀਂ ਲਿਖਣਾ ਚਾਹੀਦਾ ?"

ਮੇਰੀਆਂ ਅੱਖਾਂ ਵਿੱਚ ਦੇਖਦਿਆਂ ਅਤੇ ਮੁਸਕਰਾਉਂਦਿਆਂ ਉਹਨਾਂ ਨੇ ਦੁਹਰਾਇਆ:

"ਕਿਉਂ ਨਹੀਂ ਲਿਖਣਾ ਚਾਹੀਦਾ ?"

ਫਿਰ ਉਹਨਾਂ ਨੇ ਕੁਝ ਸੋਚਦਿਆਂ ਹੌਲ਼ੀ ਜਿਹੀ ਆਵਾਜ਼ ਵਿੱਚ ਕਿਹਾ:

"ਪਤਾ ਨਹੀਂ। ਬਸ ਐਵੇਂ ਹੀ — ਪਸ਼ੂਪੁਣੇ ਬਾਰੇ ਲਿਖਦਿਆਂ ਸ਼ਰਮ ਆਉਂਦੀ ਹੈ। ਪਰ ਆਖਿਰ ਕਿਉਂ — ਕਿਉਂ ਨਾ ਲਿਖਿਆ ਜਾਵੇ ? ਹਰ ਚੀਜ਼ ਬਾਰੇ ਲਿਖਣਾ ਚਾਹੀਦਾ ਹੈ..."

ਉਹਨਾਂ ਦੀਆਂ ਅੱਖਾਂ ਭਰ ਆਈਆਂ। ਉਹਨਾਂ ਨੇ ਅੱਖਾਂ ਪੂੰਝੀਆਂ ਅਤੇ ਲਗਾਤਾਰ ਮੁਸਕਰਾਉਂਦੇ ਹੋਏ ਰੁਮਾਲ ਨੂੰ ਨਿਹਾਰਦੇ ਰਹੇ, ਜਦਕਿ ਹੰਝੂ ਉਹਨਾਂ ਦੇ ਚਿਹਰੇ ਦੀਆਂ ਝੁਰੜੀਆਂ 'ਤੇ ਫਿਰ ਵਹਿ ਤੁਰੇ।

"ਮੈਂ ਰੋ ਰਿਹਾ ਹਾਂ।" ਉਹ ਕਹਿਣ ਲੱਗੇ। "ਬੁੱਢਾ ਆਦਮੀ ਹਾਂ, ਜਦੋਂ ਵੀ ਕੋਈ ਭਿਆਨਕ ਗੱਲ ਯਾਦ ਕਰਦਾ ਹਾਂ ਤਾਂ ਦਿਲ ਭਰ ਆਉਂਦਾ ਹੈ।"

ਅਤੇ ਫਿਰ ਮੈਨੂੰ ਹੌਲ਼ੀ ਜਿਹੀ ਹੁੱਜ ਮਾਰ ਕੇ ਕਿਹਾ:

"ਤੁਸੀਂ ਵੀ ਜਦੋਂ ਆਪਣੀ ਪੂਰੀ ਜ਼ਿੰਦਗੀ ਬਿਤਾ ਲਓਗੇ, ਅਤੇ ਫਿਰ ਵੀ ਕੁਝ ਨਾ ਬਦਲਿਆ ਤਾਂ ਤੁਸੀਂ ਵੀ ਰੋਵੋਗੇ, ਮੇਰੇ ਨਾਲ਼ੋਂ ਵੀ ਜ਼ਿਆਦਾ ਬੁਰੀ ਤਰ੍ਹਾਂ — ਜਿਵੇਂ ਕਿਸਾਨ ਔਰਤਾਂ ਕਹਿੰਦੀਆਂ ਨੇ — 'ਹੰਝੂਆਂ ਦੀ ਨਦੀ ਵਗਾਉਂਦੇ' ਹੋਏ... ਪਰ ਲਿਖਣਾ ਤਾਂ ਸਭ ਕੁਝ ਚਾਹੀਦਾ ਹੈ, ਹਰ ਚੀਜ਼ ਬਾਰੇ, ਨਹੀਂ ਤਾਂ ਸੁਨਹਿਰੇ ਵਾਲ਼ਾਂ ਵਾਲ਼ੇ ਬੱਚੇ ਨੂੰ ਠੇਸ ਪਹੁੰਚੇਗੀ, ਉਹ ਤੁਹਾਨੂੰ ਝਾੜਾਂ ਪਾਵੇਗਾ — ਇਹ ਸੱਚਾਈ ਨਹੀਂ ਹੈ — ਉਹ ਕਹੇਗਾ, ਇਹ ਪੂਰੀ ਸੱਚਾਈ ਨਹੀਂ ਹੈ।"

ਉਹਨਾਂ ਨੇ ਖੁਦ ਨੂੰ ਝੰਜੋੜਿਆ ਅਤੇ ਮੈਨੂੰ ਫੁਸਲਾਉਂਦੇ ਹੋਏ ਕਹਿਣ ਲੱਗੇ:

"ਕੋਈ ਗੱਲ ਸੁਣਾਓ, ਤੁਸੀਂ ਵਧੀਆ ਢੰਗ ਨਾਲ਼ ਕਹਾਣੀ ਸੁਣਾਉਂਦੇ ਹੋ। ਕੁਝ ਬੱਚਿਆਂ ਬਾਰੇ, ਆਪਣੇ ਬਾਰੇ। ਯਕੀਨ ਕਰਨਾ ਬੜਾ ਔਖਾ ਹੈ ਕਿ ਤੁਸੀਂ ਵੀ ਕਦੇ ਬੱਚੇ ਹੁੰਦੇ ਸੀ — ਅਜਿਹੇ ਬਜ਼ੁਰਗ ਹੋ ਤੁਸੀਂ! ਲੱਗਦਾ ਹੈ ਜਿਵੇਂ ਬਾਲਗ ਹੀ ਪੈਦਾ ਹੋਏ ਸੀ। ਤੁਹਾਡੇ ਵਿਚਾਰਾਂ ਵਿੱਚ ਬਹੁਤ ਕੁਝ ਬੱਚਿਆਂ ਵਰਗਾ ਹੈ, ਅਪ੍ਰੌੜ ਹੈ, ਪਰ ਜੀਵਨ ਦਾ ਤੁਹਾਨੂੰ ਬਹੁਤ ਗਿਆਨ ਹੈ — ਹੋਰ ਜਾਨਣ ਦੀ ਲੋੜ ਨਹੀਂ ਹੈ। ਚਲੋ ਹੁਣ ਗੱਲ ਸੁਣਾਓ ਕੋਈ..."

ਅਤੇ ਉਹ ਚੀੜ ਦੀਆਂ ਭੂਰੀਆਂ ਤਿੱਖੀਆਂ ਪੱਤੀਆਂ ਵਿਚਕਾਰ ਭੱਜਦੀਆਂ ਫਿਰਦੀਆਂ ਕੀੜੀਆਂ ਨੂੰ ਦੇਖਦੇ ਹੋਏ ਚੀੜ ਦੇ ਹੇਠਾਂ, ਉਸਦੀਆਂ ਉੱਭਰੀਆਂ ਹੋਈਆਂ ਜੜ੍ਹਾਂ 'ਤੇ ਆਰਾਮ ਨਾਲ਼ ਬੈਠ ਗਏ।

ਇੱਥੇ, ਦੱਖਣ ਦੀ ਧਰਤੀ 'ਤੇ, ਜਿਹੜੀ ਉੱਤਰ ਵਿੱਚ ਰਹਿਣ ਵਾਲਿਆਂ ਨੂੰ ਬੜੀ ਅਜੀਬ ਅਤੇ ਨਵੀਂ ਜਿਹੀ ਜਾਪਦੀ ਹੈ, ਵਿਲਾਸਪੂਰਣ ਅਤੇ ਬੇਸ਼ਰਮੀ ਦੀ ਹੱਦ ਤੱਕ ਅੱਯਾਸ਼ ਬਨਸਪਤੀ ਵਿਚਕਾਰ, ਉਹ, ਲਿਓ ਤਾਲਸਤਾਏ — ਇੱਥੋਂ ਤੱਕ ਕਿ ਉਹਨਾਂ ਦਾ ਨਾਮ ਵੀ ਉਹਨਾਂ ਦੀ ਅੰਦਰੂਨੀ ਤਾਕਤ ਦਾ ਪ੍ਰਗਟਾਵਾ ਹੈ!* — ਇੱਕ ਛੋਟਾ ਜਿਹਾ ਵਿਅਕਤੀ, ਐਨਾ ਗਠੀਲਾ ਅਤੇ ਮਜ਼ਬੂਤ ਜਿਵੇਂ ਧਰਤੀ ਵਿਚਲੀਆਂ ਡੂੰਘੀਆਂ ਜੜ੍ਹਾਂ ਤੋਂ ਬਣਿਆ ਹੋਵੇ। ਅਜਿਹੀ, ਫਿਰ

* ਲਿਓ–ਬੱਬਰ ਸ਼ੇਰ, ਤਾਲਸਤਾਏ–ਬਲਵਾਨ।

ਕਹਿੰਦਾ ਹਾਂ, ਕ੍ਰੀਮੀਆ ਦੀ ਸ਼ੋਖ਼ ਧਰਤੀ 'ਤੇ, ਇੱਕੋ ਵੇਲ਼ੇ ਉਹ ਆਪਣੀ ਢੁੱਕਵੀਂ ਅਤੇ ਅਢੁੱਕਵੀਂ ਥਾਂ 'ਤੇ ਬੈਠੇ ਜਾਪ ਰਹੇ ਸਨ। ਜਿਵੇਂ ਕੋਈ ਪ੍ਰਾਚੀਨ ਵਿਅਕਤੀ, ਆਲ਼ੇ-ਦੁਆਲ਼ੇ ਦੀ ਸਾਰੀ ਜਾਇਦਾਦ ਦਾ ਮਾਲਿਕ ਅਤੇ ਉਸਦਾ ਸਿਰਜਕ ਕੋਈ ਸੌ ਸਾਲਾਂ ਬਾਅਦ ਆਪਣੇ ਹੱਥੀਂ ਰਚੀ ਜਾਗੀਰ ਵਿੱਚ ਵਾਪਿਸ ਪਰਤ ਆਇਆ ਹੋਵੇ। ਉਹ ਬਹੁਤ ਕੁਝ ਭੁੱਲ ਚੁੱਕਿਆ ਹੈ, ਅਤੇ ਬਹੁਤ ਕੁਝ ਉਸ ਲਈ ਨਵਾਂ ਹੈ; ਸਭ ਕੁਝ ਉਵੇਂ ਹੀ ਹੈ ਜਿਵੇਂ ਕਿ ਹੋਣਾ ਚਾਹੀਦਾ ਹੈ, ਪਰ ਪੂਰੀ ਤਰ੍ਹਾਂ ਉਵੇਂ ਨਹੀਂ ਵੀ ਹੈ, ਅਤੇ ਜਿਵੇਂ ਉਸਨੂੰ ਫੌਰਨ ਹੀ ਇਹ ਜਾਣ ਲੈਣਾ ਚਾਹੀਦਾ ਹੈ ਕਿ ਕੀ ਕੁਝ ਬਦਲਿਆ ਹੈ ਅਤੇ ਕਿਉ ?

ਉਹ ਦੁਨੀਆਂ ਦੇ ਤਜ਼ਰਬੇਕਾਰ ਅਤੇ ਮਾਹਿਰ ਘੁੱਮਕੜ ਵਾਂਗੂੰ ਤੇਜ਼ ਕਦਮਾਂ ਨਾਲ਼ ਰਾਹਾਂ ਅਤੇ ਪਗਡੰਡੀਆਂ 'ਤੇ ਤੁਰਿਆ ਕਰਦੇ ਸਨ ਅਤੇ ਆਪਣੀਆਂ ਤਿੱਖੀਆਂ ਨਜ਼ਰਾਂ ਨਾਲ਼, ਜਿਸਤੋਂ ਇੱਕ ਵੀ ਪੱਥਰ, ਇੱਕ ਵੀ ਵਿਚਾਰ ਲੁਕਿਆ ਨਹੀਂ ਰਹਿ ਸਕਦਾ ਸੀ, ਹਰ ਚੀਜ਼ ਨੂੰ ਬੜੀ ਗੌਰ ਨਾਲ਼ ਦੇਖਦੇ, ਉਸਨੂੰ ਮਾਪਦੇ-ਤੋਲਦੇ, ਛੂੰਹਦੇ ਅਤੇ ਉਸਦੀ ਤੁਲਨਾ ਕਰਦੇ, ਅਤੇ ਆਲ਼ੇ-ਦੁਆਲ਼ੇ ਆਪਣੇ ਅਣਥੱਕ ਚਿੰਤਨ ਦੇ ਜੀਵੰਤ ਬੀਜ ਬਿਖੇਰਦੇ ਰਹਿੰਦੇ। ਇੱਕ ਵਾਰ ਉਹਨਾਂ ਨੇ ਸੁਲੇਰ ਨੂੰ ਕਿਹਾ:

"ਤੁਸੀਂ ਕਦੇ ਪੜ੍ਹਦੇ ਨਹੀਂ, ਸੁਲੇਰ, ਇਹ ਮਾੜੀ ਗੱਲ ਹੈ, ਘੁਮੰਡ ਹੈ। ਗੋਰਕੀ ਬਹੁਤ ਪੜ੍ਹਦੇ ਹਨ, ਇਹ ਵੀ ਮਾੜੀ ਗੱਲ ਹੈ, ਇਹ ਸਵੈ-ਵਿਸ਼ਵਾਸ ਦੀ ਕਮੀ ਹੈ। ਮੈਂ ਬਹੁਤ ਲਿਖਦਾ ਹਾਂ ਅਤੇ ਇਹ ਵੀ ਚੰਗੀ ਗੱਲ ਨਹੀਂ ਹੈ, ਕਿਉਂਕਿ ਇਹ ਮੇਰੇ ਬੁਢਾਪੇ ਦੀ ਹਾਉਮੈ ਹੈ, ਮੇਰੀ ਇਸ ਇੱਛਾ ਦਾ ਨਤੀਜਾ ਹੈ ਕਿ ਸਾਰੇ ਮੇਰੇ ਵਾਂਗ ਹੀ ਸੋਚਣ। ਨਿਰਸੰਦੇਹ ਮੇਰੇ ਸੋਚਣ ਦਾ ਢੰਗ ਮੇਰੇ ਲਈ ਤਾਂ ਠੀਕ ਹੈ, ਪਰ ਗੋਰਕੀ ਸਮਝਦੇ ਹਨ ਕਿ ਉਹਨਾਂ ਲਈ ਇਹ ਠੀਕ ਨਹੀਂ ਹੈ, ਜਦਕਿ ਤੁਸੀਂ ਕੁਝ ਵੀ ਨਹੀਂ ਸੋਚਦੇ — ਬਸ ਅੱਖਾਂ ਝਪਕਾਉਂਦੇ ਰਹਿੰਦੇ ਹੋ, ਦੇਖਦੇ ਰਹਿੰਦੇ ਹੋ ਕਿ ਕਿਹੜੀ ਚੀਜ਼ ਨਾਲ਼ ਚਿੰਬੜਿਆ ਜਾਵੇ। ਅਤੇ ਤੁਸੀਂ ਉਹਨਾਂ ਚੀਜ਼ਾਂ ਨੂੰ ਚਿੰਬੜਦੇ ਹੋ ਜਿਹਨਾਂ ਦਾ ਤੁਹਾਡੇ ਨਾਲ਼ ਕੋਈ ਸਾਰੋਕਾਰ ਹੀ ਨਹੀਂ ਹੁੰਦਾ। ਤੁਸੀਂ ਅਕਸਰ ਇੰਝ ਹੀ ਕਰਦੇ ਹੋ, ਚਿੰਬੜ ਜਾਂਦੇ ਹੋ ਅਤੇ ਫੜੀ ਰੱਖਦੇ ਹੋ ਤੇ ਜਦੋਂ ਉਹ ਚੀਜ਼ ਖੁਦ ਹੀ ਤੁਹਾਡੇ ਹੱਥਾਂ 'ਚੋਂ ਖਿਸਕਣ ਲੱਗਦੀ ਹੈ ਤਾਂ ਤੁਸੀਂ ਉਸਨੂੰ ਛੱਡ ਦਿੰਦੇ ਹੋ। ਚੈਖ਼ਵ ਦੀ ਇੱਕ ਬਹੁਤ ਵਧੀਆ ਕਹਾਣੀ ਹੈ — 'ਮੇਰੀ ਪਿਆਰੀ' — ਤੁਸੀਂ ਲਗਭਗ ਉਸਦੀ ਨਾਇਕਾ ਵਰਗੇ ਹੋ।"

"ਉਹ ਕਿਵੇਂ ?" ਸੁਲੇਰ ਨੇ ਹੱਸਦਿਆਂ ਪੁੱਛਿਆ।

"ਤੁਸੀਂ ਪਿਆਰ ਕਰਨ ਲਈ ਹਮੇਸ਼ਾ ਤਿਆਰ ਰਹਿੰਦੇ ਹੋ, ਪਰ ਤੁਹਾਨੂੰ ਆਪਣੇ ਪ੍ਰੇਮ ਦਾ ਪਾਤਰ ਚੁਣਨਾ ਨਹੀਂ ਆਉਂਦਾ, ਅਤੇ ਤੁਸੀਂ ਫਾਲਤੂ ਚੀਜ਼ਾਂ 'ਤੇ ਆਪਣੀ ਊਰਜਾ ਖਰਚ ਕਰਦੇ ਰਹਿੰਦੇ ਹੋ।"

"ਕੀ ਹਰ ਕੋਈ ਅਜਿਹਾ ਹੀ ਹੈ ?"

"ਹਰ ਕੋਈ ?" ਤਾਲਸਤਾਏ ਨਾ ਦੁਹਰਾਇਆ। "ਨਹੀਂ, ਨਹੀਂ—ਹਰ ਕੋਈ ਨਹੀਂ।"

ਫਿਰ ਅਚਾਨਕ ਉਹ ਮੇਰੇ ਵੱਲ ਝਪਟੇ:

"ਤੁਸੀਂ ਰੱਬ ਨੂੰ ਕਿਉਂ ਨਹੀਂ ਮੰਨਦੇ ?"

"ਕਿਉਂਕਿ ਉਸ ਵਿੱਚ ਮੇਰੀ ਸ਼ਰਧਾ ਹੀ ਨਹੀਂ ਹੈ।"

"ਇਹ ਸਹੀ ਨਹੀਂ ਹੈ। ਤੁਸੀਂ ਸੁਭਾਅ ਤੋਂ ਹੀ ਸ਼ਰਧਾਵਾਨ ਹੋ ਅਤੇ ਰੱਬ ਬਿਨਾਂ ਤੁਹਾਡਾ ਕੰਮ ਹੀ ਨਹੀਂ ਚੱਲ ਸਕਦਾ। ਤੁਹਾਨੂੰ ਜਲਦੀ ਹੀ ਇਸ ਗੱਲ ਦਾ ਅਹਿਸਾਸ ਹੋਣਾ ਸ਼ੁਰੂ ਹੋ ਜਾਵੇਗਾ। ਤੁਸੀਂ ਇਸ ਲਈ ਨਹੀਂ ਮੰਨਦੇ ਕਿਉਂਕਿ ਤੁਸੀਂ ਜ਼ਿੱਦੀ ਹੋ, ਖਿਝੇ ਹੋਏ ਹੋ — ਕਿਉਂਕਿ ਦੁਨੀਆਂ ਉਹੋ ਜਿਹੀ ਨਹੀਂ ਬਣੀ ਜਿਹੋ ਜਿਹੀ ਤੁਸੀਂ ਚਾਹੁੰਦੇ ਹੋ। ਕੁਝ ਲੋਕ ਸਿਰਫ਼ ਸ਼ਰਮ ਦੇ ਮਾਰੇ ਹੀ ਵਿਸ਼ਵਾਸ ਨਹੀਂ ਕਰਦੇ। ਨੌਜਵਾਨ ਕਦੇ-ਕਦੇ ਇੰਝ ਕਰਦੇ ਹਨ — ਉਹ ਕਿਸੇ ਔਰਤ ਨੂੰ ਪੂਜਦੇ ਹਨ, ਪਰ ਜ਼ਾਹਿਰ ਨਹੀਂ ਕਰਨਾ ਚਾਹੁੰਦੇ, ਡਰਦੇ ਹਨ ਕਿ ਉਹਨਾਂ ਨੂੰ ਗਲਤ ਸਮਝ ਲਿਆ ਜਾਵੇਗਾ, ਅਤੇ ਉਹਨਾਂ ਵਿੱਚ ਐਨਾ ਹੌਸਲਾ ਵੀ ਨਹੀਂ ਹੁੰਦਾ। ਆਸਥਾ ਪਿਆਰ ਵਾਂਗ ਹੌਸਲੇ ਦੀ ਮੰਗ ਕਰਦੀ ਹੈ, ਪਿਆਰੇ। ਤੁਹਾਨੂੰ ਖੁਦ ਨੂੰ ਇਹ ਕਹਿਣਾ ਚਾਹੀਦਾ ਹੈ: "ਮੈਂ ਵਿਸ਼ਵਾਸ ਕਰਦਾ ਹਾਂ" ਅਤੇ ਸਭ ਕੁਝ ਠੀਕ ਹੋ ਜਾਵੇਗਾ, ਸਭ ਕੁਝ ਉਸੇ ਤਰ੍ਹਾਂ ਹੋ ਜਾਵੇਗਾ ਜਿਵੇਂ ਤੁਸੀਂ ਚਾਹੁੰਦੇ ਹੋ, ਖੁਦ ਹੀ ਆਪਣੇ ਆਪ ਨੂੰ ਤੁਹਾਡੇ ਸਾਹਮਣੇ ਸਪਸ਼ਟ ਕਰ ਦੇਵੇਗਾ ਅਤੇ ਆਪਣੇ ਵੱਲ ਖਿੱਚੇਗਾ। ਬਹੁਤ ਕੁਝ ਅਜਿਹਾ ਹੈ ਜਿਸਨੂੰ ਤੁਸੀਂ ਪਿਆਰ ਕਰਦੇ ਹੋ, ਅਤੇ ਵਿਸ਼ਵਾਸ — ਇਹ ਪਿਆਰ ਦਾ ਸਰਵਉੱਚ ਰੂਪ ਹੈ, ਤੁਹਾਨੂੰ ਹੋਰ ਜ਼ਿਆਦਾ ਪਿਆਰ ਕਰਨਾ ਚਾਹੀਦਾ ਹੈ, ਅਤੇ ਫਿਰ ਪਿਆਰ ਵਿਸ਼ਵਾਸ ਵਿੱਚ ਬਦਲ ਜਾਵੇਗਾ। ਮਰਦ ਹਮੇਸ਼ਾ ਦੁਨੀਆਂ ਦੀ ਸਭ ਤੋਂ ਚੰਗੀ ਔਰਤ ਨੂੰ ਹੀ ਪਿਆਰ ਕਰਦੇ ਹਨ, ਅਤੇ ਹਰ ਕੋਈ ਦੁਨੀਆਂ ਦੀ ਸਭ ਤੋਂ ਚੰਗੀ ਔਰਤ ਨੂੰ ਹੀ ਪਿਆਰ ਕਰਦਾ ਹੈ, ਇਹੀ ਤਾਂ ਵਿਸ਼ਵਾਸ ਹੈ। ਜਿਹੜਾ ਵਿਸ਼ਵਾਸ ਨਹੀਂ ਕਰਦਾ ਉਹ ਪਿਆਰ ਵੀ ਨਹੀਂ ਕਰ ਸਕਦਾ। ਅੱਜ ਉਹ ਕਿਸੇ ਹੋਰ ਨੂੰ ਪਿਆਰ ਕਰਦਾ ਹੈ ਅਤੇ ਸਾਲ ਬਾਅਦ ਕਿਸੇ ਹੋਰ ਨੂੰ। ਅਜਿਹੇ ਬੰਦੇ ਦੀ ਆਤਮਾ ਅਵਾਰਾ ਹੁੰਦੀ ਹੈ, ਫਲ਼ਹੀਣ ਹੁੰਦੀ ਹੈ, ਅਤੇ ਇਹ ਚੰਗੀ ਗੱਲ ਨਹੀਂ ਹੈ। ਤੁਸੀਂ ਜਨਮ ਤੋਂ ਹੀ ਸ਼ਰਧਾਵਾਨ ਹੋ ਅਤੇ ਖੁਦ ਹੀ ਆਪਣੇ ਸੁਭਾਅ ਦਾ ਵਿਰੋਧ ਕਰਨ ਦੀ ਕੋਸ਼ਿਸ਼ ਕਰਨ ਦਾ ਕੋਈ ਫਾਇਦਾ ਨਹੀਂ ਹੈ। ਤੁਸੀਂ ਹਮੇਸ਼ਾ ਖੂਬਸੂਰਤੀ ਦੀ ਰਟ ਲਾਈ ਰੱਖਦੇ ਹੋ। ਫਿਰ ਖੂਬਸੂਰਤੀ ਕੀ ਹੈ ? ਸਭ ਤੋਂ ਉੱਚਾ ਤੇ ਸੰਪੂਰਨ ਸਿਰਫ ਰੱਬ ਹੀ ਹੈ।"

ਇਸਤੋਂ ਪਹਿਲਾਂ ਉਹਨਾਂ ਨੇ ਇਸ ਵਿਸ਼ੇ 'ਤੇ ਮੇਰੇ ਨਾਲ਼ ਸ਼ਾਇਦ ਹੀ ਕਦੇ ਗੱਲ ਕੀਤੀ ਹੋਵੇਗੀ। ਇਸ ਵਿਸ਼ੇ ਦੀ ਅਹਿਮੀਅਤ, ਅਤੇ ਅਚਾਨਕ ਸਾਹਮਣੇ ਆਉਣ ਕਾਰਨ ਮੈਂ ਇੱਕਦਮ ਸੁੰਨ ਜਿਹਾ ਹੋ ਗਿਆ, ਤੇ ਇਹ ਮੇਰੇ 'ਤੇ ਹਾਵੀ ਹੋ ਗਿਆ। ਮੈਂ ਚੁੱਪ ਰਿਹਾ। ਚੌਂਕੜੀ ਮਾਰ ਕੇ ਸੋਫੇ 'ਤੇ ਬੈਠੇ ਤਾਲਸਤਾਏ ਦੀ ਦਾਹੜੀ ਵਿੱਚ ਇੱਕ ਜੇਤੂ ਮੁਸਕਾਨ ਜਿਹੀ ਦੌੜ ਗਈ ਅਤੇ ਮੇਰੇ ਵੱਲ ਉਂਗਲ਼ੀ ਹਿਲਾਉਂਦਿਆਂ ਉਹਨਾਂ ਨੇ ਕਿਹਾ:

"ਚੁੱਪ ਰਹਿ ਕੇ ਤੁਸੀਂ ਇਸ ਤੋਂ ਆਪਣਾ ਖਹਿੜਾ ਨਹੀਂ ਛੁਡਾ ਸਕਦੇ, ਪਤਾ ਹੈ ਨਾ!"

ਅਤੇ ਮੈਂ, ਰੱਬ ਨੂੰ ਨਾ ਮੰਨਣ ਵਾਲ਼ੇ ਨੇ, ਬਹੁਤ ਧਿਆਨ ਨਾਲ਼, ਕੁਝ-ਕੁਝ ਡਰਦਿਆਂ ਉਹਨਾਂ ਵੱਲ ਝਾਤੀ ਮਾਰੀ ਅਤੇ ਖੁਦ ਨੂੰ ਕਿਹਾ:

"ਇਹ ਬੰਦਾ ਰੱਬ ਵਰਗਾ ਹੈ।"...

• • •

ਸਰਗੇਈ ਯੇਸੇਨਿਨ

ਇਹ 1907 ਜਾਂ 1908 ਦੀ ਗੱਲ ਹੈ ਜਦੋਂ ਕਾਪਰੀ ਦੇ ਟਾਪੂ ਉੱਤੇ ਸਟੀਫਨ ਜ਼ੇਰੋਮਸਕੀ ਨੇ ਮੈਨੂੰ ਅਤੇ ਬੁਲਗਾਰੀਅਨ ਲੇਖਕ ਪੇਤਕੋ ਤੋਦੋਰੋਵ ਨੂੰ ਪੋਲੈਂਡ ਦੇ ਕਿਸੇ ਕਿਸਾਨ ਮੁੰਡੇ ਜ਼ਮੂਦਜ਼ ਜਾਂ ਮਜ਼ੂਰ ਦੀ ਕਹਾਣੀ ਸੁਣਾਈ, ਜਿਹੜਾ ਕਿਸੇ ਤਰ੍ਹਾਂ ਕਰਾਕੋਅ ਸ਼ਹਿਰ ਵਿੱਚ ਆ ਪਹੁੰਚਿਆ, ਜਿੱਥੇ ਉਹ ਗੁਆਚ ਗਿਆ। ਉਹ ਘੰਟਿਆਂ ਬੱਧੀ ਸ਼ਹਿਰ ਦੀਆਂ ਗਲ਼ੀਆਂ ਵਿੱਚ ਭਟਕਦਾ ਰਹਿੰਦਾ ਪਰ ਫਿਰ ਵੀ ਉਸਨੂੰ ਸ਼ਹਿਰ ਤੋਂ ਬਾਹਰ ਖੁੱਲ੍ਹੀਆਂ ਥਾਵਾਂ ਤੇ ਜਾਣ ਦਾ ਕੋਈ ਰਾਹ ਨਾ ਲੱਭਦਾ, ਜਿੱਥੇ ਉਹ ਖੁਦ ਨੂੰ ਮਹਿਸੂਸ ਕਰ ਸਕਦਾ। ਆਖਿਰਕਾਰ, ਸ਼ਹਿਰ ਦੇ ਸ਼ਿਕੰਜੇ ਵਿੱਚੋਂ ਨਿਕਲਣ ਲਈ ਨਿਰਾਸ਼ ਹੋ ਕੇ ਉਹ ਗੋਡਿਆਂ ਭਾਰ ਡਿੱਗ ਪਿਆ, ਅਰਦਾਸ ਕੀਤੀ ਅਤੇ ਇਸ ਉਮੀਦ ਨਾਲ਼ ਕਿ ਦਰਿਆ ਉਸਨੂੰ ਅਜ਼ਾਦੀ ਵੱਲ ਲੈ ਜਾਵੇਗਾ, ਪੁਲ ਤੋਂ ਵਿਸਤੁਲਾ ਨਦੀ ਵਿੱਚ ਛਾਲ ਮਾਰ ਦਿੱਤੀ। ਉਸ ਨੂੰ ਉਸ ਵੇਲ਼ੇ ਤਾਂ ਬਾਹਰ ਕੱਢ ਲਿਆ ਗਿਆ, ਪਰ ਬਾਅਦ ਵਿੱਚ ਜ਼ਖ਼ਮਾਂ ਦੀ ਤਾਬ ਨਾ ਸਹਿੰਦਾ ਹੋਇਆ ਉਹ ਚੱਲ ਵਸਿਆ।

ਇਹ ਸਧਾਰਨ ਅਤੇ ਸਿੱਧੀ-ਸਾਦੀ ਜਿਹੀ ਕਹਾਣੀ ਸਰਗੇਈ ਯੇਸੇਨਿਨ ਦੀ ਮੌਤ ਕਾਰਨ ਮੇਰੇ ਚੇਤਿਆਂ ਵਿੱਚ ਮੁੜ ਤਾਜ਼ਾ ਹੋ ਗਈ। ਮੈਂ ਉਸਨੂੰ ਪਹਿਲੀ ਵਾਰ ਕਲੂਯੇਵ ਨਾਲ਼ 1914 ਵਿੱਚ ਮਿਲ਼ਿਆ ਸੀ। ਮੈਨੂੰ ਉਹ ਪਹਿਲੀ ਨਜ਼ਰੇ ਸੋਲਾਂ-ਸਤਾਰਾਂ ਕੁ ਸਾਲਾਂ ਦਾ ਮੁੰਡਾ ਜਿਹਾ ਜਾਪਿਆ। ਘੁੰਗਰਾਲ਼ੇ ਵਾਲ਼ਾਂ ਵਾਲਾ, ਨੀਲੀ ਕਮੀਜ਼ ਤੇ ਕਿਸਾਨਾਂ ਵਾਲ਼ੇ ਕੋਟ ਅਤੇ ਉੱਚੇ ਬੂਟਾਂ ਵਿੱਚ ਉਹ ਮਦਾਮ ਸਮੋਕਿਸ਼-ਸੁਦਕੋਵਸਕਾਯਾ ਦੇ ਨੌਜਵਾਨ ਮੁੰਡਿਆਂ ਦੇ ਖੁਸ਼ਾਮਦੀ ਪੋਸਟਕਾਰਡਾਂ ਦੀ ਯਾਦ ਦਿਲਾਉਂਦਾ ਸੀ, ਜਿਹਨਾਂ ਵਿੱਚ ਇੱਕੋ ਤਰ੍ਹਾਂ ਦੇ ਹੀ ਚਿਹਰੇ ਛਪੇ ਹੁੰਦੇ ਸਨ। ਗਰਮੀਆਂ ਦੀ ਰਾਤ ਸੀ, ਅਤੇ ਅਸੀਂ ਤਿੰਨਾਂ ਨੇ ਬਾਸੇਨਾਯਾ ਗਲ਼ੀ ਵਿੱਚੋਂ ਟਹਿਲਦੇ ਹੋਏ ਸਿਮਿਓਨੋਵਸਕੀ ਪੁਲ਼ ਪਾਰ ਕੀਤਾ, ਜਿੱਥੇ ਅਸੀਂ ਕੁਝ ਦੇਰ ਖੜ੍ਹੇ ਨੇਵਾ ਦੇ ਕਾਲ਼ੇ ਪਾਣੀਆਂ ਨੂੰ ਨਿਹਾਰਦੇ ਰਹੇ। ਮੈਨੂੰ ਹੁਣ ਯਾਦ ਨਹੀਂ ਅਸੀਂ ਉੱਥੇ ਕੀ ਗੱਲਾਂ ਕੀਤੀਆਂ ਸਨ, ਸ਼ਾਇਦ ਜੰਗ ਬਾਰੇ ਹੀ ਕੀਤੀਆਂ ਹੋਣਗੀਆਂ, ਜਿਹੜੀ ਉਦੋਂ ਸ਼ੁਰੂ ਹੀ ਹੋਈ ਸੀ। ਯੇਸੇਨਿਨ ਕੁਝ-ਕੁਝ ਘਬਰਾਇਆ ਅਤੇ ਸੰਗਾਊ ਜਿਹਾ ਮੁੰਡਾ ਲੱਗ ਰਿਹਾ ਸੀ, ਜਿਹੜਾ ਸੇਂਟ ਪੀਟਰਸਬਰਗ ਵਰਗੇ ਵੱਡੇ ਸ਼ਹਿਰ ਵਿੱਚ ਗੁਆਚਿਆ ਜਿਹਾ ਖੜਾ ਸੀ।

ਇਹੋ ਜਿਹੇ ਪਿਆਰੀਆਂ ਸ਼ਕਲਾਂ ਵਾਲ਼ੇ ਮੁੰਡੇ ਦੂਰ-ਦੁਰਾਡਿਓਂ, ਕਾਲੂਗਾ, ਓਰੇਲ, ਰਿਆਜ਼ਾਨ, ਸਿਮਬਿਰਸਿਕ ਅਤੇ ਤਾਮਬੋਵ ਜਿਹੇ ਸ਼ਹਿਰਾਂ ਤੋਂ ਹੀ ਆਉਂਦੇ ਹਨ, ਜਿੱਥੇ ਇਹ ਦੁਕਾਨਾਂ ਵਿੱਚ ਕੰਮ ਕਰਦੇ, ਕੰਮ ਸਿੱਖਦੇ, ਸ਼ਰਾਬਖਾਨਿਆਂ ਵਿੱਚ ਨੱਚਦੇ ਅਤੇ ਗਾਉਂਦੇ ਜਾਂ ਖਾਸ ਕਰਕੇ ਛੋਟੇ ਵਪਾਰੀਆਂ ਦੀਆਂ ਔਲਾਦਾਂ ਵਜੋਂ ਮਿਲ਼ਦੇ ਹਨ, ਜਿਹੜੇ ਹਮੇਸ਼ਾ "ਪ੍ਰਾਚੀਨ ਧਰਮ-ਨਿਸ਼ਠਾ" ਨੂੰ ਚਿੰਬੜੇ ਰਹਿੰਦੇ ਹਨ।

ਮਗਰੋਂ ਜਦੋਂ ਮੈਂ ਉਸਦੀ ਦਿਲ ਦੀ ਗਹਿਰਾਈ 'ਚੋਂ ਨਿਕਲ਼ੀ, ਜ਼ਿੰਦਾਦਿਲ ਤੇ ਹੂੰਝਾ ਫੇਰ ਦੇਣ ਵਾਲ਼ੀ ਕਵਿਤਾ ਪੜ੍ਹੀ, ਤਾਂ ਮੈਨੂੰ ਇਹ ਯਕੀਨ ਹੀ ਨਾ ਹੋਇਆ ਕਿ ਇਹ ਕਵਿਤਾ ਉਸੇ ਭੜਕੀਲੇ ਕੱਪੜਿਆਂ ਵਾਲ਼ੇ ਮੁੰਡੇ ਦੀ ਹੈ, ਜਿਸ ਨਾਲ਼ ਮੈਂ ਉਸ ਰਾਤ ਸਿਮਿਓਨੋਵਸਕੀ ਪੁਲ਼ ਤੇ ਖੜ੍ਹਾ ਸੀ ਅਤੇ ਜਿਸਨੂੰ ਮੈਂ ਗਰੇਨਾਈਟ ਦੇ ਪੱਥਰਾਂ ਵਿੱਚੋਂ ਵਹਿੰਦੇ ਕਾਲ਼ੇ ਮਖ਼ਮਲੀ ਪਾਣੀ ਵਿੱਚ ਥੁੱਕਦੇ ਵੇਖਿਆ ਸੀ।

ਕੋਈ ਛੇ ਜਾਂ ਸੱਤ ਸਾਲਾਂ ਬਾਅਦ ਮੈਂ ਯੇਸੇਨਿਨ ਨੂੰ ਬਰਲਿਨ ਵਿਖੇ ਤਾਲਸਤਾਏ ਦੇ ਘਰ ਵੇਖਿਆ। ਉਸ ਵਿੱਚ ਘੁੰਗਰਾਲ਼ੇ ਵਾਲ਼ਾਂ ਵਾਲ਼ੇ ਸੋਹਣੇ ਜਿਹੇ ਮੁੰਡੇ ਦੀ ਝਲਕ ਹੀ ਬਾਕੀ ਰਹਿ ਗਈ ਸੀ ਤੇ ਉਸ ਵਿੱਚੋਂ ਵੀ ਜਿਵੇਂ ਬਹੁਤ ਸਾਰੀ ਚਮਕ ਮਰ ਚੁੱਕੀ ਸੀ। ਇਹ ਘਬਰਾਹਟ ਨਾਲ਼ ਜਗ-ਬੁਝ ਰਹੀ ਸੀ, ਕਦੇ ਲਲਕਾਰ ਜਾਂ ਆਕੀ, ਤੇ ਕਦੇ ਘਬਰਾਹਟ, ਅਨਿਸ਼ਚਿਤਤਾ ਤੇ ਬੇਯਕੀਨੀ ਜਿਹੀ ਲੱਗਦੀ ਸੀ। ਮੈਨੂੰ ਇਸ ਤਰ੍ਹਾਂ ਜਾਪਿਆ ਕਿ ਜਿਵੇਂ ਕੁੱਲ ਮਿਲ਼ਾ ਕੇ ਲੋਕਾਂ ਪ੍ਰਤੀ ਉਸਦਾ ਰਵੱਈਆ ਗੈਰ-ਦੋਸਤਾਨਾ ਹੋ ਗਿਆ ਹੈ ਅਤੇ ਉਸਦੀ ਹਰ ਗੱਲ ਇਹ ਯਕੀਨ ਦਿਲਾ ਰਹੀ ਸੀ ਕਿ ਉਹ ਸ਼ਰਾਬ ਪੀਣ ਲੱਗ ਪਿਆ ਹੈ। ਉਸਦੀਆਂ ਪਲਕਾਂ ਸੁੱਜੀਆਂ ਹੋਈਆਂ, ਅੱਖਾਂ ਲਾਲ ਤੇ ਚਮੜੀ ਪੀਲ਼ੀ ਤੇ ਬੇਜਾਨ ਸੀ, ਜਿਵੇਂ ਕਿ ਹਰ ਉਸ ਆਦਮੀ ਦੀ ਹੁੰਦੀ ਹੈ ਜਿਹੜਾ ਤਾਜ਼ੀ ਹਵਾ ਵਿੱਚ ਸਾਹ ਬਹੁਤ ਘੱਟ ਲੈਂਦਾ ਹੋਵੇ ਤੇ ਬਹੁਤ ਹੀ ਘੱਟ ਸੌਂਦਾ ਹੋਵੇ। ਉਸਦੇ ਹੱਥ ਲਗਾਤਾਰ ਹਰਕਤ ਵਿੱਚ ਸਨ, ਅਤੇ ਉਹ ਪ੍ਰੇਸ਼ਾਨ ਅਤੇ ਬੇਸੁੱਧ ਜਿਹਾ ਲੱਗ ਰਿਹਾ ਸੀ, ਬਿਲਕੁਲ ਉਸ ਬੰਦੇ ਵਾਂਗ ਜਿਹੜਾ ਕੋਈ ਬਹੁਤ ਹੀ ਮਹੱਤਵਪੂਰਨ ਗੱਲ ਭੁੱਲ ਗਿਆ ਹੋਵੇ ਪਰ ਉਸਦੇ ਦਿਮਾਗ ਵਿੱਚ ਉਸ ਗੱਲ ਦੀ ਧੁੰਦਲੀ ਜਿਹੀ ਯਾਦ ਅਜੇ ਵੀ ਬਾਕੀ ਹੋਵੇ।

ਇਸਾਦੋਰਾ ਦੁਨਕਨ ਅਤੇ ਕੁਸੀਕੋਵ ਉਸਦੇ ਨਾਲ਼ ਸਨ।

"ਇੱਕ ਹੋਰ ਕਵੀ," ਯੇਸੇਨਿਨ ਨੇ ਕੁਸੀਕੋਵ ਦੀ ਜਾਣ-ਪਛਾਣ ਕਰਵਾਉਣ ਦੇ ਲਹਿਜੇ ਨਾਲ਼ ਹੌਲ਼ੀ ਜਿਹੀ ਅਵਾਜ਼ ਵਿੱਚ ਕਿਹਾ। ਕੁਸੀਕੋਵ, ਇੱਕ ਘੁਮੰਡੀ ਨੌਜਵਾਨ, ਗਿਟਾਰ ਤਾਂ ਚੁੱਕੀ ਫਿਰਦਾ ਸੀ ਪਰ ਉਸਨੂੰ ਵਜਾਉਣੀ ਨਹੀਂ ਸੀ ਆਉਂਦੀ, ਨਿਰਾ ਪਾਖੰਡੀ ਜਿਹਾ ਜਾਪਦਾ ਸੀ। ਜਿੱਥੋਂ ਤੱਕ ਦੁਨਕੁਨ ਦਾ ਸਬੰਧ ਹੈ, ਉਸਨੂੰ ਮੈਂ ਕਈ ਸਾਲ ਪਹਿਲਾਂ ਸਟੇਜ 'ਤੇ ਵੇਖਿਆ ਸੀ। ਜਿੱਥੇ ਉਸਨੂੰ ਇਲਹਾਮ ਦਾ ਵਿਸ਼ੇਸ਼ਣ ਦਿੱਤਾ ਗਿਆ ਸੀ, ਇੱਥੋਂ ਤੱਕ ਕਿ ਇੱਕ ਪੱਤਰਕਾਰ ਨੇ ਤਾਂ ਇਹ ਵੀ ਕਹਿ ਦਿੱਤਾ ਸੀ ਕਿ "ਇਹਨਾਂ ਦਾ ਸ਼ਾਨਦਾਰ ਜਿਸਮ ਸਾਨੂੰ ਨੂਰੀ ਅਗਨ ਨਾਲ਼ ਸਾੜ ਰਿਹਾ ਹੈ।"

ਖੈਰ, ਮੈਨੂੰ ਅਜਿਹਾ ਨਾਚ ਜਿਹੜਾ ਦਿਮਾਗ ਵਿੱਚੋਂ ਉਪਜਦਾ ਹੈ, ਨਾ ਤਾਂ ਪਸੰਦ ਹੈ ਤੇ ਨਾ ਹੀ ਇਸਦੀ ਸਮਝ ਹੈ। ਅਤੇ ਜਿਸ ਢੰਗ ਨਾਲ਼ ਇਹ ਔਰਤ ਸਟੇਜ ’ਤੇ ਭੱਜੀ ਫਿਰਦੀ ਸੀ ਉਹ ਮੈਨੂੰ ਬਿਲਕੁਲ ਵੀ ਪਸੰਦ ਨਹੀਂ ਸੀ। ਮੈਨੂੰ ਯਾਦ ਹੈ ਕਿ ਮੈਨੂੰ ਸਗੋਂ ਉਸ ’ਤੇ ਤਰਸ ਆ ਰਿਹਾ ਸੀ: ਬਹੁਤ ਘੱਟ ਕੱਪੜਿਆਂ ਵਿੱਚ ਨੱਚ ਰਹੀ ਇਹ ਕੁੜੀ ਬੁਰੀ ਤਰ੍ਹਾਂ ਠੰਢ ਦੀ ਮਾਰੀ ਹੋਈ ਲੱਗ ਰਹੀ ਸੀ ਅਤੇ ਆਪਣੇ ਆਪ ਨੂੰ ਥੋੜਾ ਨਿੱਘਾ ਰੱਖਣ ਲਈ ਭੱਜ-ਨੱਠ ਕਰ ਰਹੀ ਸੀ।

ਇਸ ਮੌਕੇ ’ਤੇ ਵੀ ਭੋਜਨ ਅਤੇ ਵੋਦਕਾ ਤੋਂ ਬਾਅਦ ਉਸਨੇ ਕੁਝ ਨਾਚ ਵਿਖਾਇਆ। ਇਹ ਨਾਚ ਦੁਨਕਨ ਦੀ ਉਮਰ ਦੇ ਬੋਝ ਅਤੇ ਪਿਆਰ ਤੇ ਸ਼ੋਹਰਤ ਦੇ ਵਿਗਾੜੇ ਉਸਦੇ ਸਰੀਰ ਦੀ ਸਮੱਸਿਆ ਵਿਚਕਾਰ ਸੰਘਰਸ਼ ਹੀ ਜਾਪ ਰਿਹਾ ਸੀ। ਇਹਨਾਂ ਸ਼ਬਦਾਂ ਰਾਹੀਂ ਮੇਰਾ ਇਸ ਔਰਤ ਦੀ ਹੇਠੀ ਕਰਨ ਦਾ ਕੋਈ ਇਰਾਦਾ ਨਹੀਂ ਹੈ। ਇਹ ਤਾਂ ਬੁੱਢੀ ਉਮਰ ਦਾ ਸਰਾਪ ਹੈ।

ਬੁੱਢੀ ਉਮਰ ਦੀ ਅਤੇ ਥੁਲਥੁਲ ਜਿਹੀ ਇਹ ਔਰਤ ਆਪਣੀ ਜ਼ੰਗਾਲ-ਰੰਗੀ ਪੁਸ਼ਾਕ ਵਿੱਚ, ਛਾਤੀਆਂ ਨਾਲ਼ ਘੁੱਟ ਕੇ ਲਾਏ ਹੋਏ ਫੁੱਲਾਂ ਦੇ ਗੁੱਛੇ ਅਤੇ ਉਸਦੇ ਮੋਟੇ, ਕਰੂਪ ਨਕਸ਼ਾਂ ’ਤੇ ਚਿਪਕੀ ਹੋਈ ਬੇਅਰਥੀ ਮੁਸਕਾਨ ਨਾਲ਼ ਇਸ ਛੋਟੇ ਜਿਹੇ ਕਮਰੇ ਵਿੱਚ ਗੇੜੇ ਕੱਢਦੀ ਤੇ ਚੱਕਰ ਖਾਂਦੀ ਫਿਰਦੀ ਸੀ।

ਰਿਆਜ਼ਾਨ ਦੇ ਉਸ ਸ਼ਾਨਦਾਰ ਕਵੀ ਦੇ ਇਕਹਿਰੇ ਜਿਹੇ ਆਕਾਰ ਦੇ ਨਾਲ਼ ਬੈਠੀ ਇਹ ਪ੍ਰਸਿੱਧ ਔਰਤ, ਜਿਸਨੂੰ ਹਜ਼ਾਰਾਂ ਹੀ ਯੂਰਪੀ ਸੁੰਦਰਤਾ-ਪ੍ਰੇਮੀਆਂ ਅਤੇ ਟਰਪਸੀਕੋਰੀਅਨ ਕਲਾ ਦੇ ਪ੍ਰਸੰਸਕਾਂ ਨੇ ਸਿਰ ’ਤੇ ਚੁੱਕਿਆ ਹੋਇਆ ਸੀ, ਹਰ ਉਸ ਚੀਜ਼ ਦਾ ਸਰੂਪ ਜਾਪ ਰਹੀ ਸੀ ਜਿਸਦੀ ਉਹਨਾਂ ਲੋਕਾਂ ਨੂੰ ਲੋੜ ਨਹੀਂ ਸੀ। ਮੈਂ ਇਹ ਸਭ ਕੁਝ ਪੂਰੀ ਤਰ੍ਹਾਂ ਨਿਰਪੱਖ ਹੋ ਕੇ ਕਹਿ ਰਿਹਾ ਹਾਂ, ਅਤੇ ਇਹ ਕੋਈ ਬਾਅਦ ਵਿੱਚ ਸੋਚੀ ਹੋਈ ਗੱਲ ਵੀ ਨਹੀਂ ਹੈ: ਉਸ ਦਿਨ ਦਾ ਪ੍ਰਭਾਵ ਬਿਲਕੁਲ ਇਸੇ ਤਰ੍ਹਾਂ ਦਾ ਸੀ। ਜਦੋਂ ਮੈਂ ਉਸਨੂੰ ਧਿਆਨ ਨਾਲ਼ ਦੇਖ ਰਿਹਾ ਸੀ ਅਤੇ ਹੈਰਾਨ ਹੋ ਰਿਹਾ ਸਾਂ ਕਿ ਕਵੀ ਦੇ ਦਿਲ ਵਿੱਚੋਂ ਨਿਕਲ਼ੇ ਇਹਨਾਂ ਹਾਉਕਿਆਂ ਦਾ ਅਰਥ ਉਹ ਕਿਵੇਂ ਅਨੁਭਵ ਕਰ ਸਕਦੀ ਸੀ:

ਚੰਨ ਜਿਹੇ ਮੁੱਖੜੇ ਨੂੰ
ਘਾਹ ਦਾ ਤਿੜ ਦੰਦਾਂ ’ਚ ਦੱਬ ਕੇ
ਘਾਹ ਦੇ ਢੇਰ ’ਤੇ ਮੁਸਕਰਾਉਣਾ
ਕਿੰਨਾ ਚੰਗਾ ਲੱਗਦਾ ਹੈ।

ਹੇਠ ਲਿਖੇ ਸੋਗੀ ਢੰਗ ਨਾਲ਼ ਵਿਅੰਗਮਈ ਲਫ਼ਜ਼ ਉਸ ਲਈ ਕੀ ਅਰਥ ਰੱਖਦੇ ਹੋਣਗੇ:

ਮੇਰੇ ਸਿਰ ਉੱਤਲਾ ਇਹ ਟੋਪ
ਔਰਤਾਂ ਲਈ ਤਾਂ ਨਹੀਂ ਸੀ,
ਇਹ ਮੂਰਖਾਨਾ ਚੀਜ਼ ਪਿਆਰ
ਮੈਂ ਇਸਨੂੰ ਬਰਦਾਸ਼ਤ ਨਹੀਂ ਕਰ ਸਕਦਾ।
ਮੇਰਾ ਦੁੱਖ ਕੁਝ ਘਟ ਜਾਂਦਾ ਹੈ ਜਦੋਂ ਮੈਂ
ਉਸਦੀ ਘੋੜੀ ਲਈ ਸੋਨੇ ਜਿਹਾ ਅਨਾਜ ਛੰਡਦਾ ਹਾਂ।

ਯੇਸੇਨਿਨ ਦੁਨਕਨ ਨਾਲ਼ ਇਸ਼ਾਰਿਆਂ ਰਾਹੀਂ ਗੱਲਾਂ ਕਰ ਰਿਹਾ ਸੀ। ਕਦੇ-ਕਦੇ ਤਾਂ ਉਸਦਾ ਧਿਆਨ ਖਿੱਚਣ ਲਈ ਆਪਣੀਆਂ ਕੂਹਣੀਆਂ ਤੇ ਗੋਡੇ ਵੀ ਵਰਤਦਾ। ਜਦੋਂ ਉਹ ਨੱਚ ਰਹੀ ਸੀ ਤਾਂ ਉਹ ਮੇਜ਼ 'ਤੇ ਬੈਠਾ ਸ਼ਰਾਬ ਦੀਆਂ ਚੁਸਕੀਆਂ ਭਰ ਰਿਹਾ ਸੀ ਅਤੇ ਅੱਖਾਂ ਦੇ ਕੋਨਿਆਂ ਵਿੱਚੋਂ ਉਸ ਵੱਲ ਬੜੇ ਫਿੱਕੇ ਜਿਹੇ ਢੰਗ ਨਾਲ਼ ਦੇਖ ਰਿਹਾ ਸੀ। ਸ਼ਾਇਦ ਉਸੇ ਵੇਲ਼ੇ ਉਸਦੀ ਕਵਿਤਾ ਵਿੱਚ ਇਹਨਾਂ ਤਰਸ ਭਰੇ ਸ਼ਬਦਾਂ ਨੇ ਰੂਪ ਧਾਰਿਆ ਹੋਵੇ:

ਉਹਨਾਂ ਨੇ ਤੈਨੂੰ ਪਿਆਰ ਕੀਤਾ
ਤੈਨੂੰ ਗਾਲ਼ ਦਿੱਤਾ
ਭ੍ਰਿਸ਼ਟ ਕੀਤਾ।

ਮੈਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਉਹ ਉਸਨੂੰ ਕੋਈ ਬਲਾ ਸਮਝਦਾ ਹੋਵੇ ਜਿਹੜੀ ਪਹਿਲਾਂ ਉਸਨੂੰ ਡਰਾਉਂਦੀ ਰਹੀ ਹੋਵੇ, ਅਤੇ ਭਾਵੇਂ ਕਿ ਹੁਣ ਉਹ ਉਸਤੋਂ ਡਰਦਾ ਤਾਂ ਨਹੀਂ ਪਰ ਫਿਰ ਵੀ ਉਹ ਉਸ ਨੂੰ ਦਬਾ ਰਹੀ ਹੈ। ਉਸਨੇ ਕਈ ਵਾਰ ਆਪਣਾ ਸਿਰ ਝਟਕਿਆ, ਜਿਵੇਂ ਕੋਈ ਗੰਜਾ ਆਦਮੀ ਮੱਖੀ ਉਡਾਉਣ ਲਈ ਝਟਕਦਾ ਹੈ।

ਫਿਰ ਥੱਕੀ ਹੋਈ ਦੁਨਕਨ ਗੋਡਿਆਂ ਭਾਰ ਡਿੱਗ ਪਈ, ਤੇ ਕਵੀ ਦੇ ਚਿਹਰੇ ਵੱਲ ਸਿੱਥਲ ਤੇ ਨਸ਼ਿਆਈ ਮੁਸਕਾਨ ਨਾਲ ਦੇਖਣ ਲੱਗ ਪਈ। ਯੇਸੇਨਿਨ ਨੇ ਉਸਦੇ ਮੋਢਿਆਂ 'ਤੇ ਹੱਥ ਤਾਂ ਰੱਖਿਆ ਪਰ ਆਪਣਾ ਮੂੰਹ ਫੇਰ ਲਿਆ। ਅਤੇ ਫਿਰ ਮੇਰੇ ਮਨ ਵਿੱਚ ਖਿਆਲ ਆਇਆ ਕਿ ਸ਼ਾਇਦ ਇਸੇ ਪਲ ਕਵੀ ਦੇ ਦਿਲ ਵਿੱਚ ਇਹ ਖਰਵ੍ਹੇ ਪਰ ਤਰਸ ਭਰੇ ਸ਼ਬਦ ਚਮਕੇ ਹੋਣ:

ਮੇਰੇ ਵੱਲ ਇੰਝ ਨਾ ਦੇਖ
ਵਿਗੜਿਆ ਹੋਇਆ ਨਿਆਣਾ ਹੈਂ ਤੂੰ।

ਜਾਂ

ਪਤਾ ਨਹੀਂ ਮੈਂ ਕੀ ਕਰ ਬੈਠਾਂ
ਪਿਆਰੀ, ਮੈਂ ਰੋ ਰਿਹਾ ਹਾਂ,
ਐਨੀ ਵੀ ਨਿਰਦਈ ਨਾ ਬਣ...

ਜਦੋਂ ਯੇਸੇਨਿਨ ਨੂੰ ਗਾਉਣ ਲਈ ਕਿਹਾ ਗਿਆ ਤਾਂ ਉਹ ਖੁਸ਼ੀ-ਖੁਸ਼ੀ ਮੰਨ ਗਿਆ। ਖੜਾ ਹੋਇਆ ਅਤੇ ਖਲੋਪੁਸ਼ਾ ਦਾ ਸਵੈਗਤ ਕਥਨ ਗਾਉਣਾ ਸ਼ੁਰੂ ਕਰ ਦਿੱਤਾ। ਪਹਿਲਾਂ ਤਾਂ ਕੈਦੀ ਦੀਆਂ ਦੁਖਾਂਤਕ ਚੀਕਾਂ ਬੜੀਆਂ ਨਾਟਕੀ ਜਿਹੀਆਂ ਜਾਪੀਆਂ।

ਚੁੰਧਿਆ ਦੇਣ ਵਾਲੀ
ਖ਼ੂਨ ਨਾਲ਼ ਲਿੱਬੜੀ
ਪਾਗਲ ਕਰ ਦੇਣ ਵਾਲ਼ੀ ਗਹਿਰ!
ਐ ਮੌਤ
ਤੂੰ ਕੀ ਹੈਂ?

ਜਲਦੀ ਹੀ ਮੈਨੂੰ ਇਹ ਮਹਿਸੂਸ ਹੋਇਆ ਕਿ ਉਹ ਸ਼ਾਨਦਾਰ ਗਾਇਕ ਸੀ, ਜਿਸਨੂੰ ਸੁਣਨਾ ਪੀੜਾਦਾਇਕ ਹੱਦ ਤੱਕ ਨਿਰਾਸ਼ਾਜਨਕ ਸੀ। ਮੈਂ ਇਸਨੂੰ ਮੁਹਾਰਤ ਜਾਂ ਕਲਾਤਮਕ ਨਹੀਂ ਕਹਿ ਸਕਦਾ, ਕਿਉਂਕਿ ਇਹ ਸ਼ਬਦ ਉਸਦੇ ਅੰਦਾਜ਼ ਦੀ ਸਹੀ ਤਰ੍ਹਾਂ ਤਰਜਮਾਨੀ ਨਹੀਂ ਕਰਦੇ। ਕਵੀ ਦੀ ਆਵਾਜ਼ ਕੁਝ ਭਰੜਾਈ ਹੋਈ, ਕੜਕਵੀਂ ਤੇ ਦਿਲ-ਚੀਰਵੀਂ ਸੀ, ਜਿਹੜੀ ਖਲੋਪੁਸ਼ਾ ਦੇ ਕਠੋਰ ਸ਼ਬਦਾਂ ਨੂੰ ਇੱਕ ਵਿਸ਼ੇਸ ਤਾਕਤ ਨਾਲ਼ ਪੇਸ਼ ਕਰ ਰਹੀ ਸੀ। ਕੈਦੀ ਦੀ ਮੰਗ ਦੁਰਲੱਭ ਇਮਾਨਦਾਰ ਅਤੇ ਹੈਰਾਨ ਕਰ ਦੇਣ ਵਾਲ਼ੀ ਮਜ਼ਬੂਤੀ ਨਾਲ਼ ਗੂੰਜਦੀ ਸੀ, ਜਦੋ ਇਹ ਵੱਖ-ਵੱਖ ਤਾਲਾਂ ਵਿੱਚ ਦੁਹਰਾਈ ਜਾ ਰਹੀ ਸੀ:

ਮੈਂ ਉਸ ਬੰਦੇ ਨਾਲ਼ ਟੱਕਰ ਲੈਣੀ ਹੈ!

ਇਸ ਤੋਂ ਮਗਰੋਂ ਇਹ ਸ਼ਬਦ ਸਨ ਜਿਹਨਾਂ ਦੀ ਸੁਰ-ਲਹਿਰ ਭੈਅ ਦਾ ਬੜਾ ਸ਼ਾਨਦਾਰ ਪ੍ਰਗਟਾਵਾ ਕਰਦੀ ਸੀ:

ਕਿੱਥੇ ਹੈ ਉਹ? ਕਿੱਥੇ?
ਕਿਤੇ ਇਉਂ ਤਾਂ ਨਹੀਂ ਕਿ

ਉਸਦੀ ਕੋਈ ਹੋਂਦ ਹੀ ਨਹੀਂ?

ਇਸ ਗੱਲ 'ਤੇ ਯਕੀਨ ਨਹੀਂ ਸੀ ਆਉਂਦਾ ਕਿ ਇਹ ਇਕਹਿਰਾ ਜਿਹਾ ਬੰਦਾ ਭਾਵਨਾਵਾਂ ਨੂੰ ਐਨੇ ਸ਼ਕਤੀਸ਼ਾਲੀ ਢੰਗ ਨਾਲ਼ ਤੇ ਪ੍ਰਗਟਾਵੇ ਦੀ ਅਜਿਹੀ ਸੰਪੂਰਨਤਾ ਨਾਲ਼ ਬੰਨ੍ਹ ਕੇ ਰੱਖਦਾ ਹੈ। ਕਵਿਤਾ ਪੜ੍ਹਦੇ-ਪੜ੍ਹਦੇ ਉਹ ਪੀਲ਼ਾ ਪੈ ਗਿਆ, ਐਨਾ ਪੀਲ਼ਾ ਕਿ ਉਸਦੇ ਕੰਨ ਚਿੱਟੇ ਰੰਗ ਦੇ ਲੱਗਣ ਲੱਗ ਪਏ। ਉਸਦੇ ਹੱਥ ਹਿੱਲ-ਜੁੱਲ ਕਰਦੇ ਰਹਿੰਦੇ ਪਰ ਕਵਿਤਾ ਦੀ ਸੁਰ-ਤਾਲ ਨਾਲ਼ ਇਹਨਾਂ ਦਾ ਕੋਈ ਮੇਲ਼ ਨਹੀਂ ਹੁੰਦਾ ਸੀ। ਪਰ ਫੇਰ ਵੀ ਇਹ ਸਭ ਕੁਝ ਢੁੱਕਵਾਂ ਲੱਗ ਰਿਹਾ ਸੀ, ਕਿਉਂਕਿ ਤਾਲ ਐਨੀ ਤਿਲਕਵੀਂ ਸੀ ਤੇ ਹਰ ਸ਼ਬਦ ਦਾ ਵਜ਼ਨ ਆਪਣੀ ਹੀ ਮਰਜ਼ੀ ਨਾਲ਼ ਵਧਦਾ-ਘਟਦਾ ਰਹਿੰਦਾ ਸੀ। ਇਸ ਤਰ੍ਹਾਂ ਜਾਪਦਾ ਸੀ ਕਿ ਜਿਵੇਂ ਉਹ ਆਪਣੇ ਸ਼ਬਦ ਚਾਰੇ ਪਾਸੇ ਵਗਾਹ ਮਾਰ ਰਿਹਾ ਹੈ, ਕਦੇ ਆਪਣੇ ਪੈਰਾਂ ਵੱਲ, ਕਦੇ ਆਪਣੇ ਤੋਂ ਦੂਰ ਤੇ ਕਦੇ ਕਿਸੇ ਦੇ ਘ੍ਰਿਣਾ ਯੋਗ ਚਿਹਰੇ ਵੱਲ। ਅਟਕਦੀ, ਖਰਵ੍ਹੀ ਆਵਾਜ਼, ਅਧੂਰੇ ਹਾਵ-ਭਾਵ, ਝੂਮਦਾ ਸਰੀਰ, ਅਤੇ ਬਲ਼ਦੀਆਂ ਤੇ ਤਸੀਹੇ ਦਿੰਦੀਆਂ ਅੱਖਾਂ—ਇਹ ਸਭ ਕੁਝ ਕਵੀ ਦੇ ਆਲ਼ੇ-ਦੁਆਲ਼ੇ ਦੇ ਵਾਤਾਵਰਣ ਨੂੰ ਬੜਾ ਜਚਦਾ ਸੀ।

ਪੁਗਾਚੋਵ ਵੱਲੋਂ ਤਿੰਨ ਵਾਰ ਪੁੱਛੇ ਸਵਾਲ ਨੂੰ ਵੀ ਉਸਨੇ ਕਮਾਲ ਨਾਲ਼ ਪੇਸ਼ ਕੀਤਾ:

ਕੋਈ ਹੋਸ਼ ਹੈ ਤੈਨੂੰ?

ਪਹਿਲਾਂ ਉੱਚੀ ਅਤੇ ਗੁੱਸੇਭਰੀ ਆਵਾਜ਼ ਵਿੱਚ ਤੇ ਫਿਰ ਜ਼ਰਾ ਹੌਲ਼ੀ ਪਰ ਜ਼ਿਆਦਾ ਸ਼ਕਤੀਸ਼ਾਲੀ ਸੁਰ ਵਿੱਚ:

ਕੋਈ ਹੋਸ਼ ਹੈ ਤੈਨੂੰ?

ਤੇ ਅੰਤ ਵਿੱਚ ਨਿਰਾਸ਼ਾ ਨਾਲ਼ ਗਲ਼ਾ ਭਰ ਆਉਣ ਕਾਰਨ ਬਿਲਕੁਲ ਘੁਸਰ-ਮੁਸਰ ਵਿੱਚ:

ਕੋਈ ਹੋਸ਼ ਹੈ ਤੈਨੂੰ?
ਕੌਣ ਕਹਿੰਦੈ ਅਸੀਂ ਤਬਾਹ ਹੋ ਗਏ ਹਾਂ?

ਕਿੰਨਾ ਪ੍ਰਭਾਵਸ਼ਾਲੀ ਸੀ ਇਹ ਸਵਾਲ:

ਕੋਈ ਆਪਣੀ ਰੂਹ ਦੇ ਭਾਰ ਨਾਲ਼ ਵੀ ਤਿੜਕਿਆ ਹੈ ਕਦੇ,
ਇਸਦਾ ਵੀ ਕੋਈ ਬੋਝ ਹੁੰਦਾ ਹੈ?

ਅਤੇ ਫਿਰ ਥੋੜ੍ਹੀ ਦੇਰ ਬਾਅਦ ਆਉਂਦਾ ਹੈ ਲਾਚਾਰੀ ਤੇ ਵਿਦਾਇਗੀ ਦਾ ਇਹ ਹਾਉਕਾ:

ਮੇਰੇ ਦੋਸਤੋ
ਮੇਰੇ ਪਿਆਰਿਓ...

ਇਸ ਨਾਲ਼ ਮੈਂ ਐਨਾ ਟੁੰਬਿਆ ਗਿਆ ਕਿ ਹੰਝੂ ਰੋਕਣੇ ਔਖੇ ਹੋ ਗਏ। ਮੈਨੂੰ ਯਾਦ ਹੈ ਕਿ ਉਸਦੀ ਪ੍ਰਸੰਸਾ ਵਿੱਚ ਮੈਂ ਇੱਕ ਵੀ ਸ਼ਬਦ ਨਾ ਬੋਲ ਸਕਿਆ, ਤੇ ਮੇਰਾ ਖਿਆਲ ਹੈ ਕਿ ਉਸਨੂੰ ਇਸਦੀ ਲੋੜ ਵੀ ਨਹੀਂ ਸੀ।

ਫਿਰ ਮੈਂ ਉਸਨੂੰ ਉਹ ਕੁੱਤੇ ਵਾਲ਼ੀ ਕਵਿਤਾ ਸੁਣਾਉਣ ਲਈ ਕਿਹਾ ਜਿਸਦੇ ਸੱਤ ਕਤੂਰੇ ਡੁਬੋ ਕੇ ਮਾਰਨ ਲਈ ਉਸਤੋਂ ਖੋਹ ਲਏ ਗਏ ਸਨ।

"ਜੇ ਤੁਸੀਂ ਥੱਕੇ ਨਹੀਂ ਹੋ ਤਾਂ..."

"ਕਵਿਤਾਂ ਤੋਂ ਮੈਂ ਕਦੇ ਨਹੀਂ ਥੱਕਦਾ," ਉਸਨੇ ਜਵਾਬ ਦਿੱਤਾ, ਅਤੇ ਫਿਰ ਕੁਝ ਸ਼ਰਮਾਉਂਦਿਆਂ ਪੁੱਛਿਆ, "ਤੁਹਾਨੂੰ ਇਹ ਕੁੱਤੇ ਵਾਲ਼ੀ ਕਹਾਣੀ ਪਸੰਦ ਹੈ?"

ਮੈਂ ਉਸਨੂੰ ਦੱਸਿਆ ਕਿ ਮੇਰੀ ਰਾਏ ਵਿੱਚ ਜਾਨਵਰਾਂ ਬਾਰੇ ਐਨੀ ਮੁਹਾਰਤ ਤੇ ਸੱਚੇ ਪਿਆਰ ਨਾਲ਼ ਲਿਖਣ ਵਾਲ਼ਾ ਰੂਸ ਦਾ ਉਹ ਪਹਿਲਾ ਸਾਹਿਤਕਾਰ ਹੈ।

"ਹਾਂ, ਮੈਂ ਹਰ ਤਰ੍ਹਾਂ ਦੇ ਜਾਨਵਰਾਂ ਦਾ ਬੜਾ ਸ਼ੌਕੀਨ ਹਾਂ," ਉਸਨੇ ਕੁਝ ਸੋਚਦੇ ਹੋਏ ਕਿਹਾ, ਜਦੋਂ ਮੈਂ ਉਸਤੋਂ ਪੁੱਛਿਆ ਕਿ ਕੀ ਉਸਨੇ ਕਲਾਉਦਲ ਦੀ ਕਿਤਾਬ 'ਜਾਨਵਰਾਂ ਦਾ ਸਵਰਗ' ਪੜ੍ਹੀ ਹੈ ਤਾਂ ਉਸਨੇ ਕੋਈ ਜਵਾਬ ਨਾ ਦਿੱਤਾ, ਸਗੋਂ ਦੋਹਾਂ ਹੱਥਾਂ ਵਿੱਚ ਆਪਣਾ ਸਿਰ ਫੜ ਕੇ 'ਕੁੱਤੇ ਦਾ ਗੀਤ' ਗਾਉਣ ਲੱਗ ਪਿਆ। ਜਿਵੇਂ ਹੀ ਉਸਨੇ ਗੀਤ ਦੀਆਂ ਇਹ ਆਖਰੀ ਸਤਰਾਂ ਛੋਹੀਆਂ:

ਵਿਚਾਰੇ ਕੁੱਤੇ ਦੇ ਉਦਾਸ ਹੰਝੂ
ਡਿੱਗੇ ਚਿੱਟੀ ਬਰਫ਼ 'ਤੇ
ਬਣਕੇ ਸੁਨਹਿਰੀ ਤਾਰੇ।

ਤਾਂ ਉਸਦੀਆਂ ਵੀ ਅੱਖਾਂ ਭਰ ਆਈਆਂ।

ਇਹ ਸਤਰਾਂ ਸੁਣਨ ਤੋਂ ਬਾਅਦ ਮੈਂ ਇਹ ਸੋਚੇ ਬਿਨਾਂ ਨਾ ਰਹਿ ਸਕਿਆ ਕਿ ਯੇਸੇਨਿਨ ਓਨਾ ਮਨੁੱਖ ਨਹੀਂ ਜਿੰਨਾ ਕਿ ਕੁਦਰਤ ਦੀ ਰਚੀ ਹੋਈ ਕੋਈ ਸੰਵੇਦਨਸ਼ੀਲ

ਇੰਦਰੀ ਹੈ, ਜਿਸਨੂੰ ਕੁਦਰਤ ਨੇ ਕਵਿਤਾ ਲਈ, ਸ. ਸੇਰਗੇਯੇਵ-ਸੇਨਸਕੀ ਦੇ ਸ਼ਬਦਾਂ ਵਿੱਚ ਕਹੀਏ ਤਾਂ "ਖੇਤਾਂ ਦੀ ਉਦਾਸੀ" ਪ੍ਰਗਟਾਉਣ ਲਈ, ਸੰਸਾਰ ਦੀ ਹਰ ਸਜੀਵ ਵਸਤੂ ਨੂੰ ਪਿਆਰ ਕਰਨ ਲਈ ਤੇ ਉਸ ਤਰਸ ਲਈ ਖੁਦ ਰਚਿਆ ਹੈ, ਜਿਸਦੀ ਮਨੁੱਖ ਨੂੰ ਬਾਕੀ ਸਾਰੀਆਂ ਚੀਜ਼ਾਂ ਨਾਲ਼ੋਂ ਕਿਤੇ ਜ਼ਿਆਦਾ ਜ਼ਰੂਰਤ ਹੁੰਦੀ ਹੈ। ਅਜਿਹੇ ਵਿਚਾਰਾਂ ਨਾਲ਼, ਕੁਸੀਕੋਵ ਤੇ ਉਸਦੀ ਗਿਟਾਰ, ਦੁਨਕਨ ਤੇ ਉਸਦਾ ਨਾਚ, ਸਭ ਤੋਂ ਜ਼ਿਆਦਾ ਨੀਰਸ ਇਲਾਕੇ ਬਰੈਂਨਡਨਬਰਗ ਦਾ ਸਭ ਤੋਂ ਨੀਰਸ ਸ਼ਹਿਰ ਬਰਲਿਨ, ਅਤੇ ਇਸ ਬੇਹੱਦ ਪ੍ਰਤਿਭਾਸ਼ਾਲੀ ਤੇ ਪੂਰੀ ਤਰ੍ਹਾਂ ਰੂਸੀ ਕਵੀ ਦੇ ਆਲ਼ੇ-ਦੁਆਲ਼ੇ ਦੀ ਹਰ ਚੀਜ਼ ਹੋਰ ਵੀ ਨਿਕੰਮੀ ਤੇ ਵਾਧੂ ਜਿਹੀ ਜਾਪਣ ਲੱਗ ਪਈ।

ਉਹ ਸ਼ਾਮ ਅਚਾਨਕ ਹੀ ਯੇਸੇਨਿਨ 'ਤੇ ਹਾਵੀ ਹੋਣ ਲੱਗ ਪਈ, ਤੇ ਦੁਨਕਨ ਦੀ ਪਿੱਠ 'ਤੇ ਥਾਪੀ ਦਿੰਦਿਆਂ, ਜਿਵੇਂ ਉਹ ਆਪਣੇ ਇਲਾਕੇ ਰਿਆਜ਼ਾਨ ਗੁਬੇਰਨੀਆ ਦੀਆਂ ਕਿਸਾਨ ਕੁੜੀਆਂ ਨੂੰ ਦਿਆ ਕਰਦਾ ਸੀ, ਉਸਨੇ ਕਿਸੇ ਵਧੀਆ ਤੇ ਰੌਣਕ ਭਰੀ ਜਗ੍ਹਾ 'ਤੇ ਜਾਣ ਦੀ ਸਲਾਹ ਦਿੱਤੀ।

ਅਸੀਂ ਉਹ ਸ਼ਾਮ ਲੂਨਾ ਪਾਰਕ ਵਿਖੇ ਬਿਤਾਉਣ ਦਾ ਫੈਸਲਾ ਕੀਤਾ।

ਜਦੋਂ ਅਸੀਂ ਡਿਊਢੀ ਵਿੱਚ ਆਪੋ-ਆਪਣੇ ਕੋਟ ਪਹਿਨ ਰਹੇ ਸਾਂ ਤੇ ਦੁਨਕਨ ਬੜੇ ਸ਼ੌਕ ਨਾਲ਼ ਸਾਰਿਆਂ ਨੂੰ ਚੁੰਮਣ ਲੱਗ ਪਈ।

"ਰੂਸੀ ਬੜੇ ਚੰਗੇ," ਉਸਨੇ ਟੁੱਟੀ-ਫੁੱਟੀ ਰੂਸੀ ਵਿੱਚ ਕਿਹਾ। "ਹੋਰ ਐਸਾ ਕੋਈ ਨਹੀਂ..."

ਯੇਸੇਨਿਨ ਨੇ ਉੱਥੇ ਨਕਲੀ ਜਿਹੀ ਈਰਖਾ ਵਿੱਚ ਬੜੀ ਘਟੀਆ ਜਿਹੀ ਹਰਕਤ ਕੀਤੀ। ਉਸਨੇ ਦੁਨਕਨ ਦੀ ਪਿੱਠ 'ਤੇ ਧੱਫਾ ਮਾਰਿਆ ਤੇ ਉੱਚੀ ਅਵਾਜ਼ ਵਿੱਚ ਕਿਹਾ: "ਅਜਨਬੀਆਂ ਨੂੰ ਚੁੰਮਣ ਦੀ ਹਿੰਮਤ ਨਹੀਂ ਕਰੀਦੀ!"

ਮੈਨੂੰ ਜਾਪਿਆ ਕਿ ਉਸਨੇ ਇਹ ਹਰਕਤ ਸਿਰਫ਼ ਉੱਥੇ ਹਾਜ਼ਿਰ ਲੋਕਾਂ ਨੂੰ ਅਜਨਬੀ ਕਹਿਣ ਲਈ ਹੀ ਕੀਤੀ ਸੀ।

ਲੂਨਾ ਪਾਰਕ ਦੀ ਧੱਕੜ ਸਜਾਵਟ ਨੇ ਯੇਸੇਨਿਨ ਨੂੰ ਖੁਸ਼ ਕਰ ਦਿੱਤਾ ਅਤੇ ਉਹ ਇੱਕ ਤਮਾਸ਼ੇ ਤੋਂ ਦੂਜੇ ਵੱਲ ਭੱਜਿਆ ਫਿਰਿਆ, ਸਤਿਕਾਰਯੋਗ ਜਰਮਨਾਂ ਨੂੰ ਗੱਤੇ ਦੇ ਬਣੇ ਹੋਏ ਗੰਦੇ ਜਿਹੇ ਮਖੌਟੇ 'ਤੇ ਗੇਂਦ ਮਾਰਦਿਆਂ ਜਾਂ ਉਸ ਪੌੜੀ 'ਤੇ ਚੜ੍ਹਦਿਆਂ ਵੇਖਦਾ ਰਿਹਾ ਜਿਹੜੀ ਹਿੱਲਦੀ-ਜੁੱਲਦੀ ਸੀ ਤੇ ਚੜ੍ਹਨ ਵਾਲਿਆਂ ਨੂੰ ਉੱਭੜ-ਖਾਭੜ ਧਰਤੀ 'ਤੇ ਵਗਾਹ ਮਾਰਦੀ ਸੀ। ਉੱਥੇ ਅਜਿਹੇ ਅਨੇਕਾਂ ਹੀ ਬਨਾਵਟੀ ਜਿਹੇ ਮਨੋਰੰਜਨ ਸਨ। ਹਰ ਜਗ੍ਹਾ ਰੌਸ਼ਨੀਆਂ ਚਮਕ ਰਹੀਆਂ ਸਨ ਅਤੇ ਸੱਚਾ ਜਰਮਨ ਸੰਗੀਤ, ਜਿਸਨੂੰ ਅਸੀਂ "ਮੋਟਿਆਂ ਦਾ ਸੰਗੀਤ" ਕਹਿ ਸਕਦੇ ਹਾਂ, ਗੂੰਜਦੀ ਹੋਈ ਆਵਾਜ਼ ਪੈਦਾ ਕਰ ਰਿਹਾ ਸੀ।

"ਇਹਨਾਂ ਨੇ ਬਹੁਤ ਕੁਝ ਬਣਾਇਆ ਹੈ, ਪਰ ਕੋਈ ਖਾਸ ਕਾਢ ਨਹੀਂ ਕੱਢੀ,"

ਯੇਸੇਨਿਨ ਨੇ ਕਿਹਾ, ਪਰ ਇੱਕਦਮ ਇਹ ਵੀ ਨਾਲ਼ ਹੀ ਜੋੜ ਦਿੱਤਾ: "ਨਹੀਂ, ਨਹੀਂ, ਮੈਂ ਚਿੱਕੜ ਨਹੀਂ ਉਛਾਲ ਰਿਹਾ।"

ਫਿਰ ਉਸਨੇ ਕਿਹਾ ਕਿ "ਚਿੱਕੜ ਉਛਾਲਣਾ" "ਬਦਖੋਈ ਕਰਨਾ" ਨਾਲ਼ੋਂ ਵਧੀਆ ਸ਼ਬਦ ਹੈ।

"ਛੋਟੇ ਸ਼ਬਦ ਵੱਡੇ ਸ਼ਬਦਾਂ ਨਾਲ਼ੋਂ ਬਿਹਤਰ ਹੁੰਦੇ ਹਨ।"

ਜਿਸ ਫੁਰਤੀ ਨਾਲ਼ ਯੇਸੇਨਿਨ ਨੇ ਪਾਰਕ ਦੇ ਸਾਰੇ ਤਮਾਸ਼ੇ ਦੇਖੇ ਉਸਤੋਂ ਜਾਪਦਾ ਸੀ ਕਿ ਉਹ ਸਭ ਕੁਝ ਦੇਖ ਲੈਣ ਲਈ ਕਾਹਲਾ ਸੀ ਤਾਂ ਕਿ ਜਲਦੀ ਹੀ ਇਹਨਾਂ ਨੂੰ ਵਿਸਾਰ ਸਕੇ। ਫਿਰ ਉਹ ਇੱਕ ਗੋਲ਼ ਸ਼ਮਿਆਨੇ ਦੇ ਸਾਹਮਣੇ ਆ ਕੇ ਰੁਕ ਗਿਆ ਜਿਸ ਵਿੱਚ ਕੋਈ ਨੰਗੀ ਜਿਹੀ ਚੀਜ਼ ਰੌਲ਼ਾ ਪਾਉਂਦੇ ਹੋਏ ਘੁੰਮ ਰਹੀ ਸੀ, ਤੇ ਉਸਨੇ ਮੈਨੂੰ ਕਾਹਲੀ ਜਿਹੀ ਵਿੱਚ ਪੁੱਛਿਆ: "ਤੁਹਾਡਾ ਕੀ ਖਿਆਲ ਹੈ ਮੇਰੀ ਕਵਿਤਾ ਦੀ ਕੋਈ ਲੋੜ ਹੈ? ਆਮ ਤੌਰ 'ਤੇ ਕਲਾ, ਮੇਰਾ ਮਤਲਬ ਕਵਿਤਾ, ਲੋੜੀਂਦੀ ਹੈ?"

ਸਵਾਲ ਬਹੁਤ ਢੁਕਵਾਂ ਸੀ, ਲੂਨਾ ਪਾਰਕ ਸ਼ਿਲਰ ਤੋਂ ਬਿਨਾਂ ਵੀ ਚੱਲ ਰਿਹਾ ਸੀ।

ਮੇਰੇ ਜਵਾਬ ਦੀ ਉਡੀਕ ਕੀਤੇ ਬਗੈਰ ਹੀ ਯੇਸੇਨਿਨ ਨੇ ਸ਼ਰਾਬ ਪੀਣ ਦਾ ਸੁਝਾਅ ਦਿੱਤਾ।

ਖੁੱਲ੍ਹੇ-ਡੁੱਲ੍ਹੇ ਤੇ ਹਵਾਦਾਰ ਰੈਸਤਰਾਂ ਵਿੱਚ ਖੁਸ਼ੀਆਂ ਮਨਾਉਂਦੀ ਭੀੜ ਵਿੱਚ ਬੈਠਾ ਉਹ ਫਿਰ ਅੱਕ ਗਿਆ, ਬੇਸੁੱਧ ਤੇ ਵਿਆਕੁਲ ਜਿਹਾ ਹੋ ਗਿਆ। ਸ਼ਰਾਬ ਨੇ ਵੀ ਉਸਨੂੰ ਕੋਈ ਖੁਸ਼ੀ ਨਾ ਦਿੱਤੀ।

"ਇਹ ਖੱਟੀ ਹੈ ਤੇ ਇਸ ਵਿੱਚੋਂ ਸੜੇ ਹੋਏ ਖੰਭਾਂ ਦੀ ਬੋ ਆਉਂਦੀ ਹੈ। ਇਹਨਾਂ ਤੋਂ ਕੁਝ ਫਰਾਂਸੀਸੀ ਲਾਲ ਵਾਈਨ ਮੰਗਵਾਓ।"

ਜਦੋਂ ਇਹ ਸ਼ਰਾਬ ਉਸਨੂੰ ਦਿੱਤੀ ਗਈ ਤਾਂ ਉਸਨੇ ਬਿਨਾਂ ਕਿਸੇ ਖੁਸ਼ੀ ਦੇ ਇਸਨੂੰ ਪੀਤਾ, ਜਿਵੇਂ ਕੋਈ ਔਖਾ ਫ਼ਰਜ਼ ਨਿਭਾ ਰਿਹਾ ਹੋਵੇ। ਕਈ ਮਿੰਟਾਂ ਤੱਕ ਉਹ ਦੂਰ ਬਾਹਰ ਦੇਖਦਾ ਰਿਹਾ ਜਿੱਥੇ ਕਾਲ਼ੇ ਬੱਦਲਾਂ ਦੀ ਪਿੱਠਭੂਮੀ ਵਿੱਚ ਕਿਸੇ ਔਰਤ ਦਾ ਆਕਾਰ ਨਜ਼ਰੀ ਪੈ ਰਿਹਾ ਸੀ ਜਿਹੜੀ ਤਲਾਅ ਪਾਰ ਕਰਨ ਲਈ ਰੱਸੇ 'ਤੇ ਤੁਰੀ ਜਾ ਰਹੀ ਸੀ। ਉਹ ਬੰਗਾਲੀ ਰੌਸ਼ਨੀਆਂ ਵਿੱਚ ਚਮਕ ਰਹੀ ਸੀ ਤੇ ਆਤਸ਼ਬਾਜ਼ੀਆਂ ਉਸਦੇ ਸਿਰ ਕੋਲੋਂ ਲੰਘ ਕੇ ਕਾਲ਼ੇ ਬੱਦਲਾਂ ਵਿੱਚ ਅਲੋਪ ਹੁੰਦੀਆਂ ਤੇ ਹੇਠਾਂ ਪਾਣੀ ਵਿੱਚ ਆਪਣਾ ਅਕਸ ਸੁੱਟਦੀਆਂ ਜਾਪਦੀਆਂ ਸਨ। ਦ੍ਰਿਸ਼ ਕਾਫ਼ੀ ਹੱਦ ਤੱਕ ਖੂਬਸੂਰਤ ਸੀ, ਪਰ ਯੇਸੇਨਿਨ ਬੁੜਬੁੜਾਇਆ:

"ਇਹ ਸਾਰੇ ਲੋਕ ਵੱਧ ਤੋਂ ਵੱਧ ਰੌਂਗਟੇ ਖੜੇ ਕਰ ਦੇਣ ਵਾਲ਼ੇ ਦ੍ਰਿਸ਼ ਦੇਖਣ ਦੇ ਚਾਹਵਾਨ ਹਨ, ਪਰ ਫਿਰ ਵੀ ਮੈਨੂੰ ਸਰਕਸ ਜ਼ਿਆਦਾ ਪਸੰਦ ਹੈ। ਤੁਹਾਨੂੰ ਵੀ ਹੈ?"

ਉਸ ਤੋਂ ਕੋਈ ਅਜਿਹਾ ਪ੍ਰਭਾਵ ਨਹੀਂ ਸੀ ਪੈ ਰਿਹਾ ਕਿ ਉਹ ਐਵੇਂ ਬਣ ਕੇ ਵਿਖਾ ਰਿਹਾ ਹੈ, ਪਰ ਜਾਪਦਾ ਸੀ ਕਿ ਉਹ ਇਸ ਘਟੀਆ ਮਨੋਰੰਜਨ ਵਾਲ਼ੀ ਥਾਂ 'ਤੇ ਫ਼ਰਜ਼

ਵਜੋਂ ਜਾਂ ਸਿਰਫ ਲੋਕਾਂ ਨੂੰ ਮੂੰਹ ਦਿਖਾਉਣ ਲਈ ਹੀ ਆਇਆ ਹੈ, ਬਿਲਕੁਲ ਉਹਨਾਂ ਲੋਕਾਂ ਵਾਂਗ ਜਿਹੜੇ ਰੱਬ ਨੂੰ ਨਹੀਂ ਮੰਨਦੇ ਪਰ ਫਿਰ ਵੀ ਅਕਸਰ ਗਿਰਜਾ-ਘਰ ਆਉਂਦੇ ਜਾਂਦੇ ਰਹਿੰਦੇ ਹਨ। ਉਹ ਬੜੀ ਬੇਸਬਰੀ ਨਾਲ਼ ਇਸ ਗੱਲ ਦੀ ਉਡੀਕ ਕਰ ਰਿਹਾ ਸੀ ਕਿ ਖਾਣਾ ਪਰੋਸਣਾ ਕਦੋਂ ਬੰਦ ਹੋਵੇ, ਕਿਉਂਕਿ ਇਹ ਉਸਦੀ ਰੂਹ ਨੂੰ ਛੋਹਿਆ ਨਹੀਂ ਸੀ। ਇਹ ਕਿਸੇ ਅਜਨਬੀ ਰੱਬ ਦੀ ਸੇਵਾ ਹੋ ਰਹੀ ਸੀ।

1919

ਸਾਹਿਤ ਬਾਰੇ ਚਿੱਠੀਆਂ

ਐਂਤੋਨ ਚੈਖ਼ਵ ਨੂੰ

5 (17) ਜਨਵਰੀ, 1900 ਤੋਂ ਮਗਰੋਂ
ਨੀਜ਼੍ਹਨੀ-ਨੋਵਗੋਰੋਦ

ਨਵਾਂ ਸਾਲ ਮੁਬਾਰਕ !

ਮੇਰੇ ਜਿਉਣ ਦਾ ਢੰਗ ਉਵੇਂ ਹਮੇਸ਼ਾਂ ਵਾਂਗ ਬੇਤੁਕਾ ਜਿਹਾ ਹੀ ਹੈ, ਤੇ ਮੈਂ ਬਹੁਤ ਉੱਖੜਿਆ ਹੋਇਆ ਮਹਿਸੂਸ ਕਰ ਰਿਹਾ ਹਾਂ। ਜੇ ਮੈਂ ਸਿਹਤਮੰਦ ਰਿਹਾ ਤਾਂ ਮਾਰਚ ਦੇ ਅਖ਼ੀਰ ਜਾਂ ਅਪ੍ਰੈਲ ਦੇ ਮਹੀਨੇ ਯਾਲਟਾ ਆਵਾਂਗਾ। ਮੇਰਾ ਬੜਾ ਦਿਲ ਕਰ ਰਿਹਾ ਹੈ ਕਿ ਮੈਂ ਕਿਸੇ ਵੱਖਰੇ ਢੰਗ ਨਾਲ਼, ਜ਼ਿਆਦਾ ਸ਼ੋਖ਼ ਤੇ ਸਭ ਤੋਂ ਅਹਿਮ ਗੱਲ ਜ਼ਿਆਦਾ ਤੇਜ਼ ਗਤੀ ਨਾਲ਼ ਜੀਵਾਂ। ਪਿੱਛੇ ਜਿਹੇ ਹੀ ਮੈਂ ਤੁਹਾਡਾ ਨਾਟਕ 'ਅੰਕਲ ਵਾਨੀਆ' ਦੇਖਿਆ, ਅਦਾਕਾਰੀ ਬੜੀ ਕਮਾਲ ਸੀ! (ਦਰਅਸਲ ਮੈਂ ਅਦਾਕਾਰੀ ਦਾ ਕੋਈ ਬਹੁਤਾ ਚੰਗਾ ਪਾਰਖੂ ਨਹੀਂ ਹਾਂ, ਜਦੋਂ ਮੈਨੂੰ ਕੋਈ ਨਾਟਕ ਪਸੰਦ ਆਉਂਦਾ ਹੈ ਤਾਂ ਅਦਾਕਾਰੀ ਹਮੇਸ਼ਾ ਹੀ ਅਦਭੁੱਤ ਜਾਪਦੀ ਹੈ।) ਪਰ ਤੁਹਾਡੇ ਇਸ ਨਾਟਕ ਵਿੱਚ ਇਹ ਤਾਕਤ ਹੈ ਕਿ ਇਹ ਮਾੜੇ ਅਦਾਕਾਰ ਤੋਂ ਵੀ ਚੰਗਾ ਕੰਮ ਕਰਵਾ ਲੈਂਦਾ ਹੈ। ਇਹ ਤੱਥ ਹੈ। ਕੁਝ ਅਜਿਹੇ ਨਾਟਕ ਹੁੰਦੇ ਹਨ, ਜਿਹਨਾਂ ਨੂੰ ਮਾੜੀ ਅਦਾਕਾਰੀ ਵੀ ਖਰਾਬ ਨਹੀਂ ਕਰ ਸਕਦੀ, ਅਤੇ ਕੁਝ ਅਜਿਹੇ ਵੀ ਹੁੰਦੇ ਹਨ ਜਿਹੜੇ ਚੰਗੀ ਅਦਾਕਾਰੀ ਨਾਲ਼ ਵੀ ਖਰਾਬ ਹੋ ਜਾਂਦੇ ਹਨ। ਕੁਝ ਸਮਾਂ ਪਹਿਲਾਂ ਮਾਲੇ ਥਿਏਟਰ ਵਿੱਚ ਮੈਂ ਤਾਲਸਤਾਏ ਦਾ ਨਾਟਕ 'ਹਨੇਰੇ ਦੀ ਤਾਕਤ' ਦੇਖਿਆ। ਇੱਕ ਸਮਾਂ ਸੀ ਜਦੋਂ ਮੈਂ ਇਸ ਨਾਟਕ ਨੂੰ ਦੇਖ ਕੇ ਹੱਸਿਆ ਕਰਦਾ ਸਾਂ ਅਤੇ ਮੈਨੂੰ ਇਹ ਥੋੜ੍ਹਾ-ਬਹੁਤ ਪਸੰਦ ਵੀ ਸੀ, ਪਰ ਹੁਣ ਇਹ ਮੈਨੂੰ ਬੜਾ ਘਟੀਆ ਜਿਹਾ ਜਾਪਦਾ ਹੈ, ਤੇ ਮੈਂ ਮੁੜ ਇਸਨੂੰ ਕਦੇ ਨਹੀਂ ਦੇਖਾਂਗਾ। ਇਹ ਚੰਗੀ ਅਦਾਕਾਰੀ ਕਾਰਨ ਹੀ ਹੈ, ਜਿਸਨੇ ਇਸਦੀਆਂ ਬੇਤੁਕੀਆਂ ਤੇ ਖਰਵ੍ਹੀਆਂ ਗੱਲਾਂ ਨੂੰ ਬੜੀ ਬੇਕਿਰਕੀ ਨਾਲ਼ ਉਭਾਰਿਆ। ਇਹੀ ਗੱਲ ਸੰਗੀਤ 'ਤੇ ਵੀ ਢੁੱਕਦੀ ਹੈ, ਕੋਈ ਮਾੜਾ ਵਾਇਲਨ-ਵਾਦਕ ਵੀ ਆਰਨੈਸਟ ਦੀ 'ਐਲੇਜੀ' ਬੜੀ ਚੰਗੀ ਤਰ੍ਹਾਂ ਵਜਾ ਸਕਦਾ ਹੈ, ਜਦਕਿ ਕਿਸੇ ਚੰਗੇ ਵਾਦਕ ਕੋਲ਼ ਕੋਈ ਭੈੜੀ ਚੀਜ਼ ਹੋਰ ਵੀ ਘ੍ਰਿਣਤ ਬਣ ਜਾਂਦੀ ਹੈ।

ਮੈਂ ਹੁਣੇ ਤੁਹਾਡੀ ਕਹਾਣੀ 'ਕੁੱਤੇ ਵਾਲ਼ੀ ਮਹਿਲਾ' ਪੜ੍ਹੀ ਹੈ। ਤੁਹਾਨੂੰ ਪਤਾ ਹੈ ਤੁਸੀਂ ਕੀ ਕਰ ਰਹੇ ਹੋ ? ਤੁਸੀਂ ਯਥਾਰਥਵਾਦ ਦਾ ਕਤਲ ਕਰ ਰਹੇ ਹੋ। ਅਤੇ ਜਲਦੀ ਹੀ ਤੁਸੀਂ ਇਸਨੂੰ ਮਾਰ ਵੀ ਦੇਵੋਗੇ। ਹੁਣ ਇਹ ਪੁਰਾਣਾ ਪੈ ਚੁੱਕਿਆ ਹੈ... ਇਹ ਸੱਚਾਈ ਹੈ! ਤੁਹਾਡੇ ਤੋਂ ਬਾਅਦ

ਹੋਰ ਕੋਈ ਵੀ ਇਸ ਰਾਹ ’ਤੇ ਤੁਰਨ ਦੇ ਯੋਗ ਨਹੀਂ ਹੈ, ਕਿਉਂਕਿ ਅਜਿਹੀਆਂ ਸਧਾਰਣ ਗੱਲਾਂ ਬਾਰੇ ਜਿਵੇਂ ਤੁਸੀਂ ਸਧਾਰਣ ਢੰਗ ਨਾਲ਼ ਲਿਖਦੇ ਹੋ, ਹੋਰ ਕੋਈ ਵੀ ਇਹ ਕੰਮ ਕਰਨ ਦੇ ਯੋਗ ਨਹੀਂ ਹੈ। ਤੁਹਾਡੀ ਕੋਈ ਸੰਖੇਪ ਜਿਹੀ ਲਿਖੀ ਛੋਟੀ ਕਹਾਣੀ ਪੜ੍ਹ ਕੇ ਬਾਕੀ ਸਾਰੀਆਂ ਗੱਲਾਂ ਬੜੀਆਂ ਖਰਵ੍ਹੀਆਂ ਤੇ ਪੀੜਾਦਾਈ ਢੰਗ ਨਾਲ਼ ਕੁਢੱਬੀਆਂ ਜਾਪਣ ਲੱਗ ਪੈਂਦੀਆਂ ਹਨ, ਹੋਰ ਵੀ ਬੁਰੀ ਗੱਲ ਇਹ ਹੈ ਕਿ ਉਹਨਾਂ ਕੁਢੱਬੀਆਂ ਗੱਲਾਂ ਵਿੱਚ ਸਾਦਗੀ ਦੀ ਘਾਟ ਹੁੰਦੀ ਹੈ, ਇਸ ਲਈ ਸੱਚੀਆਂ ਨਹੀਂ ਜਾਪਦੀਆਂ। ਇਸ ਬਾਰੇ ਕੋਈ ਸ਼ੱਕ ਨਹੀਂ ਹੈ (ਮਾਸਕੋ ਵਿੱਚ ਕੋਈ ਗਿਓਰਗੀ ਚੁਲਕੋਵ ਨਾਂ ਦਾ ਵਿਦਿਆਰਥੀ ਹੈ, ਬੜੇ ਸ਼ਾਨਦਾਰ ਢੰਗ ਨਾਲ਼ ਤੁਹਾਡੇ ਪਾਏ ਪੂਰਨਿਆਂ ’ਤੇ ਚੱਲ ਰਿਹਾ ਹੈ—ਹੁਸ਼ਿਆਰ ਮੁੰਡਾ ਹੈ)। ਇਸ ਲਈ ਮੈਂ ਕਹਿੰਦਾ ਹਾਂ ਕਿ ਤੁਸੀਂ ਯਥਾਰਥਵਾਦ ਦਾ ਫਸਤਾ ਵੱਢ ਹੀ ਸੁੱਟੋਗੇ। ਅਤੇ ਮੈਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੈ, ਕਿਉਂਕਿ ਹੁਣ ਇਸਦੇ ਜਾਣ ਦਾ ਵੇਲ਼ਾ ਆ ਗਿਆ ਹੈ। ਢੱਠੇ ਖੂਹ ’ਚ ਪਵੇ ਇਹ!

ਅਸਲ ਵਿੱਚ ਉਹ ਸਮਾਂ ਆ ਗਿਆ ਹੈ, ਜਦੋਂ ਸੂਰਮਗਤੀ ਦੀ ਲੋੜ ਹੁੰਦੀ ਹੈ; ਹਰ ਪਾਸੇ ਲੋਕ ਉਤੇਜਨਾ ਲਈ ਬੇਚੈਨ ਹਨ, ਵਧੇਰੇ ਚਮਕ ਲਈ, ਅਜਿਹੀਆਂ ਚੀਜ਼ਾਂ ਲਈ ਜਿਹੜੀਆਂ ਸਾਡੀ ਜ਼ਿੰਦਗੀ ਤੋਂ ਅਲੱਗ ਹੋਣ, ਬਿਹਤਰ ਤੇ ਵਧੇਰੇ ਸੋਹਣੀਆਂ ਹੋਣ। ਹੁਣ ਇਹ ਲਾਜ਼ਮੀ ਹੋ ਗਿਆ ਹੈ ਕਿ ਅਜੋਕਾ ਸਾਹਿਤ ਜੀਵਨ ਨੂੰ ਸਜਾਉਣਾ-ਸੰਵਾਰਨਾ ਸ਼ੁਰੂ ਕਰੇ, ਕਿਉਂਕਿ ਜਿੰਨੀ ਜਲਦੀ ਇਹ ਕੰਮ ਸ਼ੁਰੂ ਹੋਵੇਗਾ, ਜੀਵਨ ਹੋਰ ਵੀ ਸੋਹਣਾ ਹੋ ਜਾਵੇਗਾ, ਕਹਿ ਸਕਦੇ ਹੋ ਕਿ ਲੋਕ ਵਧੇਰੇ ਸ਼ਾਨ ਨਾਲ਼ ਤੇ ਵੇਗਮਈ ਢੰਗ ਨਾਲ਼ ਜਿਉਣਗੇ। ਜ਼ਰਾ ਦੇਖੋ ਤਾਂ ਸਹੀ ਅੱਜ ਉਹ ਕਿਵੇਂ ਜੀਅ ਰਹੇ ਹਨ, ਉਹਨਾਂ ਦੀਆਂ ਅੱਖਾਂ ਦੇਖੋ, ਕਿੰਨੀਆਂ ਰੁੱਖੀਆਂ, ਠੰਢੀਆਂ ਤੇ ਬੇਜਾਨ ਹਨ।

ਆਪਣੀਆਂ ਮਿੰਨੀਆਂ ਕਹਾਣੀਆਂ ਰਾਹੀਂ ਤੁਸੀਂ ਬਹੁਤ ਅਹਿਮੀਅਤ ਵਾਲ਼ਾ ਕੰਮ ਕਰ ਰਹੇ ਹੋ, ਲੋਕਾਂ ਅੰਦਰ ਇਸ ਨੀਰਸ ਅਤੇ ਫਿੱਕੇ ਜਿਹੇ ਜੀਵਨ ਪ੍ਰਤੀ ਘ੍ਰਿਣਾ ਜਗਾ ਰਹੇ ਹੋ, ਜਿਹੜਾ ਕਿ ਅਸਲ ਵਿੱਚ ਨੀਮ-ਮੌਤ ਹੀ ਹੈ। ਸ਼ੈਤਾਨ ਚੁੱਕੇ ਇਸਨੂੰ! ਤੁਹਾਡੀ ‘ਕੁੱਤੇ ਵਾਲ਼ੀ ਮਹਿਲਾ’ ਕਹਾਣੀ ਨੇ ਮੇਰੇ ’ਤੇ ਅਜਿਹਾ ਅਸਰ ਪਾਇਆ ਕਿ ਅਚਾਨਕ ਮੈਨੂੰ ਮਹਿਸੂਸ ਹੋਇਆ ਕਿ ਮੈਂ ਆਪਣੀ ਪਤਨੀ ਨਾਲ਼ ਬੇਵਫਾਈ ਕਰ ਰਿਹਾ ਹਾਂ, ਦੁੱਖ ਦੇ ਰਿਹਾ ਹਾਂ, ਤੇ ਅਜਿਹਾ ਹੀ ਹੋਰ ਬਹੁਤ ਕੁਝ। ਜੋ ਵੀ ਹੈ ਮੈਂ ਆਪਣੀ ਪਤਨੀ ਪ੍ਰਤੀ ਵਫਾਦਾਰ ਹਾਂ ਕਿਉਂਕਿ ਉਸਦੇ ਮੁਕਾਬਲੇ ਹੋਰ ਕੋਈ ਢੁੱਕਵੀਂ ਔਰਤ ਹੈ ਹੀ ਨਹੀਂ, ਪਰ ਫਿਰ ਵੀ ਮੇਰਾ ਉਸ ਨਾਲ਼ ਜ਼ਬਰਦਸਤ ਝਗੜਾ ਚੱਲ ਰਿਹਾ ਹੈ ਅਤੇ ਉਸਦੇ ਜੀਜੇ ਨਾਲ਼ ਵੀ, ਜਿਹੜਾ ਮੇਰਾ ਬੜਾ ਗੂੜ੍ਹਾ ਮਿੱਤਰ ਹੈ। ਮੇਰੇ ਖਿਆਲ ਵਿੱਚ ਤੁਸੀਂ ਆਪਣੀ ਕਹਾਣੀ ਦੇ ਅਜਿਹੇ ਨਤੀਜੇ ਨਿਕਲਣ ਦੀ ਬਿਲਕੁਲ ਵੀ ਆਸ ਨਹੀਂ ਕੀਤੀ ਹੋਵੇਗੀ। ਮੈਂ ਮਜ਼ਾਕ ਨਹੀਂ ਕਰ ਰਿਹਾ, ਇਹ ਬੜੀ ਗੰਭੀਰ ਗੱਲ ਹੈ, ਕਿਉਂਕਿ ਇਸੇ ਤਰ੍ਹਾਂ ਵਾਪਰਿਆ ਹੈ। ਮੈਂ ਤੁਹਾਨੂੰ ਯਕੀਨ ਦਿਲਾ ਸਕਦਾ ਹਾਂ ਕਿ ਇਸ ਮਾਮਲੇ ਵਿੱਚ ਮੈਂ ਕੋਈ ਇਕੱਲਾ ਪੀੜਤ ਨਹੀਂ ਹਾਂ। ਤੁਹਾਡੀਆਂ ਕਹਾਣੀਆਂ ਉਹਨਾਂ ਸ਼ਾਨਦਾਰ ਕੱਚ ਦੀਆਂ ਬੋਤਲਾਂ ਵਰਗੀਆਂ ਹਨ ਜਿਹਨਾਂ ਵਿੱਚ ਜੀਵਨ ਦੇ ਸਾਰੇ ਇਤਰ ਭਰੇ ਹੋਏ ਹਨ। ਤੁਸੀਂ ਮੇਰੀ ਗੱਲ ’ਤੇ ਯਕੀਨ ਕਰ ਸਕਦੇ ਹੋ ਕਿ ਪਾਰਖੂ ਨੱਕ ਵਾਲ਼ਾ ਬੰਦਾ ਹਮੇਸ਼ਾ ਹੀ ਉਹਨਾਂ

ਵਿੱਚੋਂ ਨਾਜ਼ੁਕ, ਮਜ਼ੇਦਾਰ ਤੇ ਗੁਣਕਾਰੀ "ਮਹਿਕਾਂ" ਲੱਭ ਲੈਂਦਾ ਹੈ। ਬਹੁਤ ਅਹਿਮ ਤੇ ਲੋੜੀਂਦੀਆਂ ਮਹਿਕਾਂ ਜਿਹੜੀਆਂ ਤੁਹਾਡੀਆਂ ਇਹਨਾਂ "ਇਤਰ ਦੀਆਂ ਬੋਤਲਾਂ" ਵਿੱਚ ਹਮੇਸ਼ਾ ਹੀ ਮਿਲ਼ ਜਾਂਦੀਆਂ ਹਨ। ਖ਼ੈਰ, ਹੁਣ ਮੈਂ ਇਹ ਗੱਲਾਂ ਬੰਦ ਕਰਦਾ ਹਾਂ, ਨਹੀਂ ਤਾਂ ਤੁਸੀਂ ਸੋਚੋਗੇ ਕਿ ਮੈਂ ਤੁਹਾਡੀ ਚਾਪਲੂਸੀ ਕਰ ਰਿਹਾ ਹਾਂ।

ਮੇਰੀਆਂ ਚੰਗੀਆਂ ਕਹਾਣੀਆਂ ਦਾ ਇੱਕ ਵੱਖਰਾ ਸੰਗ੍ਰਿਹ ਛਪਵਾਉਣ ਦਾ ਤੁਹਾਡਾ ਵਿਚਾਰ ਬੜਾ ਸ਼ਾਨਦਾਰ ਸੀ। ਮੈਂ ਇਸ ਬਾਰੇ ਮੈਟਰ ਇਕੱਠਾ ਕਰਾਂਗਾ ਭਾਵੇਂ ਕਿ ਮੈਂ ਤੁਹਾਡੀ ਇਸ ਗੱਲ ਨਾਲ਼ ਸਹਿਮਤ ਨਹੀਂ ਹਾਂ ਕਿ 'ਮੇਰਾ ਸਹਿ-ਯਾਤਰੀ' ਬਹੁਤ ਵਧੀਆ ਕਹਾਣੀ ਹੈ। ਅਜਿਹੇ ਵਿਸ਼ੇ 'ਤੇ ਲਿਖਣ ਦਾ ਇਹ ਵੀ ਕੋਈ ਢੰਗ ਹੈ? ਖ਼ੈਰ, ਉਹੀ ਕਹਾਣੀਆਂ ਚੁਣੀਆਂ ਜਾਣ ਜਿਹੜੀਆਂ ਕੁਝ ਵਧੀਆ ਹੋਣ, ਜਿਵੇਂ ਕਿ, 'ਸਤੈਪੀ ਵਿੱਚ', 'ਇਜ਼ਰਗੀਲ', 'ਬੇੜੇ ਉੱਤੇ', 'ਸਾਥੀ', ਅਤੇ ਫਿਰ ਅੱਗੇ ਕਿਹੜੀ? 'ਚੇਲਕਾਸ਼'? ਠੀਕ ਹੈ। 'ਮਾਲਵਾ'?

ਮੇਰੇ ਪ੍ਰਤੀ ਤੁਹਾਡਾ ਰਵੱਈਆ ਬੜਾ ਜਗਿਆਸੂ ਹੈ, ਮੇਰਾ ਮਤਲਬ, ਜਗਿਆਸੂ ਨਹੀਂ, ਪਰ ਕੁਝ ਅਜਿਹਾ ਜਿਹੜਾ ਮੇਰੇ ਪੱਲੇ ਨਹੀਂ ਪੈਂਦਾ। ਦਰਅਸਲ ਮੈਨੂੰ ਤੁਹਾਡਾ ਮੇਰੇ ਪ੍ਰਤੀ ਰਵੱਈਆ ਨਹੀਂ ਸਗੋਂ ਮੇਰਾ ਤੁਹਾਡੇ ਪ੍ਰਤੀ ਰਵੱਈਆ ਕਹਿਣਾ ਚਾਹੀਦਾ ਹੈ। ਤੁਹਾਡੇ ਖ਼ਤ ਮੇਰੇ 'ਤੇ ਬੜਾ ਅਜੀਬ ਕਿਸਮ ਦਾ ਅਸਰ ਪਾਉਂਦੇ ਹਨ—ਇਸ ਵੇਲ਼ੇ ਨਹੀਂ ਜਦੋਂ ਮੈਂ ਉੱਖੜਿਆ ਹੋਇਆ ਹਾਂ, ਪ੍ਰੇਸ਼ਾਨ ਹਾਂ, ਸਗੋਂ ਆਮ ਤੌਰ 'ਤੇ। ਮੈਂ ਬਸ ਤੁਹਾਡੇ ਖ਼ਤਾਂ ਨੂੰ ਪਿਆਰ ਕਰਦਾ ਹਾਂ, ਤੇ ਕਰਦਾ ਹੀ ਜਾ ਰਿਹਾ ਹਾਂ। ਇਹਨਾਂ ਬਚਗਾਨਾ ਗੱਲਾਂ ਲਈ ਮਾਫ਼ੀ ਚਾਹੁੰਦਾ ਹਾਂ, ਪਰ ਸਮੱਸਿਆ ਇਹ ਹੈ ਕਿ ਜਦੋਂ ਵੀ ਮੈਂ ਤੁਹਾਨੂੰ ਚਿੱਠੀ ਲਿਖਦਾ ਹਾਂ ਤਾਂ ਮੇਰਾ ਦਿਲ ਕਰਦਾ ਹੈ ਕਿ ਕੁਝ ਅਜਿਹਾ ਲਿਖਾਂ ਜਿਸ ਨਾਲ਼ ਤੁਹਾਨੂੰ ਖੁਸ਼ੀ ਮਿਲ਼ੇ, ਚੰਗਾ ਲੱਗੇ, ਤਾਂ ਕਿ ਇਹ ਨਾਮੁਰਾਦ ਜੀਵਨ ਕੁਝ ਸੌਖਾ ਹੋ ਜਾਵੇ। ਸਰੇਦਿਨ ਲਈ ਖ਼ਬਰ ਭੇਜਣ ਲਈ ਬਹੁਤ ਸ਼ੁਕਰੀਆ। ਉਹ ਵੀ ਬਹੁਤ ਸ਼ਾਨਦਾਰ ਇਨਸਾਨ ਹਨ, ਬਸ ਇੱਕ ਗੱਲ ਦੀ ਮੈਨੂੰ ਸਮਝ ਨਹੀਂ ਪੈਂਦੀ ਕਿ ਉਹ ਤਿਮਕੋਵਸਕੀ ਦੇ ਐਨੇ ਮੁਰੀਦ ਕਿਉਂ ਹਨ? ਉਹਨਾਂ ਨੂੰ ਯਾਨੀ ਸਰੇਦਿਨ ਨੂੰ ਮੇਰੇ ਵੱਲੋਂ ਨਮਸਕਾਰ ਕਹਿਣਾ।

ਸੁਣਿਆ ਹੈ ਕਿ ਤੁਸੀਂ ਕਿਸੇ ਅਭਿਨੇਤਰੀ ਨਾਲ਼ ਵਿਆਹ ਕਰਵਾ ਰਹੇ ਹੋ, ਵਿਦੇਸ਼ੀ ਜਿਹਾ ਨਾਮ ਹੈ ਉਸਦਾ (ਓਲਗਾ ਨਿੱਪਰ —ਸੰਪਾ.)। ਮੈਨੂੰ ਤਾਂ ਯਕੀਨ ਹੀ ਨਹੀਂ ਹੋ ਰਿਹਾ, ਪਰ ਜੇ ਇਹ ਗੱਲ ਸੱਚ ਹੈ ਤਾਂ ਮੈਂ ਬੜਾ ਖੁਸ਼ ਹਾਂ। ਵਿਆਹ ਇੱਕ ਵਧੀਆ ਚੀਜ਼ ਹੈ, ਜੇ ਔਰਤ ਕਾਠ ਦੀ ਬਣੀ ਹੋਈ ਤੇ ਗਰਮ ਸੁਭਾਅ ਦੀ ਨਾ ਹੋਵੇ ਤਾਂ। ਪਰ ਵਿਆਹ ਬਾਰੇ ਸਭ ਤੋਂ ਵਧੀਆ ਗੱਲ ਹੈ ਬੱਚੇ। ਮੇਰੇ ਨਿੱਕੇ ਪੁੱਤਰ ਨੂੰ ਹੀ ਲੈ ਲਓ, ਬੜਾ ਸ਼ਰਾਰਤੀ ਹੈ, ਪਰ ਹੁਸ਼ਿਆਰ ਬੱਚਾ ਹੈ। ਤੁਸੀਂ ਖੁਦ ਹੀ ਦੇਖ ਲੈਣਾ, ਪਤਝੜ ਵਿੱਚ ਮੈਂ ਉਸ ਨੂੰ ਵੀ ਨਾਲ਼ ਲੈ ਕੇ ਆਵਾਂਗਾ। ਬਸ ਉਸਨੇ ਕਿਤੋਂ ਗੰਦੀ ਭਾਸ਼ਾ ਸਿੱਖ ਲਈ ਹੈ, ਤੇ ਉਹ ਹਰ ਕਿਸੇ 'ਤੇ ਇਸਦੀ ਵਰਤੋਂ ਕਰਦਾ ਰਹਿੰਦਾ ਹੈ, ਮੈਨੂੰ ਉਸਦੀ ਇਹ ਆਦਤ ਛੁਡਾਉਣੀ ਬਹੁਤ ਮੁਸ਼ਕਿਲ ਲੱਗ ਰਹੀ ਹੈ। ਉਂਝ ਸੁਣ ਕੇ ਹਾਸਾ ਤਾਂ ਆਉਂਦਾ ਹੈ ਪਰ ਬੁਰਾ ਵੀ ਲੱਗਦਾ ਹੈ ਜਦੋਂ ਦੋ ਸਾਲਾਂ ਦਾ ਬਦਮਾਸ਼ ਉੱਚੀ-ਉੱਚੀ ਚੀਕ ਕੇ ਆਪਣੀ ਮਾਂ ਨੂੰ ਕਹਿੰਦਾ ਹੈ: "ਦਫਾ ਹੋ ਜਾ ਏਥੋਂ, ਸਰਾਪੀ ਔਰਤ!" ਹੋਰ ਤਾਂ ਹੋਰ ਉਹ

"ਸਰਾਪੀ" ਸ਼ਬਦ ਵੀ ਖਾਸ ਹੀ ਸਫ਼ਾਈ ਨਾਲ਼ ਬੋਲਦਾ ਹੈ।

ਖੈਰ, ਐਨਾ ਕੁ ਹੀ ਹੋਵੇਗਾ। ਮੇਰਾ ਹੱਥ ਹੈ ਉਸ 'ਤੇ। ਮੇਰਾ ਨਾਵਲ 'ਫੋਮਾ ਗੋਰਦੇਯੇਵ' ਅਜੇ ਛਪਿਆ ਨਹੀਂ ਹੈ। ਕੀ ਤੁਸੀਂ ਪੜ੍ਹਿਆ ਹੈ ? ਜਰਮਨ ਤੁਹਾਡੀ ਬੜੀ ਪ੍ਰਸੰਸਾ ਕਰ ਰਹੇ ਹਨ। ਸੇਂਟ ਪੀਟਰਸਬਰਗ ਵਿੱਚ ਪਿੱਛੇ ਜਿਹੇ ਕਿਸੇ ਨੇ ਕਿਹਾ ਕਿ ਤੁਹਾਡਾ ਨਾਟਕ 'ਅੰਕਲ ਵਾਨੀਆ' 'ਸਮੁੰਦਰੀ ਮੁਰਗਾਬੀ' ਨਾਲ਼ੋਂ ਜ਼ਿਆਦਾ ਵਧੀਆ ਹੈ। ਹੋ ਸਕਦਾ ਹੈ, ਪਰ ਕਹਿਣਾ ਮੁਸ਼ਕਿਲ ਹੈ।

ਲਿਖਦੇ ਰਹਿਣਾ।

ਅ. ਪੇਸ਼ਕੋਵ

ਲਿਓ ਤਾਲਸਤਾਏ ਨੂੰ

14 ਜਾਂ 15 (26 ਜਾਂ 27) ਫਰਬਰੀ, 1900
ਨੀਜ਼ਨੀ-ਨੋਵਗੋਰੋਦ

ਸ਼ੁਕਰੀਆ ਲਿਓ ਨਿਕੋਲਾਯੇਵਿਚ, ਤੁਹਾਡੀ ਤਸਵੀਰ ਲਈ ਅਤੇ ਮੇਰੇ ਬਾਰੇ ਦਿਆਲੂ ਤੇ ਮਿਹਰਬਾਨ ਸ਼ਬਦ ਕਹਿਣ ਲਈ*। ਮੈਂ ਇਹ ਤਾਂ ਨਹੀਂ ਜਾਣਦਾ ਕਿ ਮੈਂ ਆਪਣੀਆਂ ਕਿਤਾਬਾਂ ਨਾਲ਼ੋਂ ਬਿਹਤਰ ਹਾਂ ਜਾਂ ਨਹੀਂ ਪਰ ਇੰਨਾ ਜ਼ਰੂਰ ਜਾਣਦਾ ਹਾਂ ਕਿ ਲੇਖਕ ਨੂੰ ਜੋ ਉਹ ਲਿਖਦਾ ਹੈ ਉਸ ਨਾਲ਼ੋਂ ਬਿਹਤਰ ਤੇ ਉੱਚਾ ਹੋਣਾ ਚਾਹੀਦਾ ਹੈ। ਆਖਿਰਕਾਰ ਕਿਤਾਬ ਹੁੰਦੀ ਹੀ ਕੀ ਹੈ ? ਇੱਕ ਮਹਾਨ ਕਿਤਾਬ ਵੀ ਸ਼ਬਦਾਂ ਦੀ ਕਾਲ਼ੀ ਤੇ ਮਰੀ ਹੋਈ ਭਾਹ ਅਤੇ ਸੱਚਾਈ ਵੱਲ ਇੱਕ ਇਸ਼ਾਰਾ ਹੀ ਤਾਂ ਹੁੰਦੀ ਹੈ, ਜਦਕਿ ਮਨੁੱਖ ਜਿਉਂਦੇ ਜਾਗਦੇ ਰੱਬ ਦਾ ਪਾਤਰ ਹੈ, ਤੇ ਮੈਂ ਰੱਬ ਨੂੰ ਸੰਪੂਰਨਤਾ, ਸੱਚਾਈ ਤੇ ਇਨਸਾਫ ਪ੍ਰਤੀ ਸਦੀਵੀ ਤੜ੍ਹਪ ਵਜੋਂ ਸਮਝਦਾ ਹਾਂ। ਇਹੀ ਕਾਰਨ ਹੈ ਕਿ ਕੋਈ ਬੁਰਾ ਆਦਮੀ ਵੀ ਕਿਸੇ ਚੰਗੀ ਕਿਤਾਬ ਨਾਲ਼ੋਂ ਕਿਤੇ ਬਿਹਤਰ ਹੁੰਦਾ ਹੈ। ਕੀ ਤੁਸੀਂ ਇਸ ਤਰ੍ਹਾਂ ਨਹੀਂ ਸੋਚਦੇ ?

ਮੇਰਾ ਇਹ ਪੱਕਾ ਵਿਸ਼ਵਾਸ ਹੈ ਕਿ ਇਸ ਧਰਤੀ 'ਤੇ ਮਨੁੱਖ ਨਾਲ਼ੋਂ ਬਿਹਤਰ ਹੋਰ ਕੁਝ ਨਹੀਂ ਹੈ, ਅਤੇ ਮੈਂ ਤਾਂ ਇੱਥੋਂ ਤੱਕ ਕਹਾਂਗਾ—ਡੈਮੋਕ੍ਰੀਟਸ ਦੇ ਸ਼ਬਦਾਂ ਨੂੰ ਆਪਣੇ ਹਿਸਾਬ ਨਾਲ਼ ਬਦਲਦਿਆਂ—ਕਿ ਕੇਵਲ ਮਨੁੱਖ ਹੀ ਅਸਲ ਵਿੱਚ ਹੋਂਦ ਰੱਖਦਾ ਹੈ, ਬਾਕੀ ਸਭ ਕੁਝ ਮਹਿਜ਼ ਸੰਕਲਪ ਹੀ ਹਨ। ਮੈਂ ਹਮੇਸ਼ਾ ਹੀ ਮਨੁੱਖ ਦਾ ਪੁਜਾਰੀ ਰਿਹਾ ਹਾਂ ਤੇ ਹਮੇਸ਼ਾ ਰਹਾਂਗਾ, ਬਸ ਮੈਂ ਇਸ ਭਾਵਨਾ ਨੂੰ ਸਹੀ ਤਰ੍ਹਾਂ ਪ੍ਰਗਟਾਉਣ ਤੋਂ ਅਸਮਰਥ ਹਾਂ।

ਮੇਰਾ ਬਹੁਤ ਦਿਲ ਕਰ ਰਿਹਾ ਹੈ ਕਿ ਮੈਂ ਤੁਹਾਨੂੰ ਦੁਬਾਰਾ ਮਿਲਾਂ, ਪਰ ਅਫਸੋਸ ਹੈ ਕਿ ਮਿਲ ਨਹੀਂ ਸਕਾਂਗਾ। ਮੇਰੀ ਖੰਘ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ, ਸਿਰ ਦਰਦ ਕਰਦਾ ਰਹਿੰਦਾ ਹੈ ਪਰ ਮੈਂ ਪੂਰੇ ਜ਼ੋਰਾਂ ਨਾਲ਼ ਕੰਮ ਕਰ ਰਿਹਾ ਹਾਂ—ਅਜਿਹੇ ਲੋਕਾਂ ਬਾਰੇ ਕਿਤਾਬ ਲਿਖ ਰਿਹਾ ਹਾਂ ਜਿਹੜੇ ਆਪਣੀ ਮੱਕਾਰੀ ਵਿੱਚ ਬਹੁਤ ਸਿਆਣੇ ਹਨ, ਤੇ ਇਸ ਲਈ ਮੈਨੂੰ ਬਿਲਕੁਲ ਵੀ ਪਸੰਦ ਨਹੀਂ ਹਨ। ਮੇਰੇ ਖਿਆਲ ਵਿੱਚ ਇਹ ਸਭ ਤੋਂ ਘਟੀਆ ਕਿਸਮ ਦੇ ਲੋਕ ਹਨ। ਖੈਰ, ਤੁਹਾਨੂੰ ਹੋਰ ਨਹੀਂ ਥਕਾਵਾਂਗਾ, ਚਿੱਠੀ ਖਤਮ ਕਰਦਾ ਹਾਂ। ਮੇਰੇ ਵੱਲੋਂ ਹੱਥ ਘੁੱਟਣੀ ਤੇ ਪ੍ਰਣਾਮ ਸਵੀਕਾਰ ਕਰੋ। ਤੁਹਾਡੇ ਪਰਿਵਾਰ ਨੂੰ ਆਪਣਾ ਸਤਿਕਾਰ ਭੇਜਦਾਂ ਹਾਂ।

ਤੁਹਾਡੀ ਚੰਗੀ ਸਿਹਤ ਲਈ ਸ਼ੁਭ-ਕਾਮਨਾਵਾਂ!

ਅ. ਪੇਸ਼ਕੋਵ

---

* 9 ਫਰਬਰੀ, 1900 ਨੂੰ ਲਿਓ ਤਾਲਸਤਾਏ ਨੇ ਗੋਰਕੀ ਨੂੰ ਲਿਖਿਆ ਸੀ: "ਮੈਨੂੰ ਤੁਹਾਡੀਆਂ ਰਚਨਾਵਾਂ ਪਸੰਦ ਹਨ, ਪਰ ਮੈਂ ਤੁਹਾਨੂੰ ਤੁਹਾਡੀਆਂ ਰਚਨਾਵਾਂ ਨਾਲ਼ੋਂ ਵੀ ਚੰਗਾ ਸਮਝਦਾ ਹਾਂ।"

ਫਿਓਦੋਰ ਚਲੀਆਪਿਨ ਨੂੰ

1 (14) ਸਤੰਬਰ, 1909 ਤੋਂ ਮਗਰੋਂ
ਕਾਪਰੀ

ਪਿਆਰੇ ਫਿਓਦੋਰ,

ਕੋਨਸਤਾਨਤਿਨ ਪੇਤਰੋਵਿਚ* ਇੱਥੇ ਪਹੁੰਚ ਗਏ ਹਨ ਅਤੇ ਉਹਨਾਂ ਨੇ ਮੈਨੂੰ ਦੱਸਿਆ ਕਿ ਤੁਸੀਂ ਆਪਣੀ ਜੀਵਨੀ ਲਿਖਣਾ ਤੇ ਛਪਾਉਣਾ ਚਾਹੁੰਦੇ ਹੋ। ਇਸ ਖ਼ਬਰ ਨਾਲ਼ ਮੈਂ ਉਤੇਜਿਤ ਵੀ ਹੋਇਆ ਤੇ ਚੌਕੰਨਾ ਵੀ, ਅਤੇ ਮੈਂ ਜਲਦੀ ਜਲਦੀ ਤੁਹਾਨੂੰ ਇਹ ਸਭ ਦੱਸਣਾ ਚਾਹੁੰਦਾ ਹਾਂ: ਤੁਸੀਂ ਜੋ ਕਰਨ ਜਾ ਰਹੇ ਹੋ ਇਹ ਇੱਕ ਬਹੁਤ ਹੀ ਗੰਭੀਰ ਮਸਲਾ ਹੈ, ਸੰਸਾਰਵਿਆਪੀ ਪੱਧਰ 'ਤੇ ਮਹੱਤਵਪੂਰਨ ਹੈ, ਯਾਨੀ ਕਿ ਸਾਡੇ ਰੂਸੀਆਂ ਲਈ ਹੀ ਨਹੀਂ ਸਗੋਂ ਸਮੁੱਚੇ ਸੱਭਿਅਕ ਸੰਸਾਰ ਲਈ, ਖਾਸ ਕਰਕੇ ਕਲਾ ਦੀ ਦੁਨੀਆ ਲਈ! ਤੁਹਾਨੂੰ ਇਸ ਗੱਲ ਦਾ ਅਹਿਸਾਸ ਹੈ ਨਾ?

ਇਸ ਮਸਲੇ ਨੂੰ ਬੇਹੱਦ ਗੰਭੀਰਤਾ ਨਾਲ਼ ਨਜਿੱਠਿਆ ਜਾਣਾ ਚਾਹੀਦਾ ਹੈ, ਕਾਹਲੀ ਕਾਹਲੀ ਨਹੀਂ।

ਮੇਰੀ ਤੁਹਾਡੇ ਅੱਗੇ ਬੇਨਤੀ ਹੈ — ਅਤੇ ਤੁਹਾਨੂੰ ਮੇਰੇ 'ਤੇ ਯਕੀਨ ਕਰਨਾ ਚਾਹੀਦਾ ਹੈ! — ਕਿ ਇਸ ਯੋਜਨਾ ਬਾਰੇ ਹੋਰ ਕਿਸੇ ਨਾਲ਼ ਗੱਲ ਨਾ ਕਰਨਾ, ਜਦੋਂ ਤੱਕ ਕਿ ਮੇਰੇ ਨਾਲ਼ ਗੱਲ ਨਾ ਕਰ ਲਵੋ।

ਜੇ ਤੁਹਾਡਾ ਇਹ ਖਰੜਾ ਗਲਤ ਹੱਥਾਂ ਵਿੱਚ ਚਲਾ ਗਿਆ ਤਾਂ ਇਹ ਬੜੀ ਦੁੱਖਦਾਈ ਗੱਲ ਹੋਵੇਗੀ। ਕਿਸੇ ਅਜਿਹੇ ਆਦਮੀ ਕੋਲ਼ ਜਿਹੜਾ ਤੁਹਾਡੀ ਜ਼ਿੰਦਗੀ ਦੀ ਪੂਰੀ ਅਹਿਮੀਅਤ ਨੂੰ — ਕੌਮੀ ਅਹਿਮੀਅਤ — ਨੂੰ ਸਮਝਣੋਂ ਅਸਮਰਥ ਹੋਇਆ। ਤੁਹਾਡੀ ਜ਼ਿੰਦਗੀ ਇੱਕ ਚਿੰਨ੍ਹ ਬਣ ਚੁੱਕੀ ਹੈ ਤੇ ਸਾਡੀ ਮਾਤ-ਭੂਮੀ ਦੀ ਮਹਾਨਤਾ ਤੇ ਤਾਕਤ ਅਤੇ ਉਸ ਸੁੱਚੇ ਲਹੂ ਦਾ ਸਬੂਤ ਦਿੰਦੀ ਹੈ, ਜਿਹੜਾ ਤਾਤਾਰਾਂ ਵਰਗੇ ਸ਼ਾਸ਼ਕਾਂ ਦੇ ਜੂਲ਼ੇ ਹੇਠਾਂ ਲਿਤਾੜੇ ਜਾ ਰਹੇ ਸਾਡੇ ਦੇਸ਼ ਦੇ ਦਿਲ ਵਿੱਚ ਖੌਲ ਰਿਹਾ ਹੈ। ਇਸ ਗੱਲ ਦਾ ਧਿਆਨ ਰੱਖਣਾ, ਫਿਓਦੋਰ, ਕਿ ਆਪਣੀ ਆਤਮਾ ਸਾਹਿਤ ਦੇ ਕਿਸੇ ਵਪਾਰੀ ਦੇ ਹੱਥ ਨਾ ਦੇ ਬੈਠਣਾ!

* ਪਿਆਤਨਿਤਸਕੀ ਕ. ਪ. (1864-1939) — 'ਜ਼ਨਾਨੀਏ' ਪਬਲਿਸ਼ਿੰਗ ਕੰਪਨੀ ਦਾ ਕਾਰਜਕਾਰੀ ਮੁਖੀ।

ਤੁਹਾਨੂੰ ਮੇਰੇ 'ਤੇ ਯਕੀਨ ਕਰਨਾ ਚਾਹੀਦਾ ਹੈ — ਤੁਹਾਨੂੰ ਸੁਚੇਤ ਕਰਨ ਵਿੱਚ ਮੇਰਾ ਕੋਈ ਨਿੱਜੀ ਫਾਇਦਾ ਨਹੀਂ ਹੈ। ਤੁਹਾਡੇ ਚੰਗੇ ਸੁਭਾਅ ਤੇ ਅਜਿਹੇ ਕੰਮਾਂ ਪ੍ਰਤੀ ਉਦਾਸੀਨਤਾ ਦੇ ਰਵੱਈਏ ਕਾਰਨ ਗਲਤੀ ਹੋ ਜਾਣ ਦੀ ਸੰਭਾਵਨਾ ਹੈ।

ਮੇਰੀ ਇਹ ਸਲਾਹ ਹੈ: ਜਾਂ ਤਾਂ ਤੁਸੀਂ ਮਹੀਨੇ ਡੇਢ ਮਹੀਨੇ ਲਈ ਇੱਥੇ ਆ ਜਾਓ ਅਤੇ ਮੈਂ ਖੁਦ ਤੁਹਾਡੇ ਮੂੰਹੋਂ ਸੁਣ ਕੇ ਤੁਹਾਡੀ ਜੀਵਨ-ਕਹਾਣੀ ਲਿਖ ਦਿਆਂਗਾ, ਜਾਂ ਫਿਰ ਮੈਨੂੰ ਦੱਸ ਦਿਓ ਆਪਾਂ ਕਿਤੇ ਬਾਹਰ ਚਲੇ ਜਾਂਦੇ ਹਾਂ ਜਿੱਥੇ ਆਪਾਂ ਦੋਨੋ ਹਰ ਰੋਜ਼ ਤਿੰਨ ਜਾਂ ਚਾਰ ਘੰਟੇ ਤੁਹਾਡੀ ਸਵੈ-ਜੀਵਨੀ ਉੱਤੇ ਕੰਮ ਕਰ ਲਵਾਂਗੇ।

ਇਹ ਤਾਂ ਤੁਸੀਂ ਸਮਝ ਹੀ ਸਕਦੇ ਹੋ ਕਿ ਮੈਂ ਕਿਸੇ ਤਰ੍ਹਾਂ ਵੀ ਤੁਹਾਨੂੰ ਪ੍ਰੇਸ਼ਾਨ ਨਹੀਂ ਕਰਾਂਗਾ, ਬਸ ਤੁਹਾਨੂੰ ਇਹ ਦੱਸਣ ਤੱਕ ਹੀ ਖੁਦ ਨੂੰ ਸੀਮਤ ਰੱਖਾਂਗਾ ਕਿ ਕਿਹੜੀਆਂ ਗੱਲਾਂ ਉਭਾਰ ਕੇ ਪੇਸ਼ ਕਰਨੀਆਂ ਚਾਹੀਦੀਆਂ ਹਨ ਅਤੇ ਕਿਨ੍ਹਾਂ ਨੂੰ ਪਿਛੋਕੜ ਵਿੱਚ ਰੱਖਣਾ ਹੈ। ਜੇਕਰ ਤੁਸੀਂ ਚਾਹੋ ਤਾਂ ਭਾਸ਼ਾ ਦਾ ਕੰਮ ਮੈਂ ਕਰ ਦੇਵਾਂਗਾ, ਨਹੀਂ ਤਾਂ ਆਪਣੀ ਮਰਜ਼ੀ ਨਾਲ਼ ਤੁਸੀਂ ਉਸ ਵਿੱਚ ਤਬਦੀਲੀਆਂ ਕਰ ਸਕਦੇ ਹੋ।

ਮੇਰੀ ਇਹ ਰਾਏ ਹੈ: ਇਹ ਗੱਲ ਬਹੁਤ ਅਹਿਮੀਅਤ ਵਾਲ਼ੀ ਹੈ ਕਿ ਜੋ ਵੀ ਲਿਖਿਆ ਜਾਵੇ, ਸ਼ਾਨਦਾਰ ਲਿਖਿਆ ਜਾਵੇ! ਵਿਸ਼ਵਾਸ ਕਰੋ ਮੇਰੀ ਇਸ ਵਿੱਚ ਆਪਣੇ ਆਪ ਨੂੰ ਅੱਗੇ ਲਿਆਉਣ ਦੀ ਕੋਈ ਇੱਛਾ ਨਹੀਂ ਹੈ, ਨਹੀਂ, ਨਹੀਂ! ਲੋੜ ਤਾਂ ਇਸ ਗੱਲ ਦੀ ਹੈ ਕਿ ਆਪਣੇ ਬਾਰੇ ਤੁਹਾਨੂੰ ਖੁਦ ਬੋਲਣਾ ਚਾਹੀਦਾ ਹੈ!

ਇਸ ਖ਼ਤ ਬਾਰੇ ਕਿਸੇ ਨਾਲ਼ ਵੀ ਕੋਈ ਗੱਲ ਨਾ ਕਰਨਾ। ਨਾ ਹੀ ਕ੍ਰਿਪਾ ਕਰਕੇ ਕਿਸੇ ਨੂੰ ਇਹ ਖ਼ਤ ਦਿਖਾਉਣਾ!

ਤੁਹਾਡੇ ਤੋਂ ਰੱਬ ਹੀ ਬਚਾਵੇ, ਮੈਨੂੰ ਬੜਾ ਡਰ ਲੱਗ ਰਿਹਾ ਹੈ ਕਿ ਤੁਸੀਂ ਆਪਣੀ ਜੀਵਨ-ਕਥਾ ਦੀ ਕੌਮੀ, ਰੂਸੀ ਅਹਿਮੀਅਤ ਨਹੀਂ ਸਮਝੋਗੇ। ਮੇਰੇ ਪਿਆਰੇ ਸਾਥੀ, ਕੁਝ ਦੇਰ ਲਈ ਆਪਣੀਆਂ ਅੱਖਾਂ ਬੰਦ ਕਰੋ ਤੇ ਕਲਪਨਾ ਕਰੋ। ਜੇਕਰ ਤੁਸੀਂ ਆਪਣੀਆਂ ਮਨ ਦੀਆਂ ਅੱਖਾਂ ਨਾਲ਼ ਦੇਖੋਗੇ ਤਾਂ ਤੁਹਾਨੂੰ ਮਾਰੂਥਲ ਤੇ ਭੂਰੇ ਮੈਦਾਨ ਵਿੱਚ ਇੱਕ ਪ੍ਰਤਿਭਾਸ਼ੀਲ ਮੁਜ਼ੀਕ ਦਾ ਸੈਮਸਨ ਵਰਗਾ ਆਕਾਰ ਦਿਸੇਗਾ।

ਮੈਂ ਤੁਹਾਨੂੰ ਕਿਵੇਂ ਸਮਝਾਵਾਂ ਕਿ ਮੈਂ ਕੀ ਮਹਿਸੂਸ ਕਰ ਰਿਹਾ ਹਾਂ, ਕਿਹੜੀ ਗੱਲ ਨੇ ਮੇਰਾ ਦਿਲ ਨਪੀੜਿਆ ਹੋਇਆ ਹੈ?

ਕੋਨਸਤਾਨਤਿਨ ਪੇਤਰੋਵਿਚ ਨੂੰ ਪੁੱਛਣਾ, ਜਿਹੜਾ ਮੇਰੇ ਜਾਣ-ਪਛਾਣ ਦੇ ਸਾਰੇ ਲੋਕਾਂ ਵਿੱਚ ਸਭ ਤੋਂ ਵਧੀਆ ਤੇ ਇਮਾਨਦਾਰ ਇਨਸਾਨ ਹੈ। ਉਹਨਾਂ ਨੂੰ ਪੁੱਛਣਾ ਤੇ ਉਹ ਦੱਸ ਦੇਣਗੇ ਕਿ ਤੁਹਾਡਾ ਇਹ ਦਿਲਚਸਪ ਵਿਚਾਰ ਮੇਰੇ ਲਈ ਕਿੰਨਾ ਪਿਆਰਾ ਤੇ ਅਹਿਮ ਹੈ।

ਦੋਸਤੀ ਦਾ ਵਾਸਤਾ ਦੇ ਕੇ ਕਹਿ ਰਿਹਾ ਹਾਂ ਕਿ ਕਾਹਲੀ ਵਿੱਚ ਕੋਈ ਵੀ ਕਦਮ ਨਾ ਚੁੱਕਿਆ ਜਾਵੇ—ਜਦੋਂ ਤੱਕ ਮੇਰੇ ਨਾਲ਼ ਗੱਲ ਨਾ ਹੋ ਜਾਵੇ ਕੋਈ ਵੀ ਕੰਮ ਸ਼ੁਰੂ ਨਾ ਕੀਤਾ ਜਾਵੇ!

ਮੈਂ ਕੋਈ ਵੀ ਨੁਕਸਾਨ ਨਹੀਂ ਕਰਾਂਗਾ, ਯਕੀਨ ਕਰੋ! — ਸਗੋਂ ਕੋਈ ਫਾਇਦਾ ਹੀ

ਕਰਾਂਗਾ, ਤੁਸੀਂ ਬੇਫਿਕਰ ਹੋ ਜਾਓ!

ਸਿਰਫ ਤਾਰ ਰਾਹੀਂ ਹੀ ਜਵਾਬ ਦੇਣਾ।

ਅੰਤ ਵਿੱਚ, ਮੈਂ ਬਹੁਤ ਗੰਭੀਰਤਾ ਨਾਲ਼ ਕਹਿ ਰਿਹਾ ਹਾਂ ਕਿ ਇਸ ਚਿੱਠੀ ਬਾਰੇ ਕਿਸੇ ਨਾਲ਼ ਕੋਈ ਵੀ ਗੱਲ ਨਾ ਕਰਨਾ।

ਅਲੈਕਸੇਈ

ਆਪਣੇ ਮਿੱਤਰ ਕ. ਪ. ਤੁਹਾਨੂੰ ਅਤੇ ਮਾਰੀਆ ਵਾਲੇਨਤੀਨੋਵਾ (ਚਲੀਆਪਿਨ ਦੀ ਪਤਨੀ —ਸੰਪਾ.) ਨੂੰ ਪ੍ਰਣਾਮ ਕਹਿ ਰਹੇ ਹਨ। ਮੇਰੇ ਵੱਲੋਂ ਵੀ ਉਹਨਾਂ ਨੂੰ ਸਾਦਰ-ਪ੍ਰਣਾਮ।

ਹ. ਗ. ਵੈੱਲਸ ਨੂੰ

ਦਸੰਬਰ 1916
(ਜਨਵਰੀ 1917 ਦੀ ਸ਼ੁਰੂਆਤ)

ਪਾਰਸ ਪਬਲਿਸ਼ਿੰਗ ਹਾਊਸ
18 ਬੋਲਸ਼ਾਯਾ ਮੋਨੇਤਨਾਯਾ,
ਪੇਤਰੋਗਰਾਦ।

ਪਿਆਰੇ ਦੋਸਤ,

ਹੁਣੇ ਮੈਂ ਤੁਹਾਡੀ ਨਵੀਂ ਕਿਤਾਬ 'ਸ਼੍ਰੀਮਾਨ ਬ੍ਰਿਟਲਿੰਗ ਆਰ ਪਾਰ ਦੇਖਦਾ ਹੈ' ਦੇ ਰੂਸੀ ਅਨੁਵਾਦ ਦੇ ਪਰੂਫ ਪੜ੍ਹ ਕੇ ਹਟਿਆ ਹਾਂ ਅਤੇ ਮੈਂ ਉਸ ਲਈ ਪ੍ਰਸ਼ੰਸਾ ਜ਼ਾਹਿਰ ਚਾਹੁੰਦਾ ਹਾਂ, ਤੁਸੀਂ ਬੜੀ ਸ਼ਾਨਦਾਰ ਕਿਤਾਬ ਲਿਖੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਸਰਾਪੀ ਜੰਗ ਦੌਰਾਨ ਪੂਰੇ ਯੂਰਪ ਵਿੱਚ ਲਿਖੀ ਜਾਣ ਵਾਲ਼ੀ ਇਹ ਸਭ ਤੋਂ ਵਧੀਆ, ਸਾਹਸੀ, ਸੱਚੀ ਤੇ ਮਨੁੱਖੀ ਕਿਤਾਬ ਹੈ। ਮੈਨੂੰ ਯਕੀਨ ਹੈ ਕਿ ਕੁਝ ਸਮੇਂ ਬਾਅਦ, ਜਦੋਂ ਅਸੀਂ ਹੋਰ ਵਧੇਰੇ ਮਨੁੱਖ ਬਣ ਜਾਵਾਂਗੇ, ਪੂਰਾ ਬਰਤਾਨੀਆ ਇਸ ਗੱਲ 'ਤੇ ਮਾਣ ਕਰੇਗਾ ਕਿ ਜੰਗ ਦੇ ਜਾਂਗਲ਼ੀਪੁਣੇ ਖਿਲਾਫ ਵਿਰੋਧ ਦੀ ਪਹਿਲੀ ਆਵਾਜ਼, ਤੇ ਉਹ ਵੀ ਕਿੰਨਾ ਊਰਜਾਵਾਨ ਵਿਰੋਧ, ਬਰਤਾਨੀਆ ਵਿੱਚ ਉੱਠੀ ਸੀ, ਅਤੇ ਸਾਰੇ ਇਮਾਨਦਾਰ ਤੇ ਸਿਆਣੇ ਲੋਕ ਧੰਨਵਾਦ ਦੇ ਅਹਿਸਾਸ ਨਾਲ਼ ਤੁਹਾਡਾ ਨਾਮ ਲੈਣਗੇ। ਤੁਹਾਡੀ ਇਹ ਕਿਤਾਬ ਉਹਨਾਂ ਕਿਤਾਬਾਂ 'ਚੋਂ ਹੈ ਜਿਹੜੀਆਂ ਕਈ ਸਾਲਾਂ ਤੱਕ ਜਵਾਨ ਰਹਿੰਦੀਆਂ ਹਨ; ਵੈੱਲਸ, ਤੁਸੀਂ ਖੁਦ ਇੱਕ ਵੱਡੇ ਤੇ ਸ਼ਾਨਦਾਰ ਇਨਸਾਨ ਹੋ, ਅਤੇ ਮੈਨੂੰ ਖੁਸ਼ੀ ਹੈ ਕਿ ਮੈਂ ਤੁਹਾਨੂੰ ਮਿਲ਼ ਚੁੱਕਾ ਹਾਂ, ਤੁਹਾਡੇ ਚਿਹਰੇ ਨੂੰ, ਤੁਹਾਡੀਆਂ ਅਦਭੁੱਤ ਅੱਖਾਂ ਨੂੰ ਮਨ ਵਿੱਚ ਦੇਖ ਸਕਦਾ ਹਾਂ। ਸ਼ਾਇਦ ਮੈਂ ਇਹ ਸਭ ਕੁਝ ਪੁਰਾਣੇ ਫੈਸ਼ਨ ਮੁਤਾਬਿਕ ਬਿਆਨ ਕਰ ਰਿਹਾ ਹਾਂ, ਪਰ ਮੈਂ ਸਿਰਫ ਤੁਹਾਨੂੰ ਐਨਾ ਕਹਿਣਾ ਚਾਹੁੰਦਾ ਹਾਂ: ਸੰਸਾਰਵਿਆਪੀ ਜਾਂਗਲ਼ੀਪੁਣੇ ਤੇ ਬਰਬਰਤਾ ਦੇ ਸਮੇਂ ਵਿੱਚ ਇਹ ਇੱਕ ਮਹੱਤਵਪੂਰਨ ਤੇ ਸੱਚੀ ਮਨੁੱਖੀ ਕ੍ਰਿਤ ਹੈ।

ਨਿਰਸੰਦੇਹ, ਮੈਂ ਤੁਹਾਡੀ ਕਿਤਾਬ ਦੇ ਅੰਤ ਨਾਲ਼ ਸਹਿਮਤ ਨਹੀਂ ਹਾਂ; ਮੈਂ ਉਸ ਰੱਬ ਤੋਂ

ਸਿਵਾ ਹੋਰ ਕਿਸੇ ਰੱਬ ਨੂੰ ਨਹੀਂ ਜਾਣਦਾ ਜਿਸਨੇ ਤੁਹਾਨੂੰ ਇਹ ਗੱਲ ਚਿਤਰਨ ਦੀ ਪ੍ਰੇਰਨਾ ਦਿੱਤੀ ਕਿ ਕਿਵੇਂ ਸ਼੍ਰੀਮਾਨ ਬ੍ਰਿਟਲਿੰਗ ਲਹੂ ਨਾਲ਼ ਭਰਿਆ ਸੰਸਾਰ ਦੇ ਦੁੱਖਾਂ ਦਾ ਪਿਆਲਾ ਡੀਕ ਲਾ ਕੇ ਪੀ ਜਾਂਦਾ ਹੈ। ਇਹ ਰੱਬ ਤੁਹਾਡੀ ਆਤਮਾ ਵਿੱਚ ਵਸਦਾ ਹੈ, ਤੁਹਾਡੀ ਮਨੁੱਖੀ ਆਤਮਾ ਵਿੱਚ, ਹੋਰ ਕਿਤੇ ਨਹੀਂ ਬਸ ਇਸ ਰੂਹ ਵਿੱਚ। ਅਸੀਂ ਮਨੁੱਖਾਂ ਨੇ ਆਪਣੇ ਰੱਬ ਆਪਣੇ ਦੁੱਖਾਂ ਤੇ ਖੁਸ਼ੀਆਂ ਲਈ ਘੜੇ ਹਨ; ਆਪਣੇ ਆਲ਼ੇ-ਦੁਆਲ਼ੇ ਦੇ ਸੰਸਾਰ ਵਿੱਚ ਸਾਨੂੰ ਕੋਈ ਰੱਬ ਨਹੀਂ ਮਿਲ਼ਦਾ, ਬਸ ਸਾਡੇ ਵਰਗੇ ਹੀ ਅਭਾਗੇ ਦੂਜੇ ਲੋਕ ਮਿਲ਼ਦੇ ਹਨ—ਲੋਕ ਜਿਹਨਾਂ ਨੇ ਵੀ ਆਪਣਾ ਇੱਕ ਖਾਸ ਰੱਬ ਘੜਿਆ ਹੋਇਆ ਹੈ, ਯਾਨੀ ਕਿ ਚੰਗਿਆਈ।

ਤੁਸੀਂ ਇੱਕ ਸ਼ਾਨਦਾਰ ਕਿਤਾਬ ਲਿਖੀ ਹੈ, ਪਿਆਰੇ ਵੈੱਲਸ, ਅਤੇ ਮੈਂ ਪ੍ਰਸੰਸਾ ਵਿੱਚ ਤੁਹਾਡੇ ਨਾਲ਼ ਦਿਲੋਂ ਹੱਥ ਮਿਲਾਉਂਦਾ ਹਾਂ।

ਅਤੇ ਹੁਣ ਮੈਂ ਤੁਹਾਨੂੰ ਇਹ ਦੱਸਣਾ ਚਾਹੁੰਦਾ ਹਾਂ: ਮੇਰੇ ਦੋ ਦੋਸਤਾਂ ਨੇ, ਅਲੈਕਸਾਂਦਰ ਤਿਖੋਨੋਵ ਤੇ ਇਵਾਨ ਲੇਦੇਜ਼ਨੀਕੋਵ ਨੇ ਬੱਚਿਆਂ ਲਈ ਇੱਕ ਪ੍ਰਕਾਸ਼ਨ ਹਾਊਸ ਖੋਲ੍ਹਿਆ ਹੈ। ਸ਼ਾਇਦ ਪਹਿਲਾਂ ਦੇ ਕਿਸੇ ਵੀ ਸਮੇਂ ਨਾਲ਼ੋ ਕਿਤੇ ਵਧੇਰੇ ਅੱਜ, ਬੱਚੇ ਇਸ ਧਰਤੀ ’ਤੇ ਸਭ ਤੋਂ ਵਧੀਆ ਤੇ ਜ਼ਰੂਰੀ ਚੀਜ਼ ਹਨ। ਬਾਕੀ ਨਾਗਰਿਕਾਂ ਨਾਲ਼ੋਂ ਰੂਸ ਦੇ ਬੱਚਿਆਂ ਨੂੰ ਵਧੇਰੇ ਲੋੜ ਹੈ ਕਿ ਉਹ ਦੁਨੀਆ ਨਾਲ਼, ਇਸਦੇ ਮਹਾਨ ਇਨਸਾਨਾਂ ਨਾਲ਼ ਤੇ ਮਨੁੱਖਤਾ ਦੀ ਖੁਸ਼ੀ ਲਈ ਘਾਲ਼ੀ ਉਹਨਾਂ ਦੀ ਘਾਲਣਾ ਤੋਂ ਜਾਣੂ ਹੋਣ। ਸਾਨੂੰ ਬੱਚਿਆਂ ਦੇ ਦਿਲਾਂ ’ਚੋਂ ਇਸ ਭਿਆਨਕ ਤੇ ਮੂਰਖਤਾਪੂਰਨ ਜੰਗ ਦੇ ਲਹੂ ਦੇ ਦਾਗ ਧੋਣੇ ਚਾਹੀਦੇ ਹਨ, ਅਤੇ ਉਹਨਾਂ ਦੇ ਦਿਲਾਂ ਵਿੱਚ ਮਨੁੱਖਤਾ ਪ੍ਰਤੀ ਸਤਿਕਾਰ ਅਤੇ ਵਿਸ਼ਵਾਸ ਮੁੜ ਤੋਂ ਜਗਾਉਣਾ ਚਾਹੀਦਾ ਹੈ। ਸਾਨੂੰ ਮੁੜ ਤੋਂ ਉਹ ਸਮਾਜਿਕ ਰੋਮਾਂਚਵਾਦ ਜਗਾਉਣਾ ਚਾਹੀਦਾ ਹੈ, ਜਿਸ ਬਾਰੇ ਸ਼੍ਰੀਮਾਨ ਬ੍ਰਿਟਲਿੰਗ ਏਨੇ ਸੋਹਣੇ ਢੰਗ ਨਾਲ਼ ਲੈਟੀ ਨੂੰ ਦੱਸਦਾ ਹੈ ਤੇ ਜਿਸ ਬਾਰੇ ਉਸਨੇ ਪੋਮੇਰਨੀਆ ਵਿੱਚ ਹਾਇਨਰਿਕ ਦੇ ਮਾਪਿਆਂ ਨੂੰ ਲਿਖਿਆ ਸੀ।

ਮੈਂ ਤੁਹਾਨੂੰ ਇਹ ਕਹਿਣਾ ਚਾਹੁੰਦਾ ਹਾਂ ਪਿਆਰੇ ਵੈੱਲਸ, ਕਿ ਤੁਸੀਂ ਬੱਚਿਆਂ ਲਈ ਐਡੀਸਨ ਬਾਰੇ, ਉਸਦੀ ਜ਼ਿੰਦਗੀ ਤੇ ਕੰਮਾਂ ਬਾਰੇ ਇੱਕ ਕਿਤਾਬ ਲਿਖੋ। ਤੁਸੀਂ ਇੱਕ ਅਜਿਹੀ ਕਿਤਾਬ ਦੀ ਜ਼ਰੂਰਤ ਸਮਝਦੇ ਹੀ ਹੋਵੋਗੇ, ਜਿਹੜੀ ਕੰਮ ਅਤੇ ਵਿਗਿਆਨ ਪ੍ਰਤੀ ਪਿਆਰ ਜਗਾਉਂਦੀ ਹੋਵੇ। ਮੈਂ ਰੋਮਾਂ ਰੋਲਾਂ ਨੂੰ ਬੀਥੋਵਿਨ ਬਾਰੇ ਤੇ ਫਰਿਦਤਜ਼ੋਫ ਨਾਨਸੇਨ ਨੂੰ ਕੋਲੰਬਸ ਬਾਰੇ ਇੱਕ ਕਿਤਾਬ ਲਿਖਣ ਲਈ ਕਹਾਂਗਾ। ਮੈਂ ਖੁਦ ਵੀ ਗੈਰੀਬਾਲਡੀ ਬਾਰੇ ਇੱਕ ਕਿਤਾਬ ਲਿਖਾਂਗਾ। ਇਸ ਤਰ੍ਹਾਂ ਅਸੀਂ ਬੱਚਿਆਂ ਨੂੰ ਅਨੇਕਾਂ ਮਹਾਨ ਇਨਸਾਨਾਂ ਦੀਆਂ ਜੀਵਨੀਆਂ ਮੁਹੱਈਆ ਕਰਵਾ ਸਕਾਂਗੇ। ਮੈਨੂੰ ਇਹ ਦੱਸਣ ਦੀ ਕ੍ਰਿਪਾਲਤਾ ਕਰਨੀ ਕਿ ਚਾਰਲਸ ਡਿਕਨਜ਼, ਬਾਇਰਨ ਤੇ ਸ਼ੈਲੇ ਬਾਰੇ ਕਿਹੜਾ ਅੰਗਰੇਜ਼ੀ ਲੇਖਕ ਲਿਖ ਸਕਦਾ ਹੈ। ਨਾਲ਼ ਹੀ ਮੈਨੂੰ ਬੱਚਿਆਂ ਦੀਆਂ ਕਿਤਾਬਾਂ ਲਈ ਕੁਝ ਨਾਮ ਵੀ ਸੁਝਾਉਣਾ, ਜਿਹਨਾਂ ਨੂੰ ਮੈਂ ਰੂਸੀ ਵਿੱਚ ਅਨੁਵਾਦ ਕਰ ਸਕਾਂ।

ਮੈਨੂੰ ਉਮੀਦ ਹੈ ਕਿ ਤੁਸੀਂ ਮੇਰੀ ਸਹਾਇਤਾ ਤੋਂ ਇਨਕਾਰ ਨਹੀਂ ਕਰੋਗੇ, ਅਤੇ ਮੈ ਇੱਕ ਵਾਰ ਫਿਰ ਤੁਹਾਨੂੰ ਕਹਿਣਾ ਚਾਹੁੰਦਾ ਹਾਂ: ਤੁਸੀਂ ਇੱਕ ਕਮਾਲ ਦੀ ਕਿਤਾਬ ਲਿਖੀ ਹੈ, ਅਤੇ ਮੈਂ

ਇਸ ਲਈ ਦਿਲੋਂ ਤੁਹਾਡਾ ਸ਼ੁਕਰਗੁਜ਼ਾਰ ਹਾਂ।

ਸੱਚੇ ਦਿਲੋਂ ਤੁਹਾਡਾ
ਮ. ਗੋਰਕੀ

ਮੇਰਾ ਪਤਾ ਹੈ: ਮੈਕਸਿਮ ਗੋਰਕੀ ਮਾਰਫ਼ਤ ਪਾਰਸ, 18 ਬੋਲਸ਼ਾਯਾ ਮੋਨੇਤਨਾਯਾ, ਪੇਤਰੋਗਰਾਦ।

ਰੋਮਾਂ ਰੋਲਾਂ ਨੂੰ

ਦਸੰਬਰ 1916 ਦਾ ਅਖ਼ੀਰ
(ਜਨਵਰੀ 1917 ਦੀ ਸ਼ੁਰੂਆਤ)
ਪੇਤਰੋਗਰਾਦ

ਪਿਆਰੇ ਤੇ ਸਤਿਕਾਰਯੋਗ ਸਾਥੀ ਰੋਮਾਂ ਰੋਲਾਂ,

ਮੈਂ ਤੁਹਾਨੂੰ ਬੱਚਿਆਂ ਲਈ ਬੀਥੋਵਿਨ ਦੀ ਜੀਵਨੀ ਲਿਖਣ ਲਈ ਕਹਿਣਾ ਚਾਹੁੰਦਾ ਹਾਂ। ਇਸਦੇ ਨਾਲ਼ ਹੀ ਮੈਂ ਹ. ਗ. ਵੈੱਲਸ ਨੂੰ ਐਡੀਸਨ ਦੀ ਜੀਵਨੀ ਤੇ ਫਰੀਦਤਜ਼ੋਫ ਨਾਨਸੇਨ ਨੂੰ ਕ੍ਰਿਸਟੋਫਰ ਕੋਲੰਬਸ ਦੀ ਜੀਵਨੀ ਲਿਖਣ ਲਈ ਵੀ ਕਹਿ ਰਿਹਾ ਹਾਂ। ਮੈਂ ਗੈਰੀਬਾਲਡੀ ਦੀ ਜੀਵਨੀ ਲਿਖਾਂਗਾ, ਤੇ ਯਹੂਦੀ ਕਵੀ ਬਿਆਲਿਕ ਮੋਸੇਸ ਦੀ ਜੀਵਨੀ ਲਿਖਣਗੇ, ਵਗੈਰਾ-ਵਗੈਰਾ।

ਅੱਜ ਦੇ ਸਭ ਤੋਂ ਵਧੀਆ ਲੇਖਕਾਂ ਦੇ ਸਹਿਯੋਗ ਨਾਲ਼ ਮੈਂ ਬੱਚਿਆਂ ਲਈ ਮਨੁੱਖਤਾ ਦੇ ਮਹਾਨ ਦਿਮਾਗਾਂ ਦੀਆਂ ਕਹਾਣੀਆਂ ਦੀ ਇੱਕ ਪੁਸਤਕ ਲੜੀ ਤਿਆਰ ਕਰਨੀ ਚਾਹੁੰਦਾ ਹਾਂ। ਇਹ ਸਾਰੀਆਂ ਕਿਤਾਬਾਂ ਨੂੰ ਮੈਂ ਖੁਦ ਪ੍ਰਕਾਸ਼ਤ ਕਰਾਂਗਾ।

ਮੈਨੂੰ ਪੂਰਾ ਯਕੀਨ ਹੈ ਕਿ ਤੁਸੀਂ, 'ਜੀਨ ਕ੍ਰਿਸਟੋਫਰ' ਅਤੇ 'ਬੀਥੋਵਿਨ' ਦੇ ਲੇਖਕ ਅਤੇ ਇੱਕ ਮਹਾਨ ਮਨੁੱਖਤਾਵਾਦੀ, ਇਸ ਮਾਮਲੇ ਲਈ ਜਿਸਨੂੰ ਮੈਂ ਚੰਗਾ ਤੇ ਮਹੱਤਵਪੂਰਨ ਸਮਝਦਾ ਹਾਂ, ਆਪਣੀ ਬੇਸ਼ਕੀਮਤੀ ਮੱਦਦ ਦੇਣ ਤੋਂ ਇਨਕਾਰ ਨਹੀਂ ਕਰੋਗੇ। ਤੁਸੀਂ ਉੱਚੇ-ਸੁੱਚੇ ਸਮਾਜਿਕ ਵਿਚਾਰਾਂ ਦੀ ਮਹੱਤਤਾ ਨੂੰ ਬਾਖੂਬੀ ਸਮਝਦੇ ਹੋ।

ਤੁਹਾਨੂੰ ਇਸ ਗੱਲ ਦਾ ਵੀ ਅਹਿਸਾਸ ਹੋਵੇਗਾ ਹੀ ਕਿ ਅੱਜ ਬੱਚਿਆਂ ਨੂੰ ਸਾਡੇ ਧਿਆਨ ਦੀ ਜਿੰਨੀ ਲੋੜ ਹੈ, ਹੋਰ ਕਿਸੇ ਨੂੰ ਨਹੀਂ ਹੈ।

ਅਸੀਂ ਵੱਡੇ, ਜਿਹੜੇ ਜਲਦੀ ਹੀ ਇਸ ਦੁਨੀਆ ਤੋਂ ਕੂਚ ਕਰ ਜਾਵਾਂਗੇ, ਆਪਣੇ ਪਿੱਛੇ ਆਪਣੇ ਬੱਚਿਆਂ ਲਈ ਬਹੁਤ ਹੀ ਤਰਸਯੋਗ ਵਿਰਾਸਤ ਅਤੇ ਬਹੁਤ ਦੁਖੀ ਜੀਵਨ ਛੱਡ ਕੇ ਜਾਵਾਂਗੇ। ਇਹ ਭਿਆਨਕ ਜੰਗ ਸਾਡੀ ਨੈਤਿਕ ਗਿਰਾਵਟ ਅਤੇ ਸੱਭਿਆਚਾਰ ਦੇ ਨਿਘਾਰ ਦਾ ਢੁੱਕਵਾਂ ਸਬੂਤ ਹੈ। ਆਓ ਅਸੀਂ ਆਪਣੇ ਬੱਚਿਆਂ ਨੂੰ ਯਾਦ ਕਰਵਾਈਏ ਕਿ ਲੋਕ ਸਦਾ ਹੀ ਐਨੇ ਕਮਜ਼ੋਰ ਤੇ ਬੁਰੇ ਨਹੀਂ ਸਨ ਜਿੰਨੇ ਕਿ, ਬੜੇ ਦੁੱਖ ਨਾਲ਼ ਕਹਿਣਾ ਪੈਂਦਾ ਹੈ, ਅੱਜ ਅਸੀਂ ਹਾਂ। ਆਓ ਉਹਨਾਂ ਨੂੰ ਯਾਦ ਕਰਵਾਈਏ ਕਿ ਕਦੇ ਮਹਾਨ ਦਿਮਾਗਾਂ ਵਾਲ਼ੇ ਤੇ ਚੰਗੇ ਦਿਲਾਂ

ਵਾਲ਼ੇ ਲੋਕ ਵੀ ਹੁੰਦੇ ਸਨ, ਤੇ ਅੱਜ ਵੀ ਹਨ! ਇਹ ਕੰਮ ਹੁਣੇ ਹੀ ਕਰਨਾ ਚਾਹੀਦਾ ਹੈ, ਜਦੋਂ ਜਾਂਗਲ਼ੀਪੁਣਾ ਤੇ ਬਰਬਰਤਾ ਪੂਰੇ ਜ਼ੋਰਾਂ 'ਤੇ ਹੈ।

ਮੈਂ ਤੁਹਾਨੂੰ ਦਿਲੋਂ ਬੇਨਤੀ ਕਰਦਾ ਹਾਂ, ਪਿਆਰੇ ਰੋਮਾਂ ਰੋਲਾਂ, ਕਿ ਤੁਸੀਂ ਜ਼ਰੂਰ ਹੀ ਬੀਥੋਵਿਨ ਦੀ ਜੀਵਨ-ਕਥਾ ਲਿਖੋ। ਕਿਉਂਕਿ ਮੈਨੂੰ ਪੂਰਾ ਯਕੀਨ ਹੈ ਕਿ ਤੁਹਾਥੋਂ ਬਿਨਾਂ ਹੋਰ ਕੋਈ ਵੀ ਇਹ ਕੰਮ ਐਨੀ ਚੰਗੀ ਤਰ੍ਹਾਂ ਨਹੀਂ ਕਰ ਸਕਦਾ।

ਕ੍ਰਿਪਾ ਕਰਕੇ ਇਹ ਵੀ ਦੱਸੋ ਕਿ ਕਿਹੜਾ ਫਰਾਂਸੀਸੀ ਲੇਖਕ ਮੇਰੀ ਬੇਨਤੀ 'ਤੇ ਬੱਚਿਆਂ ਲਈ 'ਜੋਨ ਆਫ ਆਰਕ' ਦਾ ਇਤਿਹਾਸ ਲਿਖ ਸਕਦਾ ਹੈ। ਕਹਿਣ ਦੀ ਲੋੜ ਨਹੀਂ ਕਿ ਲੇਖਕ ਪ੍ਰਤਿਭਾਸ਼ਾਲੀ ਹੋਵੇ ਤੇ ਕੈਥੋਲਿਕ ਨਾ ਹੋਵੇ। ਉਮੀਦ ਹੈ ਕਿ ਤੁਸੀਂ ਮੇਰੀ ਗੱਲ ਸਮਝ ਰਹੇ ਹੋ।

ਪਿਆਰੇ ਸਾਥੀ, ਮੈਂ ਜੰਗ ਦੌਰਾਨ ਛਪੇ ਤੁਹਾਡੇ ਸਾਰੇ ਲੇਖ ਬੜੇ ਧਿਆਨ ਨਾਲ਼ ਪੜ੍ਹੇ ਹਨ, ਅਤੇ ਮੈਂ ਕਹਿਣਾ ਚਾਹਾਂਗਾ ਕਿ ਉਹਨਾਂ ਨੇ ਮੇਰੇ ਅੰਦਰ ਤੁਹਾਡੇ ਲਈ ਡੂੰਘਾ ਸਤਿਕਾਰ ਤੇ ਪਿਆਰ ਜਗਾਇਆ ਹੈ। ਤੁਸੀਂ ਉਹਨਾਂ ਕੁਝ ਕੁ ਲੋਕਾਂ ਵਿੱਚੋਂ ਹੋ ਜਿਹਨਾਂ ਦੀ ਆਤਮਾ ਨੂੰ ਜੰਗ ਦਾ ਇਹ ਪਾਗਲਪਣ ਦਾਗ਼ੀ ਨਹੀਂ ਕਰ ਸਕਿਆ, ਅਤੇ ਇਹ ਜਾਣ ਕੇ ਹੋਰ ਵੀ ਖ਼ੁਸ਼ੀ ਹੁੰਦੀ ਹੈ ਕਿ ਤੁਹਾਡੇ ਸੱਚੇ ਦਿਲ ਨੇ ਮਨੁੱਖਤਾ ਦੇ ਸਭ ਤੋਂ ਵਧੀਆ ਸਿਧਾਂਤ ਜਿਉਂ ਦੇ ਤਿਉਂ ਸੰਭਾਲ ਕੇ ਰੱਖੇ ਹਨ।

ਜਿੰਨੀ ਜਲਦੀ ਸੰਭਵ ਹੋ ਸਕੇ ਜਵਾਬ ਦੇਣ ਦੀ ਕ੍ਰਿਪਾਲਤਾ ਕਰਨੀ, ਅਤੇ ਆਪਣੀਆਂ ਸ਼ਰਤਾਂ ਤੇ ਕਿਤਾਬ ਦੇ ਆਕਾਰ ਬਾਰੇ ਵੀ ਲਿਖਣਾ।

ਪਿਆਰੇ ਸਾਥੀ, ਮੈਨੂੰ ਦੂਰੋਂ ਹੀ ਹੱਥ ਮਿਲਾਉਣ ਦੀ ਆਗਿਆ ਦਿਓ, ਅਤੇ ਇੱਕ ਵਾਰ ਫਿਰ ਮੇਰਾ ਡੂੰਘਾ ਸਤਿਕਾਰ ਤੇ ਸੁਹਿਰਦ ਪ੍ਰਸੰਸਾ ਸਵੀਕਾਰ ਕਰਨੀ।

ਤੁਹਾਡੇ ਲਈ ਲੰਮੀਆਂ ਤੇ ਸਫਲ ਸਰਗਰਮੀਆਂ ਦੀ ਇੱਛਾ ਕਰਦਾ ਹੋਇਆ।

ਮੈਕਸਿਮ ਗੋਰਕੀ

ਮਾਰਫ਼ਤ ਪਾਰਸ
18 ਬਾਲਸ਼ਾਯਾ ਮੋਨੇਤਨਾਯਾ
ਪੇਤਰੋਗਰਾਦ।

ਰੋਮਾਂ ਰੋਲਾਂ ਨੂੰ

13 ਜਨਵਰੀ, 1923
ਸਾਰੋ

ਰੋਮਾਂ ਰੋਲਾਂ ਨੂੰ,

ਮੈਂ ਹੁਣੇ ਹੁਣੇ *Vsemirnaya Literatura* (ਸੰਸਾਰ ਸਾਹਿਤ) ਪਬਲਿਸ਼ਰਜ਼, ਸੇਂਟ ਪੀਟਰਜ਼ਬਰਗ ਵੱਲੋਂ ਪ੍ਰਕਾਸ਼ਤ 'ਕੋਲਾਸ ਬਰਿਊਗਨਾਨ' ਪੜ੍ਹ ਕੇ ਹਟਿਆ ਹਾਂ।

ਕਿਆ ਸ਼ਾਨਦਾਰ ਕਿਤਾਬ ਲਿਖੀ ਹੈ ਤੁਸੀਂ, ਮੇਰੇ ਪਿਆਰੇ ਦੋਸਤ! ਇਹੀ ਤਾਂ ਅਸਲ ਵਿੱਚ ਗਾਲਿਕੀ ਪ੍ਰਤਿਭਾ ਦੀ ਰਚਨਾ ਹੈ, ਜਿਸਨੇ ਤੁਹਾਡੇ ਸਾਹਿਤ ਦੇ ਸਭ ਤੋਂ ਵਧੀਆ ਰਿਵਾਜ ਨੂੰ ਸੁਰਜੀਤ ਕਰ ਦਿੱਤਾ ਹੈ। ਜਦੋਂ ਮੈਂ ਇਸਨੂੰ ਪੜ੍ਹ ਰਿਹਾ ਸਾਂ, ਮੈਂ ਹੱਸਿਆ ਤੇ ਇਹ ਸੋਚਦੇ ਹੋਏ ਖੁਸ਼ੀ ਵਿੱਚ ਲਗਭਗ ਰੋ ਹੀ ਪਿਆ ਕਿ ਬੁਰਾਈ ਤੇ ਪਾਗਲਪਣ ਦੇ ਇਹਨਾਂ ਹਨੇਰੇ ਦਿਨਾਂ ਵਿੱਚ, ਆਤਮਾ ਦੀ ਆਮ ਪ੍ਰੇਸ਼ਾਨੀ ਦੇ ਦਿਨਾਂ ਵਿੱਚ, ਇਹ ਕਿਤਾਬ ਕਿੰਨੇ ਸਹੀ ਸਮੇਂ 'ਤੇ ਆਈ ਹੈ।

ਇਹ ਕਿਤਾਬ ਕਿਸੇ ਗੀਤ ਵਾਂਗ ਹੈ। ਕਿਸੇ ਉਸਤਾਦ ਦੇ ਗੱਠੇ ਹੋਏ ਤੇ ਸਵੈ-ਵਿਸ਼ਵਾਸ ਭਰਪੂਰ ਹੱਥਾਂ ਨਾਲ਼ ਤੁਸੀਂ ਆਪਣੇ ਬੁਰਗੰਨਦੀਅਨ ਨੂੰ ਇਹੋ ਜਿਹੇ ਤਰਾਸ਼ੇ ਹੋਏ ਗੁਣ ਦਿੱਤੇ ਹਨ ਕਿ ਮੈਂ ਉਸਦੀ ਹੋਂਦ ਨੂੰ ਸਰੀਰਕ ਤੌਰ 'ਤੇ ਮਹਿਸੂਸ ਕਰ ਰਿਹਾ ਹਾਂ। ਕਿਤਾਬ ਦਾ ਹਰ ਇੱਕ ਪੰਨਾ ਪਾਠਕ ਨੂੰ ਇਹ ਅਹਿਸਾਸ ਕਰਵਾਉਂਦਾ ਹੈ ਕਿ ਕਲਾ ਤੁਹਾਨੂੰ ਕਿੰਨੀ ਪਿਆਰੀ ਹੈ ਤੇ ਤੁਸੀਂ ਫਰਾਂਸ ਨੂੰ ਕਿੰਨਾ ਪਿਆਰ ਕਰਦੇ ਹੋ। ਮੈਨੂੰ ਡੀ ਕੋਸਟਰ ਦਾ ਯੂਲੈਂਸਪੀਗਲ ਬਹੁਤ ਪਸੰਦ ਹੈ, ਪਰ ਮੇਰੇ ਖਿਆਲ ਵਿੱਚ ਤੁਸੀਂ ਵਧੇਰੇ ਸੰਸਾਰਵਿਆਪੀ ਪੱਧਰ ਦਾ ਪਾਤਰ ਰਚਿਆ ਹੈ। ਕੋਲਾਸ ਰੋਮੈਂਸ ਲੋਕਾਂ ਦਾ ਪ੍ਰਤੀਨਿਧ ਹੈ। ਮੈਂ ਅਜਿਹੇ ਹੀ ਇੱਕ ਬੰਦੇ ਨੂੰ ਇਟਲੀ ਵਿੱਚ ਮਿਲ਼ਿਆ ਸਾਂ, ਅਤੇ ਮੈਂ ਜਾਣਦਾ ਹਾਂ ਕਿ ਉਸਨੂੰ ਫਰਾਂਸ ਦੇ ਸਾਰੇ ਹਿਸਿਆਂ ਵਿੱਚ ਜ਼ਰੂਰ ਹੀ ਹੋਣਾ ਚਾਹੀਦਾ ਹੈ, ਤੇ ਉਹ ਹੈ ਵੀ। ਅਤੇ ਮੈਂ ਉਸਦਾ ਪਿਆਰਾ ਚਿਹਰਾ ਲੋਪ ਦ ਵੇਗਾ ਦੇ ਨਾਟਕਾਂ ਵਿੱਚ, ਦ ਅਲਾਰਕੋਨ ਯ ਮੇਨਦੋਜ਼ਾ ਅਤੇ ਗਾਲਦੋਸ ਦੀਆਂ ਕਹਾਣੀਆਂ ਵਿੱਚ ਤੇ ਜੈਕਿੰਤੋ ਬੀਨਾਵੇਨਤਾ ਦੀ ਕਾਮੇਡੀ ਵਿੱਚ ਵੀ ਦੇਖਦਾ ਹਾਂ। ਤੁਸੀਂ ਉਸਤਾਦ ਹੋ, ਅਤੇ ਤੁਹਾਡੇ ਦਿਲ ਦੀ ਮਹਾਨਤਾ ਦਿਸਦੀ ਹੈ। ਫੇਰ ਮੈਂ ਇੱਕ ਹੋਰ ਕਿਤਾਬ ਪੜ੍ਹੀ, ਨਟ ਹੈਮਸਨ ਦਾ ਨਾਵਲ 'ਭੋਂ ਦਾ ਵਿਕਾਸ'। ਇਹ ਇੱਕ ਪੇਂਡੂ ਮਹਾਂਕਾਵਿ ਹੈ ਜਿਹੜਾ ਜੀਵਨ ਤੇ ਕਿਰਤ ਦੀ ਪ੍ਰਸੰਸਾ ਦੇ ਗੀਤ

ਗਾਉਂਦਾ ਹੈ, ਅਦਭੁੱਤ ਕ੍ਰਿਤ ਹੈ! ਤੁਹਾਡੇ ਵਾਂਗ ਹੀ ਇਸਦਾ ਮੁੱਖ ਪਾਤਰ ਵੀ "ਸਧਾਰਨ ਮਨੁੱਖੀ ਕੰਮਾਂ ਦਾ ਦੇਵਤਾ" ਹੈ, ਕਿਰਤ ਤੇ ਕੁਦਰਤ ਖਿਲਾਫ ਸੰਘਰਸ਼ ਵਿੱਚ ਮਾਹਿਰ ਹੈ। ਹਿਲਾ ਦੇਣ ਵਾਲ਼ੀ ਕਿਤਾਬ ਹੈ, ਇਸ ਵਿੱਚ ਤੁਹਾਡੇ ਵਾਲ਼ੀ ਖੁਸ਼ੀ ਤੇ ਨਿਰਮਲਤਾ ਤਾਂ ਹੈ, ਪਰ ਤੁਹਾਡੇ ਵਾਲ਼ੀ ਉਹ ਫਰਾਂਸੀਸੀ ਚੰਗਿਆੜੀ ਤੇ ਸ਼ਬਦਾਂ ਦੀ ਜਾਦੂਗਰੀ ਨਹੀਂ ਹੈ ਜਿਹੜੀ ਕਿ ਰੂਸੀ ਅਨੁਵਾਦ ਵਿੱਚ ਵੀ ਐਨੀ ਚੰਗੀ ਤਰ੍ਹਾਂ ਮਹਿਸੂਸ ਹੁੰਦੀ ਰਹਿੰਦੀ ਹੈ।

ਚੰਗੀ ਕਿਤਾਬ ਪੜ੍ਹਨਾ ਮੇਰੇ ਲਈ ਇੱਕ ਬਹੁਤ ਵੱਡੀ ਖੁਸ਼ੀ ਹੁੰਦੀ ਹੈ, ਤੇ ਮੇਰੇ ਪਿਆਰੇ ਮਿੱਤਰ ਤੇ ਫਰਾਂਸੀਸੀ, ਇਸ ਖੁਸ਼ੀ ਲਈ ਮੈਂ ਤਹਿ ਦਿਲੋਂ ਤੁਹਾਡਾ ਸ਼ੁਕਰਗੁਜ਼ਾਰ ਹਾਂ। ਮੇਰੇ ਖਿਆਲ ਵਿੱਚ ਮੈਨੂੰ ਇਹ ਹੱਕ ਹੈ ਕਿ ਮੈਂ ਉਹਨਾਂ ਰੂਸੀ ਨੌਜਵਾਨਾਂ ਵੱਲੋਂ ਵੀ ਤੁਹਾਡਾ ਧੰਨਵਾਦ ਕਰਾਂ ਜਿਹੜੇ ਮੇਰੇ ਵਾਂਗ ਹੀ ਜੋਸ਼ ਨਾਲ਼ ਇਹ ਕਿਤਾਬ ਪੜ੍ਹ ਰਹੇ ਹਨ ਜਾਂ ਭਵਿੱਖ ਵਿੱਚ ਪੜ੍ਹਨਗੇ।

ਆਪਣੀਆਂ ਸ਼ੁਭ-ਕਾਮਨਾਵਾਂ ਭੇਜਦਾ ਹਾਂ!

ਮ. ਗੋਰਕੀ

ਪਿੱਛੋਂ ਸੁੱਝੀ: ਕੁਝ ਦਿਨਾਂ ਅੰਦਰ ਮੈਂ ਤੁਹਾਨੂੰ ਯੂਰਪ* ਲਈ ਇੱਕ ਕਹਾਣੀ ਭੇਜਾਂਗਾ। ਨੌਜਵਾਨਾਂ ਦੇ ਇੱਕ ਛੋਟੇ ਜਿਹੇ ਗਰੁੱਪ ਨਾਲ਼ ਮਿਲ਼ ਕੇ ਮੈਂ ਇੱਕ ਸਾਹਿਤਕ ਅਤੇ ਵਿਗਿਆਨਕ ਮੈਗਜ਼ੀਨ** ਚਲਾ ਰਿਹਾ ਹਾਂ, ਹਰ ਤਰ੍ਹਾਂ ਦੀ ਰਾਜਨੀਤੀ ਤੋਂ ਕੋਰਾ। ਕੀ ਤੁਸੀਂ ਆਪਣੇ ਮਨਪਸੰਦ ਵਿਸ਼ੇ 'ਤੇ ਦੋ ਜਾਂ ਤਿੰਨ ਪੰਨਿਆਂ ਦਾ ਕੋਈ ਲੇਖ ਭੇਜ ਸਕਦੇ ਹੋ ? ਕਿਸੇ ਕਿਤਾਬ ਦਾ ਰੀਵਿਊ, ਜਾਂ ਸ਼ਬਦ-ਚਿੱਤਰ ਜਾਂ ਵੀਲਡਰੈਕ, ਅਪੋਲੀਨੇਅਰ ਜਾਂ ਆਰਕਸ ਜਿਹੇ ਕਿਸੇ ਅਜੋਕੇ ਨੌਜਵਾਨ ਦਾ ਪਾਤਰ-ਚਿਤਰਣ। ਇਹ ਵਧੀਆ ਰਹੇਗਾ!

---

* ਮੈਗਜ਼ੀਨ 'ਯੂਰਪ' (15 ਮਾਰਚ, 1923) ਦੇ ਦੂਜੇ ਅੰਕ ਵਿੱਚ 'ਮੈਕਸਿਮ ਗੋਰਕੀ: ਰੂਸ ਦਾ ਅਕਸ' ਨਾਮਕ ਸਿਰਲੇਖ ਹੇਠ 'ਲਿਓ ਤਾਲਸਤਾਏ', 'ਹਾਸੋਹੀਣਾ', 'ਅਲੈਕਸਾਂਦਰ ਬਲੋਕ ਬਾਰੇ', 'ਮੱਕੜੀ' ਅਤੇ 'ਜੱਲਾਦ' ਆਦਿ ਲੇਖ ਛਪੇ ਸਨ।

** ਮੈਗਜ਼ੀਨ 'ਬੇਸੇਦਾ' ਬਰਲਿਨ ਵਿੱਚ 1923 ਤੋਂ 1925 ਤੱਕ ਪ੍ਰਕਾਸ਼ਿਤ ਹੋਇਆ।

ਰੋਮਾਂ ਰੋਲਾਂ ਨੂੰ

24 ਮਾਰਚ, 1926
ਨੇਪਲਜ਼

ਪਿਆਰੇ ਦੋਸਤ,

ਸਰਗੇਈ ਯੇਸੇਨਿਨ ਦਾ ਜੀਵਨ ਬਹੁਤ ਹੀ ਖਾਸ ਕਿਸਮ ਦਾ ਹੈ। ਇਹ ਇੱਕ ਰੋਮਾਂਟਿਕ ਤੇ ਗੀਤਕਾਰ ਪੇਂਡੂ ਮੁੰਡੇ ਦਾ ਜੀਵਨ ਹੈ, ਜਿਹੜਾ ਆਪਣੇ ਖੇਤਾਂ ਤੇ ਜੰਗਲ਼ਾਂ ਨੂੰ, ਆਪਣੇ ਪਿੰਡਾਂ ਉੱਤਲੇ ਅਸਮਾਨ ਨੂੰ, ਜਾਨਵਰਾਂ ਤੇ ਫੁੱਲਾਂ ਨੂੰ ਪਿਆਰ ਕਰਦਾ ਹੈ। ਉਹ ਆਪਣੀ ਪ੍ਰਾਚੀਨ ਕਿਸਮ ਦੀ ਜ਼ਿੰਦਗੀ ਪ੍ਰਤੀ ਆਪਣੇ ਪਿਆਰ ਅਤੇ ਇਸਦੀ ਸਾਦਗੀ ਭਰੀ ਖ਼ੂਬਸੂਰਤੀ ਬਾਰੇ ਦੱਸਣ ਲਈ ਸ਼ਹਿਰ ਆਉਂਦਾ ਹੈ। ਮੈਂ ਯੇਸੇਨਿਨ ਨੂੰ ਪਹਿਲੀ ਵਾਰ ਉਦੋਂ ਮਿਲ਼ਿਆ ਸੀ ਜਦੋਂ ਉਹ ਪਹਿਲੀ ਵਾਰ ਸ਼ਹਿਰ ਨਾਲ਼ ਆਪਣੀ ਜਾਣ-ਪਛਾਣ ਬਣਾ ਰਿਹਾ ਸੀ। ਛੋਟਾ ਕੱਦ, ਗੱਠਿਆ ਹੋਇਆ ਸਰੀਰ, ਹਲਕੇ ਘੁੰਗਰਾਲੇ ਵਾਲ਼, 'ਜ਼ਾਰ ਲਈ ਜੀਵਨ' (ਗਲਿੰਕਾ ਦਾ ਓਪੇਰਾ 'ਇਵਾਨ ਸੁਸਾਨਿਨ' —ਸੰਪਾ.) ਨਾਟਕ ਵਿਚਲੇ ਪਾਤਰ ਵਾਨੀਆ ਵਰਗਾ ਪਹਿਰਾਵਾ, ਨੀਲੀਆਂ ਅੱਖਾਂ ਤੇ ਲੋਹੇਨਗਰਿਨ ਵਰਗਾ ਬੇਦਾਗ ਚਿਹਰਾ—ਇਹੋ ਜਿਹਾ ਲੱਗਦਾ ਸੀ ਉਹ। ਸ਼ਹਿਰ ਨੇ ਉਸਦਾ ਅਜਿਹੀ ਖੁਸ਼ੀ ਨਾਲ਼ ਸਵਾਗਤ ਕੀਤਾ ਜਿਵੇਂ ਕੋਈ ਖਾਣ-ਪੀਣ ਦਾ ਸ਼ੌਕੀਨ ਜਨਵਰੀ ਦੇ ਮਹੀਨੇ ਵਿਚ ਸਟ੍ਰਾਬੈਰੀਆਂ ਦਾ ਕਰਦਾ ਹੈ। ਉਸਦੀ ਕਵਿਤਾ ਦੀ ਝੂਠੀ ਤੇ ਲੋੜੋਂ ਵੱਧ ਪ੍ਰਸੰਸਾ ਹੋਣ ਲੱਗੀ, ਕਿਉਂਕਿ ਇਹ ਪਖੰਡੀ ਤੇ ਈਰਖਾਲੂ ਲੋਕ ਕਰ ਰਹੇ ਸਨ। ਉਸ ਸਮੇਂ ਉਸਦੀ ਉਮਰ ਅਠਾਰਾਂ ਸਾਲ ਸੀ, ਤੇ ਜਦੋਂ ਉਹ ਵੀਹਾਂ ਦਾ ਹੋਇਆ ਤਾਂ ਆਪਣੇ ਘੁੰਗਰਾਲ਼ੇ ਵਾਲਾਂ 'ਤੇ ਅਜਿਹੀ ਫੈਸ਼ਨੀ ਟੋਪੀ ਪਾਉਣ ਲੱਗਾ ਕਿ ਉਹ ਕਿਸੇ ਨਾਨਬਾਈ ਦਾ ਸਹਾਇਕ ਜਾਪਦਾ ਸੀ। ਉਸਦੇ ਦੋਸਤ ਉਸਨੂੰ ਸ਼ਰਾਬ ਪਿਲਾਉਂਦੇ ਤੇ ਔਰਤਾਂ ਉਸਦਾ ਖ਼ੂਨ ਚੂਸਦੀਆਂ। ਜਲਦੀ ਹੀ ਉਸਨੂੰ ਅਹਿਸਾਸ ਹੋ ਗਿਆ ਕਿ ਸ਼ਹਿਰ ਉਸ ਲਈ ਤਬਾਹੀ ਲੈ ਕੇ ਆਇਆ ਹੈ, ਅਤੇ ਇਸ ਚੀਜ਼ ਬਾਰੇ ਉਸਨੇ ਕਈ ਸ਼ਾਨਦਾਰ ਕਵਿਤਾਵਾਂ ਲਿਖੀਆਂ। ਭਾਵੇਂ ਕਿ ਉਹ ਮੁੱਖ ਰੂਪ ਵਿੱਚ ਗੀਤਕਾਰ ਤੇ ਕਵੀ ਹੀ ਰਿਹਾ, ਪਰ ਉਹ ਸਹੀ ਅਰਥਾਂ ਵਿੱਚ ਆਵਾਰਾ ਬਣ ਗਿਆ। ਮੇਰੇ ਖਿਆਲ ਵਿੱਚ ਉਹ ਆਪਣੀ ਨਿਰਾਸ਼ਤਾ ਕਾਰਨ, ਇਸ ਅਹਿਸਾਸ ਨਾਲ਼ ਕਿ ਸ਼ਹਿਰ ਉਸਨੂੰ ਤਬਾਹ ਕਰ ਰਿਹਾ ਹੈ, ਅਤੇ ਇਸ ਸ਼ਹਿਰ ਤੋਂ ਬਦਲਾ ਲੈਣ ਦੇ ਚੱਕਰਾਂ

ਵਿੱਚ ਆਵਾਰਾ ਬਣ ਗਿਆ। ਬੁੱਢੀ ਹੁੰਦੀ ਜਾ ਰਹੀ ਇਸਾਦੋਰਾ ਦੁਨਕਨ ਨਾਲ਼ ਉਸਦੇ ਪ੍ਰੇਮ-ਸਬੰਧ ਉਸ ਲਈ ਮਾਰੂ ਸਾਬਿਤ ਹੋਏ। ਉਸ ਬਾਰੇ ਉਸਨੇ ਇੱਕ ਦੁਖਾਂਤਕ ਤੇ ਅਸ਼ੋਭਨੀਕ ਕਿਸਮ ਦੀ ਕਵਿਤਾ ਲਿਖੀ:

ਇਸ ਔਰਤ ਵਿੱਚ ਮੈਂ ਖੁਸ਼ੀ ਲੱਭੀ ਸੀ
ਪਰ ਤਬਾਹੀ ਮਿਲ਼ੀ
ਮੈਨੂੰ ਨਹੀਂ ਸੀ ਪਤਾ ਕਿ ਪਿਆਰ ਇੱਕ ਬਿਮਾਰੀ ਹੈ
ਮੈਨੂੰ ਨਹੀਂ ਸੀ ਪਤਾ ਕਿ ਇਹ ਪਲੇਗ ਵਰਗਾ ਹੈ
ਉਸਨੇ ਮੈਨੂੰ ਭੀਚੀਆਂ ਅੱਖਾਂ 'ਚੋਂ ਤੱਕਿਆ
ਤੇ ਇੱਕ ਆਵਾਰਾ ਬੰਦੇ ਨੂੰ ਪਾਗਲ ਕਰ ਗਈ।

ਉਸਦੀ ਆਤਮ-ਹੱਤਿਆ ਕਮਜ਼ੋਰ ਇੱਛਾ ਸ਼ਕਤੀ ਦਾ ਨਤੀਜਾ ਨਹੀਂ ਸੀ, ਸਗੋਂ ਬਚ ਨਿਕਲਣ ਦਾ ਇੱਕ ਸਾਫ਼-ਸਪਸ਼ਟ ਰਾਹ ਸੀ। ਉਸਨੇ ਆਪਣੇ ਆਪ ਨੂੰ ਫਾਹੇ ਨਹੀਂ ਲਾਇਆ, ਸਗੋਂ ਗਰਮ ਪਾਣੀ ਦੀ ਪਾਈਪ ਨਾਲ਼ ਰੱਸੀ ਬੰਨ ਕੇ ਆਪਣਾ ਗਲ਼ ਘੁੱਟ ਕੇ ਜਾਨ ਦਿੱਤੀ। ਉਸਨੇ ਰੱਸਾ ਆਪਣੇ ਗਰਦਨ ਦੁਆਲੇ ਵਲੇਟਿਆ ਤੇ ਫਰਸ਼ 'ਤੇ ਖੜੇ-ਖੜੋਤੇ ਨੇ ਰੱਸਾ ਖਿੱਚ ਕੇ ਆਪਣਾ ਸਾਹ ਘੁੱਟਿਆ। ਇਹ ਸਭ ਕਰਨ ਤੋਂ ਪਹਿਲਾਂ ਉਸਨੇ ਆਪਣੇ ਗੁੱਟ ਕੋਲ਼ੋਂ ਆਪਣੀ ਬਾਂਹ ਚੀਰੀ ਤੇ ਉਸ 'ਚੋਂ ਨਿਕਲੇ ਖ਼ੂਨ ਨਾਲ਼ ਅੱਠ ਸਤਰਾਂ ਦੀ ਇੱਕ ਕਵਿਤਾ ਲਿਖੀ। ਉਸ ਦੀਆਂ ਦੋ ਸਤਰਾਂ ਇਹ ਹਨ:

ਮਰਨਾ ਸਾਡੇ ਜੀਵਨ ਵਿੱਚ ਕੋਈ ਨਵੀਂ ਗੱਲ ਨਹੀਂ ਹੈ
ਪਰ ਫਿਰ ਜਿਉਣਾ ਕਿਹੜਾ ਨਵੀਂ ਗੱਲ ਹੈ ?

ਸੰਖੇਪ ਵਿੱਚ ਯੇਸੇਨਿਨ ਬਾਰੇ ਮੈਂ ਬਸ ਇੰਨਾ ਕੁ ਹੀ ਦੱਸ ਸਕਦਾ ਹਾਂ। ਰੂਸੀ ਲੇਖਕਾਂ ਦੀਆਂ ਜ਼ਿੰਦਗੀਆਂ ਨਾਟਕੀ ਤੌਰ 'ਤੇ ਬਹੁਤ ਅਮੀਰ ਹਨ, ਪਰ ਯੇਸੇਨਿਨ ਦਾ ਨਾਟਕ ਬਹੁਤ ਉਦਾਸੀ ਭਰਿਆ ਹੈ।

ਅੱਜ ਸਵੇਰੇ ਮੈਨੂੰ ਇ. ਦੁਨਕਨ ਬਾਰੇ ਉਸਦੀਆਂ ਕਵਿਤਾਵਾਂ ਮਿਲ਼ੀਆਂ, ਉਹਨਾਂ ਨੂੰ ਦੇਖ ਕੇ ਮੈਂ ਸੁੰਨ ਹੋ ਗਿਆ।

ਅਜਿਹੇ ਉਦਾਸ ਖ਼ਤ ਲਈ ਮਾਫ਼ੀ ਚਾਹੁੰਦਾ ਹਾਂ, ਪਿਆਰੇ ਦੋਸਤ।

ਤੁਹਾਡੀ ਤਸਵੀਰ ਲਈ ਧੰਨਵਾਦ।

ਦਿਲੋਂ ਸ਼ੁਭ-ਇੱਛਾਵਾਂ ਭੇਜਦਾ ਹਾਂ।

ਮ. ਗੋਰਕੀ

ਸਟੀਫ਼ਨ ਜ਼ਵਿਗ ਨੂੰ

18 ਸਤੰਬਰ, 1923
ਫਰੇਬਰਗ।

ਮੇਰੇ ਪਿਆਰੇ ਜ਼ਵਿਗ,

ਤੁਹਾਡੇ ਦੋਸਤੀ ਤੇ ਏਨੀ ਪ੍ਰਸੰਸਾ ਨਾਲ਼ ਭਰੇ ਖ਼ਤ ਦਾ ਜਵਾਬ ਦੇਣ ਵਿੱਚ ਹੋਈ ਦੇਰੀ ਲਈ ਖਿਮਾ ਚਾਹੁੰਦਾ ਹਾਂ। ਇਸ ਦੇਰੀ ਦਾ ਕਾਰਨ ਇਹ ਸੀ ਕਿ ਮੈਂ ਕੋਈ ਵਿਦੇਸ਼ੀ ਭਾਸ਼ਾ ਨਹੀਂ ਜਾਣਦਾ, ਮੈਂ ਸਿਰਫ਼ ਰੂਸੀ ਵਿੱਚ ਹੀ ਲਿਖਦਾ ਤੇ ਬੋਲਦਾ ਹਾਂ। ਉਹ ਸਖਸ਼ ਜਿਹੜਾ ਮੇਰੀ ਨਿੱਜੀ ਤੇ ਆਤਮਿਕ ਜ਼ਿੰਦਗੀ ਬਾਰੇ ਜਾਣਦਾ ਹੈ ਤੇ ਜਿਸਨੇ ਤੁਹਾਡੇ ਖ਼ਤ ਦਾ ਅਨੁਵਾਦ ਕਰਕੇ ਮੈਨੂੰ ਸੁਣਾਉਣਾ ਸੀ, ਉਹ ਪੂਰਾ ਇੱਕ ਮਹੀਨਾ ਕਿਤੇ ਬਾਹਰ ਗਿਆ ਹੋਇਆ ਸੀ। ਉਹ ਹੁਣ ਮੁੜ ਆਇਆ ਹੈ ਅਤੇ ਮੈਂ ਤੁਹਨੂੰ ਲਿਖਣ ਦੀ ਖੁਸ਼ੀ ਲੈ ਰਿਹਾ ਹਾਂ।

ਜਦੋਂ ਤੱਕ ਮੈਂ ਤੁਹਾਡੀਆਂ ਦੋ ਕਹਾਣੀਆਂ 'ਅਮੋਕ' ਤੇ 'ਅਜਨਬੀ ਦਾ ਖ਼ਤ' ਨਹੀਂ ਸੀ ਪੜ੍ਹੀਆਂ, ਮੈਂ ਤੁਹਾਡੇ ਬਾਰੇ ਤੁਹਾਡੇ ਨਾਮ ਤੋਂ ਛੁੱਟ ਹੋਰ ਕੁਝ ਨਹੀਂ ਜਾਣਦਾ ਸੀ। ਪਹਿਲੀ ਕਹਾਣੀ ਮੈਨੂੰ ਕੋਈ ਬਹੁਤੀ ਚੰਗੀ ਨਹੀਂ ਲੱਗੀ, ਪਰ ਦੂਜੀ ਕਹਾਣੀ ਨੇ ਆਪਣੀ ਹੈਰਾਨ ਕਰ ਦੇਣ ਵਾਲ਼ੀ ਸੁਹਿਰਦਤਾ ਨਾਲ, ਔਰਤਾਂ ਪ੍ਰਤੀ ਅਥਾਹ ਨਰਮੀ ਦੇ ਰਵੱਈਏ ਕਾਰਨ, ਵਿਸ਼ੇ ਦੀ ਮੌਲਿਕਤਾ ਤੇ ਚਿਤਰਨ ਦੀ ਉਸ ਜਾਦੂਮਈ ਤਾਕਤ ਨਾਲ਼, ਜਿਹੜੀ ਕੇਵਲ ਕਿਸੇ ਪ੍ਰਤਿਭਾਸ਼ਾਲੀ ਕਲਾਕਾਰ ਦੀ ਹੀ ਨਿਸ਼ਾਨੀ ਹੁੰਦੀ ਹੈ, ਮੈਨੂੰ ਧੁਰ ਅੰਦਰ ਤੱਕ ਝੰਜੋੜ ਦਿੱਤਾ। ਕਹਾਣੀ ਪੜ੍ਹਦਿਆਂ ਮੈਂ ਕਈ ਵਾਰ ਖੁਸ਼ੀ ਨਾਲ਼ ਹੱਸਿਆ—ਕਿੰਨੇ ਵਧੀਆ ਢੰਗ ਨਾਲ਼ ਬੁਣੀ ਹੋਈ ਹੈ! ਤੁਹਾਡੀ ਨਾਇਕਾ ਪ੍ਰਤੀ ਹਮਦਰਦੀ ਕਾਰਨ ਤੇ ਉਸਦੀ ਤਸਵੀਰ ਤੇ ਉਸਦੇ ਦਿਲ ਦੇ ਉਦਾਸ ਗੀਤ ਦੀ ਅਸਹਿ ਚੋਭ ਕਾਰਨ ਮੈਂ ਧਾਹਾਂ ਮਾਰ ਕੇ ਰੋਇਆ ਵੀ। ਰੋਣ ਵਾਲ਼ਾ ਮੈਂ ਇਕੱਲਾ ਹੀ ਨਹੀਂ ਸਾਂ, ਮੇਰੇ ਦੋਸਤ, ਜਿਸਦਾ ਮੈਂ ਉੱਪਰ ਜ਼ਿਕਰ ਕੀਤਾ ਹੈ, ਨੇ ਵੀ ਆਪਣੇ ਅੱਥਰੂ ਮੇਰੇ ਨਾਲ਼ ਸਾਂਝੇ ਕੀਤੇ। ਉਸਦੇ ਦਿਲੋ-ਦਿਮਾਗ 'ਤੇ ਮੈਂ ਆਪਣੇ ਨਾਲ਼ੋ ਕਿਤੇ ਜ਼ਿਆਦਾ ਭਰੋਸਾ ਕਰਦਾ ਹਾਂ।

ਤੁਸੀਂ ਇਸ ਗੱਲ ਨਾਲ਼ ਸਹਿਮਤ ਹੋਵੋਗੇ, ਪਿਆਰੇ ਜ਼ਵਿਗ, ਕਿ ਕਲਾਕਾਰ, ਜਿਹੜਾ ਕਲਪਨਾਵਾਂ ਉਸਾਰਦਾ ਹੈ, ਰੱਬ — ਜਾਂ ਕੁਦਰਤ — ਦੁਆਰਾ, ਇਤਿਹਾਸ ਜਾਂ ਆਪਣੇ ਖੁਦ ਦੇ ਯਤਨਾਂ ਨਾਲ਼ ਰਚੇ ਗਏ ਲੋਕਾਂ ਨੂੰ ਹੋਰ ਵੀ ਬਿਹਤਰ ਤੇ ਦਿਲਚਸਪ ਬਣਾਉਂਦਾ ਹੈ।

ਇਸ ਤੋਂ ਬਾਅਦ ਮੈਂ ਤੁਹਾਡੀ ਰੋਮਾਂ ਰੋਲਾਂ ਬਾਰੇ ਲਿਖੀ ਕਿਤਾਬ ਪੜ੍ਹੀ, ਅਸਾਧਾਰਣ ਅਹਿਮੀਅਤ ਤੇ ਅਸਾਧਾਰਣ ਨੈਤਿਕ ਜ਼ਿੰਦਾਦਿਲੀ ਵਾਲ਼ੇ ਇਸ ਇਨਸਾਨ ਬਾਰੇ ਲਿਖੀ ਗਈ ਇਹ ਅਦਭੁੱਤ ਕਿਤਾਬ ਹੈ। ਮੈਂ ਇਸ ਗੱਲ ਦੀ ਅਪਾਰ ਮਹੱਤਤਾ ਬਾਰੇ ਕੁਝ ਨਹੀਂ ਕਹਾਂਗਾ ਕਿ ਅੱਜ ਦੇ ਸਾਡੇ ਜਾਂਗਲ਼ੀ ਸਮੇਂ ਵਿੱਚ ਕਿਸੇ ਫਰਾਂਸੀਸੀ ਬਾਰੇ ਇਹ ਕਿਤਾਬ ਇੱਕ ਜਰਮਨ ਨੇ ਲਿਖੀ ਹੈ। ਇਸ ਨਜ਼ਰੀਏ ਤੋਂ ਇਹ ਕਿਤਾਬ ਮੇਰੇ ਲਈ ਮਨੁੱਖ ਵੱਲੋਂ ਆਪਣੇ ਆਲ਼ੇ-ਦੁਆਲ਼ੇ ’ਤੇ ਹਾਸਿਲ ਕੀਤੀਆਂ ਉਹਨਾਂ ਜਿੱਤਾਂ ਵਿੱਚੋਂ ਇੱਕ ਹੈ, ਜਿਹਨਾਂ ’ਤੇ ਸਿਆਣੇ ਤੇ ਇਮਾਨਦਾਰ ਲੋਕ ਉਹਨਾਂ ਦੀ ਨੈਤਿਕ ਤੇ ਬੌਧਿਕ ਤਾਕਤ ਦੇ ਜਿਉਂਦੇ-ਜਾਗਦੇ ਸਬੂਤ ਵਜੋਂ ਮਾਣ ਮਹਿਸੂਸ ਕਰ ਸਕਦੇ ਹਨ।

ਇਸ ਕਿਤਾਬ ਨੇ ਰੋਲਾਂ ਨੂੰ ਵਧੇਰੇ ਠੋਸ ਤੇ ਸਜੀਵ ਬਣਾ ਕੇ ਮੇਰੇ ਹੋਰ ਨਜ਼ਦੀਕ ਲੈ ਆਂਦਾ ਹੈ। ਮੈਂ ਇਸ ਬੇਮਿਸਾਲ ਸਖਸ਼ ਨੂੰ ਬਹੁਤ ਪਿਆਰ ਕਰਦਾ ਹਾਂ, ਅਤੇ ਹੁਣ ਮੈਂ ਉਸਨੂੰ ਪਹਿਲਾਂ ਨਾਲੋਂ ਵੀ ਵਧੇਰੇ ਪਿਆਰ ਕਰਦਾ ਹਾਂ। ਕਿਉਂਕਿ ਹੁਣ ਮੈਂ ਉਸਦੀ ਆਤਮਿਕ ਤਸਵੀਰ ਨੂੰ ਹੋਰ ਵੀ ਜ਼ਿਆਦਾ ਸਫ਼ਾਈ ਨਾਲ਼ ਦੇਖ ਸਕਦਾ ਹਾਂ, ਇਸ ਲਈ ਤੁਹਾਡਾ ਸ਼ੁਕਰੀਆ ਕਰਨਾ ਬਣਦਾ ਹੈ।

‘ਅਜਨਬੀ ਦਾ ਖ਼ਤ’ ਕਹਾਣੀ ਨੂੰ ਇੱਕ ਵੱਖਰੇ ਕਿਤਾਬਚੇ ਵਜੋਂ ਉਸ ਪੁਸਤਕ-ਲੜੀ ਦੇ ਅੰਤਰਗਤ ਛਾਪਿਆ ਜਾਵੇਗਾ ਜਿਸ ਵਿੱਚ ‘ਮਾਨੋ ਲੈਸਕੋ ਦਾ ਇਤਿਹਾਸ’, ਮੋਪਾਸਾਂ ਦੀ ‘ਸਾਡਾ ਦਿਲ’, ਬੋਕਾਕੀਓ ਦੀ ‘ਫਾਇਮੈੱਤਾ’ ਤੇ ‘ਰੋਮੀਓ ਜੂਲੀਅਟ’ ਅਤੇ ਪਿਆਰ ਦੇ ਵਿਸ਼ੇ ’ਤੇ ਲਿਖੀਆਂ ਗਈਆਂ ਹੋਰ ਕਈ ਕਿਤਾਬਾਂ ਛਾਪੀਆਂ ਜਾ ਚੁੱਕੀਆਂ ਹਨ। ਤੁਰਗਨੇਵ ਦਾ ਨਾਵਲ ‘ਪਹਿਲਾ ਪਿਆਰ’* ਛਪ ਚੁੱਕਿਆ ਹੈ ਤੇ ਕੁਝ ਹੀ ਦਿਨਾਂ ਵਿੱਚ ਤੁਹਾਡੇ ਤੱਕ ਪਹੁੰਚ ਜਾਵੇਗਾ।

ਇਹਨਾਂ ਸਾਰੀਆਂ ਕਿਤਾਬਾਂ ਵਿੱਚ ਸਕੈੱਚ ਵੀ ਛਾਪੇ ਜਾਣਗੇ, ਅਤੇ ਮੈਂ ਤੁਹਾਨੂੰ ਪੁੱਛਣਾ ਚਾਹਾਂਗਾ ਕਿ ਤੁਹਾਡੇ ਖਿਆਲ ਵਿੱਚ ‘ਅਜਨਬੀ ਦਾ ਖ਼ਤ’ ਦੇ ਸਕੈੱਚ ਬਣਾਉਣ ਲਈ ਕਿਹੜਾ ਕਲਾਕਾਰ ਠੀਕ ਰਹੇਗਾ।

ਫਿਰ ਮੈਂ ਤੁਹਾਡੀ ਕਹਾਣੀ ‘ਚਾਨਣੀ ਗਲ਼ੀ’ ਦਾ ਅਨੁਵਾਦ ਕਰਨ ਤੇ ਬਰਲਿਨ ਤੋਂ ਨਿਕਲ਼ਦੇ ਮੈਗਜ਼ੀਨ ‘ਬੇਸੇਦਾ’ ਵਿੱਚ ਛਾਪਣ ਦੀ ਆਗਿਆ ਚਾਹੁੰਦਾ ਹਾਂ। ਮੈਂ ਹੀ ਇਸ ਮੈਗਜ਼ੀਨ ਦਾ ਸੰਪਾਦਕ ਹਾਂ।

ਮੈਂ ਤੁਹਾਨੂੰ ਇਸ ਮੈਗਜ਼ੀਨ ਲਈ ਇੱਕ ਲੇਖ ਲਿਖਣ ਬਾਰੇ ਵੀ ਕਹਿਣਾ ਚਾਹੁੰਦਾ ਹਾਂ। ਅਜੋਕੇ ਜਰਮਨ ਲੇਖਕਾਂ ਬਾਰੇ ਜਾਂ ਜਿਹੜਾ ਵੀ ਵਿਸ਼ਾ ਤੁਹਾਨੂੰ ਠੀਕ ਲੱਗੇ ਉਸ ਬਾਰੇ ਲੇਖ ਲਿਖਿਆ ਜਾ ਸਕਦਾ ਹੈ।

ਇਹ ਮੈਗਜ਼ੀਨ ਖਾਸ ਤੌਰ ’ਤੇ ਕਲਾ ਤੇ ਵਿਗਿਆਨ ਦੀਆਂ ਸਮੱਸਿਆਵਾਂ ’ਤੇ ਕੇਂਦਰਿਤ ਹੈ, ਅਤੇ ਇਸਦਾ ਰਾਜਨੀਤੀ ਨਾਲ਼ ਕੋਈ ਵੀ ਸਾਰੋਕਾਰ ਨਹੀਂ ਹੈ। ਇਸ ਵਿੱਚ ਰੋਮਾਂ ਰੋਲਾਂ, ਫਰਾਂਜ ਹੇਲੇਨਜ਼, ਜੌਹਨ ਗਾਲਜ਼ਵਰਦੀ, ਗਰੇਗੋਰਿਓ ਮ. ਸਿਏਰਾ ਅਤੇ ਹੋਰ ਕਈ ਵਿਦੇਸ਼ੀ

* 1923 ਵਿੱਚ ਪ੍ਰੋਪਯੇਲੇਅਮ ਪਬਲਿਸ਼ਿੰਗ ਹਾਊਸ, ਬਰਲਿਨ ਦੁਆਰਾ ਛਾਪਿਆ ਗਿਆ।

ਲੇਖਕ ਛਪਦੇ ਹਨ।

ਮੈਂ ਤੁਹਾਨੂੰ ਆਪਣਾ ਖਰੜਾ ਭੇਜਣ ਦੀ ਖੁਸ਼ੀ ਲੈ ਰਿਹਾ ਹਾਂ, ਇਸ ਵੇਲ਼ੇ ਮੇਰੇ ਕੋਲ ਇਹੀ ਇੱਕ ਖਰੜਾ ਹੈ, ਜੇ ਤੁਹਾਨੂੰ ਠੀਕ ਨਾ ਲੱਗਿਆ ਤਾਂ ਮੈਂ ਦੂਜਾ ਭੇਜ ਦਿਆਂਗਾ।

ਕਿਤਾਬਾਂ* ਲਈ ਧੰਨਵਾਦ, ਕ. ਵੋਲਫ ਨੇ ਜਦੋਂ ਮੇਰੀਆਂ ਕਿਤਾਬਾਂ ਜਰਮਨ ਵਿੱਚ ਛਾਪੀਆਂ ਤਾਂ ਮੈਂ ਤੁਹਾਨੂੰ ਜਰੂਰ ਭੇਜਾਂਗਾ।

ਸਾਡੇ ਇਸ ਸੰਸਾਰ ਵਿੱਚ ਕਈ ਸ਼ਾਨਦਾਰ ਖੁਸ਼ੀਆਂ ਹਨ, ਤੁਹਾਡੇ ਨਾਲ਼ ਮੁਲਾਕਾਤ ਇਹਨਾਂ ਵਿੱਚੋਂ ਇੱਕ ਹੈ।

ਪਿਆਰੇ ਸਟੀਫ਼ਨ ਜ਼ਵਿਗ, ਮੈਂ ਤੁਹਾਡੇ ਲਈ ਦਿਲੋਂ ਸ਼ੁਭ-ਇੱਛਾਵਾਂ ਭੇਜਦਾ ਹਾਂ।

ਮ. ਗੋਰਕੀ

ਮੇਰਾ ਪਤਾ ਹੈ: ਫਰੇਬਰਗ
ਗੁਏਂਟਰਸਥਾਲ, ਡੌਰਫਸਟਰਾਸੇ 5

---

* 29 ਅਗਸਤ, 1923 ਦੀ ਚਿੱਠੀ ਵਿੱਚ ਜ਼ਵਿਗ ਨੇ ਗੋਰਕੀ ਨੂੰ ਸੂਚਿਤ ਕੀਤਾ ਸੀ ਕਿ ਉਹ ਗੋਰਕੀ ਨੂੰ ਆਪਣੀਆਂ ਹੇਠ ਲਿਖੀਆਂ ਕਿਤਾਬਾਂ ਭੇਜ ਰਹੇ ਹਨ: 'ਅਮੋਕ' ਨਾਮਕ ਕਹਾਣੀ-ਸੰਗ੍ਰਹਿ ਅਤੇ 'ਤਿੰਨ ਉਸਤਾਦ — ਬਾਲਜ਼ਾਕ, ਡਿਕਨਜ਼, ਦੋਸਤੋਯੇਵਸਕੀ'।

ਸਟੀਫ਼ਨ ਜ਼ਵਿਗ ਨੂੰ

16 ਮਈ, 1928
ਸੋਰੈਂਟੋ।

ਪਿਆਰੇ ਜ਼ਵਿਗ,

ਆਪਣੀ ਬਹੁਤ ਹੀ ਦਿਲਚਸਪ ਕਿਤਾਬ ਮੈਨੂੰ ਸਮਰਪਿਤ ਕਰਨ ਲਈ ਧੰਨਵਾਦ*, ਮੈਨੂੰ ਇਹ ਕਹਿਣ ਵਿੱਚ ਬਹੁਤ ਦੇਰ ਲੱਗ ਗਈ। ਇਹ ਕਿਤਾਬ ਪੜ੍ਹਨ ਦੀ ਮੇਰੀ ਇੱਛਾ ਦਾ ਨਤੀਜਾ ਹੈ, ਪਰ ਮੈਂ ਇਸ ਕੰਮ ਲਈ ਸਮਾਂ ਨਹੀਂ ਕੱਢ ਸਕਿਆ। ਮੇਰੀ 'ਜੁਬਲੀ' ਮਨਾਉਣ ਦੇ ਰੌਲੇ-ਰੱਪੇ ਨੇ ਪਿਛਲੇ ਦੋ ਮਹੀਨਿਆਂ ਤੋਂ ਮੇਰੇ ਕੰਮ ਤੇ ਮੇਰੀ ਜ਼ਿੰਦਗੀ ਵਿੱਚ ਬਹੁਤ ਅੜਿੱਕੇ ਡਾਹੇ ਹਨ, ਤੇ ਨਾਲ਼ ਹੀ ਮੈਂ ਰੂਸ ਜਾਣ ਦੀ ਤਿਆਰੀ ਵੀ ਕਰ ਰਿਹਾ ਹਾਂ। ਕੁਝ ਕੁ ਦਿਨਾਂ ਤੱਕ ਮੈਂ ਚਲਾ ਜਾਵਾਂਗਾ। ਮੈਂ ਸਤੇਂਦਾਲ ਬਾਰੇ ਤੁਹਾਡਾ ਸ਼ਬਦ-ਚਿੱਤਰ ਪੜ੍ਹਿਆ। ਪਰ ਇਹ ਸ਼ਾਇਦ ਕੋਈ ਬਹੁਤਾ ਵਧੀਆ ਅਨੁਵਾਦ ਨਹੀਂ ਸੀ। ਫਿਰ ਵੀ ਮੈਂ ਇਸ ਮੌਲਿਕ ਇਨਸਾਨ, ਕਲਾਕਾਰ ਤੇ ਚਿੰਤਕ ਬਾਰੇ ਉਹ ਸਭ ਕੁਝ ਪੜ੍ਹ ਚੁੱਕਿਆ ਹਾਂ ਜਿਹੜਾ ਰੂਸੀ ਵਿੱਚ ਲਿਖਿਆ ਗਿਆ ਹੈ ਜਾਂ ਅਨੁਵਾਦ ਕੀਤਾ ਗਿਆ ਹੈ। ਅਤੇ ਮੈਂ ਉਹਨਾਂ ਦੀਆਂ ਸਾਰੀਆਂ ਕਿਤਾਬਾਂ ਬਾਰੇ ਜਾਣਦਾ ਹਾਂ। ਇਸ ਲਈ ਮੈਂ ਸਮਝਦਾ ਹਾਂ ਕਿ ਇਸ ਸ਼ਬਦ-ਚਿੱਤਰ ਨੂੰ ਕਮਾਲ ਦੀ ਰਚਨਾ ਕਹਿਣ ਦਾ ਮੈਨੂੰ ਪੂਰਾ ਹੱਕ ਹੈ। ਇਹ ਰਚਨਾ ਉਸ ਕਮਾਲ ਦੇ ਕਲਾਕਾਰ ਨੇ ਕੀਤੀ ਹੈ ਜਿਹੜਾ ਕਿ ਕੇਵਲ "ਬੌਧਿਕ ਤੌਰ 'ਤੇ" ਹੀ ਸਤੇਂਦਾਲ ਦਾ ਅਨੁਸਾਰੀ ਨਹੀਂ ਹੈ। ਇਸ ਇਨਸਾਨ ਅੰਦਰ ਡੂੰਘੀ "ਝਾਤੀ" ਮਾਰਨ ਲਈ, ਤੁਹਾਡੇ ਵਾਂਗ, ਉਸਦੇ ਸੰਦੇਹਵਾਦ ਤੇ ਰੋਮਾਂਚਵਾਦ ਵਿਚਲੀ ਟੱਕਰ ਵਿੱਚੋਂ ਉਸਦੇ ਨਾਟਕਾਂ ਦਾ ਸਰੋਤ ਲੱਭਿਆ ਜਾਣਾ ਚਾਹੀਦਾ ਹੈ। ਮੈਂ ਨਹੀਂ ਜਾਣਦਾ ਕਿ ਯੂਰਪੀ ਸਾਹਿਤ ਵਿੱਚ ਇਹ ਗੱਲ ਪਹਿਲਾਂ ਕਿਸੇ ਨੇ ਦੇਖੀ ਹੈ ਜਾਂ ਨਹੀਂ, ਪਰ ਮੇਰਾ ਖਿਆਲ ਹੈ ਕਿ ਇਹ ਤੁਹਾਡੀ ਖੋਜ ਹੈ ਤੇ ਇਸਦਾ ਸਾਰਾ ਸਿਹਰਾ ਤੁਹਾਨੂੰ ਹੀ ਜਾਣਾ ਚਾਹੀਦਾ ਹੈ। ਇਸ ਤੋਂ ਮੇਰਾ ਇਹ ਵਿਸ਼ਵਾਸ ਹੋਰ ਵੀ ਪੱਕਾ ਹੁੰਦਾ ਹੈ ਕਿ ਕਿਸੇ ਕਲਾਕਾਰ ਨੂੰ, ਆਲੋਚਕ ਜਾਂ ਇਤਿਹਾਸਕਾਰ ਨਾਲ਼ੋਂ ਇੱਕ ਕਲਾਕਾਰ ਹੀ ਚੰਗੀ ਤਰ੍ਹਾਂ ਸਮਝ ਸਕਦਾ ਹੈ।

ਪਰ, ਮੇਰੇ ਪਿਆਰੇ ਦੋਸਤ, ਕੀ ਤੁਹਾਨੂੰ ਨਹੀਂ ਲੱਗਦਾ ਕਿ ਸਤੇਂਦਾਲ ਦਾ ਨਾਟਕ ਸਾਰੇ

---

* ਸਟੀਫ਼ਨ ਜ਼ਵਿਗ ਦੀ ਕਿਤਾਬ 'ਤਿੰਨ ਲੇਖਕਾਂ ਦਾ ਜੀਵਨ — ਕਾਸਾਨੋਵਾ, ਸਤੇਂਦਾਲ, ਤੇ ਤਾਲਸਤਾਏ'। ਕਿਤਾਬ ਦਾ ਸਮਰਪਣ ਹੈ: 'ਮਾਣਯੋਗ ਤੇ ਸਤਿਕਾਰਯੋਗ — ਮੈਕਸਿਮ ਗੋਰਕੀ ਨੂੰ'।

ਰੋਮਾਂਚਵਾਦੀਆਂ ਦਾ ਨਾਟਕ ਹੈ, ਅਤੇ ਕਿ ਸੰਦੇਹਵਾਦ ਤੇ ਰੋਮਾਂਚਵਾਦ ਆਮ ਤੌਰ 'ਤੇ ਨਾਲ਼ੋ-ਨਾਲ਼ ਚੱਲਦੇ ਹਨ ? ਕੀ ਇਹ ਨਾਟਕ ਕਲਾਈਸਟ, ਨੋਵਾਲਿਸ, ਹੌਫਮਾਨ ਤੇ ਇੱਥੋਂ ਤੱਕ ਕਿ ਅਨਾਤੋਲੇ ਫਰਾਂਸ ਵਰਗੇ ਮਹਾਨ ਲੇਖਕ ਵਿੱਚ ਵੀ ਨਹੀਂ ਪਾਇਆ ਜਾਂਦਾ—ਜਿਹੜਾ ਕਿ ਸਤੇਂਦਾਲ ਦਾ ਦੂਰ ਦਾ ਰਿਸ਼ਤੇਦਾਰ ਹੈ, ਅਤੇ ਸ਼ਾਇਦ ਸੰਭਵ ਨਾ ਹੁੰਦਾ ਜੇ 'ਪਿਆਰ ਬਾਰੇ' ਦੇ ਲੇਖਕ ਨਾਲ਼ ਉਸਦਾ ਰਿਸ਼ਤਾ ਨਾ ਹੁੰਦਾ ?

ਸਤੇਂਦਾਲ ਬਾਰੇ ਸ਼ਾਇਦ ਇਹ ਕਿਹਾ ਜਾਣਾ ਚਾਹੀਦਾ ਹੈ ਕਿ ਉਸਦਾ ਰੋਮਾਂਚਵਾਦ ਉਸਦੇ ਸੰਦੇਹਵਾਦ ਤੋਂ ਉਪਜਿਆ ਹੈ। ਇਹ ਵਿਚਾਰ ਖੁਦ ਸਤੇਂਦਾਲ ਦੀ ਰੋਮਾਂਚਵਾਦ ਦੀ ਇਸ ਵਿਆਖਿਆ ਵਿੱਚੋਂ ਜਨਮ ਲੈਂਦਾ ਹੈ ਕਿ "ਰੋਮਾਂਚਵਾਦ ਸਹੀ ਤੌਰ 'ਤੇ ਚੁਣੀ ਹੋਈ ਇੱਕ ਦਵਾਈ ਹੈ, ਜੇਕਰ ਇਹ ਸਮਾਜ ਨੂੰ ਸਹੀ ਮਾਤਰਾ ਵਿੱਚ ਤੇ ਸਹੀ ਸਮੇਂ 'ਤੇ ਦਿੱਤੀ ਜਾਵੇ ਤਾਂ ਉਸ ਲਈ ਫਾਇਦੇਮੰਦ ਸਾਬਤ ਹੋ ਸਕਦੀ ਹੈ ਤੇ ਉਸਨੂੰ ਖੁਸ਼ੀ ਦੇ ਸਕਦੀ ਹੈ।"

ਮੇਰੇ ਖਿਆਲ ਵਿੱਚ ਸਤੇਂਦਾਲ ਦ੍ਰਿੜ ਤੇ ਦਾਰਸ਼ਨਿਕ ਨਜ਼ਰੀਏ ਤੋਂ ਮਨੁੱਖੀ ਹਮਦਰਦੀ ਰੱਖਦੇ ਸਨ। ਪਰ ਉਨ੍ਹਾਂ ਦੇ ਦਿਲ ਵਿੱਚ ਮਨੁੱਖ ਲਈ ਨਿਰਾਦਰ ਭਰਿਆ "ਤਰਸ" ਨਹੀਂ ਸੀ। ਮੇਰੇ ਖਿਆਲ ਵਿੱਚ ਸ਼ਾਪਨਹਾਵਰ ਤੋਂ ਬਹੁਤ ਪਹਿਲਾਂ ਉਹਨਾਂ ਨੇ ਇਸਾਈ ਧਰਮ ਦੇ ਜਜ਼ਬਾਤੀ ਤੇ ਨਿਪੁੰਸਕ "ਤਰਸ" ਦੀ ਥਾਂ "ਮਨੁੱਖੀ ਹਮਦਰਦੀ" ਦੀ ਲੋੜ ਸਮਝ ਲਈ ਸੀ। ਤੇ ਸ਼ਾਇਦ ਇਸੇ ਕਰਕੇ ਆਪਣੀ ਕਿਤਾਬ "ਸ਼ੇਕਸਪੀਅਰ ਤੇ ਰੈਸਿਨੇ" ਵਿੱਚ ਜਰਮਨ ਰੋਮਾਂਚਵਾਦ ਨੂੰ "ਬਕਵਾਸ" ਦੱਸਿਆ ਹੈ, ਜੋ ਕਿ ਸਹੀ ਨਹੀਂ ਹੈ, ਕਿਉਂਕਿ ਜਰਮਨ ਰੋਮਾਂਚਵਾਦੀਆਂ ਵਿੱਚ ਕੁਝ ਚੰਗੇ ਨਾਸਤਿਕ ਵੀ ਸਨ, ਤੇ ਸੰਦੇਹਵਾਦ ਅਤੇ ਈਸਾਈ ਧਰਮ ਬੁਨਿਆਦੀ ਤੌਰ 'ਤੇ ਇੱਕ ਦੂਜੇ ਦੇ ਵਿਰੋਧੀ ਹਨ।

ਸਤੇਂਦਾਲ ਬਾਰੇ ਤੁਹਾਡਾ ਲੇਖ ਉਹਨਾਂ ਦੇ ਕਲਾਤਮਕ ਗੁਣਾਂ ਤੋਂ ਇਲਾਵਾ ਹੋਰ ਵੀ ਕਈ ਦਿਲਚਸਪ ਖਿਆਲਾਂ ਨੂੰ ਜਨਮ ਦਿੰਦਾ ਹੈ। ਤੁਸੀਂ ਬੁਰਾ ਤਾਂ ਨਹੀਂ ਮੰਨੋਗੇ ਜੇ ਮੈਂ ਕਹਾਂ ਕਿ ਤਾਲਸਤਾਏ ਬਾਰੇ ਤੁਹਾਡਾ ਲੇਖ ਏਨਾ ਵਧੀਆ ਨਹੀਂ ਸੀ ? ਮੈਨੂੰ ਇਸ ਕਾਰਨ ਕਰਕੇ ਇਹ ਗੱਲ ਬੜੀ ਸੁਭਾਵਕ ਜਾਪਦੀ ਹੈ: ਅਲੋਚਕਾਂ ਨੇ ਅਜੇ ਤੱਕ ਤਾਲਸਤਾਏ ਦਾ ਉਸ ਹੱਦ ਤੱਕ ਅਧਿਐਨ ਨਹੀਂ ਕੀਤਾ ਜਿਸ ਹੱਦ ਤੱਕ ਉਹ ਸਤੇਂਦਾਲ ਨੂੰ ਜਾਣਦੇ ਹਨ। ਤਾਲਸਤਾਏ ਬੁੱਧੀ ਅਤੇ ਸਹਿਜ-ਗਿਆਨ ਵਿਚਲੀ ਲਾਜਵਾਬ ਤੇ ਨਿਰਦਈ ਟੱਕਰ ਹੈ, ਇਹ ਇੱਕ ਅਜਿਹੀ ਵਿਰੋਧਤਾਈ ਹੈ ਜਿਹੜੀ ਕੇਵਲ ਕਿਸੇ ਰੂਸੀ ਪ੍ਰਤਿਭਾਵਾਨ ਵਿਅਕਤੀ ਵਿੱਚ ਹੀ ਹੋ ਸਕਦੀ ਹੈ। ਤਾਲਸਤਾਏ ਤੋਂ ਪਹਿਲਾਂ ਕਿਸੇ ਨੇ ਇਹ ਨਹੀਂ ਸੀ ਕਿਹਾ: "ਬਹੁਤ ਵੱਡਾ ਦਿਮਾਗ ਘਿਣਾਉਣੀ ਚੀਜ਼ ਹੈ; ਚੇਤਨਤਾ ਮਨੁੱਖ ਦੀ ਸਭ ਤੋਂ ਵੱਡੀ ਨੈਤਿਕ ਬੁਰਾਈ ਹੈ।" ਅਜਿਹੇ ਵਿਚਾਰ ਤਾਲਸਤਾਏ ਨੂੰ 1854 ਵਿੱਚ ਉਹਨਾਂ ਦੀ ਜਵਾਨੀ ਦੇ ਦਿਨਾਂ ਵਿੱਚ ਵੀ ਸੁੱਝਿਆ ਕਰਦੇ ਸਨ, ਤੇ ਜ਼ਿੰਦਗੀ ਦੇ ਆਖ਼ਰੀ ਦਿਨਾਂ ਤੱਕ ਉਹਨਾਂ ਨੂੰ ਤਸੀਹੇ ਦਿੰਦੇ ਰਹੇ। ਮੇਰਾ ਖਿਆਲ ਹੈ ਕਿ 'ਜੰਗ ਤੇ ਅਮਨ' ਦੇ ਲੇਖਕ ਨੂੰ ਇਹਨਾਂ ਹੀ ਵਿਚਾਰਾਂ ਦੀ ਰੌਸ਼ਨੀ ਵਿੱਚ ਸਮਝਣਾ ਚਾਹੀਦਾ ਹੈ। ਉਹਨਾਂ ਅੰਦਰਲੀ ਕਲਾਕਾਰ ਦੀ ਰਚਨਾਤਮਕ ਸ਼ਕਤੀ ਸਾਰੀ ਉਮਰ ਉਹਨਾਂ ਵਿਚਲੇ ਪ੍ਰਚਾਰਕ ਦੀ ਅੰਤਰਪ੍ਰੇਰਣਾ ਨਾਲ਼ ਜੂਝਦੀ ਰਹੀ, ਇਸ ਡਰ ਨਾਲ਼ ਸੰਘਰਸ਼

ਕਰਦੀ ਰਹੀ ਕਿ ਕਿਤੇ ਉਹ ਰੱਬ ਦੀਆਂ ਨਜ਼ਰਾਂ ਵਿੱਚ ਕੋਈ ਗਲਤੀ ਨਾ ਕਰ ਰਹੇ ਹੋਣ। ਲੋਕਾਂ ਦੀ ਮੱਦਦ ਕਰਨ ਦੀ ਲੋੜ ਬਾਰੇ ਤਾਲਸਤਾਏ ਕਦੇ ਵੀ ਉਸ ਮਨੁੱਖੀ ਢੰਗ ਨਾਲ਼ ਨਹੀਂ ਸੋਚ ਸਕੇ, ਜਿਵੇਂ ਸਤੇਂਦਾਲ ਸੋਚਦੇ ਸਨ। ਤਾਲਸਤਾਏ ਨੇ ਈਸਾ ਨੂੰ ਤੇਰਤੂਲੀਆ, ਲਾਕਤਾਨਤੀਅਸ ਤੇ ਹੋਰਨਾਂ "ਗਿਰਜੇ ਦੇ ਪਿਤਾਵਾਂ" ਨਾਲ਼ੋਂ ਕਿਤੇ ਵੱਧ ਤੋੜ-ਮਰੋੜ ਕੇ ਪੇਸ਼ ਕੀਤਾ ਹੈ। ਜਦੋਂ ਉਹ ਈਸਾ ਤੋਂ ਆਜ਼ਾਦ ਸਨ ਤਾਂ ਉਹਨਾਂ ਨੇ 'ਕਜ਼ਾਕ' ਤੇ 'ਹਾਜੀ-ਮੁਰਾਤ' ਜਿਹੀਆਂ ਰਚਨਾਵਾਂ ਲਿਖੀਆਂ, ਪਰ ਜਦੋਂ ਉਹਨਾਂ ਨੇ ਈਸਾ ਦੇ ਨਾਮ 'ਤੇ ਕਿਸੇ ਚੀਜ਼ ਦੀ ਰਚਨਾ ਕਰਨੀ ਚਾਹੀ ਤਾਂ 'ਮੋਇਆਂ ਦੀ ਜਾਗ' ਜਿਹੀ ਅਕਾ ਦੇਣ ਵਾਲੀ ਰਚਨਾ ਦਾ ਜਨਮ ਹੋਇਆ।

ਏਨੇ ਲੰਮੇ "ਸੰਦੇਸ਼" ਲਈ ਖਿਮਾ ਦਾ ਜਾਚਕ ਹਾਂ। ਇੱਕ ਵਾਰ ਫਿਰ ਤੁਹਾਡੀ ਦੋਸਤੀ ਲਈ ਧੰਨਵਾਦ ਕਰਦਾ ਹਾਂ।

ਸ਼ੁੱਭ-ਇੱਛਾਵਾਂ।

ਮ. ਗੋਰਕੀ

ਮ. ਮ. ਪ੍ਰਿਸ਼ਵਿਨ* ਨੂੰ

22 ਸਤੰਬਰ, 1926
ਸੋਰੈਂਟੋ।

ਮੇਰੇ ਖਿਆਲ ਵਿੱਚ ਅਜੇ ਤੱਕ ਸਾਡੇ ਸਾਹਿਤ ਵਿੱਚ ਕੋਈ ਵੀ ਐਨਾ ਕੁਦਰਤ-ਪ੍ਰੇਮੀ, ਐਨੀ ਨੀਝ ਨਾਲ਼ ਉਸਨੂੰ ਵੇਖਣ ਵਾਲ਼ਾ ਤੇ ਸੱਚਾ ਕੁਦਰਤ ਦਾ ਕਵੀ ਨਹੀਂ ਹੋਇਆ ਜਿੰਨੇ ਕਿ ਤੁਸੀਂ ਹੋ। ਇਸ ਗੱਲ ਦਾ ਅਹਿਸਾਸ ਮੈਨੂੰ ਉਦੋਂ ਹੋਇਆ ਜਦੋਂ ਮੈਂ ਤੁਹਾਡੀਆਂ 'ਕਾਲ਼ਾ ਸਾਗਰ', 'ਕੋਲੋਬੋਕ' ਤੇ 'ਨਿਡਰ ਪੰਛੀਆਂ ਦੀ ਧਰਤੀ' ਕਿਤਾਬਾਂ ਪੜ੍ਹੀਆਂ, ਅਤੇ ਤੁਹਾਡੀ ਪੂਰੀ ਤਰ੍ਹਾਂ ਅਦਭੁੱਤ ਰਚਨਾ 'ਬੇਰੇਨਦੇਈ ਦੀਆਂ ਬਹਾਰਾਂ' ਪੜ੍ਹ ਕੇ ਤਾਂ ਮੈਨੂੰ ਪੂਰਾ ਯਕੀਨ ਹੋ ਗਿਆ। ਅਕਸਾਕੋਵ ਨੇ 'ਸ਼ਿਕਾਰੀ ਦੇ ਨੋਟ' ਤੇ 'ਮੱਛੀਆਂ ਫੜਨ ਬਾਰੇ' ਬਹੁਤ ਹੀ ਵਧੀਆ ਕਿਤਾਬਾਂ ਲਿਖੀਆਂ ਹਨ, ਮੇਨਜ਼ਬੀਰ ਨੇ ਆਪਣੀ ਪੰਛੀਆਂ ਬਾਰੇ ਕਿਤਾਬ ਵਿੱਚ ਕਈ ਬਹੁਤ ਵਧੀਆ ਸਫ਼ੇ ਲਿਖੇ ਹਨ, ਜਦਕਿ ਕਾਇਗੋਰੋਦੋਵ ਅਤੇ ਕਈ ਹੋਰ ਰੂਸੀ ਲੇਖਕਾਂ ਨੇ ਕੁਦਰਤ ਬਾਰੇ ਸਿੱਧੇ ਦਿਲ ਵਿੱਚੋਂ ਨਿਕਲ਼ੇ ਸ਼ਬਦ ਲਿਖੇ ਹਨ। ਇਹ ਸਾਰੇ ਲੋਕ "ਵਿਸਥਾਰ ਨਾਲ਼ ਲਿਖਣ ਵਾਲ਼ੇ ਲੇਖਕ" ਹਨ ਅਤੇ ਇਹਨਾਂ ਵਿੱਚੋਂ ਕਿਸੇ ਵਿੱਚ ਵੀ ਮੈਂ ਸਾਡੀ ਇਸ ਧਰਤੀ ਲਈ, ਤੇ ਉਸ 'ਤੇ ਰਹਿਣ ਵਾਲ਼ੀ ਹਰ ਜਿਉਂਦੀ ਤੇ ਮੋਈ ਚੀਜ਼ ਲਈ ਉਹ ਭਰਵਾਂ, ਡੂੰਘਾ ਤੇ ਖੁਸ਼ੀ ਭਰਿਆ ਨਿੱਘ ਮਹਿਸੂਸ ਨਹੀਂ ਕੀਤਾ। ਕਿਸੇ ਵਿੱਚ ਵੀ ਉਹ ਗੱਲ ਨਹੀਂ ਹੈ ਜਿਹੜੀ ਤੁਹਾਡੇ ਵਿੱਚ ਹੈ, ਤੁਸੀਂ "ਆਪਣੀ ਨਜ਼ਰ ਦੇ ਘੇਰੇ ਵਿੱਚ ਆਉਣ ਵਾਲ਼ੀ ਹਰ ਚੀਜ਼ ਦੇ ਪਿਤਾ ਤੇ ਮਾਲਿਕ ਹੋ"। ਤੁਹਾਡੀਆਂ ਭਾਵਨਾਵਾਂ ਤੇ ਲਿਖਤਾਂ ਵਿੱਚ ਮੈਂ ਕਾਫ਼ਿਰ ਖੂਬਸੂਰਤੀ ਵਾਲ਼ੀ ਕੋਈ ਪ੍ਰਾਚੀਨ ਤੇ ਪੈਗੰਬਰੀ ਜਿਹੀ ਚੀਜ਼ ਮਹਿਸੂਸ ਕੀਤੀ ਹੈ, ਦੂਜੇ ਸ਼ਬਦਾਂ ਵਿੱਚ ਕਹੀਏ ਤਾਂ ਕੋਈ ਸੱਚੀ ਮਨੁੱਖੀ ਚੀਜ਼ ਜਿਹੜੀ ਧਰਤੀ ਦੇ ਪੁੱਤਰ ਵੱਲੋਂ ਇਸ ਮਹਾਨ ਮਾਂ ਵੱਲ ਨੂੰ ਵਹਿੰਦੀ ਹੈ, ਜਿਸਦੀ ਤੁਸੀਂ ਪੂਜਾ ਕਰਦੇ ਹੋ। ਜਦੋਂ ਮੈਂ ਤੁਹਾਡੀਆਂ "ਘਟਨਾ-ਵਿਗਿਆਨ" ਬਾਰੇ ਧਾਰਨਾਵਾਂ ਤੇ ਤਰਕ ਪੜ੍ਹਦਾ ਹਾਂ ਤਾਂ ਮੈਂ ਮੁਸਕਰਾਉਂਦਾ ਹਾਂ, ਖੁਸ਼ੀ ਵਿੱਚ ਹੱਸਦਾ ਹਾਂ, ਕਿਉਂਕਿ ਤੁਹਾਡੀ ਹਰ ਗੱਲ ਅਦਭੁੱਤ ਤੇ ਜ਼ਿੰਦਾਦਿਲ ਹੁੰਦੀ ਹੈ। ਮੈਂ ਵਧਾ-ਚੜ੍ਹਾ ਕੇ ਨਹੀਂ ਕਹਿ ਰਿਹਾ—ਮੈਨੂੰ ਇਸ ਵਿੱਚੋਂ

* ਮ. ਮ. ਪ੍ਰਿਸ਼ਵਿਨ ਨੇ ਆਪਣੀ ਕਿਤਾਬ 'ਬੇਰੇਨਦੇਈ ਦੀਆਂ ਬਹਾਰਾਂ' ਗੋਰਕੀ ਨੂੰ ਭੇਜੀ ਸੀ। ਗੋਰਕੀ ਨੇ ਇਹ ਚਿੱਠੀ ਇਸੇ ਸਬੰਧ ਵਿੱਚ ਲਿਖੀ।

ਪੂਰੀ ਤਰ੍ਹਾਂ ਦੁਰਲੱਭ ਖੂਬਸੂਰਤੀ ਦਾ ਵਾਸਤਵਿਕ ਅਹਿਸਾਸ ਹੁੰਦਾ ਹੈ, ਜਿਸਦੀ ਤਾਕਤ ਨਾਲ਼ ਤੁਹਾਡੀ ਸ਼ੋਖ਼ ਤੇ ਉਜਵਲ ਆਤਮਾ ਸਮੁੱਚੀ ਜ਼ਿੰਦਗੀ ਨੂੰ ਜਗਮਗਾਉਂਦੀ ਹੈ ਅਤੇ ਘਾਹ ਤੇ ਪੰਛੀਆਂ ਨੂੰ, ਘੋੜੀਆਂ ਤੇ "ਘਟੀਆ" ਕਿਸਾਨ ਔਰਤਾਂ ਨੂੰ, ਹਸਾਉਣੇ ਕੱਚ-ਸਾਜ਼ ਤੇ ਪਾਲਕਿਨ ਨਾਮਕ ਉਸ ਆਦਮੀ ਨੂੰ, ਅਥਾਹ ਅਹਿਮੀਅਤ ਤੇ ਪ੍ਰਮਾਣਿਕਤਾ ਪ੍ਰਦਾਨ ਕਰਦੀ ਹੈ। ਜੋ ਕੁਝ ਵੀ ਤੁਸੀਂ ਚਿਤਰਦੇ ਹੋ, ਉਹ ਸਭ ਕੁਝ ਇੱਕ ਹੀ ਸਜੀਵ ਧਾਰਾ ਵਿੱਚ ਘੁਲ਼-ਮਿਲ਼ ਜਾਂਦਾ ਹੈ, ਇਸਨੂੰ ਤੁਹਾਡੇ ਸਮਝਦਾਰ ਦਿਲ ਤੋਂ ਅਰਥ ਮਿਲ਼ਦੇ ਹਨ। ਇਹ ਤੁਹਾਡੇ ਜਿਹੇ ਇਨਸਾਨ ਲਈ, ਤੁਹਾਡੇ ਜਿਹੇ ਕਵੀ ਤੇ ਰਿਸ਼ੀ ਲਈ, ਦਿਲ ਨੂੰ ਟੁੰਬਣ ਵਾਲ਼ੀ ਦੋਸਤੀ ਨਾਲ਼ ਭਰੀ ਹੁੰਦੀ ਹੈ। ਕਿਉਂਕਿ ਤੁਸੀਂ ਰਿਸ਼ੀ ਹੀ ਤਾਂ ਹੋ। ਕੌਣ ਹੈ ਜਿਹੜਾ ਇਹ ਗੱਲ ਕਹਿੰਦਿਆਂ ਡਰੇਗਾ ਨਹੀਂ: "ਇਸ ਤਰ੍ਹਾਂ ਕਤਲ ਕਰਕੇ ਉਹ ਵਧੇਰੇ ਸੱਚੇ ਬਣ ਗਏ..." ਅਤੇ "ਕਿਸੇ ਨਾ ਕਿਸੇ ਤਰ੍ਹਾਂ ਉਹ ਵੀ ਸਿੱਖਦੇ ਹਨ ਕਿ ਮਨੁੱਖ ਦਾ ਸਤਿਕਾਰ ਕਿਵੇਂ ਕਰਨਾ ਹੈ"। ਤੁਹਾਡੀਆਂ ਲਿਖਤਾਂ ਵਿੱਚ ਅਜਿਹੇ ਕਿੰਨੇ ਹੀ ਡੂੰਘੇ ਤੇ ਗੈਰ-ਸਧਾਰਣ ਵਿਚਾਰ ਮਿਲ਼ਦੇ ਹਨ, ਪਰ ਕਈ ਤਾਂ ਇਸ ਤੋਂ ਵੀ ਕਿਤੇ ਜ਼ਿਆਦਾ ਸ਼ਾਨਦਾਰ ਤੇ ਨਾਜ਼ੁਕ ਹਨ: "ਇਹ ਨਿੱਕੀ ਜਿਹੀ ਨਾਲ਼ੀ ਕਿੱਥੋਂ ਆਈ ? ਅੱਛਾ, ਇੱਕ ਚੂਹਾ ਇੱਥੋਂ ਭੱਜ ਕੇ ਨਿਕਲ਼ਿਆ ਸੀ !" ਤੁਹਾਡੇ ਕੋਲ਼ ਕੋਈ ਜਾਦੂ ਹੈ, ਬੁੱਢੇ ਜਾਦੂਗਰ। "ਅਤੇ ਜਦੋਂ ਮੈਂ ਜਾਗਿਆ, ਦੁਨੀਆਂ ਸ਼ੁਰੂ ਹੋਈ !" ਇਹ ਸਭ ਕੁਝ ਐਨਾ ਵਧੀਆ ਹੈ ਕਿ ਦਿਲ ਕਰਦਾ ਹੈ ਛੱਤ 'ਤੇ ਚੜ੍ਹ ਕੇ ਉੱਚੀ ਉੱਚੀ ਚੀਖਾਂ, "ਹੁਰਰਾ, ਇਹ ਹੈ ਸਾਡੀ ਰੂਸੀ ਕਲਾ !" ਅਤੇ ਇਹ ਸਭ ਕੁਝ ਕਿੰਨਾ ਸੱਚਾ ਹੈ, ਕਿੰਨਾ ਸੱਚਾ !

ਇੱਕ ਸਮਾਂ ਆਵੇਗਾ ਜਦੋਂ ਦਾਰਸ਼ਨਿਕ ਗੱਲਾਂ ਕਰਨ ਵਾਲ਼ਾ ਕੋਈ ਆਲੋਚਕ ਤੁਹਾਡੇ "ਸਰਵ-ਈਸ਼ਵਰਵਾਦ", "ਸਰਵ-ਮਨੋਵਾਦ" ਜਾਂ "ਪਦਾਰਥ-ਜੀਵਵਾਦ" ਬਾਰੇ ਲਿਖੇਗਾ ਅਤੇ ਜੋ ਕੁਝ ਵੀ ਤੁਹਾਡੀਆਂ ਲਿਖਤਾਂ ਵਿੱਚ ਚੰਗਾ ਤੇ ਮਨੁੱਖੀ ਹੈ ਉਸ 'ਤੇ ਪ੍ਰਸੰਸਾ ਜਾਂ ਉਪਦੇਸ਼ ਦਾ ਲੇਪ ਕਰ ਦੇਵੇਗਾ। ਮੇਰੇ ਖਿਆਲ ਵਿੱਚ ਤੁਸੀਂ ਅੱਜ ਸੰਸਾਰ-ਆਸ਼ਾਵਾਦ ਸਥਾਪਤ ਕਰ ਰਹੇ ਹੋ, ਜਿਹੜਾ ਕਿ ਪੂਰੀ ਤਰ੍ਹਾਂ ਪ੍ਰਮਾਣਿਤ ਹੈ ਅਤੇ ਜਿਹੜਾ ਮਨੁੱਖਤਾ ਨੂੰ ਅੱਜ ਜਾਂ ਕੱਲ ਆਪਣੇ ਧਰਮ ਵਜੋਂ ਅਪਣਾਉਣਾ ਪਵੇਗਾ। ਜੇਕਰ ਮਨੁੱਖ ਨੇ ਆਪਣੇ ਆਪ ਤੇ ਕੁਦਰਤ ਨਾਲ਼ ਪਿਆਰ ਤੇ ਮਿੱਤਰਤਾ ਨਾਲ਼ ਹੀ ਰਹਿਣਾ ਹੈ ਅਤੇ ਜੇ ਉਸਨੇ "ਨਜ਼ਰਾਂ ਵਿੱਚ ਆਉਣ ਵਾਲ਼ੀ ਹਰ ਚੀਜ਼ ਦਾ ਪਿਤਾ ਤੇ ਮਾਲਿਕ"—ਨਾ ਕਿ ਗੁਲਾਮ, ਜਿਵੇਂ ਕਿ ਉਹ ਅੱਜ ਹੈ— ਬਣਨਾ ਹੈ ਤਾਂ ਉਸਨੂੰ ਇਹ ਖੁਸ਼ੀ ਤੁਹਾਡੇ ਦਰਸਾਏ ਰਾਹ 'ਤੇ ਚੱਲ ਕੇ ਹੀ ਹਾਸਿਲ ਹੋਵੇਗੀ। ਤੁਸੀਂ ਅਥਾਹ ਮਹੱਤਤਾ ਵਾਲ਼ਾ ਕੰਮ ਕਰ ਰਹੇ ਹੋ, ਜਿਸਨੂੰ ਸ਼ਾਇਦ ਅਜੇ ਬਹੁਤ ਲੰਮੇ ਸਮੇਂ ਤੱਕ ਸਮਝਿਆ ਨਹੀਂ ਜਾ ਸਕੇਗਾ। ਮੇਰਾ ਅਨੁਮਾਨ ਐਨਾ ਪੱਕਾ ਤਾਂ ਨਹੀਂ ਹੈ, ਪਰ ਫਿਰ ਵੀ ਮੈਂ ਦਾਅਵੇ ਨਾਲ਼ ਕਹਿ ਸਕਦਾ ਹਾਂ ਕਿ ਮੈਂ ਤੁਹਾਨੂੰ ਪੂਰੀ ਤਰ੍ਹਾਂ ਸਮਝਦਾ ਹਾਂ। ਅਤੇ ਮੈਨੂੰ ਯਕੀਨ ਹੈ ਕਿ ਤੁਹਾਡੀਆਂ ਸਾਦਗੀ ਭਰਪੂਰ ਸਿੱਖਿਆਵਾਂ ਤੇ ਸਿਆਣਪ ਬੇਹੱਦ ਮਹੱਤਵਪੂਰਨ ਚੀਜ਼ਾਂ ਹਨ। ਇਹ ਗੱਲ ਮੈਂ ਤੁਹਾਨੂੰ ਉਦੋਂ ਵੀ ਕਹਿਣੀ ਚਾਹੁੰਦਾ ਸਾਂ ਜਦੋਂ ਮੈਂ 'ਬਹਾਰਾਂ' ਦੀਆਂ ਕਹਾਣੀਆਂ 'ਕਰਾਸਨਾਯਾ ਨੋਵ' ਮੈਗਜ਼ੀਨ ਵਿੱਚ ਪੜ੍ਹ ਰਿਹਾ ਸਾਂ। ਮੇਰੇ ਪਿਆਰੇ ਦੋਸਤ ਮੈਂ ਤੁਹਾਡੇ ਲਈ ਤਾਕਤ, ਤੰਦਰੁਸਤੀ ਤੇ ਆਤਮਕ ਪ੍ਰਸੰਨਤਾ ਦੀ ਇੱਛਾ ਰੱਖਦਾ ਹਾਂ।

ਹੁਣ ਮੈਂ 17 ਸਾਲਾਂ ਦੀ ਇੱਕ ਕੁੜੀ ਨੂੰ ਚਿੱਠੀ ਲਿਖਣੀ ਹੈ ਜਿਸਨੇ ਆਪਣੇ "ਪ੍ਰੇਮੀ" ਬਾਰੇ ਮੈਨੂੰ ਇਹ ਸ਼ਬਦ ਲਿਖੇ ਸਨ: "ਚੋਰ, ਸ਼ਰਾਬੀ ਤੇ ਗੁੰਡਾ ਹੈ, ਪਰ ਮੁੰਡਾ ਚੰਗਾ ਹੈ।" ਅਗਲੀ ਚਿੱਠੀ ਵਿੱਚ ਮੈਂ ਉਸਤੋਂ ਪੁੱਛਿਆ ਕਿ ਇਹ ਕਿਵੇਂ ਹੋ ਸਕਦਾ ਹੈ। ਉਸਨੇ ਅੱਜ ਉਸਦਾ ਇਹ ਜਵਾਬ ਦਿੱਤਾ: "ਕਦੇ ਕਦੇ ਕਿਸੇ ਮਾੜੇ ਬੰਦੇ ਵਿੱਚ ਕੁਝ ਅਜਿਹਾ ਮਹਾਨ ਤੇ ਚੰਗਾ ਹੁੰਦਾ ਹੈ, ਜਿਹੜਾ ਉਸਦੀਆਂ ਸਾਰੀਆਂ ਬੁਰਾਈਆਂ 'ਤੇ ਹਾਵੀ ਹੋ ਜਾਂਦਾ ਹੈ। ਅਤੇ ਤੁਸੀਂ ਉਸਨੂੰ ਮਾਫ਼ ਕਰੇ ਬਿਨਾਂ ਨਹੀਂ ਰਹਿ ਸਕਦੇ।" ਇਹ ਹੈ ਸਿਆਣਪ, ਉਹ ਵੀ ਸਤਾਰਾਂ ਸਾਲ ਦੀ ਉਮਰ ਵਿੱਚ ਹੀ। ਇਹ ਕੋਈ ਨਵੀਂ ਗੱਲ ਨਹੀਂ, ਪਰ ਫਿਰ ਵੀ ਬੁਰੀ ਤਾਂ ਨਹੀਂ, ਹੈ ਨਾ ?

ਕੀ 'ਅਲਪਾਤੋਵ ਦੀ ਜਵਾਨੀ*' ਨੂੰ ਵੱਖਰੀ ਕਿਤਾਬ ਵਜੋਂ ਛਪਵਾ ਰਹੇ ਹੋ ?

ਮੈਨੂੰ ਇਹ ਜਾਣ ਕੇ ਬੜੀ ਖ਼ੁਸ਼ੀ ਹੋਈ ਹੈ ਕਿ ਸੇਰਗੇਯੇਵ-ਸੇਨਸਕੀ ਦੇ ਨਾਵਲ 'ਵਾਲਿਆ' ਦਾ ਪਹਿਲਾ ਭਾਗ 'ਸਟੇਟ ਪ੍ਰਕਾਸ਼ਨ ਹਾਊਸ' ਨੇ ਛਾਪ ਦਿੱਤਾ ਹੈ। ਇਸ ਕਿਤਾਬ ਨੂੰ ਮੈਂ ਬਹੁਤ ਪਸੰਦ ਕਰਦਾ ਹਾਂ। ਮੈਂ ਅ. ਪ. ਚਾਪਿਗਿਨ ਦੀ ਰਚਨਾ 'ਰਾਜ਼ਿਨ' ਦਾ ਵੀ ਪ੍ਰਸੰਸਕ ਹਾਂ— ਸ਼ਕਤੀਸ਼ਾਲੀ ਲਿਖਤ ਹੈ!

ਸੇਰਗੇਈ ਗ੍ਰੀਗੋਰਿਯੇਵਿਚ-ਪਾਤਰਾਸ਼ਕਿਨ, ਇਹ ਦਿਲਚਸਪ ਬੰਦਾ ਸੇਰਗੀਯੇਵੋ ਵਿਖੇ ਰਹਿੰਦਾ ਹੈ।

ਸ਼ੁਭ-ਇੱਛਾਵਾਂ ਮੇਰੇ ਪਿਆਰੇ, ਖ਼ੁਸ਼ ਰਹੋ!

ਅ. ਪੇਸ਼ਕੋਵ

ਤੁਹਾਡੀ ਪਤਨੀ ਤੇ ਬੱਚਿਆਂ ਨੂੰ ਮੇਰੇ ਵੱਲੋਂ ਸ਼ੁਭ-ਕਾਮਨਾਵਾਂ। ਮੈਨੂੰ ਯਕੀਨ ਹੈ ਕਿ ਤੁਹਾਡਾ ਪਰਿਵਾਰ ਵੀ ਅਦਭੁੱਤ ਹੋਵੇਗਾ।

22-09-1926

ਰੂਸ ਵਿੱਚ ਅੱਜ ਤਿੰਨ ਹੀ ਵੱਡੇ ਕਲਾਕਾਰ ਹਨ, ਅਤੇ ਤਿੰਨੇ ਆਪਣੇ ਹੀ ਢੰਗ ਨਾਲ਼ ਕਮਾਲ ਹਨ। ਇੱਕ ਤੁਸੀਂ, ਜਿਹੜੇ ਲੋਕਾਂ ਨੂੰ ਬਿਲਕੁਲ ਨਵੀਂ ਹੀ ਰੋਸ਼ਨੀ ਵਿੱਚ ਦੁਨੀਆਂ ਦਿਖਾ ਰਹੇ ਹੋ; ਸੇਰਗੇਯੇਵ-ਸੇਨਸਕੀ, ਜਿਹੜੇ ਸ਼ਾਨਦਾਰ ਢੰਗ ਨਾਲ਼ ਕੋਮਲ ਤੇ ਪਿਆਰੇ ਲਹਿਜੇ ਵਿੱਚ ਰੂਸ ਦੇ ਲਾਡਲੇ ਤੇ ਕਲਪਨਾ-ਲੋਕ ਵਿੱਚ ਰਹਿਣ ਵਾਲ਼ੇ ਬੁੱਧੀਜੀਵ ਵਰਗ ਦਾ ਮਰਸੀਆ ਗਾਉਂਦੇ ਹਨ। ਅਤੇ ਚਾਪਿਗਿਨ, ਜਿਹੜੇ ਰੂਸ ਦਾ ਪਹਿਲਾ ਤੇ ਅਸਲੀ ਇਤਿਹਾਸਕ ਨਾਵਲ ਰਚ ਰਹੇ ਹਨ, ਜਿਸ ਵਿੱਚ ਉਹ ਸਬੰਧਤ ਕਾਲ ਦੀ ਆਤਮਾ ਤੇ ਜੀਵਨ ਬਾਰੇ ਹੈਰਾਨੀਜਨਕ ਅਧਿਐਨ ਦਾ ਮੁਜ਼ਾਹਰਾ ਕਰ ਰਹੇ ਹਨ।

ਸੰਭਵ ਹੈ ਕਿ ਦੋਸਤੀ ਜਾਂ ਨਿਮਰਤਾ ਕਾਰਨ ਤੁਸੀਂ ਕਹੋ, "ਗੋਰਕੀ ਵੀ ਹੈ।" ਇਸ ਸਖਸ਼

* ਮ. ਮ. ਪ੍ਰਿਸ਼ਵਿਨ ਦਾ ਸਵੈ-ਜੀਵਨੀ 'ਤੇ ਅਧਾਰਿਤ ਨਾਵਲ।

ਬਾਰੇ ਮੇਰੀ ਆਪਣੀ ਰਾਏ ਹੈ ਅਤੇ ਮੈਂ ਇਸਨੂੰ ਤੁਹਾਡੇ ਤਿੰਨਾਂ ਦੇ ਨਾਲ਼ ਨਹੀਂ ਰੱਖਾਂਗਾ। ਇਸ ਲਈ ਨਹੀਂ ਕਿ ਮੈਂ ਐਵੇਂ ਹੀ ਨਕਲੀ ਜਿਹੀ ਨਿਮਰਤਾ ਦਿਖਾ ਰਿਹਾ ਹਾਂ, ਸਗੋਂ ਇਸ ਲਈ ਕਿਉਂਕਿ ਮੈਂ ਜਾਣਦਾ ਹਾਂ ਕਿ ਉਹ ਤੁਹਾਡੇ ਤਿੰਨਾਂ ਨਾਲ਼ੋਂ ਕਿਤੇ ਛੋਟਾ ਕਲਾਕਾਰ ਹੈ। ਇਸੇ ਤਰ੍ਹਾਂ ਹੀ ਹੈ।

ਮੇਰੀਆਂ ਸ਼ੁੱਭ–ਇੱਛਾਵਾਂ, ਪਿਆਰੇ ਮ. ਮ.

ਅ. ਪੇਸ਼ਕੋਵ

ਅ. ਪ. ਚਾਪਿਗਿਨ ਨੂੰ

15 ਜਨਵਰੀ, 1927
ਸੋਰੈਂਟੋ।

ਪਿਆਰੇ ਦੋਸਤ ਅਲੈਕਸੇਈ ਪਾਵਲੋਵਿਚ,

ਵੱਖ-ਵੱਖ ਮੈਗਜ਼ੀਨਾਂ ਵਿੱਚ 'ਰਾਜ਼ਿਨ' ਨੂੰ ਟੁਕੜਿਆਂ ਵਿੱਚ ਪੜ੍ਹਨ ਨਾਲ਼ੋਂ ਮੈਨੂੰ ਇਸਦੀ ਪਹਿਲੀ ਜਿਲਦ* ਪੜ੍ਹ ਕੇ ਜ਼ਿਆਦਾ ਖੁਸ਼ੀ ਹੋਈ ਹੈ। ਮੇਰੀ ਇਹ ਧਾਰਣਾ ਕਿ ਤੁਸੀਂ ਬੇਹੱਦ ਅਸਾਧਾਰਣ ਪੱਧਰ ਦਾ ਕੰਮ ਕੀਤਾ ਹੈ ਹੋਰ ਵੀ ਪੱਕੀ ਹੋ ਗਈ ਹੈ। ਸਾਡੇ ਸਾਹਿਤ ਵਿੱਚ ਅਜੇ ਤੱਕ ਇੱਕ ਵੀ ਸੱਚਾ ਇਤਿਹਾਸਕ ਨਾਵਲ ਨਹੀਂ ਹੈ। ਜੇਕਰ ਤੁਸੀਂ ਜਾਂ ਕੋਈ ਹੋਰ ਮੈਨੂੰ ਇਹ ਕਹੇ ਕਿ ਮੈਂ ਆਪਣੇ ਇਸ ਦਾਅਵੇ ਨੂੰ "ਹੋਰ ਅੱਗੇ ਲਿਜਾਵਾਂ" ਜਾਂ "ਸਿੱਧ" ਕਰਾਂ, ਮੈਂ ਇਹ ਕਰਨ ਦੇ ਸਮਰੱਥ ਨਹੀਂ ਹਾਂ, ਬਿਲਕੁਲ ਉਸੇ ਤਰ੍ਹਾਂ ਜਿਵੇਂ ਉਹ ਲੋਕ ਜਿਹੜੇ ਮਾਸਕੋ ਕਰੈਮਲਿਨ ਦੀ ਉਸਾਰੀ ਸਮੇਂ ਉੱਥੇ ਰਹਿੰਦੇ ਸਨ, ਉਸਦੀ ਖੂਬਸੂਰਤੀ ਨੂੰ ਬਿਆਨ ਕਰਨ ਦੇ ਸਮਰੱਥ ਨਹੀਂ ਸਨ। ਤੁਸੀਂ ਸਮਝਦੇ ਹੋ ਨਾ ? ਤੁਹਾਨੂੰ ਇਹ ਗੱਲ ਜਾਣ ਕੇ ਹੈਰਾਨ ਨਹੀਂ ਹੋਣਾ ਚਾਹੀਦਾ ਅਤੇ ਨਾ ਹੀ ਨਿਰਾਸ਼ ਹੋਣਾ ਚਾਹੀਦਾ ਹੈ ਕਿ ਤੁਹਾਡੇ ਸਮਕਾਲੀ ਤੁਹਾਡੇ 'ਰਾਜ਼ਿਨ' ਦੀ ਖੂਬਸੂਰਤੀ ਤੇ ਸ਼ਕਤੀ ਨੂੰ ਮਹਿਸੂਸ ਨਹੀਂ ਕਰਨਗੇ, ਜਾਂ ਵਧੇਰੇ ਸਟੀਕ ਢੰਗ ਨਾਲ਼ ਕਹਿਣਾ ਹੋਵੇ ਤਾਂ, ਇਸਨੂੰ ਉੱਕਾ ਹੀ ਨਹੀਂ ਸਮਝ ਸਕਣਗੇ।

ਮੈਂ ਇਹ ਤਾਂ ਨਹੀਂ ਦੱਸ ਸਕਦਾ ਕਿ ਇਸ ਵਿੱਚ "ਬੁਰਾ" ਕੀ ਹੈ, ਕਿਉਂਕਿ ਮੈਨੂੰ ਇਸ ਵਿੱਚ ਅਜਿਹਾ ਕੁਝ ਵੀ ਨਹੀਂ ਮਿਲ਼ਿਆ। ਮੈਨੂੰ ਉਹਨਾਂ ਲੋਕਾਂ ਦੀ ਸਮਝ ਨਹੀਂ ਪੈਂਦੀ ਜਿਹਨਾਂ ਨੇ ਤੁਹਾਡੇ ਕੋਲ਼ ਇਸ ਵਿੱਚ "ਸ਼ਬਦਾਂ ਦੀ ਭਰਮਾਰ" ਤੇ "ਦੁਹਰਾਓ" ਦੀ ਸ਼ਿਕਾਇਤ ਕੀਤੀ ਹੈ। ਮੇਰੇ ਹਿਸਾਬ ਨਾਲ਼ ਤਾਂ ਤੁਹਾਡੀ ਕਿਤਾਬ ਕੁਆਰੀ ਮਰੀਅਮ ਦੀਆਂ ਪ੍ਰਾਚੀਨ ਮੂਰਤੀਆਂ ਦੇ ਕੱਪੜਿਆਂ 'ਤੇ ਕੀਤੀ ਮੋਤੀਆਂ ਵਾਲ਼ੀ ਕਢਾਈ ਵਰਗੀ ਕੋਈ ਨਾਜ਼ੁਕ ਸ਼ੈਅ ਹੈ। ਜਿਸ ਵਿੱਚੋਂ ਬਗੈਰ ਖੂਬਸੂਰਤੀ ਵਿਗਾੜੇ ਇੱਕ ਵੀ ਮੋਤੀ ਹਟਾਇਆ ਨਹੀਂ ਜਾ ਸਕਦਾ। ਹੋ ਸਕਦਾ ਹੈ ਕਿ ਕਿਤਾਬ ਦੀ ਖੂਬਸੂਰਤੀ ਦੇ ਨਸ਼ੇ ਵਿੱਚ ਮੈਂ ਗੱਲ ਨੂੰ ਕੁਝ ਵਧਾ-ਚੜ੍ਹਾ ਕੇ ਕਹਿ ਰਿਹਾ ਹੋਵਾਂ, ਪਰ ਮੇਰਾ ਨਸ਼ਾ ਠੰਢਾ ਕਰਨ ਦੀ ਕੋਸ਼ਿਸ਼ ਨਾ ਕਰਨਾ। ਹਾਂ, ਮੈਨੂੰ ਮੇਰੇ ਨਸ਼ੇ ਵਿੱਚ ਹੀ

* ਅ. ਚਾਪਿਗਿਨ ਦੇ ਇਤਿਹਾਸਕ ਨਾਵਲ 'ਸਤੇਪਾਨ ਰਾਜ਼ਿਨ' ਵੱਲ ਇਸ਼ਾਰਾ ਹੈ।

ਰਹਿਣ ਦਿਓ। 'ਰਾਜ਼ਿਨ' ਦੀ ਕੋਈ ਵੀ ਸੁਹਜਾਤਮਕ ਅਫ਼ਸਰਸ਼ਾਹੀ ਆਲੋਚਨਾ ਮੈਨੂੰ ਮੇਰੀ ਰਾਏ ਬਦਲਣ ਲਈ ਮਜ਼ਬੂਰ ਨਹੀਂ ਕਰ ਸਕਦੀ।

ਮੈਨੂੰ ਕੁਝ ਛੋਟੀਆਂ ਮੋਟੀਆਂ ਉਕਾਈਆਂ ਵੱਲ ਇਸ਼ਾਰਾ ਕਰਨ ਦੀ ਆਗਿਆ ਦਿਓ...

...ਤੁਸੀਂ ਅਜਿਹੀਆਂ ਦਰਜਨ ਕੁ ਛੋਟੀਆਂ ਮੋਟੀਆਂ ਚੀਜ਼ਾਂ ਕਿਤਾਬ ਦੇ ਅਗਲੇ ਐਡੀਸ਼ਨ ਵਿੱਚ ਕੱਢ ਸਕਦੇ ਹੋ। ਤੁਹਾਡੀ ਕਿਤਾਬ ਇੱਕ ਵੀ ਉਕਾਈ ਨੂੰ ਬਰਦਾਸ਼ਤ ਨਹੀਂ ਕਰਦੀ।

ਪਿਆਰੇ ਦੋਸਤ, ਮੈਂ ਤੁਹਾਨੂੰ ਵਧਾਈ ਦਿੰਦਾ ਹਾਂ ਅਤੇ ਬਹੁਤ ਖੁਸ਼ ਹਾਂ! ਪਰ ਤੁਸੀਂ ਇਹ ਕਿਉਂ ਲਿਖਿਆ ਸੀ: "ਮੇਰੀ ਆਖਰੀ ਕ੍ਰਿਤ ਸਵੀਕਾਰ ਕਰੋ!" ਕੀ ਇਹ ਇਸ ਲਈ ਹੈ ਕਿ ਤੁਸੀਂ ਥੱਕ ਗਏ ਹੋ? ਸ਼ਾਇਦ ਸੈਂਸਰ ਤੇ ਆਲੋਚਕਾਂ ਤੋਂ ਤੁਸੀਂ ਖਿਝ ਗਏ ਹੋ? ਥਕਾਵਟ ਤਾਂ ਆਰਾਮ ਕਰਨ ਨਾਲ਼ ਮਿਟ ਜਾਵੇਗੀ, ਜਦਕਿ ਆਲੋਚਕ ਇਸ ਗੱਲ ਦੇ ਹੱਕਦਾਰ ਹੀ ਨਹੀਂ ਹਨ ਕਿ ਉਹਨਾਂ 'ਤੇ ਜ਼ਰਾ ਵੀ ਧਿਆਨ ਦਿੱਤਾ ਜਾਵੇ। ਤੁਹਾਨੂੰ ਉਹਨਾਂ ਦੀ ਕੋਈ ਲੋੜ ਹੈ ਭਲਾ? ਤੁਹਾਡੀ ਕਿਤਾਬ ਆਪਣਾ ਰਾਹ ਖੁਦ ਬਣਾ ਲਵੇਗੀ।

ਨਹੀਂ, ਤੁਹਾਨੂੰ ਹੋਰ ਲਿਖਣਾ ਪਵੇਗਾ, 'ਰਾਜ਼ਿਨ' ਵਰਗੀ ਹੀ ਕੋਈ ਵੱਡ-ਆਕਾਰੀ ਕ੍ਰਿਤ। ਇਹ ਤਾਂ ਤੁਹਾਡੇ ਲਈ ਇੱਕ ਤਰ੍ਹਾਂ ਦਾ "ਸਰਾਪ" ਹੈ। ਮੈਂ ਤੁਹਾਨੂੰ ਗਲਵਕੜੀ ਪਾਉਂਦਾ ਹਾਂ, ਪਿਆਰੇ ਅਲੈਕਸੇਈ ਪਾਵਲੋਵਿਚ। ਚੰਗੀ ਸਿਹਤ ਲਈ ਸ਼ੁਭ-ਇੱਛਾਵਾਂ।

ਅ. ਪੇਸ਼ਕੋਵ

ਨ. ਕ. ਕਰੁਪਸਕਾਯਾ* ਨੂੰ

16 ਮਈ, 1930
ਸੋਰੈਂਟੋ।

ਪਿਆਰੀ ਨਾਦੇਜ਼ਦਾ ਕੋਨਸਤਾਨਤੀਨੋਵਨਾ,

ਮੈਂ ਹੁਣੇ ਤੁਹਾਡੀ ਵ. ਇਲੀਚ (ਲੈਨਿਨ —ਸੰਪਾ.) ਬਾਰੇ ਯਾਦਾਂ ਦੀ ਕਿਤਾਬ ਪੜ੍ਹ ਕੇ ਹਟਿਆ ਹਾਂ, ਕਿੰਨੀ ਸਾਦਾ, ਚੰਗੀ ਤੇ ਉਦਾਸ ਕਿਤਾਬ ਹੈ, ਇਸਨੇ ਮੇਰੇ ਅੰਦਰ ਇਹ ਇੱਛਾ ਜਗਾ ਦਿੱਤੀ ਹੈ ਕਿ ਮੈਂ ਦੂਰੋਂ ਹੀ ਤੁਹਾਡੇ ਨਾਲ਼ ਹੱਥ ਮਿਲਾਵਾਂ ਅਤੇ ਤੁਹਾਨੂੰ ਇਸ ਕਿਤਾਬ ਲਈ ਸ਼ੁਕਰੀਆ ਕਹਾਂ। ਮੈਂ ਇਸ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ ਅਤੇ ਤੁਹਾਡੀਆਂ ਯਾਦਾਂ ਨੇ ਮੇਰੇ ਅੰਦਰ ਜਿਹੜੇ ਜਜ਼ਬਾਤ ਜਗਾਏ ਹਨ ਉਹਨਾਂ ਬਾਰੇ ਗੱਲ ਕਰਨਾ ਚਾਹੁੰਦਾ ਹਾਂ। ਸੱਬਬੀਂ ਕੱਲ ਦ. ਕੁਰਸਕੀ ਤੇ ਲਿਊਬਿਮੋਵ ਮੈਨੂੰ ਮਿਲਣ ਲਈ ਆਏ, ਅਤੇ ਕੁਰਸਕੀ ਨੇ ਮੈਨੂੰ ਲੈਨਿਨ ਦੇ ਦਿਮਾਗ ਦੀ ਬਣਤਰ ਬਾਰੇ ਫੋਸ਼ਟ ਦੇ ਕੰਮ ਬਾਰੇ ਦੱਸਿਆ, ਅਤੇ ਮੈਂ ਸਾਰੀ ਰਾਤ ਸੋਚਦਾ ਰਿਹਾ ਕਿ ਜਦੋਂ ਉਹਨਾਂ ਦੀ ਮੌਤ ਹੋਈ ਤਾਂ ਕਿੰਨਾ ਮਹਾਨ ਦਿਮਾਗ ਬੁਝ ਗਿਆ ਅਤੇ ਕਿੰਨਾ ਸ਼ਾਨਦਾਰ ਦਿਲ ਰੁਕ ਗਿਆ ਸੀ। ਉਹ ਦ੍ਰਿਸ਼ ਹੂ-ਬ-ਹੂ ਮੇਰੀਆਂ ਅੱਖਾਂ ਸਾਹਵੇਂ ਘੁੰਮ ਗਏ ਜਦੋਂ ਮੈਂ, ਮੇਰਾ ਖਿਆਲ ਹੈ 1920 ਵਿੱਚ, ਕਾਪਰੀ ਗਿਆ ਸਾਂ। ਉਸ ਸਮੇਂ ਮੈਂ ਅਜੇ ਰਾਜਨੀਤੀ ਵਿੱਚ ਦਾਖਿਲ ਨਹੀਂ ਹੋਇਆ ਸਾਂ, ਤੇ ਨਿੱਤ-ਦਿਹਾੜੀ ਦੇ ਤੁੱਛ ਫਿਕਰਾਂ ਵਿੱਚ ਰੁੱਝਿਆ ਰਹਿੰਦਾ ਸਾਂ, ਅਤੇ ਇਹਨਾਂ ਬਾਰੇ ਲੈਨਿਨ ਕੋਲ਼ ਸ਼ਿਕਾਇਤ ਵੀ ਕੀਤੀ ਸੀ। ਹੋਰਨਾਂ ਗੱਲਾਂ ਦੇ ਨਾਲ਼ ਹੀ ਮੈਂ ਇਹ ਵੀ ਕਿਹਾ ਕਿ ਲੈਨਿਨਗਰਾਦ ਦੇ ਮਜ਼ਦੂਰ ਜਦੋਂ ਬਾਲਣ ਲਈ ਲੱਕੜੀ ਦੇ ਘਰਾਂ ਨੂੰ ਢਾਹੁੰਦੇ ਹਨ ਤਾਂ ਉਹ ਖਿੜਕੀਆਂ ਦੇ ਫਰੇਮ ਤੇ ਸ਼ੀਸ਼ੇ ਤੋੜ ਦਿੰਦੇ ਹਨ ਤੇ ਲੋਹੇ ਦੀ ਛੱਤ ਨੂੰ ਬਰਬਾਦ ਕਰ ਦਿੰਦੇ ਹਨ, ਜਦਕਿ ਉਹਨਾਂ ਦੇ ਆਪਣੇ ਘਰ ਚੋਂਦੇ ਰਹਿੰਦੇ ਹਨ ਅਤੇ ਉਹ ਆਪਣੀਆਂ ਖਿੜਕੀਆਂ ਜਾਂ ਮੋਰੀਆਂ ਨੂੰ ਗੱਤਿਆਂ ਨਾਲ਼ ਢਕ ਰਹੇ ਹਨ, ਅਤੇ ਅਜਿਹੀਆਂ ਹੀ ਕਈ ਹੋਰ ਗੱਲਾਂ। ਮੈਂ ਇਸ ਗੱਲੋਂ ਨਾਰਾਜ਼ ਸਾਂ ਕਿ ਮਜ਼ਦੂਰ ਆਪਣੀ ਹੀ

---

* ਕਰੁਪਸਕਾਯਾ, ਨਾਦੇਜ਼ਦਾ ਕੋਨਸਤਾਨਤੀਨੋਵਨਾ (1869-1939)—ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੇ ਪੁਰਾਣੇ ਮੈਂਬਰਾਂ ਵਿੱਚੋਂ ਇੱਕ, ਲੈਨਿਨ ਦੀ ਪਤਨੀ ਅਤੇ ਖਾਸ ਦੋਸਤ, ਅਤੇ ਸਿੱਖਿਆ ਦੇ ਖੇਤਰ ਦੀ ਉੱਚ-ਅਥਾਰਟੀ।

ਕਿਰਤ ਦੇ ਉਤਪਾਦਾਂ ਦਾ ਕਿੰਨਾ ਘੱਟ ਅਨੁਮਾਨ ਲਗਾ ਰਹੇ ਸਨ। "ਤੁਸੀਂ ਵੱਡੀਆਂ ਵੱਡੀਆਂ ਯੋਜਨਾਵਾਂ ਬਣਾਉਂਦੇ ਹੋ, ਪਰ ਇਹ ਨਿੱਕੀਆਂ ਨਿੱਕੀਆਂ ਗੱਲਾਂ ਤੁਹਾਡੇ ਤੱਕ ਪਹੁੰਚਦੀਆਂ ਹੀ ਨਹੀਂ।" ਮੈਂ ਆਖਿਆ। ਉਹਨਾਂ ਨੇ ਕੋਈ ਜਵਾਬ ਨਾ ਦਿੱਤਾ ਤੇ ਵਰਾਂਡੇ ਵਿੱਚ ਟਹਿਲਦੇ ਰਹੇ, ਅਤੇ ਮੈਂ ਖ਼ੁਦ ਨੂੰ ਬਹੁਤ ਕੋਸਿਆ ਕਿ ਕਿਉਂ ਮੈਂ ਐਵੇਂ ਛੋਟੀਆਂ ਮੋਟੀਆਂ ਗੱਲਾਂ ਲਈ ਉਹਨਾਂ ਨੂੰ ਪ੍ਰੇਸ਼ਾਨ ਕੀਤਾ। ਚਾਹ ਪੀਣ ਤੋਂ ਬਾਅਦ ਅਸੀਂ ਘੁੰਮਣ ਲਈ ਬਾਹਰ ਗਏ, ਅਤੇ ਉਹਨਾਂ ਨੇ ਮੈਨੂੰ ਕਿਹਾ: "ਤੁਹਾਡਾ ਇਹ ਸੋਚਣਾ ਗਲਤ ਹੈ ਕਿ ਮੈਂ ਇਹਨਾਂ ਛੋਟੀਆਂ ਮੋਟੀਆਂ ਗੱਲਾਂ 'ਤੇ ਧਿਆਨ ਨਹੀਂ ਦਿੰਦਾ। ਅਤੇ ਕਿਰਤ ਦਾ ਘੱਟ ਅਨੁਮਾਨ ਲਗਾਉਣਾ, ਜਿਸ ਬਾਰੇ ਤੁਸੀਂ ਗੱਲ ਕੀਤੀ ਹੈ, ਕੋਈ ਛੋਟੀ-ਮੋਟੀ ਗੱਲ ਨਹੀਂ ਹੈ। ਨਹੀਂ, ਇਹ ਕੋਈ ਛੋਟੀ-ਮੋਟੀ ਗੱਲ ਨਹੀਂ ਹੈ। ਅਸੀਂ ਗਰੀਬ ਲੋਕ ਹਾਂ ਅਤੇ ਸਾਨੂੰ ਲੱਕੜੀ ਦੇ ਹਰ ਟੋਟੇ ਦੀ ਅਤੇ ਛੋਟੇ ਤੋਂ ਛੋਟੇ ਸਿੱਕੇ ਦੀ ਕੀਮਤ ਦਾ ਅਹਿਸਾਸ ਹੋਣਾ ਚਾਹੀਦਾ ਹੈ। ਬਹੁਤ ਕੁਝ ਤਬਾਹ ਹੋ ਗਿਆ ਹੈ, ਅਤੇ ਸਾਨੂੰ ਬਚੇ-ਖੁਚੇ ਦੀ ਸੰਭਾਲ ਕਰਨੀ ਚਾਹੀਦੀ ਹੈ। ਇਹ ਸਾਡੇ ਅਰਥਚਾਰੇ ਦੀ ਮੁੜ-ਬਹਾਲੀ ਲਈ ਬੜਾ ਲਾਜ਼ਮੀ ਹੈ। ਪਰ ਆਪਾਂ ਮਜ਼ਦੂਰਾਂ ਨੂੰ ਇਸ ਗੱਲ ਲਈ ਦੋਸ਼ੀ ਕਿਵੇਂ ਠਹਿਰਾ ਸਕਦੇ ਹਾਂ ਕਿ ਉਹਨਾਂ ਨੂੰ ਅਜੇ ਇਸ ਗੱਲ ਦਾ ਅਹਿਸਾਸ ਨਹੀਂ ਹੈ ਕਿ ਉਹ ਹੀ ਹਰ ਇੱਕ ਚੀਜ਼ ਦੇ ਮਾਲਿਕ ਹਨ। ਇਹ ਚੇਤਨਾ ਏਨੀ ਜਲਦੀ ਨਹੀਂ ਆਉਣ ਲੱਗੀ, ਇਹ ਗੱਲ ਤਾਂ ਕੋਈ ਸਮਾਜਵਾਦੀ ਹੀ ਸਮਝ ਸਕਦਾ ਹੈ।" ਨਿਰਸੰਦੇਹ ਮੈਂ ਹੂ-ਬ-ਹੂ ਉਵੇਂ ਨਹੀਂ ਦੱਸ ਰਿਹਾ ਜਿਵੇਂ ਉਹਨਾਂ ਨੇ ਕਿਹਾ ਸੀ ਪਰ ਉਸਦਾ ਅਰਥ ਇਹੀ ਨਿਕਲ਼ਦਾ ਸੀ। ਉਹ ਇਸ ਵਿਸ਼ੇ 'ਤੇ ਕਾਫੀ ਦੇਰ ਤੱਕ ਗੱਲਾਂ ਕਰਦੇ ਰਹੇ ਅਤੇ ਮੈਂ ਉਹਨਾਂ "ਛੋਟੀਆਂ-ਮੋਟੀਆਂ ਗੱਲਾਂ" ਦੀ ਗਿਣਤੀ ਦੇਖ ਕੇ ਹੈਰਾਨ ਰਹਿ ਗਿਆ ਜਿਹੜੀਆਂ ਉਹਨਾਂ ਦੇ ਧਿਆਨ ਵਿੱਚ ਸਨ। ਕਿੰਨੀ ਕਮਾਲ ਦੀ ਸਾਦਗੀ ਨਾਲ਼ ਉਹਨਾਂ ਦੇ ਵਿਚਾਰ ਜੀਵਨ ਦੇ ਛੋਟੇ ਤੋਂ ਛੋਟੇ ਵਰਤਾਰੇ ਤੋਂ ਲੈ ਕੇ ਵਿਸਥਾਰਪੂਰਨ ਸਧਾਰਣੀਕਰਨ ਤੱਕ ਪਹੁੰਚਦੇ ਸਨ। ਉਹਨਾਂ ਦੀ ਇਹ ਯੋਗਤਾ, ਜਿਹੜੀ ਉਹਨਾਂ ਵਿੱਚ ਸ਼ਾਨਦਾਰ ਸਫਾਈ ਨਾਲ਼ ਵਿਕਸਤ ਹੋਈ ਸੀ, ਹਮੇਸ਼ਾ ਹੀ ਮੈਨੂੰ ਹੈਰਾਨ ਕਰਦੀ ਰਹੀ ਹੈ। ਮੈਂ ਅਜਿਹਾ ਹੋਰ ਕੋਈ ਇਨਸਾਨ ਨਹੀਂ ਵੇਖਿਆ ਜਿਸ ਵਿੱਚ ਵਿਸ਼ਲੇਸ਼ਣ ਅਤੇ ਸੰਸਲੇਸ਼ਣ ਏਨੀ ਇਕਸੁਰਤਾ ਨਾਲ਼ ਕੰਮ ਕਰਦੇ ਹੋਣ। ਇੱਕ ਹੋਰ ਮੌਕੇ 'ਤੇ ਮੈਂ ਉਹਨਾਂ ਕੋਲ ਇਹ ਪ੍ਰਸਤਾਵ ਲੈ ਕਿ ਗਿਆ ਕਿ ਲੈਨਿਨਗਰਾਦ ਦੇ ਪੱਛੜੇ ਹੋਏ ਬੱਚਿਆਂ ਨੂੰ ਨਾਰਮਲ ਬੱਚਿਆਂ ਤੋਂ ਦੂਰ ਰੱਖਣ ਲਈ ਉੱਥੋਂ ਦੂਰ ਕਿਸੇ ਮੱਠ ਵਿੱਚ ਭੇਜ ਦੇਣਾ ਚਾਹੀਦਾ ਹੈ ਤਾਂ ਕਿ ਉਹ ਆਮ ਬੱਚਿਆਂ 'ਤੇ ਕੋਈ ਬੁਰਾ ਅਸਰ ਨਾ ਪਾ ਸਕਣ। ਪਰ ਪਤਾ ਲੱਗਿਆ ਕਿ ਉਹ ਤਾਂ ਪਹਿਲਾਂ ਹੀ ਇਸ ਸਵਾਲ ਬਾਰੇ ਸੋਚ ਚੁੱਕੇ ਹਨ ਤੇ ਕਿਸੇ ਸਾਥੀ ਨੂੰ ਇਹ ਕੰਮ ਕਰਨ ਲਈ ਕਹਿ ਵੀ ਚੁੱਕੇ ਹਨ। "ਤੁਸੀਂ ਇਹਨਾਂ ਗੱਲਾਂ ਲਈ ਸਮਾਂ ਕਿੱਥੋਂ ਕੱਢਦੇ ਹੋ ?" ਮੈਂ ਪੁੱਛਿਆ। "ਇਹ ਸਵਾਲ ਮੇਰੇ ਦਿਮਾਗ ਵਿੱਚ ਉਦੋਂ ਆਇਆ ਸੀ ਜਦੋਂ ਮੈਂ ਵਾਈਟ੍ਹਚੈਪਲ, ਲੰਡਨ ਵਿੱਚ ਸਾਂ।" ਉਹਨਾਂ ਨੇ ਜਵਾਬ ਦਿੱਤਾ। ਉਹ ਬਹੁਤ ਦੂਰ-ਅੰਦੇਸ਼ੀ ਵਾਲ਼ੇ ਇਨਸਾਨ ਸਨ। ਜਦੋਂ ਅਸੀਂ ਕਾਪਰੀ ਵਿਖੇ ਉਹਨਾਂ ਸਾਲਾਂ ਦੇ ਸਾਹਿਤ ਦੇ ਸਬੰਧ ਵਿੱਚ ਗੱਲਬਾਤ ਕੀਤੀ ਤਾਂ ਉਹਨਾਂ ਨੇ ਮੇਰੀ ਪੀੜ੍ਹੀ ਦੇ ਲੇਖਕਾਂ ਦੀਆਂ ਖਾਸੀਅਤਾਂ ਦਾ ਸ਼ਾਨਦਾਰ ਸਟੀਕਤਾ ਨਾਲ਼ ਜ਼ਿਕਰ ਕੀਤਾ, ਅਤੇ ਬੜੀ ਸੌਖੀ ਤਰ੍ਹਾਂ ਤੇ

ਬੜੀ ਬੇਕਿਰਕੀ ਨਾਲ ਉਹਨਾਂ ਦੇ ਤੱਤ ਦੀ ਚੀਰਫਾੜ ਕੀਤੀ। ਫਿਰ ਉਹਨਾਂ ਨੇ ਮੇਰੀਆਂ ਕਹਾਣੀਆਂ ਵਿਚਲੀਆਂ ਕੁਝ ਖਾਸ ਤਰੁੱਟੀਆਂ ਵੱਲ ਵੀ ਇਸ਼ਾਰਾ ਕੀਤਾ, ਅਤੇ ਮੈਨੂੰ ਇਸ ਤਰ੍ਹਾਂ ਝਾੜ ਪਾਈ: "ਤੁਹਾਨੂੰ ਆਪਣੇ ਜੀਵਨ ਦਾ ਤਜ਼ਰਬਾ ਇਹਨਾਂ ਛੋਟੀਆਂ ਕਹਾਣੀਆਂ ਵਿੱਚ ਨਹੀਂ ਤੋੜਨਾ ਚਾਹੀਦਾ। ਹੁਣ ਸਮਾਂ ਆ ਗਿਆ ਹੈ ਕਿ ਇਸਨੂੰ ਕਿਸੇ ਇੱਕ ਹੀ ਕਿਤਾਬ ਵਿੱਚ ਪਰੋਇਆ ਜਾਵੇ, ਕਿਸੇ ਵੱਡੇ ਨਾਵਲ ਵਿੱਚ।" ਮੈਂ ਉਹਨਾਂ ਨੂੰ ਦੱਸਿਆ ਕਿ ਮੈਂ ਇੱਕ ਪਰਿਵਾਰ ਦੇ ਸੌ ਸਾਲਾਂ ਦੇ ਇਤਿਹਾਸ ਬਾਰੇ ਇੱਕ ਨਾਵਲ ਲਿਖਣ ਬਾਰੇ ਸੋਚ ਰਿਹਾ ਹਾਂ, ਜਿਹੜਾ 1813 ਤੋਂ ਸ਼ੁਰੂ ਹੋ ਕੇ, ਜਦੋਂ ਅੱਗ ਲੱਗਣ ਤੋਂ ਬਾਅਦ ਮਾਸਕੋ ਦਾ ਮੁੜ-ਨਿਰਮਾਣ ਕੀਤਾ ਜਾ ਰਿਹਾ ਸੀ, ਅੱਜ ਤੱਕ ਦੇ ਸਮੇਂ ਦਾ ਹੋਵੇਗਾ। ਪਰਿਵਾਰ ਦਾ ਮੋਢੀ ਇੱਕ ਪੇਂਡੂ ਬੁੱਢਾ ਤੇ ਕਿਸਾਨ ਹੋਵੇਗਾ, ਜਿਸਨੂੰ ਕਿ 1812 ਦੀ ਗੁਰੀਲਾ ਲਹਿਰ ਵਿੱਚ ਮਾਅਰਕੇ ਮਾਰਨ ਕਾਰਨ ਆਜ਼ਾਦ ਕਰ ਦਿੱਤਾ ਗਿਆ ਸੀ। ਇਸ ਪਰਿਵਾਰ ਵਿੱਚੋਂ ਫਿਰ ਅਫ਼ਸਰ, ਪਾਦਰੀ, ਫੈਕਟਰੀ-ਮਾਲਕ, ਪੇਤਰਾਸ਼ੇਵਸਕੀ ਤੇ ਨੇਚਾਯੇਵ ਦੇ ਪੈਰੋਕਾਰ ਅਤੇ ਅੱਠਵੇਂ ਤੇ ਨੌਂਵੇਂ ਦਹਾਕੇ ਦੇ ਲੋਕ ਪੈਦਾ ਹੁੰਦੇ ਹਨ। ਉਹਨਾਂ ਨੇ ਮੇਰੀ ਗੱਲ ਬਹੁਤ ਧਿਆਨ ਨਾਲ਼ ਸੁਣੀ, ਕੁਝ ਸਵਾਲ ਪੁੱਛੇ ਤੇ ਕਿਹਾ: "ਸ਼ਾਨਦਾਰ ਵਿਸ਼ਾ ਹੈ, ਪਰ ਜ਼ਰਾ ਕੁ ਮੁਸ਼ਕਿਲ ਹੈ, ਬਹੁਤ ਜ਼ਿਆਦਾ ਸਮੇਂ ਦੀ ਮੰਗ ਕਰੇਗਾ। ਮੇਰਾ ਖਿਆਲ ਹੈ ਕਿ ਤੁਸੀਂ ਇਸ ਨਾਲ਼ ਨਜਿੱਠ ਲਵੋਗੇ, ਪਰ ਮੈਨੂੰ ਇਹ ਸਮਝ ਨਹੀਂ ਆ ਰਹੀ ਕਿ ਤੁਸੀਂ ਇਸਦਾ ਅੰਤ ਕੀ ਕਰੋਗੇ। ਜ਼ਿੰਦਗੀ ਕਦੇ ਵੀ ਤਾਰਕਿਕ ਅੰਤ ਮੁਹੱਈਆ ਨਹੀਂ ਕਰਵਾਉਂਦੀ। ਨਹੀਂ, ਇਹ ਕਿਤਾਬ ਇਨਕਲਾਬ ਤੋਂ ਮਗਰੋਂ ਲਿਖਣੀ ਚਾਹੀਦੀ ਹੈ; ਇਸ ਸਮੇਂ ਤਾਂ ਸਾਨੂੰ 'ਮਾਂ' ਵਰਗੀ ਕਿਸੇ ਕਿਤਾਬ ਦੀ ਲੋੜ ਹੈ।"

ਸੋ ਇਹ ਸੀ ਉਹਨਾਂ ਦਾ ਸਿੱਧਾ ਸੱਚਾਈ ਤੱਕ ਪਹੁੰਚਣ ਦਾ ਹੈਰਾਨੀ ਭਰਿਆ ਰਾਸਤਾ; ਉਹ ਹਮੇਸ਼ਾ ਹੀ ਦੂਰ-ਅੰਦੇਸ਼ੀ ਤੋਂ ਕੰਮ ਲੈਂਦੇ ਸਨ ਤੇ ਹਰ ਵਾਪਰਨ ਵਾਲ਼ੀ ਘਟਨਾ ਨੂੰ ਪਹਿਲਾਂ ਹੀ ਦੇਖ ਲੈਂਦੇ ਸਨ।

ਪਰ ਮੈਂ ਇਹ ਸਭ ਤੁਹਾਨੂੰ ਕਿਉਂ ਦੱਸ ਰਿਹਾਂ, ਤੁਹਾਨੂੰ ਜੋ ਸਾਰੀ ਜ਼ਿੰਦਗੀ ਉਹਨਾਂ ਦੇ ਨਾਲ਼ ਰਹੇ ਅਤੇ ਮੇਰੇ ਤੇ ਹੋਰ ਕਿਸੇ ਦੇ ਵੀ ਮੁਕਾਬਲੇ ਉਹਨਾਂ ਨੂੰ ਵਧੇਰੇ ਚੰਗੀ ਤਰ੍ਹਾਂ ਜਾਣਦੇ ਹੋ।

ਚੰਗੀ ਸਿਹਤ ਲਈ ਸ਼ੁਭ-ਇੱਛਾਵਾਂ, ਪਿਆਰੀ ਨਾਦੇਜ਼੍ਹਦਾ ਕੋਨਸਤਾਨਤੀਨੋਵਨਾ, ਹੱਥ ਮਿਲਾਉਂਦਾ ਹਾਂ ਤੇ ਗੱਲਵਕੜੀ।

ਮਾਰੀਆ ਇਲੀਨਿਸ਼ਨਾ* ਨੂੰ ਮੇਰਾ ਸਾਦਰ ਪ੍ਰਣਾਮ।

ਅ. ਪੇਸ਼ਕੋਵ

---

* ਉਲੀਆਨੋਵਾ, ਮ. ਇ. (1878-1937) — ਲੈਨਿਨ ਦੀ ਭੈਣ।

ਅ. ਨ. ਤਾਲਸਤਾਏ ਨੂੰ

17 ਜਨਵਰੀ, 1933
ਸੋਰੈਂਟੋ।

ਪਿਆਰੇ ਅਲੈਕਸੇਈ ਨਿਕੋਲਾਯੇਵਿਚ,

ਸਰਬ-ਸੰਘ ਮੁਕਾਬਲੇ* ਲਈ ਸੱਤ ਇਨਾਮ ਕਾਫੀ ਨਹੀਂ ਹਨ। ਮੇਰੀ ਸਲਾਹ ਹੈ ਕਿ ਇਹਨਾਂ ਦੀ ਗਿਣਤੀ ਵਧਾ ਕੇ 15 ਕਰ ਦਿੱਤੀ ਜਾਵੇ, ਅਤੇ ਪਹਿਲਾ ਇਨਾਮ 25000 ਰੂਬਲ ਹੋਣਾ ਚਾਹੀਦਾ ਹੈ। ਇਹ ਜ਼ਿਆਦਾ ਪ੍ਰਭਾਵਸ਼ਾਲੀ ਜਾਪੇਗਾ।

ਤੇ ਨਾਲ਼ੇ ਸਿਰਫ ਕਾਮੇਡੀ ਹੀ ਕਿਉਂ ? ਨਾਟਕ ਵੀ ਸ਼ਾਮਿਲ ਕੀਤੇ ਜਾਣ ਚਾਹੀਦੇ ਹਨ। ਬਿਨਾਂ ਕਿਸੇ ਦੇਰੀ ਤੋਂ।

ਮੇਰੇ ਸ਼ਾਮਿਲ ਹੋਣ ਦੀ ਬਹੁਤੀ ਲੋੜ ਨਹੀਂ ਹੈ, ਨਾਲ਼ੇ ਮੇਰੇ ਕੋਲ਼ ਨਾਟਕ ਤੇ ਕਲਮ ਦੇ ਹੋਰ ਕਰਤੱਬ ਪੜ੍ਹਨ ਦਾ ਸਮਾਂ ਹੀ ਨਹੀਂ ਹੈ। ਮੈਂ ਸੌ ਫ਼ੀਸਦੀ ਗੰਭੀਰ ਕਿਸਮ ਦਾ ਬੰਦਾ ਹਾਂ ਅਤੇ ਮੈਂ ਇੱਕ ਬਹੁ-ਜਿਲਦੀ ਕੰਮ ਵਿੱਚ ਰੁੱਝਿਆ ਹੋਇਆ ਹਾਂ, ਜਿਸਦਾ ਵਿਸ਼ਾ ਹੈ 'ਅਕਾਸ਼ ਗੰਗਾ ਨੂੰ ਮੁੜ-ਤਰਤੀਬ ਦੇਣ ਦੀ ਲੋੜ ਅਤੇ ਗਲੈਕਸੀਆਂ ਦੇ ਧੁਰੇ ਨੂੰ ਬਦਲਣਾ', ਜਾਂ ਕਹਿ ਲਓ ਕਿ 'ਬ੍ਰਹਿਮੰਡ ਜਿਵੇਂ ਕਿ ਉਸਨੂੰ ਹੋਣਾ ਚਾਹੀਦਾ ਹੈ'। ਮੈਂ ਨ. ਮੋਰੋਜ਼ੋਵ ਨਾਲ਼ ਨਜਿੱਠਣਾ ਚਾਹੁੰਦਾ ਹਾਂ।

ਮੈਂ ਕੋਲਤੋਨੋਵਸਕਾਯਾ ਬਾਰੇ ਸਬੰਧਤ ਮਹਿਕਮਿਆਂ ਨੂੰ ਲਿਖ ਚੁੱਕਿਆ ਹਾਂ। ਹੋਰ ਕਿੰਨੀਆਂ ਬੁੱਢੀਆਂ ਔਰਤਾਂ ਤੁਸੀਂ ਪੈਨਸ਼ਨ ਲਈ ਇਕੱਠੀਆਂ ਕੀਤੀਆਂ ਹੋਈਆਂ ਹਨ ?

ਮੇਰੇ ਹਮਨਾਮ ਤੇ ਬਹੁਤ ਹੀ ਸਤਿਕਾਰਯੋਗ ਮਿੱਤਰ, ਇਹ ਸੁਣ ਕੇ ਕਿ ਤੁਸੀਂ ਰੂਸੀ ਸਾਹਿਤ ਵਿੱਚ ਆਪਣੇ 25 ਸਾਲ ਪੂਰੇ ਕਰ ਚੁੱਕੇ ਹੋ, ਅਸੀਂ ਸੋਰੈਂਟੋ ਵਾਸੀਆਂ ਨੇ, ਯਾਨੀ ਵਸੇਵੋਲੋਦ ਇਵਾਨੋਵ ਅਤੇ ਉਸਦੀ ਪਤਨੀ, ਤੋਰਕੁਆਤੋ ਤਾਸੋ, ਸਿਲਵੈਸਟਰ ਸ਼ਚੇਦ੍ਰਿਨ,

---

*ਅ. ਨ. ਤਾਲਸਤਾਏ ਨੇ ਗੋਰਕੀ ਨੂੰ ਸੂਚਿਤ ਕੀਤਾ ਸੀ ਕਿ ਬਿਹਤਰੀਨ ਕਾਮੇਡੀ ਨਾਟਕਾਂ ਦਾ ਇੱਕ ਸਰਬ-ਸੰਘ ਮੁਕਾਬਲਾ ਕਰਵਾਇਆ ਜਾ ਰਿਹਾ ਹੈ। ਉਹਨਾਂ ਨੇ ਗੋਰਕੀ ਨੂੰ ਜੱਜ ਬਣਨ ਲਈ ਅਤੇ ਨੌਜਵਾਨ ਨਾਟਕਕਾਰਾਂ ਲਈ ਕਾਮੇਡੀ ਬਾਰੇ ਇੱਕ ਲੇਖ ਲਿਖਣ ਦੀ ਵੀ ਬੇਨਤੀ ਕੀਤੀ ਸੀ।

ਮਾਰੀਓਨ ਕਰਾਫੋਰਡ, ਹੈਨਰਿਕ ਇਬਸ ਅਤੇ ਹੋਰਾਂ* ਨੇ ਤੁਹਾਨੂੰ ਸ਼ੁਭ-ਇੱਛਾਵਾਂ ਅਤੇ ਧੰਨਵਾਦ ਦਾ ਸੰਦੇਸ਼ ਭੇਜਣ ਦਾ ਫੈਸਲਾ ਕੀਤਾ ਹੈ। ਦੂਜੀ ਵਾਰ ਵਿਚਾਰ ਕਰਨ ਤੋਂ ਬਾਅਦ ਅਸੀਂ ਇਹ ਸੰਦੇਸ਼ ਨਹੀਂ ਭੇਜਿਆ ਕਿਉਂਕਿ ਸਾਡੇ 'ਚੋਂ ਕੁਝ ਬੰਦੇ ਸਮੇਂ ਤੋਂ ਪਹਿਲਾਂ ਹੀ ਚਲਾਣਾ ਕਰ ਗਏ ਅਤੇ ਕੁਝ ਅਚਾਨਕ ਹੀ ਚਲੇ ਗਏ। ਹੁਣ ਸਿਰਫ ਮੈਂ ਅਤੇ ਮੇਰੇ ਰਿਸ਼ਤੇਦਾਰ ਹੀ ਬਚੇ ਹਾਂ। ਖੈਰ, ਮਜ਼ਾਕ ਇੱਕ ਪਾਸੇ ਰਿਹਾ, ਮੈਂ ਤੁਹਾਨੂੰ ਹਾਰਦਿਕ ਵਧਾਈ ਦਿੰਦਾ ਹਾਂ। ਤੁਸੀਂ ਜਾਣਦੇ ਹੋ ਕਿ ਮੈਂ ਤੁਹਾਡੀ ਮਹਾਨ ਤੇ ਜ਼ਿੰਦਾਦਿਲ ਪ੍ਰਤਿਭਾ ਦਾ ਬਹੁਤ ਸਤਿਕਾਰ ਕਰਦਾ ਹਾਂ। ਹਾਂ, ਤੁਹਾਡੀ ਪ੍ਰਤਿਭਾ ਸਚਮੁੱਚ ਜ਼ਿੰਦਾਦਿਲ ਹੈ, ਇਸ ਵਿੱਚ ਲਿਸ਼ਕ ਹੈ ਅਤੇ ਤਿੱਖਾ ਵਿਅੰਗਾਤਮਕ ਭਾਵ ਵੀ। ਪਰ ਮੇਰੀ ਨਜ਼ਰ ਵਿੱਚ ਇਹ ਗੁਣ ਤੀਜੇ ਨੰਬਰ 'ਤੇ ਆਉਂਦਾ ਹੈ, ਪਹਿਲਾ ਨੰਬਰ ਤੁਹਾਡੀ ਪ੍ਰਤਿਭਾ ਦਾ ਹੈ, ਜਿਹੜੀ ਕਿ ਬਹੁਤ ਮਹਾਨ ਤੇ ਸੱਚੇ ਅਰਥਾਂ ਵਿੱਚ ਰੂਸੀ ਹੈ, ਅਤੇ ਰੂਸੀ ਢੰਗ ਨਾਲ਼ ਹੁਸ਼ਿਆਰ ਹੈ, ਜਿਸਨੂੰ ਵਰਤਮਾਨ "ਸੱਚਾਈਆਂ" ਦੇ ਲੁਕੇ ਹੋਏ ਰੂੜ੍ਹੀਵਾਦ ਦਾ ਅਹਿਸਾਸ ਹੈ, ਅਤੇ ਉਹਨਾਂ ਦਾ ਮਜ਼ਾਕ ਉਡਾਉਣ ਦੀ ਸਮਰੱਥਾ ਰੱਖਦੀ ਹੈ। ਤੁਸੀਂ ਕਈ ਕੀਮਤੀ ਰਚਨਾਵਾਂ ਰਚੀਆਂ ਹਨ ਜਿਹਨਾਂ ਦੀ ਅਜੇ ਤੱਕ ਸਹੀ ਕਦਰ ਨਹੀਂ ਪਈ ਹੈ, ਅਤੇ ਕਈ ਤਾਂ ਅਜਿਹੀਆਂ ਵੀ ਹਨ ਜਿਹਨਾਂ ਨੂੰ ਹਾਲੇ ਤੱਕ ਸਮਝਿਆ ਹੀ ਨਹੀਂ ਗਿਆ, ਜਿਹੜੀਆਂ ਭਾਵੇਂ ਕਿ ਉਦਾਸ ਤਾਂ ਹਨ ਪਰ ਬੁਰੀਆਂ ਨਹੀਂ ਹਨ। ਖਿੜਕੀ ਵਿਚ ਲੱਗੇ ਹੋਏ ਕੱਚ ਦੀ ਪਾਰਦਰਸ਼ਤਾ ਪ੍ਰਸੰਸਾਯੋਗ ਗੁਣ ਹੈ, ਪਰ ਜਦੋਂ ਤੁਸੀਂ ਦੂਰਬੀਨ, ਮਾਈਕ੍ਰੋਸਕੋਪ, ਅਤੇ ਟੈਲੀਸਕੋਪ ਦੇ ਸ਼ੀਸ਼ੇ ਦੀ ਗੱਲ ਕਰਦੇ ਹੋ ਤਾਂ ਉਸ ਵਿੱਚੋਂ ਹਰ ਚੀਜ਼ ਦਿਖਾਈ ਦਿੰਦੀ ਹੈ, ਪਰ ਸ਼ੀਸ਼ਾ ਹੀ ਦਿਖਾਈ ਨਹੀਂ ਦਿੰਦਾ। ਬਾਕੀ ਗੱਲ ਤੁਸੀਂ ਖੁਦ ਹੀ ਸਮਝ ਲਵੋਗੇ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ, ਤੁਹਾਡੇ ਕੰਮ ਦੇ 25 ਸਾਲਾਂ ਦੇ ਬਾਵਜੂਦ ਵੀ, ਤੁਸੀਂ ਅਜੇ "ਨਵੇਂ" ਹੀ ਹੋ ਅਤੇ ਆਖ਼ਰੀ ਸਾਹ ਤੱਕ ਨਵੇਂ ਹੀ ਰਹੋਗੇ। ਤੁਹਾਡਾ 'ਪੀਟਰ' ਸਾਡੇ ਸਾਹਿਤ ਦਾ ਪਹਿਲਾ ਸੱਚਾ ਇਤਿਹਾਸਕ ਨਾਵਲ ਹੈ ਅਤੇ ਇਹ ਕਿਤਾਬ ਅਜੇ ਬਹੁਤ ਲੰਮੇ ਸਮੇਂ ਤੱਕ ਜਵਾਨ ਰਹੇਗੀ। ਇਹਨੀਂ ਦਿਨੀ ਮੈਂ ਇਸਦੇ ਦੂਜੇ ਭਾਗ 'ਚੋਂ ਕੁਝ ਹਿੱਸੇ ਪੜ੍ਹੇ ਹਨ—ਬਹੁਤ ਵਧੀਆ ਹਨ! ਤੁਸੀਂ ਸ਼ਾਨਦਾਰ ਕਿਤਾਬਾਂ ਲਿਖ ਸਕਦੇ ਹੋ; ਤੁਹਾਡੀ ਕਮਜ਼ੋਰੀ ਇਸ ਵਿੱਚ ਹੈ ਕਿ ਤੁਸੀਂ ਕਾਹਲੀ ਕਰਦੇ ਹੋ। ਮੈਂ ਤੁਹਾਡੀ ਕਿਤਾਬ "ਅਗਨੀ ਪ੍ਰੀਖਿਆ' ਦਾ ਭਾਗ 'ਸਾਲ 1918' ਪੜ੍ਹ ਰਿਹਾ ਹਾਂ — ਦੇਖਣ ਤੇ ਚਿਤਰਣ ਦੀ ਕਿਆ ਸਮਰੱਥਾ ਹੈ! ਪਰ ਕੁਝ ਪੰਨੇ ਅਧੂਰੇ ਅਤੇ ਖੇਦਜਨਕ ਵੀ ਹਨ। ਦੇਖੋ, ਦੇਖੋ, ਮੈਂ ਕਿਵੇਂ ਬੁੱਢਿਆਂ ਵਾਂਗ ਬੁੜਬੜਾ ਰਿਹਾ ਹਾਂ। ਬਹੁਤ ਹੋ ਗਿਆ!

ਮੈਂ ਤੁਹਾਨੂੰ ਗਲਵਕੜੀ ਪਾਉਂਦਾ ਹਾਂ ਤੇ ਤੁਹਾਡੀ ਚੰਗੀ ਸਿਹਤ ਦੀ ਕਾਮਨਾ ਕਰਦਾ ਹਾਂ। ਤੁਹਾਡੇ ਪਿਆਰੇ ਤੇ ਹੁਸ਼ਿਆਰ ਤੁਸਿਆ ਨੂੰ ਮੇਰੀ ਯਾਦ ਪੁਚਾਉਣਾ।

ਅ. ਪੇਸ਼ਕੋਵ

---

* ਲੇਖਕ ਵਸੇਵੋਲੋਦ ਇਵਾਨੋਵ ਅਤੇ ਉਹਨਾਂ ਦੀ ਪਤਨੀ ਗੋਰਕੀ ਨੂੰ ਮਿਲਣ ਲਈ ਸੋਰੈਂਟੋ ਆਏ ਸਨ; ਤੋਰਕੂਐਤੋ ਤਾਸੋ (1544-1595) ਦਾ ਜਨਮ ਸੋਰੈਂਟੋ ਵਿਖੇ ਹੋਇਆ ਸੀ; ਸਿਲਵੈਸਟਰ ਸ਼ਚੇਦ੍ਰਿਨ (1791-1830) ਰੂਸੀ ਲੈਂਡਸਕੇਪ ਚਿੱਤਰਕਾਰ ਸਨ ਤੇ ਸੋਰੈਂਟੋ ਵਿਖੇ ਕੰਮ ਕਰਦੇ ਸਨ; ਫਰਾਂਸਿਸ ਮਾਰਿਓਨ ਕਰਾਅਫੋਰਡ (1854-1909) ਸੋਰੈਂਟੋ ਵਿੱਚ ਹੀ ਰਹੇ ਅਤੇ ਇੱਥੇ ਹੀ ਉਹਨਾਂ ਦਾ ਦਿਹਾਂਤ ਹੋਇਆ; ਇਬਸਨ (1828-1906) ਨੇ ਕਿਸੇ ਸਾਲ ਸੋਰੈਂਟੋ ਵਿੱਚ ਗਰਮੀਆਂ ਬਿਤਾਈਆਂ ਸਨ।

ਅ. ਸ. ਸ਼ਚੇਰਬਾਕੋਵ* ਨੂੰ

19 ਫਰਬਰੀ, 1935
ਮਾਸਕੋ।

ਕਾਮਰੇਡ ਅ. ਸ਼ਚੇਰਬਾਕੋਵ ਨੂੰ,

ਮੇਰੇ ਖਿਆਲ ਵਿੱਚ ਆਲੋਚਨਾ ਅਤੇ ਇਸਦੇ ਕਾਰਜਾਂ ਦੀ ਪ੍ਰੀਭਾਸ਼ਾ ਬਹੁਤ ਹੀ "ਆਮ" ਜਿਹੀ ਹੈ। ਲੇਖਕ ਅਤੇ ਆਲੋਚਕ ਇਸਤੋਂ ਭਲੀ-ਭਾਂਤ ਜਾਣੂ ਹਨ ਅਤੇ ਇਸ ਲਈ ਇਹ ਜਿਉਂਦੀ ਜਾਗਦੀ ਤੇ ਮਘਦੀ ਦਿਲਚਸਪੀ ਜਗਾਉਣ ਤੋਂ ਅਤੇ ਸਮਾਜਵਾਦੀ ਯਥਾਰਥਵਾਦ ਨੂੰ ਸਾਹਿਤਕ ਰਚਨਾਤਮਕਤਾ ਦੀ ਵਿਧੀ ਤੇ ਤਕਨੀਕ ਬਣਾਉਣ ਅਤੇ ਸੋਵੀਅਤ ਕਲਾ ਦੀਆਂ ਸੁਹਜਾਤਮਕ ਤੇ ਨੈਤਿਕ ਸਮੱਸਿਆਵਾਂ 'ਤੇ ਉਸਾਰੂ ਬਹਿਸ ਚਲਾਉਣ ਤੋਂ ਅਸਮਰੱਥ ਹੈ।

ਸਮਾਜਵਾਦੀ ਯਥਾਰਥਵਾਦ ਬਾਰੇ ਬਹੁਤ ਕੁਝ ਲਿਖਿਆ ਜਾ ਚੁੱਕਿਆ ਹੈ ਅਤੇ ਲਿਖਿਆ ਜਾ ਰਿਹਾ ਹੈ, ਪਰ ਹਾਲੇ ਤੱਕ ਇੱਕ ਵੀ ਸਪਸ਼ਟ ਤੇ ਨਿੱਗਰ ਰਾਏ ਸਥਾਪਿਤ ਨਹੀਂ ਹੋ ਸਕੀ, ਇਸਤੋਂ ਇਸ ਅਫਸੋਸਜਨਕ ਤੱਥ ਦੀ ਵਿਆਖਿਆ ਹੁੰਦੀ ਹੈ ਕਿ ਲੇਖਕਾਂ ਦੀ ਕਾਂਗਰਸ ਵਿਚਲੇ ਆਲੋਚਕ ਆਪਣੀ ਹੋਂਦ ਜ਼ਾਹਿਰ ਨਹੀਂ ਕਰ ਸਕੇ ਹਨ। ਸਾਨੂੰ ਇੱਕ ਠੋਸ ਤੇ ਸਥਾਪਿਤ "ਅਮਲੀ ਸੱਚਾਈ" ਦੀ ਲੋੜ ਹੈ, ਜਿਹੜੀ ਸਾਡੇ ਦੇਸ਼ ਵਿੱਚ ਚੱਲ ਰਹੀਆਂ ਸਾਰੀਆਂ ਪ੍ਰਕਿਰਿਆਵਾਂ ਤੇ ਪ੍ਰੋਲੇਤਾਰੀ ਤਾਨਾਸ਼ਾਹੀ ਦੇ ਰਚਨਾਤਮਕ ਕਾਰਜਾਂ ਵਿੱਚ ਅੜਿੱਕੇ ਡਾਹੁਣ ਦੇ ਸਾਰੇ ਯਤਨਾਂ ਦੇ ਅਰਥਾਂ ਨੂੰ ਰੌਸ਼ਨ ਕਰਨ ਤੇ ਆਪਣੇ ਕਲਾਵੇ ਵਿੱਚ ਲੈਣ ਦੇ ਯੋਗ ਹੋਵੇ। ਕਹਿਣ ਦੀ ਲੋੜ ਨਹੀਂ ਕਿ, ਇਸ "ਅਮਲੀ ਸੱਚਾਈ" ਦੇ ਚੌਖਟੇ ਅੰਦਰ ਮੱਤਭੇਦ ਪੈਦਾ ਹੋਣਾ ਲਾਜ਼ਮੀ ਹਨ ਤੇ ਮੰਨਣਯੋਗ ਹਨ। ਇਸ ਲਈ ਇਹਨਾਂ ਲਾਜ਼ਮੀ ਤੇ ਮੰਨਣਯੋਗ ਗੱਲਾਂ ਦੀਆਂ ਵਿਸ਼ੇਸ਼ ਤੌਰ 'ਤੇ ਸਟੀਕ ਸੀਮਾਵਾਂ ਮਿੱਥਣ ਦੀ ਲੋੜ ਹੈ। ਮੇਰਾ ਖਿਆਲ ਹੈ ਕਿ ਏਂਗਲਜ਼ ਦੇ ਇਸ ਬਿਆਨ ਨੂੰ ਸਮਾਜਵਾਦੀ ਯਥਾਰਥਵਾਦ ਦਾ ਆਰੰਭਕ ਬਿੰਦੂ ਮੰਨ ਕੇ ਚੱਲਣਾ ਚਾਹੀਦਾ ਹੈ ਕਿ ਜੀਵਨ ਇੱਕ ਅਰੁੱਕ ਤੇ ਨਿਰੰਤਰ ਤਬਦੀਲੀ ਹੈ। ਕੁਦਰਤ ਵਿੱਚ ਭੌਤਿਕ ਵਿਗਿਆਨ

* ਸ਼ਚੇਰਬਾਕੋਵ ਅ. ਸ. (1901-1945)—ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਅਤੇ ਸੋਵੀਅਤ ਰਾਜ ਦੀ ਸਿਰਕੱਢ ਹਸਤੀ। 1935 ਵਿੱਚ ਸੋਵੀਅਤ ਲੇਖਕ ਸੰਘ ਦੇ ਸਕੱਤਰ ਸਨ।

ਤੇ ਰਸਾਇਣ ਵਿਗਿਆਨ ਦੀ ਊਰਜਾ ਮਕੈਨਕੀ ਢੰਗ ਨਾਲ਼ ਕੰਮ ਕਰਦੀ ਹੈ, ਜਦਕਿ ਮਨੁੱਖੀ ਸਮਾਜ ਵਿੱਚ ਜਮਾਤੀ ਤਾਕਤਾਂ ਦੀ ਰਗੜ ਤੇ ਟਕਰਾਓ ਨਾਲ਼ ਅਤੇ ਪਦਾਰਥਕ ਸੱਭਿਆਚਾਰ, ਜਿਹੜਾ ਬੁਰਜੂਆ ਹੈ ਅਤੇ ਜਮਾਤੀ ਸੁਆਰਥ ਰੱਖਦਾ ਹੈ, ਦੇ ਨਿਰਮਾਣ ਤੇ ਵਿਸਥਾਰ ਵੱਲ ਸੇਧਿਤ ਕਿਰਤ ਦੀਆਂ ਕਾਰਵਾਈਆਂ ਨਾਲ਼ ਚੱਲਦਾ ਹੈ। ਇਤਿਹਾਸ ਦੇ ਤੱਥ ਦੱਸਦੇ ਹਨ ਕਿ ਬੁਰਜੂਆ ਸਮਾਜ ਵਿੱਚ ਬੁੱਧੀ ਨੇ "ਪ੍ਰੇਰਕ-ਤੱਤ (catalyst)" ਦੀ ਭੂਮਿਕਾ ਨਿਭਾਈ ਹੈ, ਜਿਸਨੇ ਘੱਟ ਜਾਂ ਵੱਧ ਸਫਲਤਾਪੂਰਵਕ ਇੱਕਮੁਠ ਕਰਨ ਤੇ ਏਕਤਾ ਬਣਾਉਣ ਦੇ, ਯਾਨੀ ਰਾਜ਼ੀਨਾਮਾ ਕਰਵਾਉਣ ਦੇ ਯਤਨ ਕੀਤੇ ਹਨ। ਜਿਸਦਾ ਬੁਰਜੂਆ ਸਮਾਜ ਵਿੱਚ ਅਰਥ ਹੁੰਦਾ ਹੈ: ਤਾਕਤ ਦਾ ਤਾਕਤ ਅੱਗੇ ਝੁਕਣਾ। ਵਿਅਕਤੀਵਾਦੀਆਂ ਨੂੰ ਇਹ ਗੱਲ ਸਮਝਾਉਣੀ ਚਾਹੀਦੀ ਹੈ ਕਿ ਸਰਮਾਏਦਾਰੀ ਪ੍ਰਸਥਿਤੀਆਂ ਤਹਿਤ ਬੁੱਧੀ ਦਾ ਉੱਨਤੀ ਦੀ ਮਾਤਰਾ ਨਾਲ਼ ਕੋਈ ਸਾਰੋਕਾਰ ਨਹੀਂ ਹੁੰਦਾ ਸਗੋਂ ਇਹ ਤਾਂ ਇੱਕ ਸਥਾਈ ਟਿਕ-ਟਿਕਾਅ (equilibrium) ਦੀ ਭਾਲ਼ ਵਿੱਚ ਰਹਿੰਦੀ ਹੈ।

ਬੁਰਜੂਆ ਸਾਹਿਤ ਦਾ ਯਥਾਰਥਵਾਦ ਆਲੋਚਨਾਤਮਕ ਹੈ, ਪਰ ਇਸ ਹੱਦ ਤੱਕ ਹੀ ਕਿ ਜਮਾਤੀ "ਯੁੱਧਨੀਤੀ" ਲਈ ਆਲੋਚਨਾ ਦੀ ਲੋੜ ਪੈਂਦੀ ਹੈ, ਸੰਘਰਸ਼ ਦੌਰਾਨ ਬੁਰਜੂਆਜ਼ੀ ਦੀਆਂ ਗਲਤੀਆਂ ਦਿਖਾਉਣ ਲਈ, ਤਾਂ ਕਿ ਸ਼ਾਸ਼ਨ ਦਾ ਸੰਤੁਲਨ ਕਾਇਮ ਰੱਖਿਆ ਜਾ ਸਕੇ। ਸਮਾਜਵਾਦੀ ਯਥਾਰਥਵਾਦ "ਪੁਰਾਣੇ ਸੰਸਾਰ" ਦੀ ਰਹਿੰਦ-ਖੂੰਹਦ ਖਿਲਾਫ ਸੰਘਰਸ਼ ਕਰਨ ਵੱਲ, ਇਸਦੇ ਘਾਤਕ ਅਸਰਾਂ ਵੱਲ ਤੇ ਇਹਨਾਂ ਅਸਰਾਂ ਨੂੰ ਜੜ੍ਹੋਂ ਖਤਮ ਕਰਨ ਵੱਲ ਸੇਧਿਤ ਹੈ। ਜਦਕਿ ਇਸ ਦਾ ਮੁੱਖ ਕਾਰਜ ਤਾਂ ਸਮਾਜਵਾਦੀ ਅਤੇ ਇਨਕਲਾਬੀ ਸੰਸਾਰ-ਸਮਝ ਅਤੇ ਸੰਸਾਰ-ਤਰੰਗ ਨੂੰ ਉਤਸ਼ਾਹਿਤ ਕਰਨਾ ਹੈ।

ਹੋ ਸਕਦਾ ਹੈ ਕਿ ਇਸ ਤਰ੍ਹਾਂ ਦੇ ਵਿਚਾਰ ਲੇਖਕਾਂ ਤੇ ਆਲੋਚਕਾਂ ਵਿਚਕਾਰ ਗੁੱਸਾ ਅਤੇ ਖਿਝ ਪੈਦਾ ਕਰ ਦੇਣ ਅਤੇ ਇਸ ਤਰ੍ਹਾਂ ਕੋਈ ਲਾਹੇਵੰਦ ਬਹਿਸ ਸ਼ੁਰੂ ਹੋ ਜਾਵੇ। ਸਾਡੇ ਲੇਖਕ ਸਾਹਿਤ ਦੇ ਕਾਰਜ ਅਤੇ ਮਨੋਰਥ ਬਾਰੇ ਬਹੁਤ ਹੀ ਘੱਟ ਸੋਚਦੇ ਤੇ ਬੋਲਦੇ ਹਨ, ਇਸ ਲਈ ਉਹਨਾਂ ਅੰਦਰਲੀ ਸਜੀਵ ਤੇ ਨਿੱਗਰ ਦਿਲਚਸਪੀ ਨੂੰ ਉਤਸ਼ਾਹਿਤ ਕਰਨ ਲਈ ਯਤਨ ਕਰਨੇ ਚਾਹੀਦੇ ਹਨ।

ਲੇਖਕਾਂ ਨੂੰ ਇਸ ਗੱਲ ਦਾ ਅਕਸਰ ਅਤੇ ਵੱਧ ਤੋਂ ਵੱਧ ਜ਼ੋਰ ਨਾਲ ਅਹਿਸਾਸ ਕਰਵਾਉਣਾ ਚਾਹੀਦਾ ਹੈ ਕਿ ਜਿਸ ਚੀਜ਼ ਦੀ ਵਿਗਿਆਨਕ ਸਮਾਜਵਾਦ ਨੇ ਭਵਿੱਖਬਾਣੀ ਕੀਤੀ ਸੀ, ਉਹ ਪਾਰਟੀ ਦੀਆਂ ਸਰਗਰਮੀਆਂ ਵਿੱਚ ਬੜੇ ਵਿਸਥਾਰ ਨਾਲ਼ ਤੇ ਪਕਿਆਈ ਨਾਲ਼ ਚੱਲ ਰਹੀ ਹੈ। ਇਸ ਭਵਿੱਖਬਾਣੀ ਦੀ ਜੱਥੇਬੰਦਕ ਤਾਕਤ ਇਸਦੇ ਵਿਗਿਆਨਕ ਚਰਿੱਤਰ ਵਿੱਚ ਵਿਦਮਾਨ ਹੈ। ਸਮਾਜਵਾਦੀ ਸੰਸਾਰ ਦਾ ਨਿਰਮਾਣ ਕੀਤਾ ਜਾ ਰਿਹਾ ਹੈ, ਜਦੋਂਕਿ ਸਰਮਾਏਦਾਰਾ ਸੰਸਾਰ ਆਪਣੇ ਪਤਨ ਵੱਲ ਜਾ ਰਿਹਾ ਹੈ, ਬਿਲਕੁਲ ਉਵੇਂ ਜਿਵੇਂ ਮਾਰਕਸਵਾਦੀ ਵਿਚਾਰਧਾਰਾ ਪਹਿਲਾਂ ਹੀ ਦੱਸ ਚੁੱਕੀ ਹੈ।

ਇਸ ਸਾਰੀ ਦਲੀਲ ਤੋਂ ਇਹ ਸਿੱਟਾ ਨਿਕਲ਼ਦਾ ਹੈ ਕਿ ਕਿਆਸ ਇੱਕ ਅਜਿਹੀ ਚੀਜ਼ ਹੈ ਜਿਸਨੂੰ ਕੋਈ ਵੀ ਕਲਾਕਾਰ ਹਾਸਿਲ ਕਰ ਸਕਦਾ ਹੈ, ਜੇਕਰ ਉਹ ਅਜਿਹੇ ਬਿੰਬਾਂ ਵਿੱਚ ਸੋਚੇ

ਜਿਹਨਾਂ ਦੀਆਂ ਜੜ੍ਹਾਂ ਜੀਵਨ ਦੇ ਵਿਸਥਾਰਤ ਗਿਆਨ ਵਿੱਚ ਡੂੰਘੀਆਂ ਲੱਗੀਆਂ ਹੋਈਆਂ ਹੋਣ, ਅਤੇ ਜਿਹੜੇ ਸਮੱਗਰੀ ਨੂੰ ਰੂਪ ਦੀ ਸੰਪੂਰਨਤਾ ਦੇਣ ਦੀ ਅੰਦਰੂਨੀ ਇੱਛਾ ਨਾਲ਼ ਵਧਦੇ-ਫੁੱਲਦੇ ਹੋਣ। ਅਰਥਾਤ ਆਪਣੀ ਸਮੱਗਰੀ ਨੂੰ ਕਿਸੇ ਅਜਿਹੀ ਚੀਜ਼ ਨਾਲ਼ ਵਧਾਉਣਾ ਜਿਹੜੀ ਸੰਭਵ ਹੋਵੇ ਤੇ ਲੋੜੀਂਦੀ ਹੋਵੇ। ਦੂਜੇ ਸ਼ਬਦਾਂ ਵਿੱਚ, ਸਮਾਜਵਾਦੀ ਯਥਾਰਥਵਾਦ ਦੀ ਕਲਾ ਨੂੰ ਵਧਾ-ਚੜ੍ਹਾ ਕੇ ਕਹਿਣ ਦਾ ਅਤੇ "ਪੂਰਤੀ ਕਰਨ" ਦਾ ਹੱਕ ਹੈ। ਸਹਿਜ-ਗਿਆਨ ਨੂੰ ਜਾਣਕਾਰੀ ਤੋਂ ਉੱਪਰ ਜਾਂ "ਅਗੰਮੀ ਵਾਕ" ਨਹੀਂ ਸਮਝਿਆ ਜਾਣਾ ਚਾਹੀਦਾ। ਇਹ ਤਾਂ ਬਸ ਅਨੁਭਵ ਨੂੰ ਕਿਸੇ ਪਰਿਕਲਪਨਾ ਜਾਂ ਸੰਕਲਪ ਵਿੱਚ ਢਾਲ਼ਦੇ ਸਮੇਂ ਛੁੱਟ ਗਈ ਕਿਸੇ ਕੜੀ ਜਾਂ ਵੇਰਵੇ ਦੀ ਪੂਰਤੀ ਜਾਂ ਵਿਸਥਾਰ ਹੀ ਕਰਦਾ ਹੈ। ਸਾਹਿਤਕਾਰਾਂ ਦੀ ਵਿਗਿਆਨ ਦੀਆਂ ਇਨਕਲਾਬੀ ਪਰਿਕਲਪਨਾਵਾਂ ਅਤੇ ਸਪੇਰਾਂਸਕੀ ਦੀਆਂ ਪਰਿਕਲਪਨਾਵਾਂ ਨਾਲ਼ ਜਾਣ-ਪਛਾਣ ਕਰਵਾਉਣੀ ਬਹੁਤ ਜ਼ਰੂਰੀ ਹੈ। ਇਹ ਦੋਵੇਂ "ਅਮਲੀ ਸੱਚਾਈਆਂ" ਵਜੋਂ ਕੰਮ ਕਰ ਰਹੇ ਹਨ ਤੇ ਇਹਨਾਂ ਨੂੰ ਅਨੁਭਵ ਦੁਆਰਾ ਸਿੱਧ ਕੀਤਾ ਜਾ ਸਕਦਾ ਹੈ। ਬੜਾ ਚੰਗਾ ਹੋਵੇ ਜੇਕਰ ਤੁਸੀਂ ਇਸ ਬਾਰੇ 'ਆਲ ਯੂਨੀਅਨ ਇੰਸਟੀਚਿਊਟ ਆਫ ਐਕਸਪੈਰੀਮੈਂਟਲ ਮੈਡੀਸਿਨ' ਦੇ ਡਾਇਰੈਕਟਰ ਲਿਓ ਨਿਕੋਲਾਯੇਵਿਚ ਫਿਓਦੋਰ ਨਾਲ ਗੱਲ ਕਰ ਸਕੋ ਅਤੇ ਨਾਲ਼ ਹੀ ਉਹਨਾਂ ਨੂੰ ਇੰਸਟੀਚਿਊਟ ਦੇ ਕਾਰਜਾਂ ਬਾਰੇ ਅਤੇ ਮਨੁੱਖ ਦੇ ਡੂੰਘੇ ਅਧਿਐਨ ਦੀ ਲੋੜ ਬਾਰੇ ਰਿਪੋਰਟ ਪੇਸ਼ ਕਰਨ ਲਈ ਕਹਿ ਸਕੋ।

ਮੈਂ ਤੁਹਾਨੂੰ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਮੋਰੋਜ਼ੋਵ* ਦੀ ਯਾਦਗਾਰ ਸਬੰਧੀ ਅਜੇ ਤੱਕ ਕੁਝ ਵੀ ਨਹੀਂ ਕੀਤਾ ਗਿਆ ਹੈ ਅਤੇ ਨਾ ਹੀ ਸਰਬ-ਸੰਘ ਥਿਏਟਰ ਬਾਰੇ ਕੋਈ ਗੱਲ ਹੋਈ ਹੈ।

ਮੇਰੇ ਖਿਆਲ ਵਿੱਚ ਅਫੀਨੋਜਿਨੋਵ ਦੀ ਰਿਪੋਰਟ ਆਪਣੀ ਭੂਮਿਕਾ ਵਿੱਚ ਕੁਝ ਅਸਪਸ਼ਟ ਜਿਹੀ ਹੈ, ਅਤੇ ਇਸ ਵਿੱਚ ਠੋਸ ਸਿੱਟਿਆਂ ਦੀ ਘਾਟ ਹੈ। ਮੈਨੂੰ ਸ਼ੱਕ ਹੈ ਕਿ ਸਾਨੂੰ ਸਮਾਜਵਾਦੀ ਯਥਾਰਥਵਾਦ ਦੀਆਂ "ਜਿੱਤਾਂ" ਬਾਰੇ ਗੱਲ ਕਰਨ ਦਾ ਕੋਈ ਹੱਕ ਨਹੀਂ ਹੈ ਜਦੋਂ ਤੱਕ ਕਿ ਇਹ ਖੁਦ ਨੂੰ ਲੋੜੀਂਦੀ ਸਪੱਸ਼ਟਤਾ ਨਾਲ਼ ਜ਼ਾਹਿਰ ਨਹੀਂ ਕਰਦਾ। ਮੈਨੇਜਰ ਦੀ ਮਰਜ਼ੀ ਸਾਹਮਣੇ ਅਦਾਕਾਰਾਂ ਦਾ ਪੱਖ ਪੂਰਦਿਆਂ ਇਸ ਗੱਲ ਦਾ ਵਰਣਨ ਕੀਤਾ ਜਾਣਾ ਚਾਹੀਦਾ ਹੈ ਕਿ ਇਸ ਮਰਜ਼ੀ ਦਾ ਵਿਸਥਾਰ ਨਾਟਕਾਂ ਦੇ ਲੇਖਕਾਂ ਤੱਕ ਹੋਣਾ ਚਾਹੀਦਾ ਹੈ, ਉਹਨਾਂ ਮਾਮਲਿਆਂ ਵਿੱਚ—ਤੇ ਅਜਿਹੇ ਮਾਮਲੇ ਆਮ ਗੱਲ ਹਨ—ਜਿੱਥੇ ਲੇਖਕ ਥਿਏਟਰ ਨੂੰ ਸਚਮੁੱਚ ਹੀ "ਕੱਚਾ" ਮਾਲ ਦੇ ਦਿੰਦੇ ਹਨ, ਯਾਨੀ ਅਜਿਹੇ ਨਾਟਕ ਜਿਹੜੇ ਸੰਪੂਰਨ ਅਤੇ ਮੁਕੰਮਲ ਨਹੀਂ ਹੁੰਦੇ। ਅਫੀਨੋਜਿਨੋਵ ਦੀ ਇਹ ਗੱਲ ਸਹੀ ਹੈ ਕਿ ਸਾਡੇ ਥਿਏਟਰ ਤੇ ਸਿਨੇਮਾ ਵਿੱਚ ਅਜਿਹੇ ਨਿਰਮਾਤਾ ਹਨ ਜਿਹੜੇ ਸਾਡੇ ਨਾਟਕਕਾਰਾਂ ਤੇ ਸਕ੍ਰਿਪਟ ਲੇਖਕਾਂ ਨਾਲ਼ੋਂ ਕਿਤੇ ਵਧੇਰੇ ਯੋਗ ਹਨ। ਇਹ ਨੁਕਤਾ ਵੀ ਸਾਹਮਣੇ ਲਿਆਂਦਾ ਜਾਣ ਚਾਹੀਦਾ ਹੈ। ਅਫੀਨੋਜਿਨੋਵ ਦੀ ਰਿਪੋਰਟ ਸ਼ਾਇਦ ਵੱਡੇ ਪੈਮਾਨੇ 'ਤੇ ਪਰ ਤੁੱਛ ਜਿਹਾ "ਪਰਦੇ ਪਿਛਲਾ" ਵਾਦ-ਵਿਵਾਦ ਛੇੜ ਦੇਵੇ।

* ਪਾਵੇਲ ਮੋਰੋਜ਼ੋਵਾ — ਨੌਜਵਾਨ ਆਗੂ, 1932 ਵਿੱਚ ਕੁਲਕਾਂ ਖਿਲਾਫ਼ ਸੰਘਰਸ਼ ਦੌਰਾਨ ਸ਼ਹੀਦ ਹੋਏ।

ਸ਼ਾਗੀਨਿਆਨ ਆਲੋਚਕਾਂ ਕੋਲੋਂ "ਅਗਵਾਈ" ਦੀ ਮੰਗ ਕਰਦਾ ਹੈ। ਇਹ ਠੀਕ ਨਹੀਂ ਹੈ। ਸਾਂਝੇ ਅਤੇ ਦੋਸਤਾਨਾ ਕੰਮ ਦੀ ਮੰਗ ਕੀਤੀ ਜਾਣੀ ਚਾਹੀਦੀ ਹੈ। ਨਾਵਲਕਾਰ, ਕਹਾਣੀਕਾਰ ਤੇ ਨਾਟਕਕਾਰ ਵੀ ਆਲੋਚਕਾਂ ਦੀ ਅਗਵਾਈ ਕਰਦੇ ਹਨ, ਕਿਉਂਕਿ ਇਹ ਆਲੋਚਕਾਂ ਨੂੰ ਪ੍ਰਚਾਰਕ ਦੇ ਨਿਰਮਾਣ ਲਈ ਅਤੇ ਸਮਾਜਿਕ ਨੈਤਿਕਤਾ ਤੇ ਸੁਹਜਾਤਮਕਤਾ ਦੇ ਵਿਕਾਸ ਲਈ ਖਾਸ ਬਿੰਬਾਂ 'ਚ ਪ੍ਰਗਟਾਈ ਸਮੱਗਰੀ ਮੁਹੱਈਆ ਕਰਵਾਉਂਦੇ ਹਨ, ਯਾਨੀ ਕਿ ਵਿਚਾਰਧਾਰਕ ਸਿੱਟੇ। ਸਾਹਿਤ ਦਾ ਇਤਿਹਾਸ ਲਿਖਣ ਦੀ ਮੰਗ ਸਮਝ ਆਉਣ ਵਾਲ਼ੀ ਹੈ, ਪਰ "ਕੱਲੇ-ਕੱਲੇ ਲੇਖਕ ਬਾਰੇ ਇੱਕ ਵਿਸਤਰਿਤ ਲੇਖ (monograph)" ਲਿਖਵਾਉਣਾ ਲੇਖਕਾਂ ਲਈ ਬੜੀ ਹਾਨੀਕਾਰਕ ਚੀਜ਼ ਹੈ।

ਭਰਾਤਰੀ ਗਣਰਾਜਾਂ ਦੇ ਸਾਹਿਤ ਤੇ ਰੂਸੀ ਸਾਹਿਤ ਦੇ ਤੁਲਨਾਤਮਕ ਆਲੋਚਨਾਤਮਕ ਮੁਲਾਂਕਣ ਦੀ ਲੋੜ ਬਾਰੇ ਸ਼ਾਗੀਨਿਆਨ ਦਾ ਸੁਝਾਅ ਸਚਮੁੱਚ ਕੀਮਤੀ ਹੈ।

ਮ. ਗੋਰਕੀ

• • •

‘ਦਸਤਕ ਪ੍ਰਕਾਸ਼ਨ’ ਇੱਕ ਗੈਰ ਵਪਾਰਕ ਅਦਾਰਾ ਹੈ। ਇਹ ਪ੍ਰਕਾਸ਼ਨ ਮੁਨਾਫ਼ੇ ਲਈ ਨਹੀਂ, ਸਗੋਂ ਸਮਾਜ ਵਿੱਚ ਚੇਤਨਾ ਦੇ ਪਸਾਰੇ ਲਈ ਕਿਤਾਬਾਂ ਛਾਪਦਾ ਹੈ। ਇਹ ਪ੍ਰਕਾਸ਼ਨ ਸਰਕਾਰ, ਸਾਮਰਾਜੀ ਫੰਡਿੰਗ ਏਜੰਸੀਆਂ, ਪ੍ਰਸ਼ਾਸਨ, ਪੂੰਜੀਪਤੀ ਘਰਾਣਿਆਂ, ਸੰਸਦੀ ਸਿਆਸੀ ਪਾਰਟੀਆਂ ਜਾਂ ਕਿਸੇ ਤੋਂ ਕੋਈ ਵੀ ਸ਼ਰਤੀਆ ਵਿੱਤੀ ਮਦਦ ਨਹੀਂ ਲੈਂਦਾ। ਇਹ ਪ੍ਰਕਾਸ਼ਨ ਆਮ ਕਿਰਤੀ ਲੋਕਾਂ, ਵਿਦਿਆਰਥੀਆਂ-ਨੌਜਵਾਨਾਂ, ਲੋਕ-ਪੱਖੀ ਬੁੱਧੀਜੀਵੀਆਂ ਦੇ ਸਹਿਯੋਗ ਨਾਲ਼ ਕਿਤਾਬਾਂ ਛਾਪਦਾ ਹੈ। ਕਿਤਾਬਾਂ ਦੇ ਪ੍ਰਕਾਸ਼ਨ ਅਤੇ ਵੰਡ ਦੇ ਪੂਰੇ ਪ੍ਰਬੰਧ ਵਿੱਚ ਕੋਈ ਵੀ ਤਨਖਾਹਦਾਰ ਮੁਲਾਜ਼ਮ ਨਹੀਂ ਹੈ। ਇਹ ਪੂਰਾ ਪ੍ਰਾਜੈਕਟ ਸਮਾਜਿਕ ਤਬਦੀਲੀ ਲਈ ਸਮਰਪਿਤ ਵਲੰਟੀਅਰਾਂ ਦੇ ਦਮ ’ਤੇ ਅੱਗੇ ਵੱਧ ਰਿਹਾ ਹੈ।

ਦਸਤਕ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਕਿਤਾਬਾਂ

1. ਮੇਰਾ ਬਚਪਨ (ਨਾਵਲ) (ਮੈਕਸਿਮ ਗੋਰਕੀ)	80.00
2. ਮੇਰੇ ਸ਼ਗਿਰਦੀ ਦੇ ਦਿਨ (ਨਾਵਲ) (ਮੈਕਸਿਮ ਗੋਰਕੀ)	100.00
3. ਮੇਰੇ ਵਿਸ਼ਵ-ਵਿਦਿਆਲੇ (ਨਾਵਲ) (ਮੈਕਸਿਮ ਗੋਰਕੀ)	70.00
4. ਪ੍ਰੇਮ, ਪਰੰਪਰਾ ਅਤੇ ਵਿਦਰੋਹ (ਕਾਤਿਆਇਨੀ)	20.00
5. ਥੀਏਟਰ ਦਾ ਸੰਖੇਪ ਤਰਕਸ਼ਾਸਤਰ (ਬਰਤੋਲਤ ਬ੍ਰੈਖਤ)	15.00
6. ਅਈਜ਼ੇਂਸਤਾਈਨ ਦਾ ਫ਼ਿਲਮ ਸਿਧਾਂਤ ਅਤੇ ਰਚਨਾਤਮਕ ਪ੍ਰਯੋਗ	15.00
7. ਮਜ਼ਦੂਰ ਜਮਾਤੀ ਸੰਗੀਤ ਰਚਨਾਵਾਂ ਦੀਆਂ ਸਮੱਸਿਆਵਾਂ	10.00
8. ਪਹਿਲਾ ਅਧਿਆਪਕ (ਨਾਵਲੈੱਟ—ਚੰਗੀਜ਼ ਆਇਤਮਾਤੋਵ)	20.00
9. ਸ਼ੋਲੋਖੋਵ ਦੀਆਂ ਕਹਾਣੀਆਂ	30.00
10. ਸ਼ਾਂਤ ਸਰਘੀ ਵੇਲਾ (ਨਾਵਲ—ਬੋਰਿਸ ਵਾਸੀਲਿਯੇਵ)	30.00
11. ਭਾਂਜ (ਨਾਵਲ—ਐਲੈਗਜ਼ਾਂਦਰ ਫ਼ਦੇਯੇਵ)	100.00
12. ਫ਼ੌਲਾਦੀ ਹੜ੍ਹ (ਨਾਵਲ—ਅਲੈਗਜ਼ਾਂਦਰ ਸਰਾਫ਼ੀਮੋਵਿਚ)	100.00
13. ਇਕਤਾਲ਼ੀਵਾਂ (ਨਾਵਲੈੱਟ—ਬੋਰਿਸ ਲਵਰੇਨਿਓਵ)	30.00

ਦਸਤਕ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਨਵੀਆਂ ਕਿਤਾਬਾਂ

1. ਅਸਲੀ ਇਨਸਾਨ ਦੀ ਕਹਾਣੀ (ਬੋਰਿਸ ਪੋਲੇਵੋਈ)	200.00
2. ਪੀਲ਼ੇ ਦੈਂਤ ਦਾ ਸ਼ਹਿਰ (ਮੈਕਸਿਮ ਗੋਰਕੀ)	80.00
3. ਸਾਹਿਤ ਬਾਰੇ (ਮੈਕਸਿਮ ਗੋਰਕੀ)	200.00
4. ਮਾਂ (ਮੈਕਸਿਮ ਗੋਰਕੀ)	150.00

ਦਸਤਕ
ਪ੍ਰਕਾਸ਼ਨ